...ਮੀਨ ਦਾ ਪਤਾ ਕੀਤਾ। ਇਨ੍ਹਾਂ ਦੋਨਾਂ ਨੇ ਪਿੰਡ ਰਾਮਪੁਰ ਕੋਲ ਜ਼ਿਲ੍ਹਾ ਪੀਲੀ ਭੀਤ ਵਿਚ ਜ਼ਮੀਨ ਪਸੰਦ ਕਰਕੇ ਆਪਣੇ ਪਿੰਡ ਆ ਗਏ ਅਤੇ ਡੇਰੇ ਪੁੱਜ ਕੇ ਸੰਤਾਂ ਨੂੰ ਜ਼ਮੀਨ ਦੀ ਸਾਰੀ ਗੱਲਬਾਤ ਦੱਸੀ। ਸੰਤਾਂ ਨੇ ਕਿਹਾ ਕਿ ਠੀਕ ਕਰ ਆਏ ਹੋ। ਦੂਸਰੇ ਦਿਨ ਹੀ ਸ: ਵਰਿਆਮ ਸਿੰਘ ਦੇ ਵੱਡੇ ਭਰਾ ਸ: ਬਸੰਤ ਸਿੰਘ ਜੀ ਦੇ ਟੈਲੀਗ੍ਰਾਮ ਆ ਗਿਆ ਕਿ ਮੈਂ ਅਮਰੀਕਾ ਤੋਂ ਇਕ ਹਫਤੇ ਦੇ ਅੰਦਰ-ਅੰਦਰ ਦੇਸ਼ ਆ ਜਾਵਾਂਗਾ। ਉਸੀ ਸਮੇਂ ਆ ਕੇ ਖੁਸ਼ੀ ਭਰੇ ਹਿਰਦੇ ਨਾਲ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਸੀਸ ਰੱਖਿਆ, ਖੁਸ਼ੀਆਂ ਦੀ ਹੱਦ ਨਾ ਰਹੀ। ਸਾਰਾ ਪਰਿਵਾਰ ਹੀ ਖੁਸ਼ੀ ਨਾਲ ਭਰਿਆ ਹੋਇਆ ਸੰਤਾਂ ਦਾ ਧੰਨਵਾਦ ਸ਼ੁਕਰਾਨੇ ਕਰੀ ਜਾਂਦਾ ਹੈ। ਸ: ਵਰਿਆਮ ਸਿੰਘ ਜੀ ਤਾਂ ਆਪਣੀ ਬੇ-ਸਮਝੀ ਤੇ ਪਛਤਾਵਾ ਵੀ ਬਹੁਤ ਕਰਦਾ ਹੈ, ਕਿ ਮੈਂ ਮੂਰਖ ਨੇ ਸੰਤਾਂ ਦੇ ਦੋ ਬਚਨ ਮੋੜ ਦਿਤੇ। ਡੇਰੇ ਆ ਕੇ ਰੋ-ਰੋ ਕੇ ਸੰਤਾਂ ਤੋਂ ਮੁਆਫੀਆਂ ਮੰਗਦਾ ਹੈ। ਸੰਤਾਂ ਨੇ ਪ੍ਰਸੰਨ ਹੋ ਕੇ ਸਰਦਾਰ ਨੂੰ ਖੁਸ਼ੀਆਂ ਬਖਸ਼ੀਆਂ। ਇਸ ਪਰਿਵਾਰ ਦੇ ਇਹ ਸੱਤ ਦਿਨ ਖੁਸ਼ੀਆਂ ਭਰੀ ਉਡੀਕ ਵਿਚ ਤੀਆਂ ਵਾਂਗ ਲੰਘ ਗਏ। ਹੁਣ ਸ: ਬਸੰਤ ਸਿੰਘ ਜੀ ਭਾਰਤ ਦੇਸ਼ ਵਿਚ ਆ ਗਏ ਅਤੇ ਪੰਜਾਬ ਆ ਕੇ ਆਪਣੇ ਜ਼ਿਲ੍ਹੇ ਹੁਸ਼ਿਆਰਪੁਰ ਸਟੇਸ਼ਨ ਤੇ ਆ ਗਏ। ਇਸ ਪਰਿਵਾਰ ਨੂੰ ਤਾਂ ਅੱਗੇ ਹੀ ਇੰਤਜ਼ਾਰ ਸੀ। ਗੱਡੀ ਦੇ ਆਉਣ ਤੋਂ ਪਹਿਲਾਂ ਹੀ ਇਸ ਪਰਿਵਾਰ ਦੇ ਨੁਮਾਇੰਦੇ ਸਟੇਸ਼ਨ ਤੇ ਅਪੜੇ ਹੋਏ ਸਨ।

ਗੱਡੀ ਦੀ ਬੋਗੀ ਵਿਚ ਸ: ਬਸੰਤ ਸਿੰਘ ਬੈਠੇ ਤੱਕੇ ਤਾਂ ਸਾਰੇ ਹੀ ਉਸ ਡੱਬੇ ਵਿਚ ਜਾ ਕੇ ਪਿਆਰ ਭਰੀਆਂ ਜੱਫੀਆਂ ਪਾ ਕੇ ਮਿਲੇ ਅਤੇ ਸੇਵਾ ਸਿੰਘ ਆਦਿ ਪੁੱਤਰਾਂ ਨੇ ਤਾਂ ਬੜੀ ਸ਼ਰਧਾ ਨਾਲ ਸ: ਬਸੰਤ ਸਿੰਘ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਹੁਣ ਡੱਬੇ ਵਿਚੋਂ ਸਾਰਾ ਸਮਾਨ ਕੱਢ ਕੇ ਬਾਹਰ ਪਲੇਟ ਫਾਰਮ ਤੇ ਰੱਖਿਆ। ਹੁਸ਼ਿਆਰਪੁਰ ਤੋਂ ਟੈਕਸੀ ਲਈ ਤੇ ਆਪਣੇ ਪਿੰਡ ਵੱਡੀ ਲੈਹਲੀ ਪੁੱਜ ਗਏ। ਹੁਣ ਸਾਰਾ ਪਰਿਵਾਰ ਸ: ਬਸੰਤ ਸਿੰਘ ਜੀ ਦੀ ਆਗਿਆ ਵੀ ਮੰਨਦਾ ਹੈ ਤੇ ਰੱਜ ਰੱਜ ਕੇ ਸੇਵਾ ਵੀ ਕਰਦਾ ਹੈ। ਤੀਸਰੇ ਕੁ ਦਿਨ ਸੰਤ ਮਹਾਰਾਜ ਦੇ ਦਰਸ਼ਨ ਵਾਸਤੇ ਆਏ ਅਤੇ ਸੰਤ ਮਹਾਰਾਜ ਜੀ ਦਾ ਬਹੁਤ ਧੰਨਵਾਦ ਕੀਤਾ ਤੇ ਪੂਜਨ ਵੀ ਕੀਤਾ। ਫਿਰ ਪਿਛੇ ਸੰਤਾਂ ਦੇ ਕਹੇ ਬਚਨਾਂ ਨੂੰ ਯਾਦ ਕਰਕੇ ਸੰਤਾਂ ਦੀ ਉਸਤਤੀ ਕਰਦੇ ਹਨ। ਕਿ ਮਹਾਰਾਜ ਜੀਉ ਆਪ ਜੀ ਨੇ ਤਾਂ ਸਾਨੂੰ ਦੋ ਤਿੰਨ ਵਾਰ ਹੁਕਮ ਲਾਇਆ ਸੀ ਕਿ ਯੂ.ਪੀ. ਵਿਚ ਜ਼ਮੀਨ ਖਰੀਦ ਲਵੋ ਪਰ ਅਸੀਂ ਅਨਜਾਣਾਂ ਨੇ ਆਪ ਜੀ ਦਾ ਬਚਨ ਨਹੀਂ ਸੀ ਮੰਨਿਆ। ਸੰਤ ਮਹਾਰਾਜ ਜੀ ਦੇ ਹੁਕਮ ਅਨੁਸਾਰ ਰਾਮਪੁਰ ਕੌਨ ਵਿਚ ਪੂਰਾ ਚੱਕ ਖ੍ਰੀਦ ਲਿਆ, ਜਿਸ ਵਿਚ ਸ: ਵਰਿਆਮ ਸਿੰਘ ਜੀ ਦੇ ਦੋਵੇਂ ਪੁੱਤਰ ਸ: ਸੇਵਾ ਸਿੰਘ ਜੀ ਤੇ ਛੋਟੇ ਪੁੱਤਰ ਆਤਮਾ ਸਿੰਘ ਜੀ ਤੀਸਰੇ ਵੱਡੇ ਭਰਾ ਦੇ ਪੁੱਤਰ ਕੇਹਰ ਸਿੰਘ ਜੀ ਇਨ੍ਹਾਂ ਦਾ ਮਾਮਾ ਭਗਤ ਸਿੰਘ ਜੀ ਸ: ਵਰਿਆਮ ਸਿੰਘ ਜੀ ਦਾ ਵੱਡਾ ਜਵਾਈ ਲਸ਼ਕਰ ਸਿੰਘ ਜੀ ਤੇ ਸ: ਸੇਵਾ ਸਿੰਘ ਜੀ ਦੇ ਸਾਲੇ ਸ: ਕਰਨੈਲ ਸਿੰਘ ਜੀ ਦੇ ਸਾਰੇ ਭਰਾ ਭਾਈਵਾਲ ਸਨ। ਇਹ ਸਾਰਾ ਜਥਾ ਕੁਝ ਸਮਾਂ ਇਥੇ ਰਹਿ ਕੇ ਬਤੀਤ ਕੀਤਾ ਤੇ ਇਹ ਜ਼ਮੀਨ ਬਹੁਤ ਪੈਦਾਇਸ਼ ਦੇਣ ਵਾਲੀ ਨਹੀਂ ਸੀ। ਇਨ੍ਹਾਂ ਨੇ ਇਸ ਜ਼ਮੀਨ ਨੂੰ ਵੇਚ ਕੇ ਫਿਰ ਭੀਗੀ ਖੀਰੀ ਜ਼ਿਲ੍ਹਾ ਲਖੀਮਪੁਰ ਖੀਰੀ ਵਿਚ ਜ਼ਮੀਨ ਖਰੀਦ ਲਈ ਤੇ ਸ: ਸੇਵਾ ਸਿੰਘ ਦੇ ਸਬੰਧੀ ਇਥੇ ਰਾਮਪੁਰ ਕੌਨ ਵਿਚ ਹੀ ਰਹੇ। ਇਨ੍ਹਾਂ ਤਿੰਨ ਭਰਾਵਾਂ ਤੇ ਸ: ਲਸ਼ਕਰ ਸਿੰਘ ਜੀ ਤੇ ਸ: ਭਗਤ ਸਿੰਘ ਜੀ ਨੇ ਭੀਗੀ ਜ਼ਮੀਨ ਖਰੀਦ ਲਈ। ਜਿਸ ਚੱਕ ਦਾ ਨਾਮ ਸ: ਬਸੰਤ ਸਿੰਘ ਜੀ ਦੇ ਨਾਮ ਤੇ ਬਸੰਤ ਫਾਰਮ ਰੱਖ ਲਿਆ। ਇਸ ਜ਼ਮੀਨ ਨੂੰ ਆਬਾਦ ਕਰਨ ਵਾਸਤੇ ਚੈਨ ਵਾਲਾ ਟਰੈਕਟਰ ਪੰਜਾਹ ਹਜ਼ਾਰ ਨੂੰ ਖ੍ਰੀਦ ਕੇ ਸ: ਬਸੰਤ ਸਿੰਘ ਜੀ ਆਪਣੀ ਜ਼ਿੰਦਗੀ ਦਾ ਸਮਾਂ ਪੂਰਾ ਕਰਕੇ ਇਸ ਅਸਾਰ ਸੰਸਾਰ ਤੋਂ ਸਾਰੇ ਪਰਿਵਾਰ ਨੂੰ ਵਿਛੋੜਾ ਦੇ ਗਏ। ਆਪਣੇ ਫਾਰਮ ਦੇ ਇਕ ਕੋਨੇ ਤੇ *'ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ'* ਹੱਥ ਧਰਤੀ ਲੈ ਕੇ ਜਾ ਬਿਰਾਜੇ। ਭਗਤ ਜੀ ਦਾ ਕਥਨ ਹੈ ਕਿ:

ਸਾਢੇ ਤੀਨਿ ਹਾਥ ਤੇਰੀ ਸੀਵਾਂ।।
ਤਥਾ- ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ।।
ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ।। *(ਸਲੋਕ ਕਬੀਰ ਜੀ)*

ਇਸ ਸਰਦਾਰ ਬਸੰਤ ਸਿੰਘ ਜੀ ਨੇ ਦੁਨੀਆ ਦੇ ਮਹਾਨ ਲੰਬੇ ਸਫਰ ਅੰਦਰ ਆਪਣੀ ਜ਼ਿੰਦਗੀ ਦੇ ਦਿਨ ਪੂਰੇ

ਕੀਤੇ। ਅਮਰੀਕਾ ਜਾ ਕੇ ਜੁਵਾ ਅਵਸਥਾ ਵਿਚ ਮਹਾਨ ਕਮਾਈਆਂ ਕੀਤੀਆਂ। ਬੰਦਾ ਪਹਿਲੀ ਉਮਰ ਵਿਚ ਕਮਾਈ ਕਰਦਾ ਹੈ ਕਿ ਮੈਂ ਪਿਛਲੀ ਉਮਰ ਵਿਚ ਸੁੱਖ ਪਾਵਾਂ। ਪਰ ਸੁਖ ਆਪਣੀ ਅਦ੍ਰਿਸ਼ਟ ਪ੍ਰਾਲਬਦ ਕਰਮਾਂ ਦਾ ਹੁੰਦਾ ਹੈ। ਪਰ ਇਸ ਸਰਦਾਰ ਬਸੰਤ ਸਿੰਘ ਦੀ ਪਿਛਲੀ ਉਮਰਾ ਕੋਈ ਸੁਖ ਨਾਲ ਨਹੀਂ ਗੁਜ਼ਰੀ ਬਲਕਿ ਦੁਖ ਭਰੀ ਤੇ ਚਿੰਤਾ ਭਰੀ ਗੁਜ਼ਰੀ ਹੈ। ਸ੍: ਵਰਿਆਮ ਸਿੰਘ ਜੀ ਦਾ ਭਤੀਜਾ ਤੇ ਮੁਨਸ਼ਾ ਸਿੰਘ ਜੀ ਦਾ ਜੋ ਭਗਤੀ ਭਾਵ ਵਾਲਾ ਸਾਧੂ ਸੇਵੀ ਸੰਤ ਮਹਾਰਾਜ ਜੀ ਦਾ ਬਹੁਤ ਸ਼ਰਧਾਲੂ ਤੇ ਸਿਦਕੀ ਸਪੁੱਤਰ ਸ੍: ਕੇਹਰ ਸਿੰਘ ਜੀ ਨੇ ਆਪਣੇ ਮੁਰੱਬੇ ਦੀ ਅਲਾਟ ਹੋਈ ਜ਼ਮੀਨ ਪਿੰਡ ਸ੍ਰੋਲੀ ਵਾਲੀ ਸੰਤ ਮਹਾਰਾਜ ਜੀ ਨੂੰ ਅਰਪਨ ਕਰ ਦਿਤੀ। ਸੰਤਾਂ ਨੇ ਲੋਹ ਦੇ ਨਾਮ ਲਵਾ ਦਿੱਤੀ। ਇਸ ਸ੍: ਵਰਿਆਮ ਸਿੰਘ ਜੀ ਨੇ ਆਪਣੀ ਜ਼ਮੀਨ ਦਾ ਕੁਝ ਹਿੱਸਾ ਸੰਤ ਮਹਾਰਾਜ ਨੂੰ ਭੇਟ ਕਰ ਦਿਤਾ। ਸੋ ਜ਼ਮੀਨ ਵੀ ਸੰਤਾਂ ਨੇ ਲੋਹ ਦੇ ਨਾਮ ਲਗਾ ਦਿਤੀ। ਇਹ ਸਾਰਾ ਪਰਵਾਰ ਭੀਰੇ ਪਲੀਏ ਵਿਚ ਵਸਦਾ ਹੈ। ਡੇਰੇ ਤੇ ਪਹਿਲੇ ਦੀ ਤਰ੍ਹਾਂ ਸ਼ਰਧਾ ਰਖਦੇ ਹਨ। ਪਰ ਸੰਤ ਮਹਿੰਦਰ ਸਿੰਘ ਜੀ ਜੋ ਸੰਤ ਮਹਾਰਾਜ ਜੀ ਦੇ ਜਾਨਸ਼ੀਨ ਹਨ। ਜਿਨ੍ਹਾਂ ਨੂੰ ਸੰਤਾਂ ਦੇ ਜੋਤੀ ਜੋਤ ਸਮਾਉਣ ਉਪਰੰਤ ਡੇਰੇ ਦੇ ਸਾਧੂਆਂ ਤੇ ਸੰਪਰਦਾਈ ਸਾਧੂਆਂ ਨੇ ਮਹੰਤੀ ਦੀ ਦਸਤਾਰ ਦਿਤੀ, ਪਰ ਬਹੁਤ ਸ਼ਰਧਾ ਰਖਦੇ ਹਨ। ਸੰਤ ਮਹਿੰਦਰ ਸਿੰਘ ਜੀ ਨੂੰ ਹੀ ਦਸਵੰਧ ਆਦਿ ਦੀ ਮਾਇਆ ਭੇਟ ਕਰਦੇ ਹਨ। ਸ੍: ਵਰਿਆਮ ਸਿੰਘ ਜੀ ਇਸ ਸਮੇਂ ਭੀਰਾ ਵਿਚ ਆਪਣੇ ਪੁੱਤਰਾਂ ਪਾਸ ਰਿਹਾਇਸ਼ ਰਖ ਕੇ ਤੇ ਸਿਮਰਨ ਕਰਦੇ ਹੋਏ ਅਨੰਦ ਦੀ ਜ਼ਿੰਦਗੀ ਬਸਰ ਕਰਦੇ ਹਨ।। ਇਤੀ।।

ਪਿੰਡ ਰਾਜੋਵਾਲ ਦੀ ਸੰਗਤ

ਪਿੰਡ ਰਾਜੋਵਾਲ ਵਿਚ ਸੰਤ ਮਹਾਰਾਜ ਜੀ ਦੇ ਗੁਰਭਾਈ ਬਾਬਾ ਠਾਕੁਰ ਸਿੰਘ ਜੀ ਰਿਹਾ ਕਰਦੇ ਸਨ। ਪਿੰਡ ਤੋਂ ਬਾਹਰ ਪੱਛਮ ਦੀ ਦਿਸ਼ਾ ਬਾਬਾ ਠਾਕੁਰ ਸਿੰਘ ਜੀ ਦੀ ਕੁਟੀਆ ਸੀ। ਬਾਬਾ ਠਾਕੁਰ ਸਿੰਘ ਜੀ ਦੇ ਪਾਸ ਬੱਬਰ ਅਕਾਲੀ ਬਹੁਤ ਆਉਂਦੇ ਜਾਂਦੇ ਸਨ। ਬਾਬਾ ਠਾਕੁਰ ਸਿੰਘ ਜੀ ਬੱਬਰਾਂ ਦੀ ਸੇਵਾ ਬਹੁਤ ਕਰਦੇ ਸਨ। ਅਤੇ ਆਪਣੇ ਪਾਸ ਪਨਾਹ ਤੇ ਰਿਹਾਇਸ਼ ਵੀ ਦੇਂਦੇ ਸਨ। ਬਾਬਾ ਜੀ ਤੇ ਮੁਕਬਰਾਂ ਦੀ ਡੈਰੀ ਵਿਚ ਫੜੇ ਗਏ ਅਤੇ ਵੀਹ ਸਾਲ ਦੀ ਸਜ਼ਾ ਹੋ ਗਈ। 20 ਸਾਲ ਦੀ ਸਜ਼ਾ ਕੱਟ ਕੇ ਫਿਰ ਰਾਜੋਵਾਲ ਹੀ ਰਹਿਣ ਲੱਗ ਪਏ। ਸੰਤ ਮਹਾਰਾਜ ਜੀ ਦਾ ਬਾਬਾ ਠਾਕੁਰ ਸਿੰਘ ਜੀ ਪਾਸ ਜਾਣ ਆਉਣ ਬਹੁਤ ਸੀ। ਬਾਬਾ ਜੀ ਦੇ ਪਾਸ ਜਾਣ ਤੋਂ ਰਾਜੋਵਾਲ ਦੇ ਬਹੁਤ ਸਾਰੇ ਸਿੰਘ ਸੰਤਾਂ ਦੇ ਸ਼ਰਧਾਲੂ ਹੋ ਗਏ ਅਤੇ ਸਿਖੀ ਦਾ ਸ਼ੁਭ ਉਪਦੇਸ਼ ਲੈ ਕੇ ਆਪਣੀ ਜ਼ਿੰਦਗੀ ਨੂੰ ਸਫਲ ਕੀਤਾ। ਜਿਨ੍ਹਾਂ ਵਿਚੋਂ ਕੁਝ ਕੁ ਨਾਮ ਇਹ ਹਨ। ਸੂਬੇਦਾਰ ਮੇਜਰ ਪੰਜਾਬ ਸਿੰਘ ਜੀ ਆਨਰੇਰੀ ਕੈਪਟਨ ਸ੍: ਬਾਬੂ ਸਿੰਘ ਜੀ, ਸ੍: ਸ਼ਾਮ ਸਿੰਘ ਜੀ ਤੇ ਸ੍: ਓਂਕਾਰ ਸਿੰਘ ਜੀ ਅਤੇ ਇਸੇ ਪਿੰਡ ਦੇ ਪਾਠੀ ਸਿੰਘ ਤੇ ਕੀਰਤਨੀ ਜਥਾ ਜੋ ਕਿ ਰਵੀਦਾਸੀਏ ਸਨ ਸੋ ਸੰਤਾਂ ਤੇ ਬਹੁਤ ਸ਼ਰਧਾ ਰੱਖਦੇ ਸਨ।

ਸੰਤਾਂ ਨੂੰ ਕੀਰਤਨ ਕਰਕੇ ਪ੍ਰਸੰਨ ਕਰਦੇ ਸਨ। ਸ੍: ਸ਼ਾਮ ਸਿੰਘ ਜੀ ਤੇ ਇਕ ਬੜਾ ਜ਼ਬਰਦਸਤ ਮੁਕੱਦਮਾ ਪੈ ਗਿਆ। ਜਿਸ ਵਿਚੋਂ ਸੰਤਾਂ ਦੀ ਕ੍ਰਿਪਾ ਨਾਲ ਬਰੀ ਹੋ ਗਿਆ ਸੀ। ਜਿਸ ਕਾਰਨ ਸ੍: ਸ਼ਾਮ ਸਿੰਘ ਜੀ ਦੀ ਅਤੁੱਟ ਸ਼ਰਧਾ ਹੋ ਗਈ ਸੀ। ਸੰਤਾਂ ਨਾਲ ਪਿਤਾ ਪੁੱਤਰ ਵਾਂਗ ਹੀ ਸਾਰੇ ਵਰਤਾ ਵਰਤਾਂਦਾ ਸੀ। ਜਦੋਂ ਕਦੋਂ ਵੀ ਸੰਤ ਮਹਾਰਾਜ ਜੀ ਨੂੰ ਕੋਈ ਬਚਨ ਆਪਣਾ ਮਨਾਉਣਾ ਹੋਵੇ ਤਾਂ ਪੁੱਤਰਾਂ ਵਾਂਗ ਬੜੇ ਅਠਰਾ ਨਾਲ ਮਨਾ ਲੈਂਦੇ। ਬਸ ਇਉਂ ਕਹਿੰਦਾ ਬਾਪੂ ਇਹ ਕੰਮ ਮੇਰਾ ਜ਼ਰੂਰ ਕਰ ਦੇ। ਨਹੀਂ ਤਾਂ ਮੈਂ ਹੁਣ ਹੀ ਮਰਦਾ ਹਾਂ ਜੇ ਘਰ ਵਿਚ ਸੰਤਾਂ ਦੇ ਚਰਨ ਪਵਾਉਣੇ ਹੋਣ ਜਾਂ ਅਖੰਡ ਪਾਠ ਕਰਾਉਣਾ ਹੋਵੇ ਜਿਸ ਤਰੀਖ ਤੇ ਕਰਾਉਣਾ ਹੋਵੇ ਉਸੀ ਤਾਰੀਖ ਵਿਚ ਕਰਾਉਣਾ ਭਾਵੇਂ ਵੀ ਸੰਤਾਂ ਦੀ ਉਹ ਤਰੀਖ ਰੁਕੀ ਹੋਵੇ, ਜਾਂ ਕੋਈ ਔਕੜ ਹੋਵੇ ਪਰ ਸ੍: ਸ਼ਾਮ ਸਿੰਘ ਜੀ ਦਾ ਬਚਨ ਮੰਨ ਕੇ ਹੀ ਉਸੀ ਤਾਰੀਖ ਵਿਚ ਹੀ ਕਰ ਦੇਣਾ। ਨਹੀਂ ਤੇ ਸ੍: ਸ਼ਾਮ ਸਿੰਘ ਜੀ ਨੇ ਬਾਲਕਿਆਂ ਵਾਂਗ ਹੱਠ ਕਰਨਾ।

ਇਕ ਵਾਰੀ ਦੀ ਗੱਲ ਹੈ ਕਿ ਸੰਤ ਮਹਾਰਾਜ ਜੀ ਇਕ ਵਾਰੀ ਤਖਤ ਪਟਨੇ ਸਾਹਿਬ ਜੋ ਬਿਹਾਰ ਸੂਬੇ ਵਿਚ ਹੈ ਉਥੇ

ਗਏ ਹੋਏ ਸਨ। ਸ੍: ਸ਼ਾਮ ਸਿੰਘ ਵੀ ਸੰਤਾਂ ਦੇ ਮਗਰ ਪਟਨੇ ਸਾਹਿਬ ਚਲੇ ਗਏ। ਗਿਆ ਤਾਂ ਸੀ ਸੰਤਾਂ ਤੋਂ ਅਖੰਡ ਪਾਠ ਦੀ ਤਰੀਖ ਮਨਾਉਣ ਵਾਸਤੇ। ਸੰਤਾਂ ਨੂੰ ਕਹਿਣ ਲੱਗਾ, ਪਿਤਾ ਜੀਉ ਮੇਰਾ ਅਖੰਡ ਪਾਠ ਤੁਸੀਂ ਆ ਕੇ ਕਰਨਾ ਹੈ ਅਤੇ ਕਰਨਾ ਵੀ ਮਾਘ ਦੇ ਮਹੀਨੇ ਵਿਚ ਹੈ। ਸੰਤ ਮਹਾਰਾਜ ਜੀ ਨੇ ਆਖਿਆ ਸ੍: ਸ਼ਾਮ ਸਿੰਘ ਜੀ ਤੁਸੀਂ ਦੇਸ਼ ਨੂੰ ਮੁੜ ਜਾਓ ਜਦੋਂ ਅਸੀਂ ਦੇਸ਼ ਆਏ ਤਾਂ ਪਹਿਲਾਂ ਤੇਰਾ ਅਖੰਡ ਪਾਠ ਕਰਾਂਗੇ। ਅਸੀਂ ਹੋਲੇ ਪਰ ਅਨੰਦਪੁਰ ਆਵਾਂਗੇ। ਪਰ ਉਸ ਸਾਲ ਹੋਲਾ ਪੰਜ ਚੇਤ ਨੂੰ ਸੀ। ਸ੍: ਸ਼ਾਮ ਸਿੰਘ ਨੇ ਸੰਤਾਂ ਨੂੰ ਆਖਿਆ ਕਿ ਮੈਂ ਇੰਨੀ ਦੇਰ ਨਹੀਂ ਅਟਕ ਸਕਦਾ। ਮੈਂ ਤਾਂ ਮਾਘ ਦੇ ਮਹੀਨੇ ਹੀ ਅਖੰਡ ਪਾਠ ਕਰਾਉਣਾ ਹੈ। ਤੂੰ ਦੱਸ ਮੇਰਾ ਪਾਠ ਮਾਘ ਦੇ ਮਹੀਨੇ ਕਰਨਾ ਹੈ ਜਾਂ ਨਹੀਂ ਜੇ ਤੈਂ ਮਾਘ ਮਹੀਨੇ ਨਹੀਂ ਕਰਨਾ ਤਾਂ ਮੈਂ ਹੁਣ ਹੀ ਗੱਡੀ ਹੇਠ ਆ ਕੇ ਤੇਰੇ ਸਾਹਮਣੇ ਮਰ ਜਾਣਾ ਹੈ। ਨਹੀਂ ਤੇ ਤੂੰ ਮੈਨੂੰ ਬਚਨ ਦੇਹ ਕਿ ਮੈਂ ਮਾਘ ਦੇ ਮਹੀਨੇ ਆ ਕੇ ਹੀ ਕਰੂੰਗਾ।

ਸੰਤ ਮਹਾਰਾਜ ਜੀ ਸ਼ਾਮ ਸਿੰਘ ਦੇ ਐਸੇ ਬਚਨ ਸੁਣ ਕੇ ਬੜੇ ਹੱਸੇ ਅਤੇ ਆਖਿਆ ਐਸੇ ਵੀ ਗੁਰੂ ਕੇ ਲਾਲ ਹਨ ਜੋ ਰੱਬ ਨੂੰ ਜ਼ਬਰਦਸਤੀ ਮਨਾ ਲੈਂਦੇ ਹਨ, ਅਤੇ ਰੱਬ ਕੋਲੋਂ ਆਪਣੇ ਕੰਮ ਕਰਾ ਲੈਂਦੇ ਹਨ। ਅਖੀਰ ਸੰਤਾਂ ਨੂੰ ਹੱਸ ਕੇ ਮੰਨਣਾ ਪਿਆ, ਕਿ ਚੰਗਾ ਸ਼ਾਮ ਸਿੰਘ ਜੀ ਮਾਘ ਦੇ ਪੱਚੀ ਦਿਨ ਗਏ ਤੇਰੇ ਘਰ ਅਖੰਡ ਪਾਠ ਕਰ ਦੇਵਾਂਗੇ। ਫਿਰ ਸ੍: ਸ਼ਾਮ ਸਿੰਘ ਸੰਤਾਂ ਤੋਂ ਆਗਿਆ ਲੈ ਕੇ ਤੇ ਨਮਸ਼ਕਾਰ ਕਰਕੇ ਆਪਣੇ ਘਰ ਵਾਪਸ ਆ ਗਿਆ। ਸੰਤਾਂ ਦੇ ਆਉਂਦਿਆਂ ਤਕ ਇਸ ਨੇ ਅਖੰਡ ਪਾਠ ਦੀ ਤਿਆਰੀ ਕਰ ਲਈ ਅਤੇ ਸੰਤ ਵੀ ਨੀਯਤ ਤਰੀਖ ਤੇ ਆ ਗਏ ਅਤੇ ਅਖੰਡ ਪਾਠ ਪੁਰਾਤਨ ਵਿਧੀ ਅਨੁਸਾਰ ਪ੍ਰਾਰੰਭ ਕਰ ਦਿੱਤਾ। ਤੀਸਰੇ ਦਿਨ ਅਖੰਡ ਪਾਠ ਦੀ ਸਮਾਪਤੀ ਹੋਈ ਅਤੇ ਭੋਗ ਪੈਂਦੇ ਵਿਚ ਹੀ ਬਾਰਸ਼ ਪੈਣੀ ਸ਼ੁਰੂ ਹੋ ਗਈ। ਬਹੁਤ ਜ਼ਿਆਦਾ ਬਾਰਸ਼ ਹੋਈ। ਤਕਰੀਬਨ ਦੋ ਘੰਟੇ ਮੋਹਲੇਧਾਰ ਵਰਖਾ ਹੋਈ। ਉਪਰੰਤ ਗੁਰੂ ਕਾ ਲੰਗਰ ਵਰਤਿਆ। ਲੰਗਰ ਵਰਤਣ ਤੋਂ ਬਾਅਦ ਸੰਤ ਮਹਾਰਾਜ ਜੀ ਤਰਨ ਤਾਰਨ ਦੀ ਮੱਸਿਆ ਜਾਣ ਵਾਸਤੇ ਤਿਆਰ ਹੋ ਗਏ। ਸਾਰੇ ਜਥੇ ਨੂੰ ਹੁਕਮ ਹੋ ਗਿਆ ਕਿ ਛੇਤੀ ਕਮਰਕੱਸੇ ਕਰਕੇ ਤਿਆਰ ਹੋ ਜਾਓ। ਬੜੀ ਜਲਦੀ ਨਾਲ ਪਾਣੀ ਆਉਣ ਤੋਂ ਪਹਿਲਾਂ ਲੰਘ ਚਲੀਏ। ਸਾਰੇ ਸਿੰਘ ਆਪੋ ਆਪਣਾ ਸਮਾਨ ਬੰਨ੍ਹ ਕੇ ਚੱਲਣ ਵਾਸਤੇ ਤਿਆਰ ਹੋ ਗਏ। ਜਦੋਂ ਸੰਤ ਮਹਾਰਾਜ ਚੱਲਣ ਵਾਸਤੇ ਤਿਆਰ ਹੋ ਗਏ ਉਸ ਸਮੇਂ ਸ੍: ਸ਼ਾਮ ਸਿੰਘ ਜੀ ਨੂੰ ਪਤਾ ਲਗ ਗਿਆ ਕਿ ਸੰਤ ਤੁਰਨ ਲੱਗੇ ਹਨ।

ਇਕ ਦਮ ਹੀ ਸ਼ਾਮ ਸਿੰਘ ਨੇ ਆ ਕੇ ਸੰਤਾਂ ਦੇ ਚਰਨ ਫੜ ਲਏ। ਚਰਨ ਫੜ ਕੇ ਆਖਣ ਲੱਗਾ ਕਿ ਪਿਤਾ ਜੀ ਤੁਸੀਂ ਚਲੇ ਹੋ ਮੇਰੇ ਨਾਲ ਕੋਈ ਗੱਲ ਬਾਤ ਤਾਂ ਕੀਤੀ ਨਹੀ ਮੈਂ ਤੁਹਾਡੇ ਨਾਲ ਬਹੁਤ ਗੱਲਾਂ ਕਰਨੀਆਂ ਸਨ। ਸੰਤਾਂ ਨੇ ਕਿਹਾ, ਕਿ ਸ਼ਾਮ ਸਿੰਘ ਸਾਡੇ ਚਰਨ ਛੱਡ ਦੇ ਤੇ ਸਾਨੂੰ ਜਾਣ ਦੇ, ਦੇਰ ਹੋਣ ਤੋਂ ਚੋ ਵਿਚ ਪਾਣੀ ਆ ਜਾਵੇਗਾ। ਪਰ ਕੌਣ ਮੰਨੇ ਸ਼ਾਮ ਸਿੰਘ ਨੇ ਇਕ ਹੀ ਹੱਠ ਰੱਖਿਆ ਕਿ ਮੇਰੀਆਂ ਗੱਲਾਂ ਸੁਣੋ ਤੇ ਸੁਣ ਕੇ ਮੇਰੀਆਂ ਗੱਲਾਂ ਦਾ ਉੱਤਰ ਦੇ ਕੇ ਜਾਓ। ਗੱਲ ਕੀ ਇਕ ਘੰਟਾ ਸੰਤਾਂ ਨੂੰ ਨਾ ਤੁਰਨ ਦਿਤਾ। ਸੰਤਾਂ ਨੂੰ ਫਿਰ ਬਾਲਕਾਂ ਵਾਗੂੰ ਸ਼ਾਮ ਸਿੰਘ ਨੇ ਪਤਿਆ ਕੇ ਖੁਸ਼ ਕੀਤਾ। ਫਿਰ ਸ਼ਾਮ ਸਿੰਘ ਜੀ ਦੇ ਘਰੋਂ ਚਲੇ। ਅੱਗੇ ਚੋ ਵਿਚ ਪਾਣੀ ਵੀ ਚੜ੍ਹ ਆਇਆ। ਜਦੋਂ ਸਾਰਾ ਜਥਾ ਚੋ ਦੇ ਕੰਢੇ ਤੇ ਆਇਆ ਤਾਂ ਸੰਤ ਮਹਾਰਾਜ ਜੀ ਦਾ ਦਾਸ ਨੂੰ ਹੁਕਮ ਹੋਇਆ ਕਿ ਜੋਧ ਸਿੰਘ ਲੈ ਸਾਡਾ ਖੂੰਡਾ ਤੂੰ ਖੂੰਡਾ ਲੈ ਕੇ ਸਾਰਿਆਂ ਦੇ ਅੱਗੇ ਅੱਗੇ ਚਲ। ਮੈਂ ਸੰਤਾਂ ਦਾ ਖੂੰਡਾ ਲੈ ਕੇ ਸਾਰਿਆਂ ਦੇ ਅੱਗੇ-ਅੱਗੇ ਤੁਰ ਪਿਆ। ਜਦੋਂ ਦਾਸ ਕੋਈ ਤੀਸਰਾ ਹਿੱਸਾ ਚੋ ਦਾ ਲੰਘਿਆ ਤਾਂ ਪਾਣੀ ਦਾ ਛੱਲ ਆਉਣ ਕਰਕੇ ਤੇ ਕੁਝ ਕੁ ਚੋ ਦੀ ਡੂੰਘਾਈ ਕਰਕੇ ਦਾਸ ਦੇ ਪੈਰ ਨਿਕਲ ਗਏ। ਚੋ ਵਿਚ ਡਿੱਗ ਪਿਆ। ਮੈਨੂੰ ਡਿਗੇ ਨੂੰ ਦੇਖ ਕੇ ਹਜ਼ੂਰ ਖਿੜ ਖਿੜ ਕੇ ਹੱਸ ਪਏ। ਅਜੇ ਸਾਰਾ ਜਥਾ ਸੰਤਾਂ ਸਮੇਤ ਚੋ ਦੇ ਕੰਢੇ ਤੇ ਹੀ ਖੜਾ ਸੀ।

ਫਿਰ ਸਾਰੇ ਜਥੇ ਨੂੰ ਸੰਤਾਂ ਨੇ ਆਖਿਆ ਕਿ ਆਓ ਮੈਂ ਸਾਰਿਆਂ ਦੇ ਅੱਗੇ ਹੋ ਤੁਰਦਾ ਹਾਂ। ਜਿਸ ਥਾਂ ਮੈਂ ਦਾਸ ਪਾਣੀ ਵਿਚ ਵੜਿਆ ਸੀ ਸੰਤ ਮਹਾਰਾਜ ਜੀ ਉਸ ਥਾਂ ਤੋਂ ਕੋਈ ਵੀਹ ਕਦਮ ਉੱਪਰ ਜਾ ਕੇ ਜਿਥੇ ਕੇ ਪਾਣੀ ਪੇਤਲਾ ਸੀ ਸੰਤ ਅਗੇ ਹੋ ਕੇ ਚਲ ਪਏ। ਜਦੋਂ ਸੰਤ ਚੋ ਦੇ ਅੱਧ ਵਿਚ ਗਏ ਤਾਂ ਸੰਤਾਂ ਦਾ ਪੈਰ ਵੀ ਤਿਲਕ ਗਿਆ। ਮੈਨੂੰ ਹੱਸਦੇ ਨੂੰ ਤਕ

ਕੇ ਸੰਤ ਮਹਾਰਾਜ ਆਪ ਹੱਸ ਪਏ ਤੇ ਮੈਨੂੰ ਬੜੇ ਪਿਆਰ ਨਾਲ ਆਖਿਆ ਹੇ ਬੇਵਕੂਫ ! ਫਿਰ ਸਾਰੀ ਸੰਗਤ ਚੋ 'ਚੋ ਬੜੀ ਮੁਸ਼ਕਲ ਨਾਲ ਪਾਰ ਹੋ ਕੇ ਗੱਡੀ ਦੇ ਸਮੇਂ ਨੂੰ ਸ਼ਾਮ ਚੁਰਾਸੀ ਸਟੇਸ਼ਨ ਤੇ ਗਈ। ਗੱਡੀ ਦੇ ਆਉਣ ਵਿਚ ਕੁਝ ਸਮਾਂ ਸੀ। ਓਨਾ ਸਮਾਂ ਸਾਰਿਆਂ ਨੇ ਬਸਤਰ ਸੁਕਾਏ। ਜਦੋਂ ਸਟੇਸ਼ਨ ਤੇ ਸੰਤ ਬੈਠੇ ਸਨ ਤਾਂ ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਸੰਤਾਂ ਨੂੰ ਆਖਿਆ ਕਿ ਮਹਾਰਾਜ ਜੀ ਸ੍ਰ: ਸ਼ਾਮ ਸਿੰਘ ਬੜਾ ਹਠੀਆ ਤੇ ਮੂਰਖ ਨਿਕਲਿਆ ਕਿ ਜਿਸਨੇ ਆਪ ਜੀ ਦੇ ਕਹਿਣ ਤੋਂ ਵੀ ਚਰਨ ਨਾ ਛੱਡੇ ਤੇ ਸਾਰੇ ਸੰਗਤ ਚੋ ਵਿਚ ਕਿੰਨੀ ਖਰਾਬ ਹੋਈ। ਸੰਤ ਮਹਾਰਾਜ ਗਰੀਬ-ਨਿਵਾਜ਼ੀ ਕਰਦੇ ਹੋਏ ਮੁਸਕੜੀਏ ਹੱਸ ਪਏ। ਬਾਬਿਆਂ ਨੂੰ ਜੁਆਬ ਦੇਂਦੇ ਹਨ ਕਿ ਬਾਬਾ ਜੀ ਸ਼ਾਮ ਸਿੰਘ ਮੂਰਖ ਨਹੀਂ। ਸ੍ਰ: ਸ਼ਾਮ ਸਿੰਘ ਤਾਂ ਇੱਕ ਭੋਲਾ ਜਿਹਾ ਸਿੱਖ ਹੈ। ਇਸ ਦੇ ਮਨ ਵਿਚ ਕੋਈ ਵਲ ਛਲ ਨਹੀਂ। ਮਨ ਕਰਕੇ ਬੜਾ ਹੀ ਸਾਫ ਤੇ ਸ਼ੁੱਧ ਹੈ ਇਹੋ ਜਿਹੇ ਬੰਦੇ ਮੇਰੇ ਵਾਹਿਗੁਰੂ ਨੂੰ ਬਹੁਤ ਚੰਗੇ ਲਗਦੇ ਹਨ। ਐਸੇ ਸਾਦੇ ਬੰਦਿਆਂ ਵਿਚਦੀ ਮੇਰਾ ਨਿਰੰਕਾਰ ਸਾਧਪੁਣੇ ਦੀ ਪਰਖ ਕਰਦਾ ਹੈ; ਕਿ ਇਸ ਵਿਅਕਤੀ ਵਿਚ ਸਾਧਾਂ ਵਾਲੇ ਗੁਣ ਆ ਗਏ ਕਿ ਨਹੀਂ। ਜਾਂ ਅਜੇ ਤਕ ਅਸ਼ਾਂਤ ਹੀ ਹਨ। ਇਹ ਜੋ ਕੁਝ ਵੀ ਹੋ ਰਿਹਾ ਹੈ ਸਭ ਮਾਲਕ ਦੇ ਹੁਕਮ ਵਿਚ ਹੋ ਰਿਹਾ ਹੈ।

ਅਧੂਰੇ ਮੁਸਲਮਾਨ ਫਕੀਰ ਨੂੰ ਪੂਰਨਤਾ ਬਖਸ਼ਿਸ਼ ਕਰਨੀ

ਪਿੰਡ ਬਜਵਾੜੇ ਦੇ ਨੇੜੇ ਇਕ ਸੂਫੀ ਫਕੀਰ ਰਹੀਮ ਬਖਸ਼ ਜੀ ਰਹਿੰਦੇ ਸਨ। ਇਹ ਰਹੀਮ ਬਖਸ਼ ਜੀ ਫਕੀਰੀ ਵਿਚ ਚੰਗੇ ਕਾਮਲ ਸਨ। ਇਸ ਦੀ ਅਵਸਥਾ ਸ਼ਰੀਅਤ ਤੋਂ ਲੰਘ ਤਰੀਕਤ ਵਿਚ ਪੁਜ ਕੇ ਹਕੀਕਤ ਵਿਚ ਪਹੁੰਚੀ ਸੀ। ਕਦੇ ਕਦੇ ਇਸ ਦੀ ਬਿਰਤੀ ਮਾਰਫਤ ਵਿਚ ਵੀ ਇਸਥਿਤ ਹੋ ਜਾਂਦੀ ਸੀ। ਕਾਫੀ ਉਮਰ ਦੇ ਬਿਰਧ ਬਜ਼ੁਰਗ ਸਨ। ਇਸ ਫਕੀਰ ਦਾ ਸੰਤ ਮਹਾਰਾਜ ਜੀ ਨਾਲ ਚੰਗਾ ਪਿਆਰ ਸੀ ਅਤੇ ਕਦੇ ਕਦੇ ਮਿਲ ਕੇ ਪਰਮਾਰਥ ਦੇ ਬੜੇ ਉੱਚੇ ਸੁੱਚੇ ਬਚਨ ਕਰਿਆ ਕਰਦੇ ਸਨ। ਜਿਵੇਂ ਕਿ ਬਾਣੀ ਵਿਚ ਕਥਨ ਹੈ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਅਹ।। ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।। (ਪੰਨਾ ੧੭)

ਤਿਸ ਰਹੀਮ ਬਖਸ਼ ਫਕੀਰ ਨੇ ਆਪਣੇ ਇਕ ਜਗਿਆਸੂ ਨੂੰ ਆਪਣੇ ਤਰੀਕੇ ਅਨੁਸਾਰ ਹੁਸ਼ਿਆਰਪੁਰ ਸ਼ਹਿਰ ਦੀ ਹਸੀਨਾ ਨਾਲ ਆਸ਼ਕੀ ਮਸ਼ੂਕੀ ਕਰਨ ਦਾ ਹੁਕਮ ਦਿਤਾ ਜੋ ਕਿ ਪਹਿਲਾਂ ਜਗਿਆਸੂ ਨੂੰ ਮਜ਼ਾਜ਼ੀ ਆਸ਼ਕੀ ਵਿਚ ਲਾ ਕੇ ਕੱਚਾ ਪੱਕਾ ਪਰਖਦੇ ਹਨ। ਸੋ ਰਹੀਮ ਬਖਸ਼ ਦਾ ਜਗਿਆਸੂ ਗੁਲਾਮ ਬਖਸ਼ ਆਪਣੇ ਸੱਚੇ ਦਿਲੋਂ ਲੱਗਾ ਆਪਣੀ ਮਸ਼ੂਕ ਨੂੰ ਭਾਲਣ ਅਤੇ ਪ੍ਰਸੰਨ ਕਰਨ, ਤੇ ਗੁਲਾਮ ਬਖਸ਼ ਅਜੇ ਇਹ ਸੂਫੀ ਫਕੀਰਾਂ ਦੀ ਮੰਜ਼ਲ ਤਹਿ ਨਾ ਕਰ ਸਕਿਆ। ਇਸ ਦਾ ਮੁਰਸ਼ਦ ਰਹੀਮ ਬਖਸ਼ ਸੰਸਾਰ ਤੋਂ ਕੂਚ ਕਰ ਗਿਆ ਭਾਵ ਮਰ ਗਿਆ। ਹੁਣ ਇਹ ਗੁਲਾਮ ਬਖਸ਼ ਬਹੁਤ ਦੁਖੀ ਹੋਣ ਲੱਗਾ ਅਤੇ ਰੋ-ਰੋ ਕੇ ਬਹੁਤ ਖਪ ਗਿਆ। ਫਿਰ ਇਸ ਗੁਲਾਮ ਬਖਸ਼ ਨੂੰ ਅਕਾਸ਼ ਬਾਣੀ ਹੋਈ ਕਿ ਗੁਲਾਮ ਬਖਸ਼ ਬੇਟਾ ਐਸੇ ਦੁਖੀ ਨਾ ਹੋ। ਤੇਰੇ ਪਾਸ ਨੇੜੇ ਤਿੰਨ ਮੀਲ ਤੇ ਹੀ ਪੂਰਨ ਮੁਰਸ਼ਦ ਰਹਿੰਦੇ ਹਨ। ਸੰਤ ਬਾਬਾ ਜਵਾਲਾ ਸਿੰਘ ਜੀ ਉਨ੍ਹਾਂ ਮਹਾਂਪੁਰਸ਼ਾਂ ਦੇ ਪਾਸ ਜਾ ਕੇ ਬੇਨਤੀ ਕਰ ਉਹ ਤੇਰੀ ਮੰਜ਼ਲ ਨੂੰ ਪੂਰਾ ਕਰ ਦੇਣਗੇ।

ਗੁਲਾਮ ਬਖਸ਼ ਨੇ ਜਦੋਂ ਇਹ ਗੈਬੀ ਅਵਾਜ਼ ਸੁਣੀ ਤਾਂ ਗੁਲਾਮ ਬਖਸ਼ ਦਾ ਰੋਮ ਰੋਮ ਖੁਸ਼ ਹੋ ਗਿਆ। ਉਸ ਵਕਤ ਸੰਤ ਮਹਾਰਾਜ ਜੀ ਦੇ ਡੇਰੇ ਵਲ ਨੂੰ ਨੱਠ ਤੁਰਿਆ। ਰਸਤੇ ਵਿਚ ਹੀ ਪਿੰਡ ਪੱਟੀ ਤੋਂ ਸੰਤਾਂ ਦੀ ਭੇਟਾ ਕਰਨ ਲਈ ਛੋਟੀ ਅਲੈਚੀ ਤੇ ਕੂਜੇ ਦੀ ਮਿਸ਼ਰੀ ਲਈ। ਡੇਰੇ ਆ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਆ ਡੰਡੌਤ ਕੀਤੀ। ਹੁਣ ਲੱਗਾ ਉੱਚੀ-ਉੱਚੀ ਭੁਬਾਂ ਮਾਰ ਕੇ ਰੋਣ। ਇਸ ਦੇ ਅੱਖਾਂ ਦਾ ਪਾਣੀ ਨਿਕਲ ਨਿਕਲ ਕੇ ਸੰਤਾਂ ਦੇ ਚਰਨਾਂ ਤੇ ਡਿਗੀ ਜਾਂਦਾ ਹੈ। ਹੁਣ ਸੰਤਾਂ ਨੇ ਇਸ ਨੂੰ ਬਹੁਤ ਧੀਰਜ ਦਿਤੀ ਅਤੇ ਆਪਣੇ ਚਰਨਾਂ ਤੋਂ ਉਠਾਇਆ। ਇਹ ਗੁਲਾਮ ਬਖਸ਼ ਚਰਨਾਂ ਤੋਂ ਉੱਠ ਕੇ ਸੰਤਾਂ ਦੇ ਸਾਹਮਣੇ ਗਲ ਵਿਚ ਪੱਲਾ ਕੇ ਅਤੇ ਹੱਥ ਜੋੜ ਕੇ ਖੜੋ ਗਿਆ। ਇਕ ਟਕ ਆਪਣੇ ਨੇਤਰਾਂ ਨੂੰ ਚਕੋਰ ਬਣਾ ਕੇ ਸੰਤ ਮਹਾਰਾਜ ਜੀ ਦੇ ਮੁਖ ਨੂੰ ਤੱਕੀ ਜਾਂਦਾ ਹੈ। ਅਤੇ ਅੱਖਾਂ ਵਿਚੋਂ ਅੱਥਰੂ ਵੱਗ ਰਹੇ ਹਨ। ਸੰਤਾਂ ਨੇ ਇਸ ਦੀ ਐਸੀ ਵੈਰਾਗਮਈ ਦਸ਼ਾ ਦੇਖਕੇ ਪ੍ਰਸੰਨ ਹੋ ਕੇ ਪੁਛਿਆ, ਕਿਉਂ ਸਾਂਈਂ ਵਾਲੇ ਕੀ ਚਾਹੁੰਦੇ ਹੋ?

ਅਜੇ ਵੀ ਇਹ ਚੁੱਪ ਵੱਟੀ ਉਸੇ ਵੈਰਾਗ ਦਸ਼ਾ ਵਿਚ ਖੜਾ ਹੈ। ਆਪਣੇ ਮਨ ਵਿਚ ਹੀ ਬੇਨਤੀਆਂ ਕਰੀ ਜਾਂਦਾ ਹੈ। ਕਿ ਦਾਤਾਰ ਮੇਰੇ ਤੇ ਮਿਹਰ ਕਰੋ, ਮੇਰੇ ਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੋ। ਇਸਦੀਆਂ ਅੰਤਰ-ਆਤਮੇ ਦੀਆਂ ਬੇਨਤੀਆਂ ਨੂੰ ਪ੍ਰਤੱਖ ਸੁਣਨ ਲਈ ਆਪਣੇ ਆਸਣ ਤੋਂ ਉੱਠ ਕੇ ਸੰਤ ਸਾਹਮਣੇ ਅੰਬਾਂ ਦੇ ਬਾਗ ਵਲ ਨੂੰ ਚਲ ਪਏ। ਇਹ ਗੁਲਾਮ ਬਖਸ਼ ਵੀ ਸੰਤਾਂ ਦੇ ਨਾਲ ਹੋ ਤੁਰਿਆ। ਬਾਗ ਵਿਚ ਅੰਬਾਂ ਦੀ ਛਾਵੇਂ ਸੰਤ ਬੈਠ ਗਏ। ਇਸ ਗੁਲਾਮ ਬਖਸ਼ ਨੂੰ ਵੀ ਆਪਣੇ ਸ਼ਾਹਮਣੇ ਧੀਰਜ ਦੇ ਕੇ ਬੈਠਣ ਦਾ ਹੁਕਮ ਕੀਤਾ। ਹੁਣ ਜੋ ਇਸ ਨੇ ਛੋਟੀ ਅਲੈਚੀ ਤੇ ਮਿਸ਼ਰੀ ਲਿਆਂਦੀ ਸੀ ਬੜੀ ਸ਼ਰਧਾ ਤੇ ਪ੍ਰੇਮ ਸਹਿਤ ਸੰਤਾਂ ਦੀ ਭੇਟਾ ਕੀਤੀ ਅਤੇ ਬੈਠ ਗਿਆ।

ਸੰਤਾਂ ਦੇ ਸਾਹਮਣੇ ਬੈਠ ਕੇ ਇਸ ਨੇ ਆਪਣੇ ਨਾਲ ਬੀਤੀ ਸਾਰੀ ਕਹਾਣੀ ਮੁੱਢ ਤੋਂ ਖੋਲ੍ਹ ਕੇ ਬੇਨਤੀ ਦੇ ਤੌਰ ਤੇ ਦੱਸੀ। ਸੰਤਾਂ ਨੇ ਇਸ ਦੀ ਸਾਰੀ ਗੱਲ ਸ਼ਮਝ ਲਈ ਅਤੇ ਇਸਨੂੰ ਸੁਖੀ ਕਰਨ ਹਿੱਤ ਉਪਦੇਸ਼ ਦਿਤਾ ਕਿ ਐ ਆਸ਼ਕ ਲੋਕ ਤੂੰ ਚਾਲੀ ਦਿਨ ਵਾਸਤੇ ਭੋਰੇ ਵਿਚ ਬੈਠ, ਚਾਲੀ ਦਿਨ ਵਾਸਤੇ ਕਿਸੇ ਦੇ ਮੱਥੇ ਨਹੀਂ ਲੱਗਣਾ। ਇਸ ਢੰਗ ਨਾਲ ਆਪਣੇ ਖਾਣ ਪੀਣ ਦਾ ਪੂਰਾ ਬੰਦੋਬਸਤ ਕਰਕੇ ਬੈਠਣਾ। ਜਿਸ ਕਰਕੇ ਤੂੰ ਕਿਸੇ ਨੂੰ ਦੇਖ ਨਾ ਸਕੇਂ ਅਤੇ ਟੱਟੀ ਦਿਸ਼ਾ ਵਗੈਰਾ ਵੀ ਰਾਤ ਰਾਤ ਹੀ ਜਾਣਾ। ਬਲਕਿ ਖਾਣਾ ਪੀਣਾ ਇਸ ਢੰਗ ਨਾਲ ਕਿ ਟੱਟੀ ਪਿਸ਼ਾਬ ਤੰਗ ਨਾ ਕਰੇ। ਚਾਲੀਵੇਂ ਦਿਨ ਤੇਰਾ ਮਸ਼ੂਕ ਆਪ ਹੀ ਤੈਨੂੰ ਸਾਹਮਣੇ ਆ ਕੇ ਮਿਲੇਗਾ। ਭੋਰੇ ਵਿਚ ਜਾਪ ਤੂੰ ਆਪਣੇ ਮੁਰਸ਼ਦ ਰਹੀਮ ਬਖਸ਼ ਦਾ ਦੱਸਿਆ ਹੋਇਆ ਹੀ ਕਰਨਾ ਹੈ।

ਗੁਲਾਮ ਬਖਸ਼ ਸੰਤ ਮਹਾਰਾਜ ਜੀ ਤੋਂ ਇਹ ਸਿੱਖਿਆ ਲੈ ਕੇ ਆਪਣੀ ਕੁਟੀਆ' ਜਾ ਕੇ ਤੀਸਰੇ ਦਿਨ ਹੀ ਭੋਰੇ ਵਿਚ ਬੈਠ ਗਿਆ ਅਤੇ ਆਪਣੀ ਸਾਰੀ ਕ੍ਰਿਆ ਦਾ ਸਾਮਾਨ ਆਪਣੇ ਪਾਸ ਹੀ ਭੋਰੇ ਵਿਚ ਰਖ ਲਿਆ। ਇਸ ਪ੍ਰਕਾਰ ਚਾਲੀ ਦਿਨ ਦਾ ਬੜਾ ਸਖਤ ਚਾਲੀਸਾ ਬੜੀ ਕਠਨਤਾਈ ਨਾਲ ਪੂਰਾ ਕੀਤਾ। ਜਦੋਂ ਚਾਲੀਸਾ ਪੂਰਾ ਕਰਕੇ ਆਪਣੇ ਭੋਰੇ ਵਿਚੋਂ ਬਾਹਰ ਆਇਆ ਤਾਂ ਸ਼ਹਿਰ ਹੁਸ਼ਿਆਰਪੁਰ ਵਲ ਨੂੰ ਤੁਰਨ ਲੱਗਾ ਤਾਂ ਕੀ ਤੱਕਿਆ ਕਿ ਸਾਹਮਣੇ ਹੀ ਇਸ ਦਾ ਮਸ਼ੂਕ ਆਪਣੀ ਮਾਤਾ ਤੇ ਹੋਰ ਮੁਹੱਲੇ ਦੀਆਂ ਬੀਬੀਆਂ ਸਮੇਤ ਆਇਆ ਤੇ ਆ ਕੇ ਆਪਣੇ ਆਸ਼ਕ ਦੇ ਸਾਹਮਣੇ ਸਿਜਦਾ ਕੀਤਾ, ਅਤੇ ਫਲ ਫਰੂਟ ਵੀ ਭੇਟਾ ਕੀਤੇ। ਬੜੀਆਂ ਹੱਸ ਹੱਸ ਕੇ ਤੇ ਰੱਜ ਰੱਜ ਕੇ ਗੱਲਾਂ ਕੀਤੀਆਂ। ਦੂਸਰੇ ਦਿਨ ਹੀ ਬਹੁਤ ਖੁਸ਼ੀ ਦਾ ਭਰਿਆ ਹੋਇਆ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਢਹਿ ਪਿਆ। ਸੰਤਾਂ ਨੇ ਬਹੁਤ ਧੀਰਜ ਦੇ ਕੇ ਚਰਨਾਂ ਉਪਰੋਂ ਉਠਾਇਆ।

ਸੋ ਗੁਲਾਮ ਬਖਸ਼ ਹੁਣ ਸੰਤਾਂ ਸਾਹਮਣੇ ਖੜਾ ਹੋ ਕੇ ਅਤੇ ਹੱਥ ਜੋੜ ਕੇ ਲੱਗਾ ਸੰਤਾਂ ਦੇ ਗੁਣ ਗਾਉਣ ਅਤੇ ਨਾਲ ਦੀ ਨਾਲ ਬੇਨਤੀਆਂ ਵੀ ਕਰਦਾ ਹੈ। ਹੁਣ ਸ਼ਾਮ ਦੇ ਚਾਰ ਵੱਜ ਗਏ ਸਨ। ਸੰਤਾਂ ਨੇ ਤੀਏ ਪਹਿਰ ਦਾ ਜਲ ਪਾਣੀ ਛਕਿਆ। ਆਪ ਹਜ਼ੂਰ ਉੱਠੇ ਆਪਣਾ ਖੂੰਡਾ ਫੜ ਕੇ ਉਤਰ ਦੀ ਦਿਸ਼ਾ ਨੂੰ ਚਲ ਪਏ। ਬਾਬਾ ਗੱਜਣ ਸਿੰਘ ਜੀ ਨੇ ਗਜ਼ਵਾ ਚੱਕਿਆ ਹੋਇਆ ਨੰਗੇ ਪੈਰੀਂ ਸੰਤਾਂ ਦੇ ਪਿਛੇ-ਪਿਛੇ ਹੋ ਤੁਰਿਆ। ਜਦੋਂ ਸੰਤ ਜੀ ਇਸ ਘਣੇ ਜੰਗਲ ਵਿਚ ਚਲੇ ਗਏ ਤਾਂ ਇਕ ਛਾਇਆਦਾਰ ਦਰੱਖਤ ਦੇ ਨੀਚੇ ਬੈਠ ਗਏ। ਸੰਤਾਂ ਨੇ ਬਾਬਾ ਗੱਜਣ ਸਿੰਘ ਜੀ ਨੂੰ ਕੁਝ ਵਿੱਥ ਤੇ ਬੈਠਣ ਦਾ ਹੁਕਮ ਕੀਤਾ। ਹੁਣ ਇਸ ਗੁਲਾਮ ਬਖਸ਼ ਨੂੰ ਆਪਣੇ ਸਾਹਮਣੇ ਕੋਲ ਕਰਕੇ ਬਿਠਾ ਲਿਆ। ਫਿਰ ਸੰਤਾਂ ਨੇ ਭੋਰੇ ਵਿਚ ਬੈਠਣ ਦੀ ਸਾਰੀ ਗੱਲ ਬਾਤ ਇਸ ਤੋਂ ਸੁਣੀ। ਭੋਰੇ ਵਿਚ ਬੈਠਣ ਤੋਂ ਕੋਈ ਔਕੜ ਆਈ ਇਕ ਵਾਰੀ ਭੈ ਵੀ ਬਹੁਤ ਹੋਇਆ। ਬੜੀ ਕਿਸੇ ਡਰਾਉਣੀ ਬਲਾ ਨੇ ਡਰਾਇਆ। ਇਸ ਨੇ ਕਿਹਾ ਕਿ ਮੁਰਸ਼ਦ ਜੀਉ ਆਪ ਜੀ ਦੀ ਕ੍ਰਿਪਾ ਨਾਲ ਇਸ ਭੈ ਤੋਂ ਨਿਰਭੈ ਹੋਇਆ ਸੀ। ਜਦੋਂ ਉਸ ਡਰਾਉਣੀ ਰਾਖਸ਼ਣੀ ਨੇ ਡਰਾਇਆ ਤਾਂ ਮੈ ਆਪ ਜੀ ਦਾ ਧਿਆਨ ਧਰ ਕੇ ਬੇਨਤੀਆਂ ਕੀਤੀਆਂ। ਆਪ ਜੀ ਨੇ ਮੇਰੀਆਂ ਬੇਨਤੀਆਂ ਸੁਣ ਕੇ ਉਸ ਸਮੇਂ ਭੋਰੇ ਵਿਚ ਪ੍ਰਤੱਖ ਦਰਸ਼ਨ ਦੇ ਕੇ ਉਸ ਰਾਖਸ਼ਣੀ ਨੂੰ ਡਕਿਆ ਤੇ ਮੇਰੀ ਰੱਖਿਆ ਕੀਤੀ।

ਹੁਣ ਮੈਨੂੰ ਅੱਗੇ ਨਾਲੋਂ ਬਹੁਤ ਦ੍ਰਿੜ੍ਹ ਵਿਸ਼ਵਾਸ ਹੋ ਗਿਆ ਕਿ ਮੇਰੇ ਸਿਰ ਤੇ ਕਾਮਲ ਮੁਰਸ਼ਦ ਦਾ ਕ੍ਰਿਪਾ ਭਰਿਆ ਹੱਥ ਹੈ। ਗੁਲਾਮ ਬਖਸ਼ ਨੇ ਕਿਹਾ, ਹੁਣ ਆਪ ਜੀ ਦੇ ਦਾਸ ਤੇ ਮਹਾਨ ਬਖਸ਼ਿਸ਼ ਕਰਦੇ ਹੋਏ ਇਸ ਮਜ਼ਾਜ਼ੀ ਆਸ਼ਕੀ

ਤੋਂ ਕੱਢ ਕੇ ਹਕੀਕੀ ਵਿਚ ਜਾਣ ਦਾ ਉਪਦੇਸ਼ ਦੇ ਕੇ ਦਾਸ ਨੂੰ ਸਫਲਾ ਕਰ ਦੇਵੋ। ਸੰਤਾਂ ਨੇ ਇਸ ਦੀ ਬੇਨਤੀ ਨੂੰ ਮੰਨ ਕੇ ਪਹਿਲਾਂ ਇਸਨੂੰ ਉਪਦੇਸ਼ ਦਿੱਤਾ ਕਿ ਜੋ ਵੀ ਪੰਜਾਂ ਤੱਤਾਂ ਤੋਂ ਬਣੀ ਹੋਈ ਸ੍ਰਿਸ਼ਟੀ ਹੈ ਸੋ ਨਾਸ ਰੂਪ ਹੈ। ਬਾਬਾ ਆਦਮ ਅੰਮਾ ਹਵਾ ਤੋਂ ਲੈ ਕੇ ਕੀੜੀ ਤਕ ਧੂੜੀ ਦੇ ਕਿਣਕੇ ਤੋਂ ਲੈ ਕੇ ਸਮੇਰੂ ਪਰਬਤ ਤਕ ਸਭ ਨਾਸ ਹੋਣ ਵਾਲੇ ਹਨ। ਆਪਣੀ ਮਾਤਾ ਪਿਤਾ ਭੈਣ ਭਰਾ ਸਾਰੇ ਸਬੰਧੀ ਅਤੇ ਮਸ਼ੂਕਾ ਵੀ ਸਦਾ ਰਹਿਣ ਵਾਲੀ ਨਹੀਂ ਇਹ ਸਭ ਠਾਠ ਝੂਠਾ ਹੈ। ਮਨ ਆਗਿਆਨਤਾ ਕਰਕੇ ਹੀ ਭਾਸਦਾ ਹੈ। ਫਿਰ ਇਸ ਦੀ ਪ੍ਰੀਤੀ ਕਿਵੇਂ ਸੱਚੀ ਹੋ ਸਕਦੀ ਹੈ ਭਾਵ ਇਸ ਦੀ ਪ੍ਰੀਤ ਵੀ ਝੂਠੀ ਤੇ ਮਾਇਕੀ ਹੈ। ਅੰਤ ਸਮੇਂ ਇਹ ਮਾਇਕੀ ਠਾਠ ਇਸ ਦੀ ਸਹਾਇਤਾ ਨਹੀਂ ਕਰ ਸਕਦੀ। ਜੈਸੇ ਕਿ ਗੁਰਬਾਣੀ:-

ਸੋਰਠਿ ਮਹਲਾ ੯।। ਪ੍ਰੀਤਮ ਜਾਨਿ ਲੇਹੁ ਮਨ ਮਾਹੀ।। ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ।। ੧।। ਰਹਾਉ।। ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ।। ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ।। ੧।। ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ।। ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ।। ੨।। ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ।। ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ।। ੩।।

(ਪੰਨਾ ੬੩੪)

ਸਾਡੇ ਕਹਿਣ ਦਾ ਮਤਲਬ ਹੈ ਕਿ ਸਾਰੇ ਸੰਸਾਰ ਦੇ ਪਦਾਰਥ ਇਸਤਰੀ ਆਦਿਕ ਕੋਈ ਰਹਿਣ ਵਾਲਾ ਨਹੀਂ। ਤੂੰ ਉਸ ਦੀ ਖੋਜ ਵਿਚ ਲੱਗ ਜੋ ਅਟੱਲ ਅਚਲ ਸਦਾ ਸਤ ਚਿੱਤ ਅਨੰਦ ਸਰੂਪ ਹੈ। ***ਦੂਸਰੀ ਗੱਲ:*** ਜਿਸ ਮਸ਼ੂਕ ਦਾ ਤੂੰ ਆਸ਼ਕ ਹੈਂ, ਉਸ ਮਸ਼ੂਕ ਵਿਚ ਤੂੰ ਕਿਹੜੀ ਚੰਗੀ ਤੇ ਪਵਿੱਤਰ ਚੀਜ਼ ਸਮਝਦਾ ਹੈਂ। ਸੰਤਾਂ ਨੇ ਵਸਤੂ ਨੂੰ ਵਿਚਾਰ ਕੇ ਇਸ ਦੀ ਮਾਦਾ ਵਿਚੋਂ ਬਿਰਤੀ ਨੂੰ ਉਥਾਨ ਕੀਤਾ। ***ਵਸਤੂ ਵਿਚਾਰ:*** ਇਸਤਰੀ ਨੂੰ ਸਦਾ ਗਲੀਜ਼ ਮੰਨਿਆ ਹੈ, ਅਤੇ ਇਸਤਰੀ ਨੂੰ ਬੰਦੇ ਨੂੰ ਕਾਮ ਅਗਨ ਵਿਚ ਸਾੜਨ ਵਾਲੀ ਅੱਗ ਨਿਸਚਾ ਕੀਤਾ ਹੈ। ਜਿਨ੍ਹਾਂ ਕੇਸਾਂ ਨੂੰ ਬੜੇ ਕਾਲੇ ਤੇ ਚਿਕਨੇ ਸਮਝਦਾ ਹੈ ਸੋ ਇਸਤਰੀ ਰੂਪੀ ਅੱਗ ਦੀ ਲਾਟ ਦਾ ਧੂੰਆ ਨਿਸਚੇ ਕਰਦੇ ਹਨ। ਸਰੀਰ ਜੋ ਸੁੰਦਰ ਨਿਸਚਾ ਕਰਦੇ ਹਨ ਸੋ ਤਾਂ:

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ।।
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।। *(ਸੋਰਠਿ ਰਵੀਦਾਸ, ਪੰਨਾ ੬੫੯)*

ਤਥਾ- ਬਿਸਟਾ ਅਸਤ ਰਕਤੁ ਪਰੇਟੇ ਚਾਮ।। ਇਸੁ ਊਪਰਿ ਲੇ ਰਾਖਿਓ ਗੁਮਾਨ।।

ਜੋ ਇਸਤਰੀ ਦੇ ਪਿੰਜਰ ਵਿਚ ਵੀ ਪੰਖੀ (ਜੀਵ ਆਤਮਾ) ਹੈ ਸੋ ਸਤਿ ਹੈ। ਇਸ ਪ੍ਰਕਾਰ ਜੋ ਇਸਤਰੀ ਦੇ ਸਮੇਤ ਸਮਸਟੀ ਸੰਸਾਰ ਸਰੀਰ ਅੰਦਰ ਸਤ੍ਰੂ ਚਿੱਤ੍ਰ, ਅਨੰਦ ਰੂਪ ਹੋ ਕੇ ਅਸਤੀ ਭਾਂਤੀ ਪ੍ਰਿਅ ਹੋ ਕੇ ਰਮਿਆ ਹੋਇਆ ਹੈ। ਤਿਸ ਨੂੰ ਤੂੰ ਸਤ ਸਮਝ ਕੇ ਨਿਸਚਾ ਧਾਰਨ ਕਰ। ***ਗੁਲਾਮ ਬਖਸ਼:*** ਬਖਸ਼ਿੰਦ ਦਾਤਾ ਜੀਉ ਤਿਸ ਦੀ ਪ੍ਰਾਪਤੀ ਦਾ ਸਾਧਨ ਕੀ ਹੈ। ***ਸੰਤ ਮਹਾਰਾਜ:*** ਇਸ ਜਗਿਆਸੂ ਪਰ ਜਦੋਂ ਪੰਜ ਤਰ੍ਹਾਂ ਦੀ ਕ੍ਰਿਪਾ ਹੋ ਜਾਵੇ ਤਾਂ ਫਿਰ ਇਸ ਨੂੰ ਪ੍ਰਾਪਤ ਹੋ ਜਾਂਦਾ ਹੈ। ***ਗੁਲਾਮ ਬਖਸ਼:*** ਸੋ ਪੰਜ ਕ੍ਰਿਪਾ ਕੌਣ ਕੌਣ ਹਨ। ***ਸੰਤ ਮਹਾਰਾਜ:*** (1) ਈਸ਼ਵਰ ਕ੍ਰਿਪਾ, (2) ਸਤਿਸੰਗ ਕ੍ਰਿਪਾ, (3) ਗੁਰੂ ਕ੍ਰਿਪਾ, (4) ਆਪਣੀ ਕ੍ਰਿਪਾ, (5) ਵਾਹਿਗੁਰੂ ਕ੍ਰਿਪਾ। ***(1) ਈਸ਼ਵਰ ਕ੍ਰਿਪਾ:*** ਇਹ ਹੋਈ ਹੈ ਕਿ ਜੋ ਤੈਨੂੰ ਸਤਿਸੰਗ ਵਿਚ ਲੈ ਆਂਦਾ ਹੈ। ***(2) ਸਤਿਸੰਗ ਕ੍ਰਿਪਾ:*** ਸਤਿਸੰਗ ਦੀ ਕ੍ਰਿਪਾ ਇਹ ਹੋਈ ਹੈ ਜੋ ਕਿ ਤੈਨੂੰ ਮੁਰਸ਼ਦ ਦੀ ਪ੍ਰਾਪਤੀ ਹੋਈ ਹੈ। ***(3) ਗੁਰੂ ਕ੍ਰਿਪਾ:*** ਹੁਣ ਮੁਰਸ਼ਦ ਕ੍ਰਿਪਾ ਇਹ ਹੋਈ ਹੈ ਜੋ ਤੈਨੂੰ ਬ੍ਰਹਮ ਦੀ ਪ੍ਰਾਪਤੀ ਦਾ ਉਪਦੇਸ਼ ਦੇ ਦਿਤਾ ਹੈ। ***(4) ਆਪਣੀ ਕ੍ਰਿਪਾ:*** ਹੁਣ ਤੇਰੀ ਕ੍ਰਿਪਾ ਆਪਣੇ ਤੇ ਇਹ ਹੋਣੀ ਹੈ ਜੋ ਤੈਨੂੰ ਮੁਰਸ਼ਦ ਦੇ ਉਪਦੇਸ਼ ਨੂੰ ਸੁਣ ਕੇ ਮੰਨਣ ਤੇ ਨਿਧਿਆਸਣ ਕਰਨਾ ਹੈ। ***(5) ਵਾਹਿਗੁਰੂ ਕ੍ਰਿਪਾ:*** ਫਿਰ ਤੇਰਾ ਜਦੋਂ ਨਿਧਾਸਣ ਪੂਰਨ ਹੋ ਗਿਆ ਤਾਂ ਬ੍ਰਹਮ ਦੀ ਕ੍ਰਿਪਾ ਹੋਵੇਗੀ ਜੋ ਤੈਨੂੰ ਬ੍ਰਹਮ ਦਾ ਸਿਖਿਆਤ ਹੋ ਜਾਏਗਾ। ਹੁਣ ਅਸੀਂ ਜੋ ਤੈਨੂੰ ਉਪਦੇਸ਼ ਦਿਤਾ ਹੈ ਇਸਤਰੀ ਆਦਿਕ ਤੋਂ ~~ਲੈ ਸਾਰਾ ਬ੍ਰਹਮੰਡ ਮਿਥਿਆ~~ ਰੂਪ ਨਿਸਚੇ ਕਰਕੇ ਸੰਸਾਰਕ ਬਿਰਤੀ ਨੂੰ ਰੋਕ ਕੇ ਅੰਤਰ-ਮੁਖ

ਹੋਣਾ ਹੈ। ਫਿਰ ਬ੍ਰਹਮਾਕਾਰ ਬਿਰਤੀ ਉਦੇ ਕਰਕੇ ਬ੍ਰਹਮ ਦਾ ਹੀ ਨਿਸਚਾ ਕਰਨਾ ਹੈ ਅਤੇ ਤਿਤੀਖਸ਼ਾ ਵੀ ਉਸੇ ਢੰਗ ਕਰਨੀ ਹੈ। ਜਿਸ ਤਰ੍ਹਾਂ ਕਿ ਭੋਰੇ ਵਿਚ ਬੈਠ ਕੇ ਕੀਤੀ ਹੈ। ਇਹ ਸੰਤਾਂ ਦਾ ਉਪਦੇਸ਼ ਸੁਣਦਿਆਂ ਹੀ ਗੁਲਾਮ ਬਖਸ਼ ਦੀ ਬਿਰਤੀ ਅੰਤਰ-ਮੁਖ ਹੋ ਕੇ ਸਮਾਧੀ ਦਾ ਅਕਾਰ ਬਣ ਗਈ। ਫਿਰ ਸੰਤਾਂ ਨੇ ਕੁਝ ਸਮੇਂ ਤੋਂ ਬਾਅਦ ਗੁਲਾਮ ਬਖਸ਼ ਨੂੰ ਉਥਾਨ ਕਰਕੇ ਉਸ ਦੀ ਕੁਟੀਆ ਨੂੰ ਭੇਜ ਦਿੱਤਾ। ਫਿਰ ਉਸਨੇ ਆਪਣੀ ਕੁਟੀਆ ਜਾ ਕੇ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ। ਗਾਹੇ ਬਗਾਹੇ ਆ ਕੇ ਸੰਤਾਂ ਦਾ ਸਤਿਸੰਗ ਕਰਦਾ ਰਹਿੰਦਾ ਅਤੇ ਆਪਣੀ ਰੂਹਾਨੀਅਤ ਦੀ ਮੰਜ਼ਲ ਪੂਰੀ ਕਰਨ ਦੀ ਕੋਸ਼ਿਸ਼ ਕਰਦਾ। ਫਿਰ ਇਤਨੇ ਨੂੰ ਪੰਜਾਬ ਦੋ ਹਿਸਿਆਂ ਵਿਚ ਵੰਡਿਆ ਗਿਆ। ਇਕ ਪਾਕਿਸਤਾਨ ਤੇ ਦੂਸਰਾ ਪੂਰਬੀ ਪੰਜਾਬ। ਸੋ ਗੁਲਾਮ ਬਖਸ਼ ਦੇਸ਼ ਵੰਡ ਦੇ ਸਮੇਂ ਪਾਕਿਸਤਾਨ ਚਲਾ ਗਿਆ। ਪਾਕਿਸਤਾਨ ਤੋਂ ਵੀ ਗਾਹੇ ਬਗਾਹੇ ਪਿਆਰ ਭਰੀਆਂ ਚਿੱਠੀਆਂ ਪਾਉਂਦਾ ਰਿਹਾ।। ਇਤੀ।।

ਡੇਰੇ ਪੁਲਿਸ ਆਉਣ ਦਾ ਪ੍ਰਸੰਗ

ਡੇਰੇ ਸੰਤਗੜ੍ਹ ਸੰਤਾਂ ਨੇ ਜਿਥੇ ਕਿ ਨਾਮ ਸਿਮਰਨ ਦਾ ਪ੍ਰਵਾਹ ਚਲਾਇਆ ਹੋਇਆ ਹੈ ਜੋ ਅੱਠੋ ਪਹਿਰ ਮੂਲ-ਮੰਤਰ ਦਾ ਪਾਠ ਵਿਧੀ ਪੂਰਬਕ ਹੁੰਦਾ ਰਹਿੰਦਾ ਹੈ। ਗਊ ਦੇ ਘੀ ਦੀ ਅਟੱਲ ਜੋਤ ਵੀ ਜਗਦੀ ਰਹਿੰਦੀ ਹੈ। ਅਤੇ ਧੂਪ ਹਵਨ ਵੀ ਹੁੰਦਾ ਰਹਿੰਦਾ ਹੈ। ਡੇਰੇ ਵਿਚ ਗੁਰੂ ਕਾ ਲੰਗਰ ਅੱਠੋ ਪਹਿਰ ਮਿਲ ਸਕਦਾ ਹੈ ਅਤੇ ਗੁਰਦਵਾਰੇ ਵਿਚ ਰਹਿਣ ਵਾਲੇ ਸੰਤ ਸਿੰਘ ਹੀ ਲੰਗਰ ਦੀ ਸੇਵਾ ਕਰਕੇ ਆਪਣਾ ਜਨਮ ਸਫਲ ਕਰਨ ਦਾ ਯਤਨ ਕਰਦੇ। ਬਹੁਤ ਸਾਰੇ ਗੁਰਮੁਖ ਸਬਜ਼ੀ ਬੀਜਣ ਦੀ ਸੇਵਾ ਕਰਦੇ ਹਨ ਅਤੇ ਖੇਤੀ ਬੀਜਣ ਦੀ ਸੇਵਾ ਕਰਕੇ ਆਪਣੇ ਮਨ ਤੇ ਕਾਬੂ ਪਾ ਕੇ ਸਤਿਗੁਰੂ ਦੇ ਦਰ ਪ੍ਰਵਾਨ ਹੋਣ ਦਾ ਉੱਦਮ ਕਰਦੇ ਹਨ, ਅਤੇ ਦੋਨੋਂ ਵਕਤ ਸਤਸੰਗ ਗੁਰੂ ਕੀ ਬਾਣੀ ਦਾ ਸਾਜ਼ਾਂ ਰਾਹੀਂ ਕੀਰਤਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਕਥਾ ਵਿਚਾਰ ਅੰਮ੍ਰਿਤ ਵੇਲੇ ਤੇ ਸ਼ਾਮ ਨੂੰ ਰਹਰਾਸਿ ਆਰਤੀ ਗੁਰਬਾਣੀ ਦਾ ਕੀਰਤਨ ਤੇ ਗੁਰੂਆਂ ਦੇ ਜੀਵਨ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਆਦਿ ਇਤਿਹਾਸਕ ਗ੍ਰੰਥਾਂ ਦੀ ਕਥਾ ਪ੍ਰਾਰੰਭ ਰਹਿੰਦੀ ਹੈ। ਇਹ ਵੀ ਜੀਵਾਂ ਦੀ ਕਲਿਆਣ ਹਿਤ ਇਸ ਸੰਤਗੜ੍ਹ ਡੇਰੇ ਵਿਚ ਸੰਤ ਮਹਾਰਾਜ ਜੀ ਦੀ ਦੇਣ ਹੈ।

ਹੁਣ ਡੇਰੇ ਵਿਚ ਪੁਰਾਤਨ ਸਿੰਘਾਂ ਦੀ ਜੋ ਸ਼ਸ਼ਤਰ ਵਿਦਿਆ, ਪਟੇ-ਬਾਜੀ ਸਿਖਾਲਣ ਦੀ ਸਿੰਘਾਂ ਨੇ ਇੱਛਾ ਕੀਤੀ। ਜਿਸ ਦੇ ਸਿਖਾਉਣ ਲਈ ਜਥੇਦਾਰ ਨਾਰਾਇਣ ਸਿੰਘ ਜੀ ਨਾਲ ਜੋ ਕਿ ਗੱਤਕੇ ਦੇ ਪੰਥ ਵਿਚ ਮਾਸਟਰ ਮੰਨੇ ਜਾਂਦੇ ਸਨ ਤਿਨ੍ਹਾਂ ਨਾਲ ਗੁਰਮਤਾ ਕਰਕੇ ਰਾਮ ਬਾਗ ਵਿਚ ਗੱਤਕੇ ਦਾ ਅਖਾੜਾ ਤਿਆਰ ਕਰਕੇ ਸ਼ੁਰੂ ਕਰ ਦਿਤਾ। ਜਥੇਦਾਰ ਨਾਰਾਇਣ ਸਿੰਘ ਜੀ ਇਸ ਗੱਤਕੇ ਦੇ ਅਖਾੜੇ ਦੇ ਮਾਸਟਰ ਮੰਨੇ ਗਏ। ਕਦੇ ਕਦੇ ਸਿੰਘ ਸਾਹਿਬ ਤਾਰਾ ਸਿੰਘ ਜੀ ਨਿਹੰਗ ਗੱਤਕਾ ਮਾਸਟਰ ਆ ਜਾਂਦੇ। ਇਨ੍ਹਾਂ ਤੋਂ ਸਿਖਣ ਵਾਲੇ ਭਾਈ ਹਰੀ ਸਿੰਘ ਜੀ ਸ਼ਹੀਦ ਜਥੇਦਾਰ ਹੀ ਉਪਦੇਸ਼ੀ ਸਨ। ਭਾਈ ਮੋਹਣ ਸਿੰਘ ਜੀ ਹੀਰਾ, ਸੰਤ ਹਰੀ ਸਿੰਘ ਜੀ ਮੁਕੇਰੀਆਂ, ਸੰਤ ਜਥੇਦਾਰ ਜਨਕ ਸਿੰਘ ਜੀ, ਸੰਤ ਬਹਾਲ ਸਿੰਘ ਜੀ, ਸੰਤ ਗਿਆਨ ਸਿੰਘ ਜੀ, ਸੰਤ ਕੱਕਾ ਸਿੰਘ ਜੀ, ਭਾਈ ਕਰਤਾਰ ਸਿੰਘ ਜੀ ਡਾਲੋਵਾਲ, ਸੰਤ ਸੁੱਚਾ ਸਿੰਘ ਜੀ ਰਾਏਪੁਰ ਬੱਲਾਂ ਤੋਂ ਭਾਈ ਰਾਮ ਸਿੰਘ ਪੰਹਿਰਾ ਪਿੰਡ ਤਨੌਲੀ ਤੋਂ ਸ੍: ਸੋਹਣ ਸਿੰਘ ਜੀ ਤੇ ਕਾਕਾ ਜੁਗਿੰਦਰ ਸਿੰਘ ਤੇ ਕਾਕਾ ਬਲੀ ਸਿੰਘ ਪੁੱਤਰ ਸ੍: ਅਮਰ ਸਿੰਘ ਜੀ, ਸ਼ਾਹ ਕਾਕਾ ਗੁਰਬਚਨ ਸਿੰਘ ਪੁੱਤਰ ਸ੍: ਦੀਵਾਨ ਸਿੰਘ ਅਤੇ ਕਾਕਾ ਤਾਰਾ ਸਿੰਘ। ਹੋਰ ਵੀ ਬਹੁਤ ਸਾਰੇ ਸਿੰਘ ਗੱਤਕਾ ਸਿਖਣ ਵਾਸਤੇ ਇਨ੍ਹਾਂ ਵਿਚ ਸ਼ਾਮਲ ਹੋਏ।

ਡੇਰੇ ਵਿਚ ਹਮਉਮਰ ਸਾਰੇ ਚੜ੍ਹਦੀ ਜਵਾਨੀ ਦੇ ਸਿੰਘ ਸਨ, ਜੋ ਕਿ ਤਕਰੀਬਨ ਪੰਜਾਹ ਦੇ ਗੇੜ ਵਿਚ ਸਦਾ ਡੇਰੇ ਵਿਚ ਰਿਹਾਇਸ਼ ਰਖਦੇ ਸਨ। ਸੰਤ ਜੀਵਨ ਸਿੰਘ ਢਾਲੋਵਾਲ, ਭਾਈ ਲਾਭ ਸਿੰਘ, ਸੰਤ ਟਹਲ ਸਿੰਘ (ਮੇਵਾ ਸਿੰਘ) ਪਟਿਆਲਾ। ਇਹ ਸਾਰੇ ਸਿੰਘਾਂ ਦਾ ਜੱਥਾ ਜਿਧਰ ਵੀ ਸੇਵਾ ਨੂੰ ਜਾਂਦਾ ਇਕੱਠਾ ਹੀ ਜਾਂਦਾ। ਸਿੰਘ ਕੀਰਤਨ ਕਰਦੇ ਜਾਂਦੇ ਅਤੇ ਖੁਸ਼ੀਆਂ ਦੇ ਜੈਕਾਰੇ ਛੱਡਦੇ ਜਾਂਦੇ। ਜਿਨ੍ਹਾਂ ਨੂੰ ਦੇਖ-ਦੇਖ ਕੇ ਈਰਖਾਲੂ ਦੈਸ਼ੀ ਪੁਰਸ਼ ਬਹੁਤ ਈਰਖਾ ਕਰਨ

ਲਗ ਪਏ। ਜਿਨ੍ਹਾਂ ਵਿਚ ਖਾਸ ਕਰਕੇ ਇਹ ਜੋ ਡੇਰੇ ਤੋਂ ਦੱਖਣ ਦਿਸ਼ਾ ਨੂੰ ਫਕੀਰ ਖਾਕੀ ਸ਼ਾਹ ਚਿਸਤੀ ਮਹਾਂਪੁਰਸ਼ਾਂ ਦੀ ਖਾਨਗਾਹ ਹੈ। ਇਸ ਤੇ ਕਾਬਜ਼ ਜੋ ਮੁਸਲਮਾਨ ਫਕੀਰ ਇਸ ਖਾਨਗਾਹ ਦੇ ਮਜੌਰ ਸਨ ਇਹ ਸਾਰੇ ਸ਼ਾਦੀ ਸ਼ੁਦਾ ਸਨ ਅਤੇ ਬਾਲ ਬੱਚੇਦਾਰ ਗ੍ਰਹਿਸਤੀ ਸਨ। ਇਨ੍ਹਾਂ ਦੀਆਂ ਨੌਜਵਾਨ ਸੁੰਦਰ ਲੜਕੀਆਂ ਵੀ ਸਨ। ਡੇਰੇ ਨਾਲ ਈਰਖਾ ਕਰਨ ਵਿਚ ਇਹ ਨੰਬਰ ਇਕ ਸਨ। ਹੋਰ ਕੁਝ ਬੀਬੀ ਦੀ ਪੰਡੋਰੀ ਦੇ ਮੁਸਲਮਾਨ ਭਟਰਾਣੇ ਦੇ ਮੁਸਲਮਾਨ ਸਫੈਦਪੋਸ਼ ਆਦਿਕ ਜ਼ਿਆਦਾ ਹਿੱਸਾ ਲੈਂਦੇ ਸਨ। ਹੋਰ ਆਲੇ ਦੁਆਲੇ ਦੇ ਮੁਸਲਮਾਨ ਪਿੰਡ ਮਸਲਨ ਰਜਵਾਂ, ਫਾਮਾਂ, ਹਾਲਟਾ ਬਡਲਾ ਤੇ ਹਰਮੋਏ ਆਦਿਕ ਪਿੰਡ ਸ਼ਾਮਲ ਸਨ।

ਇਨ੍ਹਾਂ ਵਿਚੋਂ ਸਾਰੇ ਮੁਸਲਮਾਨ ਜ਼ੈਲਦਾਰ ਸਫੈਦਪੋਸ਼ ਨੰਬਰਦਾਰਾਂ ਤੇ ਇਸ ਖਾਨਗਾਹ ਦੇ ਮਜੌਰਾਂ ਨੇ ਵੇਲੇ ਦੀ ਸਰਕਾਰ ਪਾਸ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ ਕਿ ਡੇਰੇ ਸੰਤਗੜ੍ਹ ਸੰਤ ਜਵਾਲਾ ਸਿੰਘ ਜੀ ਪਾਸ ਮਾਲਵੇ ਮਾਝੇ ਦੇ ਡਾਕੂ ਸਿੰਘ ਮਾਰ-ਖੋਰ ਰਹਿੰਦੇ ਹਨ, ਜੋ ਕਿ ਇਲਾਕੇ ਵਿਚ ਡਾਕੇ ਚੋਰੀ ਦਾ ਕੰਮ ਕਰਦੇ ਹਨ। ਇਨ੍ਹਾਂ ਡਾਕੂਆਂ ਦੁਆਰਾ ਹੀ ਇਨ੍ਹਾਂ ਦਾ ਲੰਗਰ ਚਲਦਾ ਹੈ। ਹੋਰ ਇਸ ਡੇਰੇ ਨੂੰ ਕੋਈ ਆਮਦਨ ਨਹੀਂ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਜੋ ਅਫਸਰ ਲੋਕ ਸਨ, ਡਿਪਟੀ ਕਮਿਸ਼ਨਰ ਪੁਲਿਸ ਕਪਤਾਨ ਆਦਿ। ਉਸ ਸਮੇਂ ਹੁਸ਼ਿਆਰਪੁਰ ਵਿਚ ਸ਼ੈਸ਼ਨ ਜੱਜ ਸ੍: ਕਰਤਾਰ ਸਿੰਘ ਜੀ ਜਾਮਾਂ ਰਾਈਆਂ ਸਨ। ਇਹ ਸਾਰੇ ਸੰਤ ਮਹਾਰਾਜ ਜੀ ਪਾਸ ਬੜੀ ਸ਼ਰਧਾ ਧਾਰਕੇ ਸੰਤਾਂ ਦੇ ਦਰਸ਼ਨ ਨੂੰ ਆਉਂਦੇ ਜਾਂਦੇ ਸਨ। ਇਸ ਵਾਸਤੇ ਇਨ੍ਹਾਂ ਅਫਸਰਾਂ ਨੇ ਇਨ੍ਹਾਂ ਮੁਸਲਮਾਨਾਂ ਦੀ ਕਿਸੇ ਸ਼ਕਾਇਤ ਤੇ ਅਸਰ ਨਾ ਕੀਤਾ, ਨਾ ਹੀ ਕੋਈ ਅਮਲ ਕੀਤਾ ਕਿ ਡੇਰੇ ਦੀ ਤਪਤੀਸ਼ ਕਰੀਏ। ਫਿਰ ਇਨ੍ਹਾਂ ਸਾਰੇ ਲੋਕਾਂ ਨੇ ਪੰਜਾਬ ਦਾ ਸੈਂਟਰ ਲਾਹੌਰ ਸੀ ਉਸ ਤੇ ਜ਼ੋਰ ਪਾਇਆ ਕਿ ਅਸੀਂ ਮਾਰੇ ਜਾਵਾਂਗੇ, ਅਸੀਂ ਲੁਟੇ ਜਾਵਾਂਗੇ। ਕਿਉਂਕਿ ਸਾਡੇ ਪਿੰਡਾਂ ਦੇ ਵਿਚਕਾਰ ਡੇਰਾ ਸੰਤਗੜ੍ਹ ਵਿਖੇ ਸਾਧੂਆਂ ਦੇ ਭੇਖ ਵਿਚ ਡਾਕੂ ਲੁਟੇਰੇ ਨੌਜਵਾਨ ਬਹੁਤ ਰਹਿੰਦੇ ਹਨ, ਅਤੇ ਇਹ ਡਾਕੇ ਚੋਰੀ ਕਰਕੇ ਇਲਾਕੇ ਨੂੰ ਬਰਬਾਦ ਕਰਦੇ ਹਨ। ਸਾਡੀ ਫਰਿਆਦ ਸੁਣੋ, ਇਸ ਦਾ ਕੋਈ ਬੰਦੋਬਸਤ ਕਰੋ। ਇਨ੍ਹਾਂ ਦੀਆਂ ਬਹੁਤ ਸਾਰੀਆਂ ਸ਼ਕਾਇਤਾਂ ਨੂੰ ਸੁਣਕੇ ਆਈ. ਜੀ. ਪੁਲਿਸ ਲਾਹੌਰ ਮਲਕ ਵਲੀ ਮੁਹੰਮਦ ਨੂੰ ਹੁਕਮ ਹੋਇਆ ਕਿ ਤੂੰ ਆਪ ਪੁਲਿਸ ਦੀ ਫੋਰਸ ਲੈ ਕੇ ਜਾਓ ਅਤੇ ਡੇਰੇ ਸੰਤਗੜ੍ਹ ਬਾਬਾ ਜਵਾਲਾ ਸਿੰਘ ਦੀ ਚੰਗੀ ਤਰ੍ਹਾਂ ਤਪਤੀਸ਼ ਕਰਕੇ ਡਾਕੂ ਫੜ ਕੇ ਉਨ੍ਹਾਂ ਨੂੰ ਸਜ਼ਾ ਦਿਓ।

ਹੁਣ ਲਾਹੌਰ ਸਰਕਾਰ ਦਾ ਆਰਡਰ ਸੁਣ ਕੇ ਆਈ. ਜੀ ਮਲਕ ਵਲੀ ਮੁਹੰਮਦ ਪੁਲਿਸ ਦੀਆਂ ਤਿੰਨ ਲਾਰੀਆਂ ਲੈ ਕੇ ਸੰਨ 1942 ਮਹੀਨਾ ਨਵੰਬਰ ਦੀ 25 ਤਰੀਕ ਦਿਨ ਬੁੱਧਵਾਰ ਨੂੰ ਅੰਮ੍ਰਿਤ ਵੇਲੇ ਸੂਰਜ ਦੀ ਟਿੱਕੀ ਨਿਕਲਦਿਆਂ ਹੀ ਡੇਰੇ ਨੂੰ ਘੇਰਾ ਪਾ ਲਿਆ ਅਤੇ ਬਹੁਤ ਸਾਰੀ ਪੁਲਿਸ ਦੇ ਸਿਪਾਹੀ ਤੇ ਖੁਲ੍ਹੇ ਕਪੜਿਆਂ ਵਾਲੇ ਸੀ. ਆਈ. ਡੀ. ਦੇ ਕਰਮਚਾਰੀ ਡੇਰੇ ਵਿਚ ਖੁਲ੍ਹੇ ਢੰਗ ਨਾਲ ਫਿਰਦੇ ਦਿਖਾਈ ਦਿਤੇ। ਦਾਸ ਉਸ ਸਮੇਂ ਗੁਰਦਵਾਰੇ ਦੇ ਬਰਾਂਡੇ ਉੱਪਰ ਸੂਰਜ ਦੀ ਧੁਪ ਕਾਰਨ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸਿਖਿਆ ਕਰਾ ਰਿਹਾ ਸੀ। ਸੰਤ ਗੁਰਬਚਨ ਸਿੰਘ ਪਿੰਡ ਰਾਮਗੜ੍ਹ ਭੁੱਲਰ ਤਹਿਸੀਲ ਜਗਰਾਓਂ ਵਾਲਿਆਂ ਨੇ ਪੁਲਿਸ ਦੇ ਆਉਣ ਬਾਰੇ ਦਾਸ ਨੂੰ ਦੱਸ ਦਿਤਾ ਸੀ। ਫਿਰ ਦਾਸ ਸੰਥਿਆ ਛੱਡ ਕੇ ਪੁਲਿਸ ਕੋਲ ਗਿਆ। ਉਸ ਸਮੇਂ ਸੰਤਾਂ ਨੇ ਸਮੇਂ ਦੀ ਨਿਜ਼ਾਕਤ ਨੂੰ ਭਾਫਦਿਆਂ ਇਕ ਕੰਮ ਚਲਾਊ ਪੰਜਾਂ ਸਿੰਘਾਂ ਦੀ ਕਮੇਟੀ ਚੁਣੀ ਹੋਈ ਸੀ। ਜਿਨ੍ਹਾਂ ਵਿਚ ਦਾਸ, ਸੰਤ ਜਨਕ ਸਿੰਘ ਜੀ, ਸ੍ਰੀ ਮਾਨ ਜੱਗਾ ਸਿੰਘ ਜੀ, ਸੰਤ ਗੁਰਬਚਨ ਸਿੰਘ ਜੀ ਰਾਮਗੜ੍ਹ ਵਾਲੇ, ਸੰਤ ਮੇਹਰ ਸਿੰਘ ਜੀ ਸਨ। ਫਿਰ ਆਈ.ਜੀ. ਮਲਕ ਵਲੀ ਮੁਹੰਮਦ ਨੂੰ ਪੰਜ ਸਿੰਘ ਲੈ ਕੇ ਇਸ ਬੋਹੜ ਅਤੇ ਪਿੱਪਲ ਦੇ ਨੀਚੇ ਜਾ ਕੇ ਮਿਲੇ, ਕਿਉਂਕਿ ਉਸ ਸਮੇਂ ਸੰਤ ਮਹਾਰਾਜ ਜੀ ਪਿੰਡ ਖ੍ਵਾਜਾ ਖੜਕ ਜ਼ਿਲ੍ਹਾ ਫਿਰੋਜ਼ਪੁਰ ਵਿਚ ਬਾਬਾ ਤ੍ਰਿਲੋਕ ਸਿੰਘ ਜੀ ਪਾਸ ਗਏ ਹੋਏ ਸਨ। ਉਸ ਸਮੇਂ ਆਈ. ਜੀ ਪਾਸ ਸਾਰੇ ਪਿੰਡਾਂ ਦੇ ਮੁਖੀ ਨੰਬਰਦਾਰ ਸਫੈਦਪੋਸ਼ ਜ਼ੈਲਦਾਰ ਤੋਂ ਆਦਿ ਬਹੁਤ ਦੁਨੀਆਂ ਇਕੱਠੀ ਹੋ ਗਈ ਸੀ।

ਹੁਣ ਸਾਰਿਆਂ ਦੇ ਇਕੱਠ ਵਿਚ ਆਈ. ਜੀ. ਨਾਲ ਸਾਡੇ ਡੇਰੇ ਵਾਲਿਆਂ ਦੀ ਗੱਲਬਾਤ ਸ਼ੁਰੂ ਹੋਈ। ***ਦਾਸ:*** ਆਈ. ਜੀ. ਸਾਹਿਬ ਜੀਉ ਡੇਰੇ ਉੱਪਰ ਇਤਨੀ ਪੁਲਿਸ ਫੋਰਸ ਦੀ ਚੜ੍ਹਾਈ ਦਾ ਕੀ ਕਾਰਨ ਹੈ? ***ਆਈ. ਜੀ.:*** ਸੰਤੋ

ਇਸ ਡੇਰੇ ਦੀਆਂ ਸਾਨੂੰ ਬਹੁਤ ਸ਼ਿਕਾਇਤਾਂ ਮਿਲੀਆਂ ਹਨ ਕਿ ਡੇਰੇ ਵਿਚ ਹਥਿਆਰਬੰਦ ਡਾਕੂ ਬਹੁਤ ਹਨ ਇਸ ਇਲਾਕੇ ਵਿਚ ਅਤੇ ਦੂਰ ਦੂਰ ਜਾ ਕੇ ਡਾਕੇ ਮਾਰ ਕੇ ਮਾਇਆ ਲੁੱਟ ਕੇ ਲਿਆਂਦੇ ਹਨ। **ਦਾਸ:** ਹੁਣ ਆਪ ਜੀ ਇਸ ਡੇਰੇ ਉੱਪਰ ਕੀ ਕਾਰਵਾਈ ਕਰਨਾ ਚਾਹੁੰਦੇ ਹੋ। **ਆਈ. ਜੀ:** ਪਹਿਲਾਂ ਸਾਡੀ ਕਾਰਵਾਈ ਡੇਰੇ ਦੀ ਤਲਾਸ਼ੀ ਲੈਣ ਹੈ—ਤਾਂਕਿ ਡੇਰੇ ਵਿਚ ਸਰਕਾਰੀ ਕਾਨੂੰਨ ਦੇ ਖਿਲਾਫ ਹਥਿਆਰ ਨਾ ਹੋਣ, ਫਿਰ ਹਥਿਆਰ ਰੱਖਣ ਵਾਲੇ ਨੂੰ ਫੜਨਾ ਹੈ। **ਦਾਸ:** ਮੇਰੀ ਅਰਜ਼ ਹੈ ਕਿ ਜੇ ਆਪ ਜੀ ਡੇਰੇ ਦੀ ਤਲਾਸ਼ੀ ਲੈਣੀ ਚਾਹੁੰਦੇ ਹੋ ਤਾਂ ਆਪ ਜੀ ਦੇ ਪੁਲਿਸ ਮੈਨ ਡੇਰੇ ਵਿਚ ਆਮ ਖੁਲ੍ਹੇ ਕਿਉਂ ਫਿਰਦੇ ਹਨ, ਅਤੇ ਡੇਰੇ ਦੇ ਮਕਾਨਾਂ ਵਿਚ ਕਿਉਂ ਜਾਂਦੇ ਹਨ। ਜੇ ਇਹ ਪੁਲਿਸ ਕਰਮਚਾਰੀ ਕੋਈ ਖਲਾਫੇ ਕਾਨੂੰਨ ਹਥਿਆਰ ਰਖ ਦੇਣ ਫਿਰ ਕੌਣ ਜ਼ੁਮੇਂਵਾਰ ਹੈ। ਜੇ ਤਲਾਸ਼ੀ ਲੈਣੀ ਸੀ ਤਾਂ ਡੇਰੇ ਤੋਂ ਬਾਹਰ ਘੇਰੇ ਰੱਖਦੇ ਤੇ ਡੇਰੇ ਵਿਚ ਆਪ ਜੀ ਦਾ ਕੋਈ ਵੀ ਬੰਦਾ ਨਾ ਵੜਦਾ ਤਾਂ ਆਪ ਜੀ ਦਾ ਹੱਕ ਬਣਦਾ ਸੀ ਤਲਾਸ਼ੀ ਲੈਣ ਦਾ। ਮੇਰੇ ਇਹ ਬਚਨ ਕਰਨ ਤੋਂ ਆਈ. ਜੀ. ਨੇ ਸੀਟੀ ਮਾਰੀ। ਸ਼ਾਰਿਆਂ ਨੂੰ ਆਪਣੇ ਵਲ ਬੁਲਾਇਆ। ਜਦੋਂ ਸਭ ਪੁਲਿਸ ਹਾਜ਼ਰ ਹੋ ਗਈ ਤਾਂ ਆਈ. ਜੀ. ਨੇ ਸਾਰਿਆਂ ਨੂੰ ਬੜਾ ਡਾਂਟ ਕੇ ਕਿਹਾ ਕਿ ਆਪ ਲੋਕ ਡੇਰੇ ਵਿਚ ਕਿਉਂ ਘੁੰਮਦੇ ਹੋ। ਖਬਰਦਾਰ ਜੇ ਕੋਈ ਡੇਰੇ ਵਿਚ ਵੜਿਆ। ਬਾਹਰ ਸਾਰੇ ਪਹਿਰਾ ਰੱਖੋ।

ਹੁਣ ਡੇਰੇ ਵਿਚੋਂ ਸਭ ਪੁਲਿਸ ਨਿਕਲ ਕੇ ਬਾਹਰ ਬੈਠ ਗਈ। **ਦਾਸ:** ਦੂਸਰੀ ਗੱਲ ਤਲਾਸ਼ੀ ਲੈਣ ਦੀ, ਸੋ ਡੇਰੇ ਦਾ ਮਾਲਕ ਤੇ ਜ਼ੁਮੇਂਦਾਰ ਸੰਤ ਮਹਾਰਾਜ ਜੀ ਡੇਰੇ ਵਿਚ ਹਾਜ਼ਰ ਨਹੀਂ ਹਨ। ਜ਼ੁਮੇਂਵਾਰ ਮਾਲਕ ਤੋਂ ਬਿਨਾਂ ਆਪ ਤਲਾਸ਼ੀ ਕੈਸੇ ਲੈ ਸਕਦੇ ਹੋ? ਇਹ ਗੱਲ ਕਾਨੂੰਨੇ ਖਿਲਾਫ ਹੈ। **ਆਈ. ਜੀ.:** ਜ਼ੁਮੇਂਦਾਰ ਮਾਲਕ ਕਿਥੇ ਗਏ ਹਨ ਤੇ ਕਦ ਤਕ ਮੁੜ ਡੇਰੇ ਆਉਣਗੇ। **ਦਾਸ:** ਜ਼ੁਮੇਂਵਾਰ ਮਾਲਕ ਡੇਰਾ ਸੰਤ ਮਹਾਰਾਜ ਜਵਾਲਾ ਸਿੰਘ ਜੀ ਹਨ। ਇਹ ਗੱਲ ਸਾਨੂੰ ਕੋਈ ਨਹੀਂ ਦੱਸ ਕੇ ਜਾਂਦੇ ਕਿ ਅਸੀਂ ਕਿਥੇ ਚਲੇ ਹਾਂ ਅਤੇ ਕਦ ਤਕ ਮੁੜਾਂਗੇ। **ਆਈ. ਜੀ.:** ਫਿਰ ਕੈਸੇ ਹੋਏ। **ਦਾਸ:** ਅਸੀਂ ਪੰਜ ਸਿੰਘ ਹਾਂ ਤਲਾਸ਼ੀ ਤੁਸੀਂ ਲੋਕ ਸਾਡੇ ਪੰਜਾਂ ਦੀ ਜ਼ੁਮੇਂਵਾਰੀ ਤੇ ਵੀ ਲੈ ਸਕਦੇ ਹੋ। ਬਸ਼ਰਤ ਇਹ ਹੈ ਕਿ ਜਿਸ ਕੁਟੀਆ ਨੂੰ ਜਿਸ ਮਕਾਨ ਨੂੰ ਜੰਦਰਾ ਲੱਗਾ ਹੋਇਆ ਹੈ, ਉਸ ਮਕਾਨ ਦੇ ਅਸੀਂ ਜ਼ੁਮੇਂਵਾਰ ਹਾਂ। ਜੋ ਉਸ ਮਕਾਨ ਵਿਚੋਂ ਕਾਨੂੰਨ ਦੇ ਖਿਲਾਫ ਕੋਈ ਵੀ ਚੀਜ਼ ਨਿਕਲ ਆਏ ਜੋ ਜਿੰਦਰੇ ਤੋਂ ਬਿਨਾਂ ਮਕਾਨ ਹਨ ਉਨ੍ਹਾਂ ਦੇ ਅਸੀਂ ਜ਼ੁਮੇਂਵਾਰ ਨਹੀਂ ਹਾਂ, ਕਿਉਂਕਿ ਕੋਈ ਡੇਰੇ ਨਾਲ ਈਰਖਾ ਕਰਨ। ਪੁਰਸ਼ ਕੁਝ ਨਾ ਕੁਝ ਕਾਨੂੰਨ ਦੇ ਖਿਲਾਫ ਵਸਤੂ ਰਖ ਸਕਦਾ ਹੈ। ਇਹ ਜੋ ਮੈਨੇ ਗੱਲ ਕਹੀ ਹੈ ਇਸ ਦੇ ਅਨੁਸਾਰ ਹੁਣ ਤਲਾਸ਼ੀ ਲੈ ਸਕਦੇ ਹੋ। ਸੰਤ ਮਹਾਰਾਜ ਜੀ ਦੇ ਹੁੰਦਿਆਂ ਵੀ ਇਹੀ ਗੱਲ ਲਾਗੂ ਹੋਵੇਗੀ। **ਆਈ. ਜੀ.:** ਡੇਰੇ ਦੀ ਤਲਾਸ਼ੀ ਲੈਣ ਬਾਰੇ ਤੁਹਾਡੀਆਂ ਗੱਲਾਂ ਸੁਣ ਕੇ ਮੇਰਾ ਸ਼ੱਕ ਦੂਰ ਹੋ ਗਿਆ ਹੈ। ਹੁਣ ਡਾਕੂਆਂ ਬਾਰੇ ਵੀ ਠੀਕ ਠੀਕ ਦੱਸੋ, ਕਿ ਡੇਰੇ ਵਿਚ ਕੋਈ ਡਾਕੂ ਜਾਂ ਬੱਬਰ ਅਕਾਲੀਆਂ ਦੀ ਰਿਹਾਇਸ਼ ਹੈ ਕਿ ਨਹੀਂ। **ਦਾਸ:** ਡਾਕੂਆਂ ਦੀ ਰਿਹਾਇਸ਼ ਤਾਂ ਹੈ ਪਰ ਬੱਬਰ ਅਕਾਲੀ ਤਾਂ ਕਦੇ ਦੇਖਿਆ ਨਹੀਂ। **ਆਈ. ਜੀ.:** ਡਾਕੂ ਹੁਣ ਵੀ ਇਥੇ ਹਨ। **ਦਾਸ:** ਹਾਂ ਸਾਹਿਬ ਹੁਣ ਵੀ ਡਾਕੂਆਂ ਦੀ ਰਿਹਾਇਸ਼ ਇਥੇ ਹੀ ਹੈ। **ਆਈ. ਜੀ.:** ਸਾਨੂੰ ਡਾਕੂ ਦਿਖਾਓ ਜੋ ਕਿ ਅਸੀਂ ਉਨ੍ਹਾਂ ਤੋਂ ਪੁਛ-ਗਿਛ ਕਰੀਏ। **ਦਾਸ:** ਆਓ ਜੀ ਮੇਰੇ ਨਾਲ ਮੈਂ ਆਪ ਜੀ ਨੂੰ ਡਾਕੂ ਦਿਖਾਲ ਦੇਂਦਾ ਹਾਂ। ਹੁਣ ਆਈ. ਜੀ. ਦਾ ਇਹ ਸਾਰਾ ਇਕੱਠ ਮੇਰੇ ਨਾਲ ਤੁਰ ਪਿਆ। ਮੈਂ ਅੱਗੇ ਜਾ ਰਿਹਾ ਹਾਂ ਇਨ੍ਹਾਂ ਸਾਰਿਆਂ ਨੂੰ ਇਹ ਜੋ ਟੂਟੀਆਂ ਵਾਲਾ ਖੂਹ ਹੈ ਇਸ ਖੂਹ ਅੱਗੇ ਦੀ ਦੱਖਣ ਦੀ ਦਿਸ਼ਾ ਤਕਰੀਬਨ ਸਤ ਕੁ ਮੁਸਲਮਾਨ ਫਕੀਰ ਸਨ। ਜੋ ਉਸ ਸਮੇਂ ਕੁਰਾਨ ਸ਼ਰੀਫ ਪੜ੍ਹ ਰਹੇ ਸਨ ਅਤੇ ਇਨ੍ਹਾਂ ਫਕੀਰਾਂ ਨੇ ਇਥੇ ਆਪਣੇ ਪਾਸ ਮਸੀਤ ਦੇ ਤਰੀਕੇ ਦਾ ਸੀਮਿੰਟ ਦਾ ਥੜਾ ਬਣਾਇਆ ਹੋਇਆ ਸੀ। ਜਿਥੇ ਕਿ ਇਹ ਫਕੀਰ ਨਿਮਾਜ਼ਾਂ ਪੜ੍ਹਦੇ ਹੁੰਦੇ ਹਨ। ਦਾਸ ਨੇ ਆਖਿਆ ਕਿ ਆਈ. ਜੀ. ਸਾਹਿਬ ਇਹ ਮੁਸਲਮਾਨ ਭਰਾ ਮਹਾਂ ਡਾਕੂ ਹਨ। ਜੋ ਕਿ ਖੁਦਾ ਦੇ ਘਰ ਵਿਚ ਡਾਕੇ ਮਾਰ ਕੇ ਧੰਨ ਨੂੰ ਚੁਰਾਉਂਦੇ ਹਨ। ਮੁਮਕਿਨ ਹੈ ਕਿ ਇਨ੍ਹਾਂ ਮੁਸਲਮਾਨਾਂ ਦੇ ਘਰਾਂ ਵਿਚੋਂ ਚੋਰੀ ਕਰਦੇ ਹੋਣ। ਹੁਣ ਆਈ. ਜੀ. ਦੇ ਪਾਸ ਮੁਸਲਮਾਨ ਫਕੀਰ ਆਏ। ਸੋ ਫਕੀਰ ਲੱਗੇ ਸੰਤ ਮਹਾਰਾਜ ਦੀਆਂ ਸਿਫਤਾਂ ਕਰਨ। ਕਿ ਸਾਰੀ ਦੁਨੀਆਂ ਵਿਚੋਂ ਇਕ ਇਹ ਬਾਬਾ ਜਵਾਲਾ ਸਿੰਘ ਜੀ ਦਾ ਅਸਥਾਨ ਜਿਥੇ ਕੋਈ ਦ੍ਵੈਤ ਨਹੀਂ ਕੋਈ ਈਰਖਾ ਨਹੀਂ। ਇਥੇ ਰਹਿਣ ਵਾਲੇ

ਚਿੱਤ ਵਿਚ ਕਦੇ ਇਹ ਗੱਲ ਨਹੀਂ ਆਈ ਕਿ ਮੁਸਲਮਾਨ ਤੇ ਇਹ ਬਾਂਗ ਦੇਂਦੇ ਹਨ। ਨਿਮਾਜ਼ਾਂ ਕਰਦੇ ਹਨ, ਕੁਰਾਨ ਸ਼ਰੀਫ ਕਿਉਂ ਪੜ੍ਹਦੇ ਹਨ। ਸਾਨੂੰ ਇਥੇ ਬੰਦਗੀ ਕਰਨ ਵਿਚ ਬਹੁਤ ਸਹੂਲਤ ਹੈ—ਕਿ ਅਸੀਂ ਘਰਾਂ ਘਰਾਂ ਵਿਚੋਂ ਮੰਗਣ ਤੋਂ ਛੁਟ ਕੇ ਇਥੇ ਬੈਠੇ ਰੱਬ ਆਲਮੀਨ ਦੀ ਬੰਦਗੀ ਕਰਦੇ ਹਾਂ। ਕਿਸੇ ਵੇਲੇ ਵੀ ਸਾਨੂੰ ਕਿਸੇ ਚੀਜ਼ ਦੀ ਲੋੜ ਹੋਵੇ ਡੇਰੇ ਵਿਚ ਕੋਈ ਇਨਕਾਰੀ ਨਹੀਂ। ਦੁੱਧ, ਦਹੀਂ, ਦੇਸੀ ਘਿਉ, ਆਟਾ, ਖੰਡ, ਬਸਤਰ ਸਭ ਕੁਝ ਮਿਲਦਾ ਹੈ ਹਾਂ ਇਕ ਚੀਜ਼ ਨਹੀਂ ਮਿਲਦੀ। *ਆਈ. ਜੀ:* ਉਹ ਕੌਣ ਚੀਜ਼ ਹੈ, ਜੋ ਨਹੀਂ ਮਿਲਦੀ। ਫਕੀਰਾਂ ਨੇ ਕਿਹਾ ਕਿ ਅਮਲ। ਸੁਖਾ, ਅਫੀਮ, ਸ਼ਰਾਬ ਆਦਿਕ ਨਹੀਂ ਮਿਲਦੇ। ਅਸੀਂ ਅੱਠੋ ਪਹਿਰ ਰੱਬੇ ਆਲਮੀਨ ਦੀ ਬੰਦਗੀ ਕਰਦੇ ਹਾਂ। ਆਈ. ਜੀ. ਇਹ ਤਕ ਕੇ ਹੈਰਾਨ ਵੀ ਸੀ ਤੇ ਅੰਦਰੋਂ ਅੰਦਰ ਖੁਸ਼ ਵੀ ਬਹੁਤ ਸੀ।

ਫਿਰ ਦਾਸ ਨੇ ਆਖਿਆ ਕਿ ਆਈ. ਜੀ ਸਾਹਿਬ ਦਸ ਬਾਰਾਂ ਡਾਕੂ ਹੋਰ ਵੀ ਹਨ। ਆਓ ਉਹ ਡਾਕੂ ਵੀ ਆਪ ਜੀ ਨੂੰ ਦਿਖਾਵਾਂ। ਅੱਗੇ ਅੱਗੇ ਮੈਂ ਤੁਰਿਆ ਉਨ੍ਹਾਂ ਸਾਰਿਆਂ ਨੂੰ ਉਸ ਜਗ੍ਹਾ ਛਪਰੇ ਵਿਚ ਲੈ ਆਂਦਾ, ਜਿਥੇ ਕਿ ਪੂਰਬ ਦੇ ਵੈਰਾਗੀ ਸਾਧੂ ਠਾਕੁਰਦਵਾਰਾ ਬਣਾ ਕੇ ਬੈਠੇ ਸਨ ਤੇ ਠਾਕੁਰਾਂ ਦੀ ਪੂਜਾ ਆਰਤੀ ਆਦਿਕ ਟੱਲੀਆਂ ਵਜਾ ਕੇ ਕਰ ਰਹੇ ਸਨ। ਮੈਂ ਆਖਿਆ ਕਿ ਸਾਹਿਬ ਇਹ ਪੂਰਬ ਦੇ ਡਾਕੂ ਹਨ। ਜੋ ਪੂਰਬ ਤੋਂ ਡਾਕਾ ਮਾਰ ਕੇ ਲਿਆਉਂਦੇ ਹਨ। ਜਦੋਂ ਤਿੰਨ ਵੈਰਾਗੀ ਸਾਧੂਆਂ ਨੂੰ ਪਤਾ ਲੱਗਾ ਕਿ ਪੁਲਿਸ ਤਪਤੀਸ਼ ਕਰਨ ਆਈ ਹੈ ਕਿ ਡੇਰੇ ਵਿਚ ਡਾਕੂ ਰਹਿੰਦੇ ਹਨ, ਤਾਂ ਵੈਰਾਗੀ ਸਾਧੂਆਂ ਦਾ ਮੁਖੀ ਆਈ. ਜੀ. ਪਾਸ ਹੱਥ ਜੋੜ ਕੇ ਕਹਿਣ ਲੱਗਾ, ਕਿ ਦੇਖੋ ਮਾਲਕ ਸਾਰੇ ਭਾਰਤ ਮੇਂ ਹਮ ਨੇ ਦੇਖਾ ਕਿ ਇਹ ਜੋ ਆਸ਼ਰਮ ਹੈ ਸੋ ਏਕਤਾ ਵਾਲਾ ਹੈ, ਇਸ ਆਸ਼ਰਮ ਮੇਂ ਕੋਈ ਦੁਬਿਧਾ ਵਾਲੀ ਬਾਤ ਨਹੀਂ। ਹਮ ਸਭੀ ਸੋਯੰ ਪਾਕੀ ਹਾਂ। ਹਮ ਕੋ ਮਨ ਭਾਵਤ ਸੀਧਾ ਮਿਲ ਜਾਤਾ ਹੈ, ਬਸਤ੍ ਮਿਲ ਜਾਤਾ ਹੈ। ਹਮਾਰੇ ਪੂਜਾ ਉਪਾਸ਼ਨ ਕਰਨੇ ਮੇਂ ਕੋਈ ਰੋਕ, ਕੋਈ ਕਿੰਤੂ ਨਹੀਂ, ਕੋਈ ਨਿਰਾਦਰੀ ਨਹੀਂ। ਸਭੀ ਸਾਧ ਬੜੇ ਸਤਿਕਾਰ ਸੇ ਪੇਸ਼ ਆਤੇ ਹੈਂ। ਜਦੋਂ ਇਨ੍ਹਾਂ ਸਾਧੂਆਂ ਨੇ ਵੀ ਬਹੁਤ ਏਕਤਾ ਤੇ ਖੁਸ਼ੀ ਦੱਸੀ। ਫਿਰ ਆਈ. ਜੀ. ਆਪਣੀ ਪੁਲਿਸ ਵਾਲੀ ਆਦਤ ਤੇ ਆ ਗਿਆ। ਸਾਰੇ ਮੁਸਲਮਾਨਾਂ ਨੂੰ ਜ਼ੈਲਦਾਰ ਤੇ ਸਫੈਦਪੋਸ਼ ਤੇ ਮੁਸਲਮਾਨ ਨੰਬਰਦਾਰਾਂ ਵਲ ਇਸ਼ਾਰਾ ਕਰਕੇ ਤੇ ਖੁਸ਼ੀ ਵਿਚ ਆ ਕੇ ਬਹੁਤ ਤਾੜਿਆ ਤੇ ਮੰਦੇ ਸ਼ਬਦ ਗਾਲੀਗਲੋਚ ਵੀ ਕੀਤਾ। ਅਖੀਰ ਆਖਿਆ ਕਿ ਹੇ ਸੂਰੋ, ਐਸੇ ਮਹਾਂਪੁਰਸ਼ਾਂ ਸਾਧੂਆਂ ਤੇ ਇਲਜ਼ਾਮ ਲਾ ਕੇ ਆਪਣੀ ਜ਼ਮੀਰ ਗੰਦੀ ਕਰਦੇ ਹੋ? ਅੱਲਾ ਤਾਲਾ ਦੀ ਦਰਗਾਹ ਵਿਚ ਮੂੰਹ ਤੇ ਦਿਲ ਕਾਲਾ ਕਰਕੇ ਲੈ ਜਾਓਗੇ। ਫਿਰ ਜ਼ੈਲਦਾਰ ਨੇ ਹੱਥ ਜੋੜ ਕੇ ਕਿਹਾ, ਕਿ ਹਜ਼ੂਰ ਇਨ੍ਹਾਂ ਦੇ ਇਥੇ ਰਹਿਣ ਵਾਲੇ ਬੰਦਿਆਂ ਦੀ ਜਾਣ ਪਛਾਣ ਕਰਨੀ ਚਾਹੀਦੀ ਹੈ। ਆਈ. ਜੀ. ਨੇ ਮੈਨੂੰ ਕਿਹਾ ਕਿ ਸੰਤ ਜੀ ਇਨ੍ਹਾਂ ਦਾ ਇਹ ਸ਼ੱਕ ਕੱਢ ਦੇਣਾ ਕਰੋ। ਸਾਰੇ ਸਾਧੂ ਬੁਲਾ ਕੇ ਦਖਾ ਦੇਵੋ। ਅਸੀਂ ਉਪਰ ਲੰਗਰ ਵਾਲਾ ਪੈਪ ਵਜਾਇਆ। ਸਾਰੇ ਸਾਧੂ ਇਕੱਤਰ ਹੋ ਗਏ। ਆਈ. ਜੀ. ਨੇ ਆਖਿਆ ਕੋਈ ਰਹਿ ਤਾਂ ਨਹੀਂ ਗਿਆ। ਮੈਂ ਕਿਹਾ ਦੋ ਚਾਰ ਸਾਧੂ ਹਨ ਜੋ ਨਹੀਂ ਆਏ। ਮੈਂ ਕਿਹਾ ਉਹ ਸਾਧੂ ਬਹੁਤ ਬਿਰੱਕਤ ਹਨ। ਆਪਣੀ ਮਰਜ਼ੀ ਤੇ ਹੀ ਜਦੋਂ ਭੁੱਖ ਲਗਦੀ ਹੈ ਤਾਂ ਆ ਕੇ ਅੰਨ ਛਕ ਜਾਂਦੇ ਹਨ। ਨਹੀਂ ਤਾਂ ਇਕਾਂਤ ਵਿਚ ਭਗਤੀ ਕਰਦੇ ਹਨ।

ਰਾਮ ਬਾਗ ਉਨ੍ਹਾਂ ਨੂੰ ਪੁੱਛ-ਗਿੱਛ ਕਰਨ ਵਾਸਤੇ ਇਕ ਇੰਸਪੈਕਟਰ ਭੇਜ ਦਿੱਤਾ। ਇਥੇ ਆਏ ਸਾਧੂਆਂ ਨੂੰ ਆਈ. ਜੀ. ਨੇ ਆਪ ਪੁੱਛ ਕੇ ਤਸੱਲੀ ਕਰ ਲਈ ਕਿ ਕਿਹੜਾ ਪਿੰਡ ਹੈ, ਕਿਹੜਾ ਥਾਣਾ ਹੈ, ਕਿਹੜਾ ਜ਼ਿਲ੍ਹਾ ਹੈ। ਪਿਤਾ ਦਾ ਨਾਮ ਕੀ ਹੈ? ਰਾਮ ਬਾਗ ਤੋਂ ਇੰਸਪੈਕਟਰ ਵੀ ਦੇਖ-ਭਾਲ ਕਰਕੇ ਆ ਗਿਆ। ਰਾਮ ਬਾਗ ਇੰਸਪੈਕਟਰ ਨੇ ਕੀ ਤੱਕਿਆ ਕਿ ਬਾਬਾ ਲੱਧਾ ਸਿੰਘ ਜੀ ਚੋਅ ਦੇ ਵਿਚਾਲੇ ਸਮਾਧੀ ਲਾ ਕੇ ਬੈਠਾ ਹੈ। ਬਾਬਾ ਲੱਧਾ ਸਿੰਘ ਜੀ ਦੇ ਆਲੇ-ਦੁਆਲੇ ਘੁੰਮ ਕੇ ਆ ਗਿਆ। ਫਿਰ ਮਿਲਿਆ ਸੰਤ ਟਹਿਲ ਸਿੰਘ ਜੀ ਸੋ ਵੀ ਆਪਣੇ ਸਿਮਰਨ ਅਭਿਆਸ ਵਿਚ ਲੱਗਾ ਹੋਇਆ ਸੀ। ਫਿਰ ਕੁਟੀਆ ਰਾਮ ਬਾਗ ਵਿਚ ਸੰਤ ਕੌਰ ਸਿੰਘ ਜੀ ਸਨ। ਜਦੋਂ ਇੰਸਪੈਕਟਰ ਪੁਲਿਸ ਉਸ ਨੂੰ ਕੁਟੀਆ ਵਿਚ ਦੇਖਣ ਗਿਆ ਤਾਂ ਸੰਤ ਕੌਰ ਸਿੰਘ ਜੀ ਪੁਲਿਸ ਕਰਮਚਾਰੀ ਤੋਂ ਪਹਿਲਾਂ ਹੀ ਕਰਮਕੱਸਾ ਕਰਕੇ ਤਿਆਰ-ਬਰ-ਤਿਆਰ ਹੱਥ ਵਿਚ ਆਪਣਾ ਛੇ ਫਟ ਬਾਂਸ ਦਾ ਖੁੰਡਾ ਲੈ ਕੇ ਖੜੇ ਹੋ ਗਏ ਸਨ। ਜਦੋਂ ਇਹ ਪੁਲਿਸ ਦੇ

ਬੰਦੇ ਕੁਟੀਆ ਨੇੜੇ ਆਏ ਤਾਂ ਸੰਤ ਕੌਰ ਸਿੰਘ ਜੀ ਬੜੇ ਜੋਸ਼ ਵਿਚ ਕੜਕ ਕੇ ਕਹਿਣ ਲੱਗੇ, ਕਿ ਕਿਧਰ ਨੂੰ ਮੂੰਹ ਚੱਕੀ ਆਉਂਦੇ ਹੋ? ਇੰਸਪੈਕਟਰ ਕਹਿਣ ਲੱਗਾ ਕਿ ਬਾਬਾ ਜੀ ਅਸੀਂ ਆਪ ਜੀ ਦੇ ਦਰਸ਼ਨਾਂ ਨੂੰ ਆ ਰਹੇ ਹਾਂ। ਬੱਸ ਫਿਰ ਸੰਤ ਕੌਰ ਸਿੰਘ ਜੀ ਦੇ ਕੋਲ ਆ ਕੇ ਮੁੜ ਗਏ, ਕੁਝ ਪੁੱਛਿਆ ਨਹੀਂ। ਆਈ. ਜੀ. ਪਾਸ ਆਏ ਅਤੇ ਆ ਕੇ ਆਖਣ ਲੱਗੇ ਕਿ ਹਜ਼ੂਰ ਚਾਰ ਕੁ ਸਾਧੂ ਹਨ ਜੋ ਆਪਣੀ ਬੰਦਗੀ ਵਿਚ ਨੇਤਰ ਮੁੰਦ ਕੇ ਬੈਠੇ ਹਨ। ਸਮਾਧੀ ਵਿਚ ਬੈਠੇ ਹਨ। ਹੁਣ ਇਥੇ ਆਈ. ਜੀ. ਸਾਰੇ ਮੁਸਲਮਾਨਾਂ ਨੂੰ ਪੁਰਜ਼ੋਰ ਲਫਜ਼ਾਂ ਵਿਚ ਕਿਹਾ ਕਿ ਐ ਮੁਸਲਿਓ, ਜੇ ਫਿਰ ਕਦੀ ਇਸ ਡੇਰੇ ਦੀ ਸ਼ਿਕਾਇਤ ਕੀਤੀ ਤਾਂ ਮੈਂ ਤੁਹਾਨੂੰ ਬਹੁਤ ਸਜ਼ਾ ਦਿਆਂਗਾ।

ਇਕ ਮਨ ਦੇ ਉੱਚੇ ਤੇ ਬੜੇ ਆਜ਼ਾਦ ਦਿਲ ਵਾਲੇ ਮੁਸਲਮਾਨ ਫਕੀਰ ਨੇ ਕਿਹਾ, ਕਿ ਹਜ਼ੂਰ ਮੈਂ ਦੱਸਦਾ ਹਾਂ ਕਿ ਖਾਕੀ ਸ਼ਾਹ ਦੇ ਫਕੀਰ ਮਜੌਰਾਂ ਨੇ ਇਸ ਡੇਰੇ ਦੀ ਸ਼ਿਕਾਇਤ ਕਿਉਂ ਕੀਤੀ ਹੈ? ਇਨ੍ਹਾਂ ਦੀ ਇਕ ਸੁੰਦਰ ਲੜਕੀ ਇਕ ਜਗ੍ਹਾ ਮੰਗੀ ਹੋਈ ਸੀ, ਇਨ੍ਹਾਂ ਨੇ ਕਿਸੇ ਲਾਲਚ ਵਿਚ ਜਾਂ ਆਪਣੇ ਸਬੰਧੀਆਂ ਦੇ ਦਬਾਅ ਵਿਚ ਦੂਸਰੀ ਜਗ੍ਹਾ ਨਕਾ ਕਰ ਦਿਤਾ। ਇਹ ਸੁਣ ਕੇ ਪਹਿਲੀ ਜਗ੍ਹਾ ਵਾਲੇ ਰਾਤ ਸਮੇਂ ਉਸ ਲੜਕੀ ਨੂੰ ਚੁੱਕਣ ਵਾਸਤੇ ਆਉਂਦੇ ਸਨ। ਇਹ ਆਪਣੀ ਇੱਜ਼ਤ ਨੂੰ ਕਾਇਮ ਰੱਖਣ ਲਈ ਰੌਲਾ ਪਾ ਦੇਂਦੇ ਕਿ ਡੇਰੇ ਡਾਕੂ ਰਹਿੰਦੇ ਹਨ। ਫਿਰ ਅਸੀਂ ਡੇਰੇ ਦਾ ਪ੍ਰਸ਼ਾਦ ਆਈ. ਜੀ. ਨੂੰ ਦਿਤਾ। ਸੋ ਸਭ ਪੁਲਿਸ ਨੂੰ ਲੈ ਕੇ ਚਲਾ ਗਿਆ। ਹੁਣ ਪੰਜਾਬ ਸਰਕਾਰ ਦੀ ਬੜੀ ਤਸੱਲੀ ਹੋ ਗਈ ਕਿ ਸੰਤਾਂ ਦਾ ਡੇਰਾ ਬਿਲਕੁਲ ਸ਼ਾਂਤ ਰੂਪ ਸੰਤਾਂ ਦਾ ਹੈ। ਇਸ ਡੇਰੇ ਵਿਚ ਸਾਰੇ ਰੱਬ ਦੇ ਆਸ਼ਕ ਹਨ। ਰੱਬ ਦੇ ਮਿਲਾਪ ਦੇ ਚਾਹਵਾਨ ਹਨ। ਇਨ੍ਹਾਂ ਸਾਧੂਆਂ ਦੇ ਦਰਸ਼ਨ ਕਰਕੇ ਮੇਰੇ ਮਨ ਨੂੰ ਵੀ ਸ਼ਾਂਤੀ ਆਈ ਹੈ ਅਤੇ ਚਿੱਤ ਪ੍ਰਸੰਨ ਹੋਇਆ ਹੈ। ਮੈਂ ਅੱਜ ਤਪਤੀਸ਼ ਦੇ ਬਹਾਨੇ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਤਪਸ਼ਗਾਹ ਦੀ ਪਵਿੱਤਰ ਭੂਮੀ ਦੇ ਦਰਸ਼ਨ ਕੀਤੇ ਹਨ।

ਫਿਰ ਸੰਤਾਂ ਦੇ ਹੁੰਦਿਆਂ ਪੁਲਿਸ ਦਾ ਆਉਣਾ ਸੰਨ 1926

ਜਦੋਂ ਬੱਬਰ ਅਕਾਲੀ ਲਹਿਰ ਜ਼ੋਰਾਂ ਤੇ ਸੀ, ਤਾਂ ਨ੍ਹੇਰੇ-ਸਵੇਰੇ ਬੱਬਰ ਆ ਕੇ ਲੰਗਰ ਵਿਚ ਪ੍ਰਸ਼ਾਦਿ ਛਕ ਜਾਂਦੇ ਜਾਂ ਲੈ ਜਾਂਦੇ, ਕੋਈ ਰਾਤ ਵੀ ਕੱਟ ਜਾਂਦੇ। ਇਸ ਡੇਰੇ ਦਾ ਨਾਮ ਬੱਬਰ ਅਕਾਲੀਆਂ ਡਾਕੂਆਂ ਦਾ ਡੇਰਾ ਸਰਕਾਰ ਵਿਚ ਮਸ਼ਹੂਰ ਹੋ ਗਿਆ। ਸੀ.ਆਈ.ਡੀ. ਦਾ ਕੋਈ ਨਾ ਕੋਈ ਔਹਦੇਦਾਰ ਭੇਸ ਬਦਲ ਕੇ ਭਾਵ ਸੰਸਾਰੀ ਕਪੜੇ ਪਾ ਕੇ ਜਾਂ ਸਾਧੂਆਂ ਵਾਲਾ ਭੇਸ ਧਾਰ ਕੇ ਡੇਰੇ ਵਿਚ ਰਹਿਣ ਲੱਗ ਪਿਆ। ਡੇਰੇ ਦੀ ਡਾਇਰੀ ਦੇਂਦੇ ਰਹਿਣਾ। ਸਿੰਘਾਂ ਨੇ ਤਿਸ ਸੀ.ਆਈ.ਡੀ. ਦੇ ਬੰਦੇ ਨੂੰ ਪਛਾਣ ਕੇ ਸੰਤਾਂ ਪਾਸ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ ਇਹ ਭੇਖਧਾਰੀ ਸੰਤ ਸੀ.ਆਈ.ਡੀ. ਦਾ ਬੰਦਾ ਹੈ। ਆਪ ਜੀ ਨੇ ਆਪਣੇ ਸੁਭਾਵ ਅਨੁਸਾਰ ਮੁਸਕੜੀਏ ਹੱਸ ਕੇ ਕਹਿ ਦੇਣਾ ਕਿ ਭਾਈ ਜੇ ਇਹ ਸੀ.ਆਈ.ਡੀ. ਦਾ ਬੰਦਾ ਹੈ ਤਾਂ ਸਾਡਾ ਕੀ ਵਿਗਾੜੇਗਾ, ਆਪਣਾ ਆਪ ਹੀ ਵਿਗਾੜੇਗਾ। ਜੋ ਗੁਰੂ ਘਰ ਦੀ ਨਿੰਦਿਆ ਕਰੇਗਾ।

ਇਕ ਦਿਨ ਦੀ ਗੱਲ ਹੈ ਕਿ ਸ੍: ਕਿਸ਼ਨ ਸਿੰਘ ਜੀ ਗੜਗੱਜ ਬੱਬਰ ਸੰਤ ਮਹਾਰਾਜ ਦੀ ਹਜ਼ੂਰੀ ਡੇਰੇ ਆਇਆ। ਵਿਚਾਰਾ ਭੁੱਖਾ ਤਿਹਾਇਆ ਸ਼ਾਮਾਂ ਪਈਆਂ ਹੋਈਆਂ ਸਨ। ਸੰਤਾਂ ਨੇ ਤਿਸ ਦਾ ਬੜਾ ਆਦਰ ਕੀਤਾ ਤੇ ਪ੍ਰਸ਼ਾਦ ਪਾਣੀ ਛਕਾਇਆ। ਇਸ ਗੁਫਾ ਵਿਚ ਵਾੜ ਦਿਤਾ। ਖੁਫੀਆ ਪੁਲਿਸ ਦੇ ਮੁਖਬਰ ਨੇ ਇਕ ਦਮ ਹੁਸ਼ਿਆਰਪੁਰ ਪੁਲਿਸ ਕਪਤਾਨ ਨੂੰ ਇਤਲਾਹ ਦੇ ਦਿਤੀ, ਕਿ ਸੰਤਾਂ ਦੀ ਗੁਫਾ ਵਿਚ ਬੱਬਰ ਅਕਾਲੀ ਹੈ। ਇਕ ਦਮ ਹੁਸ਼ਿਆਰਪੁਰ ਤੋਂ ਇੰਸਪੈਕਟਰ ਪੁਲਿਸ ਗਾਰਦ ਲੈ ਕੇ ਡੇਰੇ ਆ ਗਿਆ ਅਤੇ ਸੰਤਾਂ ਨਾਲ ਬੜੇ ਸਤਿਕਾਰ ਨਾਲ ਮਿਲਿਆ। ਸੰਤਾਂ ਨੇ ਕਿਹਾ ਕਿ ਭਾਈਓ ਲੰਗਰ ਵਿਚੋਂ ਪ੍ਰਸ਼ਾਦਿ ਪਾਣੀ ਛਕੋ। ਪੁਲਿਸ ਮੁਖੀ ਨੇ ਸੰਤਾਂ ਨੂੰ ਆਖਿਆ ਕਿ ਸੰਤ ਜੀ ਪ੍ਰਸ਼ਾਦਿ ਪਾਣੀ ਅਸੀਂ ਛਕ ਕੇ ਆਏ ਹਾਂ। ਸਾਨੂੰ ਤਾਂ ਜ਼ਿਲ੍ਹੇ ਦੇ ਪੁਲਿਸ ਕਪਤਾਨ ਨੇ ਭੇਜਿਆ ਹੈ, ਕਿ ਡੇਰੇ ਵਿਚ ਬੱਬਰ ਅਕਾਲੀ ਹੈ, ਉਸ ਨੂੰ ਫੜ ਕੇ ਲਿਆਓ। ਸੰਤਾਂ ਨੇ ਕਿਹਾ ਕਿਸ ਬੱਬਰ ਅਕਾਲੀ ਦੀ ਖਬਰ ਤੁਹਾਨੂੰ ਮਿਲੀ ਹੈ? ਪੁਲਿਸ ਮੁਖੀ ਨੇ

ਕਿਹਾ ਮਾਸਟਰ ਮੋਤਾ ਸਿੰਘ ਦੀ ਬਾਬਤ ਖਬਰ ਮਿਲੀ ਹੈ ਕਿ ਡੇਰੇ ਦੇ ਵਿਚ ਜੋ ਗੁਫਾ ਹੈ ਉਸ ਵਿਚ ਬੱਬਰ ਅਕਾਲੀ ਹੈ। ਸੰਤਾਂ ਨੇ ਆਖਿਆ ਕਿ ਮਾਸਟਰ ਮੋਤਾ ਸਿੰਘ ਤਾਂ ਅਸੀਂ ਕਦੇ ਤੱਕੇ ਹੀ ਨਹੀਂ। ਤਾਂ ਪੁਲਿਸ ਕਰਮਚਾਰੀ ਨੇ ਆਖਿਆ ਕਿ ਸਾਨੂੰ ਗੁਫਾ ਦਿਖਾਲ ਦਿਓ। ਸੰਤ ਮਹਾਰਾਜ ਜੀ ਤਿਸ ਪੁਲਿਸ ਟੋਲੀ ਨੂੰ ਲੈ ਕੇ ਗੁਫਾ ਦੇ ਸਾਹਮਣੇ ਆ ਗਏ। ਫਿਰ ਸੰਤਾਂ ਨੇ ਆਖਿਆ ਕਿ ਆਓ ਤੁਹਾਡੇ ਵਿਚੋਂ ਕੌਣ ਗੁਫਾ ਨੂੰ ਦੇਖਣਾ ਚਾਹੁੰਦਾ ਹੈ, ਜਿਸ ਦੇ ਦੇਖਣ ਨਾਲ ਤੁਹਾਡੀ ਸਾਰਿਆਂ ਦੀ ਤਸੱਲੀ ਹੋ ਜਾਵੇ। ਸੰਤਾਂ ਦਾ ਇਹ ਬਚਨ ਸੁਣ ਕੇ ਸਾਰੀ ਪੁਲਿਸ ਟੋਲੀ ਠਠੰਬਰ ਗਈ। ਇਕ ਦੂਜੇ ਦੇ ਮੂੰਹ ਵਲ ਤੱਕਣ ਲਗ ਪਏ। ਸੰਤਾਂ ਨੇ ਤਿਨ੍ਹਾਂ ਪੁਲਸੀਆਂ ਦੀ ਇਹ ਹਾਲਤ ਦੇਖ ਕੇ ਕਿਹਾ ਕਿ ਕੋਈ ਖਤਰੇ ਵਾਲੀ ਗੱਲ ਨਹੀਂ। ਆਓ ਅਸੀਂ ਗੁਫਾ ਵਿਚ ਨੂੰ ਅੱਗੇ ਹੋ ਚਲਦੇ ਹਾਂ। ਆਪ ਜੀ ਸਾਡੇ ਪਿਛੇ-ਪਿਛੇ ਆਓ, ਅਤੇ ਗੁਫਾ ਦਾ ਸ਼ੱਕ ਕੱਢ ਲਵੋ। ਤਾਂ ਫਿਰ ਗੁਫਾ ਵਿਚ ਨੂੰ ਸੰਤ ਮਹਾਰਾਜ ਸਾਰਿਆਂ ਤੋਂ ਅੱਗੇ ਹੋ ਕੇ ਚਲ ਪਏ। ਸੰਤਾਂ ਦੇ ਪਿਛੇ ਹੋ ਕੇ ਪੁਲਿਸ ਇੰਸਪੈਕਟਰ ਚਲ ਪਿਆ। ਗੁਫਾ ਦਾ ਪਹਿਲਾ ਦਰਵਾਜ਼ਾ ਅਗਾਂਹ ਲੰਘੇ, ਜਦੋਂ ਦੂਸਰੇ ਦਰਵਾਜ਼ੇ ਦੇ ਵਿਚ ਗਏ ਤਾਂ ਸੰਤਾਂ ਨੇ ਆਖਿਆ ਕਿ ਲਓ ਤੱਕੋ ਇਤਨੀ ਹੀ ਗੁਫਾ ਹੈ, ਇਸ ਵਿਚ ਜੇ ਕੋਈ ਬੱਬਰ ਹੈ ਤਾਂ ਫੜ ਲਵੋ। ਇੰਸਪੈਕਟਰ ਨੇ ਚੰਗੀ ਤਰ੍ਹਾਂ ਨਿਗਾਹ ਗੁਫਾ ਵਿਚ ਮਾਰੀ। ਤਿਸਨੂੰ ਗੁਫਾ ਵਿਚ ਕੋਈ ਬੰਦਾ ਨਜ਼ਰ ਨਹੀਂ ਆਇਆ। ਫਿਰ ਪੁਲਿਸ ਇੰਸਪੈਕਟਰ ਇਹ ਕਹਿ ਕੇ ਕਿ ਮੂਰਖ ਤੇ ਨਿੰਦਕ ਲੋਕ ਇਸ ਡੇਰੇ ਦੀਆਂ ਝੂਠੀਆਂ ਰਿਪੋਰਟਾਂ ਦੇ ਕੇ ਇਨਾਮ ਲੈਣਾ ਚਾਹੁੰਦੇ ਹਨ, ਇਹ ਪੁਲਿਸ ਟੋਲੀ ਵਾਪਸ ਹੁਸ਼ਿਆਰਪੁਰ ਚਲੀ ਗਈ। ਮੁਖਬਰ ਨੇ ਫਿਰ ਦੋਬਾਰਾ ਜਾ ਕੇ ਰਿਪੋਟ ਕੀਤੀ ਕਿ ਮੇਰੀ ਰਿਪੋਰਟ ਬਿਲਕੁਲ ਠੀਕ ਸਹੀ ਸੀ। ਉਸ ਸਮੇਂ ਬੱਬਰ ਅਕਾਲੀ ਗੁਫਾ ਵਿਚ ਹੀ ਸੀ, ਪਰ ਆਪ ਜੀ ਦੀ ਦ੍ਰਿਸ਼ਟੀ ਵਿਚ ਨਹੀਂ ਪਿਆ। ਸਾਰੇ ਪੁਲਿਸ ਕਰਮਚਾਰੀ ਵੱਡੇ ਜਾਂ ਛੋਟੇ ਸਨ ਤਿਨ੍ਹਾਂ ਦਾ ਨਿਸਚਾ ਸੰਤਾਂ ਤੇ ਇਹ ਹੋ ਗਿਆ ਕਿ ਸੰਤ ਸ਼ਕਤੀ ਰੂਹਾਨੀਅਤ ਵਾਲੇ ਹਨ, ਸੋ ਡੇਰੇ ਦੀ ਨਿਊਨਤਾਈ ਨਹੀਂ ਹੋਣ ਦਿੰਦੇ। ਸਾਰਿਆਂ ਨੇ ਧੰਨ-ਧੰਨ ਜਵਾਲਾ ਸਿੰਘ ਜੀ ਕਹਿ ਕੇ ਆਖਿਆ ਤੇ ਸ਼ਰਧਾ ਧਾਰਨਾ ਕੀਤੀ।। ਇਤੀ।।

ਭਾਈ ਓਂਕਾਰ ਸਿੰਘ ਨਾਲ ਆਪ-ਬੀਤੀ

ਸੰਤ ਜੀ ਮਹਾਰਾਜ ਜਦੋਂ ਰਾਜੋਵਾਲ ਸੰਤ ਠਾਕੁਰ ਸਿੰਘ ਜੀ ਪਾਸ ਜਾਇਆ ਕਰਦੇ ਤਾਂ ਚੜ੍ਹਦੀ ਜਵਾਨੀ ਵਿਚ ਓਂਕਾਰ ਸਿੰਘ ਵੀ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੋ ਕੇ ਸੇਵਾ ਕਰਦਾ। ਇਸ ਢੰਗ ਨਾਲ ਓਂਕਾਰ ਸਿੰਘ ਸੰਤ ਮਹਾਰਾਜ ਜੀ ਦਾ ਪ੍ਰੇਮੀ ਹੋ ਗਿਆ। ਕਈ ਵਾਰੀ ਸੰਤਾਂ ਨੂੰ ਆਪਣੇ ਘਰ ਲਿਜਾ ਕੇ ਸੇਵਾ ਵੀ ਕੀਤੀ ਅਤੇ ਦਸਵੰਧ ਵੀ ਦੇਣ ਲੱਗ ਪਿਆ। ਇਕ ਦਿਨ ਦੀ ਵਾਰਤਾ ਹੈ ਕਿ ਸੰਤ ਮਹਾਰਾਜ ਜਥੇ ਸਮੇਤ ਇਸ ਦੇ ਘਰ ਗਏ ਹੋਏ ਸਨ। ਇਸ ਨੇ ਘਰ ਦੇ ਨੇੜੇ ਕੁਝ ਫਲਦਾਰ ਬ੍ਰਿਛ ਲਾਏ ਹੋਏ ਸਨ, ਜਿਸਨੂੰ ਕਿ ਬਗੀਚੀ ਆਖਦੇ ਸਨ। ਤਿਸ ਬਗੀਚੀ ਵਿਚ ਸੰਤ ਮਹਾਰਾਜ ਖੜੇ ਸਨ, ਅਤੇ ਆਪਣੇ ਹੱਥ ਵਿਚ ਸੋਟਾ ਫੜਿਆ ਹੋਇਆ ਸੀ। ਉਸੀ ਦਸ਼ਾ ਵਿਚ ਪ੍ਰੇਮ ਭਰੇ ਹਿਰਦੇ ਨਾਲ ਸੰਤਾਂ ਦੀ ਫੋਟੋ ਲੈ ਲਈ। ਫੋਟੋ ਬੜੀ ਸੁੰਦਰ ਆਈ, ਜੋ ਕਿ ਇਸ ਸਮੇਂ ਗੁਰਦੁਆਰਾ ਅਨੰਦਪੁਰ ਸਾਹਿਬ ਡੇਰੇ ਸੰਤਗੜ੍ਹ ਵਿਖੇ ਲੱਗੀ ਹੋਈ ਹੈ। ਅਸੀਂ ਉਹੀ ਫੋਟੋ ਅਗਲੇ ਪੰਨੇ ਤੇ ਦੇਂਦੇ ਹਾਂ।

ਇਕ ਸਮੇਂ ਓਂਕਾਰ ਸਿੰਘ ਦੇ ਮਨ ਵਿਚ ਪ੍ਰੇਮ ਦਾ ਤਰੰਗ ਉਠਿਆ ਕਿ ਡੇਰੇ ਸੰਤਗੜ੍ਹ ਜਾ ਕੇ ਸੰਤਾਂ ਦੇ ਦਰਸ਼ਨ ਕਰਾਂ। ਇਸ ਤਰ੍ਹਾਂ ਦਰਸ਼ਨ ਦੀ ਅਭਿਲਾਸ਼ਾ ਕਰਕੇ ਓਂਕਾਰ ਸਿੰਘ ਚਲ ਪਿਆ। ਡੇਰੇ ਆ ਕੇ ਸੰਤਾਂ ਦੇ ਦਰਸ਼ਨ ਕੀਤੇ। ਉਸ ਸਮੇਂ ਸੰਤ ਭਰਪੂਰ ਸਿੰਘ ਸੰਗਤ ਵਿਚ ਬੈਠੇ ਸਨ। ਓਂਕਾਰ ਸਿੰਘ ਨੇ ਬੜੀ ਸ਼ਰਧਾ ਤੇ ਪ੍ਰੇਮ ਨਾਲ ਸੰਤਾਂ ਦੇ ਅੱਗੇ ਆਪਣੀ ਭੇਟਾ ਰੱਖੀ, ਤੇ ਨਮਸ਼ਕਾਰ ਕਰਕੇ ਹੱਥ ਜੋੜ ਕੇ ਅਜੇ ਖੜਾ ਹੀ ਸੀ ਤਾਂ ਸੰਤ ਓਂਕਾਰ ਸਿੰਘ ਜੀ ਵੱਲ ਤਕ ਕੇ ਆਖਿਆ ਕਿ ਕਾਕਾ ਤੂੰ ਸ਼ਰਾਬ ਤਾਂ ਨਹੀਂ ਪੀਂਦਾ? ਓਂਕਾਰ ਸਿੰਘ ਨੇ ਕਿਹਾ ਕਿ ਗਰੀਬ-ਨਿਵਾਜ਼ ਜੀਉ ਦਾਸ ਸ਼ਰਾਬ ਕੱਢਦਾ ਵੀ ਹੈ ਤੇ ਪੀਂਦਾ ਵੀ ਹੈ। ਇਹ ਸੁਣ ਕੇ ਸੰਤ ਬੜੇ ਹੱਸੇ ਤੇ ਕਹਿਣ ਲੱਗੇ ਕਿ ਅਸੀਂ ਤਾਂ ਪੁਛਿਆ ਸੀ ਕਿ ਤੂੰ ਸ਼ਰਾਬ ਪੀਂਦਾ ਨੈਂ। ਪਰ ਇਸ ਨੇ ਕੁਲੀ ਸੰਗਤ ਵਿਚ ਸੰਕੋਚ ਨਹੀਂ ਕੀਤਾ, ਸੱਚ-ਸੱਚ ਕਹਿ ਦਿਤਾ ਕਿ ਮੈਂ ਕੱਢਦਾ ਵੀ

ਹਾਂ ਅਤੇ ਪੀਂਦਾ ਵੀ ਹਾਂ, ਇਹ ਬੜਾ ਸੱਚਾ ਬੰਦਾ ਹੈ।

ਮੈਨੂੰ ਉਸ ਸਮੇਂ ਕਹਿਣ ਲੱਗੇ ਕਿ ਕਾਕਾ ਅੱਜ ਤੋਂ ਨਾ ਸ਼ਰਾਬ ਕੱਢਣੀ ਹੈ ਨਾ ਪੀਣੀ ਹੈ। ਮੈਂ ਉਸੀ ਸਮੇਂ ਸੰਤਾਂ ਨੂੰ ਮੱਥਾ ਟੇਕ ਕੇ ਪ੍ਰਣ ਕਰ ਦਿਤਾ ਕਿ ਨਾ ਸ਼ਰਾਬ ਪੀਵਾਂਗਾ ਨਾ ਕੱਢਾਂਗਾ। ਚਾਰ ਸਾਲ ਤੋਂ ਬਾਅਦ ਇਕ ਮੇਰੇ ਤੇ ਐਸਾ ਸਮਾਂ ਆਇਆ ਕਿ ਪਿੰਡ ਦੇ ਇਕ ਬੰਦੇ ਨਾਲ ਝਗੜਾ ਹੋ ਗਿਆ। ਝਗੜਾ ਵੀ ਇਤਨਾ ਵੱਧ ਗਿਆ ਕਿ ਅਸੀਂ ਇਕ ਦੂਜੇ ਨੂੰ ਮਾਰਨ ਤੇ ਤੁਲ ਪਏ। ਹਜ਼ੂਰ ਨੇ ਦਾਸ ਨੂੰ ਪੁਛਿਆ ਕਿ ਕਾਕਾ ਅੱਜ-ਕਲ ਤੂੰ ਕੀ ਕੰਮ ਕਰਦਾ ਹੁੰਦਾ ਹੈਂ? ਹੁਣ ਆਪਣੇ ਆਪ ਹੀ ਹਜ਼ੂਰ ਜੀ ਨੇ ਹੁਕਮ ਦਿਤਾ ਕਿ ਓਂਕਾਰ ਤੂੰ ਪਿੰਡ ਛੱਡ ਕੇ ਕਿਸੇ ਹੋਰ ਜਗ੍ਹਾ ਚਲਾ ਜਾ। ਫਿਰ ਆਪ ਜੀ ਨੇ ਹੁਕਮ ਲਾਇਆ ਕਿ ਤੂੰ ਹੁਸ਼ਿਆਰਪੁਰ ਜਾ ਕੇ ਮੋਟਰ ਡਰਾਇਵਰੀ ਸਿਖ ਲੈ। ਦਾਸ ਨੇ ਉਸੀ ਸਮੇਂ ਹੁਸ਼ਿਆਰਪੁਰ ਮੋਟਰ ਡਰਾਇਵਰੀ ਸਿਖ ਲਈ ਤੇ ਦੁਆਬਾ ਲਿਮਿਟਿਡ ਕੰਪਨੀ ਵਿਚ ਮੋਟਰ ਡਰਾਇਵਰੀ ਦੀ ਨੌਕਰੀ ਵੀ ਲੈ ਲਈ। ਮੈਂ ਸੰਤਾਂ ਦੇ ਚਰਨਾਂ ਵਿਚ ਉਸੀ ਸਮੇਂ ਬੇਨਤੀ ਕੀਤੀ ਸੀ ਕਿ ਗਰੀਬ-ਪਰਵਰ ਬਾਹਰ ਰੋਟੀ ਦੀ ਬੜੀ ਮੁਸ਼ਕਲ ਪੇਸ਼ ਆਵੇਗੀ। ਸੰਤਾਂ ਨੇ ਹੁਕਮ ਲਾਇਆ ਕਿ ਵੈਸ਼ਨੋ ਹੋਟਲ ਤੇ ਖਾਣਾ ਖਾ ਲਿਆ ਕਰਨਾ, ਜਾਂ ਛੋਲੇ ਭੁਨਾ ਕੇ ਗੁੜ ਰੱਖ ਲਿਆ ਕਰਨਾ, ਇਹ ਦੋਨੋਂ ਖਾ ਕੇ ਗੁਜ਼ਾਰਾ ਕਰ ਲਿਆ। ਕੁਝ ਸਮਾਂ ਇਸੇ ਤਰ੍ਹਾਂ ਲੰਘਿਆ ਤਾਂ ਇਕ ਦਿਨ ਹਜ਼ੂਰ ਛੋਟੇ ਨੰਗਲ ਬਾਬਾ ਬਿਸ਼ਨ ਸਿੰਘ ਜੀ ਪਾਸ ਗਏ ਸਨ। ਮੈਂ ਹਜ਼ੂਰ ਦੇ ਨਾਲ ਹੀ ਛੋਟੇ ਨੰਗਲ ਚਲਾ ਗਿਆ। ਰਾਤ ਇਥੇ ਹੀ ਰਹੇ ਫਿਰ ਅੰਮ੍ਰਿਤ ਵੇਲੇ ਤੜਕੇ ਹੀ ਤਿੰਨ ਵਜੇ ਜਦੋਂ ਆਪ ਜੀ ਇਸ਼ਨਾਨ ਕਰ ਚੁੱਕੇ ਤਾਂ ਦਾਸ ਨੇ ਹੀ ਇਸ਼ਨਾਨ ਕਰਾਇਆ ਸੀ। ਫਿਰ ਸੰਤਾਂ ਨੇ ਇਕ ਰਸ ਬਜ਼ੀ ਭਿੰਨੀ ਆਵਾਜ਼ ਨਾਲ ਜਪੁਜੀ ਸਾਹਿਬ ਪੜ੍ਹਿਆ। ਜਪੁਜੀ ਸਾਹਿਬ ਪੜ੍ਹ ਕੇ ਦਾਸ ਨੂੰ ਆਖਣ ਲੱਗੇ ਕਿ ਕਾਕਾ ਤੂੰ ਡਰਦਾ ਤਾਂ ਨਹੀਂ। ਮੈਂ ਬੇਨਤੀ ਕੀਤੀ ਕਿ ਪਿਤਾ ਜੀਉ, ਜੇ ਆਪ ਜੀ ਦੀ ਕ੍ਰਿਪਾ ਭਰਿਆ ਹੱਥ ਮੇਰੇ ਸਿਰ ਤੇ ਹੋਵੇ ਤਾਂ ਕਿਸੇ ਚੀਜ਼ ਦਾ ਭੈ ਨਹੀਂ। ਫਿਰ ਸੰਤਾਂ ਨੇ ਹੁਕਮ ਦਿੱਤਾ ਕਿ ਤੂੰ ਏਸੇ ਹੀ ਸਮੇਂ ਚਲਾ ਜਾ ਆਪਣੀ ਮੋਟਰ ਤੇ। ਮੈਂ ਬੇਨਤੀ ਕੀਤੀ ਕਿ ਮਹਾਰਾਜ ਮੇਰਾ ਨੰਬਰ ਅਜੇ ਸੱਤਵਾਂ ਜਾਂ ਛੇਵਾਂ ਹੈ। ਫਿਰ ਸੰਤਾਂ ਨੇ ਕਿਹਾ ਕਿ ਕੋਈ ਗੱਲ ਨਹੀਂ, ਤੂੰ ਹੁਣੇ ਹੀ ਚਲਾ ਜਾ। ਮੈਂ ਸਤਿਬਚਨ ਕਹਿ ਕੇ ਨਮਸ਼ਕਾਰ ਕੀਤੀ ਤੇ ਤੁਰ ਪਿਆ। ਤੁਰਨ ਲੱਗੇ ਨੂੰ ਕਹਿਣ ਲੱਗੇ ਕਿ ਕੱਲ੍ਹ ਅਸੀਂ ਡੁਮੇਲੀ ਬਾਬਾ ਦਲੀਪ ਸਿੰਘ ਜੀ ਪਾਸ ਹੋਵਾਂਗੇ।

ਜਦੋਂ ਦਾਸ ਛੋਟੇ ਨੰਗਲ ਤੋਂ ਤਿੰਨ ਮੀਲ ਤੁਰ ਕੇ ਮਾਹਲਪੁਰ ਆਇਆ ਤਾਂ ਮੇਰੀ ਗੱਡੀ ਪਹਿਲੇ ਨੰਬਰ ਪਰ ਖੜੀ ਸੀ। ਮੈਂ ਉਸੀ ਵਕਤ ਅਸਵਾਰੀਆਂ ਲਈਆਂ, ਹੁਸ਼ਿਆਰਪੁਰ ਆ ਗਿਆ। ਹੁਸ਼ਿਆਰਪੁਰ ਆਉਂਦਿਆਂ ਹੀ ਘਰੋਂ ਸੁਨੇਹਾ ਆ ਗਿਆ ਕਿ ਤੇਰੀ ਸਿੰਘਣੀ ਦੀ ਅੱਖ ਤੇ ਬਹੁਤ ਜ਼ਬਰਦਸਤ ਸੱਟ ਲੱਗੀ ਹੈ। ਡਾਕਟਰ ਨੇ ਜੁਆਬ ਦੇ ਦਿਤਾ ਹੈ। ਰਾਜਿੰਦਰ ਕੌਰ ਦੀ ਜੇ ਅੱਖ ਨਾ ਕੱਢੀ ਤਾਂ ਦੂਸਰੀ ਅੱਖ ਦੇ ਖਰਾਬ ਹੋਣ ਦਾ ਖਤਰਾ ਹੈ। ਅੱਖ ਬਣ ਨਹੀਂ ਸਕਦੀ। ਮੈਂ ਇਸ ਲਈ ਆਪ ਜੀ ਦੇ ਚਰਨਾਂ ਵਿਚ ਆਇਆ ਹਾਂ, ਤਾਂ ਸੰਤਾਂ ਨੇ ਆਖਿਆ ਕਿ ਅਸੀਂ ਇਸੇ ਲਈ ਤੈਨੂੰ ਛੋਟੇ ਨੰਗਲ ਤੋਂ ਛੇਤੀ ਭੇਜਿਆ ਹੈ ਕਿ ਤੇਰੇ ਘਰ ਦੇ ਟੋਲਦੇ ਨਾ ਫਿਰਨ। ਫਿਰ ਹੁਕਮ ਦਿਤਾ ਕਿ ਡਾਕਟਰ ਬਦਲੀ ਕਰ ਦੇਵੋ। ਫਿਕਰ ਨਹੀਂ ਕਰਨਾ, ਅੱਖ ਠੀਕ ਹੋ ਜਾਵੇਗੀ। ਮੈਂ ਆ ਕੇ ਡਾਕਟਰ ਬਦਲੀ ਕਰ ਦਿਤਾ। ਦੂਸਰੇ ਡਾਕਟਰ ਨੇ ਕਿਹਾ ਕਿ ਅੱਖ ਕੱਢਣੀ ਨਹੀਂ ਪਵੇਗੀ। ਪਰ ਅੱਖ ਦਾ ਅਪਰੇਸ਼ਨ ਜ਼ਰੂਰ ਹੋਵੇਗਾ। ਅਪਰੇਸ਼ਨ ਕੀਤੇ ਬਿਨਾਂ ਅੱਖ ਠੀਕ ਨਹੀਂ ਹੋਵੇਗੀ। ਦਾਸ ਨੇ ਸੰਤਾਂ ਦੇ ਚਰਨਾਂ ਵਿਚ ਪੁੱਜ ਕੇ ਅਪਰੇਸ਼ਨ ਕਰਾਉਣ ਵਾਸਤੇ ਬੇਨਤੀ ਕੀਤੀ, ਤਾਂ ਸੰਤਾਂ ਨੇ ਹੁਕਮ ਕੀਤਾ ਕਿ ਅੰਮ੍ਰਿਤ ਵੇਲੇ ਚਾਰ ਵਜੇ ਅਪਰੇਸ਼ਨ ਕਰਾਉਣਾ। ਅਪਰੇਸ਼ਨ ਕਰਾਉਣ ਤੋਂ ਪਹਿਲਾਂ ਰਾਜਿੰਦਰ ਕੌਰ ਸੰਤ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਈ ਅੱਖ ਤੇ ਪੱਟੀ ਬੰਨ੍ਹ ਕੇ। ਸੰਤਾਂ ਨੇ ਪੁਛਿਆ ਕਿ ਕੋਈ ਤਕਲੀਫ ਤਾਂ ਨਹੀਂ। ਰਜਿੰਦਰ ਕੌਰ ਨੇ ਆਖਿਆ ਕਿ ਜੀ ਦਰਦ ਬਹੁਤ ਹੈ, ਤਾਂ ਸੰਤਾਂ ਨੇ ਇਕ ਸਿਉ ਪ੍ਰਸ਼ਾਦ ਦਿਤਾ, ਜਿਸ ਦੇ ਖਾਣ ਤੋਂ ਹੀ ਸਾਰਾ ਦਰਦ ਮਿਟ ਗਿਆ। ਮੈਂ ਸੰਤਾਂ ਤੋਂ ਹੁਕਮ ਲੈ ਕੇ ਡਾਕਟਰ ਜੀ ਨੂੰ ਮਿਲਿਆ ਤੇ ਬੇਨਤੀ ਕੀਤੀ ਕਿ ਡਾਕਟਰ ਸਵੇਰੇ ਚਾਰ ਵਜੇ ਹੀ ਅਪਰੇਸ਼ਨ ਕਰ ਦੇਵੋ, ਤਾਂ ਡਾਕਟਰ ਨੇ ਉੱਤਰ ਦਿਤਾ ਕਿ ਜੇ ਅੱਖ ਖਰਾਬ ਹੋ ਗਈ ਤਾਂ ਮੈਂ ਜ਼ੁਮੇਂਵਾਰ ਨਹੀਂ, ਤਾਂ ਮੈਂ ਕਿਹਾ ਡਾਕਟਰ ਜੀ ਆਪ ਦਾ ਕੋਈ ਦੋਸ਼ ਨਹੀਂ ਹੋਵੇਗਾ। ਜੋ ਜ਼ੁਮੇਂਵਾਰ ਹੈ ਸੋ ਜ਼ੁਮੇਂਵਾਰੀ

ਨਿਭਾ ਦੇਵੇਗਾ। ਫਿਰ ਡਾਕਟਰ ਜੀ ਨੇ ਸਾਡੀ ਗੱਲ ਨੂੰ ਮੰਨ ਕੇ ਉਸੀ ਸਮੇਂ ਅਪਰੇਸ਼ਨ ਕਰ ਦਿਤਾ। ਅਪਰੇਸ਼ਨ ਬਹੁਤ ਚੰਗਾ ਹੋ ਗਿਆ। ਅੱਖ ਬਿਲਕੁਲ ਠੀਕ ਹੋ ਗਈ। ਪਰ ਡਾਕਟਰ ਸਾਹਿਬ ਬਹੁਤ ਹੈਰਾਨ ਹੋਇਆ ਕਿ ਏਨਾ ਖਤਰਨਾਕ ਅਪਰੇਸ਼ਨ ਅਤੇ ਦੂਸਰਾ ਸਰਦੀ ਦਾ ਮੌਸਮ ਹੈ। ਇਹ ਤਾਂ ਬੜੀ ਅਜੀਬ ਗੱਲ ਹੋਈ ਹੈ। ਡਾਕਟਰ ਦੇ ਪੁੱਛਣ ਤੋਂ ਦਾਸ ਨੇ ਦੱਸਿਆ ਕਿ ਸੰਤ ਮਹਾਰਾਜ ਹਰਖੋਵਾਲ ਵਾਲਿਆਂ ਦਾ ਹੁਕਮ ਸੀ ਕਿ ਅਪਰੇਸ਼ਨ ਅੰਮ੍ਰਿਤ ਵੇਲੇ ਕਰਨਾ ਤੇ ਨੇਤਰ ਦਾ ਫਿਕਰ ਨਹੀਂ ਕਰਨਾ। ਨੇਤਰ ਕਰਤਾਰ ਨੇ ਆਪ ਹੀ ਠੀਕ ਕਰ ਦੇਣਾ ਹੈ। ਮੇਰੇ ਕੋਲੋਂ ਡਾਕਟਰ ਨੇ ਸੁਣ ਕੇ ਬੜੀ ਸ਼ਰਧਾ-ਭਰਪੂਰ ਮਨ ਨਾਲ ਡੇਰੇ ਆ ਕੇ ਸੰਤਾਂ ਦਾ ਦਰਸ਼ਨ ਕੀਤਾ ਤੇ ਸੰਤਾਂ ਦੇ ਚਰਨਾਂ ਤੇ ਨਮਸ਼ਕਾਰ ਕਰਕੇ ਗੱਦ-ਗੱਦ ਹੋ ਗਿਆ। ਸੰਤਾਂ ਨੇ ਫਿਰ ਡਾਕਟਰ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਸੰਤਾਂ ਨੇ ਆਖਿਆ ਜੋ ਵੀ ਮਰੀਜ਼ ਦਾ ਇਲਾਜ ਕਰਨਾ ਹੈ ਆਪਣੀ ਹੰਗਤਾ ਛੱਡ ਕੇ ਵਾਹਿਗੁਰੂ ਦੇ ਆਸਰੇ ਹੋ ਕੇ ਕਰਨਾ ਹੈ। ਡਾਕਟਰ ਨੇ ਸੰਤਾਂ ਤੋਂ ਉਪਦੇਸ਼ ਧਾਰਨ ਕਰਕੇ ਤੇ ਉਸ ਉਪਦੇਸ਼ ਦੇ ਆਸਰੇ ਹੀ ਆਪਣੀ ਸੁਖ ਦੀ ਜ਼ਿੰਦਗੀ ਬਤੀਤ ਕਰ ਗਿਆ।

ਦਾਸ ਨੂੰ ਹੋਰ ਕੋਈ ਦਿਬ-ਦ੍ਰਿਸ਼ਟੀ ਵਾਲਾ ਫਕੀਰ ਮਿਲਿਆ, ਤਿਸ ਫਕੀਰ ਦੀ ਦਾਸ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਉਸ ਫਕੀਰ ਨੇ ਮੈਨੂੰ ਦੱਸਿਆ, ਤੇਰੇ ਕਰਮਾਂ ਵਿਚ 20 ਸਾਲ ਦੀ ਉਮਰ ਕੈਦ ਸੀ, ਪਰ ਤੇਰੇ ਸਿਰ ਤੇ ਮਹਾਂਬਲੀ ਔਲੀਏ ਦਾ ਹੱਥ ਹੈ। ਇਹਨਾਂ ਕਾਰਨਾਂ ਤੋਂ ਪਤਾ ਲੱਗਦਾ ਹੈ ਕਿ ਜੋ ਦਾਸ ਸੁਖ ਦੀ ਜ਼ਿੰਦਗੀ ਭੋਗ ਰਿਹਾ ਹੈ ਸੋ ਸੰਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਹੀ ਸੁਖ ਦਾ ਸਮਾਂ ਬਤੀਤ ਕਰ ਰਿਹਾ ਹੈ। ਫਿਰ ਇਕ ਦਿਨ ਸਾਰੇ ਪਿੰਡ ਨੇ ਮਿਲ ਕੇ ਜਿਨ੍ਹਾਂ ਵਿਚ ਦਾਸ ਵੀ ਸੀ ਸੰਤਾਂ ਪਾਸ ਬੇਨਤੀ ਕੀਤੀ ਕਿ ਹਜ਼ੂਰ ਸਾਡੇ ਗੁਰਦਵਾਰੇ ਵਾਸਤੇ ਇਕ ਪੜ੍ਹਿਆ ਚੰਗਾ ਪਾਠੀ ਸਿੰਘ ਦੀ ਬਖਸ਼ਿਸ਼ ਕਰੋ। ਸੰਤਾਂ ਨੇ ਮੈਨੂੰ ਹੁਕਮ ਕੀਤਾ ਕਿ ਓਂਕਾਰ ਸਿੰਘ ਤੂੰ ਹਮੇਸ਼ਾਂ ਵਾਸਤੇ ਗੁਰਦਵਾਰੇ ਦੀ ਸੇਵਾ ਕਰਿਆ ਕਰ। ਝਾੜੂ ਕਰਨਾ, ਗੁਰਦੁਆਰੇ ਸਫਾਈ ਕਰਨੀ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਤੇ ਮੁਖਵਾਕ ਲੈਣਾ ਅਤੇ ਸ਼ਾਮ ਰਹਰਾਸਿ ਪੜ੍ਹਨੀ, ਦੀਵਾ ਬੱਤੀ ਕਰਨੀ, ਧੂਪ ਦੇਣੀ ਅਤੇ ਗੁਰੂ ਜੀ ਦੇ ਦੀਵਾਨ ਦੀ ਸਮਾਪਤੀ ਕਰਿਆ ਕਰ। ਸੋ ਅੱਜ ਤਕ ਦਾਸ ਸੰਤ ਮਹਾਰਾਜ ਜੀ ਦੇ ਬਚਨਾਂ ਵਿਚ ਇਹ ਸੇਵਾ ਨਿਭਾਈ ਜਾਂਦਾ ਹੈ। ਦਾਸ ਦੀ ਅਰਦਾਸ ਹੈ ਕਿ ਦਾਸ ਕੋਲੋਂ ਇਹ ਸੇਵਾ ਉਮਰ ਭਰ ਲਈ ਜਾਵੇ।। ਇਤੀ।।

ਸੰਤ ਮਹਾਰਾਜ ਜੀ ਦੇ ਘੋੜੇ ਨੇ ਲੱਤ ਮਾਰਨੀ

ਸੰਨ 1937 ਦਾ ਸਾਲ ਸੀ ਕਿ ਡੇਰੇ ਵਿਚ ਜਥੇਦਾਰ ਸ਼ਹੀਦੀ ਬਾਗੀਏ ਸਿੰਘ ਸਾਹਿਬ ਮੰਗਲ ਸਿੰਘ ਜੀ ਆਏ ਹੋਏ ਸਨ। ਤਕਰੀਬਨ ਦੋ ਹਫਤੇ ਡੇਰੇ ਵਿਚ ਸੰਤ ਮਹਾਰਾਜ ਜੀ ਦੇ ਪ੍ਰੇਮ ਦਾ ਸਦਕਾ ਰਹੇ ਸਨ। ਆਪ ਜੀ ਦਾ ਰਾਕੀ ਘੋੜਾ ਨਰ ਬੜਾ ਰਿਸ਼ਟ-ਪੁਸ਼ਟ ਜਥੇਦਾਰ ਜੀ ਦੇ ਨਾਲ ਹੀ ਸੀ ਅਤੇ ਤਿੰਨ ਸਿੰਘ ਹੀਰਾ ਸਿੰਘ ਜੀ ਆਦਿ ਨਾਲ ਸਨ। ਇਕ ਦਿਨ ਡੇਰੇ ਤੋਂ ਜਥੇਦਾਰ ਜੀ ਵੀ ਆਪਣੇ ਨਰ ਘੋੜੇ ਤੇ ਚੜ੍ਹ ਬੈਠੇ। ਅਤੇ ਸੰਤ ਮਹਾਰਾਜ ਜੀ ਵੀ ਆਪਣੇ ਨੀਲੇ ਘੋੜੇ ਤੇ ਅਸਵਾਰ ਹੋ ਗਏ। ਦੋਹਾਂ ਮਹਾਂਪੁਰਸ਼ਾਂ ਦਾ ਖਿਆਲ ਸੀ ਕਿ ਅੱਜ ਬਾਬਾ ਹੀਰਾ ਸਿੰਘ ਜੀ ਤਪੱਸਵੀ ਜੋ ਬਿਹਾਲੇ ਵਾਲੇ ਹਨ ਉਨ੍ਹਾਂ ਦਾ ਦਰਸ਼ਨ ਕਰਕੇ ਆਈਏ। ਜਦੋਂ ਡੇਰੇ ਤੋਂ ਚਲ ਕੇ ਸੰਤ ਰਣ ਸਿੰਘ ਜੀ ਦੀ ਕੁਟੀਆ ਕੋਲ ਗਏ, ਸੋ ਕੁਟੀਆ ਡੇਰੇ ਤੋਂ ਠੀਕ ਉਤਰ ਦੀ ਤਰਫ ਅੰਬਾਂ ਦਾ ਵੱਡਾ ਬਾਗ ਲੰਘ ਕੇ ਹੈ। ਕੁਟੀਆ ਦੇ ਦਰਵਾਜ਼ੇ ਦੇ ਅੱਗੇ ਸੰਤ ਮਹਾਰਾਜ ਜੀ ਨੇ ਆਪਣਾ ਘੋੜਾ ਖੜਾ ਕਰ ਲਿਆ ਅਤੇ ਸੰਤ ਰਣ ਸਿੰਘ ਜੀ ਨਾਲ ਕੋਈ ਖਾਸ ਬਚਨ ਕਰਨ ਲਗ ਪਏ। ਜਥੇਦਾਰ ਜੀ ਦਾ ਘੋੜਾ ਵੀ ਸੰਤਾਂ ਦੇ ਘੋੜੇ ਦੇ ਨੇੜੇ ਹੀ ਖੜਾ ਸੀ। ਸੰਤ ਮਹਾਰਾਜ ਜੀ ਵਾਲਾ ਘੋੜਾ ਵੀ ਨਰ ਘੋੜਾ ਸੀ। ਜਦੋਂ ਸੰਤਾਂ ਨੇ ਆਪਣੇ ਘੋੜੇ ਨੂੰ ਕੁਟੀਆ ਵਲੋਂ ਮੋੜਿਆ ਤਾਂ ਸੰਤਾਂ ਦਾ ਘੋੜਾ ਜਥੇਦਾਰ ਜੀ ਦੇ ਘੋੜੇ ਦੇ ਕੁਝ ਹੋਰ ਨੇੜੇ ਹੋ ਗਿਆ। ਦੋਨੋਂ ਘੋੜੇ ਨਰ ਸਨ, ਸੋ ਆਪੋ ਵਿਚੀ ਲੜ ਪਏ। ਜਥੇਦਾਰ ਜੀ ਦੇ ਘੋੜੇ ਨੇ ਇਕ ਦਮ ਪਿੱਠ ਮੋੜ ਬੜਾ ਜ਼ਬਰਦਸਤ ਦੁਲੱਤਾ ਮਾਰਿਆ। ਘੋੜੇ ਦੇ ਖੁਰ ਨਾਲ ਲੱਗੇ ਹੋਏ ਸਨ ਸੋ ਮਹਾਨ ਜ਼ੋਰ ਦਾ ਦੁਲੱਤਾ ਸੰਤ ਮਹਾਰਾਜ ਜੀ ਦੀ ਸੱਜੀ ਲੱਤ ਤੇ ਲਗ ਗਿਆ।

ਸੰਤਾਂ ਦੀ ਲੱਤ ਪਰ ਬਹੁਤ ਵੱਡਾ ਜ਼ਖਮ ਹੋ ਗਿਆ। ਪਰ ਸੰਤਾਂ ਨੇ ਇਸ ਜ਼ਖਮ ਦੀ ਕੋਈ ਪ੍ਰਵਾਹ ਨਾ ਕੀਤੀ। ਲਹੂ ਬੰਦ ਕਰਨ ਹਿਤ ਇਕ ਕੱਪੜਾ ਗਿੱਲਾ ਕਰਕੇ ਬੰਨ੍ਹ ਲਿਆ। ਪਰ ਦੋਨੋਂ ਗੁਰਮੁਖ ਬਿਹਾਲੇ ਗਏ ਅਤੇ ਤਪੱਸਵੀ ਬਾਬੇ ਦਾ ਦਰਸ਼ਨ ਕੀਤਾ ਤੇ ਬਚਨ-ਬਿਲਾਸ ਕਰਕੇ ਵਾਪਸ ਡੇਰੇ ਆ ਗਏ। ਬਿਹਾਲੇ ਆਉਣ ਜਾਣ ਦਾ ਸਫਰ ਕਰਕੇ ਜ਼ਖਮ ਵਿਚ ਭਰ ਪੈ ਗਿਆ। ਜ਼ਖਮ ਵਿਚ ਸੋਜਸ਼ ਆ ਗਈ। ਗੱਲ ਕੀ ਸਾਰੀ ਲੱਤ ਸੁੱਜ ਗਈ। ਹੁਣ ਸੰਤ ਘੋੜੇ ਤੋਂ ਉਤਰੇ ਤੇ ਆਪਣਾ ਪਲੰਘ ਰਾਮ ਬਾਗ ਦੀ ਕੁਟੀਆ ਵਿਚ ਲਿਜਾਣ ਦਾ ਹੁਕਮ ਕੀਤਾ। ਸੰਤਾਂ ਵਾਸਤੇ ਰਾਮ ਬਾਗ ਦੀ ਕੁਟੀਆ ਵਿਚ ਪਲੰਘ ਲਿਜਾ ਕੇ ਤੇ ਪਲੰਘ ਪਰ ਸੁੰਦਰ ਵਿਛਾਈ ਕਰਕੇ ਸੰਤਾਂ ਦੇ ਆਸਣ ਲਵਾ ਦਿਤੇ ਗਏ।

ਹੁਣ ਸੰਤਾਂ ਦੀ ਲੱਤ ਦੇ ਜ਼ਖਮ ਦਾ ਇਲਾਜ ਸ਼ੁਰੂ ਹੋ ਗਿਆ। ਸੰਤਾਂ ਦੇ ਜ਼ਖਮ ਪਰ ਮਲ੍ਹਮਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਜ ਇਕ ਨੇ ਮਲ੍ਹਮ ਲਾਈ ਹੈ, ਕੱਲ੍ਹ ਨੂੰ ਕੋਈ ਦੂਸਰਾ ਪ੍ਰੇਮੀ ਮਲ੍ਹਮ ਲੈ ਕੇ ਆ ਗਿਆ। ਉਸ ਨੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੋ ਮੈਂ ਇਹ ਮਲ੍ਹਮ ਲੈ ਕੇ ਆਇਆ ਹਾਂ ਇਹ ਬਹੁਤ ਚੰਗੀ ਹੈ, ਇਸ ਨੂੰ ਜ਼ਖਮ ਤੇ ਲਾਵੋ। ਸੰਤਾਂ ਨੇ ਉਸ ਦਾ ਪ੍ਰੇਮ ਦੇਖ ਕੇ ਉਸ ਵਾਲੀ ਮਲ੍ਹਮ ਲਗਵਾ ਲੈਣੀ। ਫਿਰ ਕੋਈ ਹੋਰ ਪ੍ਰੇਮੀ ਆ ਗਿਆ, ਫਿਰ ਕੋਈ ਹੋਰ ਪ੍ਰੇਮੀ ਮਲ੍ਹਮ ਲੈ ਕੇ ਆ ਗਿਆ। ਜਿਵੇਂ-ਜਿਵੇਂ ਕੋਈ ਪ੍ਰੇਮੀ ਮਲ੍ਹਮ ਲੈ ਕੇ ਆਉਣ ਉਸੀ-ਉਸੀ ਤਰ੍ਹਾਂ ਹੀ ਮਲ੍ਹਮ ਇਕ ਦਮ ਬਦਲ ਕੇ ਲਾਈ ਜਾਣ। ਪੰਦਰਾਂ ਦਿਨ ਇਸੇ ਤਰ੍ਹਾਂ ਮਲ੍ਹਮ ਲਾਉਂਦੇ ਗਏ। ਘੜੀ-ਘੜੀ ਮਲ੍ਹਮ ਬਦਲਣ ਦੇ ਕਾਰਨ ਜ਼ਖਮ ਨੂੰ ਆਰਾਮ ਆਉਣ ਦੀ ਬਜਾਏ ਜ਼ਖਮ ਅੱਗੇ ਨਾਲੋਂ ਵੀ ਜ਼ਿਆਦਾ ਖਰਾਬ ਹੋ ਗਿਆ। ਜ਼ਖਮ ਇਕ ਚਰਗਲ ਜਿਹਾ ਬਣ ਗਿਆ। ਲੱਤ ਜ਼ਖਮ ਦੇ ਆਲੇ-ਦੁਆਲੇ ਤੋਂ ਗਲਣੀ ਸ਼ੁਰੂ ਹੋ ਗਈ। ਇਤਨੇ ਨੂੰ ਡਾਕਟਰ ਅਜੈਬ ਸਿੰਘ ਜੀ ਪਿੰਡ ਦਿਹਾਣੇ ਵਾਲੇ ਆ ਗਏ, ਜੋ ਕਿ ਸੰਤਾਂ ਦੇ ਅਨਿੰਨ ਸੇਵਕ ਸਨ। ਇਸ ਨੇ ਆ ਕੇ ਜ਼ਖਮ ਦੀ ਹਾਲਤ ਤੱਕੀ, ਕਿ ਜ਼ਖਮ ਬਹੁਤ ਖਰਾਬ ਹੋ ਗਿਆ ਹੈ ਅੰਤੇ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਕੇ ਸਨਿੰਮਰ ਬੇਨਤੀ ਕੀਤੀ ਕਿ ਗਰੀਬ-ਪਰਵਰ ਇਸ ਢੰਗ ਨਾਲ ਜਿਵੇਂ ਕਿ ਇਸ ਸਮੇਂ ਇਸ ਜ਼ਖਮ ਦਾ ਇਲਾਜ ਹੋ ਰਿਹਾ ਹੈ, ਇਸ ਤਰ੍ਹਾਂ ਜ਼ਖਮ ਸਾਰੀ ਲੱਤ ਪਰ ਫੈਲਣ ਦਾ ਖਤਰਾ ਹੈ। ਸੰਤਾਂ ਨੇ ਉੱਤਰ ਦਿਤਾ ਕਿ ਅਜੈਬ ਸਿੰਘ ਸਾਨੂੰ ਤਾਂ ਕੋਈ ਪਤਾ ਨਹੀਂ, ਨਾ ਹੀ ਕੋਈ ਤਕਲੀਫ ਮਾਲੂਮ ਦੇਂਦੀ ਹੈ। ਹੁਣ ਫੇਰ ਤੂੰ ਜਾਣ ਜਿਵੇਂ ਕਰਨੀ ਚਾਹੁੰਦਾ ਹੈਂ ਸੋ ਉਸ ਤਰ੍ਹਾਂ ਕਰ ਲੈ। ਸੰਤਾਂ ਦੀ ਇਸ ਸਮੇਂ ਅਵਸਥਾ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।। ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।। (ਪੰਨਾ ੬੩੩)

ਵਾਲੀ ਹੈ, ਹਰ ਸਮੇਂ ਬਿਰਤੀ ਅਰੂੜ ਤੁਰੀਆ ਅਵਸਥਾ ਵਿਚ ਮਸਤ ਰਹਿੰਦੀ ਹੈ। ਚਿਹਰੇ ਦਾ ਜਲਾਲ ਮਹਾਨ ਪ੍ਰਕਾਸ਼ ਵਾਲਾ ਹੈ। ਨੇਤਰਾਂ ਵਿਚ ਮਸਤੀ ਤੇ ਲਾਲ ਡੋਰੇ ਕੰਵਲ ਵਾਂਗੂੰ ਹਰ ਸਮੇਂ ਖਿੜੇ ਰਹਿੰਦੇ ਅਤੇ ਬੁੱਲ੍ਹਾਂ ਪਰ ਮੁਸਕਰਾਹਟ ਹਰ ਸਮੇਂ ਬਣੀ ਰਹਿੰਦੀ। ਰਸਨਾ ਤੋਂ ਕੁਝ ਐਸੇ ਰਸ-ਭਿੰਨੇ ਸ਼ਬਦ ਨਿਕਲਦੇ ਹਨ ਕਿ ਸਿੰਘੋ ਹੁਣ- *ਬੁਧ ਬਦਲੀ ਸਿਧਿ ਪਾਈ।।* ਵਾਲੀ ਗੱਲ ਬਣ ਗਈ ਹੈ। ਸਾਡੀ ਬੁਧੀ ਦੀ ਬਿਰਤੀ ਸੰਸਾਰ ਵਲੋਂ ਅਸਤ ਬਿਅਸਤ ਹੋ ਗਈ ਹੈ। ਹੁਣ ਤਾਂ ਬੁਧੀ ਹੀ ਨਹੀਂ ਰਹੀ। ਇਸ ਤਰ੍ਹਾਂ ਬਚਨ ਕਰਕੇ ਖਿੜ-ਖਿੜਾ ਕੇ ਹੱਸੇ ਤੇ ਫਿਰ ਡਾਕਟਰ ਅਜੈਬ ਸਿੰਘ ਜੀ ਨੂੰ ਕਿਹਾ, ਕਿ ਜਿਸ ਤਰ੍ਹਾਂ ਰਾਇ ਹੈ ਉਸ ਤਰ੍ਹਾਂ ਤੂੰ ਇਲਾਜ ਕਰ ਲੈ। ਤਾਂ ਡਾਕਟਰ ਅਜੈਬ ਸਿੰਘ ਨੇ ਡੇਰੇ ਦੇ ਸਿੰਘਾਂ ਨਾਲ ਵਿਚਾਰ ਕੀਤੀ ਕਿ ਇਕ ਗੁਰਬਚਨ ਸਿੰਘ ਰਾਮਗੜ੍ਹੀਆ ਸਿੰਘ ਜ਼ਖਮਾਂ ਦੇ ਇਲਾਜ ਦਾ ਬਹੁਤ ਵੱਡਾ ਜਰਾਹ ਹੈ। ਉਸਨੂੰ ਲਿਆ ਕੇ ਜ਼ਖਮ ਦਿਖਾਇਆ ਜਾਏ। ਇਕ ਦਮ ਸ੍ਰੀ ਮਾਨ ਜੱਗਾ ਸਿੰਘ ਜੀ ਘੋੜੀ ਤੇ ਤਿਸ ਜਰਾਹ ਪਾਸ ਗਏ, ਅਤੇ ਬੇਨਤੀ ਕਰਕੇ ਤਿਸ ਜਰਾਹ ਨੂੰ ਲੈ ਆਏ। ਲਿਆ ਕੇ ਸੰਤਾਂ ਦਾ ਜ਼ਖਮ ਦਿਖਾਇਆ। ਜ਼ਖਮ ਬਹੁਤ ਖਰਾਬ ਹੋ ਚੁੱਕਾ ਸੀ। ਜਰਾਹ ਨੇ ਇਲਾਜ ਕਰਨਾ ਮੰਨ ਲਿਆ। ਪਰ ਇਸ ਸ਼ਰਤ ਤੇ ਕਿ ਸੰਤ ਮਹਾਰਾਜ ਜੀ ਦੀ ਹਜ਼ੂਰੀ ਵਿਚ ਪਹਿਰੇਦਾਰ ਰਹੇ, ਤਾਂ ਕਿ ਮੇਰੀ ਦਵਾਈ ਤੋਂ ਬਿਨਾਂ ਹੋਰ ਕੋਈ ਦਵਾਈ ਨਾ ਵਰਤੀ ਜਾਏ, ਐਸੀਆਂ ਸ਼ਰਤਾਂ ਮਨਾ ਕੇ ਸ੍ਰ: ਗੁਰਬਚਨ ਸਿੰਘ ਨੇ ਇਲਾਜ ਸ਼ੁਰੂ ਕਰ ਦਿਤਾ। ਪਹਿਲਾਂ ਲੱਤ ਹੋਰ ਗਲਣ ਤੋਂ ਬਚਾਉਣ ਵਾਸਤੇ ਯਤਨ ਕੀਤਾ ਗਿਆ। ਫਿਰ ਜ਼ਖਮ ਦਾ ਠੀਕ ਢੰਗ ਨਾਲ ਇਲਾਜ ਸ਼ੁਰੂ ਹੋ ਗਿਆ। ਸ੍ਰੀ ਮਾਨ ਜੀ ਨੇ ਰੋਜ਼ ਹੀ ਤਿਸ ਜ਼ਖਮ ਦੇ ਇਲਾਜ

ਕਰਨ ਵਾਲੇ ਹਕੀਮ ਲੈ ਕੇ ਆਉਣਾ। ਉਸ ਨੇ ਜ਼ਖਮ ਤੇ ਮਲ੍ਹਮ ਦਵਾਈ ਕਰ ਜਾਣੀ। ਤਕਰੀਬਨ ਦੋ ਮਹੀਨੇ ਦਾ ਸਮਾਂ ਲੈ ਕੇ ਜ਼ਖਮ ਰਾਜ਼ੀ ਹੋ ਗਿਆ। ਫਿਰ ਸੰਤ ਪਹਿਲੇ ਦੀ ਤਰ੍ਹਾਂ ਹੀ ਦੇਸ਼ ਰਟਨ ਕਰਦੇ ਤੇ ਸੰਗਤਾਂ ਨੂੰ ਉਪਦੇਸ਼ ਦੇ ਕੇ ਸਿਖੀ ਦੇ ਗੁਰਮੁਖ ਗਾਡੀ ਰਾਹ ਵਿਚ ਚਲਾ ਕੇ ਵਾਹਿਗੁਰੂ ਨਾਲ ਜੋੜਨ ਲਗ ਪਏ।

ਆਦਿ ਧਰਮੀ ਸਾਧੂ ਦਾ ਅੱਖੀਂ ਡਿੱਠਾ ਕੌਤਕ

ਇਕ ਦਿਨ ਬਾਬਾ ਈਸ਼ਰ ਸਿੰਘ ਜੀ ਲੰਗਰ ਦੇ ਨਿਕਟਵਰਤੀ ਨਿੰਮ ਦੇ ਨੀਚੇ ਪਲੰਘ ਤੇ ਬੈਠੇ ਸਨ। ਬਾਬਿਆਂ ਦੇ ਪਲੰਘ ਦੇ ਚਾਰ-ਚੁਫੇਰੇ ਹਰਖੋਵਾਲ ਦੀ ਮਾਈ ਭਾਈ ਸੰਗਤ ਵੀ ਬਹੁਤ ਬੈਠੀ ਸੀ। ਇਹ ਵਾਰਤਾ ਸੰਨ 1926 ਦੀ ਹੈ। ਬਾਬਾ ਜੀ ਨੇ ਸੁਤੇ ਹੀ ਆਖਿਆ ਕਿ ਹਰਖੋਵਾਲ ਪਰ ਪਿੰਡ ਅੱਤੋਵਾਲ ਵਲੋਂ ਬੜਾ ਜ਼ਬਰਦਸਤ ਗੋਲਾ ਪੈਣ ਵਾਲਾ ਹੈ। ਜਦੋਂ ਬਾਬਾ ਜੀ ਨੇ ਇਹ ਬਚਨ ਕਿਹਾ, ਤਾਂ ਉਸ ਸਮੇਂ ਕਿਸੇ ਵੀ ਬੰਦੇ ਨੇ ਇਸ ਗੱਲ ਦਾ ਖਿਆਲ ਤਕ ਨਾ ਕੀਤਾ। ਕੁਝ ਸਮੇਂ ਤੋਂ ਬਾਅਦ ਪਿੰਡ ਅੱਤੋਵਾਲ ਵਿਚ ਤਾਊਨ (ਪਲੇਗ) ਦੀ ਜ਼ਬਰਦਸਤ ਬੀਮਾਰੀ ਫੈਲ ਗਈ। ਸਾਰਾ ਪਿੰਡ ਘਰ ਛੱਡ ਕੇ ਬਾਹਰ ਆ ਕੇ ਕੁੱਲੀਆਂ ਪਾ ਕੇ ਰਹਿਣ ਲਗ ਪਿਆ। ਅੱਤੋਵਾਲ ਦੀ ਇਹ ਹਾਲਤ ਤੱਕ ਕੇ ਫਿਰ ਹਰਖੋਵਾਲ ਦੇ ਵਸਨੀਕਾਂ ਨੇ ਬਾਬਾ ਜੀ ਦੇ ਬਚਨਾਂ ਨੂੰ ਯਾਦ ਕੀਤਾ; ਕਿ ਇਹ ਪਲੇਗ ਦਾ ਗੋਲਾ ਅੱਤੋਵਾਲ ਤੋਂ ਆਉਣ ਵਾਲਾ ਹੈ। ਆਓ ਚਲ ਕੇ ਮਹਾਂਪੁਰਸ਼ਾਂ ਤੋਂ ਬਖਸ਼ਾਈਏ।

ਹੁਣ ਸਾਰਾ ਪਿੰਡ ਇਕੱਠਾ ਹੋ ਕੇ ਆ ਬਾਬਾ ਜੀ ਦੇ ਚਰਨੀਂ ਪਿਆ ਤੇ ਸਾਰਾ ਪਿੰਡ ਲੱਗਾ ਬੇਨਤੀਆਂ ਕਰਨ। ਇਹ ਪਿੰਡ ਵਾਲਿਆਂ ਦੀਆਂ ਬੇਨਤੀਆਂ ਸੁਣ ਕੇ ਬਾਬਾ ਜੀ ਨੇ ਆਖਿਆ, ਜਾਓ ਰੱਬ ਜੀ (ਸੰਤ ਮਹਾਰਾਜ) ਜੀ ਨੂੰ ਪਲੰਘ ਤੇ ਬੈਠਾ ਕੇ ਲੈ ਜਾਓ; ਸਾਰੇ ਪਿੰਡ ਦੇ ਚੁਫੇਰੇ ਪ੍ਰਕਰਮਾ ਕਰਵਾ ਦੇਵੋ। ਹੁਣ ਸਾਰਾ ਪਿੰਡ ਸੰਤਾਂ ਪਾਸ ਆਇਆ, ਬਾਬਾ ਜੀ ਦੇ ਹੁਕਮ ਅਨੁਸਾਰ ਸੰਤਾਂ ਨੂੰ ਬੇਨਤੀ ਕੀਤੀ। ਸੰਤਾਂ ਨੂੰ ਆਖਿਆ ਕਿ ਬਾਬਾ ਜੀ ਨੂੰ ਲੈ ਜਾਓ। ਫਿਰ ਸਾਰੇ ਬਾਬਾ ਜੀ ਪਾਸ ਆਏ। ਤੇ ਸੰਤਾਂ ਨੇ ਹੁਕਮ ਦੱਸਿਆ ਕਿ ਸੰਤ ਆਖਦੇ ਹਨ ਬਾਬਾ ਜੀ ਨੂੰ ਲੈ ਜਾਓ। ਇਸ ਤਰ੍ਹਾਂ ਹੀ ਪਿੰਡ ਦੀ ਸਾਰੀ ਸੰਗਤ ਨੇ ਇਧਰ ਉਧਰ ਭਾਵ ਕਦੇ ਸੰਤਾਂ ਵਲ ਕਦੇ ਬਾਬਾ ਜੀ ਵਲ ਗੇੜੇ ਮਾਰੇ, ਅਖੀਰ ਫੈਸਲਾ ਹੋਇਆ ਕਿ ਦੋਨੋਂ ਹੀ ਮਹਾਂਪੁਰਸ਼ਾਂ ਨੂੰ ਪਲੰਘ ਤੇ ਬਿਠਾ ਲਿਆ ਜਾਏ, ਦੋਨਾਂ ਮਹਾਂਪੁਰਸ਼ਾਂ ਨੂੰ ਹੀ ਪਿੰਡ ਦੀ ਪ੍ਰਕਰਮਾ ਕਰਾਈ ਜਾਏ।

ਹੁਣ ਵੱਡਾ ਸਾਰਾ ਪਲੰਘ ਲੈ ਆਂਦਾ, ਤਿਸ ਪਲੰਘ ਤੇ ਬਹੁਤ ਸੁੰਦਰ ਵਿਛੌਣਾ ਵਿਛਾ ਕੇ ਦੋਹਾਂ ਹੀ ਮਹਾਂਪੁਰਸ਼ਾਂ ਨੂੰ ਆਪਸ ਦੀ ਸਨਮੁਖ ਮੁਖ ਕਰਕੇ ਪਲੰਘ ਤੇ ਬਿਠਾ ਲਿਆ। ਬਹੁਤ ਸਾਰੀ ਸੰਗਤ ਨੇ ਮਿਲ ਕੇ ਪਲੰਘ ਚੁੱਕ ਲਿਆ। ਸਾਰੀਆਂ ਸੰਗਤਾਂ ਨਾਲ ਹੋ ਤੁਰੀਆਂ ਅਤੇ ਲੱਗੀਆਂ ਪਲੰਘ ਦੇ ਅੱਗੇ-ਅੱਗੇ ਕੀਰਤਨ ਕਰਨ। ਇਸੇ ਤਰ੍ਹਾਂ ਹੀ ਸਾਰੇ ਪਿੰਡ ਦੀ ਪ੍ਰਕਰਮਾ ਕਰਕੇ ਡੇਰੇ ਵਿਚ ਆ ਪਲੰਘ ਉਤਾਰਿਆ। ਬੱਸ ਫਿਰ ਕੀ ਸੀ ਹੋਰਨਾਂ ਨਿਕਟਵਰਤੀ ਪਿੰਡਾਂ ਵਿਚ ਤਾਂ ਪਲੇਗ ਆਈ, ਪਰ ਮਹਾਂਪੁਰਸ਼ਾਂ ਦੀ ਕ੍ਰਿਪਾ ਨਾਲ ਪਿੰਡ ਹਰਖੋਵਾਲ ਬਿਲਕੁਲ ਸਾਫ ਬਚ ਗਿਆ।। ਇਤੀ।।

ਬਾਬੇ ਬਣੇ ਦੀ ਸਾਖੀ—ਆਦਿ ਧਰਮੀ ਸਾਧੂ ਦੀ ਅੱਖੀਂ ਡਿੱਠੀ

ਪਿੰਡ ਹਰਖੋਵਾਲ ਠੀਕ ਪੂਰਬ ਦੀ ਤਰਫ ਤਕਰੀਬਨ ਦੋ ਫਰਲਾਂਗ ਪਰ ਜਿਥੇ ਕਿ ਇਸ ਸਮੇਂ ਪਿੰਡ ਦਾ ਪ੍ਰਾਇਮਰੀ ਸਕੂਲ ਹੈ, ਇਸ ਦੇ ਨਿਕਟ ਹੀ ਇਕ ਸੰਘਣੇ ਦਰੱਖਤਾਂ ਦੀ ਝਿੜੀ ਸੀ। ਜਿਸ ਵਿਚ ਸ਼ੀਸ਼ਮ (ਟਾਹਲੀ) ਦੇ ਬੜੇ ਭਾਰੇ ਦਰੱਖਤ ਸਨ ਅਤੇ ਸੋ ਵੀ ਬਹੁਤ ਪੁਰਾਣੇ। ਟਾਹਲੀਆਂ ਦੀ ਲੱਕੜ ਵਿਚੋਂ ਬਹੁਤ ਲਾਲੀ ਵਾਲੀ ਸੀ ਅਤੇ ਜੜ੍ਹਾਂ ਤੋਂ ਲੈ ਕੇ ਅਖੀਰ ਤਕ ਨਿੱਗਰ ਸੀ। ਪੁਲਾੜ ਥੋੜ੍ਹੇ ਮਾਤਰ ਵੀ ਕਿਸੇ ਵਿਚ ਨਹੀਂ ਸੀ। ਇਸ ਝਿੜੀ ਵਿਚ ਇਕ ਮੋਤੀ ਰਾਮ ਕਰਕੇ ਆਦਿ ਧਰਮੀ ਸਾਧੂ ਬਜ਼ੁਰਗ ਰਹਿੰਦਾ ਸੀ। ਬੜਾ ਫੱਕਰ ਤੇ ਸਾਧੂਆਂ ਦੇ ਚੰਗੇ ਗੁਣਾਂ ਵਾਲਾ ਸੀ। ਭਿਖਸ਼ਾ ਕਰਕੇ ਭੋਜਨ ਛਕਦਾ ਸੀ। ਸੰਤ ਮਹਾਰਾਜ ਜੀ ਨੂੰ ਪਹਿਲੇ ਪਹਿਲ ਇਸ ਮੋਤੀ ਰਾਮ ਸਾਧੂ ਨੇ ਹੀ ਪਿੰਡ ਹਰਖੋਵਾਲ ਵਿਚ ਪ੍ਰਗਟ ਕੀਤਾ ਸੀ। ਇਕ ਦਿਨ ਸੰਤ ਮਹਾਰਾਜ ਜੀ ਵੱਡੀ ਲੈਹਲੀ ਸੱਤਵੇਂ ਪਾਤਿਸ਼ਾਹ ਗੁਰੂ ਹਰਿਰਾਏ ਜੀ ਦੀ ਪਵਿੱਤਰ

ਭੂਮੀ ਗੁਰ ਜੰਡ ਸਾਹਿਬ ਜੀ ਦੇ ਦਰਸ਼ਨ ਨੂੰ ਗਏ। ਗੁਰਦਵਾਰੇ ਦੇ ਦਰਸ਼ਨ ਕਰਕੇ ਤੱਕਿਆ ਕਿ ਗੁਰਦਵਾਰੇ ਦੀ ਨਵੀਂ ਬਿਲਡਿੰਗ ਤਾਂ ਬਣ ਚੁੱਕੀ ਹੈ, ਪਰ ਦਰਵਾਜ਼ੇ ਤਾਕੀਆਂ ਅਤੇ ਤਾਕ ਨਹੀਂ ਲੱਗੇ।

ਇਸੇ ਤਰ੍ਹਾਂ ਹੀ ਗੁਰਦੁਆਰਾ ਹਰੀਆਂ ਵੇਲਾਂ ਵੀ ਸੱਤਵੇਂ ਪਾਤਿਸ਼ਾਹ ਦੀ ਬਿਲਡਿੰਗ ਤਿਆਰ ਹੈ। ਪਰ ਦਰਵਾਜ਼ੇ ਤਾਕੀਆਂ ਨਹੀਂ ਲੱਗੇ। ਜਦੋਂ ਸੰਤ ਇਹ ਗੁਰਦੁਆਰਾ ਤੱਕ ਕੇ ਡੇਰੇ ਆਏ ਤਾਂ ਸੰਤਾਂ ਨੇ ਹਰਖੋਵਾਲ ਪਿੰਡ ਦੇ ਮੁਖੀ ਆਪਣੇ ਪਾਸ ਬੁਲਾਏ, ਅਤੇ ਆਪਣਾ ਆਸ਼ਾ ਸਾਰਿਆਂ ਵਿਚ ਪ੍ਰਗਟ ਕੀਤਾ ਕਿ ਬਾਬੇ ਬਣੇ ਵਿਚ ਜੋ ਮੋਟੀ ਲੱਕੜ ਹੈ, ਟਾਹਲੀਆਂ ਤੋਂ ਆਦਿ ਸਾਰੀ ਵੱਢ ਲਈ ਜਾਏ। ਪਿੰਡ ਦੇ ਮੁਖੀਆਂ ਨੇ ਸੰਤਾਂ ਤੋਂ ਸੁਣ ਕੇ ਆਖਿਆ ਕਿ ਮਹਾਰਾਜ ਜੀ ਇਹ ਜਗ੍ਹਾ ਬੜੀ ਕਰੜੀ ਹੈ, ਭਾਵ ਇਥੇ ਗੁਪਤ ਫੌਜਾਂ ਰਹਿੰਦੀਆਂ ਹਨ। ਇਥੋਂ ਕੋਈ ਇਕ ਮਾਮੂਲੀ ਲੱਕੜ ਵੀ ਚੁੱਕ ਲਵੇ ਉਦੋਂ ਹੀ ਉਸਨੂੰ ਫੜ ਕੇ ਬੜੀ ਸਖਤ ਸਜ਼ਾ ਦਿੰਦੇ ਹਨ। ਆਪ ਜੀ ਆਖਦੇ ਹੋ ਕਿ ਸਾਰੇ ਦਰੱਖਤ ਪੁੱਟਣੇ ਹਨ। ਸੰਤਾਂ ਨੇ ਆਖਿਆ ਸੁਣੋ ਭਾਈਓ! ਇਥੇ ਕੌਣ ਸਜ਼ਾ ਦੇਣ ਵਾਲਾ ਹੈ? ਲੋਕਾਂ ਨੇ ਕਿਹਾ ਜੀ ਬਾਬਾ ਬਣਾ ਹੈ। ਫਿਰ ਸੰਤਾਂ ਨੇ ਆਖਿਆ ਕਿ ਸੱਜਣੋ ਇਹ ਵਿਚਾਰਾ ਪਤਾ ਨਹੀਂ ਕਦ ਕੁ ਦਾ ਇਥੇ ਦੁੱਖ ਰੂਪੀ ਜੋਨੀ ਭੋਗਦਾ ਹੈ। ਅਸੀਂ ਤਾਂ ਇਸ ਦਾ ਕਲਿਆਣ ਕਰਨਾ ਚਾਹੁੰਦੇ ਹਾਂ। ਤੁਸੀਂ ਆਖਦੇ ਹੋ ਇਹ ਦੁਖ ਦੇਵੇਗਾ। ਕਈ ਚਿਰਾਂ ਤੋਂ ਜਿਸ ਦਿਨ ਤੋਂ ਅਸੀਂ ਇਥੇ ਆ ਕੇ ਬੈਠੇ ਹਾਂ, ਉਸੀ ਦਿਨ ਤੋਂ ਬੇਨਤੀਆਂ ਕਰਦਾ ਹੈ ਕਿ ਇਸ ਜੂਨ ਵਿਚੋਂ ਮੇਰਾ ਛੁਟਕਾਰਾ ਕਰਵਾ ਦੇਵੋ ਮਹਾਰਾਜ।

ਹੁਣ ਇਸ ਦੀਆਂ ਬੇਨਤੀਆਂ ਨੂੰ ਸੁਣ ਕੇ ਅਕਾਲ ਪੁਰਖ ਵਲੋਂ ਹੁਕਮ ਹੋਇਆ ਹੈ ਕਿ ਇਸ ਦਾ ਅੱਡਾ-ਗੱਡਾ ਇਥੋਂ ਪੁੱਟ ਕੇ ਇਸ ਦੀ ਕਲਿਆਣ ਕਰੋ। ਇਸ ਲਈ ਇਹ ਕੁਝ ਨਹੀਂ ਕਹੇਗਾ। ਕਿਉਂਕਿ ਇਥੇ ਦੀ ਸਾਰੀ ਲੱਕੜ ਸੱਤਵੇਂ ਸਤਿਗੁਰੂ ਦੋ ਜਹਾਨ ਦੇ ਵਾਲੀ ਦੇ ਪਵਿੱਤਰ ਅਸਥਾਨ ਵੱਡੀ ਲਹਿਲੀ ਤੇ ਹਰੀਆਂ ਵੇਲਾਂ ਦੇ ਗੁਰਦਵਾਰੇ ਨੂੰ ਲਵਾ ਕੇ ਸਫਲੀ ਕਰਨੀ ਹੈ। ਬੱਸ ਫਿਰ ਕੀ ਸੀ, ਸੰਤ ਮਹਾਰਾਜ ਉਥੇ ਬੈਠ ਗਏ ਅਤੇ ਬਾਬਾ ਈਸ਼ਰ ਸਿੰਘ ਜੀ ਦਾ ਪਲੰਘ ਇਥੇ ਲੈ ਆਂਦਾ। ਬਾਬਾ ਜੀ ਵੀ ਇਥੇ ਪਲੰਘ ਤੇ ਆ ਕੇ ਬੈਠ ਗਏ।

ਟਾਹਲੀ ਦੇ ਸਾਰੇ ਬ੍ਰਿਛ ਜੜ੍ਹਾਂ ਤੋਂ ਪੁੱਟਣੇ ਸ਼ੁਰੂ ਕਰ ਦਿਤੇ। ਇਸੇ ਝਿੜੀ ਵਿਚ ਸ਼ਰੀਂਹ ਦਾ ਬਹੁਤ ਉੱਚਾ ਤੇ ਮੋਟਾ ਤੇ ਫਲਦਾਰ ਬ੍ਰਿਛ ਸੀ। ਇਸ ਦੇ ਪੁੱਟਣ ਦੀ ਸੇਵਾ ਆਦਿ ਧਰਮੀਆਂ ਦੀ ਲਾਈ। ਆਦਿ ਧਰਮੀ ਸ਼ਰੀਂਹ ਦੇ ਦਰੱਖਤ ਨੂੰ ਪੁੱਟਣ ਦਾ ਹੁਕਮ ਸੁਣ ਕੇ ਸਾਰੇ ਠਠੰਬਰ ਗਏ। ਸਾਰੇ ਆਦਿ ਧਰਮੀਆਂ ਨੂੰ ਸੰਤਾਂ ਨੇ ਪੁਛਿਆ ਕੀ ਗੱਲ ਹੈ, ਤੁਸੀਂ ਦਹਿਲ ਕਿਉਂ ਗਏ? ਆਦਿ ਧਰਮੀਆਂ ਨੇ ਕਿਹਾ, ਕਿ ਗਰੀਬ-ਨਿਵਾਜ਼ ਇਹ ਸਯਦ ਮੰਨਿਆ ਹੈ, ਇਸ ਦੇ ਪੁੱਟਣ ਤੋਂ ਪਾਪ ਲੱਗਦਾ ਹੈ। ਸੰਤ ਨੇ ਆਖਿਆ ਕਿ ਭਲਿਓ ਬਾਬਾ ਜੀ ਵੀ ਆ ਕੇ ਇਥੇ ਬੈਠ ਗਏ ਹਨ, ਅਸੀਂ ਵੀ ਤੁਹਾਡੇ ਪਾਸ ਹਾਂ, ਫਿਰ ਸਾਡੇ ਹੁਕਮ ਨਾਲ ਪੁਟਦੇ ਹੋ, ਹੈਰਾਨੀ ਦੀ ਗੱਲ ਹੈ ਕਿ ਫਿਰ ਵੀ ਤੁਹਾਨੂੰ ਕੋਈ ਪਾਪ ਲੱਗੇਗਾ। ਸਾਧੂ ਆਦਿ ਧਰਮੀਆਂ ਨੇ ਆਖਿਆ ਕਿ ਪਤਿਤ ਪਾਵਨ ਜੀਉ, ਇਸ ਸ਼ਰੀਂਹ ਤੇ ਗਿਆਰਾਂ ਡੂਮਣੇ ਮਾਖੋ ਲੱਗੇ ਹੋਏ ਹਨ। ਜਦੋਂ ਇਸ ਨੂੰ ਪੁਟਿਆ ਤਾਂ ਡੂਮਣੇ ਉੱਡ ਕੇ ਸਾਰਿਆਂ ਨੂੰ ਖਾ ਜਾਣਗੇ। ਸੰਤਾਂ ਨੇ ਹੁਕਮ ਕੀਤਾ ਕਿ ਕੋਈ ਮੱਖੀ ਤੁਹਾਨੂੰ ਕਿਸੇ ਨੂੰ ਵੀ ਨਹੀਂ ਲੜੇਗੀ। ਬਲਕਿ ਇਹ ਸਾਰੇ ਮਾਖੋ ਆਪ ਹੀ ਚਲੇ ਜਾਣਗੇ। ਸੰਤਾਂ ਦਾ ਹੁਕਮ ਮੰਨ ਕੇ ਸਾਰੇ ਆਦਿ ਧਰਮੀ ਸ਼ਰੀਂਹ ਨੂੰ ਪੁੱਟਣ ਲਗ ਪਏ। ਜਦੋਂ ਪੁਟਿਆ ਗਿਆ ਤਾਂ ਧਰਤੀ ਤੇ ਡਿੱਗ ਗਿਆ ਤਾਂ ਮੱਖੀਆਂ ਆਪਣੇ ਆਪ ਉੱਡਣ ਲਗ ਪਈਆਂ। ਅਸੀਂ ਸਾਰਿਆਂ ਨੇ ਹੱਥਾਂ ਨਾਲ ਸ਼ਹਿਤ ਲੈ ਲੈ ਕੇ ਖਾਧਾ। ਸਾਡੇ ਕਿਸੇ ਬੰਦੇ ਨੂੰ ਵੀ ਜੋ ਉਸ ਸਮੇਂ ਝਿੜੀ ਵਿਚ ਦਰੱਖਤ ਵੱਢਦੇ ਸਨ, ਕਿਸੇ ਨੂੰ ਵੀ ਮੱਖੀ ਨਹੀਂ ਲੜੀ। ਫਿਰ ਇਹ ਸਾਰੀ ਸ਼ੀਸ਼ਮ ਤੇ ਸ਼ਰੀਂਹ ਦੀ ਲੱਕੜ ਦੋਨਾਂ ਗੁਰਦੁਆਰਿਆਂ ਵਿਚ ਪਹੁੰਚਾ ਦਿੱਤੀ ਗਈ। ਜਿਸ ਲੱਕੜ ਤੋਂ ਦੋਨਾਂ ਗੁਰਦੁਆਰਿਆਂ ਦੀਆਂ ਤਾਕੀਆਂ ਦਰਵਾਜ਼ੇ ਲਾ ਕੇ ਪੂਰਨ ਸੇਵਾ ਕੀਤੀ ਗਈ, ਅਤੇ ਮੁੜ ਬਾਬੇ ਬਣੇ ਦਾ ਕਿਸੇ ਨੂੰ ਭੈ ਨਹੀਂ ਹੋਇਆ। ਉਸ ਗੁਪਤ ਫੌਜਾਂ ਦੀ ਮੁਕਤੀ ਕਰ ਦਿਤੀ ਗਈ।

ਨੋਟ: ਹਰਖੋਵਾਲੀਆਂ ਆਦਿ ਧਰਮੀਆਂ ਨੂੰ ਸ਼ਰੀਂਹ ਦੇ ਪੁੱਟਣ ਦੀ ਸੇਵਾ ਦਿਤੀ ਸੀ ਤੇ ਧਿਕਾਨ ਗੜ੍ਹ ਵਾਲਿਆਂ

ਨੂੰ ਟਾਹਲੀ ਪੁੱਟਣ ਦੀ ਸੇਵਾ ਦਿਤੀ ਗਈ। ਧਿਕਾਨ ਗੜ੍ਹ ਵਾਲਿਆਂ ਨੇ ਬੜੇ ਹੰਕਾਰ ਭਰੇ ਬਚਨਾਂ ਵਿਚ ਕਿਹਾ, ਕਿ ਸੰਤਾਂ ਨੇ ਸਾਨੂੰ ਕੀ ਇਹ ਤੁੱਛ ਜਿਹੀ ਸੇਵਾ ਦਿਤੀ ਹੈ। ਅਸੀਂ ਤਾਂ ਇਸ ਟਾਹਲੀ ਨੂੰ ਇਕ ਘੰਟੇ ਵਿਚ ਹੀ ਪੁੱਟ ਦੇਵਾਂਗੇ। ਧਿਕਾਨ ਗੜ੍ਹ ਵਾਲੇ ਬੜੇ ਜ਼ੋਰ-ਸ਼ੋਰ ਨਾਲ ਪੁੱਟਣ ਲਗ ਪਏ, ਪਰ ਸੰਤ ਮਹਾਰਾਜ ਜੀ ਨੇ ਤਿਨ੍ਹਾਂ ਦਾ ਹੰਕਾਰ ਦੇਖ ਕੇ ਆਖਿਆ ਕਿ ਧਿਕਾਨ ਗੜ੍ਹੀਓ, ਤੁਸੀਂ ਕਿਤਨਾ ਵੀ ਯਤਨ ਕਰੋ ਤੇ ਜ਼ੋਰ ਲਾਵੋ ਪਰ ਟਾਹਲੀ ਅੱਜ ਨਹੀਂ ਗਿਰੇਗੀ। ਕੱਲ੍ਹ ਬਾਰਾਂ ਵਜੇ ਟਾਹਲੀ ਗਿਰੇਗੀ। ਧਿਕਾਨ ਗੜ੍ਹੀਆਂ ਨੇ ਬੜਾ ਯਤਨ ਕੀਤਾ, ਟਾਹਲੀ ਦੀਆਂ ਸਾਰੀਆਂ ਜੜ੍ਹਾਂ ਵੀ ਵੱਢ ਦਿੱਤੀਆਂ। ਬਿਲਕੁਲ ਕੋਈ ਜੜ੍ਹ ਨਹੀਂ ਰਹਿਣ ਦਿਤੀ। ਰੱਸੇ ਪਾ ਕੇ ਖਿੱਚੀ ਵੀ ਕਿ ਖਿੱਚਣ ਕਰਕੇ ਹੀ ਗਿਰ ਜਾਏ, ਪਰ ਡਿਗੀ ਨਾ, ਅਖੀਰ ਰਾਤ ਪੈ ਗਈ, ਰਾਤ ਨੂੰ ਗੁਰੂ ਕਾ ਲੰਗਰ ਛਕ ਕੇ ਸੌਂ ਗਏ ਜੋ ਗੁਰੂ ਕਾ ਲੰਗਰ ਉਸੀ ਜਗ੍ਹਾ ਅਟੱਲ ਚੱਲ ਰਿਹਾ ਹੈ।

ਹੁਣ ਰਾਤ ਖਤਮ ਹੋਈ। ਦਿਨ ਚੜ੍ਹਿਆ, ਧਿਕਾਨ ਗੜ੍ਹੀਏ ਫਿਰ ਆ ਕੇ ਟਾਹਲੀ ਸੁੱਟਣ ਵਾਸਤੇ ਜ਼ੋਰ ਲਾਉਂਦੇ, ਪਰ ਟਾਹਲੀ ਗਿਰ ਨਹੀਂ ਰਹੀ। ਹੁਣ ਤਕਰੀਬਨ ਸਾਢੇ ਗਿਆਰਾਂ ਹੋਏ ਸੰਤ ਆਪਣੀ ਕੁਟੀਆ ਤੋਂ ਚਲ ਕੇ ਬਾਬੇ ਬਣੇ ਅੱਪੜੇ, ਸਾਰੀ ਸੰਗਤ ਨੂੰ ਦਰਸ਼ਨ ਦਿਤਾ। ਸਾਰੀ ਸੰਗਤ ਨੇ ਸਤਿਕਾਰ ਸਹਿਤ ਨਮਸ਼ਕਾਰਾਂ ਕੀਤੀਆਂ। ਹੁਣ ਸੰਤਾਂ ਨੇ ਆਪਣੀ ਰਸਨਾ ਤੋਂ ਆਖ ਕੇ ਬੰਦੇ ਦੂਰ-ਦੂਰ ਕਰ ਦਿਤੇ। ਡੇਰੇ ਵੱਲ ਦਾ ਪਾਸਾ ਬਿਲਕੁਲ ਬੰਦਿਆਂ ਤੋਂ ਖਾਲੀ ਕਰ ਦਿਤਾ। ਫਿਰ ਸੰਤਾਂ ਨੇ ਆਪਣਾ ਹਸਤ ਕਮਲ ਟਾਹਲੀ ਨਾਲ ਮਲਕੜੇ ਜਿਹੇ ਲਾਇਆ। ਸੰਤਾਂ ਦਾ ਹੱਥ ਲੱਗਣ ਤੋਂ ਟਾਹਲੀ ਇਕ ਦਮ ਜਾ ਗਿਰੀ, ਜਦੋਂ ਘੜੀਆਂ ਵਾਲਿਆਂ ਨੇ ਘੜੀਆਂ ਦਾ ਟਾਈਮ ਤੱਕਿਆ ਤਾਂ ਠੀਕ ਬਾਰਾਂ ਹੀ ਵਜੇ ਸਨ। ਉਸ ਸਮੇਂ ਸਾਰੀ ਸੰਗਤ ਨੇ ਮੱਥਾ ਟੇਕਿਆ ਤੇ ਸਾਰਿਆਂ ਦੇ ਹਿਰਦੇ ਸ਼ਰਧਾ ਨਾਲ ਭਰ ਗਏ। ਆਖਣ ਲੱਗੇ, ਧੰਨ ਧੰਨ ਸੰਤ, ਜਿਨ੍ਹਾਂ ਦੇ ਬਚਨ ਸਤਿ ਤੇ ਅਟੱਲ ਹਨ।। ਇਤੀ।।

ਸ੍ਰ: ਜਗਤ ਸਿੰਘ ਜੀ ਠੇਕੇਦਾਰ ਬਿਣਗਾਂ ਵਾਲਿਆਂ ਦਾ ਸੰਤ ਮਹਾਰਾਜ ਜੀ ਨਾਲ ਸੰਗ ਹੋਣਾ

ਸ੍ਰ: ਭਗਤ ਸਿੰਘ ਜੀ ਤੇ ਸ੍ਰ: ਜਗਤ ਸਿੰਘ ਜੀ ਦੋਨੋਂ ਸਕੇ ਭਰਾ ਸਨ ਅਤੇ ਦੋਨੋਂ ਸ਼ਾਦੀ-ਸ਼ੁਦਾ ਸਨ। ਸ੍ਰ: ਭਗਤ ਸਿੰਘ ਜੀ ਦੀ ਪਤਨੀ ਬੀਬੀ ਬਸੰਤ ਕੌਰ ਸੀ ਅਤੇ ਸ੍ਰ: ਜਗਤ ਸਿੰਘ ਦੀ ਪਤਨੀ ਧੰਨ ਕੌਰ ਸੀ। ਇਨ੍ਹਾਂ ਦਾ ਪਿਛਲਾ ਪਿੰਡ ਸੰਧਵਾਂ ਫਗਲਾ ਹੈ। ਬੀਬੀ ਬਸੰਤ ਕੌਰ ਦਾ ਪਤੀ ਭਗਤ ਸਿੰਘ ਜੀ ਸੰਤ ਮਹਾਰਾਜ ਜੀ ਦੇ ਨਾਲ 35 ਸਿੱਖ ਪਲਟਨ ਵਿਚ ਨੌਕਰ ਸੀ। ਸ੍ਰ: ਭਗਤ ਸਿੰਘ ਆਪਣੀ ਪਲਟਨ ਵਿਚ ਵੀ ਸੰਤਾਂ ਦੇ ਬਹੁਤ ਪ੍ਰੇਮੀ ਅਤੇ ਸੰਤਾਂ ਦੇ ਸਿਮਰਨ ਕਰਨ ਵਾਲੇ ਜਥੇ ਵਿਚੋਂ ਇਕ ਖਾਸ ਪ੍ਰੇਮੀ ਸਨ। ਜਦੋਂ ਪਲਟਨ ਵਿਚੋਂ ਹੌਲਦਾਰੀ ਪੈਨਸ਼ਨ ਆ ਗਏ ਤਾਂ ਵੀ ਸੰਤਾਂ ਨਾਲ ਗਾਹੇ-ਬਗਾਹੇ ਆ ਕੇ ਸੰਤਾਂ ਦੇ ਦਰਸ਼ਨ ਕਰਦੇ ਤੇ ਸਤਿਸੰਗ ਕਰਦੇ ਰਹਿੰਦੇ। ਸ੍ਰ: ਭਗਤ ਸਿੰਘ ਜੀ ਆਪਣੀ ਜ਼ਿੰਦਗੀ ਦਾ ਸਫਰ ਪੂਰਾ ਕਰਕੇ ਜੋਤੀ ਜੋਤ ਸਮਾ ਗਏ।

ਆਪ ਜੀ ਦੇ ਘਰ ਵਿਚ ਕੋਈ ਵੀ ਬੱਚਾ ਪੈਦਾ ਨਹੀਂ ਹੋਇਆ। ਪਰ ਆਪ ਜੀ ਦੇ ਪਿਛੇ ਪਰਵਾਰ ਨੂੰ ਸੰਤ ਮਹਾਰਾਜ ਦੇ ਅਨਿੰਨ ਸੇਵਕ ਤੇ ਪ੍ਰੇਮੀ ਸ਼ਰਧਾਲੂ ਬਣਾ ਗਿਆ। ਇਹ ਵਾਰਤਾ ਦਾਸ ਸੰਨ 1924 ਦੀ ਲਿਖ ਰਿਹਾ ਹੈ। ਬੀਬੀ ਬਸੰਤ ਕੌਰ ਨੂੰ ਵਾਹਿਗੁਰੂ ਨੇ ਰੂਪ ਸੁੰਦਰ ਦਿਤਾ ਸੀ ਅਤੇ ਜਵਾਨੀ ਵੀ ਮਹਾਨ ਚੜ੍ਹਦੀ ਕਲਾ ਦੀ ਸੀ ਅਤੇ ਘਰ ਵਿਚ ਮਾਇਆ ਦੇ ਵੀ ਵਾਹਿਗੁਰੂ ਨੇ ਖੁਲ੍ਹੇ ਗੱਫੇ ਦਿੱਤੇ ਹੋਏ ਸਨ। ਜਿਥੇ ਵਾਹਿਗੁਰੂ ਨੇ ਇਹ ਜਗਤ ਦੀਆਂ ਤਿੰਨ ਚੀਜ਼ਾਂ ਬਖਸ਼ੀਆਂ ਸਨ, ਉਥੇ ਬਸੰਤ ਕੌਰ ਦੇ ਉਸ ਹਿਰਦੇ ਅੰਦਰ ਸੰਤ ਮਹਾਰਾਜ ਜੀ ਦੀ ਪ੍ਰੇਮਾ-ਭਗਤੀ, ਸ਼ਰਧਾ ਸਿਦਕ ਤੇ ਸਿਮਰਨ ਦੀ ਵੀ ਅਤੀ ਬਖਸ਼ਿਸ਼ ਸੀ। ਨਾਲ ਕਿਰਤ ਕਰਕੇ ਦਸਵੰਧ ਵੀ ਸੰਤਾਂ ਨੂੰ ਦੇਣਾ ਅਤੇ ਗਰੀਬ ਅਤਿਥੀ ਨੂੰ ਭੋਜਨ ਵੀ ਦਿੰਦੇ ਰਹਿੰਦੇ। ਭਾਵੇਂ ਵੀ ਸ੍ਰ: ਜਗਤ ਸਿੰਘ ਜੀ ਤੇ ਬੀਬੀ ਧੰਨ ਕੌਰ ਦੇ ਬੱਚੇ ਬੱਚੀਆਂ ਸਨ। ਗੁਰੂ ਦੀ ਬਖਸ਼ਿਸ਼ ਨਾਲ ਦੋ ਲੜਕੇ ਤੇ ਤਿੰਨ ਬੀਬੀਆਂ ਸਨ। ਸਾਰੇ ਦਾ ਸਾਰਾ ਪਰਵਾਰ ਬੀਬੀ ਬਸੰਤ ਕੌਰ ਦਾ ਬਹੁਤ

ਸਤਿਕਾਰ ਕਰਦੇ ਸਨ। ਘਰ ਵਿਚ ਹੁਕਮਦਾਰੀ ਸਭ ਬੀਬੀ ਬਸੰਤ ਕੌਰ ਦੀ ਸੀ। ਪਰ ਸ਼ਾਬਾਸ਼ ਇਸ ਪਰਵਾਰ ਦੇ ਅਤੇ ਸ: ਜਗਤ ਸਿੰਘ ਜੀ ਦੇ ਅਤੇ ਬਹੁਤ ਹੀ ਸ਼ਾਬਾਸ਼ ਬੀਬੀ ਧੰਨ ਕੌਰ ਜੀ ਦੇ ਜਿਨ੍ਹਾਂ ਨੇ ਕਦੇ ਵੀ ਬੀਬੀ ਬਸੰਤ ਕੌਰ ਦੇ ਚਿੱਤ ਵਿਚ ਇਹ ਪੈਦਾ ਨਹੀਂ ਹੋਣ ਦਿਤਾ ਕਿ ਇਹ ਘਰ ਸ: ਭਗਤ ਸਿੰਘ ਜੀ ਦਾ ਨਹੀਂ ਜਾਂ ਸ: ਜਗਤ ਸਿੰਘ ਜੀ ਦਾ ਹੈ।

ਹੁਣ ਸੰਤ ਮਹਾਰਾਜ ਜੀ ਦੀ ਆਗਿਆ ਨਾਲ ਓਂਕਾਰ ਬੱਸ ਕੰਪਨੀ ਲਿਮਿਟਿਡ ਵਿਚ ਹਿੱਸੇ ਪਾ ਲਏ। ਸਾਰਿਆਂ ਤੋਂ ਵੱਡਾ ਹਿੱਸਾ ਸ: ਜਗਤ ਸਿੰਘ ਜੀ ਦਾ ਸੀ, ਉਹ ਆਪ ਹੀ ਇਸ ਬੱਸ ਕੰਪਨੀ ਦੇ ਕਰਤਾ-ਧਰਤਾ ਸਨ। ਇਹ ਸਾਰਾ ਪਰਵਾਰ ਸੰਤਾਂ ਦੀ ਕ੍ਰਿਪਾ ਕਰਕੇ ਸੰਤ ਸੇਵੀ ਬਣ ਗਿਆ ਸੀ। ਸੰਤ ਮਹਾਰਾਜ ਜੀ ਦੇ ਨਾਲ ਸੰਤ ਮੰਡਲ ਆਉਂਦਾ ਹੀ ਰਹਿੰਦਾ ਸੀ। ਸੰਤ ਬਾਬਾ ਹੀਰਾ ਸਿੰਘ ਜੀ ਮਹਾਨ ਤਪੱਸਵੀ ਪਿੰਡ ਬਿਹਾਲੇ ਵਾਲੇ ਤੇ ਵੈਦ ਰਾਜਯ ਬਾਬਾ ਦਲੀਪ ਸਿੰਘ ਜੀ ਨੇ ਵੀ ਇਸ ਘਰ ਵਿਚ ਚਰਨ ਪਾਏ ਹਨ। ਉਸ ਸਮੇਂ ਹਮੇਸ਼ਾ ਹੀ ਕੋਈ ਨਾ ਕੋਈ ਚੰਗੀ ਬਿਰਤੀ ਵਾਲਾ ਸਾਧੂ ਇਨ੍ਹਾਂ ਦੇ ਘਰ ਵਿਚ ਰਿਹਾਇਸ਼ ਰੱਖਦਾ ਸੀ। ਜਿਨ੍ਹਾਂ ਵਿਚੋਂ ਇਕ ਮਸਤਾਨੇ ਸਾਧੂ ਰਾਜਾ ਜੀ ਸਨ, ਜਿਨ੍ਹਾਂ ਦਾ ਕੁਝ ਹਵਾਲਾ ਅੱਗੇ ਲਿਖਾਂਗਾ।

ਸੰਗਤ ਸਮੇਤ ਹੋਤੀ ਮਰਦਾਨ ਦੀ ਪਹਿਲੀ ਵਾਰ ਯਾਤਰਾ

1930 ਦਾ ਸੰਮਤ ਭਾਗਾਂ ਵਾਲਾ ਚੜ੍ਹਿਆ ਤਾਂ ਇਕ ਦਿਨ ਸੰਤ ਮਹਾਰਾਜ ਜੀ ਪਿੰਡ ਬਿਣਗਾਂ ਵਿਚ ਸ: ਜਗਤ ਸਿੰਘ ਜੀ ਦੇ ਘਰ ਗਏ। ਸ: ਜਗਤ ਸਿੰਘ ਜੀ ਨੇ ਤੇ ਬੀਬੀ ਬਸੰਤ ਕੌਰ ਨੇ ਸਾਰੇ ਪਰਿਵਾਰ ਨਾਲ ਮਿਲ ਕੇ ਸੰਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹਜ਼ੂਰ ਇਹ ਬੱਸ ਨਵੀਂ ਲਈ ਹੈ। ਸਾਡੀ ਸੁਖਣਾ ਹੈ ਕਿ ਇਸ ਬੱਸ ਵਿਚ ਸੰਤ ਮਹਾਰਾਜ ਜੀ ਦੇ ਸਮੇਤ ਡੇਰੇ ਦੇ ਸੇਵਾਦਾਰ ਤੇ ਹੋਰ ਸੰਤ ਜਨ ਸਾਡੇ ਪਰਿਵਾਰ ਸਹਿਤ ਹੋਤੀ ਮਰਦਾਨ ਜੀ ਦੀ ਯਾਤਰਾ ਕਰਵਾਣੀ ਹੈ। ਕਿਉਂਕਿ ਸਤਿਗੁਰੂ ਜੀ ਦਾ ਅਟੱਲ ਹੁਕਮ ਹੈ ਕਿ ਜਿਸ ਉੱਪਰ ਸੰਤ ਜਨ ਚੜ੍ਹ ਕੇ ਅਸਵਾਰੀ ਕਰਦੇ ਹਨ ਸੋ ਸਭ ਕੁਝ ਪਵਿੱਤਰ ਹੋ ਜਾਂਦਾ ਹੈ। ਗੁਰਵਾਕ ਹੈ:

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ।।
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਰਿ ਜਿਨੀ ਗੁਰਮੁਖਿ ਸੇਵਕ ਸਿਖ
ਅਭਿਆਗਤ ਜਾਇ ਵਰਸਾਤੇ।।
ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿ.. ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ।।
ਤਿਨ ਕੇ ਕਰਮ ਧਰਮ ਕਾਰਜ ਸਤਿ ਪਵਿਤੁ ਹਰਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ।।
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ।। ੧੬।। (ਪੰਨਾ ੬੪੮)

ਸ: ਜਗਤ ਸਿੰਘ ਜੀ ਦੀ ਇਹ ਬੇਨਤੀ ਮੰਨੀ ਗਈ। ਹੁਕਮ ਹੋਇਆ ਅੱਸੂ ਮਹੀਨੇ ਵਿਚ ਦਸਮੀ ਦੇ ਸਰਾਧ ਪਰ ਚੱਲਾਂਗੇ। ਭਾਗਾਂ ਭਰਿਆ ਅੱਸੂ ਦਾ ਮਹੀਨਾ ਚੜ੍ਹਿਆ। ਜਿਸ ਮਹੀਨੇ ਬਾਬਤ ਦੁਨੀਆਂ ਦੀ ਕਹਾਵਤ ਹੈ ਕਿ: *ਅਸੂ ਮਾਂਹ ਨਿਰਾਲੇ।। ਦਿਨ ਨੂੰ ਧੁਪਾਂ ਰਾਤ ਨੂੰ ਪਾਲੇ।।* ਦਿਨ ਲੰਘਦੇ ਗਏ, ਬੜੀ ਉਡੀਕ ਕਰਦਿਆਂ ਭਾਗਾਂ ਭਰਿਆ ਦਿਨ ਨੇੜੇ ਆ ਗਿਆ। ਜਦੋਂ ਪੰਜਵਾਂ ਸਰਾਧ ਦਾ ਦਿਨ ਆਇਆ ਤਾਂ ਸ: ਜਗਤ ਸਿੰਘ ਸਾਰੇ ਪਰਿਵਾਰ ਸਮੇਤ ਮੋਟਰ ਲੈ ਕੇ ਡੇਰੇ ਆ ਗਿਆ। ਡੇਰੇ ਸੰਤਗੜ੍ਹ ਵਿਚ ਹੋਤੀ ਮਰਦਾਨ ਜਾਣ ਵਾਸਤੇ ਸੰਗਤਾਂ ਤਿਆਰ ਹੋ ਕੇ ਆ ਗਈਆਂ। ਸੰਤ ਬਾਬਾ ਬਿਸ਼ਨ ਸਿੰਘ ਜੀ ਅਤੇ ਨਾਲ ਬੀਬੀ ਈਸ਼ਰ ਕੌਰ ਜੀ ਜੋ ਉਸ ਸਮੇਂ ਸੰਤਾਂ ਦੀ ਸੇਵਾ ਕਰਕੇ ਜੀਵਨ ਸਫਲਾ ਕਰਦੇ ਸਨ। ਬਾਬਾ ਦਲੀਪ ਸਿੰਘ ਜੀ ਸੂਨੀ ਵਾਲੇ, ਬਾਬਾ ਪਰਦੁਮਨ ਸਿੰਘ ਜੀ ਪੱਦੀ ਵਾਲੇ, ਡੇਰੇ ਤੋਂ ਸੰਤ ਗੁਰਬਚਨ ਸਿੰਘ ਘੋੜਿਆਂ ਵਾਲਾ, ਸੰਤ ਮੇਹਰ ਸਿੰਘ ਜੀ, ਸੰਤ ਇੰਦਰ ਸਿੰਘ ਜੀ, ਸੰਤ ਰਣ ਸਿੰਘ ਜੀ, ਬੀਬੀ ਰਾਧੋ ਜੀ, ਬੀਬੀ ਅਮਰ ਕੌਰ ਜੀ ਤਿੰਨ ਕੁ ਯਾਤਰੂ ਤਨੌਲੀ ਤੋਂ ਹੋਰ ਸਨ। ਗੱਲ ਕੀ 40 ਯਾਤਰੂਆਂ ਦੀ ਬੱਸ ਸੀ। ਸਾਰੀ ਦੀ ਸਾਰੀ ਭਰ ਗਈ।

ਛੇਵੇਂ ਸਰਾਧ ਵਾਲੇ ਦਿਨ ਡੇਰੇ ਤੋਂ ਬੱਸ ਚੱਲ ਪਈ। ਇਕ ਰਾਤ ਪੰਜਾ ਸਾਹਿਬ ਰਹੇ। ਦੂਸਰੇ ਦਿਨ 7ਵੇਂ ਸਰਾਧ ਨੂੰ ਹੋਤੀ ਮਰਦਾਨ ਚਲੇ ਗਏ। ਫਿਰ ਸਾਰੀ ਸੰਗਤ ਨੇ ਕਾਲੀ ਨਦੀ ਵਿਚ ਇਸ਼ਨਾਨ ਕਰਕੇ ਆ ਗੁਰਦਵਾਰੇ ਦੇ ਦਰਸ਼ਨ ਕੀਤੇ। ਗੁਰਦਵਾਰੇ ਵਿਚ ਮਹਾਨ ਸੁੰਦਰ ਪਾਲਕੀ ਵਿਚ ਗੁਰੂ ਗ੍ਰੰਥ ਜੀ ਦਾ ਪ੍ਰਕਾਸ਼ ਸੀ। ਸੰਤਾਂ ਨੇ ਪਹਿਲਾਂ ਡੰਡਉਤ ਕੀਤੀ। ਸੰਤਾਂ ਦੀ ਡੰਡਉਤ ਸਾਰਿਆਂ ਵਾਸਤੇ ਅਦ੍ਰਿਸ਼ਕ ਨਮਸ਼ਕਾਰ ਸੀ। ਦੋਏ ਬਾਹਵਾਂ ਅੱਗੇ ਨੂੰ ਵਧਾ ਕੇ ਤੇ ਹੱਥ ਜੋੜ ਕੇ ਲੱਤਾਂ ਬਿਲਕੁਲ ਸਿੱਧੀਆਂ ਮਸਤਕ ਸੰਤਾਂ ਦਾ ਉਸ ਪਈ ਧੂੜੀ ਪਰ ਰੱਖਿਆ ਸੀ। ਕੁਝ ਮਿੰਟ ਇਸੇ ਤਰ੍ਹਾਂ ਬਿਰਤੀ ਇਕਾਗਰਤਾ ਵਿਚ ਨੇਤਰ ਮੁੰਦਰਤ ਪਰ ਨੇਤਰਾਂ ਵਿਚੋਂ ਵੈਰਾਗ ਦਾ ਜਲ ਤੁੱਪ ਤੁੱਪ ਧਰਤੀ ਪਰ ਡਿੱਗ ਰਿਹਾ ਸੀ। ਮਾਲੂਮ ਇਉਂ ਹੁੰਦਾ ਸੀ ਕਿ ਆਪਣੇ ਗੁਰਦੇਵ ਦੇ ਚਰਨ ਪਰ ਸੀਸ ਟਿਕਿਆ ਹੈ ਤੇ ਹੰਝੂਆਂ ਦੇ ਪਾਣੀ ਨਾਲ ਗੁਰਦੇਵ ਜੀ ਦੇ ਚਰਨ ਧੋ ਰਹੇ ਹਨ। ਕੁਝ ਇਉਂ ਮਾਲੂਮ ਪੈਂਦਾ ਹੈ ਕਿ ਆਪਣੇ ਗੁਰਦੇਵ ਜੀ ਤੋਂ ਜਗਤ ਉਧਾਰਨ ਦੀ ਭਾਵ ਜਗਿਆਸੂਆਂ ਨੂੰ ਸ਼ੁਭ ਉਪਦੇਸ਼ ਦੇਣ ਦੀ ਆਗਿਆ ਲੈ ਰਹੇ ਹਨ। ਸਾਰੇ ਯਾਤਰੂਆਂ ਨੇ ਆਪੋ ਆਪਣੇ ਢੰਗ ਨਾਲ ਮੱਥੇ ਟੇਕੇ ਹਨ।

ਹੁਣ ਸੰਤ ਮਹਾਰਾਜ ਡੰਡਉਤ ਕਰਕੇ ਉਠੇ ਤੇ ਸਤਿਗੁਰੂ ਜੀ ਦੀਆਂ ਪ੍ਰਕਰਮਾਂ ਕੀਤੀਆਂ। ਇਤਨੇ ਨੂੰ ਯਾਤਰੂਆਂ ਨੇ ਸ਼ਰਧਾ ਧਾਰ ਕੇ ਕੜਾਹ ਪ੍ਰਸ਼ਾਦਿ ਕਰਵਾਇਆ ਸੋ ਆ ਗਿਆ। ਗਿਆਨੀ ਬਾਬਾ ਹਰੀ ਸਿੰਘ ਜੀ ਨੇ ਅਰਦਾਸ ਕੀਤੀ ਕਿ ਦਾਤਾਰ ਸਤਿਗੁਰੂ ਬਾਬਾ ਕਰਮ ਸਿੰਘ ਜੀਉ ਤੇ ਗੁਰਦੇਵ ਬਾਬਾ ਆਇਆ ਸਿੰਘ ਜੀਉ, ਆਪ ਜੀ ਦੇ ਅਨਿੰਨ ਸੇਵਕ ਸੰਤ ਬਾਬਾ ਜਵਾਲਾ ਸਿੰਘ ਜੀ ਸਹਿਤ ਯਾਤਰੂਆਂ ਨੇ ਆਪ ਜੀ ਦੀ ਪਵਿੱਤਰ ਭੂਮੀ ਦੀ ਧੂੜੀ ਨੂੰ ਪਰਸਨ ਵਾਸਤੇ ਤੇ ਪਵਿੱਤਰ ਅਸਥਾਨ ਦੀ ਯਾਤਰਾ ਵਾਸਤੇ ਹਾਜ਼ਰ ਹੋਏ ਹਨ। ਆਪ ਜੀ ਦੀ ਹਜ਼ੂਰੀ ਪ੍ਰਸ਼ਾਦ ਭੇਟ ਕਰਦੇ ਹਨ। ਆਪ ਜੀ ਨੇ ਅੰਗ-ਸੰਗ ਸਹਾਈ ਹੋਣਾ। ਮਨੋਂ ਕਾਮਨਾ ਪੂਰੀਆਂ ਕਰਨੀਆਂ, ਯਾਤਰਾ ਸਫਲ ਕਰਨੀ। ਫਿਰ ਗ੍ਰੰਥੀ ਸਾਹਿਬ ਜੀ ਨੇ ਮੁਖਵਾਕ ਲਿਆ। ਉਸ ਸਮੇਂ ਦਾ ਮੁਖਵਾਕ :-

ਅਪਨਾ ਗੁਰੁ ਧਿਆਏ।। ਮਿਲਿ ਕੁਸਲ ਸੇਤੀ ਘਰਿ ਆਏ।।
ਨਾਮੈ ਕੀ ਵਡਿਆਈ।। ਤਿਸੁ ਕੀਮਤਿ ਕਹਣੁ ਨ ਜਾਈ।। ੧।।
ਸੰਤਹੁ ਹਰਿ ਹਰਿ ਹਰਿ ਆਰਾਧਹੁ।। ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ।। ਰਹਾਉ।।
ਪ੍ਰੇਮ ਭਗਤਿ ਪ੍ਰਭ ਲਾਗੀ।। ਸੋ ਪਾਏ ਜਿਸੁ ਵਡਭਾਗੀ।।
ਜਨ ਨਾਨਕ ਨਾਮੁ ਧਿਆਇਆ।। ਤਿਨਿ ਸਰਬ ਸੁਖਾ ਫਲ ਪਾਇਆ।। ੨।। *(ਸੋਰਠਿ ਮਹਲਾ ੫, ਪੰਨਾ ੬੨੭)*

ਇਸ ਤੋਂ ਉਪਰੰਤ ਕੜਾਹ ਪ੍ਰਸ਼ਾਦਿ ਵਰਤਿਆ। ਕੜਾਹ ਪ੍ਰਸ਼ਾਦਿ ਲੈ ਕੇ ਜਦੋਂ ਸੰਗਤ ਚਲੀ ਗਈ ਤਾਂ ਸੰਤ ਮਹਾਰਾਜ ਜੀ ਨੇ ਸਾਰੇ ਡੇਰੇ ਦੇ ਸਾਧੂਆਂ ਨੂੰ ਇਕੱਤਰ ਕਰਕੇ ਅਤੇ ਪਾਲਕੀ ਦੇ ਸਨਮੁਖ ਖੜ ਕੇ ਉਪਦੇਸ਼ ਦਿਤਾ। ਪਾਲਕੀ ਦੇ ਸਾਹਮਣੇ ਇਕ ਹਿੱਸੇ ਪਰ *ਵਾਹਿਗੁਰੂ ਨਾਮ ਜਹਾਜ਼ ਹੈ ਚੜੇ ਸੋ ਉਤਰੇ ਪਾਰ।। ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਰਨਹਾਰ।।* ਇਹ ਵਾਹਿਗੁਰੂ ਮੰਤਰ ਦੀ ਬਖਸ਼ਿਸ਼ ਕੀਤੀ, ਅਤੇ ਸਾਰਿਆਂ ਨੂੰ ਨਿਹਾਲ ਕੀਤਾ। ਉਸ ਦਿਨ ਤੋਂ ਅਧਿਕਾਰੀ ਜਗਿਆਸੂ ਦੀ ਸ਼ਰਧਾ ਤੱਕ ਕੇ ਉਪਦੇਸ਼ ਦੇ ਕੇ ਨਿਹਾਲ ਕਰਨ ਲੱਗ ਪਏ। ਸੰਤ ਮਹਾਰਾਜ ਗੁਰਦੇਵ ਅਸਥਾਨ ਤੇ ਇਤਨੀ ਸ਼ਰਧਾ ਰਖਦੇ ਸਨ ਕਿ ਮੰਜੇ ਦੀ ਲੋੜ ਹੀ ਨਹੀਂ ਰੱਖੀ, ਸਫਾਂ ਲੈ ਆਂਦੀਆਂ। ਸਾਰਿਆਂ ਦੇ ਆਸਣ ਸਫਾਂ ਤੇ ਲਗਵਾ ਦਿੱਤੇ। ਇਕ ਪਾਸੇ ਇਕਲਵੰਜੇ ਪਾਸੇ ਜਿਹੇ ਇਕ ਸਫ ਤੇ ਆਪਣਾ ਅਸਣ ਲਾ ਕੇ ਟਿਕ ਗਏ। ਇਤਨੇ ਨੂੰ ਸੰਤ ਗਿਆਨੀ ਹਰੀ ਸਿੰਘ ਜੀ ਸੰਤਾਂ ਲਈ ਪਲੰਘ ਵਿਛਾ ਕੇ ਸੰਤਾਂ ਨੂੰ ਲੈਣ ਆ ਗਏ ਅਤੇ ਬੇਨਤੀ ਕੀਤੀ ਮਹਾਰਾਜ ਜੀਉ ਆਪ ਜੀ ਦੇ ਲਈ ਪਲੰਘ ਵਿਛਾ ਕੇ ਆਸਣ ਲਾ ਦਿਤਾ ਹੈ। ਸੰਤਾਂ ਨੇ ਕਿਹਾ ਕਿ ਗਿਆਨੀ ਜੀ ਸਾਡੇ ਆਸਣ ਦਾ ਕੋਈ ਉਪਰਾਲਾ ਨਾ ਕਰੋ। ਆਸਣ ਅਸੀਂ ਠੀਕ ਲਾ ਲਏ ਹਨ। ਜਦੋਂ ਸੰਤ ਪਲੰਘ ਤੇ ਆਰਾਮ ਕਰਨ ਲਈ ਗਿਆਨੀ ਜੀ ਤੋਂ ਨਾ ਮੰਨੇ ਤਾਂ ਡੇਰੇ ਦੇ ਮੁਖੀ ਸਾਧੂਆਂ ਨੇ ਆ ਕੇ ਬੇਨਤੀ ਕੀਤੀ। ਸਾਰੇ ਸਾਧੂਆਂ ਦੀ ਬੇਨਤੀ ਮੰਨ ਕੇ ਅਤੇ ਕੁਝ ਆਪ ਜੀ ਦੇ ਨਾਲ ਸੋਹਲ ਤਬੀਅਤ ਸਾਧੂ ਸਨ। ਉਨ੍ਹਾਂ ਨਰਮ ਤਬੀਅਤ ਸਾਧੂਆਂ ਦੀ

ਤਕਲੀਫ ਨੂੰ ਮਹਿਸੂਸ ਕਰਕੇ ਇਕ ਵਾਰੀ ਪਲੰਘ ਤੇ ਜਾ ਬੈਠੇ। ਸਾਰੇ ਸਾਧੂਆਂ ਨੇ ਪਲੰਘ ਲੈ ਲਏ ਅਤੇ ਆਰਾਮ ਕਰਨ ਲੱਗ ਪਏ। ਆਪ ਹਜ਼ੂਰ ਪੰਜਾਂ ਸੰਤਾਂ ਮਿੰਟਾਂ ਤੋਂ ਬਾਅਦ ਬਾਹਰ ਜਾਣ ਦੇ ਬਹਾਨੇ ਇਕ ਹੱਥ ਗੜਵਾ ਦੂਸਰੇ ਹੱਥ ਵਿਚ ਆਪਣਾ ਬਾਂਸ ਦਾ ਖੁੰਡਾ ਫੜ ਕੇ ਨਦੀ ਵਲ ਨੂੰ ਚਲ ਪਏ ਅਤੇ ਨਦੀ ਦੇ ਕਿਨਾਰੇ ਬੈਠ ਕੇ ਸਿਮਰਨ ਭਜਨ ਵਿਚ ਜੁੜ ਬੈਠੇ। ਹੋਰ ਸਾਧੂ ਤੇ ਗ੍ਰਿਹਸਤੀ ਯਾਤਰੂਆਂ ਨੇ ਤੇ ਡੇਰੇ ਦੇ ਜਗਿਆਸੂ ਸਾਧੂਆਂ ਨੇ ਸਫਾਂ ਲੈ ਕੇ ਧਰਤੀ ਤੇ ਆ ਕੇ ਆਸਣ ਲਾਏ।

ਸੰਤ ਮਹਾਰਾਜ ਚਾਰ ਰਾਤਾਂ ਇਸੇ ਗੁਰ ਅਸਥਾਨ ਵਿਚ ਰਹੇ। ਸੰਤਾਂ ਨੇ ਚਾਰ ਰਾਤਾਂ ਤੇ ਚਾਰੇ ਦਿਨ ਨੀਚੇ ਧਰਤੀ ਤੇ ਹੀ ਆਸਣ ਰੱਖ ਕੇ ਸਿਮਰਨ ਭਜਨ ਜਾਂ ਸਮਾਧੀ ਬਿਨਾਂ ਹੋਰ ਕੋਈ ਵੀ ਗੱਲਬਾਤ ਨਹੀਂ ਸਨ ਕਰਦੇ। ਸਦਾ ਆਪਣੇ ਗੁਰਦੇਵਾਂ ਦੇ ਧਿਆਨ ਅੰਤਰ ਹੀ ਰਹਿੰਦੇ ਸਨ। ਜਦੋਂ ਕਦੇ ਚਿੱਤ ਵਿਚ ਸੇਵਾ ਕਰਨ ਦਾ ਉਤਸ਼ਾਹ ਆਉਂਦਾ ਹਜ਼ੂਰ ਲੰਗਰ ਵਿਚ ਕੋਈ ਨਾ ਕੋਈ ਸੇਵਾ ਕਰਨ ਲੱਗ ਜਾਂਦੇ। ਪਰ ਸੰਗਤਾਂ ਬਹੁਤ ਬੇਨਤੀ ਕਰਕੇ ਸੇਵਾ ਨਹੀਂ ਸੀ ਕਰਨ ਦੇਂਦੀਆਂ। ਆਪਣੇ ਸ਼ਰਧਾਲੂਆਂ ਨੂੰ ਇਕ ਆਦਰਸ਼ਕ ਜ਼ਿੰਦਗੀ ਬਣਾ ਕੇ ਦਿਖਾਈ, ਕਿ ਗੁਰਦੇਵ ਅਸਥਾਨ ਤੇ ਜਾ ਕੇ ਕਦੇ ਹੰਕਾਰ ਨਹੀਂ ਕਰਨਾ, ਨਿੰਮਰਤਾ ਧਾਰਨ ਕਰਨੀ। ਸਿਮਰਨ ਭਜਨ ਤੋਂ ਬਿਨਾਂ ਕਦੇ ਵੀ ਫਾਲਤੂ ਗੱਲ ਨਹੀਂ ਕਰਨੀ ਅਤੇ ਸੇਵਾਦਾਰ ਬਣ ਕੇ ਸਮਾਂ ਗੁਜ਼ਾਰਨਾ। ਦਸਮੀ ਤੋਂ ਪਹਿਲੇ ਦਿਨ ਸੰਤਾਂ ਵਲੋਂ ਸਮਸਟੀ ਭੰਡਾਰਾ ਹੋਇਆ ਅਤੇ ਉਸੇ ਦਿਨ ਸੰਗਤਾਂ ਨੂੰ ਬਾਉਲੀ ਸਾਹਿਬ ਦੇ ਦਰਸ਼ਨ ਕਰਾਏ ਅਤੇ ਉਰੇ ਝੁੱਗੀਆਂ ਗੁਫਾ ਜਿਥੇ ਕਿ ਗੁਰਦੇਵ ਰਾਤ ਨੂੰ ਆਰਾਮ ਕਰਦੇ। ਜਿਸ ਅਸਥਾਨ ਤੇ ਹਜ਼ੂਰ ਨੂੰ ਉਪਦੇਸ਼ ਹੋਇਆ ਕਿ ਬਾਹਰ ਦੂਰ ਵਾਲੀਆਂ ਗੁਫਾ ਆਦਿਕ ਸਾਰੇ ਅਸਥਾਨ ਦੀ ਯਾਤਰਾ ਕਰਾਈ। ਪੰਜਵੇਂ ਦਿਨ ਹੋਤੀ ਮਰਦਾਨ ਦੇ ਮਹੰਤ ਬਾਬਾ ਰਾਮ ਸਿੰਘ ਜੀ ਤੇ ਬਾਬਾ ਸਾਹਿਬ ਸਿੰਘ ਜੀ ਤੇ ਬਾਬਾ ਮਾਝਾ ਸਿੰਘ ਜੀ, ਗਿਆਨੀ ਹਰੀ ਸਿੰਘ ਜੀ ਤੋਂ ਆਦਿ ਸਾਰਿਆਂ ਕੋਲੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਆਗਿਆ ਲੈ ਕੇ ਗੁਰਦੇਵ ਅਸਥਾਨ ਪਰ ਨਮਸ਼ਕਾਰ ਕਰਕੇ ਅਰਦਾਸ ਸੋਧ ਕੇ ਹਜ਼ੂਰ ਸੰਗਤ ਸਮੇਤ ਦੇਸ਼ ਨੂੰ ਪਲਟ ਆਏ। ਰਸਤੇ ਵਿਚ ਆਉਂਦਿਆਂ ਲਾਹੌਰ ਅਟਕੇ, ਪੰਜਵੇਂ ਪਾਤਿਸ਼ਾਹ ਦਾ ਪਵਿੱਤਰ ਅਸਥਾਨ ਡੇਹਰਾ ਸਾਹਿਬ ਦੇ ਦਰਸ਼ਨ ਕਰਾਏ ਅਤੇ ਸਾਰੇ ਗੁਰਦੁਆਰਿਆਂ ਦੀ ਯਾਤਰਾ ਕਰਾਈ। ਫਿਰ ਲਾਹੌਰ ਤੋਂ ਚਲ ਕੇ ਦੂਸਰੇ ਦਿਨ ਬਿਣਗੀ ਹੋ ਕੇ ਡੇਰੇ ਆ ਗਏ।। ਇਤੀ।।

ਮਸਤ ਰਾਜਾ ਜੀ

ਸੰਤ ਤੇ ਮੇਘਲਾ ਇਕ ਹੀ ਸਮਾਨ ਮੰਨੇ ਹਨ। ਮੇਘਾਂ ਦੀ ਜੋ ਬੱਦਲ ਚਾਲ ਹੈ, ਸੋ ਵੀ ਸ੍ਰਿਸ਼ਟੀ ਨੂੰ ਤ੍ਰਿਪਤ ਤੇ ਪ੍ਰਸੰਨ ਕਰਨ ਵਾਲੀ ਹੈ। ਜਿਸ ਇਲਾਕੇ ਵਿਚ ਬੱਦਲ ਚਾਲ ਚਲ ਪਵੇ, ਫਿਰ ਤਾਂ ਬਾਰੰਬਾਰ ਬੱਦਲ ਉਸੇ ਇਲਾਕੇ ਦੇ ਪਹਾੜ ਤੇ ਆਪਣੀ ਧਾਈ ਕਰ ਕਰਕੇ ਉਸ ਇਲਾਕੇ ਦੇ ਪਹਾੜ ਨੂੰ ਪਾਣੀ ਨਾਲ ਤਰੋ-ਤਰ ਕਰਕੇ ਸਨਿਗਧ ਕਰ ਦੇਂਦੇ ਹਨ। ਇਸੇ ਤਰ੍ਹਾਂ ਸੰਤਾਂ ਦੀ ਜਿਸ ਘਰਾਣੇ ਪਰ ਪ੍ਰਸੰਨਤਾ ਹੋ ਜਾਵੇ— ਫਿਰ ਮਹਾਂਪੁਰਸ਼ ਉਸ ਘਰਾਣੇ ਪਾਸ ਜਾ ਕੇ ਉਸ ਘਰਾਣੇ ਦੇ ਪਰਵਾਰ ਤੋਂ ਸੇਵਾ ਲੈ ਕੇ ਉਸ ਘਰਾਣੇ ਦੀਆਂ, ਉਸ ਪਰਿਵਾਰ ਦੀਆਂ ਸਰਬ ਕਾਮਨਾਂ ਪੂਰਨ ਕਰ ਦੇਂਦੇ ਹਨ। ਹਰ ਥਾਂ ਰੱਖਿਆ ਵੀ ਕਰਦੇ ਹਨ। ਇਸੇ ਢੰਗ ਨਾਲ ਸੰਤ ਮਹਾਰਾਜ ਜੀ ਦੀਆਂ ਇਸ ਪਰਿਵਾਰ ਤੇ ਬਹੁਤ ਖੁਸ਼ੀਆਂ ਸਨ। ਮਹੀਨੇ ਵਿਚ ਇਕ ਦੋ ਵਾਰੀ ਇਸ ਪਰਵਾਰ ਪਾਸ ਬਿਣਗੀ ਆ ਕੇ ਇਨ੍ਹਾਂ ਤੋਂ ਸੇਵਾ ਲੈਂਦੇ ਤੇ ਇਨ੍ਹਾਂ ਨੂੰ ਗੁਰਮਤਿ ਦਾ ਸ਼ੁਭ ਉਪਦੇਸ਼ ਦੇ ਕੇ ਗੁਰਮਤਿ ਨਾਲ ਜੋੜਦੇ ਰਹਿੰਦੇ।

ਸੰਤ ਮਹਾਰਾਜ ਇਨ੍ਹਾਂ ਪਾਸ ਜਿਤਨਾ ਜ਼ਿਆਦਾ ਆਉਂਦੇ ਉਤਨਾ ਹੀ ਇਹ ਪਰਵਾਰ ਜ਼ਿਆਦਾ ਸੰਤ ਸੇਵੀ ਹੁੰਦਾ ਗਿਆ। ਕੋਈ ਨਾ ਕੋਈ ਬੀਤਰਾਗ ਮਹਾਂਪੁਰਸ਼ ਆਪਣੇ ਘਰ ਵਿਚ ਟਿਕਾਈ ਰੱਖਦੇ। ਉਨ੍ਹਾਂ ਮਹਾਂਪੁਰਸ਼ਾਂ ਵਿਚੋਂ ਇਕ ਰਾਜਾ ਜੀ ਕਰਕੇ ਬਦੇਹ ਤੇ ਮਸਤ ਮਹਾਂਪੁਰਸ਼ ਇਨ੍ਹਾਂ ਦੇ ਘਰ ਵਿਚ ਰਿਹਾ ਕਰਦੇ। ਜਿਨ੍ਹਾਂ ਦਾ ਬਚਨ ਸਿੱਧ ਸੀ। ਜੋ ਵੀ ਬਚਨ ਕਰਦੇ ਉਸੀ ਸਮੇਂ ਪੂਰਨ ਹੋ ਜਾਂਦਾ ਅਤੇ ਅੰਤਰ-ਆਤਮਾ ਦੁਆਰਾ ਅਗੰਮੀ ਬਚਨ ਅਕਾਲ ਪੁਰਖ ਦੇ ਘਰ ਦੇ

ਆਮ ਹੀ ਕਰੀ ਜਾਂਦੇ। ਸੰਤ ਮਹਾਰਾਜ ਜੀ ਇਸ ਭਲੇ ਲੋਕ ਦੁਆਰਾ ਇਹ ਦਿਖਾਣਾ ਚਾਹੁੰਦੇ ਸਨ ਕਿ ਇਹ ਬਦੇਹ ਲੋਕ ਹੈ, ਇਸ ਦੀ ਬਿਰਤੀ ਅੰਦਰ ਛੱਤੀ ਪਦਾਰਥ ਤੇ ਵਿਸ਼ਟਾ ਇਕ ਸਮਾਨ ਹੈ। *ਜੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ।।*

ਇਕ ਦਿਨ ਇਹ ਰਾਜਾ ਸਾਹਿਬ ਮੱਝਾਂ ਦਾ ਗੋਹਾ ਆਦਿਕ ਚੁੱਕਦੇ ਸਨ; ਤਾਂ ਇਕ ਸਾਧੂ ਨੇ ਕਿਹਾ ਕਿ ਇਹ ਭਾਵ ਮੱਝ ਦੇ ਗੋਹੇ ਵਲ ਇਸ਼ਾਰਾ ਕਰਕੇ ਕਿਹਾ, ਖਾ ਲਵੋ। ਸੋ ਰਾਜਾ ਜੀ ਨੇ ਦੇਰ ਨਾ ਕੀਤੀ, ਕਿ ਮੱਝ ਦਾ ਸਾਰਾ ਗੋਹਾ ਹੀ ਖਾ ਲਿਆ। ਸਾਰੇ ਦੇਖ ਕੇ ਹੈਰਾਨ ਹੋ ਗਏ। ਫਿਰ ਕੁਝ ਸਮੇਂ ਤੋਂ ਬਾਅਦ ਰਾਜਾ ਜੀ ਨੂੰ ਲੁੱਕ ਖਾਣ ਵਾਸਤੇ ਆਖਿਆ, ਸੋ ਲੁੱਕ ਵੀ ਕਿਲੋ ਡੇਢ ਕਿਲੋ ਖਾ ਗਿਆ। ਫਿਰ ਇਕ ਦਿਨ ਸੰਤਾਂ ਨੇ ਤਾੜ ਕੇ ਸਾਰਿਆਂ ਨੂੰ ਅਤੇ ਘਰ ਵਾਲਿਆਂ ਨੂੰ ਕਿਹਾ, ਕਿ ਖਬਰਦਾਰ ਜੇ ਫਿਰ ਇਸ ਤਰ੍ਹਾਂ ਦਾ ਬਚਨ ਰਾਜਾ ਜੀ ਨੂੰ ਕਿਹਾ। ਇਸ ਘਰ ਦੇ ਹੀਰੋ ਸ੍: ਸੁਰਜੀਤ ਸਿੰਘ ਤੇ ਛੋਟੇ ਭਰਾ ਸੰਤ-ਸੇਵੀ ਸਨ ਤੇ ਦਸਵੰਧ ਵੀ ਗੁਰੂ ਘਰ ਨੂੰ ਦੇਂਦੇ ਸਨ। ਜ਼ਿਆਦਾਤਰ ਸੰਤ ਬਾਬਾ ਮਹਿੰਦਰ ਸਿੰਘ ਜੀ ਮਹੰਤਾਂ ਦੇ ਸ਼ਰਧਾਲੂ ਹਨ। ਸਾਲ ਦੇ ਸਾਲ ਆਪਣੇ ਪਿਤਾ ਸ੍: ਜਗਤ ਸਿੰਘ ਜੀ ਦੀ ਬਰਸੀ ਸੰਤ ਮਹਿੰਦਰ ਸਿੰਘ ਜੀ ਤੋਂ ਅਖੰਡ ਪਾਠ ਕਰਾਉਂਦੇ ਹਨ ਅਤੇ ਯੱਗ ਕਰਦੇ ਹਨ।

ਬੀਬੀ ਬਸੰਤ ਕੌਰ ਜੀ ਅਜੇ ਸਰੀਰ ਕਰਕੇ ਹਨ। ਉਸ ਦੀ ਸ਼ਰਧਾ ਤੇ ਪ੍ਰੇਮ ਵੀ ਪਹਿਲੇ ਦੀ ਤਰ੍ਹਾਂ ਇਕ ਰਸ ਹੈ। ਸ੍: ਸੁਰਜੀਤ ਸਿੰਘ ਜੀ ਨੇ ਇਕ ਮਹਾਨ ਪੁੰਨ ਖੱਟਿਆ ਹੈ ਜੋ ਕਿ ਸ੍: ਸੁਰਜੀਤ ਸਿੰਘ ਦਾ ਦੋ ਕੁ ਸਿੰਘਾਂ ਨਾਲ ਸਾਂਝਾ ਪਲਾਟ ਸੀ ਕਪੂਰਥਲਾ ਰੋਡ ਦੇ ਨੇੜੇ ਸੀ, ਸੋ ਪਲਾਟ ਸੰਤ ਮਹਿੰਦਰ ਸਿੰਘ ਜੀ ਨੂੰ ਭੇਟਾ ਦੇ ਕੇ ਸੰਤਗੜ੍ਹ ਨਾਮ ਤੇ ਗੁਰਦੁਆਰਾ ਪਵਾ ਦਿੱਤਾ ਹੈ। ਜਿਥੇ ਕਿ ਡੇਰਾ ਸੰਤਗੜ੍ਹ ਵਾਂਗ ਹੀ ਅੱਠੋ ਪਹਿਰ ਲੰਗਰ ਚਲਦਾ ਹੈ ਅਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਹੁੰਦੀ ਰਹਿੰਦੀ ਹੈ। ਸ਼ਾਮ ਨੂੰ ਰਹਰਾਸਿ ਆਰਤੀ ਤੇ ਕੀਰਤਨ ਦਾ ਸਤਿਸੰਗ ਹੁੰਦਾ ਹੈ। ਭਾਵ ਗੁਰਮਤਿ ਦੇ ਸਤਿਸੰਗ ਦਾ ਕੇਂਦਰ ਥਾਪ ਦਿੱਤਾ ਹੈ। ਇਕ ਸਰਦਾਰ ਜਿਸ ਦਾ ਨਾਮ ਹਰਦੇਵ ਸਿੰਘ ਜੀ ਹੈ ਇਸ ਸਰਦਾਰ ਦੀ ਬਹੁਤ ਵੱਡੀ ਵਿਰਾਸਤ ਹੈ। ਭਾਵ ਜ਼ਮੀਨ ਵੀ ਹੈ ਤੇ ਪੈਟਰੋਲ ਡੀਜ਼ਲ ਪੰਪ ਵੀ ਹੈ। ਗੁਰੂ ਦੀ ਕ੍ਰਿਪਾ ਨਾਲ ਟੈਲੀਵੀਜ਼ਨ ਠੀਕ ਕਰਨ ਤੇ ਲਗਾਉਣ ਦਾ ਕਾਰਖਾਨਾ ਵੀ ਹੈ। ਸੋ ਸ੍: ਹਰਦੇਵ ਸਿੰਘ ਜੀ ਨੇ ਵੀ ਇਸ ਗੁਰਦਵਾਰੇ ਦੇ ਨਾਲ ਲੱਗਦੀ ਚਾਰ ਕਿੱਲੇ ਜ਼ਮੀਨ ਵੀ ਇਸ ਗੁਰ-ਅਸਥਾਨ ਨੂੰ ਦੇ ਦਿੱਤੀ ਹੈ। ਇਸ ਗੁਰਦਵਾਰੇ ਦਾ ਮੁੱਢ ਪਰਉਪਕਾਰ ਸ੍: ਸੁਰਜੀਤ ਸਿੰਘ ਜੀ ਸਪੁੱਤਰ ਸ੍: ਜਗਤ ਸਿੰਘ ਜੀ ਬਿਣਗਾਂ ਵਾਲਿਆਂ ਦਾ ਹੈ।

ਬਾਬਾ ਉਦੇ ਸਿੰਘ ਜੀ ਮੁਖਣੀਆਣੇ ਵਾਲਿਆਂ ਦਾ ਹਾਲ

ਸ੍ਰੀ ਮਾਨ ਯੋਗ ਸਿੰਘ ਸਾਹਿਬ ਬਾਬਾ ਉਦੇ ਸਿੰਘ ਜੀ ਪਿੰਡ ਖੁੰਗੇ ਨੰਗਲ ਦੇ ਸਨ। ਆਪ ਜੀ ਬਾਬਾ ਮਹਾਰਾਜ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ ਸਨ, ਅਤੇ ਫਰਲਾ ਵੀ ਬਾਬਾ ਮਹਾਰਾਜ ਜੀ ਤੋਂ ਪ੍ਰਾਪਤ ਕੀਤਾ ਸੀ। ਬਾਬਾ ਫੂਲਾ ਸਿੰਘ ਜੀ ਤਨੌਲੀ ਵਾਲੇ ਤੇ ਬਾਬਾ ਉਦੇ ਸਿੰਘ ਦੋਨੋਂ ਗੁਰਭਾਈ ਸਨ। ਬਾਬਾ ਫੂਲਾ ਸਿੰਘ ਜੀ ਗ੍ਰਿਹਸਤੀ ਜੀਵਨ ਬਤੀਤ ਕਰਦੇ ਸਨ, ਅਤੇ ਮੁਖਣੀਆਣੇ ਵਿਚ ਰਹਿ ਕੇ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰਮਤਿ ਨਾਲ ਜੋੜਦੇ ਸਨ। ਸਾਲ ਦੇ ਸਾਲ ਆਪਣੇ ਗੁਰਦੇਵ ਬਾਬਾ ਮਹਾਰਾਜ ਜੀ ਦੀ ਤੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ ਦੀ ਬਰਸੀ ਮਨਾਉਂਦੇ ਹੁੰਦੇ ਸਨ। ਸੰਤ ਮਹਾਰਾਜ ਜੀ ਦੇ ਨਾਲ ਬਾਬਾ ਜੀ ਦਾ ਬਹੁਤ ਪ੍ਰੇਮ ਸੀ। ਜਦੋਂ ਬਾਬਾ ਜੀ ਨੇ ਦੋਨਾਂ ਮਹਾਂਪੁਰਸ਼ਾਂ ਦਾ ਅਖੰਡ ਪਾਠ ਪ੍ਰਾਰੰਭ ਕਰਨਾ, ਪਹਿਲੇ ਸੰਤ ਮਹਾਰਾਜ ਜੀ ਨੂੰ ਆਪਣੇ ਪਾਸ ਬੁਲਾ ਲੈਣਾ। ਸੰਤਾਂ ਦੇ ਦੁਆਰਾ ਹੀ ਅਖੰਡ ਪਾਠ ਕਰਿਆ ਕਰਦੇ ਸਨ। ਕਦੇ-ਕਦੇ ਪੰਜ ਅਖੰਡ ਪਾਠ ਵੀ ਕਰਾਇਆ ਕਰਦੇ ਸਨ। ਉਤਨੇ ਦਿਨ ਸੰਤ ਮਹਾਰਾਜ ਜੀ ਨੂੰ ਆਪਣੇ ਪਾਸ ਹੀ ਰੱਖਦੇ। ਸਮਾਪਤੀ ਵਾਲੇ ਦਿਨ ਤਕਰੀਬਨ ਚਾਲੀ ਕੜਾਹੇ ਭਿਹਾਵਲ ਕੜਾਹ ਪ੍ਰਸ਼ਾਦ ਦੇ ਕਰਾਇਆ ਕਰਦੇ ਸਨ। ਦੁਆਬੇ ਦੇ ਬਹੁਤ ਸਾਰੇ ਸਾਧੂਆਂ ਦੀ ਇਕੱਤਰਤਾ ਹੋ ਜਾਂਦੀ, ਵਰਣਨ ਯੋਗ ਹਸਤੀਆਂ ਬਾਬਾ ਘਨ੍ਹੀਆ ਸਿੰਘ ਪਠਲਾਵੇ ਵਾਲੇ। ਬਾਬਾ ਸੰਪੂਰਨ ਸਿੰਘ ਜੀ ਬਿਲਾਸਪੁਰੀਏ, ਬਾਬਾ ਮੇਲਾ ਸਿੰਘ ਜੀ ਬੰਗਿਆਂ ਵਾਲੇ, ਬਾਬਾ

ਫੂਲਾ ਸਿੰਘ ਜੀ ਤਨੌਲੀ ਵਾਲੇ, ਕਦੇ-ਕਦੇ ਜਥੇਦਾਰ ਸ਼ਹੀਦ ਬਾਗ ਅਨੰਦਪੁਰ ਸਾਹਿਬ ਵਾਲੇ, ਬਾਬਾ ਮੰਗਲ ਸਿੰਘ ਜੀ ਤਰਨਾ ਦਲ ਵਾਲੇ, ਜਥੇਦਾਰ ਬਾਬਾ ਸਾਧੂ ਸਿੰਘ ਜੀ ਬਾਬੇ ਬਕਾਲੀਏ, ਸੰਤ ਮਹਾਰਾਜ ਜੀ ਦੇ ਪਰਮ ਮਿੱਤਰ ਬਾਬਾ ਬਿਸ਼ਨ ਸਿੰਘ ਜੀ ਨੰਗਲ ਖੁਰਦ ਵਾਲੇ, ਬਾਬਾ ਦਲੀਪ ਸਿੰਘ ਜੀ ਸੁਨੀ ਵਾਲੇ ਤੇ ਬਾਬਾ ਪਰਦਮਨ ਸਿੰਘ ਜੀ ਪੱਟੀ ਵਾਲੇ, ਨਗੀਨਾ ਸਿੰਘ ਜੀ ਜੈਤੋ ਵਾਲੀ ਵਾਲੇ ਸੰਤ ਮਹਾਰਾਜ ਜੀ ਦੇ ਇਸ ਜੋੜ ਮੇਲੇ ਤੇ ਆਉਣ ਕਰਕੇ ਬਿਨਾਂ ਹੀ ਸੱਦੇ-ਪੱਤਰ ਸਾਰੇ ਸਾਧੂ ਆ ਜਾਂਦੇ। ਉਸ ਸਮੇਂ ਸੰਤਾਂ ਦਾ ਪਿਆਰ ਮਸਤਾਨਿਆਂ ਨਾਲ ਬਹੁਤ ਸੀ। ਸੰਤਾਂ ਦੇ ਨਾਲ ਸੁਤੇ ਹੀ ਪੰਜ ਸੱਤ ਮਸਤਾਨੇ ਹੁੰਦੇ। ਸੰਤਾਂ ਦੇ ਆਲੇ-ਦੁਆਲੇ ਘੁਮਰ ਪਾਉਣਾ ਤੇ ਨਾਚ ਕਰਨਾ ਤੇ ਬੋਲੀਆਂ ਪਾਉਣੀਆਂ। ਬੋਲੀਆਂ :- *ਕੌਠੇ ਕੌਠੇ ਆ ਲੱਛੀਏ ਤੈਨੂੰ ਬੰਤੋ ਦਾ ਯਾਰ ਦਿਖਾਵਾਂ।*

ਅਰਥ: ਕੌਠੇ-ਕੌਠੇ ਭਾਵ ਸੰਸਾਰ ਤੋਂ ਉਪਰਾਮ ਹੋ ਕੇ ਹੇ (ਲੱਛੀਏ) ਮਾਇਆ ਧਾਰਨ ਵਾਲੀ ਜੀਵ ਰੂਪ ਇਸਤਰੀਏ ਤੈਨੂੰ (ਬੰਤੋ) ਬੰਦਨਾ-ਜੋਗ ਮਹਾਂਪੁਰਸ਼ਾਂ ਦਾ (ਯਾਰ) ਵਾਹਿਗੁਰੂ ਦਿਖਾਵਾਂ। ਦੂਸਰੀ :- *ਚੰਦ ਬਦਲੀ ਦੇ ਓਹਲੇ ਹੋ ਗਿਆ, ਭੁਲ ਗਈ ਯਾਰ ਦੀ ਗਲੀ।*

ਭਾਵ: ਸਰੂਪ ਰੂਪੀ ਚੰਦ ਮਾਇਆ ਰੂਪੀ ਬਦਲੀ ਦੇ ਓਹਲੇ ਹੋ ਗਿਆ। ਯਾਰ=ਵਾਹਿਗੁਰੂ ਦੀ ਭਗਤੀ ਰੂਪੀ ਗਲੀ ਭੁੱਲ ਗਈ। *ਕੱਚੀ ਯਾਰੀ ਲੱਡੂਆਂ ਦੀ, ਲੱਡੂ ਮੁੱਕ ਗਏ ਯਰਾਨੇ ਟੁੱਟ ਗਏ।*

ਸਕਾਮ ਭਗਤੀ ਓਪਰੀ ਚੋਪੜੀ ਪ੍ਰੀਤ ਓਨਾ ਚਿਰ ਹੀ ਰਹਿੰਦੀ ਹੈ, ਜਿੰਨਾ ਚਿਰ ਕਿਸੇ ਮਹਾਂਪੁਰਸ਼ ਕੋਲੋਂ ਕਿਸੇ ਦੀਆਂ ਕਾਮਨਾਂ ਪੂਰੀਆਂ ਹੁੰਦੀਆਂ ਰਹਿਣ। ਜਦੋਂ ਕਿਸੇ ਕੋਲੋਂ ਕਾਮਨਾ ਪੂਰੀ ਨਾ ਹੋਵੇ ਤਾਂ ਪ੍ਰੇਮੀ ਦਾ ਪ੍ਰੇਮ ਟੁੱਟ ਜਾਂਦਾ ਹੈ। ਇਨ੍ਹਾਂ ਮਸਤਾਨਿਆਂ ਦਾ ਨਾਚ ਸੰਤਾਂ ਦੀ ਹਜ਼ੂਰੀ ਹੁੰਦਾ ਹੀ ਰਹਿੰਦਾ। ਮਸਤਾਨੇ ਵਰਿਆਮਾ ਚੱਬੇ ਵਾਲੀਆ। ਇਕ ਸੰਤ ਸਿੰਘ ਇਕ ਭਾਗ ਸਿੰਘ ਇਸੇ ਤਰ੍ਹਾਂ ਇਨ੍ਹਾਂ ਨਾਲ ਦੋ ਚਾਰ ਹੋਰ ਰਲ ਜਾਣੇ। ਐਸੀ ਸੰਤਾਂ ਦੀ ਅਰੂੜ ਅਵਸਥਾ ਸੀ। ਇਨ੍ਹਾਂ ਰੌਲੇ ਗੌਲਿਆਂ ਵਿਚ ਕਦੇ ਵੀ ਸੰਤਾਂ ਦੀ ਬਿਰਤੀ ਨੂੰ ਵਿਸ਼ੇਖਤਾ ਪੈਦਾ ਨਾ ਹੁੰਦੀ।

ਇਸ ਪ੍ਰਸੰਗ ਨਾਲ ਤੁਅੱਲਕ ਰੱਖਣ ਵਾਲੀ ਇਕ ਮਸਤਾਨੀ ਆਤਮਾ ਦੀ ਸਾਖੀ : ਇਕ ਮਸਤਾਨਾ ਵਰਿਆਮਾ ਪਿੰਡ ਢੱਕੋਵਾਲ ਦਾ ਵੀ ਇਸ ਜੋੜ ਮੇਲੇ ਤੇ ਚਲਿਆ ਜਾਂਦਾ। ਇਕ ਸਮੇਂ ਇਸ ਜੋੜ ਮੇਲੇ ਤੇ ਬਹੁਤ ਸਾਧੂਆਂ ਦਾ ਤੇ ਸਹਿ ਗ੍ਰਿਹਸਤੀਆਂ ਦਾ ਇਕੱਠ ਸੀ। ਬਾਬਾ ਨਗੀਨਾ ਸਿੰਘ ਜੀ ਮਸਤਾਨੇ ਵਰਿਆਮੇ ਨੂੰ ਆਖਣ ਲੱਗੇ, ਕਿ ਵਰਿਆਮਿਆ ਤੈਨੂੰ ਕਿਸੇ ਰਜਾਇਆ ਵੀ ਹੈ? ਵਰਿਆਮੇ ਨੇ ਕਿਹਾ ਸੰਤ ਜੀ ਅੱਜ ਤਕ ਮੈਨੂੰ ਕਿਸੇ ਨੇ ਵੀ ਨਹੀਂ ਰਜਾਇਆ। ਸੰਤ ਮਹਾਰਾਜ ਜੀ ਮੁਸਕੜੀਏ ਹੱਸ ਕੇ ਕਹਿਣ ਲੱਗੇ, ਕਿ ਸੰਤ ਨਗੀਨਾ ਸਿੰਘ ਜੀ ਅੱਜ ਇਸ ਮਸਤਾਨੇ ਨੂੰ ਰਜਾ ਕੇ ਪਦਾਰਥ ਛਕਾਓ। ਵਰਿਆਮੇ ਪਾਸ ਤਕਰੀਬਨ ਦੋ ਕਿਲੋ ਪਦਾਰਥ ਪੈਣ ਵਾਲਾ ਲੋਹੇ ਦਾ ਬਾਟਾ ਸੀ। ਪਹਿਲਾਂ ਤਾਂ ਇਸ ਮਸਤ ਨੂੰ ਦੋ ਬਾਟੇ ਦਹੀਂ ਦੇ ਛਕਾਏ, ਫਿਰ ਦੋ ਬਾਟੇ ਭਿਹਾਵਲ ਕੜਾਹ ਪ੍ਰਸ਼ਾਦ ਦੇ ਛਕਾਏ। ਫਿਰ ਆਪ ਹੀ ਕਹਿਣ ਲੱਗਾ, ਹੁਣ ਘੀ ਲਿਆਓ। ਘੀ ਕਹਿੰਦੇ ਸੁਣੇ ਹਨ ਕਿ ਬਾਬਾ ਉਦੇ ਸਿੰਘ ਜੀ ਘੀ ਬਹੁਤ ਮੰਗਦਾ ਹੈ। ਸੰਤ ਮਹਾਰਾਜ ਜੀ ਇਸ਼ਾਰੇ ਨਾਲ ਘੀ ਲਿਆਉਣ ਲਗ ਪਏ। ਤੁਲਵਾਂ ਨੌਂ ਸੇਰ ਪੱਕਾ ਘੀ ਵਰਿਆਮੇ ਨੂੰ ਛਕਾ ਦਿਤਾ। ਇਤਨੇ ਨੂੰ ਡਾਕਟਰ ਸ੍: ਅਜੈਬ ਸਿੰਘ ਜੀ ਦਿਹਾਣੇ ਵਾਲੇ ਆ ਗਏ। ਜਦੋਂ ਉਸ ਨੇ ਸੁਣਿਆ ਤੇ ਤੱਕਿਆ ਤਾਂ ਡਾਕਟਰ ਸੰਤਾਂ ਨੂੰ ਆਖਣ ਲੱਗਾ, ਮਹਾਰਾਜ ਜੀ ਇਹ ਤਾਂ ਮਸਤਾਨਾ ਹੈ। ਆਪ ਜੀ ਨੇ ਇਤਨੀ ਖੁਰਾਕ ਇਸ ਨੂੰ ਖੁਆ ਦਿਤੀ ਹੈ। ਜੇ ਇਹ ਮਰ ਜਾਵੇ ਤਾਂ ਸਾਰੇ ਆਪ ਜੀ ਨੂੰ ਹੀ ਆਖਣਗੇ, ਕਿ ਸੰਤਾਂ ਨੇ ਮਸਤਾਨੇ ਨੂੰ ਪਦਾਰਥ ਖੁਆ ਕੇ ਮਾਰ ਦਿਤਾ ਹੈ।

ਇਕ ਦਮ ਵਰਿਆਮਾ ਡਾਕਟਰ ਜੀ ਨੂੰ ਆਖਣ ਲੱਗਾ ਕਿ ਡਾਕਟਰ ਜੀ ਮੈਨੂੰ ਪਤਾ ਹੈ ਕਿ ਘੀ ਹਾਥੀਆਂ ਦੇ ਬੰਨ੍ਹ ਤੋੜ ਦੇਂਦਾ ਹੈ। ਡਾਕਟਰ ਦੇ ਅੱਗੇ ਆਪਣੀ ਬਾਂਹ ਕਰਕੇ ਆਖਣ ਲੱਗਾ, ਲੈ ਮੇਰੀ ਨਬਜ਼ ਤੱਕ ਲੈ, ਮੈਂ ਅਜੇ ਕੁਝ ਊਣਾ ਰਹਿ ਕੇ ਹੀ ਛਕਿਆ ਹੈ। ਡਾਕਟਰ ਜੀ ਨੇ ਨਬਜ਼ ਤੱਕੀ ਬਿਲਕੁਲ ਤੰਦਰੁਸਤਾਂ ਵਰਗੀ। ਸਾਰੀ ਸੰਗਤ ਹੀ ਹੈਰਾਨ ਹੋ ਗਈ। ਸੰਤ ਮਹਾਰਾਜ ਬਹੁਤ ਉੱਚੀ-ਉੱਚੀ ਖਿੜ-ਖਿੜਾ ਕੇ ਹੱਸੀ ਜਾਂਦੇ ਹਨ। ਸਾਰੇ ਲੋਕਾਂ ਨੇ ਇਹ ਨਿਸਚਾ ਕੀਤਾ

ਕਿ ਇਹ ਸੰਤ ਮਹਾਰਾਜ ਜੀ ਦੀ ਕੁਦਰਤ ਕਲਾ ਵਰਤੀ ਹੈ। ਦੂਸਰੀ ਇਕ ਹੋਰ ਸਾਖੀ ਸੰਤ ਵਰਿਆਮੇ ਦੀ, ਬੜੀ ਖਸਤੀ ਜਿਹੀ ਹਾਲਤ ਹੁੰਦੀ। ਐਸੇ ਹੀ ਮੈਲੇ-ਕੁਚੈਲੇ ਵਸਤਰ ਪਾਈ ਰੱਖਣਾ। ਪਰ ਜੀ ਇੱਛਾ ਤੇ ਤ੍ਰਿਸ਼ਨਾ ਆਦਿਕ ਤੋਂ ਰਹਿਤ। ਸਰਦੀ-ਗਰਮੀ, ਦੁਖ-ਸੁਖ, ਮਾਨ-ਅਭਿਮਾਨ ਕਦੇ ਚਿੱਤ ਆਇਆ ਹੀ ਨਹੀਂ, ਸਦਾ ਹੱਸਦੇ ਰਹਿਣਾ ਅਤੇ ਹਾਜ਼ਰ ਜਵਾਬ। ਐਸੀ ਬਿਰਤੀ ਜੈਸੀ ਕਿ ਸਤਿਗੁਰੂ ਜੀ ਨੇ ਜੈਤਸਰੀ ਵਾਰ ਦੀ ਪਉੜੀ ਲਿਖੀ ਹੈ :

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ।। ਜਾਤਿ ਨ ਪਾਤਿ ਨ ਆਦਰੋ ਉਦਿਆਨ ਭ੍ਰਮਿੰਨਾ।।
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ।। ਗਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ।।
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ।। ੭।। (ਪੰਨਾ ੭੦੭)

ਵੱਸਣ ਵਾਸਤੇ ਟੁੱਟੀ ਹੋਈ ਛੰਨ ਵੀ ਨਹੀਂ ਹੈ। ਜਿਥੇ ਦੇਖਦਾ ਹੈ ਤਿਥੇ ਹੀ ਪਿਆ ਰਹਿੰਦਾ ਹੈ। ਬਸਤਰ ਵੀ ਲੀਰਾਂ ਜਿਹੀਆਂ ਸਰੀਰ ਤੇ ਹਨ। ਜਾਤੀ ਵਾਲੇ ਵੀ ਕੋਲ ਨਹੀਂ ਬੈਠਣ ਦਿੰਦੇ। ਕਿਸੇ ਉੱਚ ਸੰਸਾਰੀ ਪਦਵੀ ਦਾ ਮਾਲਕ ਨਹੀਂ। ਕੋਈ ਆਦਰ ਵੀ ਨਹੀਂ ਦੇਂਦਾ। ਇਸ ਤਰ੍ਹਾਂ ਬਸਤੀ ਬਿਨਾਂ ਹੀ ਮੌਜ ਵਿਚ ਘੁੰਮਦਾ ਰਹਿੰਦਾ ਹੈ। ਕੋਈ ਸੰਸਾਰੀ ਪਿਆਰਾ ਮਿੱਤਰ ਵੀ ਨਹੀਂ। ਧਨ ਤਾਂ ਵਿਚਾਰੇ ਦੇ ਪੱਲੇ ਕੀ ਹੋਣਾ ਹੈ। ਕੋਈ ਚੰਗਾ ਰੂਪ ਵੀ ਨਹੀਂ ਤੇ ਕੋਈ ਸਾਕ ਸੰਬੰਧ ਵੀ ਆਦਰ ਨਹੀਂ ਦੇਂਦਾ। ਪਰ ਤ੍ਰਿਸ਼ਨਾ ਬਿਨਾਂ ਹੋਣ ਦੇ ਕਾਰਨ ਇਹ ਰਾਜਾਨ ਰਾਜ ਹੈ। ਸੰਤ ਮਹਾਰਾਜ ਇਸ ਦਾ ਆਦਰ ਕਾਫੀ ਕਰਦੇ ਹਨ।

ਇਕ ਵਾਰੀ ਪੋਹ ਦਾ ਮਹੀਨਾ ਚੜ੍ਹਿਆ ਹੀ ਸੀ, ਹਿਮ ਰੁੱਤ ਭਰ ਜ਼ੋਰਾਂ ਤੇ ਸੀ, ਬਰਫ ਦੀਆਂ ਭਰੀਆਂ ਤਿੱਖੀਆਂ ਹਵਾਵਾਂ ਚਲਦੀਆਂ ਹਨ। ਜਿਨ੍ਹਾਂ ਸਰਦੀ ਭਰੀਆਂ ਬਰਫਾਨੀ ਹਵਾਵਾਂ ਨੇ ਗਵੱਈਆਂ ਦੀਆਂ ਮਹਿਫਲਾਂ ਮੰਦ ਪਾ ਦਿੱਤੀਆਂ। ਤਬਲੇ ਪਰ ਉਂਗਲਾਂ ਠੇਕੇ ਦੇ ਪੂਰੇ ਠਾਟ ਨਹੀਂ ਕੱਢਦੀਆਂ। ਮਲੂਕਾਂ ਦੇ ਚਿਹਰੇ ਤੇ ਇਨ੍ਹਾਂ ਠੰਢੀਆਂ ਹਵਾਵਾਂ ਨੇ ਸਿਕਰੀਆਂ ਲਿਆ ਦਿੱਤੀਆਂ ਅਤੇ ਚਿਹਰੇ ਪਾੜ ਦਿਤੇ ਹਨ। ਮਾਇਆਧਾਰੀ ਕਈ ਤਰ੍ਹਾਂ ਦੀਆਂ ਮੁਲਾਇਮ ਕਰੀਮਾਂ ਲਾ-ਲਾ ਕੇ ਥੱਕ ਗਏ, ਫਿਰ ਵੀ ਹੁਸੀਨਾ ਦਾ ਚਿਹਰਾ ਪਹਿਲਾਂ ਵਾਂਗ ਆਸ਼ਕਾਂ ਨੂੰ ਪ੍ਰਸੰਨ ਨਹੀਂ ਕਰ ਸਕਦਾ। ਐਸੀ ਸਰਦੀ ਅੰਦਰ ਮਸਤ ਵਰਿਆਮਾ ਇਕ ਖੇਸ ਵਿਚ, ਸੋ ਖੇਸ ਵੀ ਭਿਜਿਆ ਹੋਇਆ ਸੀ। ਇਸ ਸਾਹਮਣੀ ਲੰਗਰ ਵਾਲੀ ਨਿੰਮ ਦੇ ਨੀਚੇ ਆਪਣੇ ਅਨੰਦ ਵਿਚ ਬੈਠਾ ਸੀ। ਇਸ ਦੇ ਕੋਲ ਦੀ ਲੰਗਰ ਵਿਚ ਨੂੰ ਸੰਤ ਮੰਡਲੀ ਲੰਘੀ। ਇਸ ਵਰਿਆਮੇ ਵਲ ਤੱਕ ਕੇ ਬਾਬਾ ਬਿਸ਼ਨ ਸਿੰਘ ਜੀ ਨੰਗਲ ਖੁਰਦ ਵਾਲੇ ਬੋਲੇ— ਵਰਿਆਮ ਜੀ, ਵਰਿਆਮ ਜੀ, ਤਿੰਨ ਕੁ ਵਾਰੀ ਆਵਾਜ਼ ਦਿਤੀ। ਫਿਰ ਮਲਕੜੇ ਵਰਿਆਮਾ ਬੋਲਿਆ— ਜੀ ਹਾਂ। ਸੰਤ ਬਿਸ਼ਨ ਸਿੰਘ ਜੀ ਆਖਣ ਲੱਗੇ ਕਿ ਤੈਨੂੰ ਪਾਲਾ ਨਹੀਂ ਲੱਗਦਾ? ਮਸਤ ਆਖਦਾ ਹੈ ਕਿ ਪਾਲਾ ਮੇਰੇ ਪਾਸ ਆਉਂਦਾ ਤਾਂ ਹੈ ਪਰ ਮੈਨੂੰ ਦੇਖ ਕੇ ਮੁੜ ਜਾਂਦਾ ਹੈ ਕਿ ਇਸ ਗਰੀਬ ਕੋਲੋਂ ਕੀ ਲੈਣਾ ਹੈ? ਚਲੋ ਉਹ ਜਿਥੇ ਚੰਗੇ ਵਿਛੌਣੇ ਵਿਛੇ ਹੋਏ ਹਨ ਅਤੇ ਜਿਨ੍ਹਾਂ ਨੇ ਚੰਗੀਆਂ-ਚੰਗੀਆਂ ਰਜਾਈਆਂ ਉਪਰ ਲਈਆਂ ਹੋਈਆਂ ਹਨ ਅਤੇ ਰੇਸ਼ਮੀ ਚੋਲੇ ਤੇ ਸੂਫ ਦੀਆਂ ਗਾਤੀਆਂ ਲਾਈਆਂ ਹੋਈਆਂ ਹਨ, ਉਨ੍ਹਾਂ ਕੋਲ ਚਲੇ ਹਾਂ। ਇਸ ਤਰ੍ਹਾਂ ਮੇਰੇ ਕੋਲੋਂ ਅਗਾਹਾਂ ਲੰਘ ਕੇ ਆਪ ਜੈਸਿਆਂ ਪਾਸ ਚਲਿਆ ਜਾਂਦਾ ਹੈ। ਸਾਰੀ ਮੰਡਲੀ ਹੱਸੀ ਤੇ ਹੈਰਾਨ ਵੀ ਹੋਈ ਕਿ ਕੈਸਾ ਠੋਸ ਉੱਤਰ ਲਾ-ਜਵਾਬ ਦਿਤਾ ਹੈ।। ਇਤੀ।।

ਸਾਖੀ—ਬਾਬੇ ਉਦੇ ਸਿੰਘ ਜੀ ਨਾਲ ਨਨਕਾਣੇ ਸਾਹਿਬ ਲੰਗਰ ਦੀ

ਸੰਨ 1936 ਦਾ ਅੱਸੂ ਮਹੀਨਾ ਚੜ੍ਹਿਆ। ਇਸ ਵਿਚ ਸਾਡੇ ਗੁਆਂਢੀ ਮੱਤ ਵਾਲਿਆਂ ਨੇ ਸਰਾਧਾਂ ਦੇ ਪੰਦਰਾਂ ਦਿਨ ਖੁਸ਼ੀ-ਖੁਸ਼ੀ ਲੰਘਾਏ। ਫਿਰ ਨੌਰਾਤਿਆਂ ਦਾ ਪੂਜਨ ਕੀਤਾ। ਚੰਡੀ ਦੀ ਪੂਜਾ ਕਰਕੇ ਸ਼ਸਤਰਾਂ ਦੀ ਪੂਜਾ ਕੀਤੀ। ਫਿਰ ਦੁਸਹਿਰਾ ਆਇਆ। ਨੌਂ-ਦਸ ਦਿਨ ਰਾਮ ਚੰਦਰ ਜੀ ਤੇ ਲਛਮਣ ਜੀ ਤੇ ਸੀਤਾ ਦੇ ਸਾਂਗ ਬਣਾ-ਬਣਾ ਨਾਚ ਕੀਤੇ। ਆਪਣੇ ਵੱਡਿਆਂ ਦੀਆਂ ਨਕਲਾਂ ਖੂਬ ਕੀਤੀਆਂ, ਅਤੇ ਕਿਸੇ ਸੁਨੱਖੇ ਕਿਸ਼ੋਰ ਅਵਸਥਾ ਦੇ ਮੁੰਡੇ ਨੂੰ ਸੀਤਾ

ਬਣਾਇਆ। ਇਕ ਕਿਸ਼ੋਰ ਅਵਸਥਾ ਦੇ ਮੁੰਡੇ ਨੂੰ ਸ਼੍ਰੀ ਰਾਮ ਚੰਦਰ ਜੀ ਬਣਾਇਆ। ਇਕ ਇਸੇ ਤਰ੍ਹਾਂ ਦੇ ਮੁੰਡੇ ਨੂੰ ਲਛਮਣ ਜੀ ਬਣਾਇਆ। ਫਿਰ ਐਸਾ ਅਨਰਥ ਕੀਤਾ ਕਿ ਜੋ ਮੁੰਡਾ ਸੀਤਾ ਰੂਪ ਅਤੇ ਜੋ ਮੁੰਡਾ ਰਾਮ ਚੰਦਰ ਰੂਪ ਬਣੇ ਸਨ। ਇਨ੍ਹਾਂ ਮੁੰਡਿਆਂ ਦਾ ਹੀ ਵੇਦ ਰੀਤੀ ਵਿਆਹ ਕੀਤਾ। ਫਿਰ ਬਣਵਾਸ ਹੋਇਆ। ਮੈਂ ਸਾਰਾ ਹਾਲ ਗ੍ਰੰਥ ਵਧਣ ਤੋਂ ਨਹੀਂ ਲਿਖਦਾ। ਬਣ ਵਿਚੋਂ ਰਾਵਣ ਸੀਤਾ ਨੂੰ ਲੈ ਗਿਆ। *'ਰੋਵੈ ਦਹਸਿਰੁ ਲੰਕ ਗਵਾਇ।। ਜਿਨਿ ਸੀਤਾ ਆਦੀ ਡਉਰੂ ਵਾਇ।।'* ਫਿਰ ਰਾਮ ਚੰਦਰ ਜੀ ਨੇ ਲੰਕਾ ਲੂਟੀ ਸੀਧਿ ਸਮੇਤ। ਦਸਹਿਰੇ ਵਾਲੇ ਦਿਨ ਭਰੀ ਦੁਨੀਆਂ ਦੇ ਮੇਲੇ ਵਿਚ ਤੀਰਾਂ ਨਾਲ ਨਾਸ ਕੀਤਾ, ਤੇ ਤਿੰਨਾਂ ਦੇ ਤਿੰਨ ਬੁੱਤ ਸਾੜੇ ਗਏ। ਰਾਵਣ ਜੀ ਦਾ, ਕੁੰਭਕਰਨ ਦਾ ਤੇ ਮੇਘ ਨਾਥ ਜੀ ਦਾ। ਇਸ ਕਹਾਣੀ ਵਿਚੋਂ ਵਿਚਾਰਵਾਨਾਂ ਨੂੰ ਇਕ ਗੁਣ ਦੀ ਪ੍ਰਾਪਤੀ ਹੁੰਦੀ ਹੈ ਕਿ ਅਖੀਰ ਬਦੀ ਦੇ ਉਤੇ ਹਮੇਸ਼ਾ ਭਲਾਈ ਛਾ ਜਾਂਦੀ ਹੈ। ਭਲਾਈ ਦੀ ਸਦਾ ਜਿੱਤ ਹੁੰਦੀ ਹੈ ਇਸ ਪ੍ਰਮਾਣ ਰੂਪ ਭਾਈ ਗੁਰਦਾਸ ਜੀ ਨੇ ਇਕ ਪਉੜੀ ਉਚਾਰੀ ਹੈ। ਦਾਸ ਸਰੋਤਿਆਂ ਵਾਸਤੇ ਲਿਖ ਦੇਂਦਾ ਹੈ। ਪਾਉੜੀ :

ਵਿਰਤੀਹਾਣੁ ਵਖਾਣਿਆ ਭਲੇ ਬੁਰੇ ਦੀ ਸੁਣੀ ਕਹਾਣੀ। ਭਲਾ ਬੁਰਾ ਦੁਇ ਚਲੇ ਰਾਹਿ ਉਸ ਥੈ ਤੋਸਾ ਉਸ ਥੈ ਪਾਣੀ।
ਤੋਸਾ ਅਗੈ ਰਖਿਆ ਭਲੇ ਭਲਾਈ ਅੰਦਰਿ ਆਣੀ। ਬੁਰਾ ਬੁਰਾਈ ਕਰਿ ਗਇਆ ਹਥੀਂ ਕਢਿ ਨ ਦਿਤੋ ਪਾਣੀ।
ਭਲਾ ਭਲਾਈਅਹੁ ਸਿਝਿਆ ਬੁਰੇ ਬੁਰਾਈਅਹੁ ਵੈਣਿ ਵਿਹਾਣੀ।
ਸਚਾ ਸਾਹਿਬੁ ਨਿਆਉ ਸਚੁ ਜੀਆਂ ਦਾ ਜਾਣੋਈ ਜਾਣੀ।।
ਕੁਦਰਤਿ ਕਾਦਰ ਨੋ ਕੁਰਬਾਣੀ।। ੧੭।। (ਭਾਈ ਗੁਰਦਾਸ ਜੀ)

ਇਸ ਦਾ ਅਨੁਵਾਦ ਹੈ ਕਿ ਬੁਰਾ ਤੇ ਭਲਾ ਕਿਸੇ ਜਗ੍ਹਾ ਨੂੰ ਗਏ ਹਨ। ਰਸਤੇ ਵਿਚ ਰਾਤ ਆ ਗਈ। ਬੁਰੇ ਨੇ ਭਲੇ ਨੂੰ ਕਿਹਾ ਕਿ ਤੇਰੇ ਪਾਸ ਭੋਜਨ ਹੈ ਤੂੰ ਮੈਨੂੰ ਭੋਜਨ ਦੇਣਾ ਕਰ। ਮੇਰੇ ਪਾਸ ਪਾਣੀ ਹੈ ਮੈਂ ਤੈਨੂੰ ਪਾਣੀ ਦੇਵਾਂਗਾ। ਭਲੇ ਨੇ ਬੁਰੇ ਨੂੰ ਭੋਜਨ ਦੇ ਦਿੱਤਾ। ਪਰ ਬੁਰੇ ਨੇ ਪਾਣੀ ਨਾ ਦਿਤਾ। ਭਲੇ ਨੇ ਸ਼ੁਕਰਾਨਾ ਕੀਤਾ। ਦੂਸਰੀ ਰਾਤ ਵਿਚ ਵੀ ਬੁਰੇ ਭਲੇ ਨਾਲ ਇਹੀ ਖੇਡ ਖੇਡੀ, ਤੀਸਰੇ ਦਿਨ ਬੁਰੇ ਫਿਰ ਇਹੀ ਸੀਨ ਖੇਡਿਆ। ਅੱਜ ਭਲੇ ਕੋਲੋਂ ਭੋਜਨ ਮੁੱਕ ਗਿਆ। ਬੁਰਾ ਭਲੇ ਨੂੰ ਜੰਗਲ ਵਿਚ ਹੀ ਛੱਡ ਕੇ ਚਲਾ ਗਿਆ। ਭੈ ਦੇ ਕਾਰਨ ਭਲਾ ਇਕ ਪਿੱਪਲ ਦੇ ਦਰੱਖਤ ਉਪਰ ਚੜ੍ਹ ਕੇ ਬੈਠ ਗਿਆ। ਅੱਧੀ ਰਾਤ ਹੋਈ ਇਸ ਬ੍ਰਿਛ ਦੇ ਨੀਚੇ ਇਕ ਦੇਅ (ਜਿੰਨ) ਆ ਗਿਆ। ਇਕ ਮਣੀ ਵਾਲਾ ਕਾਲਾ ਫਨੀਅਰ ਸੱਪ ਆ ਗਿਆ। ਇਨ੍ਹਾਂ ਦੋਨਾਂ ਨੂੰ ਦੇਖ ਕੇ ਡਰਿਆ ਤਾਂ ਬਹੁਤ, ਪਰ ਧੀਰਜ ਕਰਕੇ ਬੈਠਾ ਰਿਹਾ। ਇਹ ਦੋਨੋਂ ਆਪੋ ਵਿਚੀਂ ਗੱਲੀਂ-ਬਾਤੀਂ ਕਰਨ ਲੱਗੇ। ਇਹ ਭਲਾ ਬੜੀ ਧੀਰਜ ਨਾਲ ਸੁਣਦਾ ਰਿਹਾ। ਸੱਪ ਕਹਿਣ ਲੱਗਾ ਤੂੰ ਬਹੁਤ ਭੈੜਾ ਆਦਮੀ ਹੈਂ, ਤੂੰ ਇਸ ਰਾਜੇ ਦੀ ਲੜਕੀ ਨੂੰ ਲੱਗਿਆ ਹੋਇਆ ਹੈਂ, ਤਿਸ ਗਰੀਬ ਬੱਚੀ ਨੂੰ ਤੂੰ ਨਜਾਇਜ਼ ਤੰਗ ਕਰਦਾ ਹੈਂ। ਜਿੰਨ ਆਖਣ ਲੱਗਾ, ਤੂੰ ਆਪਣੇ ਆਪ ਨੂੰ ਚੰਗਾ ਸਮਝਦਾ ਹੈਂ, ਆਹ ਸਾਹਮਣੇ ਜੋ ਵਰਮੀ ਹੈ ਤੂੰ ਇਸ ਵਿਚ ਰਿਹਾਇਸ਼ ਰੱਖੀ ਹੋਈ ਹੈ, ਅਤੇ ਸੱਤ ਬਾਦਸ਼ਾਹੀ ਦਾ ਖਜ਼ਾਨਾ ਆਪਣੇ ਕਾਬੂ ਕਰੀ ਬੈਠਾ ਹੈਂ। ਫਿਰ ਸੱਪ ਦੀ ਵਾਰੀ ਆਈ ਸੱਪ ਨੇ ਆਖਿਆ ਕਿ ਜੇ ਕੋਈ ਸੁਣਦਾ ਗਿਣਦਾ ਹੈ ਤਾਂ ਮੇਰੀ ਗੱਲ ਸੁਣ ਕੇ ਅਮਲ ਕਰੇ। ਇਸ ਪਿੱਪਲ ਤੇ ਬੜੀ ਗਿੱਧ ਦਾ ਆਲ੍ਹਣਾ ਹੈ। ਇਸ ਵਿਚ ਸੂਰ ਦੀ ਹੱਡੀ ਹੈ। ਉਹ ਸੂਰ ਦੀ ਹੱਡੀ ਲੈ ਕੇ ਬਾਦਸ਼ਾਹ ਦੀ ਲੜਕੀ ਦੇ ਗਲੇ ਵਿਚ ਦੇ ਦੇਵੇ। ਤੂੰ ਉਸ ਜਗ੍ਹਾ ਨੇੜੇ ਨਹੀਂ ਢੁਕ ਸਕਦਾ, ਜਿਥੇ ਕਿ ਸੂਰ ਦੀ ਹੱਡੀ ਹੋਵੇ। ਫਿਰ ਜਿੰਨ ਨੇ ਕਿਹਾ ਕਿ ਜੇ ਕੋਈ ਸੁਣਦਾ ਗਿਣਦਾ ਹੋਵੇ ਉਹ ਮੇਰੀ ਗੱਲ ਤੇ ਅਮਲ ਕਰੇ, ਇਥੇ ਖੂੰਡ ਕੋਲ ਲਿਆ ਕੇ ਤੇਲ ਕੜਾਹੇ ਵਿਚ ਤੱਤਾ ਕਰਕੇ ਖੂੰਡ ਵਿਚ ਪਾਵੇ, ਤੂੰ ਫਿਰ ਆਪਣੇ ਆਪ ਹੀ ਇਥੋਂ ਚਲਿਆ ਜਾਵੇਂਗਾ। ਏਨੇ ਨੂੰ ਭੁਨਸਾਰ ਹੋ ਗਈ, ਇਹ ਦੋਨੋਂ ਚਲੇ ਗਏ। ਦਿਨ ਚੜ੍ਹਨ ਤੋਂ ਭਲੇ ਨੇ ਆਲ੍ਹਣੇ ਵਿਚੋਂ ਸੂਰ ਦੀ ਹੱਡੀ ਲੈ ਕੇ ਸ਼ਹਿਰ ਵਿਚ ਜਾ ਹੋਕਾ ਦਿਤਾ, ਵੈਦ ਹਕੀਮ, ਵੈਦ ਹਕੀਮ। ਇਸ ਦਾ ਹੋਕਾ ਸੁਣ ਕੇ ਕਰਮਚਾਰੀ ਇਸ ਨੂੰ ਬਾਦਸ਼ਾਹ ਪਾਸ ਲੈ ਗਏ। ਇਸ ਨੂੰ ਲੜਕੀ ਦਾ ਸਾਰਾ ਹਾਲ ਦੱਸਿਆ, ਇਹ ਚਾਂਈਂ-ਚਾਂਈਂ ਸੂਰ ਦੀ ਹੱਡੀ ਮਹਿਲਾਂ ਵਿਚ ਲੈ ਕੇ ਲੜਕੀ ਦੇ ਗਲ੍ਹ ਵਿਚ ਸੂਰ ਦੀ ਹੱਡੀ ਪਾ ਦਿਤੀ। ਜਿੰਨ ਚੀਕਾਂ ਮਾਰਦਾ ਚਲਾ ਗਿਆ। ਜਦੋਂ ਰਾਜੇ ਨੂੰ ਪਤਾ ਲੱਗਾ ਕਿ ਲੜਕੀ ਬਿਲਕੁਲ ਠੀਕ ਹੋ ਗਈ ਹੈ ਤਾਂ ਰਾਜੇ

ਨੇ ਇਸ ਲੜਕੀ ਦੀ ਸ਼ਾਦੀ ਇਸ ਭਲੇ ਨਾਲ ਹੀ ਕਰ ਦਿਤੀ। ਬੁਰਾ ਫਿਰ ਵੀ ਬੁਰਿਆਈ ਕਰਨੋਂ ਨਾ ਟਲਿਆ। ਰਾਜੇ ਪਾਸ ਜਾ ਕੇ ਨਿੰਦਿਆ ਕੀਤੀ ਕਿ ਹੇ ਰਾਜਨ! ਜਿਸ ਬੰਦੇ ਨਾਲ ਤੈਂ ਆਪਣੀ ਲੜਕੀ ਦੀ ਸ਼ਾਦੀ ਕੀਤੀ ਹੈ ਉਹ ਬੰਦਾ ਸਾਡੇ ਪਿੰਡ ਵਿਚ ਨੀਵੀਂ ਜਾਤੀ ਹੈ। ਰਾਜੇ ਨੇ ਇਹ ਚੁਗਲੀ ਸੁਣ ਕੇ ਭਲੇ ਨੂੰ ਆਪਣੇ ਪਾਸ ਬੁਲਾਇਆ ਅਤੇ ਪੁਛ-ਗਿਛ ਕੀਤੀ ਕਿ ਤੈਂਨੇ ਆਪਣੀ ਜਾਤ ਕਿਉਂ ਛਪਾ ਕੇ ਰੱਖੀ ਹੈ, ਸਾਨੂੰ ਦੱਸੀ ਕਿਉਂ ਨਹੀਂ? ਭਲੇ ਨੇ ਕਿਹਾ, ਹੇ ਰਾਜਨ ਇਹ ਨਿੰਦਕ ਨੇ ਠੀਕ ਕਿਹਾ ਹੋਵੇਗਾ, ਪਰ ਮੇਰੇ ਪਾਸ ਤਾਂ ਸੱਤ ਬਾਦਸ਼ਾਹੀ ਦੀ ਦੌਲਤ ਹੈ। ਚਲੋ ਤੁਹਾਨੂੰ ਦਿਖਾ ਦੇਂਦਾ ਹਾਂ। ਹੁਣ ਕੜਾਹੇ ਲਏ, ਤੇਲ ਵੀ ਬਹੁਤ ਲੈ ਲਿਆ। ਜਦੋਂ ਇਹ ਸਾਰਾ ਸਮਾਨ ਸੱਪ ਦੀ ਖੁੱਡ ਪਾਸ ਗਿਆ ਤੇ ਤੇਲ ਗਰਮ ਕਰਕੇ ਲੱਗੇ ਖੁੱਡ ਵਿਚ ਪਾਉਣ ਤਾਂ ਸੱਪ ਨੇ ਭਲੇ ਨੂੰ ਬੇਨਤੀ ਕੀਤੀ ਕਿ ਮੈਂ ਆਪਣੀ ਜਗ੍ਹਾ ਛੱਡ ਕੇ ਚਲਾ ਜਾਂਦਾ ਹਾਂ। ਤੁਸੀਂ ਸਾਰਾ ਧੰਨ ਸਾਂਭ ਲਵੋ। ਰਾਜਾ ਇਹ ਤੱਕ ਕੇ ਭਲੇ ਪਰ ਬਹੁਤ ਖੁਸ਼ ਹੋਇਆ ਅਤੇ ਆਪਣੇ ਮਹਿਲਾਂ ਵਿਚ ਲਿਜਾ ਕੇ ਰਾਜ ਦਰਬਾਰ ਦਾ ਮਾਲਕ ਬਣਾ ਦਿਤਾ।

ਹੁਣ ਬੁਰਾ ਬੜਾ ਹੈਰਾਨ ਹੋਇਆ ਕਿ ਇਸ ਦਾ ਤਾਂ ਕੁਝ ਵੀ ਨਹੀਂ ਵਿਗੜਦਾ। ਹੁਣ ਬੁਰੇ ਦੇ ਚਿੱਤ ਵਿਚ ਆਇਆ ਕਿ ਇਸ ਨੂੰ ਮੈਂ ਪੁਛਾਂ ਕਿ ਇਹ ਵਸਤੂ ਕਿਥੋਂ ਪਾਈ ਹੈ। ਭਲੇ ਨੇ ਜੰਗਲ ਦਾ ਸਾਰਾ ਟਿਕਾਣਾ ਦੱਸ ਦਿਤਾ, ਉਥੇ ਦੀ ਸਾਰੀ ਕਹਾਣੀ ਵੀ ਦੱਸ ਦਿਤੀ। ਹੁਣ ਬੁਰਾ ਚਾਈਂ-ਚਾਈਂ ਜੰਗਲ ਵਿਚ ਉਸੇ ਦਰੱਖਤ ਪਰ ਚੜ੍ਹ ਬੈਠਾ। ਉਸੀ ਰਾਤ ਦੇ ਟਾਈਮ, ਸੋ ਜਿੰਨ ਵੀ ਆ ਗਿਆ ਤੇ ਇੱਛਾਧਾਰੀ ਸੱਪ ਵੀ ਆ ਗਿਆ। ਇਨ੍ਹਾਂ ਦੋਨਾਂ ਨੇ ਗੱਲ-ਬਾਤ ਸ਼ੁਰੂ ਕਰਨ ਤੋਂ ਪਹਿਲਾਂ ਵਿਚਾਰਿਆ ਕਿ ਅੱਜ ਇਸ ਜਗ੍ਹਾ ਦੀ ਪੜਤਾਲ ਕਰ ਲਵੋ ਕਿਤੇ ਕੱਲ ਵਾਂਗ ਅੱਜ ਵੀ ਕੋਈ ਬੰਦਾ ਸਾਡੀ ਗੱਲ-ਬਾਤ ਨਾ ਸੁਣਦਾ ਹੋਵੇ। ਜਦੋਂ ਇਨ੍ਹਾਂ ਨੇ ਇਸ ਪੇੜ ਦੀ ਪੜਤਾਨ ਕੀਤੀ ਤਾਂ ਇਨ੍ਹਾਂ ਦੇ ਹੱਥ ਪਿੱਪਲ ਉਤੋਂ ਬੁਰਾ ਆ ਗਿਆ। ਫਿਰ ਕੀ ਸੀ, ਬੁਰੇ ਦੀ ਬੋਟੀ-ਬੋਟੀ ਕਰ ਦਿੱਤੀ। ਇਹ ਹੈ ਭਲੇ ਬੁਰੇ ਦੀ ਵਿਥਿਆ ਜੋ ਕਿ ਭਾਈ ਸਾਹਿਬ ਜੀ ਨੇ ਆਪਣੀ ਪਉੜੀ ਵਿਚ ਗੁੰਥਨ ਕੀਤੀ ਹੈ। ਭਾਈ ਸਾਹਿਬ ਨੇ ਹੋਰ ਵੀ ਪ੍ਰਮਾਣ ਦਿਤੇ ਹਨ, ਜਿਵੇਂ ਕਿ:

ਬੁਰੇ ਕਰਨਿ ਬੁਰਿਆਈਆਂ ਭਲਿਆਈ ਭਲਿਆ। ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰਲਿਆ।। ਤਥਾ।।

ਪਰ ਸਿਧਾਂਤ ਕੀ ਹੈ ਕਿ-

ਆਪਿ ਭਲਾ ਸਭੁ ਜਗੁ ਭਲਾ, ਭਲਾ ਭਲਾ ਸਭਨਾ ਕਰਿ ਦੇਖੈ।। ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ।।

ਗੁਰਸਿੱਖ ਨੂੰ ਇਹ ਸਿਧਾਂਤ ਲੈਣਾ ਚਾਹੀਦਾ ਹੈ, ਜੈਸੇ ਕਿ ਕਬੀਰ ਜੀ ਦਾ ਕਥਨ ਹੈ:

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ।।
ਜਿਨਿ ਐਸਾ ਕਰਿ ਬੁਝਿਆ ਮੀਤੁ ਹਮਾਰਾ ਸੋਇ।। ੭।। (ਪੰਨਾ ੧੩੬੫)

ਅਖੀਰ ਗਮਾਇਣ ਦੀ ਕਹਾਣੀ ਦਾ ਭਾਵ ਕੀ ਕਿ ਬਦੀ ਪੈਰਾਂ ਤੋਂ ਪੁੱਟ ਕੇ ਮਿੱਟੀ ਵਿਚ ਰਲ ਗਈ, ਅਤੇ ਭਲਾਈ ਦੀ ਜਿੱਤ ਹੋਈ। ਇਹ ਹੈ ਇਸ ਕਹਾਣੀ ਦਾ ਉੱਚ ਗੁਣ। ਬਾਕੀ ਜੋ ਸਾਡੇ ਗੁਆਂਢੀ ਭਰਾ ਸਾਂਗ ਕੱਢਦੇ, ਨਾਚ ਕਰਦੇ ਤੇ ਦਿਖਾਵੇ ਕਰਦੇ ਹਨ ਇਹ ਪਾਪ ਰੂਪ ਹਨ। ਇਨ੍ਹਾਂ ਅੱਸੂ ਦੇ ਦਿਨਾਂ ਵਿਚ ਬਾਬਾ ਉਦੇ ਸਿੰਘ ਜੀ ਉਚੇਚੇ ਸੰਤਾਂ ਨੂੰ ਮਿਲਣ ਵਾਸਤੇ ਆਏ। ਸੰਤਾਂ ਨਾਲ ਬਾਬਾ ਜੀ ਦੀਆਂ ਨਨਕਾਣੇ ਸਾਹਿਬ ਜਾਣ ਦੀਆਂ ਵਿਚਾਰਾਂ ਹੋਈਆਂ। ਬਾਬਾ ਜੀ ਸੰਤਾਂ ਨੂੰ ਆਖਣ ਲੱਗੇ ਕਿ ਮਹਾਰਾਜ ਜੀਉ ਅਸੀਂ ਦੁੱਲੇ ਦੀ ਵਾਰ ਵਿਚੋਂ ਆਟੇ ਆਦਿਕ ਰਸਦ ਦਾ ਗੱਡਾ ਭਰ ਕੇ ਲੈ ਕੇ ਆਉਂਦੇ ਹਾਂ। ਤਿੰਨ ਦਿਨ ਲੰਗਰ ਚਲਾ ਕੇ ਜੋ ਬਚ ਜਾਂਦਾ ਹੈ ਫਿਰ ਵਾਪਸ ਲੈ ਜਾਂਦੇ ਹਾਂ। ਸੰਤਾਂ ਨੇ ਉੱਤਰ ਦਿੱਤਾ, ਬਾਬਾ ਜੀ ਹੋਵੇ ਨਨਕਾਣਾ ਸਾਹਿਬ ਦਾ ਜੋੜ ਮੇਲਾ ਫਿਰ ਰਸਦ ਬਚ ਜਾਵੇ, ਚਲੋ ਐਤਕੀਂ ਅਸੀਂ ਤੱਕਾਂਗੇ ਕਿ ਰਸਦ ਕਿਵੇਂ ਬਚੀ ਰਹਿੰਦੀ ਹੈ। ਕੱਤਕ ਦੀ ਪੂਰਨਮਾਸ਼ੀ ਆਈ, ਸੰਤ ਮਹਾਰਾਜ ਜੀ ਚਾਰ ਦਿਨ ਪਹਿਲਾਂ ਹੀ ਡੇਰੇ ਤੋਂ ਚਲ ਪਏ। ਡੇਰੇ ਦੇ ਸਾਰੇ ਸੇਵਾਦਾਰਾਂ ਨੂੰ ਨਾਲ ਲੈ ਲਿਆ। ਬੇਬੇ ਰਾਧੋ ਜੀ, ਬੀਬੀ ਅਮਰੋ ਤੇ ਬੀਬੀ ਈਸ਼ਰ ਕੌਰ ਨੰਗਲ ਵਾਲੇ ਸੰਤਾਂ ਦੀ ਸੇਵਕ ਦਵਾਦਸੀ ਵਾਲੇ ਦਿਨ ਇਹ ਸਾਰਾ ਜਥਾ ਨਨਕਾਣਾ ਸਾਹਿਬ ਪੁਜ ਗਿਆ। ਬਾਰ ਵਲੋਂ ਬਾਬਾ

ਉਦੇ ਸਿੰਘ ਜੀ ਵੀ ਰਸਦ ਦਾ ਗੱਡਾ ਲੈ ਕੇ ਪੁਜ ਗਏ। ਤ੍ਰੈਦਸੀ ਵਾਲੇ ਦਿਨ ਅੰਮ੍ਰਿਤ ਵੇਲੇ ਹੀ ਤਿੰਨ ਲੋਹਾਂ ਬੀੜ ਦਿੱਤੀਆਂ। ਇਕ ਲੋਹ (ਤਵੀ) ਪਰ ਬੇਬੇ ਰਾਧੋ, ਬੀਬੀ ਅਮਰੋ ਤੇ ਬੀਬੀ ਈਸ਼ਰ ਕੌਰ- ਪੇੜੇ ਕਰਨ ਵਾਸਤੇ ਹੋਰ ਸਿੰਘ ਲਾ ਦਿਤੇ। ਦੂਸਰੀ ਤਵੀ ਪਰ ਸੰਤ ਇੰਦਰ ਸਿੰਘ ਜੀ ਤੇ ਸ੍ਵਾਮੀ ਜੀ ਰੋਟੀਆਂ ਪਕਾਉਣ ਲਾ ਦਿਤੇ। ਇਸੇ ਤਰ੍ਹਾਂ ਹੀ ਤੀਸਰੀ ਲੋਹ ਪਰ ਵੀ ਸਿੰਘ ਰੋਟੀਆਂ ਪਕਾਉਣ ਲਾ ਦਿਤੇ। ਦਾਸ ਲਿਖਾਰੀ ਨੂੰ ਤੇ ਸੰਤ ਮੇਹਰ ਸਿੰਘ ਜੀ ਨੂੰ ਦਾਲ ਬਣਾਉਣ ਦੀ ਸੇਵਾ ਲਾ ਦਿਤੀ। ਰਾਤ ਦਸ ਵਜੇ ਤਕ ਲੰਗਰ ਜਾਰੀ ਰਿਹਾ। ਚੌਦੇ ਵਾਲੇ ਦਿਨ ਅੰਮ੍ਰਿਤ ਵੇਲੇ ਤੋਂ ਹੀ ਫਿਰ ਲੰਗਰ ਪੱਕਣਾ ਸ਼ੁਰੂ ਹੋ ਗਿਆ। ਦਸ ਵਜੇ ਨੂੰ ਬਾਬਾ ਉਦੇ ਸਿੰਘ ਜੀ ਦਾ ਸਾਰਾ ਗੱਡਾ ਪੱਕ ਕੇ ਖਤਮ ਹੋ ਗਿਆ। ਅਜੇ ਡੇਢ ਦਿਨ ਬਕਾਇਆ ਸੀ। ਸਾਰੇ ਲਾਂਗਰੀਆਂ ਵਲੋਂ ਦਾਸ ਨੂੰ ਹੁਕਮ ਹੋਇਆ ਕਿ ਸੰਤਾਂ ਨੂੰ ਜਾ ਕੇ ਇਤਲਾਹ ਦੇਵੋ ਕਿ ਰਸਦ ਸਾਰੀ ਖਤਮ ਹੋ ਗਈ ਹੈ।

ਹੁਣ ਦਾਸ ਨੇ ਜਾ ਕੇ ਜਿਥੇ ਕਿ ਸਾਰੇ ਸਾਧੂਆਂ ਦੇ ਆਸਣ ਸਨ, ਸੰਤ ਮਹਾਰਾਜ ਜੀ ਨੂੰ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ ਰਸਦ ਦਾ ਸਾਰਾ ਗੱਡਾ ਖਤਮ ਹੋ ਗਿਆ ਹੈ, ਸੇਵਾਦਾਰਾਂ ਨੂੰ ਹੁਣ ਕੀ ਹੁਕਮ ਹੈ? ਸੰਤਾਂ ਨੇ ਫਿਰ ਬਾਬਾ ਉਦੇ ਸਿੰਘ ਜੀ ਨੂੰ ਆਖਿਆ ਬਾਬਾ ਜੀ ਆਪ ਜੀ ਦਾ ਰਸਦ ਦਾ ਗੱਡਾ ਮੁੱਕ ਗਿਆ ਹੈ। ਹੁਣ ਕੀ ਹੁਕਮ ਹੈ? ਬਾਬਾ ਜੀ ਬੜੇ ਹੈਰਾਨ ਪ੍ਰੇਸ਼ਾਨ ਹੋਏ ਅਤੇ ਹੱਥ ਜੋੜ ਕੇ ਆਖਣ ਲੱਗੇ, ਹੇ ਹਰਿਗੋਬਿੰਦ ਸਾਹਿਬ ਜੀ ਹੁਣ ਸਾਡੀ ਇੱਜ਼ਤ ਰੱਖਣਾ ਕਰੋ। ਸੰਤਾਂ ਨੇ ਕਿਹਾ, ਬਾਬਾ ਜੀ ਐਸੀ ਕੋਈ ਗੱਲ ਨਹੀਂ। ਸਾਡੀ ਕਿਹੜੀ ਧੀ ਦਾ ਵਿਆਹ ਹੈ ਕਿ ਸਾਡੇ ਸੱਕੇ ਆਏ ਹੋਏ ਸਨ। ਸਾਡੀ ਸਾਰਿਆਂ ਵਿਚ ਇੱਜ਼ਤ ਜਾਂਦੀ ਰਵ੍ਹੇਗੀ। ਜੇ ਸਤਿਗੁਰੂ ਰਸਦ ਭੇਜੇਗਾ ਤਾਂ ਪਕਾ-ਪਕਾ ਛਕਾਈ ਜਾਵਾਂਗੇ, ਨਹੀਂ ਤਾਂ ਲੋਹਾਂ ਠੱਪ ਕੇ ਆਰਾਮ ਕਰਾਂਗੇ। ਬਾਬਾ ਜੀ ਨੇ ਹੈਰਾਨ ਹੋ ਕੇ ਇਕ ਦੋ ਵਾਰੀ ਇਵੇਂ ਹੀ ਕਿਹਾ। ਸੰਤਾਂ ਨੇ ਵੀ ਇਸੇ ਤਰ੍ਹਾਂ ਹੀ ਬਾਬਾ ਜੀ ਦੇ ਉੱਤਰ ਵਿਚ ਬਚਨ ਕਹੇ। ਇਤਨੇ ਨੂੰ ਇਕ ਸਿੰਘ ਗੁਰੂ ਕਾ ਦਸਵੰਧੀ ਆਇਆ, ਉਸ ਨੇ ਸੰਤਾਂ ਅੱਗੇ ਪੰਜ ਸੌ ਰੁਪਿਆ ਰੱਖ ਕੇ ਮੱਥਾ ਟੇਕਿਆ। ਸੰਤ ਮਹਾਰਾਜ ਖਿੜ-ਖਿੜਾ ਕੇ ਹੱਸੇ ਤੇ ਕਹਿਣ ਲੱਗੇ, ਲਉ ਬਾਬਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੁਹਾਡੀ ਇੱਜ਼ਤ ਰੱਖ ਲਈ। ਗੱਲ ਕੀ ਕਿ ਫਿਰ ਇਸੇ ਤਰ੍ਹਾਂ ਹੀ ਅੱਠੋ ਪਹਿਰ ਤਿੰਨ ਦਿਨ ਹੀ ਗੁਰੂ ਦਾ ਲੰਗਰ ਚਲਿਆ।

ਇਕ ਸਾਧੂ ਦੀ ਸੰਤਾਂ ਨਾਲ ਗੱਲ-ਬਾਤ

ਸ੍: ਅਜੈਬ ਸਿੰਘ ਜੀ ਡਾਕਟਰ ਜੋ ਖਾਨਦਾਨੀ ਹਕੀਮ ਸਨ। ਡਾਕਟਰ ਜੀ ਦੇ ਪਿਤਾ ਸ੍: ਭਗਤ ਸਿੰਘ ਜੀ, ਸੰਤ ਬਾਬਾ ਸੰਪੂਰਨ ਸਿੰਘ ਜੀ ਮਹਾਨ ਵੈਦ ਰਾਜ ਅਨੰਦਪੁਰ ਵਾਲਿਆਂ ਤੋਂ ਹਕੀਮੀ ਵੀ ਸਿਖੀ ਸੀ, ਅਤੇ ਇਨ੍ਹਾਂ ਦੇ ਚਰਨਾਂ ਵਿਚ ਰਹਿ ਕੇ ਸੇਵਾ ਵੀ ਕੀਤੀ ਸੀ। ਇਸ ਕਰਕੇ ਹੀ ਇਹ ਘਰਾਣਾ ਸੰਤ ਸੇਵੀ ਸੀ, ਅਤੇ ਸਤਿਸੰਗੀ ਸੀ। ਡਾਕਟਰ ਜੀ ਨੂੰ ਰਬਾਬੀ ਕੌਲ ਰੱਖ ਕੇ ਕੀਰਤਨ ਦੀ ਦਾਤ ਵੀ ਇਨ੍ਹਾਂ ਦੇ ਪਿਤਾ ਜੀ ਨੇ ਦੁਆਈ ਸੀ। ਜਿਸ ਕੀਰਤਨ ਦੀ ਦਾਤ ਨਾਲ ਤੇ ਮਿੱਠੇ ਬੋਲਾਂ ਅਤੇ ਨਿੰਮਰਤਾ ਵਾਲੇ ਸੁਭਾਵ ਨਾਲ ਸੰਤਾਂ ਨੂੰ ਵੀ ਖੁਸ਼ ਕਰ ਲਿਆ ਸੀ। ਡਾਕਟਰ ਅਜੈਬ ਸਿੰਘ ਤੇ ਦਾਸ ਨੂੰ, ਬਖਸ਼ੀਸ਼ ਸਿੰਘ ਸੁਘਾਲ ਵਾਲੇ ਨੂੰ, ਸੰਤ ਕੱਕਾ ਸਿੰਘ ਜੀ ਨੂੰ, ਇਕ ਸਿੰਘ ਬਜਵਾੜੇ ਤੋਂ ਹੋਰ ਤਿੰਨ ਕੁ ਸਰੀਰ ਸਨ, ਜਿਨ੍ਹਾਂ ਨੂੰ ਆਪ ਹਜ਼ੂਰ ਜੀ ਨੇ ਗਰੀਬ-ਨਿਵਾਜ਼ੀ ਕਰਕੇ ਅੰਮ੍ਰਿਤ ਛਕਾਇਆ ਸੀ। ਸੰਤ ਸੇਵੀ ਹੋਣ ਦੇ ਕਾਰਨ ਕੋਈ ਨਾ ਕੋਈ ਸਾਧੂ ਇਨ੍ਹਾਂ ਪਾਸ ਟਿਕਿਆ ਰਹਿੰਦਾ ਸੀ। ਇਕ ਸਮੇਂ ਦੱਖਣ ਦੀ ਦਿਸ਼ਾ ਵਿਚ ਉਦਾਸੀ ਧਰਮਸਾਲਾ ਵਿਚ ਰਹਿਣ ਵਾਲਾ ਸਾਧੂ ਇਨ੍ਹਾਂ ਪਾਸ ਆ ਟਿਕਿਆ। ਸੋ ਸਾਧੂ ਸੂਰਜ ਦੀ ਉਪਾਸ਼ਨਾ ਕਰਦਾ ਹੁੰਦਾ ਸੀ। ਸੂਰਜ ਦੇ ਉਦੈ ਹੋਣ ਤੋਂ ਹੀ ਸੂਰਜ ਵਲ ਨੇਤਰ ਲਾ ਦੇਣੇ, ਜਿਵੇਂ-ਜਿਵੇਂ ਸੂਰਜ ਦੀ ਚਾਲ ਹੋਣੀ, ਤਿਵੇਂ-ਤਿਵੇਂ ਹੀ ਇਸ ਸਾਧੂ ਦੇ ਨੇਤਰਾਂ ਦੀ ਚਾਲ ਵੀ ਘੁੰਮਦੀ ਜਾਣੀ। ਇਸ ਤਪੱਸਿਆ ਨਾਲ ਇਸ ਸਾਧੂ ਵਿਚ ਸਿੱਧੀਆਂ ਕਰਾਮਾਤਾਂ ਵੀ ਪੈਦਾ ਹੋ ਗਈਆਂ।

ਇਕ ਕਰਾਮਾਤ ਇਤਿਹਾਸ ਪੜ੍ਹਨ ਵਾਲਿਆਂ ਦੀ ਦਿਲਚਸਪੀ ਵਾਸਤੇ ਲਿਖਦਾ ਹੈ। ਇਕ ਰਾਜਪੂਤ ਮੁਸਲਮਾਨ

ਘਰਾਣਾ ਇਸ ਦਿਹਾਣੇ ਪਿੰਡ ਵਿਚ ਵੱਸਦਾ ਸੀ। ਸੋ ਮੁਸਲਮਾਨ ਆਪਣੀ ਤ੍ਰੀਮਤ ਨੂੰ ਬਹੁਤ ਤੰਗ ਕਰਦਾ ਸੀ। ਕੁੱਟ-ਮਾਰ ਤਕ ਨੌਬਤ ਚਲੀ ਜਾਂਦੀ ਸੀ। ਇਕ ਦਿਨ ਉਸ ਬੀਬੀ ਨੇ ਇਸ ਤਪੱਸਵੀ ਸਾਧੂ ਪਾਸ ਬੇਨਤੀ ਕੀਤੀ ਅਤੇ ਰੋ-ਰੋ ਕੇ ਅਰਜ਼ਾਂ ਕੀਤੀਆਂ ਕਿ ਰੱਬ ਲੋਕ ਮੇਰਾ ਖਾਵੰਦ ਮੈਨੂੰ ਬਹੁਤ ਤੰਗ ਕਰਦਾ ਹੈ। ਮੇਰੇ ਤੇ ਕ੍ਰਿਪਾ ਕਰੋ। ਮੈਨੂੰ ਮੇਰੇ ਮਾਲਕ ਦੇ ਦੁਖ ਤੋਂ ਛੁਡਾਓ। ਸ਼ਾਮ ਦੇ ਪੰਜ ਵੱਜ ਚੁੱਕੇ ਹਨ। ਇਸ ਮੁਸਲਮਾਨ ਬੀਬੀ ਦੀ ਬੇਨਤੀ ਇਸ ਤਪੱਸਵੀ ਸਾਧੂ ਨੇ ਬੜੇ ਖਿਆਲ ਨਾਲ ਸੁਣੀ। ਅਤੇ ਆਖਿਆ ਜਾਹ ਬੀਬੀ ਸਾਡੇ ਵਲੋਂ ਆਪਣੇ ਪਤੀ ਨੂੰ ਕਹਿ ਕਿ ਮੈਂ ਤੇਰੀ ਦਾਸੀ ਹਾਂ, ਮੈਨੂੰ ਨਜਾਇਜ਼ ਤੰਗ ਨਾ ਕਰੋ। ਇਸ ਮੁਸਲਮਾਨ ਬੀਬੀ ਨੇ ਬੜੀ ਨਿੰਮਰਤਾ ਨਾਲ ਆਖਿਆ- ਕਿ ਖਾਵੰਦ ਤਿਸ ਸੰਤ ਨੇ ਤੈਨੂੰ ਸੁਨੇਹਾ ਭੇਜਿਆ ਹੈ, ਕਿ ਇਹ ਤੇਰੀ ਬੀਵੀ ਹੈ ਭਾਵ ਤੇਰੀ ਤ੍ਰੀਮਤ ਹੈ, ਤੂੰ ਇਸਨੂੰ ਤੰਗ ਨਾ ਕਰਿਆ ਕਰ। ਜਦੋਂ ਉਸ ਮੁਸਲਮਾਨ ਬੰਦੇ ਨੇ ਸੁਣਿਆ ਕਿ ਇਹ ਕਾਫਰ ਇਸਤਰੀ ਉਸ ਹਿੰਦੂ ਕਾਫਰ ਪਾਸ ਕਿਉਂ ਗਈ, ਉਸ ਮੁਸਲਮਾਨ ਨੇ ਫਿਰ ਇਸ ਦੀ ਖੂਬ ਕੁੱਟ-ਮਾਰ ਕੀਤੀ। ਆਪਣੀਆਂ ਪਰੈਣਾਂ ਮਾਰ-ਮਾਰ ਸਰੀਰ ਸੁਜਾ ਦਿੱਤਾ। ਇਸ ਨੇਕ-ਬਖਤ ਨੇ ਇਸ ਦੀ ਸੇਵਾ ਕੀਤੀ, ਪ੍ਰਸ਼ਾਦ ਪਾਣੀ ਛਕਾਇਆ ਅਤੇ ਸੰਤਾਂ ਪਾਸ ਜਾ ਕੇ ਆਪਣਾ ਸਾਰਾ ਸਰੀਰ ਦਿਖਾਇਆ। ਸੰਤਾਂ ਨੇ ਕਿਹਾ ਕਿ ਕੋਈ ਨਹੀਂ ਬੇਟਾ, ਦੁਖ ਝੱਲ ਕੇ ਹੀ ਸੁੱਖ ਮਿਲਦਾ ਹੈ।

ਹੁਣ ਤੂੰ ਤੀਸਰੀ ਵਾਰੀ ਆਪਣੇ ਪਤੀ ਨੂੰ ਧੀਰਜ ਨਾਲ ਕਹੀਂ। ਜੇ ਉਸ ਪਹਿਲੇ ਵਾਂਗ ਹੀ ਤੇਰੇ ਨਾਲ ਵਰਤਾਅ ਕੀਤਾ ਤਾਂ ਫਿਰ ਇਕ ਕਲਮ ਤੇ ਦਵਾਤ ਅਤੇ ਕਾਗਜ਼ ਲੈ ਆਵੀਂ। ਜਦੋਂ ਇਸ ਮੁਸਲਮਾਨ ਇਸਤਰੀ ਨੇ ਆਪਣੇ ਪਤੀ ਨੂੰ ਬੜੀ ਧੀਰਜ ਨਾਲ ਹੱਥ ਜੋੜ ਕੇ ਬੇਨਤੀ ਕੀਤੀ। ਜਦੋਂ ਇਸ ਦੇ ਪਤੀ ਨੇ ਆਪਣੀ ਪਤਨੀ ਦੀ ਅਰਜ਼ ਸੁਣੀ ਤਾਂ ਬੱਸ ਫਿਰ ਕੀ ਸੀ ਉਸ ਇਸਤਰੀ ਵਾਸਤੇ ਇਕ ਕਿਆਮਤ ਦਾ ਦਿਨ ਆ ਗਿਆ। ਫਿਰ ਉਸ ਦੇ ਪੜੋਸੀਆਂ ਨੇ ਹੀ ਛੁਡਾਇਆ। ਇਹ ਆਪਣੀ ਇਸਤਰੀ ਨੂੰ ਇਸ ਪ੍ਰਕਾਰ ਕੁੱਟ-ਮਾਰ ਕੇ ਬਾਹਰ ਚਲਾ ਗਿਆ।

ਹੁਣ ਇਸਤਰੀ ਨੇ ਸਾਰੀ ਬੇਨਤੀ ਸੰਤਾਂ ਨੂੰ ਸੁਣਾਈ। ਹੁਣ ਸੰਤਾਂ ਨੇ ਇਸਤਰੀ ਨੂੰ ਕਿਹਾ ਕਿ ਹੁਣ ਸੋਚ ਲੈ, ਤੇਰੇ ਪਤੀ ਨੇ ਖਤਮ ਹੋ ਜਾਣਾ ਹੈ। ਇਸ ਇਸਤਰੀ ਨੇ ਕਿਹਾ ਕਿ ਮਹਾਰਾਜ ਸੰਤ ਜਨੋਂ ਬੇਸ਼ਕ ਖਤਮ ਹੋ ਜਾਏ, ਮੈਂ ਇਸ ਦੀ ਪਤਨੀ ਹੋਣ ਦੇ ਨਾਤੇ ਰੰਡੇਪਾ ਕੱਟ ਲਵਾਂਗੀ। ਬਸ ਫਿਰ ਕੀ ਸੀ, ਉਸ ਇਸਤਰੀ ਤੋਂ ਕਲਮ ਦਵਾਤ ਮੰਗਾਈ। ਉਸ ਫਕੀਰ ਨੇ ਆਪਣੇ ਹੱਥ ਕਲਮ ਲੈ ਕੇ ਕੁਝ ਕਾਲੇ ਇਲਮ ਦੇ ਕੁਕੂ ਘਾਂਗੜੇ ਜਿਹੇ ਕੱਢ ਦਿਤੇ। ਜਦੋਂ ਕਿ ਇਹ ਫਕੀਰ ਆਪਣੇ ਇਲਮ ਦੇ ਕੁਕੂ ਘਾਂਗੜੇ ਕੱਢ ਹਟਿਆ ਤਾਂ ਫਿਰ ਇਸ ਨੇ ਸੂਰਜ ਵਲ ਤੱਕਿਆ, ਤਾਂ ਉਸੀ ਸਮੇਂ ਹੀ ਇਸ ਦੇ ਬੱਚੇ ਆਏ ਤੇ ਹੋਰ ਗੁਆਂਢੀ ਵੀ ਆਏ। ਸੰਤਾਂ ਨੂੰ ਸਾਰਿਆਂ ਨੇ ਮਿਲ ਕੇ ਬੇਨਤੀਆਂ ਕੀਤੀਆਂ। ਸੰਤਾਂ ਨੇ ਕਿਹਾ ਕਿ ਅਸੀਂ ਤਿੰਨ ਵਾਰ ਉਸਨੂੰ ਸਮਾਂ ਦਿਤਾ ਹੈ, ਉਸ ਨੂੰ ਇਹ ਨਹੀਂ ਖਬਰ ਕਿ ਸੰਤ ਕਾਫਰ ਨਹੀਂ ਹੁੰਦੇ। ਸੰਤ ਤਾਂ ਪਰਮੇਸ਼ਰ ਦੇ ਨਿਕਟ-ਵਰਤੀ ਹੁੰਦੇ ਹਨ। ਪਰਮੇਸ਼ਰ ਆਪਣੇ ਬਚਨ ਨੂੰ ਮੋੜ ਲੈਂਦਾ ਹੈ, ਪਰ ਭਗਤ ਦਾ ਕਿਹਾ ਨਹੀਂ ਮੋੜਦੇ। ਜਾਓ ਆਪਣੇ ਮੱਤ ਅਨੁਸਾਰ ਉਸਨੂੰ ਦਬਾ ਦਿਓ।

ਹੁਣ ਸਾਰੇ ਨਿਰਾਸੇ ਹੋਏ ਘਰ ਆਏ। ਉਸ ਦੇ ਸਰੀਰ ਨੂੰ ਮੁਸਲਮਾਨੀ ਮੱਤ ਅਨੁਸਾਰ ਦਫਨਾ ਦਿਤਾ। ਇਸਤਰੀ ਤਾਂ ਸਾਰੀ ਜ਼ਿੰਦਗੀ ਸੰਤ-ਸੇਵੀ ਰਹੀ। ਇਸ ਤਰ੍ਹਾਂ ਸਾਰੇ ਇਲਾਕੇ ਵਿਚ ਇਹ ਤਪੱਸਵੀ ਸੰਤ ਮਸ਼ਹੂਰ ਹੋ ਗਿਆ। ਸਾਰੇ ਹਿੰਦੂ ਮੁਸਲਮਾਨ ਆ ਆ ਕੇ ਆਪਣੀਆਂ ਮਨ ਦੀਆਂ ਮੁਰਾਦਾਂ ਪਾਉਂਦੇ।

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਅਵਤਾਰ ਧਾਰਨ ਦਾ ਸ਼ੁਭ ਦਿਹਾੜਾ ਆ ਗਿਆ। ਸਾਰੇ ਸੰਤ ਗੁਰਮੁਖ ਸ਼ਰਧਾਲੂ ਸਦ ਗ੍ਰਹਿਸਤੀਆਂ ਦੀਆਂ ਤਿਆਰੀਆਂ ਨਨਕਾਣਾ ਸਾਹਿਬ ਜਾਣ ਦੀਆਂ ਹੋ ਗਈਆਂ। ਸਾਰਿਆਂ ਦੇ ਚਿੱਤ ਖੁਸ਼ੀਆਂ ਉਤਸ਼ਾਵਾਂ ਨਾਲ ਭਰ ਗਏ। ਕਈ ਕੁ ਤਾਂ ਪੈਦਲ ਯਾਤਰਾ ਕਰਨ ਹਿਤ ਚਲ ਪਏ। ਕਈਆਂ ਨੇ ਰੇਲ ਗੱਡੀ ਜਾਣ ਦੀ ਤਿਆਰੀ ਕਰ ਲਈ। ਕਈਆਂ ਨੇ ਬੱਸਾਂ ਕਾਰਾਂ ਦੁਆਰਾ ਜਾਣ ਦਾ ਉਪਰਾਲਾ ਕੀਤਾ। ਕਈਆਂ ਨੇ ਗੱਡੇ ਤਿਆਰ ਕੀਤੇ। ਕਈ ਕੁ ਸਾਈਕਲ ਅਸਵਾਰ ਹੋ ਤੁਰੇ। ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਸ: ਜਗਤ ਸਿੰਘ ਜੀ ਬਿਣਗਾਂ ਵਾਲੇ ਆਏ ਅਤੇ ਨਮਸ਼ਕਾਰ ਕਰਕੇ ਬੇਨਤੀ ਕੀਤੀ ਕਿ ਹਜ਼ੂਰ ਸਾਡਾ ਫੁਰਨਾ ਹੈ ਕਿ ਐਤਕੀਂ ਬੱਸ

ਨਨਕਾਣਾ ਸਾਹਿਬ ਲੈ ਕੇ ਚਲੀਏ। ਸੰਤ ਮਹਾਰਾਜ ਜੀ ਕੁਝ ਮੰਦ ਜਿਹੇ ਹਾਸੇ ਨਾਲ ਹੱਸ ਕੇ ਕਹਿਣ ਲਗੇ। ਚੰਗਾ ਸ: ਜਗਤ ਸਿੰਘ ਜੀ ਬੱਸ ਤੁਸੀਂ ਡੇਰੇ ਲੈ ਆਓ। ਸ: ਜਗਤ ਸਿੰਘ ਜੀ ਨੇ ਬੱਸ ਡੇਰੇ ਲੈ ਆਂਦੀ। ਬੱਸ ਵਿਚ ਕੁਝ ਡੇਰੇ ਦੇ ਸੇਵਾਦਾਰ ਬੈਠੇ, ਸੰਤ ਮਹਾਰਾਜ ਜੀ ਦੀ ਸੰਤ ਮੰਡਲੀ ਵੀ ਬੈਠ ਗਈ। ਸੰਤ ਬਾਬਾ ਬਿਸ਼ਨ ਸਿੰਘ, ਬਾਬਾ ਦਲੀਪ ਸਿੰਘ ਜੀ, ਬਾਬਾ ਪਰਦੁਮਨ ਸਿੰਘ ਜੀ, ਬਾਬਾ ਤ੍ਰਿਲੋਕ ਸਿੰਘ ਜੀ ਖ੍ਵਾਜਾ ਖੜਕੀਏ ਨਵੇਂ ਬਾਬਾ ਉਦੇ ਸਿੰਘ ਅਤੇ ਦਿਹਾਣੇ ਵਾਲੇ ਸੂਰਜ ਮੁਖੀ ਸੰਤ ਵੀ ਡਾਕਟਰ ਅਜੈਬ ਸਿੰਘ ਜੀ ਸੰਤ ਮਹਾਰਾਜ ਜੀ ਦੀ ਮਸਤਾਨਿਆਂ ਦੀ ਟੋਲੀ ਵੀ ਨਾਲ ਬੈਠੀ ਸੀ। ਕੁਝ ਅਸਵਾਰੀਆਂ ਬਿਣਗਾਂ ਤੋਂ ਸਰਦਾਰਾਂ ਦਾ ਪਰਵਾਰ ਆਦਿਕ ਬੱਸ ਵਿਚ ਬੈਠੇ।

ਹੁਣ ਬੱਸ ਲਬਾਲਬ ਭਰ ਗਈ। ਇਹ ਬੱਸ ਯਾਤਰੂਆਂ ਨਾਲ ਭਰੀ ਹੋਈ ਨਿਰਵਿਘਨ ਨਨਕਾਣੇ ਸਾਹਿਬ ਪਹੁੰਚ ਗਈ। ਲੰਗਰ ਦੇ ਸੇਵਾਦਾਰਾਂ ਨੇ ਸੰਤਾਂ ਦਾ ਹੁਕਮ ਮੰਨ ਕੇ ਲੰਗਰ ਦੀ ਸੇਵਾ ਸ਼ੁਰੂ ਕਰ ਦਿਤੀ। ਮਸਤਾਨਿਆਂ ਨੇ ਸੰਤਾਂ ਦੇ ਆਲੇ ਦੁਆਲੇ ਨੱਚਣਾ ਕੁਦਣਾ ਰੌਣਕ ਮੇਲਾ ਸ਼ੁਰੂ ਕਰ ਦਿਤਾ। ਮੇਲੇ ਦੀ ਦੁਨੀਆਂ ਮਸਤਾਨਿਆਂ ਦੇ ਰੌਣਕ ਮੇਲੇ ਨੂੰ ਦੇਖਣ ਵਿਚ ਰੁਝੀ ਰਹਿਣੀ। ਕਿਸੇ ਨੂੰ ਇਹ ਖਿਆਲ ਹੀ ਨਹੀਂ ਆਉਣਾ ਕਿ ਸੰਤਾਂ ਦੇ ਦਰਸ਼ਨ ਕਰਕੇ ਅਸੀਂ ਕੋਈ ਬਚਨ ਕਰਨੇ ਹਨ। ਆਪ ਹਜ਼ੂਰ ਆਖਿਆ ਕਰਦੇ ਸਨ ਕਿ ਅਸੀਂ ਜਾਣ ਕੇ ਹੀ ਦੁਨੀਆਵੀ ਇੱਛਾ ਵਾਲੇ ਲੋਕਾਂ ਤੋਂ ਇਹ ਮਸਤਾਨਿਆਂ ਦੀ ਮੰਡਲੀ ਆਪਣੇ ਨਾਲ ਰਖਦੇ ਹਾਂ। ਅੱਜ ਦੂਸਰੇ ਦਿਨ ਦਾ ਸੂਰਜ ਨਿਕਲਿਆ ਇਹ ਮਸਤਾਨੇ ਵੀ ਸਾਰੇ ਇਕੱਠੇ ਹੋ ਗਏ। ਆਓ ਵਈ ਸੰਤਾਂ ਦੀ ਹਜ਼ੂਰੀ ਆਸਾ ਦੀ ਵਾਰ ਲਾਈਏ। ਕਿਸੇ ਨੇ ਹੱਥ ਵਿਚ ਖੂਹ ਦੀ ਟਿੰਡ ਲੈ ਲਈ, ਕਿਸੇ ਨੇ ਦੋ ਹਲਟ ਦੀਆਂ ਰੇੜੀਆਂ ਹੀ ਲੈ ਲਈਆਂ, ਕੋਈ ਗਿੱਦਾ ਪਾਉਣ ਹੀ ਲੱਗ ਪਿਆ। ਇਨ੍ਹਾਂ ਦੀ ਆਸਾ ਦੀ ਵਾਰ ਦੀਆਂ ਤੁੱਕਾਂ:

ਭੈ ਵਿਚ ਰੰਬਾ ਭੈ ਵਿਚ ਦਾਤੀ। ਭੈ ਵਿਚ ਕੁੱਪ ਖੜਾ ਥਰਸਾਤੀ।
ਭੈ ਵਿਚ ਘੋੜਾ ਭੈ ਵਿਚ ਹਾਥੀ। ਭੈ ਵਿਚ ਨਿੰਬੂ ਭੈ ਵਿਚ ਪਾਤੀ।

ਗੱਲ ਕੀ ਇਹ ਮਸਤਾਨੇ ਨਾਚ ਕਰਦੇ ਗਿੱਦੇ ਪਾਉਂਦੇ ਹਨ। ਆਪਣੇ ਸਾਜ ਵਜਾਉਂਦੇ ਹਨ। ਇਕ ਘੰਟਾ ਬੜਾ ਠਾਠ ਬੰਨ੍ਹਿਆ। ਸੰਤਾਂ ਨੂੰ ਕਿਸੇ ਨੇ ਪੁਛਿਆ ਹੀ ਨਾ ਕਿਥੇ ਹਨ। ਇਨ੍ਹਾਂ ਦਾ ਹੀ ਰੌਣਕ ਮੇਲਾ ਦੇਖਦੇ ਰਹੇ। ਇਕ ਦਮ ਇਸ ਨਾਚ ਵਿਚੋਂ ਹਟ ਕੇ ਆ ਸੰਤਾਂ ਦੇ ਦੁਆਲੇ ਹੋਏ, ਕਿ ਸਾਡਾ ਸਾਰਾ ਜ਼ੋਰ ਲੱਗ ਗਿਆ, ਸਾਨੂੰ ਕੁਛ ਖਾਣ ਪੀਣ ਨੂੰ ਦੇਵੋ। ਸੰਤਾਂ ਨੇ ਇਕ ਦਮ ਇਕ ਕਿਲੋ ਬਦਾਮ, ਛੋਟੀ ਅਲੈਚੀ, ਕਾਲੀ ਮਿਰਚ, ਸੁੱਖਾ ਮੰਗਾ ਕੇ ਦਿਤਾ। ਇਨ੍ਹਾਂ ਸਾਰੇ ਮਸਤਾਨਿਆਂ ਨੇ ਰਗੜੇ ਲਾ ਕੇ ਛਕੇ ਫਿਰ ਤਰਾਰਿਆਂ ਵਿਚ ਹੋ ਗਏ। ਫਿਰ ਰੌਣਕ ਮੇਲਾ ਸ਼ੁਰੂ ਕਰ ਦਿੱਤਾ। ਗੁਰੂ ਕਾ ਲੰਗਰ ਤਿੰਨ ਦਿਨ ਅਤੁੱਟ ਚਲਿਆ। ਲੰਗਰ ਦੀ ਸੇਵਾ ਕਰਨ ਵਾਲਿਆਂ ਗੁਰਮੁਖਾਂ ਸੇਵਾ ਦਾ ਲਾਭ ਪ੍ਰਾਪਤ ਕੀਤਾ। ਰੌਣਕ ਮੇਲਾ ਦੇਖਣ ਵਾਲਿਆਂ ਨੇ ਸੰਤਾਂ ਦੀ ਹਜ਼ੂਰੀ ਵਿਚ ਮਸਤਾਨਿਆਂ ਦਾ ਰੌਣਕ ਮੇਲਾ ਦੇਖ ਕੇ ਚਿੱਤ ਪ੍ਰਸੰਨ ਕਰ ਲਿਆ ਅਤੇ ਜਗਿਆਸੂਆਂ ਨੇ ਸੰਤਾਂ ਪਾਸੋਂ ਸ਼ੁਭ ਉਪਦੇਸ਼ ਲੈ ਕੇ ਆਪਣੇ ਜਨਮ ਦਾ ਲਾਭ ਪ੍ਰਾਪਤ ਕੀਤਾ।

ਗੁਰੂ ਨਾਨਕ ਦੇਵ ਜੀ ਦੇ ਅਨਰੂਪ ਵਿਚ ਸੇਵਕਾਂ ਨੂੰ ਦਰਸ਼ਨ ਕਰਾਉਣੇ

ਪੂਰਨਮਾਸ਼ੀ ਦੀ ਰਾਤ ਆਈ। ਰਾਤ ਦੇ ਦਸ ਵਜ ਚੁੱਕੇ ਹਨ। ਅੱਜ ਸੰਤਾਂ ਦੇ ਹੁਕਮ ਅਨੁਸਾਰ ਲੰਗਰ ਦੀ ਸਮਾਪਤੀ ਕਰ ਦਿਤੀ ਹੈ। ਕਿਉਂਕਿ ਬਹੁਤ ਸਾਰੇ ਸੇਵਾਦਾਰਾਂ ਦਾ ਫੁਰਨਾ ਸੀ ਕਿ ਅਵਤਾਰ ਧਾਰਨ ਦੇ ਸਮੇਂ ਗੁਰੂ ਜੀ ਦੇ ਪਵਿੱਤਰ ਜਨਮ ਅਸਥਾਨ ਦੇ ਦਰਸ਼ਨ ਕਰਨ ਦਾ ਤੇ ਆਤਸ਼ਬਾਜ਼ੀ ਆਦਿ ਰੌਣਕ ਮੇਲਾ ਦੇਖਣ ਦੀ ਤੀਬਰ ਇੱਛਾ ਸੀ। ਪਰ ਸੰਤਾਂ ਨੇ ਸਾਰੇ ਸੇਵਾਦਾਰਾਂ ਨੂੰ ਇਕੱਤਰ ਕਰਕੇ ਆਪਣੀ ਰਸਨਾ ਤੋਂ ਉਚਾਰ ਕੇ ਆਗਿਆ ਦਿਤੀ ਕਿ ਇਸ ਟਾਈਮ ਤੋਂ ਸਾਰਿਆਂ ਨੂੰ ਖੁਲ੍ਹ ਹੈ ਕਿ ਆਪਣੀ ਇੱਛਾ ਅਨੁਸਾਰ ਗੁਰ ਅਸਥਾਨ ਦੇ ਦਰਸ਼ਨ ਕਰ ਸਕਦੇ ਹਨ। ਪਰ ਜਿਨ੍ਹਾਂ ਦੀ ਭਾਵਨਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਹਨ, ਸੋ ਇਥੇ ਹੀ ਸਾਡੇ ਪਾਸ ਰਹੇ। ਹੋਰ ਜਿਨ੍ਹਾਂ ਨੇ ਜੋੜ ਮੇਲੇ ਦਾ ਦਰਸ਼ਨ ਕਰਨਾ ਹੈ ਸੋ ਮੇਲੇ ਵਿਚ ਜਾ ਕੇ ਰੌਣਕ ਤੱਕ ਆਵੇ। ਅਸੀਂ ਪੰਜ ਚਾਰ ਸਿੰਘ ਸੰਤਾਂ ਦੇ ਕੋਲ

ਹੀ ਅਟਕ ਗਏ। ਬੀਬੀ ਰਾਧੋ, ਬੀਬੀ ਅਮਰੋ ਹੋਰ ਵੀ ਇਥੇ ਸੰਤਾਂ ਪਾਸ ਹੀ ਅਟਕ ਗਈਆਂ।

ਸੰਤ ਮਹਾਰਾਜ ਜੀ ਨੇ ਕੁਝ ਕੁ ਮਠਿਆਈ ਆਪਣੇ ਪਾਸ ਅੰਤਰਗਤਿ ਕਰਕੇ ਰੱਖ ਲਈ ਸੀ ਅਤੇ ਤੀਬਰ ਫੁਰਨਾ ਕਰ ਲਿਆ ਕਿ ਹਜ਼ੂਰ ਦੀਨ ਦੁਨੀ ਦੇ ਵਾਲੀ ਜਗਤ ਤਾਰ ਕੇ ਜਗਤ ਗੁਰੂ ਆਪ ਆ ਕੇ ਮੰਗਣਗੇ ਤਾਂ ਇਹ ਮਠਿਆਈ ਹਜ਼ੂਰ ਦੇ ਹਾਜ਼ਰ ਕਰਾਂਗੇ। ਇਤਨੇ ਨੂੰ ਅੰਮ੍ਰਿਤ ਵੇਲੇ ਰਾਤ ਦੇ ਢਾਈ ਕੁ ਦਾ ਟਾਈਮ ਹੋਣਾ ਹੈ ਤਾਂ ਤਿੰਨ ਬਜ਼ੁਰਗੀ ਹਾਲਤ ਵਿਚ ਵਿਅਕਤੀਆਂ ਆ ਗਈਆਂ। ਇਨ੍ਹਾਂ ਤਿੰਨਾਂ ਵਿਚੋਂ ਜੋ ਮੁਖੀ ਸਨ ਉਨ੍ਹਾਂ ਨੇ ਆ ਕੇ ਅਵਾਜ਼ ਦਿਤੀ ਕਿ ਅਸਾਂ ਨੇ ਸੁਣਿਆ ਹੈ ਕਿ ਇਸ ਜਗ੍ਹਾ ਸੰਤ ਜਵਾਲਾ ਸਿੰਘ ਜੀ ਦਾ ਲੰਗਰ ਚਲ ਰਿਹਾ ਹੈ। ਅਸੀਂ ਵੀ ਭੁਖੇ ਹਾਂ ਸਾਨੂੰ ਭੁਖਿਆਂ ਨੂੰ ਸੰਤ ਜਵਾਲਾ ਸਿੰਘ ਜੀ ਦੇ ਲੰਗਰ ਵਿਚੋਂ ਕੋਈ ਪ੍ਰਸ਼ਾਦਾ ਮਿਲ ਜਾਵੇ। ਇਹ ਬਜ਼ੁਰਗਾਂ ਦੀ ਅਵਾਜ਼ ਸੰਤ ਮਹਾਰਾਜ ਜੀ ਨੇ ਸੁਣ ਲਈ ਅਤੇ ਸੰਤਾਂ ਨੇ ਉੱਤਰ ਦਿਤਾ ਕਿ ਇਥੇ ਸੰਤ ਜਵਾਲਾ ਸਿੰਘ ਦਾ ਕੋਈ ਲੰਗਰ ਨਹੀਂ, ਤਾਂ ਗੁਰੂ ਜੀ ਦਾ ਲੰਗਰ ਜ਼ਰੂਰ ਹੈ ਸੀ। ਹੁਣ ਸੇਵਾਦਾਰ ਲੰਗਰ ਨੂੰ ਸੰਕੋਚ ਕੇ ਸਤਿਗੁਰੂ ਜੀ ਦੇ ਪਵਿੱਤਰ ਜਨਮ ਅਸਥਾਨ ਦੇ ਦਰਸ਼ਨ ਨੂੰ ਗਏ ਹੋਏ ਹਨ।

ਬਜ਼ੁਰਗ: ਕੁਝ ਦੇਖੋ ਸੰਗਤਾਂ ਤੋਂ ਬਚਦਾ ਖੁਚਦਾ ਕੋਈ ਟੁਕਰਾ ਹੋਵੇਗਾ। ਸਾਨੂੰ ਭੁਖਿਆਂ ਨੂੰ ਜ਼ਰੂਰ ਭੋਜਨ ਦੇਵੋ। ਸੰਤਾਂ ਨੇ ਮੇਹਰ ਸਿੰਘ ਜੀ ਸੇਵਾਦਾਰ ਨੂੰ ਆਖਿਆ ਕਿ ਮੇਹਰ ਸਿੰਘ ਜੀ ਕੁਝ ਅੰਨ੍ਹ ਹੋਵੇ ਤਾਂ ਇਨ੍ਹਾਂ ਬਜ਼ੁਰਗਾਂ ਨੂੰ ਦੇਈਏ। ਸੰਤ ਮੇਹਰ ਸਿੰਘ ਜੀ ਨੇ ਉੱਠ ਕੇ ਵਰਤਾਉਣ ਵਾਲੀਆਂ ਟੋਕਰੀਆਂ ਤੱਕੀਆਂ ਤਾਂ ਪੰਜ ਸੱਤ ਪ੍ਰਸ਼ਾਦੇ ਮਿਲ ਗਏ। ਤਾਂ ਸੰਤਾਂ ਦੀ ਆਗਿਆ ਅਨੁਸਾਰ ਇਹ ਪ੍ਰਸ਼ਾਦੇ ਸੰਤ ਮੇਹਰ ਸਿੰਘ ਜੀ ਉਨ੍ਹਾਂ ਬਜ਼ੁਰਗਾਂ ਨੂੰ ਦੇਣ ਵਾਸਤੇ ਗਏ ਤਾਂ ਬਜ਼ੁਰਗਾਂ ਨੇ ਕਿਹਾ, ਭਲਿਆ ਪਹਿਲਾਂ ਹੱਥ ਸੁਚੇ ਕਰਾਈਦੇ ਹਨ, ਫਿਰ ਅੰਨ੍ਹ ਦੇਈਦਾ ਹੈ। ਮੇਹਰ ਸਿੰਘ ਜੀ ਨੇ ਸੰਤਾਂ ਨੂੰ ਇਹ ਵੀ ਦੱਸਿਆ ਕਿ ਬਜ਼ੁਰਗ ਆਖਦੇ ਹਨ ਕਿ ਪਹਿਲਾਂ ਹੱਥ ਸੁੱਚੇ ਕਰਾਓ। ਸੰਤਾਂ ਨੇ ਕਿਹਾ ਠੀਕ ਹੈ ਪਹਿਲਾਂ ਹੱਥ ਸੁੱਚੇ ਕਰਾਓ। ਹੁਣ ਭਾਈ ਮੇਹਰ ਸਿੰਘ ਜੀ ਇਨ੍ਹਾਂ ਬਜ਼ੁਰਗਾਂ ਦੇ ਹੱਥ ਸੁੱਚੇ ਕਰਾਉਣ ਲਗ ਪਏ। ਪੰਜ ਸੱਤ ਬਾਲਟੀਆਂ ਪਾਣੀ ਦੀਆਂ ਨਾਲ ਹੱਥ ਸੁੱਚੇ ਕਰਾਏ। ਕਦੇ ਹੱਥ ਪਰ ਪਾਣੀ ਪਾ ਕੇ ਸੁਟ ਦੇਣ ਕਦੇ ਕੁਰਲੇ ਕਰਨ ਲਗ ਜਾਣ, ਭਾਵ ਕੀ ਕਿ ਤਕਰੀਬਨ 25 ਮਿੰਟਾਂ ਵਿਚ ਇਹ ਕਿਰਿਆ ਕੀਤੀ। ਪਰ ਸੰਤਾਂ ਨੇ ਪਹਿਲੀ ਵਾਰ ਹੀ ਭਾਈ ਮੇਹਰ ਸਿੰਘ ਜੀ ਨੂੰ ਤਕੜੇ ਕਰ ਦਿਤਾ ਸੀ ਕਿ ਜੋ ਮਰਜ਼ੀ ਹੈ ਇਹ ਕਿਰਿਆ ਕਰੀ ਜਾਣ, ਤੁਸਾਂ ਅੱਕਣਾ ਥੱਕਣਾ ਨਹੀਂ। ਕਿਉਂਕਿ ਦੋ ਸਿੰਘ ਇਸ ਸੇਵਾ ਵਿਚ ਲਗ ਗਏ। ਜਦੋਂ ਹੱਥ ਧੋਣ ਦੀ ਕਿਰਿਆ ਮੁੱਕ ਗਈ ਤਾਂ ਫਿਰ ਕਿਹਾ ਲਿਆਓ ਪ੍ਰਸ਼ਾਦੇ। ਫਿਰ ਗੁਰੂ ਕੇ ਲੰਗਰ ਦੇ ਠੰਢੇ ਪ੍ਰਸ਼ਾਦੇ ਦੋ-ਦੋ ਦਾਲ ਪਾ ਕੇ ਦਿੱਤੇ। ਫਿਰ ਬਜ਼ੁਰਗਾਂ ਨੇ ਕਿਹਾ ਕਿ ਇਹ ਠੰਢੇ ਪ੍ਰਸ਼ਾਦੇ ਹਨ। ਸੰਤਾਂ ਨੇ ਹੱਸ ਕੇ ਉੱਤਰ ਦਿਤਾ ਕਿ ਬਜ਼ੁਰਗੋ ਹਾਜ਼ਰ ਤਾਂ ਇਹੀ ਕੁਝ ਹੈ। ਜੇ ਗਰਮ ਖਾਣ ਦੀ ਇੱਛਾ ਸੀ ਤਾਂ ਚਾਲੂ ਲੰਗਰ ਸਮੇਂ ਆ ਜਾਣਾ ਸੀ, ਤਾਂ ਫਿਰ ਬਜ਼ੁਰਗਾਂ ਨੇ ਕਿਹਾ ਸੰਤ ਜੀ ਜੋ ਮਠਿਆਈ ਲੁਕੋ ਕੇ ਰੱਖੀ ਹੈ ਸੋ ਹੀ ਸਾਨੂੰ ਦੇ ਦੇਵੋ। ਫਿਰ ਸੰਤਾਂ ਨੇ ਬਹੁਤ ਹੱਸ ਕੇ ਪਿਆਰ-ਭਰੇ ਸ਼ਬਦਾਂ ਵਿਚ ਆਖਿਆ ਕਿ ਇਸ ਤਰ੍ਹਾਂ ਕਈ ਢੰਗ ਵੰਗ ਕਾਸ ਨੂੰ ਵਰਤਣੇ ਸਨ, ਪਹਿਲਾਂ ਹੀ ਆਉਂਦੇ ਸਾਰ ਆਪਣੀ ਵਸਤੂ ਲੈ ਲੈਂਦੇ।

ਹੁਣ ਸੰਤ ਮਹਾਰਾਜ ਜੀ ਆਪ ਉਠੇ ਤੇ ਉੱਠ ਕੇ ਬੜੇ ਸਤਿਕਾਰ ਨਾਲ ਮਠਿਆਈ ਦਿੱਤੀ। ਸੋ ਬਜ਼ੁਰਗ ਤਿੰਨੇ ਹੀ ਮਠਿਆਈ ਲੈ ਕੇ ਪਿਛਾਂਹ ਹੀ ਪਰਤ ਗਏ। ਰਾਤ ਦਾ ਸਮਾਂ ਸੀ, ਭਾਵੇਂ ਵੀ ਪੂਰਨਮਾਸ਼ੀ ਦੀ ਚਾਨਣੀ ਰਾਤ ਸੀ, ਫਿਰ ਵੀ ਥੋੜ੍ਹੀ ਦੂਰ ਜਾਂਦੇ ਦਿਖਾਈ ਦੇਂਦੇ ਰਹੇ। ਫਿਰ ਅਲੋਪ ਹੋ ਗਏ। ਬਾਅਦ ਵਿਚ ਸਾਰੇ ਸੇਵਾਦਾਰਾਂ ਨੂੰ ਦੱਸਿਆ ਕਿ ਆਪ ਹੀ ਨਿਰੰਕਾਰੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਸਾਰੇ ਹੀ ਸੁਣ ਕੇ ਬਹੁਤ ਪ੍ਰਸੰਨ ਹੋਏ।

ਨਨਕਾਣੇ ਸਾਹਿਬ ਤੋਂ ਵਾਪਸ ਆਉਣ ਸਮੇਂ

ਸਤਿਗੁਰੂ ਨਾਨਕ ਦੇਵ ਜੀ ਦਾ ਪੁਰਬ ਦਿਨ ਇਸ ਢੰਗ ਨਾਲ ਮਨਾ ਕੇ ਵਾਪਸ ਡੇਰੇ ਆਉਣ ਦੀ ਤਿਆਰੀ ਦਾ ਹੁਕਮ ਸੰਤਾਂ ਵਲੋਂ ਸਿੱਖ ਸੰਗਤਾਂ ਨੂੰ ਹੋ ਗਿਆ। ਸਾਰੀਆਂ ਸੰਗਤਾਂ ਆਪੋ ਆਪਣੇ ਆਸਣ ਸਮੇਟ ਕੇ ਬੱਸ ਦੇ ਕੋਲ ਆ

ਖੜੀਆਂ ਹੋਈਆਂ। ਬੱਸ ਵਾਲੇ ਨੇ ਬੱਸ ਤਿਆਰ ਕਰਕੇ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ ਬੱਸ ਤਿਆਰ-ਬਰ-ਤਿਆਰ ਹੈ। ਹੁਕਮ ਹੋਵੇ ਤਾਂ ਸੰਗਤਾਂ ਸਭ ਵਿਚ ਬੈਠਣ। ਸੰਤ ਬਾਬਾ ਜੀ ਦੇ ਹੁਕਮ ਅਨੁਸਾਰ ਸੰਗਤਾਂ ਬੱਸ ਵਿਚ ਬੈਠ ਗਈਆਂ। ਇਕ ਸੂਰਜ ਤਪੱਸਵੀ ਸੰਤ ਅਜੇ ਤਕ ਬੱਸ ਵਿਚ ਨਹੀਂ ਬੈਠਾ। ਸੰਤਾਂ ਨੇ ਡਾਕਟਰ ਅਜੈਬ ਸਿੰਘ ਨੂੰ ਹੁਕਮ ਕੀਤਾ ਕਿ ਆਪ ਸੰਤ ਤਪੱਸਵੀ ਨੂੰ ਬੇਨਤੀ ਕਰੋ, ਕਿ ਬੱਸ ਵਿਚ ਬੈਠਣ, ਫਿਰ ਬੱਸ ਨੂੰ ਤੋਰੀਏ। ਡਾਕਟਰ ਅਜੈਬ ਸਿੰਘ ਜੀ ਨੇ ਤਪੱਸਵੀ ਸੰਤਾਂ ਨੂੰ ਸਨਿੰਮਰ ਬੇਨਤੀ ਕੀਤੀ ਕਿ ਸੰਤ ਜੀਉ ਬੱਸ ਤਿਆਰ ਹੈ, ਆਪ ਬੱਸ ਵਿਚ ਬੈਠੋ। ਤਪੱਸਵੀ ਨੇ ਉੱਤਰ ਦਿਤਾ ਕਿ ਹਮ ਤੋ ਇਕੇਲੇ ਮੋਟਰ ਲੇਂਗੇ। ਡਾਕਟਰ ਜੀ ਨੇ ਸੰਤਾਂ ਪਾਸ ਬੇਨਤੀ ਕੀਤੀ ਕਿ ਹਜ਼ੂਰ ਤਪੱਸਵੀ ਤਾਂ ਆਖਦਾ ਹੈ ਕਿ ਹਮ ਤੋ ਇਕੇਲੇ ਮੋਟਰ ਲੇਂਗੇ। ਸੰਤ ਮਹਾਰਾਜ ਜੀ ਨੇ ਬਾਬਾ ਉਦੇ ਸਿੰਘ ਜੀ ਨੂੰ ਕਿਹਾ ਕਿ ਬਾਬਾ ਜੀ ਆਪ ਜਾਓ ਤੇ ਤਪੱਸਵੀ ਨੂੰ ਬੇਨਤੀ ਕਰਕੇ ਲੈ ਆਓ। ਬਾਬਾ ਉਦੇ ਸਿੰਘ ਜੀ ਸੰਤਾਂ ਦਾ ਬਚਨ ਮੰਨ ਕੇ ਗਏ ਅਤੇ ਤਪੱਸਵੀ ਪਾਸ ਜਾ ਕੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਜੀ ਬੱਸ ਤਿਆਰ ਹੈ। ਆਪ ਜੀ ਅੱਗੇ ਵਾਲੀ ਸੀਟ ਪਰ ਬੈਠ ਜਾਓ, ਤਾਂ ਤਪੱਸਵੀ ਨੇ ਫਿਰ ਵੀ ਉਹੀ ਰੁੱਖਾ ਉੱਤਰ ਦਿਤਾ ਕਿ ਹਮ ਤੋਂ ਇਕੇਲੇ ਮੋਟਰ ਲੇਂਗੇ। ਬਾਬਾ ਉਦੇ ਸਿੰਘ ਜੀ ਨੇ ਜਾ ਸੰਤਾਂ ਨੂੰ ਦੱਸਿਆ ਕਿ ਮਹਾਰਾਜ ਜੀਉ ਸੋ ਤਪੱਸਵੀ ਤਾਂ ਬਹੁਤ ਗੁੱਸੇ ਵਿਚ ਰੁੱਖੇ ਬਚਨ ਆਖਦਾ ਹੈ ਕਿ ਹਮ ਤੋਂ ਇਕੇਲੇ ਮੋਟਰ ਲੇਂਗੇ। ਫਿਰ ਸ਼ਾਂਤੀ ਦੇ ਪੁੰਜ ਧੀਰਜ ਦੇ ਥੰਮ, ਖਿਮਾਂ ਦੇ ਕੋਟ, ਆਪ ਸੰਤ ਜੀ ਮਹਾਰਾਜ ਡਾਕਟਰ ਸਮੇਤ ਬਾਬਾ ਉਦੇ ਸਿੰਘ ਜੀ ਨੂੰ ਨਾਲ ਲੈ ਕੇ ਤਪੱਸਵੀ ਪਾਸ ਗਏ। ਪਹਿਲਾਂ ਬਹੁਤ ਨਿੰਮਰਤਾ ਸਹਿਤ ਵਿਧੀ ਪੂਰਬਕ ਤਪੱਸਵੀ ਦੇ ਚਰਨਾਂ ਤੇ ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ। ਫਿਰ ਹੱਥ ਜੋੜ ਦੇ ਬੇਨਤੀ ਕੀਤੀ ਕਿ ਬਾਬਾ ਜੀਉ ਆਪ ਜੀ ਚੱਲ ਕੇ ਅੱਗੇ ਵਾਲੀ ਸੀਟ ਤੇ ਬੈਠ ਜਾਓ। ਆਪ ਜੀ ਦੇ ਬੈਠਣ ਨਾਲ ਫਿਰ ਮੋਟਰ ਆਪਣੇ ਡੇਰੇ ਨੂੰ ਚੱਲੇ। ਉਸ ਤਪੱਸਵੀ ਨੇ ਕੋਈ ਮਨ ਵਿਚ ਵਿਚਾਰ ਨਾ ਕਰਦਿਆਂ ਹੋਇਆਂ ਉਸੀ ਹੈਂਕੜ ਨਾਲ ਆਖਿਆ ਕਿ ਹਮ ਤੋ ਇਕੇਲੇ ਮੋਟਰ ਲੇਂਗੇ। ਕੁਝ ਆਪਣੇ ਮੱਥੇ ਪਰ ਕ੍ਰੋਧ ਦੇ ਚਿੰਨ੍ਹ ਦਿਖਾਲਦਿਆਂ ਹੋਇਆਂ, ਇਹ ਕੁਝ ਬਚਨ ਕਹੇ। ਸੰਤ ਮਹਾਰਾਜ ਜੀ ਵੀ ਫਿਰ ਆਪਣੀ ਆਈ ਤੇ ਆ ਗਏ ਅਤੇ ਡਾਕਟਰ ਜੀ ਵਲ ਇਸ਼ਾਰਾ ਕਰਕੇ ਆਖਣ ਲੱਗੇ, ਚਲੋ ਡਾਕਟਰ ਜੀ ਆਪਾਂ ਚੱਲੀਏ, ਤਪੱਸਵੀ ਵਲ ਆਪਣੀ ਦ੍ਰਿਸ਼ਟੀ ਭਰ ਕੇ ਆਖਿਆ, ਜਾਹ ਸਾਲਾ ਕਾਲੀਆ ਜਿਹਾ, ਇਤਨੀਆਂ ਬੇਨਤੀਆਂ ਕਰਨ ਤੋਂ ਵੀ ਨਹੀਂ ਮੰਨਿਆ। ਜਾਹ ਸਾਡੀ ਲੱਤ ਭੰਨ ਦੇਵੀਂ ਜਿਹੜੀ ਭੰਨਣੀ ਹੈ। ਇਹ ਕਹਿ ਕੇ ਸੰਤ ਜੀ ਤੇ ਡਾਕਟਰ ਜੀ ਤਪੱਸਵੀ ਵਲੋਂ ਬੱਸ ਵਲ ਨੂੰ ਚੱਲ ਪਏ।

ਹੁਣ ਤਪੱਸਵੀ ਵੀ ਆਪਣੇ ਆਪ ਚਲ ਕੇ ਮੋਟਰ ਪਾਸ ਆ ਗਿਆ। ਸੰਤ ਜੀ ਤਾਂ ਆ ਕੇ ਆਪਣੀ ਸੀਟ ਤੇ ਬੈਠ ਗਏ, ਪਰ ਡਾਕਟਰ ਜੀ ਨੇ ਤਪੱਸਵੀ ਨੂੰ ਬੱਸ ਵਿਚ ਬਿਠਾ ਲਿਆ। ਕੁਦਰਤ ਐਸੀ ਵਰਤੀ ਉਸੀ ਦਿਨ ਤੋਂ ਤਪੱਸਵੀ ਜੀ ਨੂੰ ਖੂਨ ਦੇ ਮਰੋੜ ਆਉਣੇ ਸ਼ੁਰੂ ਹੋ ਗਏ। ਬੱਸ ਡੇਰੇ ਆ ਗਈ। ਯਾਤਰੂ ਆਪੋ ਆਪਣੇ ਘਰਾਂ ਨੂੰ ਚਲੇ ਗਏ। ਤਪੱਸਵੀ ਤੇ ਡਾਕਟਰ ਪਿੰਡ ਦਿਹਾਣੇ ਵਿਖੇ ਚਲੇ ਗਏ। ਪਰ ਤਪੱਸਵੀ ਨਨਕਾਣੇ ਸਾਹਿਬ ਦੇ ਪੁਰਬ ਤੋਂ ਮਰੋੜਾਂ ਦੀ ਬੀਮਾਰੀ ਖੱਟ ਲਿਆਇਆ। ਤਪੱਸਵੀ ਨੂੰ ਲਹੂ ਦੇ ਇਤਨੇ ਮਰੋੜ ਲੱਗੇ ਕਿ ਕਿਸੇ ਸੂਰਤ ਵੀ ਬੰਦ ਨਾ ਹੋਏ। ਤਪੱਸਵੀ ਨੂੰ ਤਪੱਸਿਆ ਭੁੱਲ ਗਈ। ਡਾਕਟਰ ਅਜੈਬ ਸਿੰਘ ਜੀ ਦੇ ਪਿਤਾ ਬਹੁਤ ਪੁਰਾਣੇ ਹਕੀਮ ਸਨ। ਉਨ੍ਹਾਂ ਨੇ ਵੀ ਬੜੇ ਤਜਰਬੇ ਸਹਿਤ ਦਵਾਈਆਂ ਦਿੱਤੀਆਂ। ਪਰ ਤਪੱਸਵੀ ਦੇ ਲਹੂ ਦੇ ਮਰੋੜ ਨਾ ਹਟੇ।

ਹੁਣ ਤਾਂ ਤਪੱਸਵੀ ਦੀ ਇਕੋ ਰਟ ਹੋ ਗਈ। ਕਿ ਡਾਕਟਰ ਜੀ ਮੇਰੇ ਕੋ ਤੋ ਸੰਤ ਮਹਾਰਾਜ ਜੀ ਨੇ ਕੁਝ ਕਰ ਦੀਆ। ਸੰਤਾਂ ਦੇ ਚਰਨਾਂ ਵਿਚ ਲੈ ਚਲੋ। ਸੋ ਸੰਤ ਹੀ ਕ੍ਰਿਪਾ ਕਰਕੇ ਮੈਨੂੰ ਰਾਜ਼ੀ ਕਰਨਗੇ। ਗੱਲ ਕੀ ਇਕ ਮਹੀਨੇ ਤੋਂ ਬਾਅਦ ਬੈਲ ਗੱਡੀ ਵਿਚ ਚੜ੍ਹਾਕੇ ਤਪੱਸਵੀ ਨੂੰ ਡੇਰੇ ਲੈ ਆਏ। ਤਪੱਸਵੀ ਹੁਣ ਲੱਗਾ ਸੰਤਾਂ ਦੇ ਚਰਨਾਂ ਵਿਚ ਬੇਨਤੀ ਕਰਨ। ਉਸ ਤਪੱਸਵੀ ਦੀਆਂ ਬੇਨਤੀਆਂ ਸੁਣਕੇ ਸੰਤਾਂ ਦੇ ਮਨ ਵਿਚ ਦਇਆ ਆ ਗਈ। ਦਇਆ ਮਿਹਰਾਂ ਦੇ ਘਰ ਵਿਚ ਆ ਕੇ ਕਿਹਾ ਕਿ ਇਸ ਤਪੱਸਵੀ ਨੇ ਸੰਗਤ ਦਾ ਬਚਨ ਨਾ ਮੰਨਣ ਦੀ ਬੇਅਦਬੀ ਕੀਤੀ ਹੈ। ਹੁਣ ਅੰਮ੍ਰਿਤ ਵੇਲੇ ਦੀਵਾਨ ਵਿਚ ਪ੍ਰਸ਼ਾਦਿ ਕਰਵਾ ਕੇ ਖੜਾ ਹੋ ਕੇ ਆਪਣੀ ਭੁੱਲ ਬਖਸ਼ਾਵੇ। ਫਿਰ ਮੁਮਕਿਨ ਹੈ ਗੁਰੂ ਨਾਨਕ ਜੀ

ਮਹਾਰਾਜ ਸੰਗਤ ਵਿਚ ਬੇਨਤੀਆਂ ਸੁਣ ਕੇ ਇਸ ਤਪੱਸਵੀ ਤੇ ਕਿਰਪਾ ਕਰ ਦੇਣ। ਇਸੇ ਤਰ੍ਹਾਂ ਹੀ ਸੰਤਾਂ ਦਾ ਬਚਨ ਮੰਨਿਆ ਗਿਆ। ਅੰਮ੍ਰਿਤ ਵੇਲੇ ਦੀਵਾਨ ਸਜਿਆ। ਤਪੱਸਵੀ ਵਲੋਂ ਕੜਾਹ ਪ੍ਰਸ਼ਾਦਿ ਬਣ ਕੇ ਸਤਿਗੁਰੂ ਜੀ ਦੀ ਹਜ਼ੂਰੀ ਆਇਆ। ਦਾਸ ਨੇ ਅਰਦਾਸਾ ਕੀਤਾ, ਸੱਚੇ ਪਾਤਿਸ਼ਾਹ ਤਪੱਸਵੀ ਜੀ ਸੰਗਤ ਪਾਸੋਂ ਮੁਆਫੀ ਮੰਗਦੇ ਹਨ। ਆਪ ਜੀ ਮਿਹਰ ਕਰੋ। ਤਪੱਸਵੀ ਦੀ ਭੁੱਲ ਬਖਸ਼ ਕੇ ਖਿਮਾਂ ਕਰੋ। ਤਪੱਸਵੀ ਨੂੰ ਦੇਹ-ਅਰੋਗਤਾ ਬਖਸ਼ੋ। ਅਰਦਾਸ ਤੋਂ ਉਪਰੰਤ ਮੁਖਵਾਕ ਲਿਆ:-

ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ।।
ਤਰਨੁ ਤਾਰਨੁ ਹਰਿ ਨਿਧਿ ਦੂਖੁ ਨ ਸਕੈ ਬਿਆਪਿ।। ੧।। (ਪੰਨਾ ੬੭੫)

ਹੁਣ ਸੰਤ ਮਹਾਰਾਜ ਜੀ ਨੇ ਆਖਿਆ ਕਿ ਅੱਗੇ ਵਾਸਤੇ ਸੰਗਤ ਦਾ ਸਤਿਕਾਰ ਕਰੋ। ਕਦੇ ਸੰਗਤ ਦਾ ਬਚਨ ਨਾ ਠੁਕਰਾਓ। ਤਪੱਸਵੀ ਨੇ ਬਚਨ ਸਤਿ ਕਰਕੇ ਮੰਨ ਲਿਆ। ਅੱਗੇ ਵਾਸਤੇ ਨਿੰਮਰਤਾ ਧਾਰਨ ਕੀਤੀ। ਤਪੱਸਵੀ ਦਾ ਸਰੀਰ ਵੀ ਅਰੋਗ ਹੋ ਗਿਆ। ਤਪੱਸਵੀ ਜ਼ਿੰਦਗੀ ਭਰ ਇਹ ਸਿਖਿਆ ਲੈ ਕੇ ਸੁਖੀ ਹੋ ਗਿਆ। ਇਤੀ।

ਸ੍: ਹੁਕਮ ਸਿੰਘ ਜੀ ਦਾ ਮਿਲਾਪ

ਜ਼ਿਲ੍ਹਾ ਜਲੰਧਰ ਵਿਚ ਪਿੰਡ ਥਾਨ ਸਿੰਘ ਦੀ ਕੋਟਲੀ ਪਿੰਡ ਬੜਾ ਹੀ ਉੱਘਾ ਹੈ। ਇਸ ਪਿੰਡ ਵਿਚ ਜ਼ਿਮੀਂਦਾਰ ਘਰਾਣੇ ਵਿਖੇ ਪੰਜ ਭਰਾ ਸ੍: ਹੁਕਮ ਸਿੰਘ ਜੀ, ਸ੍: ਚੰਦਾ ਸਿੰਘ ਜੀ ਤੇ ਸ੍: ਘਨੀਆ ਸਿੰਘ ਜੀ ਤੋਂ ਆਦਿ ਵੱਸਦੇ ਹਨ। ਇਨ੍ਹਾਂ ਦਾ ਦੁਆਬਾ ਬੱਸ ਸਰਵਿਸ ਵਿਚ ਵੀ ਮੁਕੰਮਲ ਹਿੱਸਾ ਸੀ ਅਤੇ ਮਾਇਆ ਕਰਕੇ ਚੰਗੀ ਜ਼ਿੰਦਗੀ ਬਸਰ ਕਰਦੇ ਸਨ। ਭਾਵੇਂ ਵੀ ਗੁਰੂ ਫੁਰਮਾਨ ਹੈ:-

ਮਾਇਆ ਮਾਹਿ ਕਿਨਹੀ ਤ੍ਰਿਪਤ ਨਾ ਪਾਈ।।
ਤਥਾ—ਲਾਖ ਕਰੋਰੇ ਮਨੁ ਨਹੀ ਹੋਰੇ ਪਰੇ ਪਰੇ ਹੀ ਲੁਝੀ ਹੈ।।

ਪਰ ਫਿਰ ਵੀ ਇਨ੍ਹਾਂ ਦੀ ਜ਼ਿੰਦਗੀ ਕੁਝ ਚੰਗੀ ਹੀ ਸੀ:-

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਗਸਿਕ ਬੈਰਾਗੀ।। (ਪੰਨਾ ੨੦੪)

ਜਦੋਂ ਕਿਸੇ ਪੁਰਖ ਦੇ ਕੋਈ ਪੂਰਬਲੇ ਕਰਮਾਂ ਦੀ ਰੱਤੀ ਪ੍ਰਗਟ ਹੁੰਦੀ ਹੈ ਤਾਂ ਕੋਈ ਨਾ ਕੋਈ ਪੂਰਨ ਪੁਰਖ ਮਿਲ ਜਾਂਦਾ ਹੈ, ਜਿਸ ਕਰਕੇ ਇਸ ਜੀਵ ਦੇ ਬੰਧਨ ਕੱਟੇ ਜਾਂਦੇ ਹਨ। ਪੂਰਨ ਪੁਰਖ ਕਈ ਕਾਰਨਾਂ ਦੁਆਰਾ ਹੀ ਮਿਲਦੇ ਹਨ। ਵਿਦਵਾਨਾਂ ਨੇ ਸਿਖੀ ਪੰਜ ਪ੍ਰਕਾਰ ਦੀ ਕਥਨ ਕੀਤੀ ਹੈ— (1) ਦੇਖਾ ਦੇਖੀ ਦੀ, (2) ਹਿਰਸ ਦੀ, (3) ਸਿਦਕ ਦੀ, (4) ਪ੍ਰੇਮ ਦੀ, (5) ਅਭੇਦ ਸਿਖੀ ਹੈ।

(1) ਦੇਖਾ ਦੇਖੀ: ਜਿਵੇਂ ਪਿੰਡ ਵਿਚੋਂ ਕੋਈ ਇਕ ਗੁਰੂ ਕਾ ਸਿੱਖ ਬਣਿਆ। ਉਸ ਦੇ ਕਾਰਜ ਸੌਖੇ ਨਿਭਦੇ ਤੱਕੇ, ਜਿਵੇਂ ਕਿ ਉਸ ਸਿੱਖ ਦੀ ਬਹੁਤ ਸਾਰੀਆਂ ਔਕੜਾਂ ਦੂਰ ਹੋ ਗਈਆਂ। ਤੱਕ ਕੇ ਕੋਈ ਹੋਰ ਇਸੇ ਪਿੰਡ ਦਾ ਸਿੱਖ ਹੋ ਗਿਆ। ਉਸ ਨੂੰ ਤੱਕ ਕੇ ਤੀਸਰਾ ਹੋ ਗਿਆ। ਗੱਲ ਕੀ ਇਕ ਦੁਆਰਾ ਦੇਖ ਦੇਖ ਸਿੱਖ ਬਣੀ ਜਾਣ। ਇਹ ਦੇਖਾ ਦੇਖੀ ਹੀ ਸਿੱਖੀ ਹੈ।

(2) ਹਿਰਸ ਦੀ ਸਿੱਖੀ: ਕਿਸੇ ਵਸਤੂ ਦੀ ਹਿਰਸ (ਇੱਛਾ) ਕਿ ਮੈਨੂੰ ਕੋਈ ਅੱਛੀ ਤ੍ਰੀਮਤ ਮਿਲ ਜਾਏ ਜਾਂ ਧਨ ਹਿਰਸ ਜਾਂ ਕਿਸੇ ਪਦਾਰਥ ਦੀ ਇੱਛਾ ਪੂਰੀ ਕਰਨ ਵਾਸਤੇ ਹਿਰਸ ਦੀ ਸਿੱਖੀ ਹੈ।

(3) ਸਿਦਕ ਦੀ: ਜੈਸੇ ਕਿ ਬਾਬਾ ਦੀਪ ਸਿੰਘ ਜੀ ਨੇ ਆਪਣਾ ਸਿਦਕ ਨਿਭਾਇਆ ਹੈ। ਭਾਈ ਮਨੀ ਸਿੰਘ ਜੀ ਨੇ ਤੇ ਭਾਈ ਤਾਰੂ ਸਿੰਘ ਜੀ ਨੇ ਸਿਦਕ ਨਿਭਾਇਆ ਹੈ।

(4) ਪ੍ਰੇਮ ਦੀ ਸਿੱਖੀ: ਜੈਸੇ ਕਿ ਭਾਈ ਨੰਦ ਲਾਲ ਜੀ ਦਾ ਸਤਿਗੁਰੂ ਕਲਗੀਧਰ ਨਾਲ ਪ੍ਰੇਮ ਸੀ।

(5) ਅਭੇਦ ਸਿੱਖੀ: ਜੈਸੇ ਕਿ ਭਾਈ ਘਨ੍ਹਈਆ ਜੀ ਦਸਮ ਪਾਤਸ਼ਾਹ ਜੀ ਨਾਲ ਅਭੇਦ ਸਨ। ਜਿਨ੍ਹਾਂ ਦੀ ਦ੍ਰਿਸ਼ਟੀ ਅੰਦਰ ਭਰੇ ਜੰਗ ਵਿਚ ਜੋ ਖਾਲਸੇ ਦੀ ਜਾਨ ਦੇ ਵੈਰੀ ਸਨ, ਤੁਰਕਾਂ ਦੀਆਂ ਫੌਜਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਅਤੇ ਖਾਲਸੇ ਦੀਆਂ ਫੌਜਾਂ ਸਾਰਿਆਂ ਨੂੰ ਇਕ ਢੰਗ ਨਾਲ ਹੀ ਪਾਣੀ ਪਿਲਾਈ ਜਾਂਦੇ ਸਨ। ਕਲਗੀਧਰ ਦੇ ਪੁਛਣ ਤੋਂ ਕਿ ਭਾਈ ਸਾਹਿਬ ਜੀ ਤੁਸੀਂ ਖਾਲਸੇ ਦੇ ਜੋ ਵੈਰੀ ਹਨ ਉਨ੍ਹਾਂ ਨੂੰ ਵੀ ਪਾਣੀ ਕਿਉਂ ਪਿਲਾਉਂਦੇ ਹੋ? ਭਾਈ ਸਾਹਿਬ ਜੀ ਨੇ ਉੱਤਰ ਦਿਤਾ ਕਿ ਗਰੀਬ-ਨਿਵਾਜ਼ ਜੀਉ ਮੈਨੂੰ ਤਾਂ ਆਪ ਜੀ ਹੀ ਸਾਰੇ ਪਾਸੇ ਦਿਖਾਈ ਦਿੰਦੇ ਹੋ। ਤਾਂ ਕਲਗੀਧਰ ਜੀ ਨੇ ਕਿਹਾ ਕਿ ਧੰਨ ਧੰਨ ਸਿੱਖ ਸਿੱਖੀ। ਐ ਖਾਲਸਾ ਜੀ, ਇਹ ਸਿਖ ਆਪਾ-ਭਾਵ ਛੱਡ ਕੇ ਮੇਰੇ ਨਾਲ ਅਭੇਦ ਹੋ ਚੁੱਕਾ ਹੈ। ਇਸ ਦੀ ਕ੍ਰਿਆ ਤੇ ਕੋਈ ਕਿੰਤੂ ਨਾ ਕਰੋ। ਜਿਸ ਤਰ੍ਹਾਂ ਇਹ ਸੇਵਾ ਪਾਣੀ ਦੀ ਕਰਦੇ ਹਨ ਕਰੀ ਜਾਣ ਦੇਵੋ। ਇਹ ਹੈ ਪੰਜ ਪ੍ਰਕਾਰ ਦੀ ਸਿੱਖੀ। ਇਹ ਪੰਜ ਪ੍ਰਕਾਰ ਦੀ ਸਿੱਖੀ ਵਿਚੋਂ ਜੋ ਦੂਸਰੇ ਦਰਜ਼ੇ ਦੀ ਹਿਰਸ ਦੀ ਸਿੱਖੀ ਹੈ ਉਸ ਨੂੰ ਧਾਰ ਕੇ ਸ੍ਰ: ਹੁਕਮ ਸਿੰਘ ਜੀ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਆਏ। ਆਪਣੇ ਘਰ ਦੀ ਸੁਸ਼ੀਲ ਇਸਤਰੀ ਵਲੋਂ ਨਫਰਤ ਹੋ ਗਈ ਸੀ। ਇਥੋਂ ਤਕ ਜੋ ਆਪਣੀ ਘਰ ਦੀ ਤ੍ਰੀਮਤ ਤੋਂ ਪੁੱਤਰ ਪੈਦਾ ਹੋਇਆ ਉਸ ਤੋਂ ਵੀ ਨਫਰਤ ਕਰਨ ਲੱਗਾ ਕਿ ਇਹ ਕਾਲੇ ਰੰਗ ਦਾ ਪੁੱਤਰ ਮੈਨੂੰ ਚੰਗਾ ਨਹੀਂ ਲੱਗਦਾ। ਆਪਣੇ ਪੁੱਤਰ ਨੂੰ ਪੰਜਵੀਂ ਜਾਂ ਛੇਵੀਂ ਜਮਾਤ ਵਿਚੋਂ ਹੀ ਕਾਰਪੈਂਟਰ ਭਾਵ ਲੱਕੜੀ ਦੇ ਕੰਮ ਵਿਚ ਲੱਗਾ ਦਿਤਾ, ਜਿਥੇ ਕਿ ਪੜ੍ਹਾਈ ਵੀ ਸੀ ਅਤੇ ਕਾਰਪੈਂਟਰੀ ਦਾ ਕੰਮ ਜ਼ਿਆਦਾ ਸਿਖਿਆ ਜਾਂਦਾ ਸੀ। ਇਸ ਹੋਣਹਾਰ ਬੱਚੇ ਦੀ ਜਦੋਂ ਪਰਾਲੱਬਧ ਕਰਮ ਜਾਗਿਆ ਤਾਂ ਪੂਰਾ ਕੰਮ ਸਿਖਕੇ ਅਤੇ ਪੜ੍ਹਾਈ ਕਰਕੇ ਆਲ ਇੰਡੀਆ ਰੇਲਵੇ ਵਿਚ ਨੌਕਰੀ ਕਰਨ ਲੱਗ ਪਿਆ। ਮਿਸਤਰੀਆਂ ਵਿਚ ਜੋ ਅੱਜ ਰੇਲਵੇ ਵਿਚ ਬੜੀ ਅੱਛੀ ਪੁਜ਼ੀਸ਼ਨ ਹੈ ਅਤੇ ਮਾਇਆ ਕਰਕੇ ਭਰਪੂਰ ਹੈ।

ਮੇਰਾ ਭਾਵ ਕਹਿਣ ਦਾ ਹੈ ਕਿ ਇਹ ਸਭ ਕੁਝ ਸੰਤਾਂ ਦੀ ਕ੍ਰਿਪਾਲਤਾ ਨਾਲ ਹੋਇਆ। ਜਦੋਂ ਪਹਿਲੇ ਪਹਿਲ ਡੇਰੇ ਵਿਚ ਸੰਤਾਂ ਦੀ ਹਜ਼ੂਰੀ ਵਿਚ ਆਏ ਤਾਂ ਦਾਸ ਲਿਖਾਰੀ ਨੂੰ ਹੀ ਜ਼ਿਆਦਾਤਰ ਮਿਲਦੇ ਸਨ। ਮੇਰੇ ਪਾਸ ਸ੍ਰ: ਹੁਕਮ ਸਿੰਘ ਜੀ ਆਪਣੇ ਦਿਲ ਦੀ ਸਾਰੀ ਗੱਲ ਦੱਸ ਦੇਂਦੇ ਸਨ। ਕਦੇ ਕਦੇ ਸਰਦਾਰ ਜੀ ਬਹੁਤ ਉਦਾਸ ਹੋ ਜਾਂਦੇ ਸਨ। ਬਲਕਿ ਰੋਂਦੇ ਰਹਿੰਦੇ ਸਨ। ਦਾਸ ਸ੍ਰ: ਜੀ ਨੂੰ ਬੜੇ ਧੀਰਜ ਦੇ ਬਚਨ ਸੁਣਾ ਕੇ ਫਿਰ ਧੀਰਜ ਬਣਾ ਦਿੰਦਾ ਸੀ। ਦਾਸ ਨੇ ਸਰਦਾਰ ਜੀ ਨੂੰ ਸੰਤਾਂ ਵਲੋਂ ਉਚਾਟ ਨਹੀਂ ਹੋਣ ਦਿਤਾ। ਬਲਕਿ ਸਰਦਾਰ ਦੇ ਚਿੱਤ ਵਿਚ ਸੰਤਾਂ ਦਾ ਪਿਆਰ, ਸਿਦਕ ਭਾਵਨਾ ਪੈਦਾ ਕਰ ਦਿਤੀ। ਇਥੇ ਲਿਆ ਖੜਾ ਕੀਤਾ ਕਿ ਸੰਤਾਂ ਦਾ ਲੜ ਨਾ ਛੱਡੀਂ ਜੋ ਤੇਰੀ ਇੱਛਾ ਹੋਵੇਗੀ ਸੋ ਤੂੰ ਸੰਤਾਂ ਪਾਸੋਂ ਪ੍ਰਾਪਤ ਕਰ ਲਵੇਂਗਾ।

ਹੁਣ ਸਰਦਾਰ ਹੁਕਮ ਸਿੰਘ ਜੀ ਸੰਤਾਂ ਤੇ ਦ੍ਰਿੜ੍ਹ ਵਿਸ਼ਵਾਸ਼ੀ ਹੋ ਗਏ। ਹਰ ਹਫਤੇ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਆਉਣਾ ਅਤੇ ਸੰਤਾਂ ਦੇ ਚਰਨਾਂ ਦੀ ਸੇਵਾ ਕਰਨੀ। ਸੰਤਾਂ ਦੀ ਮੁੱਠੀ ਚਾਪੀ ਕਰਨੀ ਅਤੇ ਲੰਗਰ ਵਿਚ ਵੀ ਜਿਤਨੀ ਸੇਵਾ ਹੋ ਸਕੇ ਸੇਵਾ ਕਰਨੀ। ਇਕ ਦਿਨ ਸ੍ਰ: ਹੁਕਮ ਜੀ ਨੇ ਭਾਈ ਗੁਰਦਾਸ ਜੀ ਦਾ ਇਕ ਕਬਿੱਤ ਸੁਣਿਆ ਕਿ ਇਕ ਸਿੱਖ ਦੀ ਸੇਵਾ ਕਰਨ ਦਾ ਮਹਾਨ ਅਧਿਕ ਫਲ ਹੈ, ਜੈਸੇ ਕਿ:

ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ, ਤੈਸਾ ਪੁੰਨ ਏਕ ਗੁਰ ਸਿਖ ਕਉ ਨਵਾਏ ਕਾ।।
ਸਿਖ ਕਉ ਪਿਲਾਇ ਪਾਣੀ ਭਾਉ ਕਰ ਕੁਰਖੇਤ, ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।।
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ।।
ਜੈਸੇ ਬੀਸ ਬਾਰ ਦਰਸ਼ਨ ਸਾਧ ਕੀਆ ਕਾਹੂ, ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ।।

ਇਸ ਕਬਿੱਤ ਦਾ ਭਾਵ ਸ੍ਰ: ਹੁਕਮ ਸਿੰਘ ਜੀ ਨੇ ਸੰਤਾਂ ਦੇ ਮੁਖ ਤੋਂ ਸੁਣਿਆ ਕਿ ਗੁਰ ਸਵਾਰੇ ਗੁਰਸਿਖ ਸਿਦਕੀ ਪ੍ਰੇਮੀ, ਜਿਸ ਵਿਚ ਗੁਰਸਿਖੀ ਦੇ ਪੂਰਨ ਗੁਣ ਘਟਦੇ ਹੋਣ। ਜੈਸੇ ਕਿ ਚੌਥੇ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਸਲੋਕ ਵਿਚ ਕਥਨ ਕੀਤੇ ਹਨ: ਗੁਰਸਿੱਖ ਦੇ ਗੁਣ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ।।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।। ੨।।

(ਗਉੜੀ ਕੀ ਵਾਰ ਮਹਲਾ ੪, ਪੰਨਾ ੩੦੫)

ਐਸੇ ਗੁਰਸਿੱਖਾਂ ਦੀ ਸੇਵਾ ਮਹਾਨ ਸੁਖਦਾਈ ਅਤੇ ਸਫਲ ਹੈ, ਜਿਨ੍ਹਾਂ ਵਿਚ ਉਪਰ ਲਿਖੇ ਸ਼ਬਦ ਦੇ ਗੁਣ ਘਟਦੇ ਹੋਣ। ਐਸੇ ਸਿੱਖਾਂ ਦੇ ਇਸ਼ਨਾਨ ਕਰਾਉਣ ਦਾ ਪੁੰਨ ਫਲ ਇਤਨਾ ਉੱਚਾ ਹੈ ਜਿਤਨਾ ਕਿ ਪੰਜ ਵਾਰੀ ਗੰਗਾ ਦਾ ਤੇ ਪੰਜ ਵਾਰੀ ਪ੍ਰਾਗ (ਤ੍ਰਿਬੇਣੀ) ਦਾ ਇਸ਼ਨਾਨ ਕਰ ਲਿਆ ਹੋਵੇ। ਕਿਉਂਕਿ ਗੰਗਾ ਜੀ ਤੇ ਪ੍ਰਾਗ ਇਸ਼ਨਾਨ ਕਰਨ ਨਾਲ ਹੰਕਾਰ ਪੈਦਾ ਹੁੰਦਾ ਹੈ ਅਤੇ ਸਿੱਖ ਸਾਧ ਦਾ ਇਸ਼ਨਾਨ ਕਰਾਉਣ ਤੋਂ ਚਿੱਤ ਵਿਚ ਨਿੰਮਰਤਾ ਆਉਂਦੀ ਹੈ। ਅਸਮੇਧ ਜੱਗ ਕਰਨ ਤੋਂ ਹੰਕਾਰ ਪੈਦਾ ਹੁੰਦਾ ਹੈ, ਪਰ ਸਿੱਖ ਸਾਧ ਸੰਗਤ ਨੂੰ ਪਾਣੀ ਪਿਲਾਣ ਤੋਂ ਹਿਰਦਾ ਸ਼ੁਧ ਹੋ ਕੇ ਨਿੰਮਰਤਾ ਪੈਦਾ ਹੁੰਦੀ ਹੈ। ਖੁਦਿਆਵੰਤ ਨੂੰ ਭੋਜਨ ਖੁਵਾਉਣ ਤੋਂ ਦਇਆ ਤੇ ਸੰਤੋਖ ਪੈਦਾ ਹੁੰਦਾ ਹੈ। ਇਨ੍ਹਾਂ ਸਾਰੇ ਭਾਵਾਂ ਨੂੰ ਸੰਤਾਂ ਦੀ ਰਸਨਾ ਤੋਂ ਸੁਣ ਕੇ ਸ੍: ਹੁਕਮ ਸਿੰਘ ਜੀ ਦੀ ਸ਼ਰਧਾ ਪੱਕੀ ਹੁੰਦੀ ਜਾਂਦੀ ਹੈ। ਇਕ ਦਿਨ ਸਿੱਖ ਦੀ ਬਾਬਤ ਸ੍: ਹੁਕਮ ਸਿੰਘ ਜੀ ਨੇ ਸੰਤਾਂ ਤੋਂ ਪੁਛਿਆ ਕਿ ਮਹਾਰਾਜ ਕ੍ਰਿਪਾਲੂ ਜੀਉ ਸਿੱਖ ਦੀ ਅਵਸਥਾ ਹੋਰ ਕਿੰਨੀ ਕੁ ਉੱਚੀ ਸੁੱਚੀ ਹੁੰਦੀ ਹੈ? ਤਾਂ ਸੰਤਾਂ ਨੇ ਕਿਹਾ, ਸ੍: ਹੁਕਮ ਸਿੰਘ ਜੀ ਗੁਰਸਿੱਖਾਂ ਦੇ ਭਾਗ ਸਾਰਿਆਂ ਨਾਲੋਂ ਉੱਚੇ ਹੁੰਦੇ ਹਨ। ਭਗਤ ਜਨਾਂ ਤੇ ਸੰਤ ਜਨਾਂ ਸਾਧ ਜਨਾਂ ਤੇ ਗੁਰਮੁਖਾਂ ਨਾਲੋਂ ਵੀ ਭਾਗ ਗੁਰਸਿੱਖਾਂ ਦੇ ਉੱਚੇ ਹੁੰਦੇ ਹਨ, ਜੈਸੇ ਕਿ :-

ਪਉੜੀ।। ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ।।
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ।।
ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ।।
ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ।।
ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ।।

(ਪੰਨਾ ੬੪੯)

ਇਹ ਸੁਣ ਕੇ ਸ੍: ਹੁਕਮ ਸਿੰਘ ਜੀ ਨੇ ਕਿਹਾ ਕਿ ਮਹਾਰਾਜ ਜੀ ਇਹ ਕੀ ਕਾਰਨ ਹੈ ਕਿ ਗੁਰਸਿੱਖਾਂ ਦੇ ਭਾਗਾਂ ਵਿਚ ਸਤਿਗੁਰੂ ਜੀ ਨੇ ਸਲਾਹਿਆ ਹੈ। ਸੰਤਾਂ ਕਿਹਾ ਕਿ ਸ੍: ਹੁਕਮ ਸਿੰਘ ਜੀ ਇਕ ਗੁਰੂ ਕੇ ਸਿੱਖ ਵਿਚ ਇਹ ਸਾਰੇ ਗੁਣ ਆ ਜਾਂਦੇ ਹਨ। ਗੁਰਸਿੱਖ ਭਗਤ ਜਨ ਵੀ ਹੁੰਦਾ ਹੈ, ਸੰਤ ਵੀ ਗੁਰਸਿੱਖ ਹੁੰਦਾ ਹੈ। ਸਾਧਾਂ ਵਾਲੇ ਗੁਣ ਵੀ ਸਿੱਖ ਵਿਚ ਹੁੰਦੇ ਹਨ ਅਤੇ ਗੁਰਮੁਖਤਾ ਨਾਲ ਵੀ ਗੁਰਸਿੱਖ ਪੂਰਨ ਹੁੰਦਾ ਹੈ। ਇਕ ਗੁਣ ਇਨ੍ਹਾਂ ਨਾਲੋਂ ਜ਼ਿਆਦਾ ਹੁੰਦਾ ਹੈ। ਇਤਨੇ ਗੁਣ ਹੁੰਦਿਆਂ ਫਿਰ ਵੀ ਗੁਰੂ ਕੀ ਚਰਨੀਂ ਆਪਾ ਭਾਵ ਤਿਆਗ ਕੇ ਪਿਆ ਰਹਿੰਦਾ ਹੈ। ਜੈਸੇ ਕਿ ਭਾਈ ਪਾਰੋ ਜੁਲਕਾ ਡਲਾ ਨਿਵਾਸੀ ਦਾ ਜੀਵਨ ਹੈ। ਭਾਈ ਪਾਰੋ ਦਾ ਥੋੜ੍ਹਾ ਜੀਵਨ:-ਭਾਈ ਪਾਰੋ ਜੁਲਕਾ ਪਿੰਡ ਡੱਲੇ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪਰਮ ਹੰਸ ਸਿੱਖ ਹੋਇਆ ਹੈ। ਭਾਈ ਪਾਰੋ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ, ਪਰਮਹੰਸ ਕਿਸ ਨੂੰ ਆਖਦੇ ਹਨ? ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਪਾਰੋ ਨੂੰ ਪਰਮਹੰਸ ਹੋਣ ਦਾ ਉਪਦੇਸ਼ ਦਿਤਾ ਕਿ ਭਾਈ ਪਾਰੋ ਜੀ ਪਰਮਹੰਸ ਮਾਨ-ਸਰੋਵਰ ਪਰ ਰਹਿੰਦੇ ਹਨ। ਹੀਰਾ ਮੋਤੀ ਪਰਮਹੰਸ ਦਾ ਖਾਣਾ ਹੈ। ਜੈਸੇ ਬਾਣੀ ਦਾ ਹੁਕਮ ਹੈ:

ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ।। ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ।।
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ।।
ਓਨਾ ਰਿਜਕ ਨ ਪਇਓ ਓਥੈ ਓਨਾ ਹੋਰੋ ਖਾਣਾ।।

(ਸਲੋਕ ਮਹਲਾ ੨, ਪੰਨਾ ੯੫੬)

ਇਕ ਇਹ ਪਰਮਹੰਸ ਹਨ। ਦੂਸਰਾ ਲਖਣ। ਜਦੋਂ ਪਰਮਹੰਸ ਨੂੰ ਦੁੱਧ ਪਾਈਏ ਤਾਂ ਪਰਮਹੰਸ ਪਹਿਲਾਂ ਆਪਣੀ ਚੁੰਜ ਦੁੱਧ ਨੂੰ ਲਾਉਂਦਾ ਹੈ ਤਾਂ ਦੁੱਧ ਅਲੱਗ ਫੁੱਟਾਂ ਦੇ ਰੂਪ ਵਿਚ ਹੋ ਜਾਂਦਾ ਹੈ ਤਾਂ ਪਾਣੀ ਅਲਹਿਦਾ ਹੋ ਜਾਂਦਾ ਹੈ, ਤਾਂ ਫਿਰ ਪਰਮਹੰਸ ਪਾਣੀ ਦਾ ਤਿਆਗ ਕਰਕੇ ਦੁੱਧ ਖਾ ਲੈਂਦਾ ਹੈ। ਤਿਸ ਹੀ ਪਰਮਹੰਸ ਅਵਸਥਾ ਵਾਲਾ ਗੁਰਸਿੱਖ ਸਦਾ ਵਾਸਤੇ ਸਾਧ ਸੰਗਤ ਰੂਪ ਮਾਨ-ਸਰੋਵਰ ਪਰ ਹੀ ਵਾਸ ਕਰਦੇ ਹਨ। ਸਾਧਸੰਗਤ ਰੂਪ ਮਾਨ-ਸਰੋਵਰ ਵਿਚੋਂ ਮਾਣਕ ਸ੍ਰਵਣ ਮੰਨਨ ਨਿਧਿਆਸਣ ਦੀ ਪ੍ਰਾਪਤੀ ਕਰ ਲੈਂਦੇ ਹਨ। ਲਾਲ ਪ੍ਰੇਮ ਰੂਪੀ ਲਾਲ ਦੀ ਪ੍ਰਾਪਤੀ ਕਰ ਲੈਂਦੇ ਹਨ। (ਹੀਰਾ) ਨਾਮ ਰੂਪੀ ਹੀਰੇ ਪ੍ਰਾਪਤ ਕਰ ਲੈਂਦੇ ਹਨ। (ਜਵਾਹਰਾਤ) ਸਖਿਆਤਕਾਰ ਬ੍ਰਹਮ ਗਿਆਨ ਰੂਪੀ ਜਵਾਹਰ ਪ੍ਰਾਪਤ ਕਰ ਲੈਂਦੇ ਹਨ ਅਤੇ ਸਾਧਸੰਗਤ ਮਾਨ-ਸਰੋਵਰ ਵਿਚੋਂ ਗੁਰੂ ਕਾ ਸ਼ਬਦ ਰੂਪ ਮਾਣਕ ਹੀਰੇ ਵੱਤ ਪ੍ਰਾਪਤ ਕਰਕੇ, ਤਿਸ ਸ਼ਬਦ ਦਾ ਅਭਿਆਸ ਕਰਕੇ, ਵਿਵੇਕ ਬੁਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦੁਆਰਾ ਸਰੀਰ ਜੋ ਅਨਾਤਮ ਦੁਖ ਰੂਪ ਜੜ੍ਹ ਸੋ ਆਤਮਾ ਜੋ ਸਤਿ ਚਿੱਤ ਅਨੰਦ ਸਰੂਪ ਦੇ ਨਾਲ ਅਗਿਆਨਤਾ ਦੇ ਕਾਰਨ ਇਕ-ਮਿਕ ਹੋ ਕੇ ਰਲ ਗਿਆ ਹੈ। ਤਿਸ ਵਿਵੇਕ ਬੁਧੀ ਦੀ ਵੀਚਾਰ ਰੂਪ ਚੁੰਜ ਨਾਲ ਇਨ੍ਹਾਂ ਨੂੰ ਭਿੰਨ-ਭਿੰਨ ਨਿਸ਼ਚੇ ਕਰਕੇ ਜੋ ਪਾਣੀ ਦੀ ਨਿਆਈਂ ਸਰੀਰ ਅਨਾਤਮ ਹੈ ਜਿਸ ਵਿਚ ਜੰਮਣ ਮਰਨ ਦਾ ਦੋਸ਼ ਅਤੇ ਸੁਖਮ ਸਰੀਰ ਭਾਵ ਅੰਤਹਕਰਨ ਮਨ ਦੇ ਦੋ ਦੋਸ਼ ਦੁਖ ਤੇ ਸੁਖ ਅਤੇ ਪ੍ਰਾਣਾਂ ਦੇ ਦੋ ਦੋਸ਼ ਸੁਧਾ (ਭੁੱਖ) ਤੇ ਪਿਆਸ ਇਨ੍ਹਾਂ ਸਾਰਿਆਂ ਦਾ ਤਿਆਗਣ ਕਰਕੇ ਜੋ ਇਨ੍ਹਾਂ ਦਾ ਸਾਖੀ ਰੂਪ ਚੇਤਨ ਆਤਮਾ ਸੱਤ ਚਿੱਤ ਅਨੰਦ ਰੂਪ ਹੈ, ਉਸ ਨਿਸ਼ਚੇ ਕਰਕੇ ਇਸਥਿਤ ਹੋ ਜਾਂਦਾ ਹੈ। ਇਹ ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ ਸੁਣਕੇ ਮੰਨਣ ਕਰਕੇ ਤੇ ਨਿਧਿਆਸਣ ਕਰਕੇ ਸਾਖਿਆਤਕਾਰ ਬ੍ਰਹਮ ਦਾ ਨਿਸ਼ਚਾ ਕਰਕੇ ਤੁਰੀਆ ਅਵਸਥਾ ਵਿਚ ਲੀਨ ਹੋ ਗਿਆ। ਇੰਨਾ ਲੀਨ ਹੋ ਗਿਆ ਕਿ ਜੋਤੀ ਨਾਲ ਅਭੇਦ ਹੋ ਗਿਆ। ਫਿਰ ਸਤਿਗੁਰੂ ਅਮਰ ਦਾਸ ਜੀ ਨੇ ਆਪਣਾ ਗੁਰੂ ਰੂਪ ਪੁਸ਼ਾਕਾ ਭਾਈ ਪਾਰੋ ਜੀ ਤੇ ਖੁਸ਼ ਹੋ ਕੇ ਬਖਸ਼ਿਆ। ਆਪਣੇ ਹੱਥ ਦੀ ਛਟੀ ਵੀ ਬਖਸ਼ੀ ਅਤੇ ਆਪਣੀ ਘੋੜੀ ਵੀ ਬਖਸ਼ੀ ਅਤੇ ਹੁਕਮ ਕੀਤਾ ਕਿ ਭਾਈ ਪਾਰੋ ਜੀ ਜਦੋਂ ਸਾਡੀ ਹਜ਼ੂਰੀ ਵਿਚ ਆਵੇਂ ਤਾਂ ਇਹ ਪੁਸ਼ਾਕਾ ਪਹਿਨ ਕੇ, ਇਸ ਘੋੜੀ ਪਰ ਚੜ੍ਹ ਕੇ, ਇਕ ਹੱਥ ਛਟੀ ਫੜ ਕੇ ਆਇਆ ਕਰੋ। ਭਾਈ ਪਾਰੋ ਜੀ ਨੇ ਇਹ ਗੁਰੂ ਜੀ ਦਾ ਬਚਨ ਅਟੱਲ ਕਰਕੇ ਮੰਨਿਆ। ਜਦੋਂ ਭਾਈ ਪਾਰੋ ਜੀ ਨੇ ਸਤਿਗੁਰੂ ਜੀ ਦੇ ਦੀਵਾਨ ਵਿਚ ਆਉਣਾ ਤਾਂ ਸਤਿਗੁਰੂ ਰਾਮਦਾਸ ਜੀ ਨੇ ਆਪਣੀ ਗੁਰਗੱਦੀ ਤੋਂ ਉੱਠ ਕੇ ਭਾਈ ਪਾਰੋ ਜੀ ਦਾ ਸਤਿਕਾਰ ਕਰਨਾ।

ਇਕ ਦਿਨ ਸਤਿਗੁਰੂ ਜੀ ਪ੍ਰਸੰਨ ਹੋ ਕੇ ਆਖਣ ਲੱਗੇ, ਕਿ ਭਾਈ ਪਾਰੋ ਸਾਹਿਬ ਜੀਉ ਤੁਸੀਂ ਇਸ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠ ਕੇ ਜਗਤ ਗੁਰੂ ਬਣ ਕੇ ਜਗਤ ਨੂੰ ਤਾਰੋ। ਭਾਈ ਪਾਰੋ ਜੀ ਨੇ ਜਦੋਂ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਇਹ ਪ੍ਰਸੰਨਤਾ ਦੇ ਬਚਨ ਸੁਣੇ ਤਾਂ ਭਾਈ ਪਾਰੋ ਜੀ ਗੱਦ-ਗੱਦ ਹੋ ਗਏ, ਨੇਤਰ ਸਜਲ ਹੋ ਗਏ। ਗਲ ਪੱਲਾ ਪਾ ਕੇ ਚਰਨਾਂ ਤੇ ਢਹਿ ਕੇ ਲੱਗੇ ਬੇਨਤੀਆਂ ਕਰਨ, ਕਿ ਗਰੀਬ-ਨਿਵਾਜ਼ ਤ੍ਰਿਲੋਕੀ ਨਾਥ ਸਰਬ-ਸ਼੍ਰਿਸ਼ਟੀ ਦੇ ਪਾਲਕ ਤੇ ਘਾਲਕ ਅਤੇ ਸਾਰੇ ਸ਼੍ਰਿਸ਼ਟੀ ਪੈਦਾ ਕਰਨ ਵਾਲੇ ਦਾਤਾ ਜੀਉ, ਇਹ ਗੁਰਗੱਦੀ ਦਾ ਸਿੰਘਾਸਣ ਆਪ ਜੀ ਨੂੰ ਸੁਭਾਏਮਾਨ ਹੈ। ਮੈਨੂੰ ਦਾਸ ਨੂੰ ਤਾਂ ਆਪਣੀ ਸਿੱਖੀ ਦਾ ਦਾਨ ਹੀ ਬਖਸ਼ੋ। ਸਤਿਗੁਰੂ ਅਮਰਦਾਸ ਸਾਹਿਬ ਭਾਈ ਪਾਰੋ ਦੀਆਂ ਨਿੰਮਰਤਾ ਭਰੀਆਂ ਬੇਨਤੀਆਂ ਸੁਣ ਕੇ ਪ੍ਰਸੰਨ ਹੋ ਕੇ ਵਰ ਦਿੱਤੇ ਕਿ ਭਾਈ ਪਾਰੋ ਜੀਉ ਆਪ ਜੈਸੇ ਸਿੱਖ ਹੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦੇ ਨਿਰਹੱਲ ਅਟੱਲ ਅਚੱਲ ਥੰਮ੍ਹ ਹਨ। ਇਸ ਵਾਸਤੇ ਹੀ ਗੁਰਬਾਣੀ ਅੰਦਰ ਗੁਰਸਿੱਖਾਂ ਦੀਆਂ ਉੱਚ ਵਡਿਆਈਆਂ ਕਥਨ ਕੀਤੀਆਂ ਹਨ ਜੈਸੇ ਕਿ:-

ਪਉੜੀ।। ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ।।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ।।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ।।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ।।
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ।। ੧੮।। (ਪੰਨਾ ੫੯੩)

ਐਸੇ ਜੋ ਗੁਰਸਿੱਖ ਸਨ ਲਹਿਣਾ ਜੀ ਉਨ੍ਹਾਂ ਦੇ ਚਰਨਾਂ ਤੇ ਪੰਜ ਪੈਸੇ ਨਾਰੀਅਲ ਰੱਖ ਕੇ ਸਤਿਗੁਰੂ ਨੂੰ ਮੱਥਾ ਟੇਕਦਿਆਂ ਤੱਕਿਆ। ਐਸੇ ਜੋ ਸਿੱਖ ਗੁਰੂ ਅਮਰਦਾਸ ਜੀ ਸਨ ਉਨ੍ਹਾਂ ਦੇ ਚਰਨਾਂ ਤੇ ਸਤਿਗੁਰੂ ਮੱਥਾ ਟੇਕਦਿਆਂ ਤੱਕਿਆ। ਐਸੇ ਜੋ ਸਿੱਖ ਜੇਠਾ ਜੀ ਸਨ ਉਨ੍ਹਾਂ ਦੇ ਚਰਨਾਂ ਤੇ ਸਤਿਗੁਰੂ ਮੱਥਾ ਟੇਕਦਿਆਂ ਤੱਕਿਆ ਤੇ ਰਾਮਦਾਸ ਕਹਿ ਕੇ ਗੁਰਗੱਦੀ ਦੇ ਮਾਲਕ ਕਰ ਦਿਤਾ। ਉਸੇ ਹੀ ਬਾਬਾ ਕਰਮ ਸਿੰਘ ਜੀ ਨੇ ਆਪਣੇ ਅੰਨਿਨ ਸਿੱਖ ਭਾਈ ਆਇਆ ਸਿੰਘ ਨੂੰ ਪੰਜ ਪੈਸੇ ਦੇ ਕੇ ਮੱਥਾ ਟੇਕਿਆ ਤੇ ਸੰਗਤ ਦੀ ਬਾਂਹ ਫੜਾਈ। ਐਸੇ ਗੁਰਸਿੱਖਾਂ ਵਾਸਤੇ ਗੁਰੂ ਰਾਮਦਾਸ ਸਾਹਿਬ ਫੁਰਮਾਉਂਦੇ ਹਨ:-

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ।।
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ।। *(ਪੰਨਾ ੪੪੪)*

ਸ: ਹੁਕਮ ਸਿੰਘ ਜੀ ਨੂੰ ਇਹ ਉਪਦੇਸ਼ ਦੇ ਕੇ ਨਾਲੇ ਸੰਗਤਾਂ ਨੂੰ ਨਿਹਾਲ ਕੀਤਾ। ਸ: ਹੁਕਮ ਸਿੰਘ ਨੂੰ ਖਾਸ ਕਰਕੇ ਉਪਦੇਸ਼ ਦਿਤਾ ਕਿ:

'ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।।' 'ਗੁਰ ਸਿਖ ਏਕਾ ਨਾਰੀ ਸਦਾ ਜਤੀ।।' ਰਹਿ ਕੇ ਆਪਣੀ ਜ਼ਿੰਦਗੀ ਸਫਲ ਕਰਦੇ ਸਨ। ਸ: ਹੁਕਮ ਸਿੰਘ ਜੀ ਨੇ ਸੰਤਾਂ ਦੀ ਰਸਨਾ ਤੋਂ ਇਹ ਅੰਮ੍ਰਿਤ ਮਈ ਉਪਦੇਸ਼ ਸੁਣ ਕੇ ਧਾਰਨ ਕੀਤਾ। ਪਰ ਇਸਤਰੀ ਦਾ ਪਿਆਰ ਛਡ ਕੇ ਆਪਣੇ ਘਰ ਵਿਚ ਪਿਆਰ ਪਾ ਕੇ ਲੱਗਾ ਗੁਰ ਸ਼ਬਦ ਦੀ ਕਮਾਈ ਕਰਨ ਅਤੇ ਗੁਰਬਾਣੀ ਦਾ ਨਿਤਨੇਮ ਕਰਨ। ਸਾਰੀ ਜ਼ਿੰਦਗੀ ਗੁਰ ਸਿੱਖਾਂ ਵਾਲੇ ਜੀਵਨ ਵਿਚ ਜੀਅ ਕੇ ਸੌਖਾ ਹੋ ਗਿਆ ਅਤੇ ਹਿਰਦੇ ਦੀ ਕਾਮ ਅਗਨੀ ਬੁਝ ਗਈ।

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।।
ਅਤੇ— ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ।।

ਦੇ ਅਨੁਸਾਰ ਜੀਵਨ ਹੋ ਗਿਆ। ਜ਼ਿੰਦਗੀ ਵਿਚ ਦਸਵੰਧ ਦੇ ਕੇ ਆਪਣੀ ਕਿਰਤ ਨੂੰ ਸਫਲੀ ਕਰਨ ਲੱਗਾ। ਆਪਣੇ ਦੋ ਭਾਈ ਸ: ਚੰਦਾ ਸਿੰਘ ਤੇ ਸ: ਘਨੀਆ ਸਿੰਘ ਜੀ ਨੂੰ ਸੰਤਾਂ ਦੇ ਚਰਨੀ ਲਾ ਕੇ ਅਤੇ ਉਪਦੇਸ਼ ਦਵਾ ਕੇ ਸਫਲ ਕੀਤਾ। ਜੋ ਅਜ ਤਕ ਵੀ ਡੇਰੇ ਦੀ ਸੇਵਾ ਕਰਦੇ ਹਨ। ਨਾਮ ਜਪਦੇ ਹਨ ਤੇ ਦਸਵੰਧ ਦੇਂਦੇ ਹਨ। ਇਨ੍ਹਾਂ ਤਿੰਨਾਂ ਭਰਾਵਾਂ ਦੀ ਔਲਾਦ ਵੀ ਚੰਗੀ ਸੇਵਾ ਭਾਵਨਾ ਰੱਖਦੀ ਹੈ।

ਦੂਸਰੀ ਵਾਰੀ ਹੋਤੀ ਮਰਦਾਨ ਦੀ ਯਾਤਰਾ ਜਾਣਾ

1945 ਦਾ ਸੰਨ ਚੜ੍ਹਿਆ ਤੇ ਆਪਣੀ ਚਾਲੇ ਨਿਬੜਦਾ ਜਾ ਰਿਹਾ ਹੈ।

'ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ।।' ਦੇ ਮਹਾਂਵਾਕ ਅਨੁਸਾਰ ਸੂਰਜ ਚੜ੍ਹਦਾ ਹੈ ਫਿਰ ਛੁਪ ਜਾਂਦਾ ਹੈ। ਇਸੇ ਤਰ੍ਹਾਂ ਹੀ ਰਾਤ ਆਈ ਤੇ ਖਤਮ ਹੋ ਗਈ। ਘੜੀਆਂ ਪਹਿਰਾਂ ਦਿਨਾਂ ਹਫਤਿਆਂ ਪੱਖਾਂ ਤੇ ਮਹੀਨਿਆਂ ਦੁਆਰਾ ਸਮਾਂ ਗੁਜ਼ਰਦਾ ਜਾ ਰਿਹਾ ਹੈ। ਹੁਣ ਅੱਸੂ ਦਾ ਮਹੀਨਾ ਚੜ੍ਹਿਆ ਸ: ਹੁਕਮ ਸਿੰਘ ਡੇਰੇ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਅਤੇ ਦੋਨੋਂ ਹੱਥ ਜੋੜ ਕੇ ਨਮਸ਼ਕਾਰ ਕੀਤੀ। ਸੰਤਾਂ ਦੀ ਆਗਿਆ ਪ੍ਰਾਪਤ ਕਰਕੇ ਸੰਤਾਂ ਨਿਕਟ ਹੋ ਕੇ ਬੈਠ ਗਿਆ। ਸੰਤਾਂ ਕੁਸ਼ਲ ਪ੍ਰਸੰਨਤਾ ਪੁੱਛੀ। ਸ: ਹੁਕਮ ਸਿੰਘ ਜੀ ਨੇ ਆਖਿਆ ਹਜ਼ੂਰ ਆਪ ਜੀ ਦੀ ਮਿਹਰ ਕ੍ਰਿਪਾ ਨਾਲ ਸਭ ਸੁਖ ਹੈ। ਫਿਰ ਸ: ਹੁਕਮ ਸਿੰਘ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ! ਦਾਸ ਦਾ ਬੜਾ ਤੀਬਰ ਫੁਰਨਾ ਹੈ ਕਿ ਆਪ ਜੀ ਦੇ ਨਾਲ ਹੋਤੀ ਮਰਦਾਨ ਦੀ ਯਾਤਰਾ ਕਰੀਏ। ਸ: ਹੁਕਮ ਸਿੰਘ ਦੀਆਂ ਬਹੁਤ ਬੇਨਤੀਆਂ ਸੁਣ ਕੇ ਸੰਤ ਮਹਾਰਾਜ ਜੀ ਨੇ ਹੋਤੀ ਮਰਦਾਨ ਦੀ ਯਾਤਰਾ ਵਾਸਤੇ ਮੰਨ ਲਿਆ। ਪਵਿੱਤਰ ਰਸਨਾਂ ਤੋਂ ਹੁਕਮ ਕੀਤਾ ਕਿ ਅੱਸੂ ਦੀ ਦਸਮੀ ਦੇ ਜੋੜ ਮੇਲੇ ਤੇ ਚਲਾਂਗੇ। ਤੁਸੀਂ ਸੱਤਵੀਂ ਤਿਥ ਨੂੰ ਬੱਸ ਲੈ ਕੇ ਡੇਰੇ ਪਹੰਚ ਜਾਣਾ। ਸੰਤ ਮਹਾਰਾਜ ਜੀ ਨੇ ਸੰਤ ਬਾਬਾ ਬਿਸ਼ਨ ਸਿੰਘ ਨੰਗਲ ਖੁਰਦ, ਬਾਬਾ ਦਲੀਪ ਸਿੰਘ

ਜੀ ਸੁਨੀ, ਬਾਬਾ ਪਰਦਮਨ ਸਿੰਘ ਜੀ ਪੱਟੀ ਸਾਰੇ ਸੰਤਾਂ ਨੂੰ ਸੱਤਵੀਂ ਤਿੱਥ ਦਾ ਸੱਦਾ ਦੇ ਦਿਤਾ—ਕਿ ਅੱਸੂ ਦੀ ਸੱਤਵੀਂ ਤਿੱਥ ਨੂੰ ਡੇਰਾ ਸੰਤਗੜ੍ਹ ਤੋਂ ਹੋਤੀ ਮਰਦਾਨ ਦੀ ਯਾਤਰਾ ਵਾਸਤੇ ਜਾਣਾ ਹੈ, ਆਪ ਸਾਰੇ ਹੀ ਛੇਵੀਂ ਤਿੱਥ ਨੂੰ ਡੇਰੇ ਸੰਤਗੜ੍ਹ ਵਿਖੇ ਆ ਜਾਵੋ।

ਇਹ ਸਾਰੇ ਗੁਰਮੁਖ ਜਨ ਛੇਵੀਂ ਤਿੱਥ ਨੂੰ ਡੇਰਾ ਸੰਤਗੜ੍ਹ ਵਿਖੇ ਆ ਗਏ। ਦੂਸਰੇ ਸੱਤਵੀਂ ਵਾਲੇ ਦਿਨ ਅੰਮ੍ਰਿਤ ਵੇਲੇ ਹੀ ਸ੍: ਹੁਕਮ ਸਿੰਘ ਜੀ ਆਪਣੇ ਸਾਰੇ ਪਰਿਵਾਰ ਸਮੇਤ ਬੱਸ ਮੋਟਰ ਲੈ ਕੇ ਡੇਰੇ ਪਹੁੰਚ ਗਏ। ਡੇਰੇ ਵਿਚ ਸਾਰੀਆਂ ਸੰਗਤਾਂ ਨੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਪਾਣੀ ਛਕਿਆ। ਫਿਰ ਸੰਤਾਂ ਦੇ ਹੁਕਮ ਨਾਲ ਜਾਣ ਵਾਲੇ ਯਾਤਰੂ ਬੱਸ ਵਿਚ ਬੈਠ ਗਏ। ਦਾਸ ਵੀ ਇਸ ਯਾਤਰਾ ਵਿਚ ਸ਼ਾਮਲ ਹੋ ਕੇ ਗਿਆ।

ਹੁਣ ਬੱਸ ਚੱਲਣ ਦਾ ਅਰਦਾਸਾ ਸੋਧ ਕੇ ਬੱਸ ਨੂੰ ਤੋਰ ਦਿੱਤਾ। ਰਾਤ ਜਾ ਕੇ ਪੰਜਾ ਸਾਹਿਬ ਰਹੇ। ਪੰਜਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਪਵਿੱਤਰ ਪੰਜਾ ਸਾਹਿਬ ਸਰੋਵਰ ਵਿਚ ਸਾਰਿਆਂ ਨੇ ਇਸ਼ਨਾਨ ਕੀਤੇ। ਫਿਰ ਲੰਗਰ ਤਿਆਰ ਕੀਤਾ। ਭੋਜਨ ਛੱਕ ਛਕਾ ਕੇ ਰਾਤ ਨੂੰ ਸੁੱਖ ਸਹਿਤ ਸੌਂ ਕੇ ਬਤੀਤ ਕੀਤੀ। ਰਾਤ ਦਾ ਚੌਥਾ ਪਹਿਰ ਆਇਆ ਸਾਰੇ ਹੀ ਨਿੰਦਰਾ ਤੋਂ ਜਾਗੇ। ਪਹਿਲਾਂ ਸਾਰੀ ਸੰਗਤ ਜੰਗਲ ਦਿਸ਼ਾ ਗਈ। ਦਾਤਨ ਕੁਰਲੇ ਕਰਕੇ ਫਿਰ ਪੰਜਾ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕੀਤੇ। ਜੋ ਪੰਜਾ ਸਾਹਿਬ ਸਰੋਵਰ ਦਾ ਅੰਮ੍ਰਿਤ ਜਲ ਮਹਾਨ ਸੀਤਲ ਸੁਗੰਧੀਦਾਰ ਤੇ ਨਿਰਮਲ ਇਤਨਾ ਹੈ ਕਿ ਸਰੋਵਰ ਵਿਚ ਸੂਈ ਪਈ ਦਿਖਾਈ ਦੇਂਦੀ ਸੀ।

ਹੁਣ ਗੁਰਦਵਾਰੇ ਕੜਾਹ ਪ੍ਰਸ਼ਾਦਿ ਕਰਵਾ ਕੇ ਅਰਦਾਸਾ ਸੋਧਿਆ। ਨਮਸ਼ਕਾਰਾਂ ਕੀਤੀਆਂ ਤਕਰੀਬਨ ਪੰਜ ਵਜੇ ਸਵੇਰੇ ਹੀ ਫਿਰ ਬੱਸ ਹੋਤੀ ਵਲ ਨੂੰ ਚਲ ਪਈ। ਸੰਧਿਆ ਦੇ ਵੇਲੇ ਬੱਸ ਹੋਤੀ ਮਰਦਾਨ ਸੰਤ ਬਾਬਾ ਕਰਮ ਸਿੰਘ ਸਾਹਿਬ ਜੀ ਦੇ ਡੇਰੇ ਪੁਜ ਗਈ। ਯਾਤਰੂਆਂ ਨੇ ਡੇਰੇ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨਤਾ ਪ੍ਰਾਪਤ ਕੀਤੀ। ਪਹਿਲਾਂ ਸਾਰੇ ਯਾਤਰੂਆਂ ਨੇ ਗੁਰਦਵਾਰੇ ਜਾ ਕੇ ਮੱਥਾ ਟੇਕਿਆ। ਸੰਤ ਗਿਆਨੀ ਹਰੀ ਸਿੰਘ ਜੀ ਨੇ ਬਹੁਤ ਛੇਤੀ ਨਾਲ ਸਾਰੀ ਸੰਗਤ ਦੇ ਆਸਣ ਲਾਉਣ ਦਾ ਪ੍ਰਬੰਧ ਕਰ ਦਿਤਾ। ਭਾਵੇਂ ਵੀ ਸੰਤਾਂ ਵਾਸਤੇ ਪਲੰਘ ਤੇ ਚੰਗੇ ਬਿਸਤਰੇ ਦੀ ਇਕ ਦਮ ਤਿਆਰੀ ਕਰ ਦਿਤੀ। ਸੰਤ ਮਹਾਰਾਜ ਜੀ ਦੇ ਨਾਲ ਜਿਤਨੇ ਸਾਧੂ ਸਨ ਸਾਰਿਆਂ ਵਾਸਤੇ ਪਲੰਘ ਤੇ ਬਿਸਤਰੇ ਦਾ ਇਕ ਦਮ ਇੰਤਜ਼ਾਮ ਕਰ ਦਿੱਤਾ। ਹੁਣ ਸਾਰੀ ਸੰਗਤ ਦੇ ਆਸਣ ਲਗ ਗਏ।

ਰਾਤ ਦੇ ਸਮੇਂ ਗੁਰੂ ਕੇ ਲੰਗਰ ਵਿਚੋਂ ਭੋਜਨ ਰੁਚੀ ਮੁਤਾਬਿਕ ਛਕ ਕੇ ਸੰਗਤ ਨੇ ਬੜੇ ਸੁੱਖ ਨਾਲ ਸੌਂ ਕੇ ਰਾਤ ਬਤੀਤ ਕੀਤੀ। ਚੌਥਾ ਪਹਿਰ ਰਾਤ ਦਾ ਹੋਇਆ ਅੰਮ੍ਰਿਤ ਵੇਲੇ ਦੇ ਆਸ਼ਕ ਉਠੇ ਤੇ ਇਸ਼ਨਾਨ ਕਰਕੇ ਲੱਗੇ ਬਾਣੀ ਸ਼ਬਦ ਪੜ੍ਹਨ। ਸ਼ਬਦ ਅਭਿਆਸੀ ਜਗਿਆਸੂ ਗੁਰੂ ਕੇ ਸ਼ਬਦ ਦੇ ਅਭਿਆਸ ਵਿਚ ਜੁੜ ਗਏ। ਸੰਤ ਮਹਾਰਾਜ ਜੀ ਆਪਣੇ ਗੁਰਦੇਵ ਦੇ ਪਵਿੱਤਰ ਅਸਥਾਨ ਦਾ ਦਰਸ਼ਨ ਕਰਕੇ ਗੱਦ-ਗੱਦ ਹੋ ਗਏ ਸਨ। ਹੋਰ ਸਾਰੇ ਸਾਧੂ ਤੇ ਸੰਗਤ ਰਾਤ ਨੂੰ ਬਿਰਾਜ ਗਈ। ਪਰ ਆਪ ਹਜ਼ੂਰ ਰਾਤ ਦਸ ਵਜੇ ਮਲਕੜੇ ਉਠੇ ਤੇ ਨਦੀ ਤੇ ਚਲੇ ਗਏ। ਸਾਰੀ ਰਾਤ ਨਦੀ ਦੇ ਕੰਢੇ ਆਪਣੇ ਪਿਆਰੇ ਗੁਰਦੇਵ ਜੀ ਦੀ ਯਾਦ ਅੰਦਰ ਸਮਾਧੀ ਇਸਥਿਤ ਹੋ ਕੇ ਬੈਠ ਗਏ। ਸਾਰੀ ਰਾਤ ਨਿਰਵਿਕਲਪ ਸਮਾਧੀ ਦਾ ਅਨੰਦ ਮਾਨਿਆ। ਜਦੋਂ ਸੂਰਜ ਨਿਕਲਣ ਦਾ ਸਮਾਂ ਆਇਆ ਤਾਂ ਹਜ਼ੂਰ ਸਮਾਧੀ ਤੋਂ ਉਥਾਨ ਹੋ ਕੇ ਸੌਚਾ ਇਸ਼ਨਾਨ ਕਰਕੇ ਹੋਤੀ ਡੇਰੇ ਸੰਗਤ ਵਿਚ ਆ ਗਏ। ਅਤੇ ਨੌਵੀਂ ਦੇ ਦਿਨ ਵਿਚ ਆਪ ਸੰਤਾਂ ਨਾਲ ਹੋ ਕੇ ਸਾਰੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਵਾਏ। ਪਹਿਲਾਂ ਬਾਉਲੀ ਸਾਹਿਬ ਦੇ ਦਰਸ਼ਨ ਕੀਤੇ। ਫਿਰ ਜਿਸ ਨੇੜੇ ਦੀ ਗੁਫਾ ਜਿਥੇ ਕਿ ਗੁਰੂ ਜੀ ਰਾਤ ਦੇ ਸਮੇਂ ਬਿਰਾਜਦੇ ਸਨ। ਉਸ ਪਵਿੱਤਰ ਗੁਫਾ ਅਸਥਾਨ ਦੇ ਦਰਸ਼ਨ ਕੀਤੇ। ਫਿਰ ਜਿਸ ਅਸਥਾਨ ਤੇ ਬੈਠ ਕੇ ਗੁਰਦੇਵ ਜੀ ਨੇ ਸੰਤਾਂ ਨੂੰ ਉਪਦੇਸ਼ ਦੇ ਕੇ ਬ੍ਰਹਮ ਸਰੂਪ ਬਣਾਇਆ ਸੀ। ਉਸ ਪਵਿੱਤਰ ਭੂਮੀ ਦੇ ਦਰਸ਼ਨ ਕਰਵਾਏ। ਉਪਰੰਤ ਜੋ ਉਸ ਅਸਥਾਨ ਤੋਂ ਚਾਰ ਕੁ ਮੀਲ ਤੇ ਗੁਫਾ ਹੈ ਜਿਥੇ ਕਿ ਦਿਨ ਦੇ ਸਮੇਂ ਸਾਹਿਬ ਮਹਾਰਾਜ ਕਰਮ ਸਿੰਘ ਜੀ ਜਾਇਆ ਕਰਦੇ। ਸਾਰਾ ਦਿਨ ਤਿਨ੍ਹਾਂ ਗੁਫਾ ਵਿਚ ਹੀ ਰਿਹਾਇਸ਼ ਰੱਖਦੇ ਸਨ। ਸੋ ਬਹੁਤ ਵੱਡੀਆਂ-ਵੱਡੀਆਂ ਗੁਫਾ ਸਨ। ਸੋ ਆਪ ਨੇ ਹੀ ਆਪਣੇ ਹਸਤ-ਕਮਲਾਂ ਨਾਲ ਖੋਦ ਕੇ ਬਣਾਈਆਂ ਸਨ। ਗਰੀਬ-

ਨਿਵਾਜ਼ ਬਾਬਾ ਕਰਮ ਸਿੰਘ ਜੀ ਹਮੇਸ਼ਾ ਆਪਣੇ ਪਾਸ ਰੰਬਾ (ਖੁਰਪਾ) ਰੱਖਦੇ ਸਨ। ਜਿਸ ਰੰਬੇ ਨਾਲ ਗੁਫਾ ਵੀ ਪੁਟਦੇ ਸਨ ਅਤੇ ਜਦੋਂ ਜੰਗਲ ਦਿਸ਼ਾ ਜਾਂਦੇ ਤਾਂ ਉਸ ਰੰਬੇ ਨਾਲ ਜੰਗਲ ਤੇ ਮਿੱਟੀ ਪਾ ਦਿੰਦੇ। ਸਾਹਿਬ ਮਹਾਰਾਜ ਕਰਮ ਸਿੰਘ ਜੀ ਤੋਂ ਬਾਅਦ ਸਾਹਿਬ ਮਹਾਰਾਜ ਆਇਆ ਸਿੰਘ ਜੀ ਵੀ ਦਿਨੇ ਉਸੀ ਗੁਫਾ ਵਿਚ ਜਾ ਕੇ ਆਰਾਮ ਕਰਦੇ ਸਨ। ਇਸ ਵਾਸਤੇ ਇਸ ਪਵਿੱਤਰ ਭੂਮੀ ਦੇ ਦਰਸ਼ਨਾਂ ਨੂੰ ਗਏ। ਇਸ ਅਸਥਾਨ ਤੇ ਹੀ ਸਾਹਿਬ ਮਹਾਰਾਜ ਕਰਮ ਸਿੰਘ ਜੀ ਦੀ ਫੋਟੋ ਬਾ-ਵਰਦੀ ਸੰਤ ਗਿਆਨੀ ਹਰੀ ਸਿੰਘ ਜੀ ਨੇ ਮਰਦਾਨ ਛਾਉਣੀ ਗਾਈਡ ਪਲਟਨ ਦੇ ਅੰਗਰੇਜ਼ ਮਿਸਕੋਟ ਵਿਚੋਂ ਸੰਤਾਂ ਨੂੰ ਤੇ ਸਾਰੀਆਂ ਸੰਗਤਾਂ ਨੂੰ ਦਰਸ਼ਨ ਕਰਾਏ।

ਹੁਣ ਸੰਧਿਆ ਵੇਲੇ ਮੁੜ ਡੇਰੇ ਹੋਤੀ ਵਿਖੇ ਆਪਣੇ ਆਸਣ ਤੇ ਆ ਗਏ। ਫਿਰ ਸੰਤਾਂ ਨੇ ਸਾਰੇ ਸੇਵਾਦਾਰਾਂ ਨੂੰ ਹੁਕਮ ਕੀਤਾ ਕਿ ਤੁਸੀਂ ਸਾਰਿਆਂ ਨੇ ਸਾਰੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰ ਲਏ ਹਨ, ਕੱਲ ਨੂੰ ਗੁਰੂ ਕੇ ਲੰਗਰ ਦੀ ਸੇਵਾ ਕਰਕੇ ਵੀ ਆਪਣੇ ਹੱਥ ਪਵਿੱਤਰ ਕਰੋ ਤੇ ਯਾਤਰਾ ਸਫਲ ਕਰੋ। ਦਸਵੀਂ ਦੇ ਦਿਨ ਦਾ ਭੰਡਾਰਾ ਵੀ ਸੰਤਾਂ ਵਲੋਂ ਯਥਾ-ਸ਼ਕਤ ਕੀਤਾ ਗਿਆ ਅਤੇ ਸਾਰੇ ਸੇਵਾਦਾਰਾਂ ਨੇ ਵਧ ਚੜ੍ਹ ਕੇ ਖੁਸ਼ੀ ਵਿਚ ਬੜੇ ਚਾਵਾਂ ਵਿਚ ਗੁਰੂ ਕੇ ਲੰਗਰ ਦੀ ਸੇਵਾ ਕੀਤੀ। ਇਸ ਤਰ੍ਹਾਂ ਦਸਵੀਂ ਦਾ ਦਿਨ ਸੇਵਾ ਕਰਦਿਆਂ ਪੂਰਾ ਕੀਤਾ, ਜਿਸ ਵਿਚ ਸੰਤਾਂ ਨੇ ਆਪਣੀ ਸੇਵਾ ਕੀਤੀ। ਰਾਤ ਦੇ ਦਸ ਵਜੇ ਸੰਤਾਂ ਨੇ ਆਪਣੇ ਬੱਸ ਵਾਲੇ ਯਾਤਰੂਆਂ ਨੂੰ ਸੁਣਾਈ ਕਰ ਦਿਤੀ ਕਿ ਅੰਮ੍ਰਿਤ ਵੇਲੇ ਆਪਣੀ ਬੱਸ ਆਪਣੇ ਦੇਸ਼ ਨੂੰ ਚੱਲ ਪਏਗੀ। ਸਾਰਿਆਂ ਨੇ ਉਸ ਵੇਲੇ ਨੂੰ ਤਿਆਰ-ਬਰ-ਤਿਆਰ ਹੋ ਜਾਣਾ। ਰਾਤ ਦੇ ਸਮੇਂ ਜਦੋਂ ਸਾਰੇ ਬਿਰਾਜ ਗਏ ਤਾਂ ਆਪ ਮਹਾਰਾਜ ਜੀ ਨਦੀ ਤੇ ਜਾ ਕੇ ਅਗਾਧ ਬ੍ਰਹਮਾਨੰਦ ਸਮਾਧੀ ਵਿਚ ਇਸਥਿਤ ਹੋ ਗਏ। ਸਾਰੇ ਯਾਤਰੂਆਂ ਨੇ ਰਾਤ ਸੁਖ ਸਹਿਤ ਸੌਂ ਕੇ ਬਤੀਤ ਕੀਤੀ। ਅੰਮ੍ਰਿਤ ਵੇਲਾ ਰਾਤ ਦਾ ਚੌਥਾ ਪਹਿਰ ਹੋਇਆ। ਸਾਰੀ ਸੰਗਤ ਨੇ ਨਿੰਦਰਾ ਤੋਂ ਉਠ ਕੇ ਸੌਚ ਇਸ਼ਨਾਨ ਕੀਤੇ। ਸਾਰੀਆਂ ਸੰਗਤਾਂ ਨੇ ਆਪਣੇ-ਆਪਣੇ ਨਿਤਨੇਮ ਕੀਤੇ ਅਤੇ ਸਿਮਰਨ ਵਾਲਿਆਂ ਨੇ ਸਿਮਰਨ ਕੀਤੇ। ਇਤਨੇ ਨੂੰ ਸੰਤ ਮਹਾਰਾਜ ਜੀ ਵੀ ਨਦੀ ਕਿਨਾਰੇ ਤੋਂ ਸੌਚ ਇਸ਼ਨਾਨ ਕਰਕੇ ਆ ਗਏ। ਲਾਂਗਰੀ ਸਿੰਘਾਂ ਨੇ ਬਾਣੀ ਪੜ੍ਹਦਿਆਂ ਲੰਗਰ ਤਿਆਰ ਕੀਤਾ। ਫਿਰ ਸਾਰੀ ਸੰਗਤ ਨੇ ਭੋਜਨ ਛਕਿਆ। ਫਿਰ ਸੰਤਾਂ ਦੀ ਆਗਿਆ ਅਨੁਸਾਰ ਯਾਤਰੂ ਆਪਣੀ-ਆਪਣੀ ਸੀਟ ਤੇ ਜਾ ਬੈਠੇ। ਬੱਸ ਦੇ ਚੱਲਣ ਦਾ ਅਰਦਾਸਾ ਸੋਧ ਕੇ ਬੱਸ ਨੂੰ ਪੰਜਾਬ ਵਲ ਤੋਰ ਲਿਆ। ਜਦੋਂ ਬੱਸ ਚਲਦੀ ਹੋਈ ਜ਼ਿਲ੍ਹਾ ਗੁਜਰਾਤ ਵਿਚ ਪਹੁੰਚੀ ਤਾਂ ਸੰਤ ਮਹਾਰਾਜ ਜੀ ਨੇ ਬੱਸ ਦੇ ਚਲਣ ਦਾ ਰੁਖ ਉਮਰਾਲੇ ਵਲ ਨੂੰ ਕਰ ਲਿਆ। ਇਹ ਉਮਰਾਲਾ ਮਹਾਨ ਪਵਿੱਤਰ ਅਸਥਾਨ ਬਾਬਾ ਬੀਰ ਸਿੰਘ ਜੀ ਦਾ ਹੈ। ਇਸ ਅਸਥਾਨ ਤੇ ਹੀ ਬਾਬਾ ਬਿਸ਼ਨ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਗਿਆਨੀ ਹੋਏ ਹਨ। ਜਿਥੇ ਬਾਬਾ ਬਿਸ਼ਨ ਸਿੰਘ ਜੀ ਗੁਰਬਾਣੀ ਦੇ ਗਿਆਨੀ ਸਨ, ਉਥੇ ਬ੍ਰਹਮ ਦੇ ਵੀ ਪੂਰਨ ਗਿਆਨਵਾਨ ਸੀ ਭਾਵ ਪੂਰਨ ਬ੍ਰਹਮ-ਗਿਆਨੀ ਸਨ। ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਬਾਬਾ ਬਿਸ਼ਨ ਸਿੰਘ ਜੀ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸਿੱਖੀ ਸੀ ਅਤੇ ਰੂਹਾਨੀਅਤ ਬ੍ਰਹਮ-ਵਿਦਿਆ ਭਾਵ ਬ੍ਰਹਮ-ਗਿਆਨ ਬਾਬਾ ਬਿਸ਼ਨ ਸਿੰਘ ਜੀ ਨੂੰ ਪ੍ਰਸੰਨ ਕਰਕੇ ਹੀ ਪ੍ਰਾਪਤ ਕੀਤਾ ਸੀ। ਬਾਬਾ ਬਿਸ਼ਨ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਾਬਾ ਪ੍ਰੇਮ ਸਿੰਘ ਜੀ ਉਮਰਾਲੇ ਦੇ ਮਹੰਤ ਬਣ ਕੇ ਇਸ ਅਸਥਾਨ ਦੀ ਸੇਵਾ ਕਰਦੇ ਸਨ। ਜਦੋਂ ਬਾਬਾ ਪ੍ਰੇਮ ਸਿੰਘ ਜੀ ਨੂੰ ਖਬਰ ਲੱਗੀ ਕਿ ਹਰਖੋਵਾਲੀਏ ਸੰਤਾਂ ਦੀ ਬੱਸ ਸਮੇਤ ਯਾਤਰੂਆਂ ਦੇ ਆਈ ਹੈ ਤਾਂ ਇਕ ਦਮ ਬਾਬਾ ਪ੍ਰੇਮ ਸਿੰਘ ਜੀ ਬਾਬਾ ਭਾਗ ਸਿੰਘ ਤਪੱਸਵੀ ਨੂੰ ਨਾਲ ਲੈ ਕੇ ਸੰਤਾਂ ਪਾਸ ਆਏ ਅਤੇ ਸਤਿਕਾਰ ਕੀਤਾ। ਸਤਿਕਾਰ ਕਰਕੇ ਗੁਰਦਵਾਰੇ ਦੇ ਵਿਚ ਲੈ ਗਏ ਅਤੇ ਸਾਰੀ ਸੰਗਤ ਦੇ ਆਰਾਮ ਕਰਨ ਵਾਸਤੇ ਆਸਣ ਲਵਾ ਦਿਤੇ। ਇਤਨੇ ਨੂੰ ਰਹਰਾਸਿ ਦਾ ਸਮਾਂ ਹੋਇਆ। ਸਾਰੀ ਸੰਗਤ ਗੁਰਦਵਾਰੇ ਵਿਚ ਜੁੜ ਮਿਲ ਬੈਠੀ। ਪਹਿਲਾਂ ਰਹਰਾਸਿ ਪੜ੍ਹੀ, ਫਿਰ ਆਰਤੀ ਕੀਤੀ, ਇਸ ਤੋਂ ਉਪਰੰਤ ਕੀਰਤਨ ਹੋਇਆ।

ਫਿਰ ਇਤਿਹਾਸ ਸੂਰਜ ਪ੍ਰਕਾਸ਼ ਦੀ ਕਥਾ ਹੋਈ। ਇਤਨੇ ਨੂੰ ਗੁਰੂ ਕਾ ਲੰਗਰ ਤਿਆਰ ਹੋ ਗਿਆ। ਭੋਜਨ ਛਕਣ ਵਾਸਤੇ ਪੰਗਤਾਂ ਲੱਗ ਗਈਆਂ। ਪਹਿਲਾਂ ਕੜਾਹ ਪ੍ਰਸ਼ਾਦਿ ਤੇ ਅੰਮ੍ਰਿਤ ਖੀਰ ਵਰਤੀ। ਫਿਰ ਦੋ ਸਬਜ਼ੀਆਂ, ਇਕ

ਦਾਲ, ਚਟਨੀ, ਅਚਾਰ, ਮੁਰੱਬਾ ਵਰਤਿਆ। ਫਿਰ ਪ੍ਰਸ਼ਾਦੇ ਤੰਦੂਰ ਤੇ ਪਕਾਏ ਹੋਏ ਬੜੇ ਕੋਮਲ ਗਾਗੀਆਂ ਵਾਂਗ ਪ੍ਰਸ਼ਾਦਿਆਂ ਵਿਚ ਸ਼ੁਧ ਘੀ ਦੇ ਡੂੰਗੇ ਲਾਏ ਹੋਏ ਵਰਤੇ। ਸੰਗਤ ਛੇ ਪ੍ਰਕਾਰ ਦੇ ਰਸ-ਕਸ ਨਾਲ ਭਰਿਆ ਹੋਇਆ ਭੋਜਨ ਛਕ ਕੇ ਤ੍ਰਿਪਤ ਹੋ ਗਈ। ਹੱਥ ਧੋ ਕੇ ਚੂਲੇ ਕੀਤੇ ਅਤੇ ਆਪਣੇ ਸੁਖ ਸਹਿਤ ਵਿਸਰਾਮ ਕੀਤਾ। ਸੰਤ ਮਹਾਰਾਜ ਜੀ ਰਾਤ ਦੇ ਦਸ ਵਜੇ ਸੰਤ ਬਿਸ਼ਨ ਸਿੰਘ ਜੀ ਦੀ ਤਪੱਸਗਾਹ ਵਿਚ ਸਮਾਧੀ ਇਸਥਿਤ ਹੋ ਕੇ ਬੈਠ ਗਏ। ਅੰਮ੍ਰਿਤ ਵੇਲੇ ਸੰਗਤਾਂ ਨਿੰਦ੍ਰਾਂ ਤੋਂ ਉਠੀਆਂ। ਸੌਚ ਇਸ਼ਨਾਨ ਕਰਕੇ ਆਪੋ ਆਪਣੇ ਨਿਤਨੇਮ ਜੁਟ ਗਏ।

ਉਮਰਾਲੇ ਤੋਂ ਚਲ ਕੇ ਲਾਹੌਰ ਆਉਣਾ

ਉਮਰਾਲੇ ਦੇ ਪਵਿੱਤਰ ਅਸਥਾਨ ਤੋਂ ਜਦੋਂ ਸੰਤਾਂ ਦੀ ਬੱਸ ਚੱਲਣ ਲੱਗੀ ਤਾਂ ਸਾਰੇ ਉਮਰਾਲੇ ਦੇ ਸਾਧੂ ਸਮੇਤ ਮਹੰਤ ਪ੍ਰੇਮ ਸਿੰਘ ਜੀ ਨੇ ਸੰਤਾਂ ਦਾ ਬਹੁਤ ਸਤਿਕਾਰ ਕੀਤਾ। ਜਦੋਂ ਬੱਸ ਡਰਾਈਵਰ ਬਖਸ਼ੀਸ਼ ਸਿੰਘ ਜੀ ਨੇ ਸਟਾਰਟ ਕੀਤੀ ਤਾਂ ਉਸ ਸਮੇਂ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀਆਂ ਗੂੰਜਾਂ ਪੈਣ ਲੱਗ ਪਈਆਂ। ਅਸਥਾਨੀ ਸੰਗਤ ਦੇ ਤੇ ਬੱਸ ਵਾਲੇ ਯਾਤਰੂਆਂ ਦੇ ਨੇਤਰ ਸੱਜਲ ਸਨ। ਭਾਵ ਸੰਗਤ ਦੇ ਵਿਛੋੜੇ ਦੇ ਕਾਰਨ ਸਾਰੀਆਂ ਸੰਗਤਾਂ ਵੈਰਾਗ ਕਰ ਰਹੀਆਂ ਸਨ। ਅਖੀਰ ਮੋਟਰ ਲਾਹੌਰ ਵਲ ਨੂੰ ਚਲ ਪਈ। ਜਦੋਂ ਦਸ ਕੁ ਮੀਲ ਆਏ ਤਾਂ ਸੰਗਤ ਨੇ ਫੁਰਨਾ ਕੀਤਾ ਕਿ ਡੇਹਰਾ ਸਾਹਿਬ ਗੁਰਦੁਆਰਾ ਜੋ ਕਿ ਪੰਚਮ ਪਾਤਿਸ਼ਾਹ ਜੀ ਦਾ ਸ਼ਹੀਦੀ ਪਵਿੱਤਰ ਅਸਥਾਨ ਹੈ ਅਤੇ ਜੋ ਲਾਹੌਰ ਵਿਖੇ ਹੋਰ ਗੁਰੂ ਕੇ ਪਵਿੱਤਰ ਅਸਥਾਨ ਹਨ, ਦਰਸ਼ਨ ਕਰ ਚਲੀਏ। ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਸੰਤਾਂ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀਉ ਲਾਹੌਰ ਦੇ ਪਵਿੱਤਰ ਅਸਥਾਨ ਗੁਰਦਵਾਰਿਆਂ ਦਾ ਦਰਸ਼ਨ ਸੰਗਤ ਨੂੰ ਕਰਵਾ ਲੈ ਚਲੋ। ਸੰਤ ਸੁਣ ਕੇ ਚੁਪ ਹੀ ਕਰ ਗਏ। ਬਾਬਾ ਜੀ ਨੇ ਫਿਰ ਦੁਬਾਰਾ ਬੇਨਤੀ ਕੀਤੀ ਤਾਂ ਸੰਤਾਂ ਨੇ ਉੱਤਰ ਦਿੱਤਾ ਕਿ ਬਾਬਾ ਜੀ ਲਾਹੌਰ ਦੇ ਗੁਰਦਵਾਰਿਆਂ ਦੇ ਬਹੁਤ ਵਾਰੀ ਦਰਸ਼ਨ ਕੀਤੇ ਹਨ।

ਹੁਣ ਜੇਠ ਸੁਦੀ ਚੌਥ ਨੂੰ ਫਿਰ ਆ ਕੇ ਦਰਸ਼ਨ ਕਰਾਂਗੇ। ਹੁਣ ਸਾਰੇ ਹੀ ਕਹਿਣ ਤੋਂ ਚੁਪ ਹੋ ਗਏ। ਬੱਸ ਆਪਣੀ ਚਾਲੇ ਸਫਰ ਮੁਕਾਉਂਦੀ ਚਲੀ ਗਈ। ਜਦੋਂ ਯਾਤਰੂਆਂ ਦੀ ਬੱਸ ਸ਼ਾਹਦਰੇ ਆਈ ਤਾਂ ਸ਼ਾਹਦਰੇ ਤੋਂ ਦੋ ਸੜਕਾਂ ਹੋ ਜਾਂਦੀਆਂ ਹਨ। ਇਕ ਸੜਕ ਲਾਹੌਰ ਨੂੰ ਆ ਜਾਂਦੀ ਹੈ, ਦੂਸਰੀ ਲਾਹੌਰ ਤੋਂ ਬਾਹਰ-ਬਾਹਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਆ ਜਾਂਦੀ ਹੈ। ਇਥੋਂ ਸੰਤਾਂ ਨੇ ਆਪਣੀ ਬੱਸ ਦਾ ਰੁਖ ਲਾਹੌਰ ਵਾਲੀ ਸੜਕ ਵਲ ਮੋੜ ਲਿਆ। ਤਕਰੀਬਨ ਅੱਧੇ ਘੰਟੇ ਵਿਚ ਹੀ ਲਾਹੌਰ ਆ ਗਏ। ਸੰਤਾਂ ਨੇ ਆਪਣੀ ਬੱਸ ਡੇਹਰੇ ਸਾਹਿਬ ਗੁਰਦੁਆਰੇ ਨੇੜੇ ਮੈਦਾਨ ਵਿਚ ਖੜੀ ਕਰ ਲਈ। ਸਾਰੀ ਸੰਗਤ ਨੇ ਬੜੀ ਖੁਸ਼ੀ ਸਤਿਗੁਰ ਅਰਜਨ ਦੇਵ ਜੀ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਆਪਣੀ-ਆਪਣੀ ਭੇਟਾ ਅਰਪਣ ਕੀਤੀ।

ਹੁਣ ਸੰਤ ਜੀ ਮਹਾਰਾਜ ਗੁਰਦਵਾਰੇ ਤੋਂ ਨਿਕਲ ਕੇ ਨਾਲ ਦੀ ਸੜਕ ਜੋ ਕਿ ਕਿਲ੍ਹੇ ਦੇ ਨਾਲ-ਨਾਲ ਜਾਂਦੀ ਸੀ, ਚਲ ਪਏ। ਜਦੋਂ ਕੋਈ ਪੰਜ ਸੌ ਗਜ਼ ਤੇ ਗਏ ਤਾਂ ਕੀ ਤੱਕਿਆ ਇਕ ਅਲਮਸਤ ਦਿਗੰਬਰ ਸਾਫ ਨਗਨ ਦਿਸ਼ਾ ਹੀ ਅੰਬਰ ਜਿਸਦੇ ਸਨ ਬੜੀ ਮਸਤੀ ਵਿਚ ਨੇਤ੍ਰ ਮੀਟੇ ਹੋਏ, ਮੁਖੜਾ ਲਾਲ ਰੱਤਾ, ਮੁਖ ਉਪਰ ਨੂੰ ਚੁਕਿਆ ਹੋਇਆ ਅਤੇ ਇਕ ਬਾਜੂ ਵੀ ਉਪਰ ਚੁੱਕੀ ਹੋਈ, ਬੜੇ ਜਲਾਲ ਵਿਚ ਅਤੇ ਸਾਰੇ ਜ਼ੋਰ ਨਾਲ ਉੱਚੀ ਅਵਾਜ਼ ਦੇ ਕੇ ਬੋਲਦਾ ਹੈ, 'ਅਨਲ ਹੱਕ, ਅਨਲ ਹੱਕ'। ਜਦੋਂ ਅਨਲ ਹੱਕ ਬੋਲਦਾ ਹੈ ਤਾਂ ਨੇੜੇ-ਨੇੜੇ ਦੀ ਧਰਤੀ ਕੰਬ ਉਠਦੀ ਹੈ। ਕਾਫੀ ਦੁਨੀਆਂ ਇਸ ਫਕੀਰ ਦੇ ਇਸ ਅਨਲ ਹੱਕ ਅਵਾਜ਼ੇ ਨੂੰ ਸੁਨਣ ਹਿਤ 40-40 ਕਰਮ ਤੇ ਖੜੇ ਇਸ ਵਲ ਤੱਕ ਰਹੇ ਹਨ। ਸੰਤ ਮਹਾਰਾਜ ਜੀ ਇਸ ਫਕੀਰ ਤੋਂ ਵੀਹ ਕੁ ਕਰਮਾਂ ਤੇ ਖੜੇ ਹੋ ਕੇ ਇਸ ਫਕੀਰ ਵਲ ਮਹਾਨ ਭਰਵੀਂ ਦ੍ਰਿਸ਼ਟੀ ਨਾਲ ਤੱਕ ਕੇ ਆਪਣੀ ਪਵਿੱਤਰ ਰਸਨਾ ਤੋਂ ਇਸ ਫਕੀਰ ਨੂੰ ਸੁਣਾ ਕੇ ਆਖਣ ਲੱਗੇ :-

ਊਚਾ ਨਹੀਂ ਕਹਿਣਾ ਮਨ ਮਹਿ ਰਹਿਣਾ।

ਜਦੋਂ ਸੰਤਾਂ ਦੇ ਇਹ ਸ਼ਬਦ ਕਹੇ ਹੋਏ ਇਸ ਅਲਮਸਤ ਫਕੀਰ ਦੇ ਕੰਨੀਂ ਪਏ ਤਾਂ ਫਕੀਰ ਨੇ ਨੇਤਰ ਖੋਲ੍ਹ ਕੇ ਸੰਤਾਂ

ਵਲ ਤੱਕਿਆ। ਜਦੋਂ ਅਲਮਸਤ ਨੇ ਸੰਤਾਂ ਵਲ ਤੱਕਿਆ, ਤਾਂ ਸੰਤਾਂ ਨੇ ਫਿਰ ਉਹੀ ਸ਼ਬਦ ਦੁਹਰਾਏ, *ਊਚਾ ਨਹੀਂ ਕਹਿਣਾ, ਮਨ ਮਹਿ ਰਹਿਣਾ।*

ਸੰਤਾਂ ਦੇ ਇਹ ਸ਼ਬਦ ਕਹਿਣ ਦੀ ਦੇਰ ਸੀ, ਸੋ ਅਲਮਸਤ ਇਕ ਦਮ ਆ ਕੇ ਸੰਤਾਂ ਦੇ ਚਰਨਾਂ ਤੇ ਢਹਿ ਕੇ ਉੱਚੀ-ਉੱਚੀ ਰੋਣ ਲਗ ਪਿਆ। ਸੰਤਾਂ ਦੇ ਚਰਨ ਰੋਣ ਦੇ ਪਾਣੀ ਨਾਲ ਹੀ ਧੋ ਦਿਤੇ। ਫਿਰ ਸੰਤਾਂ ਨੇ ਆਪਣਾ ਕ੍ਰਿਪਾ-ਭਰਿਆ ਹਸਤ-ਕਮਲ ਇਸ ਫਕੀਰ ਦੇ ਸਿਰ ਪਰ ਰੱਖ ਕੇ ਧੀਰਜ ਦੇ ਕੇ ਆਪਣੇ ਚਰਨਾਂ ਵਿਚੋਂ ਉਠਾਇਆ। ਹੁਣ ਦੋਵੇਂ ਹੱਥ ਜੋੜ ਕੇ ਸੰਤਾਂ ਦੇ ਚਰਨਾਂ ਅੱਗੇ ਖਲੋ ਗਿਆ, ਹੁਣ ਸੰਤਾਂ ਨੇ ਇਸ ਦੇ ਮੋਢੇ ਤੇ ਹੱਥ ਰੱਖ ਕੇ ਸ਼ੁਭ ਬਚਨਾਂ ਦੁਆਰਾ ਉਪਦੇਸ਼ ਦਿਤਾ ਕਿ ਠੀਕ ਅਨਲ ਹੱਕ ਹੈ, ਪਰ ਇਸ ਦਾ ਨਿਸਚਾ ਫਕੀਰ ਦੇ ਚਿੱਤ ਵਿਚ ਪ੍ਰਪੱਕ ਹੋਣਾ ਚਾਹੀਦਾ ਹੈ। ਅਨ ਲੋਕਾਂ ਨੂੰ ਇਹ ਵਾਕ ਸੁਣਨਾ ਕੋਈ ਇੰਸ ਦਾ ਖਾਸ ਮਤਲਬ ਨਹੀਂ। ਬੱਸ ਇਹ ਸੰਤਾਂ ਦਾ ਸ਼ੁਭ ਉਪਦੇਸ਼ ਲੈ ਕੇ ਸਿੱਪੀ ਵਾਂਗ ਜਿਵੇਂ ਕਿ ਸਿੱਪੀ ਸਮੁੰਦਰ ਪਰ ਭਰਦੀ ਹੈ, ਜਦੋਂ ਸਿੱਪੀ ਵਿਚ ਸ੍ਵਾਂਤੀ ਬੂੰਦ ਪੈ ਜਾਂਦੀ ਹੈ ਤਾਂ ਸਿੱਪੀ ਸ੍ਵਾਂਤੀ ਬੂੰਦ ਨੂੰ ਲੈ ਕੇ ਸਮੁੰਦਰ ਦੀ ਨੀਚੇ ਵਾਲੀ ਤਹਿ ਵਿਚ ਜਾ ਬੈਠਦੀ ਹੈ। ਫਿਰ ਸਿੱਪੀ ਵਿਚ ਮੋਤੀ ਪੈਦਾ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਇਹ ਫਕੀਰ ਵੀ ਸੰਤਾਂ ਦਾ ਉਪਦੇਸ਼ ਲੈ ਕੇ ਸੰਸਾਰ ਸਮੁੰਦਰ ਵਿਚ ਸ਼ਾਂਤ ਹੋ ਕੇ ਚੁਪ ਕਰ ਗਿਆ। ਫਿਰ ਦੀਵਾਨਿਆਂ ਵਾਲੀ ਕ੍ਰਿਆ ਰੱਖ ਕੇ ਸੰਸਾਰ ਵਿਚ ਵਿਚਰਨ ਲੱਗਾ।

ਫਿਰ ਜਦੋਂ ਵੀ ਕਦੇ ਸੰਤ ਲਾਹੌਰ ਗਏ ਇਹ ਫਕੀਰ ਆਪਣੇ ਆਪ ਹੀ ਸੰਤਾਂ ਦੇ ਪਵਿੱਤਰ ਦਰਸ਼ਨ ਕਰਕੇ ਸੰਤਾਂ ਦੇ ਬਚਨ-ਬਿਲਾਸ ਸੁਣਦਾ। ਇਸ ਦੀ ਮੰਜ਼ਲ ਚੌਥੀ ਭੂਮਿਕਾ ਵਿਚ ਭਾਵ ਹਕੀਕਤ ਵਿਚ ਟਿਕ ਕੇ ਆਪਣੀ ਜ਼ਿੰਦਗੀ ਦੇ ਦਿਨ ਪੂਰੇ ਕਰ ਗਿਆ। ਸੰਤ ਬਿਸ਼ਨ ਸਿੰਘ ਜੀ ਦੇ ਪੁੱਛਣ ਤੋਂ ਦਸਿਆ ਕਿ ਸੰਤ ਜੀ ਮੇਰੇ ਵਾਹਿਗੁਰੂ ਜੀ ਨੇ ਪ੍ਰੇਰ ਕੇ ਇਧਰ ਲਿਆਂਦਾ ਹੈ। ਜੇ ਅੱਜ ਅਸੀਂ ਇਥੇ ਨਾ ਆਉਂਦੇ ਅਤੇ ਇਸ ਫਕੀਰ ਨੂੰ ਇਹ ਉਪਦੇਸ਼ ਨਾ ਦੇਂਦੇ ਤਾਂ ਕਲ੍ਹ ਨੂੰ ਮੁਸਲਮਾਨ ਮੁਤੱਸਬੀ ਕਾਜ਼ੀਆਂ ਨੇ ਇਸ ਨੂੰ ਫੜ ਕੇ ਮਰਵਾ ਦੇਣਾ ਸੀ, ਕਾਫਰ ਦਾ ਫਤਵਾ ਲਾ ਕੇ। ਇਸ ਵਾਸਤੇ ਹੀ ਸਾਨੂੰ ਲਾਹੌਰ ਆਉਣਾ ਪਿਆ, ਨਹੀਂ ਤਾਂ ਸਾਡਾ ਕੋਈ ਫੁਰਨਾ ਨਹੀਂ ਸੀ ਲਾਹੌਰ ਆਉਣ ਦਾ। ਹੁਣ ਲਾਹੌਰ ਤੋਂ ਬੱਸ ਚੱਲੀ ਡੇਰੇ ਆ ਗਈ। ਡੇਰੇ ਤੋਂ ਸੰਗਤਾਂ ਆਪੋ ਆਪਣੇ ਘਰਾਂ ਨੂੰ ਚਲੀਆਂ ਗਈਆਂ।

ਬਾਬਾ ਰਾਮ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਹੋਤੀ ਜਾਣਾ

ਵਾਹਿਗੁਰੂ ਨੇ ਇਹ ਜਗਤ ਸਦਾ ਰਹਿਣ ਵਾਲਾ ਨਹੀਂ ਸਾਜਿਆ। ਬ੍ਰਿਖ ਦੀ ਛਾਇਆ ਵਾਂਗ ਬਦਲਦਾ ਰਹਿੰਦਾ ਹੈ। ਭਾਵ ਪ੍ਰਣਾਮੀ ਹੈ। ਜੀਵ ਦੀ ਦਿਸ਼ਾ ਤੱਕੋ, ਪਹਿਲਾਂ ਨਿੰਮਿਆ ਹੈ, ਫਿਰ ਜੰਮਿਆ ਹੈ, ਫਿਰ ਛੋਟੇ ਤੋਂ ਵੱਡਾ ਹੁੰਦਾ ਜਾ ਰਿਹਾ ਹੈ। ਬਾਲਕ ਅਵੱਸਥਾ ਆਈ ਹੈ, ਬਾਲਕ ਅਵੱਸਥਾ ਤੋਂ ਕਿਸ਼ੋਰ ਅਵੱਸਥਾ, ਜੋ ਕਿ ਦਸ ਸਾਲ ਦੀ ਉਮਰ ਤੋਂ ਅਠਾਰਾਂ ਸਾਲਾਂ ਦੀ ਉਮਰ ਤਕ ਹੈ। ਇਸ ਤੋਂ ਉਪਰੰਤ ਯੁਵਾ ਅਵੱਸਥਾ ਆਈ, ਜਿਸ ਵਿਚ ਸਾਰੇ ਕੇਸ ਕਾਲੇ ਤੇ ਚਿਕਨੇ ਬੜੇ ਸੁੰਦਰ ਹੁੰਦੇ ਹਨ। ਫਿਰ ਅੱਧਖੜ ਅਵੱਸਥਾ ਆਈ, ਜਿਸ ਵਿਚ ਚਿੱਟੇ ਕੇਸ ਹੋਣੇ ਸ਼ੁਰੂ ਹੋ ਗਏ। ਗੁਰੂ ਜੀ ਦੀ ਬਾਣੀ ਵਿਚ ਇਨ੍ਹਾਂ ਚਿੱਟੇ ਕੇਸਾਂ ਨੂੰ ਇਉਂ ਕਥਨ ਕੀਤਾ ਹੈ ਕਿ ਇਹ ਧਰਮ ਰਾਜੇ ਦੇ ਦੂਤ ਹਨ: ਭਾਵ, *ਧਰਮ ਰਾਜਾ ਕੇ ਹੰਹੁ ਆਏ।।* ਭਾਵ ਇਹ ਚਿੱਟੇ ਕੇਸ ਪਹਿਲੇ ਜੀਵ ਦੇ ਕੰਨ ਕੋਲ ਆਉਂਦੇ ਹਨ। ਸਿਆਣਿਆਂ ਦਾ ਵਿਚਾਰ ਹੈ ਕਿ ਇਹ ਚਿੱਟੇ ਕੇਸ ਕੰਨ ਕੋਲ ਜੀਵ ਨੂੰ ਸੁਨੇਹਾ ਦਿੰਦੇ ਹਨ ਕਿ ਵਾਹਿਗੁਰੂ ਦਾ ਸਿਮਰਨ ਕਰ ਲੈ। ਹੁਣ ਮੌਤ ਦਾ ਦਿਨ ਨੇੜੇ ਆ ਰਿਹਾ ਹੈ। ਜੈਸਾ ਕਿ :-

ਸੋ ਦਿਨ ਨੇੜੇ ਆਇਓਏ।।.....
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।। *(ਪੰਨਾ ੪੩)*

ਤਥਾ-ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।। *(ਸਿਰੀਰਾਗੁ ਕਬੀਰ ਜੀਉ ਕਾ, ਪੰਨਾ ੯੧)*

ਭਾਵ ਦਿਨ-ਬ-ਦਿਨ ਘਟਦਾ ਜਾ ਰਿਹਾ ਹੈ। ਇਸ ਤੋਂ ਉਪਰੰਤ ਸਾਰੇ ਕੇਸ ਚਿੱਟੇ ਹੋ ਗਏ। *ਭਏ ਕੇਸ ਦੁਧ ਵਾਨੀ।।* ਸਰੀਰ ਵੀ ਘਟਣ ਲੱਗ ਗਿਆ। ਸੋਹਣੇ ਜਿਹੇ ਚਿਹਰੇ ਤੇ ਝੁਰੜੀਆਂ ਪੈਣ ਲਗ ਪਈਆਂ। ਅੱਖਾਂ ਦੀ ਜੋਤ ਘਟ ਗਈ, ਨੇਤਰ ਹੁਣ ਸਰਬ ਦੇ ਹੀ ਰਹਿੰਦੇ ਹਨ। ਕੰਨਾਂ ਤੋਂ ਸੁਨਣੋਂ ਬੰਦ ਹੋ ਗਿਆ। ਬਲਗਮ ਆਦਿਕ ਕਈ ਰੋਗ ਲਗ ਗਏ। ਜੈਸੇ ਕਿ :-

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ।।
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ।। *(ਸੋਰਠਿ ਭੀਖਨ ਜੀ, ਪੰਨਾ ੬੫੯)*

ਤਥਾ- ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ।।
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ।। ੯।।

ਤਥਾ- ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਗੀਣੇ ਕੰਨ।।
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ।। ੧੧।। *(ਪੰਨਾ ੧੩੭੮)*

ਤਥਾ- ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ।।
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ।। ੭੭।। *(ਪੰਨਾ ੧੩੮੧)*

ਭਾਵ- ਸਰੀਰ ਪ੍ਰਣਾਮੀ ਹੋ ਕੇ ਬਦਲ ਗਿਆ। ਅਖੀਰ ਸੋ ਦਿਨ ਮੌਤ ਦਾ ਦਿਨ ਆ ਗਿਆ, ਜੋ ਕਿ ਵਿਧਾਤਾ ਨੇ ਪਹਿਲੇ ਹੀ ਲਿਖ ਰਖਿਆ ਸੀ, ਜੈਸੇ ਕਿ :-

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ।। ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ।।
ਜਿੰਦੁ ਨਿਮਾਣੀ ਕਢੀਐ ਹਡਾ ਕੁ ਕੜਕਾਇ।। ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ।।
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।।
ਅਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ।। *(ਸਲੋਕ ਫਰੀਦ ਜੀ, ਪੰਨਾ ੧੩੭੭)*

ਮਤਲਬ ਤਾਂ ਇਹ ਹੈ ਨਾ :-

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ।। *(ਪੰਨਾ ੪੭੪)*

ਤਥਾ—ਐਸੋ ਇਹੁ ਸੰਸਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ।।
ਸੁਧੇ ਸੁਧੇ ਰੰਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ।। ੧।। ਰਹਾਉ।।
ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ।।
ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ।। ੧।।
ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ।।
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ।। ੨।।
ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ।।
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ।। ੩।।
ਪੁਤ੍ ਕਲਤ੍ ਲਛਿਮੀ ਮਾਇਆ ਇਹੈ ਤਜਹੁ ਜੀਅ ਜਨੀ ਰੇ।।
ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿਹੈ ਸਾਰਿਗਪਾਨੀ ਰੇ।। ੪।। *(ਪੰਨਾ ੮੫੫)*

ਭਾਵ ਕਿ ਕੋਈ ਦੁਨੀਆਂ ਵਿਚ ਰਹਿਣ ਵਾਲਾ ਨਹੀਂ। ਇਸ ਵਾਸਤੇ ਸਾਧੂਆਂ ਦੀ ਸੰਗਤ ਕਰਕੇ ਅਤੇ ਨਾਮ ਜਪ ਕੇ ਤੇ ਸੇਵਾ ਕਰਕੇ ਆਪਣਾ ਜਨਮ ਸਫਲ ਕਰ ਲੈਣਾ ਚਾਹੀਦਾ ਹੈ, ਜਿਸ ਕਰਕੇ ਮਰਨਾ ਦੁਖਦਾਈ ਨਾ ਬਣਿਆ ਰਹੇ, ਮਰਨਾ ਅਨੰਦ ਰੂਪ ਹੋ ਜਾਏ। ਜੈਸੇ ਕਿ ਕਬੀਰ ਜੀ ਦਾ ਕਥਨ ਹੈ :-

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ।। ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।। ੨੨।। *(ਪੰਨਾ ੧੩੬੫)*

ਇਸ ਵਾਸਤੇ ਸਿਆਣੇ ਪੁਰਸ਼ ਬੰਦੇ ਨੂੰ ਸੰਬੋਧਨ ਕਰਦੇ ਹਨ ਕਿ ਮਰਨ ਸਮੇਂ ਤੂੰ ਅਨੰਦ ਵਿਚ ਹੋਵੇਂ ਅਤੇ ਖੁਸ਼ ਹੋਵੇਂ ਤੇ ਦੁਨੀਆਂ ਤੈਨੂੰ ਰੋਂਦੀ ਹੋਵੇ। ਯਥਾ ਕਿ ਸ਼ੇਖ ਸ਼ਾਅਦੀ ਜੀ ਆਖਦੇ ਹਨ :-

ਯਾਦ ਦਾਰੀ ਕੇ ਵਕਤ ਯਾਦਨੇ ਤੂ ਗਰੀਆ ਹਮਾਂ ਖੰਦਾ।। ਆਂ ਕਿ ਵਕਤੇ ਮਰਦਨੇ ਹਮਾ ਗਰੀਆ ਤੂੰ ਖੰਦਾ।।

ਭਾਵ ਕੀ ਜੰਮਣ ਸਮੇਂ ਤੂੰ ਰੋਂਦਾ ਸੀ ਤੇ ਅਸੀਂ ਭਾਵ ਜਗਤ ਤੇਰੇ ਜੰਮੇ ਤੋਂ ਖੁਸ਼ ਹੁੰਦਾ ਸੀ। ਹੁਣ ਮਰਨ ਸਮੇਂ ਐਸਾ ਸਮਾਂ ਬਣਾ ਲੈ ਕਿ ਤੂੰ ਹੱਸਦਾ ਹੋਵੇਂ ਅਸੀਂ ਸਾਰੇ ਤੈਨੂੰ ਰੋਈਏ। ਤੁਲਸੀ ਜੀ ਦਾ ਕਥਨ ਹੈ :-

ਜਬ ਆਏ ਤੁਮ ਜਗਤ ਮੇਂ ਤੁਮ ਰੋਵੋ ਜਗ ਹਸੈ।। ਐਸੀ ਕਰਨੀ ਕਰ ਚਲੋ ਜਗ ਰੋਵੈ ਤੁਮ ਹਸੋ।।

ਭਾਵ ਕੀ ਸਤਿਪੁਰਖ ਇਹ ਕਰਨੀ ਕਰਕੇ ਸੰਸਾਰ ਵਿਚੋਂ ਪ੍ਰਲੋਕ ਗਵਨ ਕਰਦੇ ਹਨ। ਬਾਬਾ ਰਾਮ ਸਿੰਘ ਜੀ ਹੋਤੀ ਮਰਦਾਨ, ਬਾਬਾ ਕਰਮ ਸਿੰਘ ਜੀ ਦੇ ਪਵਿੱਤਰ ਅਸਥਾਨ ਦੇ ਤੀਸਰੇ ਮਹੰਤ ਹੋਏ ਹਨ। ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਅਤੁੱਟ ਸੇਵਾ ਕੀਤੀ ਤੇ ਸਿਮਰਨ ਭਗਤੀ ਕਰਦੇ ਰਹੇ। ਪਹਿਲਾਂ ਸਾਹਿਬ ਮਹਾਰਾਜ ਕਰਮ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਸਨ। ਸਾਹਿਬ ਮਹਾਰਾਜ ਜੀ ਦੀ ਆਗਿਆ ਵਿਚ ਸੇਵਾ ਕਰਦੇ ਰਹੇ। ਫਿਰ ਮਹਾਰਾਜ ਆਇਆ ਸਿੰਘ ਸਾਹਿਬ ਜੀ ਦੇ ਸਮੇਂ ਵੀ ਸੇਵਾ ਕਰਦੇ ਰਹੇ। ਸਾਹਿਬ ਮਹਾਰਾਜ ਆਇਆ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਸੰਗਤਾਂ ਨੇ ਤੇ ਡੇਰੇ ਦੇ ਮੁਖੀਆਂ ਨੇ ਬਾਬਾ ਰਾਮ ਸਿੰਘ ਜੀ ਨੂੰ ਮਹੰਤੀ ਦੀ ਦਸਤਾਰ-ਬੰਦੀ ਕਰਾ ਦਿਤੀ। ਜਿਤਨਾ ਸਮਾਂ ਬਕਾਇਆ ਜ਼ਿੰਦਗੀ ਰਹੀ ਉਤਨਾ ਸਮਾਂ ਜਗਿਆਸੂਆਂ ਨੂੰ ਨਾਮ-ਬਾਣੀ ਦੀ ਦਾਤ ਦੇ ਕੇ ਗੁਰਮਤਿ ਦ੍ਰਿੜ੍ਹਾ ਕਰਕੇ ਕਲਜੁਗ ਦੀ ਤੀਛਨ ਅੱਗ ਤੋਂ ਬਚਾ ਕੇ ਨਿਰੋਲ ਗੁਰਸਿੱਖ ਬਣਾ ਕੇ ਜਨਮ ਸਫਲਾ ਕਰਦੇ ਰਹੇ।

ਜਦੋਂ ਸ੍ਵਾਸਾਂ ਰੂਪੀ ਪੂੰਜੀ ਪੂਰੀ ਹੋ ਗਈ, ਨਾਲ ਹੀ ਪ੍ਰਾਲਬਧ ਕਰਮ ਪੂਰੇ ਕਰ ਲਏ ਤਾਂ ਆਪ ਜੀ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਭਾਵ ਸਰੀਰ ਤਿਆਗਣ ਕਰਕੇ ਸੱਚਖੰਡ ਸਾਹਿਬ ਮਹਾਰਾਜ ਕਰਮ ਸਿੰਘ ਜੀ ਦੀ ਗੋਦ ਜਾ ਬਿਰਾਜੇ। ਆਪ ਜੀ ਦੇ ਮੁਹਰੇ ਪਰ ਖਾਸ ਕਰ ਹੋਤੀ ਮਰਦਾਨ ਦੀ ਸੰਪਰਦਾ ਨੂੰ ਸੱਦੇ ਪੱਤਰ ਭੇਜ ਕੇ ਬੁਲਾਇਆ ਗਿਆ। ਹੋਰ ਵੀ ਨਿਰਮਲੇ ਸੰਤ ਉਦਾਸੀਨ ਭੇਖ ਅਤੇ ਖਟ ਦਰਸ਼ਨ ਸਾਧੂ ਇਕੱਤਰ ਹੋਏ ਅਤੇ ਬੇਅੰਤ ਸ਼ਰਧਾਲੂ ਸਿਦਕੀ ਪ੍ਰੇਮੀ ਨੇਮੀ, ਸਦ ਗ੍ਰਿਹਸਤੀ ਜੋ ਕਿ ਇਸ ਗੱਦੀ ਨੂੰ ਮੰਨਣ ਵਾਲੇ ਸਨ, ਆਏ, ਤੇ ਸ਼ਰਧਾ ਦੇ ਫੁੱਲ, ਮਾਇਆ ਆਦਿਕ ਭੇਟ ਕਰਕੇ ਤੇ ਹੋਰ ਸੇਵਾ ਕਰਕੇ ਆਪਣਾ ਜਨਮ ਸਫਲ ਕਰਨ ਵਾਸਤੇ ਆਏ ਸਨ। ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਨੂੰ ਵੀ ਉਚੇਚਾ ਸੱਦਾ ਦੇ ਕੇ ਬੁਲਾਇਆ ਗਿਆ। ਹਜ਼ੂਰ ਸੱਤ ਭਾਇ ਨਾਲ ਬਾਬਾਂ ਬਿਸ਼ਨ ਸਿੰਘ ਜੀ, ਬਾਬਾ ਦਲੀਪ ਸਿੰਘ ਜੀ, ਬਾਬਾ ਪ੍ਰਦੁਮਨ ਸਿੰਘ ਜੀ ਦੇ ਸਮੇਤ ਸਾਰੀ ਮੋਟਰ ਭਰ ਕੇ ਹੋਤੀ ਆਪਣੇ ਗੁਰਦੇਵ ਅਸਥਾਨ ਤੇ ਗਏ। ਗੁਰਦਵਾਰੇ ਨਮਸ਼ਕਾਰ ਕਰਕੇ ਆਸਣ ਲਾਏ। ਫਿਰ ਪ੍ਰਸ਼ਾਦਿ ਪਾਣੀ ਛਕ ਕੇ ਸੰਗਤਾਂ ਆਪਣੇ ਆਸਣਾਂ ਤੇ ਆਰਾਮ ਕਰਨ ਹਿਤ ਬਿਰਾਜ ਗਈਆਂ। ਹਜ਼ੂਰ ਨਦੀ ਤੇ ਜਾ ਕੇ ਸਮਾਧੀ ਇਸਥਿਤ ਰਹੇ। ਤਿੰਨ ਦਿਨ ਇਸੇ ਤਰ੍ਹਾਂ ਬੀਤੇ। ਚੌਥਾ ਦਿਨ ਦਸਤਾਰ-ਬੰਦੀ ਦਾ ਆਇਆ। ਉਸ ਸਮੇਂ ਕੁਝ ਐਸਾ ਮਾਹੌਲ ਬਣਿਆ ਕਿ ਕੁਝ ਸ਼ਰਧਾਲੂ ਸੰਗਤਾਂ ਬਾਬਾ ਸਾਹਿਬ ਸਿੰਘ ਜੀ ਨੂੰ ਦਸਤਾਰ ਦੇਣਾ ਚਾਹੁੰਦੇ ਸਨ। ਸੋ ਸ਼ਰਧਾਲੂ ਬਾਬਾ ਸਾਹਿਬ ਸਿੰਘ ਜੀ ਨੂੰ ਚੱਕੀ ਫਿਰਦੇ ਸਨ। ਕੁਝ ਸ਼ਰਧਾਵਾਨ ਬਾਬਾ ਮਾਝਾ ਸਿੰਘ ਜੀ ਨੂੰ ਮਹੰਤ ਬਨਾਉਣਾ ਚਾਹੁੰਦੇ ਸਨ। ਸੋ ਸ਼ਰਧਾਲੂ ਬਾਬਾ ਮਾਝਾ ਸਿੰਘ ਜੀ ਨੂੰ ਚੱਕੀ ਫਿਰਦੇ ਸਨ। ਕੁਝ ਸਮਾਂ ਇਸੇ ਤਰ੍ਹਾਂ ਹੀ ਲੰਘਿਆ। ਫਿਰ ਸਿਆਣੇ ਗੁਰਮੁਖਾਂ ਨੇ ਮਸਲਨ ਬਾਬਾ ਜਵਾਲਾ ਸਿੰਘ ਜੀ ਤੇ ਹੋਰ ਸੰਪਰਦਾ ਦੇ ਮਹਾਂਪੁਰਸ਼ਾਂ ਨੇ ਮਿਲ ਕੇ ਇਸ ਮਾਹੌਲ ਨੂੰ ਸ਼ਾਂਤ ਕੀਤਾ। ਫਿਰ ਬਾਬਾ ਸਾਹਿਬ ਜੀ ਦੀ ਸਲਾਹ ਨਾਲ ਤੇ ਆਗਿਆ ਅਨੁਸਾਰ ਬਾਬਾ ਮਾਝਾ ਸਿੰਘ ਜੀ ਨੂੰ ਮਹੰਤੀ ਦੀ ਦਸਤਾਰ-ਬੰਦੀ ਕੀਤੀ ਗਈ। ਦਸਤਾਰ-ਬੰਦੀ ਤੋਂ ਦੂਸਰੇ ਦਿਨ ਸੰਤ ਮਹਾਰਾਜ ਆਪਣੀ ਬੱਸ ਲੈ ਕੇ ਡੇਰੇ ਆ ਗਏ। ਇਤੀ।

ਬਾਬਾ ਮੇਹਰ ਸਿੰਘ ਜੀ ਜੋਗੀ ਜਨਾਂ ਦਾ ਖਿੜ ਖਿੜਾ ਕੇ ਖੁਸ਼ ਹੋਣਾ

ਇਕ ਸਮਾਂ ਸੀ ਜਦੋਂ ਇਸ ਡੇਰੇ ਵਿਚ ਪੰਜ ਪੂਰਨ ਪੁਰਸ਼ ਪੂਰਨ ਬ੍ਰਹਮ-ਗਿਆਨੀਆਂ ਦੀ ਰਿਹਾਇਸ਼ ਸੀ।

ਸਤਿਗੁਰੂ ਜੀ ਦੀ ਬਾਣੀ ਵਿਚ ਅਟੱਲ ਹੁਕਮ ਹੈ ਕਿ ਜਿਸ ਧਰਤੀ ਤੇ ਪੂਰਨ ਪੁਰਖ ਆਪਣਾ ਚਰਨ ਰੱਖਦੇ ਹਨ ਸੋ ਧਰਤੀ ਤੀਰਥ ਬਣ ਜਾਂਦੀ ਹੈ ਅਤੇ ਜਿਥੇ ਬੈਠ ਕੇ ਸਿਮਰਨ ਕਰਨ ਸੋ ਬੈਕੁੰਠ ਅਸਥਾਨ ਹੁੰਦਾ ਹੈ। ਯਥਾ ਕਿ :-

ਅਠਸਠਿ ਤੀਰਥ ਜਹ ਸਾਧ ਪਗ ਧਰਹਿ।। ਤਹ ਬੇਕੁੰਠੁ ਜਹ ਨਾਮੁ ਉਚਰਹਿ।। (ਪੰਨਾ ੮੯੦)
ਤਥਾ— ਕਹੁ ਕਬੀਰ ਇਹ ਕਹੀਐ ਕਾਹਿ।। ਸਾਧਸੰਗਤਿ ਬੇਕੁੰਠੈ ਆਹਿ।। (ਪੰਨਾ ੩੨੫)
ਤਥਾ— ਨਾਨਕ ਧੂੜਿ ਪਨੀਤ ਸਾਧ ਲਖ ਕੋਟਿ ਪਿਰਾਗੇ।। (ਗਉੜੀ ਵਾਰ)
ਤਥਾ— ਹਰਿ ਜਨ ਰਾਮ ਰਾਮ ਰਾਮ ਧਿਆਂਏ।। ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਇ।। (ਪੰਨਾ ੧੨੦੮)
ਤਥਾ— ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ।। (ਗੌਂਡ ਮਹਲਾ ੪)

ਸਾਧੂਆਂ ਦੀ ਸੰਗਤ ਨਾਲ ਐਸੇ ਉੱਚੇ ਹੋ ਜਾਈਦਾ ਹੈ, ਜੈਸੇ ਕਿ ਗੁਰਬਾਣੀ ਦਾ ਅਟੱਲ ਹੁਕਮ ਹੈ। ਯਥਾ:-

ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ।।

ਪੂਰਨ ਮਹਾਂਪੁਰਸ਼ਾਂ ਦੀ ਸੰਗਤ ਐਸੇ ਪਾਪਾਂ ਰੂਪੀ ਪਲਾਹ ਨੂੰ ਖਾ ਜਾਂਦੀ ਹੈ, ਜੈਸੇ ਪਲਾਹ ਵਿਚ ਪਿਪਲ ਉਗਿਆ ਹੋਇਆ ਪਲਾਹ ਨੂੰ ਖਤਮ ਕਰਕੇ ਪਿਪਲ ਹੀ ਰਹਿ ਜਾਂਦਾ ਹੈ। ਐਸੇ ਪਾਪੀ ਦੇ ਪਾਪਾਂ ਨੂੰ ਦੂਰ ਕਰਕੇ ਬਕਾਇਆ ਉਸ ਜੀਵ ਨੂੰ ਸੰਤ ਬਣਾ ਦਿੰਦਾ ਹੈ। ਮਹਾਂਪੁਰਸ਼ਾਂ ਦੀ ਸੰਗਤ ਦਾ ਮਹਾਤਮ ਤੁਲਸੀ ਜੀ ਰਮਾਇਣ ਵਿਚ ਲਿਖਦੇ ਹਨ।

ਯਥਾ— ਮਜਨ ਫਲ ਪਿਖੀਐ ਤੱਤ ਕਾਲਾ।। ਕਾਕ ਬਕਹੁ ਪਿਕ ਹੋਇ ਮਰਾਲਾ।।
ਸੁਨ ਅਚਰਜ ਕਰੇ ਜੇ ਕੋਈ।। ਸਤ ਸੰਗਤਿ ਮਹਿਮਾ ਨਹਿ ਸੋਈ।।
ਬਾਲਮੀਕ ਨਾਰਦ ਘਟ ਜੋਨੀ।। ਨਿਜ ਨਿਜ ਕਹੀ ਮੁਖਨ ਨਿਜ ਹੋਨੀ।।
ਸੋ ਜਾਨਤ ਸਤਸੰਗ ਪ੍ਰਭਾਊ।। ਲੋਕਹਿ ਵੇਦ ਨ ਆਨ ਉਪਾਊ।।
ਬਿਨੰਸਤ ਸੰਗ ਵਿਵੇਕ ਨ ਹੋਈ।। ਰਾਮ ਕ੍ਰਿਪਾ ਬਿਨ ਸੁਲਭ ਨ ਸੋਈ।।

ਇਕ ਵਾਰੀ ਨਾਰਦ ਮੁਨੀ ਜੀ ਭਗਵਾਨ ਦੇ ਦਰਸ਼ਨ ਵਾਸਤੇ ਬੈਕੁੰਠ ਧਾਮ ਗਏ, ਪਰ ਭਗਵਾਨ ਜੀ ਦੇ ਦਰਸ਼ਨ ਨਾ ਹੋਏ। ਫਿਰ ਖੀਰ ਨਿਧੀ ਸਮੁੰਦਰ ਵਿਚ ਸ਼ੇਸ਼ ਨਾਗ ਦੀ ਸੇਜਾ ਤੇ ਭਗਵਾਨ ਦੇ ਦਰਸ਼ਨ ਵਾਸਤੇ ਗਏ। ਉਥੇ ਜਾ ਕੇ ਵੀ ਸ਼ੇਸ਼ ਨਾਗ ਦੀ ਸੇਜਾ ਸੁੰਞੀ ਦੇਖੀ, ਦਰਸ਼ਨ ਨਾ ਹੋਏ। ਫਿਰ ਜਗਨ ਨਾਥ ਗਏ। ਪ੍ਰਾਗ ਰਾਜ ਗਏ। ਜਿਥੇ-ਜਿਥੇ ਵੀ ਸ਼ਾਸ਼ਤਰ ਤੇ ਪੁਰਾਣਾਂ ਨੇ ਕਥਨ ਕੀਤਾ ਕਿ ਫਲਾਂ ਜਥ੍ਹਾ ਪਰ ਭਗਵਾਨ ਰਹਿੰਦਾ ਹੈ, ਸਾਰੀਆਂ ਜਗ੍ਹਾਂ ਤੇ ਨਾਰਦ ਜੀ ਭਗਵਾਨ ਦੇ ਦਰਸ਼ਨ ਨੂੰ ਗਏ ਪਰ ਕਿਸੇ ਜਗ੍ਹਾ ਵੀ ਭਗਵਾਨ ਜੀ ਦੇ ਦਰਸ਼ਨ ਨਾਰਦ ਜੀ ਨੂੰ ਨਾ ਹੋਏ। ਅਖੀਰ ਸਾਧੂਆਂ ਦੀ ਸੰਗਤ ਵਿਚ ਗਏ ਜਿਥੇ ਕਿ ਤੱਤ-ਵੇਤਾ ਮਹਾਂਪੁਰਸ਼ ਕਥਾ ਕੀਰਤਨ ਕਰਦੇ ਸਨ। ਆਪ ਵੀ ਨਾਰਦ ਜੀ ਉਨ੍ਹਾਂ ਮਹਾਂਪੁਰਸ਼ਾਂ ਨਾਲ ਮਿਲ ਕੇ ਲੱਗੇ ਕੀਰਤਨ ਕਰਨ। ਜਦੋਂ ਕੀਰਤਨ ਕਰਦੇ-ਕਰਦੇ ਪ੍ਰੇਮ ਵਿਚ ਮਗਨ ਹੋਏ ਤਾਂ ਭਗਵਾਨ ਜੀ ਨੇ ਪ੍ਰਤੱਖ ਹੋ ਕੇ ਨਾਰਦ ਜੀ ਨੂੰ ਦਰਸ਼ਨ ਦਿਤੇ। ਫਿਰ ਨਾਰਦ ਜੀ ਨੇ ਇਕ ਦਮ ਭਗਵਾਨ ਉੱਪਰ ਪ੍ਰਸ਼ਨ ਕੀਤੇ ਕਿ ਭਗਵਾਨ ਮੈਂ ਬੈਕੁੰਠ ਵੀ ਆਪ ਜੀ ਦੇ ਦਰਸ਼ਨ ਨੂੰ ਗਿਆ, ਖੀਰ ਨਿਧੀ ਸਮੁੰਦਰ ਵਿਚ ਵੀ ਗਿਆ, ਜਿਥੇ ਜਿਥੇ ਸ਼ਾਸ਼ਤਰ ਤੇ ਪੁਰਾਣਾਂ ਵਿਚ ਲਿਖਿਆ ਹੈ ਉਨ੍ਹਾਂ ਸਾਰੀਆਂ ਜਗ੍ਹਾਂ ਵਿਚ ਜਾ ਕੇ ਮੈਂ ਤੱਕਿਆ ਪਰ ਆਪ ਜੀ ਕਿਸੇ ਜਗ੍ਹਾ ਵੀ ਨਹੀਂ ਸੀ। ਆਪ ਜੀ ਦਾ ਕੋਈ ਅਸਲ ਟਿਕਾਣਾ ਵੀ ਹੈ ਜਿਥੇ ਜਾ ਕੇ ਕੋਈ ਪ੍ਰੇਮੀ ਆਪ ਜੀ ਦੇ ਦਰਸ਼ਨ ਕਰ ਲੈਣ। ਭਗਵਾਨ ਜੀ ਨੇ ਨਾਰਦ ਮੁਨੀ ਨੂੰ ਉੱਤਰ ਦਿਤਾ ਸੋ ਭਾਈ ਗੁਰਦਾਸ ਜੀ ਨੇ ਆਪਣੇ ਕਬਿਤ ਵਿਚ ਕਥਨ ਕੀਤਾ ਹੈ :-

ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ, ਦਰਸਨ ਸਾਧ ਸੰਗ ਮੇਰੋ ਨਿਜ ਰੂਪ ਹੈ।।
ਸਾਧ ਸੰਗ ਮੇਰੋ ਮਾਤ ਪਿਤਾ ਅਉ ਕੁਟੰਬ ਸਖਾ, ਸਾਧ ਸੰਗ ਮੇਰੋ ਸੁਤ ਸ੍ਰੇਸ਼ਟ ਅਨੂਪ ਹੈ।।
ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ, ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ।।
ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ, ਸਾਧ ਸੰਗ ਸੋਭਾ ਅਤਿ ਉਪਮਾ ਅਉ ਊਪ ਹੈ।। ੩੦੩।।

ਜਿਨ੍ਹਾਂ ਸੰਤਾਂ ਪੂਰਨ ਪੂਰਖਾਂ, ਬ੍ਰਹਮ-ਗਿਆਨੀਆਂ ਦੇ ਗੁਰਬਾਣੀ ਅੰਦਰ ਜੋ ਉੱਚ ਗੁਣ ਕਥਨ ਕੀਤੇ ਹਨ, ਉਨ੍ਹਾਂ ਸੰਤਾਂ ਦੀ ਸੰਗਤ ਵਿਚ ਭਗਵਾਨ ਵੱਸਦਾ ਹੈ ਅਤੇ ਭਗਵਾਨ ਦੇ ਦਰਸ਼ਨ ਹੋ ਜਾਂਦੇ ਹਨ, ਬਲਕਿ ਜਗਿਆਸੂ ਐਸੇ ਸੰਤਾਂ ਦੀ ਸੰਗਤ ਕਰਨ ਵਾਲਾ ਭਗਵਾਨ ਦਾ ਸਰੂਪ ਹੀ ਹੋ ਜਾਂਦਾ ਹੈ, ਜਿਨ੍ਹਾਂ ਗੁਣਾਂ ਨਾਲ ਸੰਤ ਭਰਪੂਰ ਹੁੰਦੇ ਹਨ। ਸੋ ਦਾਸ ਨੀਚੇ ਲਿਖਦਾ ਹੈ:-

ਸੰਤ:- ਆਠ ਪਹਰ ਨਿਕਟਿ ਕਰਿ ਜਾਨੈ।। ਪ੍ਰਭ ਕਾ ਕੀਆ ਮੀਠਾ ਮਾਨੈ।। ਏਕੁ ਨਾਮੁ ਸੰਤਨ ਆਧਾਰੁ।। ਹੋਇ ਰਹੇ ਸਭ ਕੀ ਪਰਾ ਛਾਰੁ।। ੧।। ਸੰਤ ਰਹਤ ਸੁਨਹੁ ਮੇਰੇ ਭਾਈ।। ਉਆ ਕੀ ਮਹਿਮਾ ਕਥਨੁ ਨ ਜਾਈ।। ੧।। ਰਹਾਉ।। ਵਰਤਣਿ ਜਾ ਕੈ ਕੇਵਲ ਨਾਮ।। ਅਨਦ ਰੂਪ ਕੀਰਤਨੁ ਬਿਸ੍ਰਾਮ।। ਮਿਤ੍ਰ ਸਤ੍ਰੂ ਜਾ ਕੈ ਏਕ ਸਮਾਨੈ।। ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ।। ੨।। ਕੋਟਿ ਕੋਟਿ ਅਘ ਕਾਟਨਹਾਰਾ।। ਦੁਖ ਦੂਰਿ ਕਰਨ ਜੀਅ ਕੇ ਦਾਤਾਰਾ।। ਸੂਰਬੀਰ ਬਚਨ ਕੇ ਬਲੀ।। ਕਉਲਾ ਬਪੁਰੀ ਸੰਤੀ ਛਲੀ।। ੩।। ਤਾ ਕਾ ਸੰਗੁ ਬਾਛਹਿ ਸੁਰਦੇਵ।। ਅਮੋਘ ਦਰਸੁ ਸਫਲ ਜਾ ਕੀ ਸੇਵ।। ਕਰ ਜੋੜਿ ਨਾਨਕੁ ਕਰੇ ਅਰਦਾਸਿ।। ਮੋਹਿ ਸੰਤਹ ਟਹਲ ਦੀਜੈ ਗੁਣਤਾਸਿ।। ੪।। (ਆਸਾ ਮਹਲਾ ੫, ਪੰਨਾ ੩੯੨)

ਸਹਣ ਸੀਲ ਸੰਤੰ ਮਿਤ੍ਰਸ੍ਰ ਦੁਰਜਨਹ।। ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ।। ੨੭।। ਸਲੋਕ ਸਹਸਕ੍ਰਿਤੀ।। ਤਥਾ।। ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ।। ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ।। ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ।। ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ।। ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ।। ਪਰ ਨਿੰਦਾ ਨਹ ਸ੍ਰੋਤਿ ਸ੍ਵਣੰ ਆਪੁ ਤ੍ਰਿਗਿ ਸਗਲ ਰੇਣੁਕਹ।।

(ਸਲੋਕ ਸਹਸਕ੍ਰਿਤੀ, ਪੰਨਾ ੧੩੫੬)

ਐਸੇ ਗੁਣਾਂ ਵਾਲੇ ਸੰਤ ਮਹਾਂਪੁਰਸ਼ਾਂ ਦੀ ਸੰਗਤਿ ਜੀਵ ਨੂੰ ਕੀ ਲਾਭ ਦੇਂਦੀ ਹੈ? ਸਤਿਗੁਰੂ ਪੰਚਮ ਪਾਤਿਸ਼ਾਹ ਜੈਤਸਰੀ ਵਾਰ ਅੰਦਰ ਕਥਨ ਕਰਦੇ ਹਨ, ਕਿ ਇਸ ਦੇ ਅੰਤਹਕਰਨ ਅੰਤਰ ਵਿਸ਼ੇ ਵਿਕਾਰਾਂ ਦੀ ਤ੍ਰਿਸ਼ਨਾਂ ਰੂਪੀ ਅਗਨ ਇਸ ਨੂੰ ਸਾੜ ਰਹੀ ਹੈ। ਸੋ ਤ੍ਰਿਸ਼ਨਾਂ ਰੂਪੀ ਅੱਗ ਗੁਰੂ ਨਾਨਕ ਸਾਹਿਬ ਜੀ ਮਾਝ ਵਾਰ ਅੰਦਰ ਕਥਨ ਕਰਦੇ ਹਨ।

ਹੰਸ ਹੰਤੁ ਲੋਭੁ ਕੋਪੁ ਚਾਰੇ ਚਾਰੇ ਨਦੀਆ ਅਗਿ।। ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ।। ੨।। (ਪੰਨਾ ੧੪੭)

ਇਹ ਜੋ ਅੱਗ ਕਿਸੇ ਚੰਦਨ ਨਾਲ ਸ਼ਾਂਤ ਨਹੀਂ ਹੁੰਦੀ। ਚੰਦਰ ਦੇਵਤਾ ਵੀ ਇਸ ਨੂੰ ਸ਼ਾਂਤ ਨਹੀਂ ਕਰ ਸਕਦਾ। ਸਰਦੀ ਦੀ ਰੁੱਤ ਵੀ ਇਨ੍ਹਾਂ ਨੂੰ ਠੰਢਕ ਨਹੀਂ ਪਾ ਸਕਦੀ। ਜੇ ਠੰਢ ਪਾ ਸਕਦੀ ਹੈ ਤਾਂ ਇਕੋ ਇਕ ਸ਼ਾਂਤ ਸਰੂਪ ਮਹਾਂਪੁਰਸ਼ ਦੀ ਸੰਗਤ ਹੀ ਸ਼ਾਂਤੀ ਦੇ ਸਕਦੀ ਹੈ। ਯਥਾ ਕਿ :-

ਨਹ ਸੀਤਲੰ ਚੰਦ੍ ਦੇਵਹ ਨਹ ਸੀਤਲੰ ਬਾਵਨ ਚੰਦਨਹ।।
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਰਜਨਹ।। (ਸਲੋਕ ਸਹਸਕ੍ਰਿਤੀ, ਪੰਨਾ ੧੩੫੭)

ਐਸੇ ਸੰਤਾਂ ਦੀ ਸੰਗਤ ਤੇ ਐਸੇ ਸੰਤਾਂ ਦੀ ਧੂੜੀ ਜੀਵ ਨੂੰ ਕੀ ਕੁਝ ਦੇਂਦੀ ਹੈ। ਯਥਾ ਕਿ :-

ਸੰਤ ਕੀ ਧੂਰਿ ਮਿਟੇ ਅਘ ਕੋਟ।। ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ।। ੧।।
ਸੰਤ ਕਾ ਦਰਸੁ ਪੂਰਨ ਇਸਨਾਨੁ।। ਸੰਤ ਕ੍ਰਿਪਾ ਤੇ ਜਪੀਐ ਨਾਮੁ।। ੧।। ਰਹਾਉ।।
ਸੰਤ ਕੈ ਸੰਗਿ ਮਿਟਿਆ ਅਹੰਕਾਰੁ।। ਦ੍ਰਿਸਟਿ ਆਵੈ ਸਭੁ ਏਕੰਕਾਰੁ।। ੨।।
ਸੰਤ ਸੁਪ੍ਰਸੰਨ ਆਏ ਵਸਿ ਪੰਚਾ।। ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ।। ੩।।
ਕਹੁ ਨਾਨਕ ਜਾ ਕਾ ਪੂਰਨ ਕਰਮ।। ਤਿਸੁ ਭੇਟੇ ਸਾਧੂ ਕੇ ਚਰਨ।। ੪।। (ਗਉੜੀ ਮਹਲਾ ੫, ਪੰਨਾ ੧੮੮)

ਗੱਲ ਕੀ ਬੇਅੰਤ ਸਾਧੂ ਦੀ ਮਹਿਮਾ ਹੈ। ਜਿਸ ਮਹਿਮਾ ਨੂੰ ਵੇਦ ਵੀ ਕਥਨ ਨਹੀਂ ਕਰ ਸਕਦੇ। ਜੈਸੇ ਕਿ ਸੁਖਮਨੀ ਸਾਹਿਬ ਦੀ ਪਉੜੀ ਵਿਚ ਕਥਨ ਕੀਤਾ ਹੈ :-

ਸਾਧ ਕੀ ਮਹਿਮਾ ਬੇਦ ਨ ਜਾਨਹਿ।। ਜੇਤਾ ਸੁਨਹਿ ਤੇਤਾ ਬਖਿਆਨਹਿ।।
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ।। ਸਾਧ ਕੀ ਉਪਮਾ ਰਹੀ ਭਰਪੂਰਿ।।
ਸਾਧ ਕੀ ਸੋਭਾ ਕਾ ਨਾਹੀ ਅੰਤ।। ਸਾਧ ਕੀ ਸੋਭਾ ਸਦਾ ਬੇਅੰਤ।।
ਸਾਧ ਕੀ ਸੋਭਾ ਊਚ ਤੇ ਊਚੀ।। ਸਾਧ ਕੀ ਸੋਭਾ ਮੂਚ ਤੇ ਮੂਚੀ।।
ਸਾਧ ਕੀ ਸੋਭਾ ਸਾਧ ਬਨਿ ਆਈ।। ਨਾਨਕ ਸਾਧ ਪ੍ਰਭ ਭੇਦੁ ਨ ਭਾਈ।। ੮।। ੯।। (ਸੁਖਮਨੀ ਸਾਹਿਬ, ਪੰਨਾ ੨੭੨)

ਸੰਤੁ ਰਾਮ ਮਹਿ ਭੇਦੁ ਨਾ ਜਾਨਹੁ।।

ਸੋ ਐਸੇ ਗੁਣਾਂ ਵਾਲੇ ਅਤੇ ਐਸੇ ਲੱਛਣਾਂ ਵਾਲੇ ਸੰਤ ਉਸ ਸਮੇਂ ਡੇਰੇ ਸੰਤਗੜ੍ਹ ਵਿੱਚ ਰਿਹਾਇਸ਼ ਰੱਖਦੇ ਹਨ- (1) ਸੰਤ ਬਾਬਾ ਕਾਨ੍ਹ ਦਾਸ ਜੀ ਮੰਡੇਰਾਂ ਵਾਲੇ ਜਿਨ੍ਹਾਂ ਦੇ ਵਰ ਦੇ ਬਚਨਾਂ ਦੁਆਰਾ ਸੰਤਾਂ ਦਾ ਜਨਮ ਹੋਇਆ। (2) ਸੰਤ ਬਾਬਾ ਈਸ਼ਰ ਸਿੰਘ ਜੀ ਜਿਨ੍ਹਾਂ ਦੇ ਬਚਨ ਕਹੇ ਹੋਏ ਉਸੀ ਸਮੇਂ ਅਟੱਲ ਹੋ ਜਾਂਦੇ ਸਨ ਅਤੇ ਆਪਣੀ ਦੇਹ ਵਿਚ ਹੁੰਦਿਆਂ ਹੋਇਆਂ ਹੋਰ ਸਰੀਰ ਬਦਲੀ ਕਰ ਜਾਂਦੇ ਹਨ। (3) ਸੰਤ ਬਾਬਾ ਮੇਹਰ ਸਿੰਘ ਜੀ ਪੰਡੋਰੀ ਨਿਜਰਾਂ ਵਾਲੇ ਜੋ ਕਿ ਜੋਗੀ ਜਨ ਸਨ ਜੋਗਾਨੰਦ ਨੂੰ ਮਾਣਦੇ ਸਨ ਤੇ ਬ੍ਰਹਮਾਨੰਦ ਨੂੰ ਵੀ ਮਾਣਦੇ ਸਨ। ਹੋਰ ਮਾਤਾ ਮੰਡੇਰਾਂ ਵਾਲੀ ਪੂਰਨ ਗਿਆਨਵਾਨ ਸਨ। (4) ਬਾਬਾ ਉਦੇ ਸਿੰਘ ਜੀ, ਬਾਬਾ ਬਿਸ਼ਨ ਸਿੰਘ ਜੀ ਨੰਗਲ ਖੁਰਦ। (5) ਆਪ ਹਜ਼ੂਰ ਗਰੀਬ-ਨਿਵਾਜ਼ ਸੰਤ ਮਹਾਰਾਜ ਜਵਾਲਾ ਸਿੰਘ ਜੀ ਨੇ ਇਸ ਧਰਤੀ ਨੂੰ ਨਾਮ ਜਪ ਤਪ ਦੁਆਰਾ ਪਵਿੱਤਰ ਕੀਤਾ। ਇਕ ਦਿਨ ਡੇਰੇ ਵਿਚ ਗੁਰੂ ਕੇ ਲੰਗਰ ਵਿਖੇ ਹੋਤੀ ਮਰਦਾਨ ਜੈਸੇ ਜੱਗ ਹੋਇਆ। ਸੰਤ ਮਹਾਰਾਜ ਜੀ ਨੇ ਅਤੇ ਬਾਬਾ ਮੇਹਰ ਸਿੰਘ ਜੀ ਨੇ ਇਕ ਥਾਲ ਵਿਚ ਜੱਗ ਦਾ ਭੋਜਨ (ਜੋ ਕਿ ਵਾਸਮਤੀ ਲੰਬੇ ਚੌਲਾਂ ਦਾ ਪਲਾਅ ਅਤੇ ਦਹੀਂ) ਛਕਿਆ ਅਤੇ ਸਾਰੀ ਸੰਗਤ ਨੇ ਵੀ ਭੋਜਨ ਛਕਿਆ। ਫਿਰ ਸੰਤ ਤੇ ਬਾਬੇ ਬਿਰਾਜ ਗਏ। ਸ਼ਾਮਾਂ ਹੋ ਗਈਆਂ। ਸੰਧਿਆ ਰਹਰਾਸਿ ਆਰਤੀ ਕਰਕੇ ਕੀਰਤਨ ਹੋਇਆ। ਫਿਰ ਦੀਵਾਨ ਦੀ ਸਮਾਪਤੀ ਹੋਈ। ਉਪਰੰਤ ਗੁਰੂ ਕਾ ਲੰਗਰ ਛਕ ਛਕਾ ਕੇ ਰਾਤ ਨੂੰ ਬਿਰਾਜ ਗਏ। ਸਵਾ ਪਹਿਰ ਰਾਤ ਤੋਂ ਸੰਤਾਂ ਨੇ ਤੇ ਸਾਰੀ ਸੰਗਤ ਨੇ ਸੌਚ ਇਸ਼ਨਾਨ ਕੀਤੇ।

ਮਹਾਂਪੁਰਸ਼ ਬ੍ਰਹਮਾਨੰਦ ਦੀ ਸਮਾਧੀ ਵਿਚ ਇਸਥਿਤ ਹੋ ਬੈਠੇ। ਬਾਬਾ ਮੇਹਰ ਸਿੰਘ ਜੀ ਦਸਮ-ਦੁਆਰ ਦੀ ਸਮਾਧੀ ਵਿਚ ਅਭੇਦ ਹੁੰਦੇ ਹੋਏ ਸੱਚਖੰਡ ਵਾਹਿਗੁਰੂ ਦੀ ਹਜ਼ੂਰੀ ਵਿਚ ਉਥੇ ਜਾ ਕੇ ਬਾਬਾ ਮੇਹਰ ਸਿੰਘ ਜੀ ਨੇ ਕੀ ਤੱਕਿਆ ਕਿ ਮਹਾਰਾਜ ਸੰਤ ਸੀ ਅਕਾਲ ਪੁਰਖ ਦੇ ਸਨਮੁਖ ਬੈਠੇ ਹਨ। ਬਾਬਾ ਮੇਹਰ ਸਿੰਘ ਜੀ ਹੱਥ ਜੋੜ ਕੇ ਖਲੋ ਗਏ ਅਤੇ ਤਕ ਰਹੇ ਹਨ ਕਿ ਅਕਾਲ ਪੁਰਖ ਜੀ ਨੇ ਸੰਤ ਮਹਾਰਾਜ ਜੀ ਨੂੰ ਬਖਸ਼ਿਸ਼ ਦੇ ਭੰਡਾਰੇ ਬਖਸ਼ਿਸ਼ ਕੀਤੇ, ਜਿਥੇ ਦਸੇ ਗੁਰੂ ਵੀ ਹਾਜ਼ਰ ਸਨ ਤੇ ਬਾਬਾ ਸਾਹਿਬ ਸਿੰਘ ਜੀ, ਬਾਬਾ ਬੀਰ ਸਿੰਘ ਜੀ ਸਾਹਿਬ ਮਹਾਰਾਜ, ਕਰਮ ਸਿੰਘ ਜੀ ਤੇ ਸੰਤਾਂ ਦੇ ਗੁਰਦੇਵ ਮਹਾਰਾਜ ਆਇਆ ਸਿੰਘ ਜੀ ਵੀ ਹਾਜ਼ਰ ਸਨ। ਸਾਰਾ ਦ੍ਰਿਸ਼ ਬਾਬਾ ਮੇਹਰ ਸਿੰਘ ਜੀ ਨੇ ਤੱਕਿਆ। ਹੁਣ ਪਹੁ ਫੁਟਾਲਾ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਹਮੇਸ਼ਾਂ ਦੀ ਤਰ੍ਹਾਂ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਇਕੱਤਰ ਹੋਈ ਅਤੇ ਮੁਖਵਾਕ ਸੁਣਿਆ:-

ਗੁਰਿ ਪੂਰੈ ਪੂਰੀ ਕੀਨੀ।। ਬਖਸ ਅਪੁਨੀ ਕਰਿ ਦੀਨੀ।।
ਨਿਤ ਅਨੰਦ ਸੁਖ ਪਾਇਆ।। ਥਾਵ ਸਗਲੇ ਸੁਖੀ ਵਸਾਇਆ।। ੧।।
ਹਰਿ ਕੀ ਭਗਤਿ ਫਲ ਦਾਤੀ।। ਗੁਰਿ ਪੂਰੇ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ।।
ਰਹਾਉ।। ਗੁਰਬਾਣੀ ਗਾਵਹ ਭਾਈ।। ਓਹ ਸਫਲ ਸਦਾ ਸੁਖਦਾਈ।।
ਨਾਨਕ ਨਾਮੁ ਧਿਆਇਆ।। ਪੂਰਬਿ ਲਿਖਿਆ ਪਾਇਆ।। ੨।। (ਸੋਰਠਿ ਮਹਲਾ ੫, ਪੰਨਾ ੬੨੮)

ਇਹ ਮੁਖਵਾਕ ਸੁਣ ਕੇ ਬਾਬਾ ਮੇਹਰ ਸਿੰਘ ਜੀ ਖਿੜ ਖਿੜਾ ਕੇ ਬਹੁਤ ਹੱਸੇ। ਬਾਬਾ ਮੇਹਰ ਸਿੰਘ ਜੀ ਦਾ ਇਹ ਹਾਸਾ ਬੜਾ ਹੈਰਾਨਕੁਨ ਸੀ। ਹਾਸੇ ਸਮੇਂ ਚਿਹਰੇ ਤੇ ਲਾਲੀ, ਅੱਖਾਂ ਵਿਚ ਮਸਤੀ। ਉਸ ਸਮੇਂ ਬਾਬਾ ਮੇਹਰ ਸਿੰਘ ਜੀ ਦੇ ਹੱਥ ਵੀ ਨਾ ਰਹਿ ਸਕੇ। ਹੱਥਾਂ ਨਾਲ ਪਿਆਰ-ਭਰਿਆ ਗਿੱਧਾ ਵੀ ਪਾਇਆ। ਉਸ ਸਮੇਂ ਇਉਂ ਲੱਗਦਾ ਕਿ ਬਾਬਾ

ਮੇਹਰ ਸਿੰਘ ਨਾਚ ਵੀ ਕਰਨਗੇ। ਪਰ ਨਾਚ ਨਹੀਂ ਕੀਤਾ। ਹੋਰ ਸਾਰੀਆਂ ਖੁਸ਼ੀਆਂ ਕੀਤੀਆਂ। ਜਦੋਂ ਸ਼ਾਂਤ-ਚਿੱਤ ਹੋ ਕੇ ਬਾਬਾ ਮੇਹਰ ਸਿੰਘ ਜੀ ਸਮਾਧੀ ਇਸਥਿਤ ਹੋ ਗਏ। ਕਾਫੀ ਦੇਰ ਤਕ ਸਮਾਧੀ ਇਸਥਿਤ ਰਹੇ। ਸੰਗਤ ਵੀ ਉਸੇ ਤਰ੍ਹਾਂ ਰਸ ਵਿਚ ਬੈਠੀ ਰਹੀ। ਜਦੋਂ ਬਾਬਾ ਮੇਹਰ ਸਿੰਘ ਜੀ ਸਮਾਧੀ ਤੋਂ ਉਥਾਨ ਹੋਏ ਭਾਵ ਸਮਾਧੀ ਖੋਲ੍ਹੀ ਤਾਂ ਬਾਬਾ ਜੀ ਦੇ ਨੇਤਰਾਂ ਵਿਚ ਮਸਤੀ ਦੀ ਲਾਲੀ, ਚਿਹਰਾ ਬੜੇ ਜਲਾਲ ਵਿਚ ਤੇ ਚਿਹਰੇ ਤੋਂ ਮਾਲੂੰਮ ਹੁੰਦਾ ਸੀ ਕਿ ਬਾਬਾ ਜੀ ਦੇ ਚਿੱਤ ਵਿਚ ਕੋਈ ਅਨੋਖੀ ਖੁਸ਼ੀ ਸੀ। ਸਾਰੀ ਸੰਗਤ ਨੇ ਇਹ ਕੁਝ ਤੱਕ ਕੇ ਬਾਬਾ ਜੀ ਤੋਂ ਪੁਛਿਆ ਕਿ ਬਾਬਾ ਜੀਉ ਇਤਨੀਆਂ ਖੁਸ਼ੀਆਂ ਦਾ ਕੀ ਕਾਰਨ ਹੈ? ਸਾਨੂੰ ਵੀ ਦੱਸ ਕੇ ਇਨ੍ਹਾਂ ਖੁਸ਼ੀਆਂ ਵਿਚ ਹਿੱਸਾ ਦੇਵੋ, ਤਾਂਕਿ ਅਸੀਂ ਵੀ ਖੁਸ਼ੀਆਂ ਦੇ ਭਾਗੀ ਬਣੀਏ।

ਬਾਬਾ ਮੇਹਰ ਸਿੰਘ ਜੀ: ਸਾਧ ਸੰਗਤ ਜੀਉ ਜੇਕਰ ਆਪ ਜੀ ਦੇ ਸਬੰਧੀ ਜਾਂ ਨਿਜੀ ਮਿਤਰ ਭਰਾ ਨੂੰ ਸਰਕਾਰ ਦੁਆਰਾ ਕੋਈ ਬਖਸ਼ਿਸ਼ ਪ੍ਰਾਪਤ ਹੋ ਜਾਵੇ ਤਾਂ ਫਿਰ ਤੁਸੀਂ ਕਿੰਨੇ ਕੁ ਖੁਸ਼ ਹੁੰਦੇ ਹੋਵੇਗੇ। ***ਸੰਗਤ:*** ਬਾਬਾ ਜੀਉ ਅਸੀਂ ਤਾਂ ਬਹੁਤ ਜ਼ਿਆਦਾ ਖੁਸ਼ ਹੁੰਦੇ ਹਾਂ। ***ਬਾਬਾ ਜੀ:*** ਬੱਸ ਫੇਰ ਇਸ ਤਰ੍ਹਾਂ ਹੀ ਅਸੀਂ ਖੁਸ਼ ਹੋਏ ਹਾਂ। ਖੁਸ਼ੀ ਦਾ ਕਾਰਨ ਇਹ ਹੈ ਕਿ ਅੱਜ ਅਕਾਲ ਪੁਰਖ ਦੀ ਦਰਗਾਹ ਵਿਚੋਂ ਆਪ ਅਕਾਲ ਪੁਰਖ ਨੇ ਮੇਰੇ ਵੀਰ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਨੂੰ ਬਖਸ਼ਿਸ਼ਾਂ ਦਾ ਭੰਡਾਰ ਬਖਸ਼ਿਆ ਹੈ। ਰੂਹਾਨੀਅਤ ਦੀ ਬਾਦਸ਼ਾਹੀ ਬਖਸ਼ਿਸ਼ ਕੀਤੀ ਹੈ। ਜੋ ਵੀ ਮਖਲੂਕਾਤ ਹੈ। ਦੇਵ, ਰਾਖਸ਼, ਨਰ ਜਿਤਨੇ ਵੀ ਅਕਾਸ਼, ਪਤਾਲ ਅਤੇ ਅਕਾਸ਼ਾਂ ਪਤਾਲਾਂ ਵਿਚ ਅਤੇ ਤਿੰਨਾਂ ਲੋਕਾਂ ਵਿਚ ਰਜੋ ਤਮੋ ਸਤੋ ਸ੍ਰਿਸ਼ਟੀ ਵੱਸਦੀ ਹੈ। ਸਾਰਿਆਂ ਦੇ ਪਰਮਾਰਥ ਤੇ ਸੋਇਆਰਥ ਬਾਬਾ ਜਵਾਲਾ ਸਿੰਘ ਜੀ ਦੁਆਰਾ ਮਨਜ਼ੂਰ ਹੋਣਗੇ। ਅੱਗੇ ਸ਼ਰਧਾਲੂ ਲੋਕ ਸੰਤਾਂ ਨੂੰ ਮਹਾਰਾਜ ਜੀ ਆਖਦੇ ਸਨ, ਅੱਜ ਮਹਾਰਾਜ ਦਾ ਪਦ ਸੰਤਾਂ ਨੂੰ ਅਕਾਲ ਪੁਰਖ ਨੇ ਬਖਸ਼ਿਆ ਹੈ। ਇਸ ਵਾਸਤੇ ਹੀ ਜਿਤਨੇ ਦੀਵਾਨੇ ਮਸਤਾਨੇ ਸਾਧੂ ਪਰਮਾਰਥ ਦੀ ਨਿਗ੍ਹਾ ਵਾਲੇ ਸਤਿਕਾਰ ਕਰਦੇ ਸਨ। ਬਾਬਾ ਮੇਹਰ ਸਿੰਘ ਜੀ ਜੋਗੀ ਜੀ ਨੇ ਆਪਣੀ ਦਿੱਬ-ਦ੍ਰਿਸ਼ਟੀ ਨਾਲ ਤੱਕਿਆ। ਵਾਕਿਆਤ ਇਸ ਢੰਗ ਨਾਲ ਸੰਗਤਾਂ ਨੂੰ ਸੁਣਾ ਕੇ ਨਿਹਾਲ ਕੀਤਾ।

ਸੰਤਗੜ੍ਹ ਡੇਰੇ ਤੋਂ ਉਦਾਸ ਹੋਣਾ

ਸੰਨ 1925 ਚੜ੍ਹਿਆ ਹੀ ਸੀ, ਇਕ ਦਿਨ ਮਹਾਰਾਜ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਤੋਂ ਸੌਚ ਇਸ਼ਨਾਨ ਕੀਤੇ। ਫਿਰ ਆਪਣੇ ਆਸਣ ਪਰ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ। ਇਸ ਤੋਂ ਉਪਰੰਤ ਸਤਿ ਚਿੱਤ ਅਨੰਦ ਸਰੂਪ ਬ੍ਰਹਮ ਵਿਚ ਲੀਨ ਹੋ ਕੇ ਸਮਾਧੀ ਇਸਥਿਤ ਹੋ ਗਏ। ਜਦੋਂ ਸੂਰਜ ਦੀਆਂ ਕਿਰਨਾਂ ਸੰਸਾਰ ਉੱਪਰ ਪ੍ਰਗਟ ਹੋਈਆਂ ਅਤੇ ਰੁਸ਼ਨਾਈ ਹੋਈ ਸੰਤਾਂ ਦੇ ਨੇਤਰ ਵੀ ਸਮਾਧੀ ਉਥਾਨ ਹੋ ਕੇ ਕੰਵਲ ਵਾਂਗੂੰ ਖਿੜ ਆਏ। ਹੁਣ ਹਜ਼ੂਰ ਆਪਣੇ ਆਸਣ ਤੋਂ ਉਠੇ, ਜੋੜਾ ਪਾਇਆ ਤੇ ਆਪਣਾ ਗੜਵਾ ਪਾਣੀ ਦਾ ਭਰਿਆ ਚੁਕਿਆ, ਦੂਸਰੇ ਹੱਥ ਆਪਣਾ ਵਾਂਸ ਦਾ ਖੂੰਡਾ ਫੜਿਆ ਅਤੇ ਚਲ ਪਏ। ਜਦੋਂ ਸੰਤ ਸਮਾਧੀ ਵਿਚ ਸਨ ਤਾਂ ਹਰਖੋਵਾਲ ਨਗਰ ਦੇ ਦੋ ਪ੍ਰੇਮੀ ਦਰਸ਼ਨ ਕਰਨ ਹਿਤ ਸੰਤਾਂ ਦੇ ਸਨਮੁਖ ਬੈਠੇ ਸਨ। ਜਦੋਂ ਇਨ੍ਹਾਂ ਦੋਨਾਂ ਨੇ ਸੰਤਾਂ ਨੂੰ ਸ਼ਰਧਾ ਪ੍ਰੇਮ ਸਹਿਤ ਮੱਥਾ ਟੇਕਿਆ ਅਤੇ ਸੰਤਾਂ ਨੂੰ ਬੜੀ ਨਿੰਮਰਤਾ ਸਹਿਤ ਪੁਛਿਆ ਕਿ ਗਰੀਬ-ਨਿਵਾਜ਼ ਜੀਉ, ਅੱਜ ਸਵੇਰੇ ਹੀ ਚਲਣ ਦੀ ਤਿਆਰੀ ਕਿਸ ਪਾਸੇ ਕੀਤੀ ਹੈ? ਸੰਤਾਂ ਦੀ ਰਸਨਾਂ ਤੋਂ ਸਹੀ ਸ਼ਬਦ ਹੀ ਨਿਕਲ ਗਏ ਕਿ ਅੱਜ ਅਸੀਂ ਹਰਖੋਵਾਲ ਤੋਂ ਉਪਰਾਮ ਹੋ ਕੇ ਚੱਲੇ ਹਾਂ। ਇਨ੍ਹਾਂ ਸੱਜਣਾਂ ਨੇ ਪੁਛਿਆ ਕਿ ਹਜ਼ੂਰ ਅੱਜ ਕਿਥੇ ਜਾਉਗੇ? ਸੰਤਾਂ ਨੇ ਠੀਕ ਠੀਕ ਦੱਸ ਦਿਤਾ ਕਿ ਅੱਜ ਅਸੀਂ ਬਿਹਾਲੇ ਜਾਵਾਂਗੇ। ਸੰਤ ਬਿਹਾਲੇ ਵਲ ਨੂੰ ਚਲ ਪਏ ਅਤੇ ਇਹ ਦੋਨੋਂ ਪ੍ਰੇਮੀ ਪਿੰਡ ਹਰਖੋਵਾਲ ਆ ਗਏ। ਦੋਨਾਂ ਨੇ ਬੜੀ ਸਿਆਣਪ ਕੀਤੀ ਤੇ ਇਕ ਦਮ ਹੀ ਸਾਰੇ ਪਿੰਡ ਦੀ ਇਕੱਤਰਤਾ ਕਰ ਲਈ ਅਤੇ ਸਾਰੀ ਪਿੰਡ ਦੀ ਸੰਗਤ ਪਾਸ ਇਹ ਗੱਲ ਖੋਲ੍ਹ ਕੇ ਰੱਖ ਦਿਤੀ ਕਿ ਸੰਤ ਮਹਾਰਾਜ ਅੱਜ ਇਥੋਂ ਉਦਾਸ ਹੋ ਕੇ ਚਲੇ ਗਏ ਹਨ। ਪਰ ਅੱਜ ਬਿਹਾਲੇ ਜਾਣਗੇ। ਸਾਰੀ ਸੰਗਤ ਨੇ ਪਿੰਡ ਦੇ ਗੁਰਦੁਆਰੇ ਬੈਠ ਕੇ ਸਲਾਹ-ਮਸ਼ਵਰਾ ਕੀਤਾ। ਇਹ ਮਤਾ ਪੱਕਾ ਹੋ ਗਿਆ ਕਿ

ਸਿਆਣੇ-ਸਿਆਣੇ ਬੰਦੇ ਜਾਓ ਤੇ ਸੰਤਾਂ ਨੂੰ ਵਾਪਸ ਡੇਰੇ ਲੈ ਕੇ ਆਓ।

ਹੁਣ ਪਿੰਡ ਹਰਖੋਵਾਲ ਦੇ ਦਸ ਮੁਖੀ ਸੱਜਣ ਉਸੀ ਵਕਤ ਤਿਆਰ ਹੋ ਕੇ ਬਿਹਾਲੇ ਨੂੰ ਚਲ ਪਏ, ਜਿਨ੍ਹਾਂ ਵਿਚ ਗਿਆਨੀ ਵਰਿਆਮ ਸਿੰਘ ਜੀ ਰਾਮਗੜ੍ਹੀਆ, ਬਾਬਾ ਮਈਆ ਸਿੰਘ ਜੀ ਰਮਗੜ੍ਹੀਆ, ਸ੍: ਕਰਮ ਸਿੰਘ ਨੈਬ ਸੂਬੇਦਾਰ, ਹੋਰ ਸ੍: ਲੱਖਾ ਸਿੰਘ ਜੀ ਸ੍: ਭੁਲਾ ਸਿੰਘ ਜੀ ਤੇ ਪੰਜ ਸਰੀਰ ਹੋਰ ਸਨ। ਇਹ ਦਸੇ ਸਰੀਰ ਵੀ ਬਿਹਾਲੇ ਬਾਬਾ ਹਰੀ ਸਿੰਘ ਜੀ ਦੇ ਗੁਰਦਵਾਰੇ ਤਪੱਸਗਾਹ ਵਿਚ ਪਹੁੰਚ ਗਏ। ਅੱਗੇ ਸੰਤ ਮਹਾਰਾਜ ਇਕ ਅੰਬ ਦੇ ਹੇਠ ਮੰਜਾ ਡਾਹ ਕੇ ਲੰਮੇ ਪਏ ਸਨ। ਇਨ੍ਹਾਂ ਸਾਰੇ ਸੱਜਣਾਂ ਨੂੰ ਤੱਕ ਕੇ ਸੰਤ ਉਠ ਬੈਠੇ ਅਤੇ ਮੁਸਕੜੀਏ ਹੱਸ ਪਏ। ਇਨ੍ਹਾਂ ਦਸਾਂ ਨੇ ਜਾ ਕੇ ਨਮਸ਼ਕਾਰ ਕੀਤੀ ਅਤੇ ਬੜੀ ਸ਼ਰਧਾ ਨਾਲ ਹੱਥ ਜੋੜ ਕੇ ਬੈਠ ਗਏ। ਸੰਤਾਂ ਨੇ ਲਾਂਗਰੀ ਨੂੰ ਹੁਕਮ ਦਿਤਾ ਕਿ ਲੰਗਰ ਤਿਆਰ ਕਰੋ। ਲਾਂਗਰੀ ਲੰਗਰ ਤਿਆਰ ਕਰਨ ਲਗ ਪਿਆ।

ਹੁਣ ਇਨ੍ਹਾਂ ਦਸਾਂ ਦੀ ਸੰਤਾਂ ਨਾਲ ਗੱਲ-ਬਾਤ ਸ਼ੁਰੂ ਹੋਈ। ਗਿਆਨੀ ਵਰਿਆਮ ਸਿੰਘ ਜੀ ਗੱਲ-ਬਾਤ ਕਰਨ ਦੇ ਮੁਖੀ ਸਨ। ਸੰਤਾਂ ਨੇ ਆਖਿਆ, ਆਓ ਭਾਈ ਸਿਖੋ ਤੁਸੀਂ ਕਿਵੇਂ ਆਏ ਹੋ? ਗਿਆਨੀ ਵਰਿਆਮ ਸਿੰਘ ਜੀ ਨੇ ਉੱਤਰ ਦਿਤਾ ਕਿ ਹਜ਼ੂਰ ਹਰਖੋਵਾਲ ਤੋਂ ਆਪ ਜੀ ਕਿਸ ਕਾਰਨ ਉਦਾਸ ਹੋ ਕੇ ਆਏ ਹੋ? ਸਾਡੇ ਪਿੰਡ ਦੇ ਕਿਸੇ ਬੰਦੇ ਨੇ ਆਪ ਜੀ ਦੀ ਸ਼ਾਨ ਦੇ ਖਿਲਾਫ ਕੋਈ ਬਚਨ ਕਹੇ ਜਾਂ ਆਪ ਜੀ ਦੇ ਅਸਥਾਨ ਦੀ ਕੋਈ ਬੇਅਦਬੀ ਕੀਤੀ ਜਾਂ ਸਾਡੇ ਤੋਂ ਆਪ ਜੀ ਦੀ ਸੇਵਾ ਵਿਚ ਕੋਈ ਕੁਤਾਈ ਹੋਈ ਹੈ? ਸਾਡੇ ਕੋਲੋਂ ਕੋਈ ਵੀ ਭੁਲ ਜਾਂ ਗੁਨਾਹ ਹੋਇਆ ਹੈ, ਆਪ ਲੋਕ ਬਖਸ਼ਿੰਦ ਹੋ, ਸਾਡੇ ਪਿੰਡ ਨੂੰ ਬਖਸ਼ੋ ਅਤੇ ਆਪ ਉਪਰਾਮ ਹੋ ਕੇ ਸਾਨੂੰ ਛੱਡ ਕੇ ਨਾ ਜਾਓ। ਸੰਤਾਂ ਨੇ ਕਿਹਾ ਕਿ ਅਸੀਂ ਤੁਹਾਡੇ ਲੋਕਾਂ ਦੇ ਸੱਦੇ ਹੋਏ ਉਸ ਜਗ੍ਹਾ ਨਹੀਂ ਆਏ, ਨਾ ਹੀ ਸਾਨੂੰ ਕੋਈ ਤੁਹਾਡੇ ਵਿਚੋਂ ਪ੍ਰੇਰ ਕੇ ਲੈ ਆਇਆ ਹੈ। ਅਸੀਂ ਵਾਹਿਗੁਰੂ ਦੇ ਹੁਕਮ ਨਾਲ ਉਥੋਂ ਆਏ ਹਾਂ, ਹੁਣ ਸਾਨੂੰ ਅਕਾਲ ਪੁਰਖ ਦਾ ਹੁਕਮ ਹੋਇਆ ਹੈ ਕਿ ਤੁਸੀਂ ਇਕ ਜਗ੍ਹਾ ਬੈਠ ਕੇ ਜ਼ਿੰਦਗੀ ਬਤੀਤ ਕਰਨ ਲਈ ਸੰਸਾਰ ਵਿਚ ਨਹੀਂ ਆਏ। ਤੁਹਾਨੂੰ ਅਸੀਂ ਸੰਸਾਰ ਵਿਚ ਜੀਵਾਂ ਨੂੰ ਗੁਰੂ ਨਾਨਕ ਸਾਹਿਬ ਦੀ ਸਿੱਖੀ ਵਿਚ ਲਾਉਣ ਵਾਸਤੇ ਭੇਜਿਆ ਹੈ। ਇਸ ਵਾਸਤੇ ਵਿਚਰ ਕੇ ਨਾਮ ਬਾਣੀ ਦਾ ਪ੍ਰਚਾਰ ਕਰਕੇ ਕਲਜੁਗ ਦੀ ਭਿਆਨਕ ਕ੍ਰਿਆ ਤੋਂ ਬਚਾਉਣਾ ਹੈ। ਅਸੀਂ ਜਮਾਂ ਹੀ ਡੇਰੇ ਛੱਡ ਕੇ ਨਹੀਂ ਚੱਲੇ, ਡੇਰਾ ਸਾਡੀ ਨਿਗਰਾਨੀ ਵਿਚ ਹੀ ਚਲੇਗਾ। ਵੀਹਾਂ ਦਿਨਾਂ ਬਾਅਦ ਜਾਂ ਮਹੀਨੇ ਬਾਅਦ ਜਾਂ ਦੋ ਚਾਰ ਮਹੀਨੇ ਬਾਅਦ ਅਸੀਂ ਡੇਰੇ ਆ ਕੇ ਦੇਖ-ਭਾਲ ਕਰ ਜਾਇਆ ਕਰਾਂਗੇ। ਜੋ ਕੁਝ ਨੁਕਸ ਦੇਖਾਂਗੇ ਕੱਢ ਜਾਇਆ ਕਰਾਂਗੇ। ਜਿਸ ਚੀਜ਼ ਦੀ ਕਮੀ ਦੇਖਾਂਗੇ, ਪੂਰੀ ਕਰ ਜਾਇਆ ਕਰਾਂਗੇ। ਡੇਰੇ ਰਹਿਣ ਵਾਲੇ ਜਗਿਆਸੂਆਂ ਦੇ ਪਰਮਾਰਥ ਦੀ ਦੇਖ-ਭਾਲ ਕਰ ਜਾਇਆ ਕਰਾਂਗੇ। ਜਗਿਆਸੂਆਂ ਦੇ ਪਰਮਾਰਥ ਵਿਚ ਜੋ ਰੁਕਾਵਟ ਜਾਂ ਸੰਸਾ ਹੋਵੇਗਾ ਦੂਰ ਕਰ ਜਾਇਆ ਕਰਾਂਗੇ। ਹੋਰ ਆਪ ਜੀ ਦੇ ਪਿੰਡ ਦਾ ਕੋਈ ਕਸੂਰ ਤਕ ਕੇ ਨਹੀਂ ਆਏ, ਅਸੀਂ ਅਕਾਲ ਪੁਰਖ ਦੇ ਹੁਕਮ ਵਿਚ ਹੀ ਆਪਣੀ ਜ਼ਿੰਦਗੀ ਬਤੀਤ ਕਰਨੀ ਹੈ। ਹੁਣ ਸਾਨੂੰ ਅਕਾਲ ਪੁਰਖ ਦਾ ਇਹੀ ਹੁਕਮ ਹੈ, ਜੋ ਤੁਹਾਨੂੰ ਸਾਰਾ ਖੋਲ੍ਹ ਕੇ ਦੱਸ ਦਿੱਤਾ ਹੈ। ਤੁਸੀਂ ਹੋਰ ਕਿਸੇ ਕਿਸਮ ਦੀ ਸ਼ੰਕਾ ਨਾ ਕਰੋ। ਇਤਨੇ ਨੂੰ ਲਾਂਗਰੀ ਨੇ ਪ੍ਰਸ਼ਾਦਾ ਤਿਆਰ ਕਰ ਲਿਆ। ਇਨ੍ਹਾਂ ਦਸਾਂ ਸਿੰਘਾਂ ਨੂੰ ਛਕਾਇਆ। ਸੰਤਾਂ ਨੇ ਆਪ ਵੀ ਭੋਜਨ ਛਕਿਆ। ਸੰਤਾਂ ਨੇ ਇਨ੍ਹਾਂ ਸਿੰਘਾਂ ਨੂੰ ਹੁਕਮ ਕੀਤਾ ਕਿ ਤੁਸੀਂ ਅਰਾਮ ਕਰ ਲਵੋ। ਸੰਤ ਆਪ ਵੀ ਅਰਾਮ ਕਰਨ ਵਾਸਤੇ ਮੰਜੇ ਤੇ ਬਿਰਾਜ ਗਏ। ਨੌਂ ਸਿੱਖ ਹਰਖੋਵਾਲੀਏ ਇਕ ਮੰਜੇ ਦੀ ਛਾਇਆ ਹੇਠ ਬਿਰਾਜ ਗਏ। ਦੂਸਰੇ ਅੰਬ ਦੀ ਛਾਇਆ ਹੇਠ ਸੰਤਾਂ ਦਾ ਪਲੰਘ ਡਾਹਿਆ ਹੋਇਆ ਸੀ, ਉਸ ਤੇ ਸੰਤ ਬਿਰਾਜ ਗਏ। ਗਿਆਨੀ ਵਰਿਆਮ ਸਿੰਘ ਸੰਤਾਂ ਦੇ ਚਰਨਾਂ ਵਲ ਬੈਠ ਗਿਆ। ਗਿਆਨੀ ਜੀ ਨੂੰ ਜਦੋਂ ਦਸ ਕੁ ਮਿੰਟ ਬੈਠਿਆਂ ਨੂੰ ਹੋਏ ਤਾਂ ਗਿਆਨੀ ਜੀ ਦੀ ਨਿਗ੍ਹਾ ਸੰਤਾਂ ਦੇ ਸੱਜੇ ਚਰਨ ਤੇ ਪਈ ਤਾਂ ਚਰਨਾਂ ਦੀ ਰੇਖਾ ਨੂੰ ਤੱਕ ਕੇ ਬਹੁਤ ਹੈਰਾਨ ਹੋਇਆ, ਹੁਣ ਗਿਆਨੀ ਉਠ ਕੇ ਸੰਤਾਂ ਦੇ ਚਰਨਾਂ ਦੇ ਬਿਲਕੁਲ ਨੇੜੇ ਆ ਗਿਆ। ਨੇੜੇ ਆ ਕੇ ਆਪਣੇ ਜੋਤਸ਼ ਤਜਰਬੇ ਨਾਲ ਠੀਕ-ਠੀਕ ਨਿਸ਼ਚੇ ਕਰ ਲਿਆ ਕਿ ਸੰਤ ਮਹਾਰਾਜ ਜੀ ਦੇ ਸੱਜੇ ਚਰਨ ਪਦਮ ਰੇਖਾ ਹੈ ਤਾਂ ਗਿਆਨੀ ਜੀ ਨੇ ਉਸ ਚਰਨ ਨਾਲ ਆਪਣਾ ਮਸਤਕ ਲਾ ਕੇ ਆਪਣੇ ਆਪ ਨੂੰ ਵਡਭਾਗੀ ਸਮਝਿਆ। ਫਿਰ

ਦੁਬਾਰਾ, ਸ਼ਰਧਾ ਸਿਦਕ ਤੇ ਪ੍ਰੇਮ ਧਾਰ ਕੇ ਆਪਣੇ ਮੁਖ ਨਾਲ ਚੁੰਮਿਆ।

ਗਿਆਨੀ ਜੀ ਦੱਸਦੇ ਸਨ ਕਿ ਜਦੋਂ ਦਾਸ ਨੇ ਚੁੰਮਿਆ ਤਾਂ ਗਿਆਨੀ ਜੀ ਦੀ ਵਿਰਤੀ ਦਾ ਹੋਰ ਹੀ ਠਾਠ ਬੱਝ ਗਿਆ। ਜੋ ਉਸ ਸਮੇਂ ਉਸ ਦੇ ਚੁੰਮਣ ਵਿਚ ਅਨੰਦ ਆਇਆ, ਸੋ ਕਦੇ ਵੀ ਸਾਰੀ ਉਮਰਾਂ ਵਿਚੋਂ ਸਿਮਰਨ ਤੋਂ ਨਹੀਂ ਆਇਆ ਸੀ। ਏਨੀ ਇਕਾਗਰਤਾ ਹੋ ਗਈ ਕਿ ਆਪਣੇ ਆਪ ਦੀ ਹੋਂਦ ਹੀ ਭੁੱਲ ਗਈ। ਹੁਣ ਦਾਸ ਉਸ ਪਦਮ ਵਾਲੇ ਚਰਨ ਨੂੰ ਚੁੰਮੀ ਜਾਂਦਾ ਹੈ। ਇੰਨੇ ਨੂੰ ਮੇਰੀ ਇਹ ਕ੍ਰਿਆ ਦੇਖ ਕੇ ਤੇ ਸਮਝ ਕੇ ਸੰਤ ਮਹਾਰਾਜ ਵੀ ਉਠ ਬੈਠੇ ਤੇ ਗਿਆਨੀ ਜੀ ਨੂੰ ਪੁੱਛਣ ਲੱਗੇ ਕਿ ਵਰਿਆਮ ਸਿੰਘ ਜੀ ਕੀ ਗੱਲ ਹੈ? ਤਾਂ ਗਿਆਨੀ ਜੀ ਨੇ ਬੜੀ ਨਿੰਮਰਤਾ ਨਾਲ ਹੱਥ ਜੋੜ ਕੇ ਕਿਹਾ, ਮਹਾਰਾਜ ਜੀਉ, ਮੈਂ ਤੇ ਸਾਰੇ ਲੋਕ ਆਪ ਜੀ ਤੋਂ ਭੁੱਲੇ ਹੀ ਰਹੇ ਹਾਂ। ਅਸੀਂ ਸਾਰੇ ਲੋਕ ਆਪ ਜੀ ਨੂੰ ਆਮ ਸੰਤਾਂ ਵਾਂਗ ਸੰਤ ਹੀ ਸਮਝਦੇ ਰਹੇ ਹਾਂ। ਪਰ ਅੱਜ ਤਾਂ ਆਪ ਦੇ ਚਰਨਾਂ ਵਿਚ ਪਦਮ ਤੱਕ ਕੇ ਬਹੁਤ ਹੈਰਾਨ ਹੋਇਆ ਹਾਂ ਅਤੇ ਨਿਸ਼ਚੇ ਕਰ ਲਿਆ ਹੈ ਕਿ ਆਪ ਅਕਾਲ ਪੁਰਖ ਨਿਰੰਕਾਰ ਸਤਿਗੁਰੂ ਨਾਨਕ ਦੇਵ ਜੀ ਦੇ ਭੇਜੇ ਹੋਏ ਉਨ੍ਹਾਂ ਦਾ ਹੀ ਸੰਤ ਸਰੂਪ ਅਵਤਾਰ ਧਾਰ ਕੇ ਕਲਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਆਏ ਹੋ। ਸੰਤ ਜੀ ਮਹਾਰਾਜ ਨੇ ਗਿਆਨੀ ਜੀ ਨੂੰ ਪੁਛਿਆ ਕਿ ਵਿਦਿਆ ਤੁਸੀਂ ਕਿਥੋਂ ਪ੍ਰਾਪਤ ਕੀਤੀ ਹੈ? ***ਗਿਆਨੀ ਜੀ***— ਹਜ਼ੂਰ ਦਾਸ ਨੇ ਰਾਵਲਪਿੰਡੀ ਰਹਿੰਦਿਆਂ ਜਦੋਂ ਕਿ ਰਾਵਲਪਿੰਡੀ ਦਾਸ ਲੱਕੜੀ ਦਾ ਕੰਮ ਕਰਦਾ ਸੀ, ਇਹ ਜੋਤਸ਼-ਵਿਦਿਆ ਸਿੱਖੀ ਹੈ। ਦਾਸ ਨੇ ਇਕ ਕਸ਼ਮੀਰੀ ਜੋਤਸ਼ ਵਿਦਿਆ ਨੂੰ ਉਸਤਾਦ ਮੰਨ ਕੇ ਇਹ ਸਿੱਖੀ। ਤਾਂ ਸੰਤਾਂ ਨੇ ਕਿਹਾ ਕਿ ਪਦਮ ਦਾ ਕੀ ਗੁਣ ਹੁੰਦਾ ਹੈ ਅਤੇ ਪਦਮ ਇਕ ਤਰ੍ਹਾਂ ਦਾ ਹੀ ਹੁੰਦਾ ਜਾਂ ਹੋਰ ਕਿਸਮ ਦੇ ਵੀ ਪਦਮ ਹੁੰਦੇ ਹਨ? ਜੇ ਹੋਰ ਕਿਸਮ ਦੇ ਪਦਮ ਹੁੰਦੇ ਹਨ ਉਨ੍ਹਾਂ ਦਾ ਕੀ ਗੁਣ ਹੈ ਅਤੇ ਕੀ ਕੀ ਸਰੂਪ ਹੈ? ਪਦਮ ਦੇ ਛੇ ਲੱਛਣ ਹਨ, ਸੋ ਭਿੰਨ-ਭਿੰਨ ਕਰਕੇ ਦੱਸਦਾ ਹਾਂ। (1) ਅੱਡੀ ਤੋਂ ਲੈ ਕੇ ਅੰਗੂਠੇ ਦੇ ਸਿਰੇ ਤਕ ਡੂੰਘੀ ਤੇ ਚੌੜੀ ਸਿੱਧੀ ਰੇਖਾ ਹੁੰਦੀ ਹੈ। ਸੱਜੇ ਖੱਬੇ ਦੀਆਂ ਰੇਖਾ ਉਸ ਨੂੰ ਕੱਟਦੀਆਂ ਨਹੀਂ ਤੇ ਹਨੇਰੇ ਵਿਚ ਉਸ ਤੋਂ ਕੁਝ ਚਮਕ ਵੀ ਪੈਦਾ ਹੁੰਦੀ ਹੈ। ਜਿਸ ਮਹਾਂਪੁਰਸ਼ ਦੇ ਇਹ ਰੇਖਾ ਹੋਵੇ ਉਸ ਨੂੰ ਉਤਮ ਮਹਾਂਪੁਰਸ਼ ਆਖਿਆ ਜਾਂਦਾ ਹੈ। ਉਸ ਦੇ ਨਜ਼ਦੀਕ ਇਸਤਰੀ ਸਪਰਸ਼ ਕਰਨ ਵਾਸਤੇ ਨਹੀਂ ਜਾ ਸਕਦੀ। ਉਸ ਮਹਾਂਪੁਰਸ਼ ਤੋਂ ਬਹੁਤ ਡੈ ਮੰਨਦੀ ਹੈ ਅਤੇ ਉਸ ਮਹਾਂਪੁਰਸ਼ ਨੂੰ ਇਸਤਰੀ ਸਪਰਸ਼ ਕਰਨ ਦਾ ਫੁਰਨਾ ਨਹੀਂ ਫੁਰਦਾ। ਤਾਂ ਜ਼ਿੰਦਗੀ ਵਿਚ ਇਸਤਰੀ ਸਪਰਸ਼ ਨਹੀਂ ਕਰਦਾ। ਜਤੀਆਂ ਦਾ ਸ਼ੋ੍ਮਣੀ ਜਤੀ ਹੁੰਦਾ ਹੈ।

ਸੋ ਸ਼ਾਸਤਰ ਨੇ ਅੱਠ ਤਰ੍ਹਾਂ ਦਾ ਭੋਗ ਕਥਨ ਕੀਤਾ ਹੈ ਅਤੇ ਅੱਠਾਂ ਵਿਚੋਂ ਤਿੰਨ ਵਿਸ਼ੇਸ਼ ਭੋਗ ਮੰਨੇ ਹਨ। ਨੇਤਰ ਭੋਗ, ਮਨ ਸੰਕਲਪ ਭੋਗ, ਸਰੀਰ ਸਪਰਸ਼ ਭੋਗ, ਇਨ੍ਹਾਂ ਭੋਗਾਂ ਦਾ ਕਦੇ ਸੰਕਲਪ ਨਹੀਂ ਹੁੰਦਾ। ਜੋ ਸੁਰਸਤੀ ਸ਼ਕਤੀ ਹੈ, ਉਸ ਮਹਾਂਪੁਰਸ਼ ਦੀ ਰਸਨਾ ਪਰ ਨਿਵਾਸ ਰੱਖਦੀ ਹੈ। ਜੋ ਵੀ ਰਸਨਾ ਤੋਂ ਬਚਨ ਨਿਕਲੇ ਸੋ ਅਮਿੱਟ ਹੁੰਦਾ ਹੈ ਅਤੇ ਚਾਰ ਵੇਦ ਖਟ ਸ਼ਾਸਤਰ ਪੁਰਾਣੇ ਸਭ ਸਿਧਾਂਤ ਉਸ ਦੀ ਰਸਨਾ ਪਰ ਨਿਵਾਸ ਰੱਖਦੇ ਹਨ ਅਤੇ ਦੁਨੀਆਂ ਵਿਚ ਚੱਕਰਵਰਤੀ ਹੁੰਦਾ ਹੈ, ਜਿਥੇ ਜਾਵੇ ਉਥੇ ਹੀ ਮਾਨ ਸਤਿਕਾਰ ਪਾਉਂਦਾ ਹੈ। ਹੋਰ ਸਾਰੀਆਂ ਰਿੱਧੀਆਂ ਸਿੱਧੀਆਂ ਉਸ ਮਹਾਂਪੁਰਸ਼ ਦੇ ਸਨਮੁਖ ਖੜੀਆਂ ਰਹਿੰਦੀਆਂ ਹਨ। ਜੋ ਮਾਇਆ ਹੈ ਸੋ ਚਰਨਾਂ ਵਿਚ ਨਿਵਾਸ ਰੱਖਦੀ ਹੈ। ਇਹ ਪਦਮ ਆਪ ਜੀ ਦੇ ਚਰਨਾਂ ਵਿਚ ਹੈ। ਇਸੇ ਵਾਸਤੇ ਸਾਰੇ ਗੁਣ ਆਪ ਜੀ ਵਿਚ ਘਟਦੇ ਹਨ। (2) ਇਹ ਰੇਖਾ ਥੋੜੀ ਹੁੰਦੀ ਹੈ ਤੇ ਥੋੜੀ ਚਮਕ ਹੁੰਦੀ ਹੈ, ਪਹਿਲੀ ਰੇਖਾ ਨਾਲੋਂ ਇਸ ਦੇ ਗੁਣ ਕੁਝ ਘੱਟ ਹੁੰਦੇ ਹਨ। ਇਹ ਰੇਖਾ ਵਾਲਾ ਇਸਤਰੀ ਦੀ ਖਾਹਿਸ਼ ਰੱਖਦਾ ਹੈ ਅਤੇ ਚੱਕਰਵਰਤੀ ਰਾਜਾ ਹੁੰਦਾ ਹੈ। ਉਸ ਉਪਰ ਹੋਰ ਕਿਸੇ ਦਾ ਹੁਕਮ ਹਾਸਲ ਨਹੀਂ ਹੁੰਦਾ। ਜਗਤ ਵਿਚ ਸੋਭਾ ਸੰਜੁਗਤ ਹੁੰਦਾ ਹੈ। (3) ਇਸ ਪਦਮ ਵਾਲੇ ਦੀ ਰੇਖਾ ਬਿਜਲੀ ਦੀ ਤਾਰ ਵਾਂਗ ਚਮਕ ਦੇਂਦੀ ਹੈ। ਰਾਤ ਨੂੰ ਦੀਵੇ ਵਾਂਗ ਚਮਕ ਦੇਂਦੀ ਹੈ। ਇਹ ਪਦਮ ਜੋ ਪੂਰਨ ਅਵਤਾਰ ਹੋਵੇ ਉਸ ਦੇ ਚਰਨ ਵਿਖੇ ਹੁੰਦੀ ਹੈ। ਇਸ ਦੇ ਬਹੁਤ ਵਿਸ਼ੇਸ਼ ਗੁਣ ਸ਼ਾਸਤਰ ਵਿਚ ਲਿਖੇ ਹਨ। (4) ਇਹ ਰੇਖਾ ਚਰਨ ਦੇ ਵਿਚਕਾਰ ਚੌੜੀ ਤੇ ਡੂੰਘੀ ਹੁੰਦੀ ਹੈ। ਜਿਸ ਤਰ੍ਹਾਂ ਦੂਜ ਦਾ ਚੰਦਰਮਾਂ ਅਕਾਸ਼ ਵਿਚ ਹੁੰਦਾ ਹੈ। ਇਹ ਰੇਖਾ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਚਰਨ ਵਿਚ ਸੀ। ਜਿਸ ਦੇ ਚਰਨ ਵਿਚ ਇਹ ਰੇਖਾ ਹੋਵੇ ਉਹ ਪੂਰਨ ਅਵਤਾਰ ਮਹਾਂਪੁਰਸ਼ ਜਗਤ ਗੁਰੂ ਹੁੰਦਾ ਹੈ ਅਤੇ ਪਰਉਪਕਾਰੀ ਤੇ ਸਾਰਿਆਂ ਸ਼ੁਭ

ਗੁਣਾਂ ਦਾ ਸਵਾਮੀ ਹੁੰਦਾ ਹੈ। ਸੋ ਨਿਰੰਕਾਰ ਦੀ ਜੋਤ ਹੁੰਦੀ ਹੈ, ਬੇਅੰਤ ਜੀਵਾਂ ਦਾ ਕਲਿਆਣ ਕਰਨ ਵਾਲਾ ਹੁੰਦਾ ਹੈ। ਕਿਸੇ ਚੀਜ਼ ਪਰ ਆਪਣੀ ਮੇਹਰ ਨਹੀਂ ਰੱਖਦਾ। (5) ਇਸ ਪਦਮ ਦੀ ਰੇਖਾ ਤੀਜ ਦੇ ਚੰਦਰਮਾਂ ਵਾਂਗ ਥੋੜੀ ਚਮਕ ਦਿੰਦੀ ਹੈ, ਜਿਸ ਤਰ੍ਹਾਂ ਰਾਜਾ ਭਰਥਰੀ ਦੇ ਸੀ। ਇਸ ਰੇਖਾ ਵਾਲਾ ਰਾਜਾ ਹੁੰਦਾ ਹੈ ਤੇ ਇਸਤਰੀਆਂ ਦਾ ਪ੍ਰੇਮੀ ਹੁੰਦਾ ਹੈ ਅਤੇ ਬਹੁਤ ਗੁਣਾਂ ਦਾ ਸਵਾਮੀ ਹੁੰਦਾ ਹੈ। ਇਸ ਰਾਜੇ ਦਾ ਕਿਸੇ ਸਮੇਂ ਫਕੀਰ ਹੋਣਾ ਵੀ ਹੋ ਸਕਦਾ ਹੈ। (6) ਇਸ ਪਦਮ ਦੀ ਰੇਖਾ ਬਹੁਤ ਚਮਕ ਦੇਂਦੀ ਹੈ। ਬਿਜਲੀ ਦੀ ਤਰ੍ਹਾਂ ਚਮਕ ਮਾਰਦੀ ਹੈ। ਇਹੀ ਰੇਖਾ ਸ੍ਰੀ ਕ੍ਰਿਸ਼ਨ ਭਗਵਾਨ ਦੇ ਸੱਜੇ ਚਰਨ ਵਿਚ ਸੀ। ਇਸ ਪਦਮ ਦੀ ਰੇਖਾ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਵਿਚ ਦੇਖ ਕੇ ਹੀ ਬਧਿਕ ਨੇ ਕਾਲੇ ਹਰਨ ਦੀ ਅੱਖ ਚਮਕਦੀ ਸਮਝ ਕੇ ਤੀਰ ਮਾਰਿਆ ਸੀ। ਇਸ ਰੇਖਾ ਵਾਲਾ ਸਾਰੀ ਦੁਨੀਆਂ ਦਾ ਪ੍ਰਧਾਨ ਹੁੰਦਾ ਹੈ। ਸਾਰੇ ਗੁਣਾਂ ਦਾ ਖਜ਼ਾਨਚੀ ਹੁੰਦਾ ਹੈ। ਸੋਲਾਂ ਕਲਾਂ ਸੰਪੂਰਨ ਹੁੰਦਾ ਹੈ। ਇਸਤਰੀਆਂ ਦਾ ਚਾਹਵਾਨ ਬਹੁਤ ਹੁੰਦਾ ਹੈ ਅਤੇ ਇਸੇ ਰੇਖਾ ਵਾਲੇ ਨਾਲ ਇਸਤਰੀਆਂ ਪਿਆਰ ਕਰਕੇ ਖੁਸ਼ ਰਹਿੰਦੀਆਂ ਹਨ। ਇਸ ਰੇਖਾ ਵਾਲੇ ਵਿਚ ਨਿਰਗੁਣ ਬ੍ਰਹਮ ਦੇ ਸਰਗੁਣ ਰੂਪ ਵਿਚ ਸਾਰੇ ਗੁਣ ਹੁੰਦੇ ਹਨ। ਸੰਤ ਜੀ ਮਹਾਰਾਜ ਜੋਤਸ਼ ਸ਼ਾਸਤਰ ਵਿਚ ਇਹ ਪਦਮ ਦੇ ਛੇ ਗੁਣ ਦੱਸੇ ਹਨ। ਇਸ ਕਰਕੇ ਹੀ ਮੈਂ ਆਪ ਜੀ ਦੇ ਚਰਨ ਵਿਚ ਪਦਮ ਦੇਖ ਕੇ ਬਲਿਹਾਰੇ-ਬਲਿਹਾਰੇ ਗਿਆ ਹਾਂ ਅਤੇ ਇਸ ਪਦਮ ਨਾਲ ਮੈਂ ਆਪਣਾ ਸੀਸ ਲਾ ਕੇ ਆਪਣੇ ਆਪ ਨੂੰ ਧੰਨਭਾਗੀ ਬਣਾਇਆ ਹੈ।

ਹੁਣ ਸੰਤ ਮਹਾਰਾਜ ਜੀ ਗਿਆਨੀ ਵਰਿਆਮ ਸਿੰਘ ਜੀ ਨੂੰ ਪੱਕਾ ਕੀਤਾ ਕਿ ਤੂੰ ਕਿਸੇ ਕੋਲ ਵੀ ਇਸ ਸਾਡੇ ਚਰਨ ਵਿਚ ਪਦਮ ਬਾਰੇ ਦੱਸ ਕੇ ਪ੍ਰਗਟ ਨਹੀਂ ਕਰਨਾ। ਜੇ ਪ੍ਰਗਟ ਕਰੋਗੇ ਤਾਂ ਅਸੀਂ ਤੁਹਾਡੇ ਨਾਲ ਗੁੱਸੇ ਹੋ ਜਾਵਾਂਗੇ। ਤੁਹਾਡਾ ਫਿਰ ਕਦੇ ਵੀ ਅਸੀਂ ਬਚਨ ਨਹੀਂ ਮੰਨਾਗੇ। ਸੰਤਾਂ ਨੇ ਆਖਿਆ, ਗਿਆਨੀ ਜੀ ਇਸੇ ਤਰ੍ਹਾਂ ਇਕ ਵਾਰੀ ਸਾਡੇ ਨਾਲ ਹਜ਼ੂਰ ਸਾਹਿਬ ਸੱਚਖੰਡ ਵਿਖੇ ਵਰਤੀ ਸੀ। ਹਜ਼ੂਰ ਸਾਹਿਬ ਅਸੀਂ ਲੰਮੇ ਪਏ ਸਾਂ, ਇਕ ਸਾਧੂ ਨੇ ਸਾਡੇ ਪੈਰਾਂ ਵਲ ਤੱਕ ਕੇ ਆ ਪੈਰਾਂ ਪਰ ਮੱਥਾ ਟੇਕਿਆ। ਅਸੀਂ ਉਸ ਸਾਧੂ ਨੂੰ ਬਹੁਤ ਰੋਕਿਆ ਕਿ ਸੰਤ ਜੀ ਮੇਰੇ ਪੈਰਾਂ ਤੇ ਮੱਥਾ ਨਾ ਟੇਕੋ। ਉਸ ਸਾਧੂ ਨੇ ਆਖਿਆ, ਮਹਾਰਾਜ ਜੀਉ ਆਪ ਜੀ ਦੇ ਚਰਨ ਤਾਂ ਮੈਂ ਧੋ ਕੇ ਪੀਣਾ ਚਾਹੁੰਦਾ ਹਾਂ। ਫਿਰ ਉਸ ਸਾਧੂ ਨੇ ਕਿਹਾ ਕਿ ਆਪ ਜੀ ਦੇ ਚਰਨ ਵਿਚ ਪੂਰਨ ਪੁਰਖ ਹੋਣ ਦੀ ਪਦਮ ਰੇਖਾ ਹੈ। ਇਸ ਵਾਸਤੇ ਮੈਂ ਆਪ ਜੀ ਦੇ ਚਰਨ ਧੋ ਕੇ ਪੀਣਾ ਚਾਹੁੰਦਾ ਹਾਂ। ਆਪ ਜੈਸੇ ਮਹਾਪੁਰਸ਼ਾਂ, ਸੰਤਾਂ, ਸਾਧਾਂ ਦੇ ਚਰਨ ਧੋ ਕੇ ਪੀਣ ਵਾਸਤੇ ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿਚ ਪੰਦਰਵੀਂ ਅਸ਼ਟਪਦੀ ਅੰਦਰ ਇਉਂ ਫੁਰਮਾਇਆ ਹੈ :-

ਚਰਨ ਸਾਧ ਕੇ ਧੋਇ ਧੋਇ ਪੀਉ।। ਅਰਪਿ ਸਾਧ ਕਉ ਅਪਨਾ ਜੀਉ।। (ਪੰਨਾ ੨੮੩)

ਗਿਆਨੀ ਜੀ, ਇਹ ਸਾਰੀ ਗੱਲ ਸਾਧੂ ਤੋਂ ਸੁਣ ਕੇ ਅਸੀਂ ਸਾਧੂ ਨੂੰ ਪੱਕਾ ਪ੍ਰਣ ਕਰਵਾਇਆ ਸੀ ਕਿ ਤੂੰ ਸਾਡੇ ਪਦਮ ਬਾਬਤ ਕਿਸੇ ਕੋਲ ਗੱਲ ਨਹੀਂ ਕਰਨੀ, ਸੋ ਸਾਧੂ ਮੇਰੇ ਬਚਨਾਂ ਨੂੰ ਮੰਨ ਗਿਆ। ਤੁਸੀਂ ਵੀ ਸਾਨੂੰ ਬਚਨ ਦੇਵੋ ਕਿ ਅਸੀਂ ਕਿਸੇ ਕੋਲ ਨਹੀਂ ਦੱਸਾਂਗੇ। ਸੋ ਹੁਣ ਸੰਤ ਮਹਾਰਾਜ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਉਪਰੰਤ ਸੰਤਾਂ ਦੀ ਇਸ ਜੀਵਨੀ ਵਿਚ ਲਿਖਵਾਉਣ ਲਈ ਹੀ ਜ਼ਾਹਰ ਕੀਤਾ ਹੈ। ਫਿਰ ਸੰਤਾਂ ਨੇ ਸਾਡੀ ਤਸੱਲੀ ਕਰਵਾ ਦਿੱਤੀ ਕਿ ਅਸੀਂ ਨਗਰ ਨਾਲ ਨਰਾਜ਼ ਨਹੀਂ, ਅਸੀਂ ਨਗਰ ਪਰ ਬਹੁਤ ਖੁਸ਼ ਹਾਂ। ਫਿਰ ਆਖਣ ਲੱਗੇ, ਡੇਰੇ ਵਲ ਸਾਡੀ ਨਿਗ੍ਹਾ ਹੈ ਅਤੇ ਭਵਿੱਖਤ ਵਿਚ ਇਸੇ ਤਰ੍ਹਾਂ ਹੀ ਡੇਰੇ ਤੇ ਸਾਡੀ ਦ੍ਰਿਸ਼ਟੀ ਰਹੇਗੀ। ਅਸੀਂ ਗਾਹੇ-ਬਗਾਹੇ ਆ ਕੇ ਡੇਰੇ ਦਾ ਪੂਰਾ ਖਿਆਲ ਰੱਖਾਂਗੇ। ਡੇਰੇ ਦੀ ਦਿਨ-ਬਦਿਨ ਚੜ੍ਹਦੀ ਕਲਾ ਹੋਵੇਗੀ। ਸਰੋਵਰ ਲਗ ਜਾਣਗੇ, ਮਹੱਲ ਉੱਸਰ ਜਾਣਗੇ। ਇਹ ਡੇਰਾ ਕਿਸੇ ਇਕ ਦੀ ਮਲਕੀਅਤ ਨਹੀਂ। ਇਸ ਜਗ੍ਹਾ ਖੁਦ ਅਕਾਲ ਪੁਰਖ ਦਾ ਨਿਵਾਸ ਹੈ। *ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ।।* ਇਸ ਸਾਖੀ ਦੀ ਸਾਰੀ ਵਾਰਤਾ ਜੋਤਸ਼ੀ ਗਿਆਨੀ ਵਰਿਆਮ ਸਿੰਘ ਜੀ ਦੀ ਜ਼ਬਾਨੀ ਸੁਣ ਕੇ ਲਿਖੀ ਹੈ। ਇਤੀ।

ਭਾਈ ਜਗਤ ਸਿੰਘ ਜੀ ਤਸੀਲਦਾਰ ਪਿੰਡ ਸੈਦੋਲਲੇ ਦਾ ਸੰਤਾਂ ਦੇ ਚਰਨਾਂ ਵਿਚ ਆਉਣਾ

ਇਹ ਵਾਰਤਾ ਭਾਈ ਜਗਤ ਸਿੰਘ ਜੀ ਤਸੀਲਦਾਰ ਦੀ ਜ਼ਬਾਨੀ ਲਿਖ ਰਿਹਾ ਹਾਂ। ਭਾਈ ਜਗਤ ਸਿੰਘ ਜੀ ਮੈਟ੍ਰਿਕ ਪਾਸ ਕਰਕੇ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਉੱਚ ਪੱਧਰ ਦੀ ਪੜ੍ਹਾਈ ਕਰਨ ਦਾਖਲ ਹੋ ਗਿਆ। ਸੋ ਆਪ ਜੀ ਨੇ ਬੀ. ਏ. ਦੀਆਂ ਤਿੰਨ ਡਿਗਰੀਆਂ ਹਾਸਲ ਕਰ ਲਈਆਂ। ਹੁਣ ਬੀ. ਏ. ਫਾਈਨਲ ਵਿਚ ਦਾਖਲ ਹੋਇਆ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਗਸਿਕ ਬੈਰਾਗੀ।। (ਪੰਨਾ ੨੦੪)

ਜਦੋਂ ਕਿਸੇ ਪੁਰਸ਼ ਦੀ ਪੂਰਬਲੇ ਸ੍ਰੇਸ਼ਟ ਕਰਮਾਂ ਦੀ ਰੱਤੀ ਪ੍ਰਗਟ ਹੁੰਦੀ ਹੈ ਫਿਰ ਉਹ ਪੁਰਸ਼ ਚਾਹੇ ਅਮੀਰ ਹੈ ਜਾਂ ਗਰੀਬ ਹੈ, ਜਾਂ ਮਹਾਰਾਜਾ ਪਾਤਸ਼ਾਹ ਹੈ ਜਾਂ ਵਿਦਿਆਰਥੀ ਹੈ, ਚਾਹੇ ਕਾਲਜਾਂ ਵਿਚ ਪੜ੍ਹਨ ਵਾਲਾ ਹੈ। ਭਾਵੇਂ ਵੀ ਨਈ ਪੁਰਾਤਨ ਵਿਦਿਆ ਪੜ੍ਹਦਾ ਹੋਵੇ, ਫਿਰ ਵੀ ਪੂਰਬਲੇ ਭਾਗਾਂ ਦੁਆਰਾ ਉਸ ਨੂੰ ਪੂਰਨ ਪੁਰਖ ਮਿਲਦੇ ਹਨ, ਜੋ ਕਿ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰਕੇ ਉਸ ਪੁਰਸ਼ ਦੇ ਸੋਏ ਅਰਥ ਪ੍ਰਮਾਰਥ ਸਾਰੇ ਹੀ ਪੂਰਨ ਕਰਕੇ ਲੋਕ-ਪ੍ਰਲੋਕ ਸੁਖੀ ਕਰ ਦੇਂਦਾ ਹੈ। ਇਸੇ ਤਰ੍ਹਾਂ ਹੀ ਭਾਈ ਜਗਤ ਸਿੰਘ ਜੀ ਨੂੰ ਪੂਰਬਲੇ ਭਾਗਾਂ ਕਰਕੇ ਇਕ ਕੋਈ ਸੰਤ ਮਿਲਿਆ, ਜੋ ਕਿ ਪੂਰਬ ਦੀ ਧਰਤੀ ਦਾ ਸੀ ਅਤੇ ਖਾਲਸਾ ਕਾਲਜ ਦੇ ਨੇੜੇ ਇਕ ਉੱਚੀ ਜਿਹੀ ਜਗ੍ਹਾ ਤੇ ਬੈਠਾ ਭਾਈ ਜਗਤ ਸਿੰਘ ਜੀ ਦੀ ਨਜ਼ਰੀਂ ਪਿਆ। ਪਰ ਡਿੱਠਾ ਅਣਡਿੱਠਾ ਕਰਕੇ ਛੱਡ ਕੇ ਚਲਾ ਗਿਆ। ਸੋ ਸਾਧੂ ਅੱਜ ਵੀ ਉਸੀ ਜਗ੍ਹਾ ਬੈਠਾ ਰਿਹਾ। ਦੂਸਰਾ ਦਿਨ ਚੜ੍ਹਿਆ ਤਾਂ ਕਾਲਜ ਦੇ ਸਾਹਮਣੇ ਭਾਈ ਜਗਤ ਸਿੰਘ ਨੇ ਤੱਕਿਆ ਕਿ ਉਹੀ ਸਾਧੂ ਉਸੀ ਜਗ੍ਹਾ ਬੜੇ ਅਨੰਦ ਵਿਚ ਬੈਠਾ ਹੈ, ਫਿਰ ਵੀ ਭਾਈ ਜਗਤ ਸਿੰਘ ਜੀ ਨੇ ਇਸ ਸਾਧੂ ਵਲ ਕੋਈ ਖਾਸ ਧਿਆਨ ਨਾ ਦਿਤਾ। ਧਿਆਨ ਨਾ ਦੇਣ ਦੇ ਕਾਰਨ ਸਨ ਕਿ ਇਕ ਤਾਂ ਕਾਲਜੀਏਟ ਨੌਜਵਾਨ, ਦੂਸਰੇ ਚੜ੍ਹਦੀ ਜਵਾਨੀ, ਕੋਈ ਵੀਹ ਇੱਕੀ ਸਾਲ ਦੀ ਉਮਰ, ਤੀਸਰੇ ਭਾਈ ਜਗਤ ਸਿੰਘ ਜੀ ਦੱਸਦੇ ਸਨ ਕਿ ਮੈਂ ਸੰਤਾਂ ਤੇ ਕੋਈ ਸ਼ਰਧਾ ਨਹੀਂ ਸੀ ਰੱਖਦਾ, ਮੇਰੇ ਚਿੱਤ ਵਿਚ ਇਹ ਸਾਧੂ ਜੋ ਹਨ ਇਹ ਵਿਹਲੜੇ ਜੇਹੇ ਲੋਕ ਮਨਖੱਟੂ, ਕੰਮ ਕਰਨ ਤੋਂ ਆਲਸੀ ਜਿਹੇ ਹੁੰਦੇ ਹਨ। ਇਸ ਵਾਸਤੇ ਹੀ ਦੋ ਦਿਨ ਭਾਈ ਜਗਤ ਸਿੰਘ ਜੀ ਦਾ ਮਨ ਸੰਤਾਂ ਵਲ ਨਹੀਂ ਗਿਆ, ਨਾ ਹੀ ਸਰੀਰ ਕਰਕੇ ਸੰਤਾਂ ਕੋਲ ਗਿਆ। ਇਹ ਦੂਸਰਾ ਦਿਨ ਵੀ ਬਤੀਤ ਹੋਇਆ। ਹੁਣ ਤੀਸਰਾ ਦਿਨ ਚੜ੍ਹਿਆ, ਕਾਲਜ ਵਿਚ ਅੱਧੀ ਪੜ੍ਹਾਈ ਕਰਕੇ ਛੁੱਟੀ ਹੋਈ। ਕਾਲਜ ਦੇ ਪੜ੍ਹਨ ਵਾਲੇ ਵਿਦਿਆਰਥੀ ਕੁਝ ਖਾਣ-ਪੀਣ ਵਾਸਤੇ ਹੋਸਟਲਾਂ ਵਿਚ ਗਏ। ਆਪਣੀਆਂ ਮਨ-ਭਾਉਂਦੀਆਂ ਚੀਜ਼ਾਂ ਖਾਧੀਆਂ। ਪਰ ਜਦੋਂ ਭਾਈ ਜਗਤ ਸਿੰਘ ਜੀ ਕਾਲਜ ਤੋਂ ਬਾਹਰ ਆਏ ਤਾਂ ਦਿਲ ਵਿਚ ਫੁਰਨਾ ਸੀ ਕਿ ਚਲ ਕੇ ਸਾਧੂ ਨੂੰ ਦੇਖਾਂ। ਉਸੀ ਜਗ੍ਹਾ ਬੈਠਾ ਹੈ ਜਾਂ ਚਲਿਆ ਗਿਆ ਹੈ। ਜਦੋਂ ਕਾਲਜ ਤੋਂ ਬਾਹਰ ਨਿਕਲ ਕੇ ਉਸ ਉੱਚੀ ਜਗ੍ਹਾ ਵਲ ਤੱਕਿਆ ਤਾਂ ਸਾਧੂ ਜੀ ਉਸੀ ਜਗ੍ਹਾ ਹੀ ਚੌਕੜੀ ਮਾਰੀ ਨਿਰਹੱਲ ਹੋ ਕੇ ਬੈਠੇ ਹਨ।

ਹੁਣ ਭਾਈ ਜਗਤ ਸਿੰਘ ਜੀ ਦੇ ਮਨ ਨੂੰ ਖਿੱਚ ਪਈ ਕਿ ਇਸ ਸਾਧੂ ਦੇ ਦਰਸ਼ਨ ਕਰਨੇ ਚਾਹੀਦੇ ਹਨ ਅਤੇ ਕੁਝ ਖਾਣ ਪੀਣ ਨੂੰ ਵੀ ਲਿਜਾਣਾ ਚਾਹੀਦਾ ਹੈ। ਪਰ ਫਿਰ ਸੋਚਿਆ ਕਿ ਪਹਿਲੇ ਦਰਸ਼ਨ ਕਰੋ ਫਿਰ ਸਾਧੂ ਨੂੰ ਪੁਛ ਕੇ ਕੁਝ ਲੈ ਕੇ ਜਾਵਾਂਗਾ। ਹੁਣ ਭਾਈ ਜਗਤ ਸਿੰਘ ਜੀ ਬੜੀ ਤੀਬਰ ਇੱਛਾ ਕਰਕੇ ਸਾਧੂ ਦੇ ਕੋਲ ਆਇਆ ਅਤੇ ਝੁਕਦੇ ਝੁਕਦੇ ਨੇ ਮੱਥਾ ਟੇਕ ਹੀ ਦਿਤਾ। ਸਾਧੂ ਨੇ ਅਸ਼ੀਰਵਾਦ ਦਿਤੀ ਕਿ ਭਗਤਾ ਸੁਖੀ ਰਹੋ। ***ਭਾਈ ਭਗਤ ਸਿੰਘ ਜੀ:*** ਬਾਬਾ ਜੀਉ ਮੈਂ ਅੱਜ ਤਿੰਨ ਦਿਨ ਤੋਂ ਆਪ ਜੀ ਨੂੰ ਇਸ ਜਗ੍ਹਾ ਬੈਠੇ ਹੀ ਤੱਕਦਾ ਹਾਂ। ਆਪ ਜੀ ਕੋਈ ਪ੍ਰਸ਼ਾਦਿ ਪਾਣੀ ਵੀ ਛਕਦੇ ਹੋ ਕਿ ਨਹੀਂ? ***ਸਾਧੂ:*** ਹੇ ਭਗਤਾ ਪਾਣੀ ਦਾ ਇਹ ਪਾਤਰ ਮੇਰੇ ਪਾਸ ਭਰਿਆ ਹੋਇਆ ਸੀ। ਜਦੋਂ ਇੱਛਾ ਫੁਰਦੀ ਤਾਂ ਇਹ ਪਾਣੀ ਗ੍ਰਹਿਣ ਕਰ ਲੈਂਦਾ ਹਾਂ। ***ਭਾਈ ਜਗਤ ਸਿੰਘ ਜੀ:*** ਸੰਤ ਜੀਉ ਆਪ ਜੀ ਭੋਜਨ ਨਹੀਂ ਛਕਦੇ? ***ਸਾਧੂ:*** ਹਾਂ ਛਕਦੇ ਹਾਂ, ਤਿਆਗੀ ਨਹੀਂ। ***ਭਾਈ ਜਗਤ ਸਿੰਘ ਜੀ:*** ਸੰਤ ਜੀਉ ਆਪ ਜੀ ਫਿਰ ਇਸ ਮਹੱਲੇ ਵਿਚੋਂ ਮੰਗ ਕੇ

ਕਿਉਂ ਨਹੀਂ ਛਕ ਲੈਂਦੇ। ਸਾਧੂ ਤਾਂ ਕਈ ਕੁਝ ਮੰਗ ਲੈਂਦੇ ਹਨ। ***ਸਾਧੂ:*** ਅਸੀਂ ਗੁਰੂ ਨਾਨਕ ਦੇਵ ਜੀ ਦੇ ਸਾਧੂ ਹਾਂ, ਅਸੀਂ ਮੰਗ ਕੇ ਖਾਣ ਨੂੰ ਚੰਗਾ ਨਹੀਂ ਸਮਝਦੇ, ਨਾ ਹੀ ਅਸੀਂ ਆਪਣਾ ਹੱਥ ਅੱਡ ਕਿਸੇ ਪਾਸ ਸਵਾਲੀ ਹੁੰਦੇ ਹਾਂ। ਸਾਡਾ ਮੱਤ ਹੈ *ਅਚਿੰਤ ਮਿਲੇ ਸੋ ਖਾਏ।* ਭਾਈ ਜਗਤ ਸਿੰਘ ਜੀ ਅੰਦਰੋਂ ਬੜਾ ਸਿਆਣਾ ਨੌਜਵਾਨ ਸੀ।

ਹੁਣ ਭਾਈ ਜਗਤ ਸਿੰਘ ਜੀ ਇਸ ਸਾਧੂ ਨੂੰ ਉਹ ਸਾਧੂ ਨਹੀਂ ਸਮਝਦਾ ਜੋ ਮੰਗ ਮੰਗਕੇ ਖਾਣ ਵਾਲੇ ਐਵੇਂ ਆਵਾਗੌਣ ਜਿਹੇ ਫਿਰਦੇ ਹੁੰਦੇ ਹਨ, ਜੋ ਗਲੀ-ਗਲੀ ਵਿਚ ਮੱਖਣ ਰਾਮ, ਦੁੱਧ ਰਾਮ, ਮਿੱਠਾ ਰਾਮ ਕੋਈ ਕੱਪੜ ਰਾਮ ਕਹਿ ਕਹਿ ਕੇ ਮੰਗਦੇ ਫਿਰਦੇ ਹੁੰਦੇ ਹਨ। ਇਸ ਸਾਧੂ ਨੂੰ ਸੰਤੋਖੀ ਤੇ ਰੱਬ ਵਾਲਾ ਮੰਨ ਲਿਆ ਹੈ। ਇਸ ਵਾਸਤੇ ਹਲਵਾਈ ਦੀ ਦੁਕਾਨ ਪਰ ਗਿਆ, ਇਕ ਕਿਲੋ ਦੁਧ, ਕੁਝ ਮਠਿਆਈ ਲੈ ਕੇ ਸੰਤਾਂ ਨੂੰ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ ਆਪ ਇਹ ਦੁੱਧ ਤੇ ਮਠਿਆਈ ਵੀ ਛਕੋ। ਸੰਤਾਂ ਨੇ ਕਿਹਾ, ਭਲਿਆ ਤੂੰ ਸਾਨੂੰ ਵਿਦਿਆਰਥੀ ਨਜ਼ਰ ਆ ਰਿਹਾ ਹੈਂ। ਤੂੰ ਇਤਨੀ ਖੇਚਲ ਨਹੀਂ ਸੀ ਕਰਨੀ। ਕਿਉਂਕਿ ਆਪ ਜੀ ਦਾ ਖਰਚ ਵੀ ਮਾੜਾ ਪਿਤਾ ਦੇ ਸਿਰ ਬੋਝ ਰੂਪ ਹੈ। ਭਾਈ ਜਗਤ ਸਿੰਘ ਜੀ ਨੇ ਕਿਹਾ, ਮਹਾਂਪੁਰਸ਼ੋ ਕੋਈ ਗੱਲ ਨਹੀਂ, ਮੈਨੂੰ ਇਹ ਕੋਈ ਬੋਝ ਰੂਪ ਨਹੀਂ, ਇਸ ਵਾਸਤੇ ਹੀ ਲੈ ਕੇ ਆਇਆ ਹਾਂ। ਫਿਰ ਸੰਤਾਂ ਨੇ ਕਿਹਾ ਕਿ ਆਪ ਜੀ ਹੁਣ ਜਾਓ, ਅਸੀਂ ਆਪ ਛੱਕ ਲਵਾਂਗੇ। ਹੁਣ ਭਾਈ ਜਗਤ ਸਿੰਘ ਜੀ ਆਪਣੇ ਕਾਲਜ ਨੂੰ ਆ ਗਿਆ। ਉਸ ਦਿਨ ਤੋਂ ਬਾਅਦ ਭਾਈ ਜਗਤ ਸਿੰਘ ਜੀ ਦਾ ਇਸ ਸਾਧੂ ਪਾਸ ਰੋਜ਼ ਆਉਣਾ ਹੋ ਗਿਆ ਯਥਾ-ਸ਼ਕਤ ਸੇਵਾ ਵੀ ਕਰਦਾ ਹੈ। ਹੁਣ ਸੰਤਾਂ ਨਾਲ ਕਈ ਸੋਏ ਅਰਥ ਦੇ ਬਚਨ ਵੀ ਕਰਨ ਲਗ ਪਿਆ।

ਇਕ ਦਿਨ ਸੰਤ ਜੀ ਖੁਸ਼ ਹੋ ਕੇ ਕਹਿਣ ਲੱਗੇ ਕਿ ਭਾਈ ਜਗਤ ਸਿੰਘ ਜੀ ਤੇਰੀ ਰੇਖਾ ਦੱਸ ਰਹੀ ਹੈ ਕਿ ਥੋੜ੍ਹੇ ਹੀ ਦਿਨਾਂ ਵਿਚ ਤੈਨੂੰ ਕੋਈ ਪੂਰਨ ਮਹਾਂਪੁਰਖ ਮਿਲਣਗੇ। ਭਾਈ ਜਗਤ ਸਿੰਘ ਨੂੰ ਸੰਤਾਂ ਦਾ ਇਹ ਬਚਨ ਸੁਣ ਕੇ ਹੈਰਾਨੀ ਵੀ ਹੋਈ ਤੇ ਮਨ ਵਿਚ ਭਰੋਸਾ ਵੀ ਆ ਗਿਆ। ਕਿਉਂਕਿ ਇਸ ਤੋਂ ਪਹਿਲਾਂ ਭਾਈ ਜਗਤ ਸਿੰਘ ਜੀ ਨੇ ਇਨ੍ਹਾਂ ਸੰਤਾਂ ਦੇ ਬਚਨ ਪੂਰੇ ਤੱਕੇ ਸਨ ਅਤੇ ਹੋਰ ਆਪਣੇ ਘਰ ਗੱਲਾਂ ਸੁਣ ਕੇ ਭਾਈ ਜਗਤ ਸਿੰਘ ਜੀ ਇਸ ਸਾਧ ਦੇ ਬਚਨਾਂ ਨੂੰ ਠੀਕ ਹੀ ਮੰਨਣ ਲਗ ਪਿਆ। ਸੰਤਾਂ ਨੇ ਭਾਈ ਜਗਤ ਸਿੰਘ ਨੂੰ ਇਹ ਕਹਿ ਦਿੱਤਾ ਕਿ ਭਾਈ ਸਾਹਿਬ ਸਾਡੀ ਬਾਬਤ ਤੂੰ ਕਿਸੇ ਕੋਲ ਨਹੀਂ ਦੱਸਣਾ। ਜਦੋਂ ਤੂੰ ਸਾਡੀ ਬਾਬਤ ਕਿਸੇ ਪਾਸ ਦੱਸ ਦੇਵੇਂਗਾ ਤਾਂ ਫਿਰ ਅਸੀਂ ਇਥੇ ਨਹੀਂ ਰਹਾਂਗੇ। ਸੋਈ ਗੱਲ ਹੋਈ। ਭਾਈ ਜਗਤ ਸਿੰਘ ਜੀ ਨੇ ਆਪਣੇ ਪ੍ਰੋਫੈਸਰ ਨੂੰ ਤੇ ਹੋਰ ਆਪਣੇ ਮਿੱਤਰ ਵਿਦਿਆਰਥੀਆਂ ਨੂੰ ਦੱਸ ਦਿੱਤਾ ਤਾਂ ਕਾਰਨ ਐਸਾ ਬਣਿਆ ਤਕਰੀਬਨ ਸਭ ਵਿਦਿਆਰਥੀ ਅਤੇ ਪ੍ਰੋਫੈਸਰ ਇਸ ਸਾਧੂ ਪਾਸ ਆਉਣ ਲਗ ਪਏ ਅਤੇ ਕੋਈ ਨਾ ਕੋਈ ਗੱਲ ਵੀ ਪੁਛਣ ਲੱਗ ਪਏ, ਤਾਂ ਸੰਤ ਜੀ ਰਾਤ ਪੈਣ ਤੇ ਨਾਮਾਲੂਮ ਕਿਧਰ ਚਲੇ ਗਏ। ਬਾਅਦ ਵਿਚ ਬੜੀ ਖੋਜ ਕੀਤੀ ਪਰ ਸੰਤਾਂ ਦੇ ਮੁੜ ਦਰਸ਼ਨ ਨਾ ਹੋਏ। ਪਰ ਜੋ ਭਾਈ ਜਗਤ ਸਿੰਘ ਜੀ ਨੂੰ ਇਹ ਬਚਨ ਕਰ ਗਏ ਕਿ ਤੈਨੂੰ ਕੋਈ ਪੂਰਨ ਪੁਰਖ ਮਿਲੇਗਾ, ਇਹ ਬਚਨ ਭਾਈ ਸਾਹਿਬ ਦੇ ਮਨ ਵਿਚ ਘਰ ਕਰ ਗਿਆ ਅਤੇ ਪੂਰਨ ਪੁਰਖ ਦੀ ਭਾਲ ਵਿਚ ਮਨ ਲਗ ਗਿਆ।

ਭਾਈ ਜਗਤ ਸਿੰਘ ਜੀ ਨੂੰ ਸੰਤ ਮਹਾਰਾਜ ਜੀ ਦਾ ਮਿਲਾਪ

1931 ਈਸਵੀਂ ਤਕਰੀਬਨ 28 ਮਾਰਚ ਹੋ ਗਈ ਹੈ ਤੇ ਚੇਤ ਦੀ ਮੱਸਿਆ ਦਾ ਦਿਨ ਕਲ 29 ਮਾਰਚ ਨੂੰ ਸੰਤ ਮਹਾਰਾਜ ਜੀ ਵੀ ਆਪਣੇ ਸਿੱਖ ਸੇਵਕਾਂ ਸਮੇਤ ਤਰਨ ਤਾਰਨ ਸਾਹਿਬ ਪੁਜ ਗਏ ਹਨ। ਗੁਰਦੁਆਰਾ ਤਰਨ ਤਾਰਨ ਹਰਿਮੰਦਰ ਜੀ ਦਾ ਪਹਿਲਾ ਵੱਡਾ ਗੇਟ ਗੁਰਦਵਾਰੇ ਵਲ ਉਤਰਦਿਆਂ ਹੀ ਸੱਜੇ ਪਾਸੇ ਬਾਬਾ ਸਵਾਇਆ ਸਿੰਘ ਜੀ ਦਾ ਇਕ ਜਗ੍ਹਾ ਮਕਾਨ ਛੱਤਿਆ ਹੋਇਆ, ਜਿਸ ਮਕਾਨ ਦਾ ਮੁਖ ਗੁਰਦਵਾਰੇ ਦੀ ਪ੍ਰਕਰਮਾਂ ਵਿਚ ਸੀ, ਉਸ ਮਕਾਨ ਉੱਪਰ ਸੰਤ ਮਹਾਰਾਜ ਜੀ ਮੱਸਿਆ ਵਾਲੇ ਦਿਨ ਲੰਗਰ ਲਾਇਆ ਕਰਦੇ ਸਨ। ਅੱਜ ਵੀ ਉਸ ਮਕਾਨ ਪਰ ਸੰਤਾਂ ਦਾ ਲੰਗਰ ਚਲ ਰਿਹਾ ਹੈ। ਸੰਗਤਾਂ ਛੱਕ ਛੱਕ ਕੇ ਅਨੰਦ ਮਾਣਦੀਆਂ ਹਨ। ਭਾਈ ਜਗਤ ਸਿੰਘ ਸਮੇਤ ਦੋ ਤਿੰਨ

ਕਾਲਜੀਏਟ ਮੱਸਿਆ ਦੇ ਇਸ਼ਨਾਨ ਕਰਨ ਹਿੱਤ ਤਰਨ ਤਾਰਨ ਸਾਹਿਬ ਆਏ। ਇਨ੍ਹਾਂ ਨੌਜੁਆਨਾਂ ਨੇ ਇਸ਼ਨਾਨ ਸਰੋਵਰ ਵਿਚ ਕੀਤੇ ਤੇ ਹਰਿਮੰਦਰ ਜੀ ਦੇ ਦਰਸ਼ਨ ਵੀ ਕੀਤੇ।

ਜਦੋਂ ਇਹ ਹਰਿਮੰਦਰ ਸਾਹਿਬ ਦਰਸ਼ਨ ਕਰਕੇ ਬਾਹਰ ਆਏ ਤਾਂ ਇਕ ਨੌਜਵਾਨ ਹਰਿਮੰਦਰ ਸਾਹਿਬ ਦੀ ਪੱਛਮ ਦੀ ਦਿਸ਼ਾ ਵਲ, ਜੋ ਕਿ ਬੜੀ ਗਾੜ੍ਹੀ ਛਾਂ ਦਾਰ ਖਿਰਨੀ ਦਾ ਪੇੜ ਖੜਾ ਹੈ, ਉਸ ਬ੍ਰਿਛ ਦੇ ਨੀਚੇ ਆਰਾਮ ਕਰਨ ਲਈ ਬੈਠ ਗਏ। ਇਹ ਆਪੋ ਵਿਚ ਕੁਝ ਗੱਲ-ਬਾਤ ਕਰਨ ਹੀ ਲੱਗੇ ਸਨ ਇਤਨੇ ਨੂੰ ਭਾਈ ਜਗਤ ਸਿੰਘ ਦੇ ਕੰਨਾਂ ਵਿਚ ਦੋ ਗੁਰਮੁਖ ਸਿੱਖ ਗੱਲਾਂ ਕਰਦੇ ਸੁਣਾਈ ਦਿੱਤੇ। ਇਨ੍ਹਾਂ ਸਿੱਖਾਂ ਵਿਚੋਂ ਇਕ ਨੇ ਕਿਹਾ, ਕਿ ਸੰਤਾਂ ਦਾ ਸਰੀਰ ਪਤਲਾ ਜਿਹਾ ਛੇ ਫੁੱਟ ਲੰਬਾ ਤੇ ਸੁੰਦਰ ਵੀ ਬਹੁਤ ਹੈ। ਮੈਂ ਤਾਂ ਸਮਝਦਾ ਹਾਂ ਕਿ ਈਸ਼ਵਰ ਨੇ ਚਿੱਤ ਲਾ ਕੇ ਸੰਤਾਂ ਦਾ ਸਰੀਰ ਰਚਿਆ ਹੈ। ਕਿਸੇ ਵੀ ਅੰਗ ਵਿਚ ਕੋਈ ਵੀ ਨੁਕਸ ਨਹੀਂ। ਸੰਤਾਂ ਦਾ ਮੱਥਾ ਜਲਾਲ ਵਾਲਾ, ਕਸ਼ਮੀਰੀ ਸੇਬ ਵਾਂਗੂੰ ਲਾਲ ਤੇ ਬੜੇ ਪ੍ਰਭਾਵ ਵਾਲਾ ਮੱਥੇ ਦਾ ਐਸਾ ਜਲਾਲ ਹੈ, ਹਰ ਇਕ ਬੰਦੇ ਤੇ ਬਦੋਬਦੀ ਪ੍ਰਭਾਵ ਪਾਉਂਦਾ ਹੈ। ਨੇਤਰ ਕੰਵਲ ਵਾਂਗ ਖਿੜੇ ਹੋਏ ਨਾਮ-ਮਸਤੀ ਦੇ ਅੱਖਾਂ ਵਿਚ ਲਾਲ ਡੋਰੇ ਤੇ ਮੇਹਰ ਕ੍ਰਿਪਾ ਦੇ ਭਰੇ ਰਹਿੰਦੇ ਹਨ। ਬੁੱਲ੍ਹ ਲਾਲ ਤੇ ਪਤਲੇ ਸਦਾ ਮੁਸਕਰਾਉਂਦੇ ਰਹਿੰਦੇ ਹਨ। ਸੰਤਾਂ ਦੇ ਨੱਕ ਦੀ ਨੋਕ ਪਤਲੀ ਤੇ ਅਕਾਰ ਅਲਸੀ ਦੇ ਫੁੱਲ ਵਾਂਗ ਹੈ। ਸੰਤਾਂ ਦਾ ਹਿਰਦਾ ਬੜਾ ਉਦਾਰ ਤੇ ਦਇਆ ਨਾਲ ਭਰਿਆ ਰਹਿੰਦਾ ਹੈ। ਇਹ ਸੰਤ ਤਾਂ ਕੋਈ ਅਵਤਾਰੀ ਜੀਵ ਹਨ। ਹਮੇਸ਼ਾਂ ਹੀ ਮੱਸਿਆ ਨੂੰ ਇਥੇ ਆ ਕੇ ਲੰਗਰ ਅਤੁੱਟ ਚਲਾਉਂਦੇ ਹਨ। ਭਾਈ ਜਗਤ ਸਿੰਘ ਜੀ ਨੇ ਇਹ ਸਾਰੀ ਗੱਲ-ਬਾਤ ਸੁਣੀ ਤੇ ਭਾਈ ਸਾਹਿਬ ਦਾ ਸੰਤਾਂ ਦੇ ਦਰਸ਼ਨ ਕਰਨ ਹਿਤ ਮਨ ਵਿਚ ਬਹੁਤ ਖਿੱਚ ਪੈ ਗਈ। ਇਨ੍ਹਾਂ ਗੱਲਬਾਤ ਕਰਨ ਵਾਲਿਆਂ ਨੂੰ ਭਾਈ ਜੀ ਨੇ ਪੁਛਿਆ ਕਿ ਭਲਿਓ ਸਿੱਖੋ, ਐਸੇ ਸੰਤ ਕਿਥੇ ਹਨ ਕਿ ਇਥੇ ਤਰਨ ਤਾਰਨ ਵਿਚ ਹਨ। ਇਨ੍ਹਾਂ ਭਲੇ ਸਿੱਖਾਂ ਨੇ ਭਾਈ ਜਗਤ ਸਿੰਘ ਨੂੰ ਦਸਿਆ ਕਿ ਸੰਤਾਂ ਦੀ ਰਿਹਾਇਸ਼ਗਾਹ ਅਸਲੀ ਟਿਕਾਣਾ ਤਾਂ ਦੁਆਬੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ। ਪਰ ਹਰ ਇਕ ਮੱਸਿਆ ਤੇ ਇਥੇ ਆ ਕੇ ਗੁਰੂ ਕਾ ਲੰਗਰ ਲਾਉਂਦੇ ਹਨ। ਭਾਈ ਜਗਤ ਸਿੰਘ ਜੀ ਨੇ ਪੁਛਿਆ ਕਿ ਇਸ ਸਮੇਂ ਕਿਸ ਜਗ੍ਹਾ ਹਨ। ਉਨ੍ਹਾਂ ਸਿੱਖਾਂ ਨੇ ਕਿਹਾ ਕਿ ਤੁਸੀਂ ਇਥੇ ਕਿਉਂ ਬੈਠੇ ਹੋ। ਜਾਓ ਉਹ ਜੋ ਪ੍ਰਕਰਮਾਂ ਦੇ ਖੂੰਜੇ ਪਰ ਮਕਾਨ ਹੈ ਉਸ ਪਰ ਲੰਗਰ ਹੈ। ਉਸ ਜਗ੍ਹਾ ਹੀ ਸੰਤ ਦਰਸ਼ਨ ਦੇ ਨਿਹਾਲ ਕਰ ਰਹੇ ਹਨ। ਇਹ ਕਾਲਜੀਏਟ ਇਨ੍ਹਾਂ ਸਿੱਖਾਂ ਤੋਂ ਸੁਣ ਕੇ ਉਠੇ ਤੇ ਪੌੜੀ ਚੜ੍ਹ ਕੇ ਕੀ ਤੱਕਿਆ ਕਿ ਰੌਣਕਾਂ ਲੱਗੀਆਂ ਹੋਈਆਂ ਹਨ। ਕੋਈ ਸੇਵਾਦਾਰ ਲੰਗਰ ਪਕਾਉਂਦੇ ਹਨ, ਕੋਈ ਵਰਤਾਉਂਦੇ ਹਨ ਤੇ ਬਹੁਤ ਸਾਰੀਆਂ ਪੰਗਤਾਂ ਛਕ ਰਹੀਆਂ ਹਨ। ਸੰਤ ਮਹਾਰਾਜ ਇਕ ਖਜੂਰ ਦੇ ਪੱਤਿਆਂ ਦੀ ਸਫ ਵਿਛਾ ਕੇ ਬੈਠੇ ਹਨ। ਦੋ ਚਾਰ ਸ਼ਰਧਾਲੂ ਸੰਤਾਂ ਦੇ ਪਾਸ ਬੈਠੇ ਹਨ। ਸੰਤ ਉਨ੍ਹਾਂ ਨੂੰ ਵੀ ਆਪਣੇ ਪਵਿੱਤਰ ਮੁਖ ਦੁਆਰਾ ਕਹਿ ਰਹੇ ਹਨ ਕਿ ਗੁਰੂ ਕੀ ਸੇਵਾ ਵਿਚ ਲਾਭ ਹੈ, ਸੇਵਾ ਕਰੋ, ਤੁਹਾਡਾ ਗੁਰੂ ਭਲਾ ਕਰੇਗਾ। ਇਹ ਤਿੰਨ ਹੀ ਕਾਲਜ ਵਿਚ ਪੜ੍ਹਨ ਵਾਲੇ ਸੰਤਾਂ ਦਾ ਇਹ ਦ੍ਰਿਸ਼ ਤੱਕ ਕੇ ਬੜੇ ਹੈਰਾਨ ਹੋਏ ਕਿ ਇਨ੍ਹਾਂ ਸੰਤਾਂ ਪਾਸ ਆਇਆਂ ਮਨ ਨੂੰ ਵਿਸ਼ੇਸ਼ ਕਰਕੇ ਠੰਢ ਪਈ ਹੈ। ਕਿਉਂਕਿ ਇਸ ਸੰਤ ਦੇ ਪਾਸ ਗੁਰੂ ਨਾਨਕ ਸਾਹਿਬ ਦਾ ਸਹੀ ਮਿਸ਼ਨ ਤਕਿਆ ਹੈ। ਇਥੇ:-

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ ੩॥ (ਪੰਨਾ ੯੭)

ਦੇ ਅਸੂਲ ਨੂੰ ਅਪਣਾਇਆ ਹੋਇਆ ਹੈ। ਸਤਿਗੁਰੂ ਜੀ ਦੇ ਘਰ ਦੇ ਤਿੰਨ ਮੁੱਖ ਅੰਗ *ਨਾਮ ਦਾਨੁ ਇਸ਼ਨਾਨ* ਇਨ੍ਹਾਂ ਸੰਤਾਂ ਪਾਸ ਦਿਖਾਈ ਦਿੰਦੇ ਹਨ। ਦੇਖੋ ਨਾਮ ਵਿਚ ਸੰਤਾਂ ਦੀ ਆਪਣੀ ਆਤਮਾ ਭਿੱਜੀ ਪਈ ਹੈ। ਜੋ ਇਨ੍ਹਾਂ ਸੰਤਾਂ ਦੇ ਕੋਲ ਆ ਕੇ ਦਰਸ਼ਨ ਕਰਦਾ ਹੈ ਉਸਦੇ ਮਨ ਨੂੰ ਠੰਢ ਪੈਂਦੀ ਹੈ। ਦਰਸ਼ਨੀਕਾਂ ਦੇ ਮੁਖੋਂ ਬਦੋਬਦੀ ਨਾਮ ਨਿਕਲਦਾ ਹੈ, ਕਿਸੇ ਨੂੰ ਕਹਿਣ ਦੀ ਲੋੜ ਹੀ ਨਹੀਂ ਪੈਂਦੀ ਕਿ ਤੁਸੀਂ ਨਾਮ ਲਵੋ। ਗੁਰੂ ਧਾਰਨ ਕਰਕੇ ਸੰਤਾਂ ਦੇ ਦਰਸ਼ਨ ਨਾਲ ਹੀ ਚਿੱਤ ਵਿਚ ਨਾਮ ਦਾ ਹੁਲਾਸ ਪੈਦਾ ਹੁੰਦਾ ਹੈ। *ਜਿਸ ਡਿਠਿਆ ਮਨੁ ਰਹਸੀਐ ਸੁ ਸਤਿਗੁਰ ਕਹੀਐ॥*

ਸੋ ਭਾਈ ਜਗਤ ਸਿੰਘ ਜੀ ਨੇ ਤਾਂ ਸੰਤਾਂ ਦੇ ਦਰਸ਼ਨ ਕਰਦਿਆਂ ਹੀ ਆਪਣਾ ਮਨ ਸੰਤਾਂ ਦੇ ਅਰਪਣ ਕਰ ਦਿੱਤਾ। ਭਾਈ ਜਗਤ ਸਿੰਘ ਜੀ ਨੇ ਆਪਣੇ ਸਾਥੀਆਂ ਤੋਂ ਬਾਅਦ ਸੰਤਾਂ ਦੇ ਚਰਨਾਂ ਪਰ ਮੱਥਾ ਟੇਕਿਆ। ਮੱਥਾ ਐਸਾ ਟੇਕਿਆ

ਕਿ ਮੱਥਾ ਚਰਨਾਂ ਉਪਰੋਂ ਚੁਕਣ ਦੀ ਹਿੰਮਤ ਹੀ ਨਾ ਪਈ। ਸਰਬੱਗ ਮਹਾਂਪੁਰਸ਼ਾਂ ਨੇ ਇਸ ਨੌਜਵਾਨ ਦੀ ਇਹ ਦਸ਼ਾ ਦੇਖ ਕੇ ਆਪਣਾ ਕ੍ਰਿਪਾ-ਭਰਿਆ ਹਸਤ ਕਵਲ ਸਿਰ ਉੱਪਰ ਰੱਖਿਆ। ਪਵਿੱਤਰ ਰਸਨਾਂ ਤੋਂ ਆਖਿਆ, ਗੁਰਮੁਖਾ ਉੱਠ, ਗੁਰੂ ਭਲਾ ਕਰੇਗਾ। ਜਦੋਂ ਭਾਈ ਜਗਤ ਸਿੰਘ ਨੇ ਚਰਨਾਂ ਉਪਰੋਂ ਆਪਣਾ ਸਿਰ ਚੁਕਿਆ ਤੇ ਭਾਈ ਸਾਹਿਬ ਦੇ ਨੇਤਰ ਖੁਸ਼ੀ ਵਿਚ ਸਜਲ ਸਨ। ਸੰਤਾਂ ਨੇ ਆਪਣੀ ਰਸਨਾ ਤੋਂ ਮਿੱਠੇ ਬਚਨ ਕਹਿ ਕੇ ਧੀਰਜ ਦਿਤੀ ਅਤੇ ਆਖਿਆ, ਨੌਜਵਾਨੋਂ ਬੈਠੋ ਅਤੇ ਭੋਜਨ ਛਕੋ। ਇਨ੍ਹਾਂ ਨੇ ਸੰਤਾਂ ਦਾ ਬਚਨ ਮੰਨਿਆ, ਜਿੰਨੀ-ਜਿੰਨੀ ਰੁਚੀ ਸੀ ਭੋਜਨ ਛਕਿਆ। ਭੋਜਨ ਛਕਦਿਆਂ ਇਨ੍ਹਾਂ ਤਿੰਨਾਂ ਦੀ ਆਪੋ ਵਿਚ ਦੀ ਕੁਝ ਇਸ ਤਰ੍ਹਾਂ ਵਿਚਾਰ ਹੋਈ। ਭਾਈ ਜਗਤ ਸਿੰਘ ਜੀ ਸੁਣ ਭਈ ਦੀਵਾਨ ਸਿੰਘ ਤੂੰ ਇਕ ਦਿਨ ਆਖਦਾ ਸੈਂ ਕਿ ਕਮਿਉਨਿਜ਼ਮ ਦਾ ਉਦੇਸ਼ ਬੜਾ ਚੰਗਾ ਹੈ। ਤੂੰ ਆਖਦਾ ਸੈਂ ਕਿ ਲੈਨਿਨ ਤੇ ਸਟਾਲਿਨ ਆਪਣੀਆਂ ਕਿਤਾਬਾਂ ਵਿਚ ਲਿਖਦੇ ਹਨ ਤੇ ਉਨ੍ਹਾਂ ਦੇ ਇਜ਼ਮ ਨੂੰ ਧਾਰਨ ਵਾਲੇ ਪ੍ਰਚਾਰ ਤੇ ਲੈਕਚਰ ਕਰਦੇ ਹਨ ਕਿ ਸਾਰਿਆਂ ਵਿਚ ਇਕ ਸਮਾਨਤਾ ਹੋਣੀ ਚਾਹੀਦੀ ਹੈ। ਕਿਸੇ ਤੋਂ ਨਫਰਤ ਨਹੀਂ ਹੋਣੀ ਚਾਹੀਦੀ। ਸੰਗਤ ਪੰਗਤ ਇਕ ਹੋਣੀ ਚਾਹੀਦੀ ਹੈ। ਸਾਰਿਆਂ ਦੇ ਬਰਾਬਰੀ ਦੇ ਹੱਕ ਹੋਣੇ ਚਾਹੀਦੇ ਹਨ। ਮੈਂ ਤਾਂ ਦੀਵਾਨ ਸਿੰਘ ਤੱਕ ਲਿਆ ਹੈ ਕਿ ਐਸੇ ਸਾਂਝੀਵਾਲਤਾ ਦੇ ਬਚਨ ਤੇ ਲੈਕਚਰ ਉਨ੍ਹਾਂ ਦੀਆਂ ਕਿਤਾਬਾਂ ਵਿਚ ਹੀ ਹਨ ਜਾਂ ਉਨ੍ਹਾਂ ਲੈਕਚਰਾਰਾਂ ਦੇ ਮੁਖ ਵਿਚ ਹੀ ਹਨ। ਲੇਕਿਨ ਅਸੂਲਨ ਤੌਰ ਤੇ ਅਮਲ ਕਰਨਾ ਕਿਤੇ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦਾ ਕਿਸੇ ਸਾਂਝੀਵਾਲਤਾ ਦਾ ਲੰਗਰ ਜਿਥੇ ਉਹ ਸਾਰਿਆਂ ਨੂੰ ਰੋਟੀ ਕੱਪੜਾ ਦੇਂਦੇ ਹੋਣ। ਕੋਲ ਬੈਠਾ ਸੁਜਾਨ ਸਿੰਘ ਆਖਦਾ ਹੈ ਕਿ ਜਗਤ ਸਿੰਘ ਜੀ ਇਹ ਦੀਵਾਨ ਸਿੰਘ ਤਾਂ ਮੈਂ ਐਸਾ ਦੇਖਿਆ ਹੈ ਕਿ 'ਜਿਸ ਦੀਆਂ ਸੁਣਾਂ ਗੱਲਾਂ, ਉਸੇ ਨਾਲ ਉਠ ਚੱਲਾਂ ਵਾਲਾ' ਇਸ ਦੇ ਉੱਪਰ ਘਟਦਾ ਹੈ। ਇਸ ਨੇ ਉਨ੍ਹਾਂ ਦੇ ਦੋ ਕੁ ਲੈਕਚਰ ਅਟੈਂਡ ਕੀਤੇ ਹਨ ਤੇ ਕੁਝ ਉਨ੍ਹਾਂ ਦਾ ਲਿਟਰੇਚਰ ਪੜ੍ਹ ਲਿਆ ਹੈ ਤੇ ਇਹ ਉਨ੍ਹਾਂ ਉੱਪਰ ਲੱਟੂ ਹੋਇਆ ਫਿਰਦਾ ਹੈ। ਇਸ ਗੁਰੂ ਘਰ ਨੂੰ ਚੰਗੀ ਤਰ੍ਹਾਂ ਨਹੀਂ ਘੋਖਿਆ। ਦੇਖੋ ਕੈਸੀ ਅਮਲੀ ਜੀਵਨੀ ਹੈ। ਪਿਆਰ ਵਾਲੇ ਲੋਕ ਸੰਤਾਂ ਅੱਗੇ ਆਪਣੇ ਸ਼ਰਧਾ-ਭਰੇ ਹਿਰਦੇ ਨਾਲ ਮਾਇਆ ਰਸਦ ਵਗੈਰਾ ਅਰਪਨ ਕਰੀ ਜਾਂਦੇ ਹਨ ਤੇ ਸੰਤ ਅੱਗੇ ਗੁਰੂ ਕੇ ਲੰਗਰ ਵਿਚ ਸੋ ਮਾਇਆ ਲਾਈ ਜਾਂਦੇ ਹਨ। ਹੋਰ ਤਾਂ ਹੋਰ ਸਾਰੇ ਲੰਗਰ ਦੇ ਪ੍ਰਸ਼ਾਦੇ ਦੇਸੀ ਘੀ ਨਾਲ ਚੋਪੜੇ ਹੋਏ ਵਰਤਦੇ ਹਨ, ਜਿਵੇਂ ਇਕ ਸੁਚੱਜੇ ਮਾਤਾ ਆਪਣੇ ਪਰਿਵਾਰ ਨੂੰ ਛਕਾਉਂਦੀ ਹੈ। ਦਾਲ ਤੇ ਸਬਜ਼ੀ ਕਿਤਨੀ ਸੁਆਦ ਵਾਲੀ ਹੈ ਅਤੇ ਸਾਰਿਆਂ ਨੂੰ ਲੋੜ ਅਨੁਸਾਰ ਇਕਸਾਰ ਵਰਤ ਰਹੀ ਹੈ। ਇਥੇ ਵਰਨ ਆਸ਼ਰਮ ਦਾ ਕੋਈ ਝੇੜਾ ਨਹੀਂ, ਨਾ ਕੋਈ ਜ਼ਾਤ ਪਾਤ ਦਾ ਵਿਤਕਰਾ ਹੈ, ਨਾ ਹੀ ਕੋਈ ਅਪਣੱਤ ਦਿਖਾਈ ਦਿੰਦੀ ਹੈ। ਜਗਤ ਸਿੰਘ ਜੀ, ਤੱਕੋ ਉਹ ਦੋ ਬੰਦੇ ਪਾਟੇ ਕੱਪੜਿਆਂ ਵਾਲੇ ਆਏ ਹਨ, ਸੰਤਾਂ ਨੇ ਆਪਣੇ ਕੋਲੋਂ ਜੋ ਚੰਗੇ ਕਪੜੇ ਪਏ ਸਨ, ਸੋ ਕਪੜੇ ਉਨ੍ਹਾਂ ਨੂੰ ਦੇ ਕੇ ਖੁਸ਼ ਕੀਤਾ ਹੈ। ਭਾਈ ਜਗਤ ਸਿੰਘ ਜੀ ਆਖਦੇ ਹਨ ਕਿ ਸੁਜਾਨ ਸਿੰਘ ਇਸੇ ਨੂੰ ਗੁਰੂ ਘਰ ਵਿਚ ਉੱਚਾ ਦਾਨ ਦੇਣਾ ਕਿਹਾ ਹੈ। ਇਹ ਹੈ ਦਾਨ ਦਾ ਅਸਲੀ ਰੂਪ। ਇਹ ਹੈ ਸਾਂਝੀਵਾਲਤਾ ਦਾ ਅਸਲੀ ਅਸੂਲ। ਇਹ ਚੀਜ਼ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ ਮਹਾਂਪੁਰਸ਼ਾਂ ਨੇ ਕਾਇਮ ਰੱਖੀ ਹੋਈ ਹੈ। ਭਾਈ ਜਗਤ ਸਿੰਘ ਤਾਂ ਸੰਤਾਂ ਤੇ ਬਹੁਤ ਸ਼ਰਧਾ ਰੱਖਣ ਵਾਲਾ ਹੋ ਗਿਆ। ਗੱਲ ਕੀ, ਜਗਤ ਸਿੰਘ ਜੀ ਨੇ ਆਪਣੀ ਜ਼ਿੰਦਗੀ ਸੰਤਾਂ ਨੂੰ ਅਰਪਣ ਕਰ ਦਿੱਤੀ। ਇਤਨਾ ਆਸ਼ਕ ਹੋ ਗਿਆ ਕਿ ਪੜ੍ਹਾਈ ਛੱਡ ਬੈਠਾ ਤੇ ਪਿਤਾ ਵੀ ਨਰਾਜ਼ ਹੋ ਗਿਆ। ਸ਼ਾਦੀ-ਸ਼ੁਦਾ ਹੋਣ ਕਾਰਨ ਘਰ ਵਾਲੀ ਵੀ ਭਾਈ ਸਾਹਿਬ ਨਾਲ ਕੁਝ ਨਫਰਤ ਕਰਨ ਲਗ ਪਈ। ਆਪਣੇ ਪੇਕੇ ਘਰ ਆਪਣੇ ਪਿਤਾ ਪਾਸ ਹੀ ਰਹਿਣ ਲਗ ਪਈ। ਭਾਈ ਜਗਤ ਸਿੰਘ ਜੀ ਪਰ ਕੁਝ ਸਮਾਂ ਕਾਫੀ ਔਕੜ ਦਾ ਆਇਆ। ਭਾਈ ਸਾਹਿਬ ਸੰਤਾਂ ਦੀ ਸੰਗਤ ਕਰਕੇ ਇਸ ਔਕੜ ਦੇ ਸਮੇਂ ਨੂੰ ਖੁਸ਼ੀ-ਖੁਸ਼ੀ ਕੱਟ ਗੁਜ਼ਰੇ ਅਤੇ ਸੰਤ ਮਹਾਰਾਜ ਜੀ ਦਾ ਸਤਿਸੰਗ ਨਹੀਂ ਛੱਡਿਆ।

ਇਕ ਵਾਰੀ ਭਾਈ ਜਗਤ ਸਿੰਘ ਜੀ ਡੇਰੇ ਸੰਤਗੜ੍ਹ ਵਿਖੇ ਸੰਤ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ। ਬੜੀ ਸ਼ਰਧਾ ਨਾਲ ਯਥਾ-ਸ਼ਕਤ ਭੇਟਾ ਸੰਤਾਂ ਦੇ ਅੱਗੇ ਰੱਖੀ ਅਤੇ ਨਮਸ਼ਕਾਰ ਕੀਤੀ। ਫਿਰ ਬਾਬਾ ਈਸ਼ਰ ਸਿੰਘ ਜੀ ਨੂੰ ਵੀ ਆ ਕੇ ਪਿਆਰ ਭਰੀ ਨਮਸ਼ਕਾਰ ਕੀਤੀ। ਉਸ ਸਮੇਂ ਦਾਸ ਲਿਖਾਰੀ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦਾ ਸੀ।

ਮੇਰੇ ਦੁਆਰਾ ਭਾਈ ਜਗਤ ਸਿੰਘ ਜੀ ਨੇ ਬਾਬਿਆਂ ਪਾਸ ਬੇਨਤੀ ਕੀਤੀ। ਦਾਸ ਨੇ ਕਿਹਾ ਕਿ ਬਾਬਾ ਜੀ ਭਾਈ ਜਗਤ ਸਿੰਘ ਜੀ ਕੋਈ ਨੌਕਰੀ ਚਾਹੁੰਦੇ ਹਨ। ਆਪ ਜੀ ਕ੍ਰਿਪਾ ਕਰੋ ਭਾਈ ਸਾਹਿਬ ਜੀ ਨੂੰ ਕੋਈ ਨੌਕਰੀ ਮਿਲ ਜਾਵੇ। ਬਾਬਾ ਜੀ ਨੇ ਮੇਰੀ ਬੇਨਤੀ ਸੁਣ ਕੇ ਭਾਈ ਜਗਤ ਸਿੰਘ ਜੀ ਦੇ ਚਿਹਰੇ ਵਲ ਤੱਕਿਆ, ਪਰ ਤੱਕਿਆ ਵੀ ਖਾਸ ਨਿਗ੍ਹਾ ਨਾਲ। ਤੱਕ ਕੇ ਫਿਰ ਆਖਦੇ ਹਨ, ਇਹ ਤਾਂ ਸਾਡਾ ਤਸੀਲਦਾਰ ਹੈ। ਉਸੀ ਦਿਨ ਤੋਂ ਭਾਈ ਜਗਤ ਸਿੰਘ ਦਾ ਨਾਂ ਤਸੀਲਦਾਰ ਪੈ ਗਿਆ।

ਅਜੇ ਤਾਈਂ ਵੀ ਭਾਈ ਸਾਹਿਬ ਦਾ ਨਾਂ ਜਗਤ ਸਿੰਘ ਕੋਈ ਨਹੀਂ ਆਖਦਾ, ਸਭ ਤਸੀਲਦਾਰ ਹੀ ਆਖਦੇ ਹਨ। ਸੰਤ ਮਹਾਰਾਜ ਜੀ ਵੀ ਜਦੋਂ ਬੁਲਾਉਂਦੇ ਤਸੀਲਦਾਰ ਕਹਿ ਕੇ ਅਵਾਜ਼ ਮਾਰਦੇ। ਹੁਣ ਤਸੀਲਦਾਰ ਪਰ ਸੰਤ ਮਹਾਰਾਜ ਦੀਆਂ ਬਹੁਤ ਖੁਸ਼ੀਆਂ ਹੋਣ ਲੱਗੀਆਂ। ਇਕ ਵਾਰੀ ਤਸੀਲਦਾਰ ਨੂੰ ਜਪ ਤਪ ਕਰਨ ਵਾਸਤੇ ਬਿਠਾ ਦਿੱਤਾ, ਸਿਮਰਨ ਦਾ ਸਾਧਨ ਸੁੱਚੇ ਕੇਸੀ ਇਸ਼ਨਾਨ ਕਰਕੇ, ਕਪੜੇ ਬਦਲ ਕੇ ਦਿੱਬ ਦੀ ਸਫ ਪਰ ਗਰਮ ਆਸਣ ਵਿਛਾ ਕੇ ਬੈਠਣਾ ਅਤੇ ਧੂਪ ਦਾ ਹਮਨ ਕਰਨਾ, ਗਊ ਦੇ ਘੀ ਦੀ ਜੋਤ ਜਗਾਉਣੀ, ਆਪਣੇ ਕੋਲ ਪਾਣੀ ਵੀ ਰੱਖ ਕੇ ਫਿਰ ਸਿਮਰਨ ਕਰਨਾ। ਜਦੋਂ ਇਸ ਤਰੀਕੇ ਨਾਲ ਤੀਹ ਦਿਨ ਸਿਮਰਨ ਕਰਦੇ ਹੋਏ ਤਾਂ ਸੰਤਾਂ ਦੀ ਕ੍ਰਿਪਾ ਦੁਆਰਾ ਕੋਈ ਰੂਹਾਨੀਅਤ ਦਾ ਚਮਤਕਾਰ ਦਿਖਾਈ ਦਿੱਤਾ। ਇਸ ਨੂੰ ਤਸੀਲਦਾਰ ਸਾਹਿਬ ਸਹਾਰ ਨਾ ਸਕੇ। ਬਲਕਿ ਭੈ ਕਰਕੇ ਸੰਤਾਂ ਦੇ ਚਰਨਾਂ ਵਿਚ ਦੌੜ ਆਇਆ ਤਾਂ ਲੱਗਾ ਅਟੱਲ-ਪਟੱਲ ਗੱਲਾਂ ਕਰਨ। ਅੱਗੇ ਸੰਤ ਮਹਾਰਾਜ ਪੂਰਨ ਸਨ। ਫਿਰ ਸੰਤਾਂ ਨੇ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰਕੇ ਇਸ ਨੂੰ ਭੈ ਤੋਂ ਹੋਸ਼ ਵਿਚ ਲਿਆਂਦਾ। ਜੇ ਸੰਤ ਮਹਾਰਾਜ ਜੀ ਇਸ ਨੂੰ ਨਾ ਸਾਂਭਦੇ ਤਾਂ ਜ਼ਰੂਰ ਸ਼ੁਦਾਈ (ਪਾਗਲ) ਹੋ ਜਾਂਦਾ। ਫਿਰ ਸੰਤਾਂ ਨੇ ਇਸ ਤੋਂ ਚਾਲੀ ਦਿਨਾਂ ਦਾ ਜਪ ਆਪਣੀ ਕ੍ਰਿਪਾ ਵਿਚ ਰਖ ਕੇ ਪੂਰਾ ਕਰਾਇਆ। ਬਹੁਤ ਦੇਰ ਤਕ ਇਸੇ ਤਰ੍ਹਾਂ ਧੂਪ ਦੀਪ ਕਰਕੇ ਖੁੱਲ੍ਹੇ ਤਰੀਕੇ ਨਾਲ ਜਪ-ਤਪ ਕਰਦਾ ਰਿਹਾ। ਇਸ ਦੇ ਨਾਲ ਦੂਸਰਾ ਸਾਥੀ ਸ੍ਰ: ਕਰਤਾਰ ਸਿੰਘ ਢਿਲੋਂ ਨਿਵਾਸੀ ਗੰਡੀਵਿੰਡ ਰਲ ਗਿਆ। ਸ੍ਰ: ਕਰਤਾਰ ਸਿੰਘ ਜੀ ਦਾ ਹਾਲ ਅੱਗੇ ਚਲ ਕੇ ਦੇਵਾਂਗਾ। ਇਨ੍ਹਾਂ ਦੋਨਾਂ ਦੇ ਜ਼ੱਰੀਏ ਮਾਝੇ ਦੇ ਇਲਾਕੇ ਵਿਚ ਬਹੁਤ ਘਰਾਣਿਆਂ ਨੂੰ ਸੰਤ ਮਹਾਰਾਜ ਜੀ ਦੀ ਬਖਸ਼ਿਸ਼ ਨਾਲ ਸਿਮਰਨ ਦੀ ਦਾਤ ਪ੍ਰਾਪਤ ਹੋਈ ਅਤੇ ਗੁਰਮਤਿ ਨਾਲ ਜੋੜਿਆ। ਇਨ੍ਹਾਂ ਦੇ ਜ਼ੱਰੀਏ ਹੀ ਸੰਧੂ ਬੱਸ ਵਾਲੇ ਸ੍ਰ: ਹਜ਼ਾਰਾ ਸਿੰਘ ਤੇ ਸ੍ਰ: ਬਸੰਤ ਸਿੰਘ ਜੀ ਸੰਤ ਮਹਾਰਾਜ ਜੀ ਦੇ ਸ਼ਰਧਾਲੂ ਹੋਏ ਸਨ। ਭਾਵੇਂ ਵੀ ਬਾਅਦ ਵਿਚ ਸੰਤ ਮਹਾਰਾਜ ਬਾਬਾ ਹਰੀ ਸਿੰਘ ਜੀ ਮੁਕੇਰੀਆਂ ਵਾਲਿਆਂ ਦਾ ਇਨ੍ਹਾਂ ਦੇ ਆਉਣਾ ਜਾਣਾ ਬਹੁਤ ਹੋ ਗਿਆ ਸੀ। ਭਾਈ ਜਗਤ ਸਿੰਘ ਜੀ ਦੇ ਦੁਆਰਾ ਹੀ ਪਿੰਡ ਮੋਹਣ ਪੁਰੇ ਵਿਚ ਸ੍ਰ: ਮਘਰ ਸਿੰਘ ਜੀ ਤੋਂ ਆਦਿ ਸਾਰੇ ਮਾਈ ਭਾਈਆਂ ਨੂੰ ਸੰਤ ਮਹਾਰਾਜ ਜੀ ਦਾ ਸਤਿਸੰਗ ਪ੍ਰਾਪਤ ਹੋਇਆ। ਸੰਤਾਂ ਦੇ ਸਤਿਸੰਗ ਦੁਆਰਾ ਗੁਰਮਤਿ ਨੂੰ ਪ੍ਰਾਪਤ ਹੋਏ। ਪਿੰਡ ਬੁਰਜ ਵਿਚ ਦਫੇਦਾਰ ਗਿਆਨ ਸਿੰਘ ਜੀ ਤੋਂ ਆਦਿ ਸੰਤਾਂ ਨੇ ਉਪਦੇਸ਼ ਦੇ ਕੇ ਨਿਹਾਲ ਕੀਤਾ। ਸ੍ਰ: ਅਜਾਪਾਲ ਸਿੰਘ ਜੀ ਪਿੰਡ ਐਮੇ ਵਾਲਿਆਂ ਨੂੰ ਵੀ ਸੰਤਾਂ ਦਾ ਉਪਦੇਸ਼ ਹੋਇਆ ਤੇ ਗੁਰਮਤਿ ਪ੍ਰਾਪਤ ਕੀਤੀ। ਪਿੰਡ ਸਿੰਘ ਪੁਰੇ ਵਿਚ ਵੀ ਸੰਤਾਂ ਦਾ ਆਉਣਾ ਜਾਣਾ ਬਹੁਤ ਸੀ ਤੇ ਸ੍ਰ: ਪ੍ਰੀਤਮ ਸਿੰਘ ਜੀ ਤੇ ਸ੍ਰ: ਪ੍ਰੀਤਮ ਸਿੰਘ ਜੀ ਦੀ ਪਤਨੀ ਸੰਤਾਂ ਦੇ ਬਹੁਤ ਸ਼ਰਧਾਲੂ ਹਨ ਅਤੇ ਇਨ੍ਹਾਂ ਦੋਨਾਂ ਉੱਪਰ ਸੰਤਾਂ ਦੀਆਂ ਬਹੁਤ ਬਖਸ਼ਿਸ਼ਾਂ ਹੋਈਆਂ ਹਨ। ਹੁਣ ਵੀ ਸੰਤਾਂ ਦੀ ਹਰ ਬਰਸੀ ਪਰ ਆ ਕੇ ਯਥਾ-ਸ਼ਕਤ ਸੇਵਾ ਕਰਦੇ ਹਨ। ਗੱਲ ਕੀ ਇਸ ਇਲਾਕੇ ਵਿਚ ਸੰਤਾਂ ਨੇ ਸਤਿਸੰਗ ਕਰ ਕਰ ਕੇ ਸੰਗਤਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਪਿੰਡ ਅਦਲੀ ਵਾਲੇ ਵਿਚ ਸ਼ਾਹ ਜੀ ਨੇ ਵੀ ਸੰਤਾਂ ਤੋਂ ਉਪਦੇਸ਼ ਲੈ ਕੇ ਆਪਣੇ ਜੀਵਨ ਨੂੰ ਸਫਲਾ ਕੀਤਾ। ਇਹ ਚੁਣਵੇਂ-ਚੁਣਵੇਂ ਪਿੰਡ ਲਿਖੇ ਹਨ। ਪਰ ਇਸ ਮਾਝੇ ਦੇ ਇਲਾਕੇ ਵਿਚ ਸੰਤਾਂ ਦੇ ਬਹੁਤ ਸਤਿਸੰਗੀ ਹਨ। ਤਸੀਲਦਾਰ ਜਗਤ ਸਿੰਘ ਦਾ ਪਿਤਾ ਚੜ੍ਹਾਈ ਕਰ ਗਿਆ। ਫਿਰ ਤਸੀਲਦਾਰ ਜੀ ਨੇ ਆਪਣੇ ਪਿਤਾ ਜੀ ਦੀ ਜਾਇਦਾਦ ਦੇ ਅੱਧ ਦੇ ਮਾਲਕ ਪੱਕੀ ਤਰ੍ਹਾਂ ਹੋ ਗਏ। ਦੂਸਰੇ ਪਾਸੇ ਤਸੀਲਦਾਰ ਜੀ ਦਾ ਸਹੁਰਾ ਪੁੱਤਰ ਤੋਂ ਬਿਨਾਂ ਬੇਔਲਾਦ ਮਰ ਗਿਆ। ਉਸ ਦੀ ਸਾਰੀ ਜਾਇਦਾਦ ਤਸੀਲਦਾਰ ਦੀ ਪਤਨੀ ਨੂੰ ਮਿਲ ਗਈ। ਅੱਗੇ ਤਸੀਲਦਾਰ ਦੇ ਦੋ ਪੁੱਤਰ ਆਪਣੇ ਨਾਨਾ ਜੀ ਦੀ ਜਾਇਦਾਦ ਪਰ ਰਹਿ ਕੇ ਆਪਣੀ

ਜ਼ਿੰਦਗੀ ਬਤੀਤ ਕਰ ਰਹੇ ਹਨ। ਪਿੰਡ ਗੁਰੂ ਕੇ ਜੰਡਿਆਲੇ ਵਿਚ ਇਹ ਦੋਨੋਂ ਪੁੱਤਰ ਕੋਠੀਆਂ ਪਾ ਕੇ ਅਨੰਦ ਮਾਣਦੇ ਹਨ। ਤਸੀਲਦਾਰ ਜੀ ਆਪਣੇ ਘਰ ਦੀ ਜਾਇਦਾਦ ਤੇ ਸੁੱਖ ਲੈ ਰਹੇ ਹਨ। ਟੈਲੀਵੀਜ਼ਨ ਲੱਗੇ ਹੋਏ ਹਨ। ਹੁਣ ਤਸੀਲਦਾਰਾਂ ਦੀ ਜ਼ਿੰਦਗੀ ਨਾਲੋਂ ਕਿਤੇ ਵੱਧ ਸੁਖ ਲੈ ਰਹੇ ਹਨ। ਸਤਿਸੰਗ ਕਰਦੇ ਹਨ ਡੇਰੇ ਸੰਤਗੜ੍ਹ ਵਿਚੰ ਬਹੁਤ ਪਿਆਰ ਨਾਲ ਸਾਲ ਵਿਚ ਦੋ ਚਾਰ ਵਾਰੀ ਦਰਸ਼ਨ ਕਰ ਜਾਂਦੇ ਹਨ। ਸਕੂਟਰ ਰੱਖਿਆ ਹੋਇਆ ਹੈ। ਬਾਬਾ ਭਗਤ ਸਿੰਘ ਜੀ ਚੋਲ੍ਹੇ ਸਾਹਿਬੀਆਂ ਨਾਲ ਬਹੁਤ ਪਿਆਰ ਹੈ ਅਤੇ ਮੁਕੇਰੀਆਂ ਗੁਰਦੁਆਰਾ ਕਿਲ੍ਹਾ ਅਟੱਲਗੜ੍ਹ ਵਾਲਿਆਂ ਨਾਲ ਬਹੁਤ ਪਿਆਰ ਹੈ। ਮੁਕੇਰੀਏ ਕਾਫੀ ਆਉਂਦੇ ਜਾਂਦੇ ਹਨ। ਮੇਰਾ ਭਾਵ ਕਹਿਣ ਦਾ ਹੈ ਕਿ ਸੰਤਾਂ ਦੇ ਤੇ ਬਾਬਾ ਈਸ਼ਰ ਸਿੰਘ ਜੀ ਦੇ ਬਚਨ ਅਟੱਲ ਹੋ ਗਏ ਹਨ ਕਿ ਤਸੀਲਦਾਰਾਂ ਦੀ ਜ਼ਿੰਦਗੀ ਨਾਲੋਂ ਵੀ ਅੱਛੀ ਜ਼ਿੰਦਗੀ ਬਤੀਤ ਕਰਦੇ ਹਨ।। ਇਤੀ।।

ਬਾਬੂ ਕਾਨ੍ਹ ਸਿੰਘ ਜੀ ਦੁਆਰਾ ਡਾਕਟਰ ਚਰਨ ਸਿੰਘ ਦਾ ਸੰਤਾਂ ਨਾਲ ਮਿਲਾਪ

ਇਹ ਵਾਰਤਾ ਸੰਨ 1946 ਦੀ ਹੈ— ਡਾਕਟਰ ਚਰਨ ਸਿੰਘ ਜੀ ਸਪੈਸ਼ਲਿਸਟ ਅਪਰੇਸ਼ਨਲ ਡਾਕਟਰ ਲਾਹੌਰ ਖੇੜਾ ਹਸਪਤਾਲ ਵਿਚ ਦੁਖੀ ਪ੍ਰਾਣੀਆਂ ਦੇ ਅਪਰੇਸ਼ਨ ਕਰਿਆ ਕਰਦੇ ਸਨ। ਜਿਥੇ ਵਾਹਿਗੁਰੂ ਨੇ ਡਾਕਟਰੀ ਦੀ ਉੱਚ ਵਿਦਿਆ ਚਰਨ ਸਿੰਘ ਜੀ ਨੂੰ ਬਖਸ਼ੀ ਉਥੇ ਡਾਕਟਰ ਜੀ ਦੇ ਹੱਥ ਵਿਚ ਵੀ ਬਖਸ਼ਿਸ਼ ਕੀਤੀ। ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਜਿਸ ਮਰੀਜ਼ ਨੂੰ ਹੱਥ ਪਾਇਆ ਉਸ ਮਰੀਜ਼ ਨੂੰ ਹੀ ਵਾਹਿਗੁਰੂ ਨੇ ਤੰਦਰੁਸਤੀ ਬਖਸ਼ੀ। ਜਿਥੇ ਡਾਕਟਰ ਜੀ ਡਾਕਟਰੀ ਵਿਦਿਆ ਵਿਚ ਗੁਰੂ ਕ੍ਰਿਪਾ ਨਾਲ ਪੂਰਨ ਸਨ ਉਥੇ ਡਾਕਟਰ ਜੀ ਦੇ ਹਿਰਦੇ ਵਿਚ ਵਾਹਿਗੁਰੂ ਨੇ ਸੰਤਾਂ ਦਾ ਸਤਿਸੰਗ ਕਰਨ ਦਾ ਪ੍ਰੇਮ ਵੀ ਬਖਸ਼ਿਆ। ਜਿਥੇ ਵੀ ਕੋਈ ਸਾਧੂ ਸੁਣਦੇ ਉਥੇ ਜਾ ਕੇ ਸਾਧੂ ਦਾ ਦਰਸ਼ਨ ਕਰਦੇ ਅਤੇ ਯਥਾ-ਸ਼ਕਤ ਸੇਵਾ ਵੀ ਕਰਦੇ, ਪਰ ਮਨ ਨੂੰ ਸ਼ਾਂਤੀ ਨਾ ਆਉਂਦੀ ਅਤੇ ਮਨ ਤਸੱਲੀ ਵਿਚ ਨਾ ਆਉਂਦਾ ਕਿ ਇਹ ਸਾਧੂ ਮੇਰਾ ਪਰਮਾਰਥ ਸੁਧਾਰ ਦੇਵੇਗਾ।

ਇਕ ਵਾਰੀ ਬਾਬੂ ਕਾਹਨ ਸਿੰਘ ਜੀ ਡਾਕਟਰ ਜੀ ਨੂੰ ਮਿਲੇ ਅਤੇ ਆਪੋ ਵਿਚ ਬੜੇ ਪ੍ਰੇਮ ਦੇ ਬਚਨ ਹੋਏ। ਬਾਬੂ ਕਾਹਨ ਸਿੰਘ ਜਦੋਂ ਲਾਹੌਰ ਵਿਚ ਆਪ ਰੇਲਵੇ ਦੀ ਨੌਕਰੀ ਕਰਦੇ ਸਨ, ਉਸ ਸਮੇਂ ਦਾ ਡਾਕਟਰ ਜੀ ਨਾਲ ਚੰਗਾ ਵਰਤਾਓ ਤੇ ਕਾਫੀ ਪ੍ਰੇਮ ਸੀ। ਇਸ ਵਾਸਤੇ ਹੀ ਅੱਜ ਪ੍ਰੇਮ ਨਾਲ ਮਿਲੇ ਹਨ। ਹੁਣ ਡਾਕਟਰ ਜੀ ਨੇ ਬਾਬੂ ਜੀ ਪਾਸ ਆਪਣੇ ਮਨ ਦੀ ਇੱਛਾ ਪ੍ਰਗਟ ਕੀਤੀ ਕਿ ਬਾਬੂ ਜੀ ਮੈਂ ਦਾਸ ਨੇ ਬਹੁਤ ਸਾਧੂਆਂ ਦੇ ਦਰਸ਼ਨ ਕੀਤੇ ਹਨ ਪਰ ਮੇਰਾ ਮਨ ਉਨ੍ਹਾਂ ਸਾਧੂਆਂ ਤੇ ਤਸੱਲੀ ਤੇ ਸ਼ਰਧਾ ਨਹੀਂ ਕਰਦਾ। ਬਾਬੂ ਜੀ ਨੇ ਡਾਕਟਰ ਜੀ ਤੋਂ ਸੁਣ ਕੇ ਕਿਹਾ ਕਿ ਡਾਕਟਰ ਜੀ ਤੁਸੀਂ ਮੇਰੇ ਤੇ ਤਸੱਲੀ ਰੱਖੋ। ਮੈਂ ਆਪ ਜੀ ਨੂੰ ਪੂਰਨ ਪੁਰਖਾਂ ਤੇ ਪੂਰਨ ਬ੍ਰਹਮ-ਗਿਆਨੀਆਂ ਦੇ ਦਰਸ਼ਨ ਕਰਾਵਾਂਗਾ। ਜਿਨ੍ਹਾਂ ਦੇ ਦਰਸ਼ਨ ਕੀਤਿਆਂ ਹੀ ਮਨ ਨੂੰ ਸ਼ਾਂਤੀ ਆ ਜਾਵੇ ਤੇ ਮਨ ਨੂੰ ਅਨੰਦ ਆ ਜਾਵੇ। ਜਿਸ ਦੇ ਡਿਠਿਆਂ ਲਹਿਣ ਵਿਜੋਗਾ ਜੀ। ਡਾਕਟਰ ਜੀ ਨੇ ਕਿਹਾ ਕਿ ਬਾਬੂ ਜੀ ਜੇ ਆਪ ਜੀ ਐਸੇ ਪੂਰਨ ਪੁਰਖਾਂ ਦੇ ਦਰਸ਼ਨ ਕਰਾ ਦੇਵੋ ਤਾਂ ਦਾਸ ਸਦਾ ਵਾਸਤੇ ਤੇਰਾ ਰਿਣੀ ਰਹੇਗਾ, ਤਾਂ ਬਾਬੂ ਜੀ ਨੇ ਆਖਿਆ, ਚੰਗਾ ਫਿਰ ਇਸ ਸਾਲ ਨਨਕਾਣਾ ਸਾਹਿਬ ਜਾਣ ਦਾ ਪ੍ਰੋਗਰਾਮ ਪੱਕਾ ਬਣਾ ਲਵੋ। ਉਥੇ ਗੁਰੂ ਜੀ ਦੀ ਪਵਿੱਤਰ ਨਗਰੀ ਵਿਚ ਹੀ ਆਪ ਜੀ ਨੂੰ ਪੂਰਨ ਪੁਰਖਾਂ ਦੇ ਦਰਸ਼ਨ ਕਰਾਵਾਂਗਾ ਤਾਂ ਡਾਕਟਰ ਜੀ ਨੇ ਬਾਬੂ ਜੀ ਪਾਸ ਸਨਿੰਮਰ ਬੇਨਤੀ ਕੀਤੀ ਕਿ ਬਾਬੂ ਜੀ ਆਪ ਜੀ ਨੇ ਮੈਨੂੰ ਲਾਹੌਰ ਨਾਲ ਲੈ ਚਲਣਾ। ਬਾਬੂ ਜੀ ਨੇ ਵੀ ਸਤਿਬਚਨ ਕਹਿ ਦਿੱਤਾ।

ਹੁਣ ਸਮਾਂ ਲੰਘਦਾ ਗਿਆ ਤੇ ਕੱਤਕ ਦਾ ਮਹੀਨਾ ਵੀ ਆ ਗਿਆ। ਜੋ ਕਿ ਮਹਾਨ ਅਨੰਦ ਦੇਣ ਵਾਲੀ ਸਰਦ ਰੁੱਤ ਆ ਗਈ। ਇਸ ਰੁੱਤ ਦੇ ਕੱਤਕ ਮਹੀਨੇ ਵਿਚ ਸਤਿਗੁਰੂ ਨਾਨਕ ਸਾਹਿਬ ਜੀ ਦਾ ਪਵਿੱਤਰ ਅਵਤਾਰ ਧਾਰਨ ਪੁਰਬ ਵੀ ਨੇੜੇ ਆ ਗਿਆ। ਸੰਤ ਮਹਾਰਾਜ ਜੀ ਪੂਰਨਮਾਸ਼ੀ ਤੋਂ ਤਿੰਨ ਦਿਨ ਪਹਿਲਾਂ ਹੀ ਨਨਕਾਣੇ ਸਾਹਿਬ ਚਲੇ ਗਏ ਤੇ ਇਕ ਹਵੇਲੀ ਵਿਚ ਜੋ ਕਿ ਛੇਵੇਂ ਸਤਿਗੁਰੂ ਜੀ ਦੇ ਪਵਿੱਤਰ ਅਸਥਾਨ ਖੂਹ ਦੀ ਜ਼ਮੀਨ ਵਿੱਚ ਗੁਰਦਵਾਰੇ ਦੇ

ਨੇੜੇ ਸੀ, ਮਹਾਂਪੁਰਸ਼ਾਂ ਨੇ ਇਥੇ ਆਸਣ ਲਾ ਕੇ ਲੰਗਰ ਪਕਾਉਣਾ ਛਕਾਉਣਾ ਸ਼ੁਰੂ ਕਰ ਦਿੱਤਾ। ਇਧਰੋਂ ਬਾਬੂ ਜੀ ਤੇ ਡਾਕਟਰ ਜੀ ਵੀ ਨਨਕਾਣੇ ਸਾਹਿਬ ਪਹੁੰਚ ਗਏ। ਦੋਹਾਂ ਨੇ ਪਹਿਲਾਂ ਗੁਰੂ ਜੀ ਦੇ ਪਵਿੱਤਰ ਅਸਥਾਨ ਦੇ ਦਰਸ਼ਨ ਕੀਤੇ ਅਤੇ ਕੜਾਹ ਪ੍ਰਸ਼ਾਦਿ ਦੀਆਂ ਦੇਗਾਂ ਗੁਰੂ ਸਾਹਿਬ ਦੇ ਪਵਿੱਤਰ ਅਸਥਾਨ ਪਰ ਭੇਟ ਕੀਤੀਆਂ ਤੇ ਸ਼ਰਧਾ ਭਰੇ ਹਿਰਦੇ ਨਾਲ ਪਵਿੱਤਰ ਅਸਥਾਨ ਦੇ ਦਰਸ਼ਨ ਕੀਤੇ। ਫਿਰ ਸੰਤ ਮਹਾਰਾਜ ਜੀ ਦੇ ਦਰਸ਼ਨ ਪ੍ਰਸਣ ਨੂੰ ਚਲ ਪਏ।

ਜਦੋਂ ਗੁਰਦੁਆਰਾ ਕਿਆਰਾ ਸਾਹਿਬ ਆਏ ਤਾਂ ਗੁਰਦਵਾਰੇ ਦੀ ਯਾਤਰਾ ਕੀਤੀ ਤੇ ਦਰਸ਼ਨ ਕੀਤੇ। ਗੁਰਦੁਆਰਾ ਕਿਆਰਾ ਸਾਹਿਬ ਇਕ ਮਹਾਂ ਪੁਰਸ਼ਾਂ ਦੇ ਦਰਸ਼ਨ ਹੋਏ ਜੋ ਲੱਕੜੀ ਦੇ ਮੰਜੇ ਤੇ ਬੈਠੇ ਸਨ ਤਾਂ ਡਾਕਟਰ ਜੀ ਨੇ ਪੁਛਿਆ ਕਿ ਇਹ ਸੰਤ ਹਨ? ਬਾਬੂ ਜੀ ਨੇ ਉੱਤਰ ਦਿੱਤਾ ਕਿ ਇਹ ਸੰਤ ਉਹ ਸੰਤ ਨਹੀਂ ਜਿਨ੍ਹਾਂ ਦੇ ਦਰਸ਼ਨ ਨੂੰ ਅਸੀਂ ਜਾ ਰਹੇ ਹਾਂ। ਤਾਂ ਡਾਕਟਰ ਜੀ ਨੇ ਕਿਹਾ ਕਿ ਬਾਬਾ ਜੀ ਇਹ ਕੌਣ ਸੰਤ ਹਨ? ਤਾਂ ਬਾਬੂ ਜੀ ਨੇ ਕਿਹਾ ਕਿ ਡਾਕਟਰ ਜੀ ਇਨ੍ਹਾਂ ਸੰਤਾਂ ਦਾ ਨਾਮ ਗੁਰਮੁਖ ਸਿੰਘ ਜੀ ਹੈ ਜੋ ਕਿ ਨਨਕਾਣਾ ਸਾਹਿਬ ਸਾਰੇ ਅਸਥਾਨਾਂ ਦੀ ਸੇਵਾ ਕਰਵਾ ਰਹੇ ਹਨ। ਦੋਨੋਂ ਜਣੇ ਇਹ ਬਚਨ ਵੀ ਕਰਦੇ ਜਾਂਦੇ ਹਨ, ਨਾਲ ਹੀ ਸੰਤਾਂ ਦੀ ਪ੍ਰੇਮ ਰੂਪ ਡੋਰੀ ਨਾਲ ਖਿਚੇ ਕਾਹਲੀ-ਕਾਹਲੀ ਤੁਰੇ ਵੀ ਜਾਂਦੇ ਹਨ। ਇਤਨੇ ਨੂੰ ਛੇਵੇਂ ਪਾਤਿਸ਼ਾਹ ਦਾ ਖੂਹ ਆ ਗਿਆ। ਇਸ ਅਸਥਾਨ ਵਿਖੇ ਇਕ ਹਵੇਲੀ ਤੱਕੀ।

ਹੁਣ ਇਸ ਹਵੇਲੀ ਵਿਚ ਦੋਨੋਂ ਜਾ ਬੜੇ। ਹਵੇਲੀ ਵਿਚ ਆ ਕੇ ਤੱਕਿਆ ਇਕ ਪਾਸੇ ਲੋਹਾਂ ਪਰ ਪ੍ਰਸ਼ਾਦੇ ਪੱਕ ਰਹੇ ਹਨ, ਇਕ ਪਾਸੇ ਦਾਲਾਂ ਸਬਜ਼ੀਆਂ ਤਿਆਰ ਹੋ ਰਹੀਆਂ ਹਨ। ਹਵੇਲੀ ਦੇ ਇਕ ਪਾਸੇ ਪਰਾਲੀ ਵਿਛਾ ਕੇ ਸੰਗਤਾਂ ਦੇ ਆਸਣ ਲੱਗੇ ਹੋਏ ਹਨ। ਇਸ ਹਵੇਲੀ ਦੇ ਇਕਲਵੰਜੇ ਜਿਹੇ ਪੰਜ ਸੱਤ ਸਾਧੂ ਮੰਜਾ ਡਾਹੀ ਕੋਈ ਬੈਠਾ ਹੈ ਕੋਈ ਲੰਮਾ ਪੈ ਕੇ ਆਰਾਮ ਕਰ ਰਿਹਾ ਹੈ। ਮੰਜਿਆਂ ਤੇ ਕੋਈ ਬਿਸਤਰੇ ਨਹੀਂ ਵਿਛੇ ਹੋਏ, ਬਲਕਿ ਸਾਧੂਆਂ ਨੇ ਆਪੋ ਆਪਣੇ ਆਸਣ ਵਿਛਾਏ ਹੋਏ ਹਨ। ਹੁਣ ਡਾਕਟਰ ਜੀ ਨੇ ਪੁਛਿਆ ਕਿ ਬਾਬੂ ਜੀ ਇਨ੍ਹਾਂ ਵਿਚ ਪੂਰਨ ਮਹਾਂਪੁਰਸ਼ ਕਿਹੜੇ ਹਨ? ਬਾਬੂ ਜੀ ਨੇ ਸਮਝਾਇਆ ਕਿ ਡਾਕਟਰ ਜੀਉ ਜਿਸ ਸਧਾਰਨ ਜਿਹੀ ਮੰਜੀ ਤੇ ਕਾਲੀ ਡੱਬੀ ਵਾਲਾ ਖੇਸ ਵਿਛਾਇਆ ਹੋਇਆ ਹੈ ਉਸ ਪਰ ਗਰੀਬ-ਨਿਵਾਜ਼ ਬੈਠ ਕੇ ਦਰਸ਼ਨ ਦੇ ਰਹੇ ਹਨ। ਇਹ ਬਚਨ ਸੁਣਦੇਸਾਰ ਹੀ ਡਾਕਟਰ ਜੀ ਨੂੰ ਚਾਅ ਚੜ੍ਹ ਗਿਆ ਤੇ ਮਨ ਖੁਸ਼ੀ ਵਿਚ ਆ ਗਿਆ ਅਤੇ ਗੱਦ-ਗੱਦ ਹੋ ਕੇ ਕੰਠ ਰੁਕ ਗਿਆ ਤੇ ਪ੍ਰੇਮ ਵਿਚ ਨੇਤਰ ਸਜਲ ਹੋ ਗਏ। ਬੜੀ ਕਾਹਲੀ ਨਾਲ ਅੱਗੇ ਵਧਿਆ ਅਤੇ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਡੰਡਵਤ ਸਿਧਾ ਹੋ ਕੇ ਢਹਿ ਪਿਆ। ਐਸਾ ਢੱਠਾ ਕਿ ਮਨ ਤਨ ਕਰਕੇ ਆਪਾ ਹੀ ਵਾਰ ਦਿੱਤਾ। ਹੁਣ ਸੰਤਾਂ ਨੇ ਸੀਸ ਪਰ ਹੱਥ ਰੱਖ ਕੇ ਧੀਰਜ ਦਿਤੀ ਤੇ ਚਰਨਾਂ ਉਪਰੋਂ ਉਠਾਇਆ। ਹੁਣ ਡਾਕਟਰ ਦੋਨੋਂ ਹੱਥ ਜੋੜ ਕੇ ਸੰਤਾਂ ਦੇ ਸਨਮੁਖ ਹੋ ਕੇ ਬੈਠ ਗਿਆ।

ਜਦੋਂ ਸੰਤਾਂ ਨੇ ਆਪਣੀ ਕ੍ਰਿਪਾ-ਦ੍ਰਿਸ਼ਟੀ ਪਾ ਕੇ ਡਾਕਟਰ ਜੀ ਵਲ ਤਕਿਆ ਤਾਂ ਡਾਕਟਰ ਜੀ ਦਾ ਮਨ ਸਾਰੇ ਸੰਸਾਰੀ ਵਿਕਾਰਾਂ ਤੇ ਧੰਧਿਆਂ ਤੋਂ ਰਹਿਤ ਹੋ ਕੇ ਇਕਾਗਰਤਾ ਵਿਚ ਆ ਗਿਆ ਤੇ ਮਨ ਨੂੰ ਐਸਾ ਅਨੰਦ ਆਇਆ ਜੋ ਅਨੰਦ ਅਕਹਿ ਸੀ। ਕੁਝ ਸਮਾਂ ਇਸੇ ਅਨੰਦ ਵਿਚ ਡਾਕਟਰ ਜੀ ਲੀਨ ਰਹੇ। ਫਿਰ ਸੰਤਾਂ ਨੇ ਹੀ ਆਪਣੀ ਰਸਨਾਂ ਤੋਂ ਹੁਕਮ ਲਾਇਆ ਕਿ ਬਾਬੂ ਜੀ ਸੇਵਾਦਾਰਾਂ ਨਾਲ ਮਿਲ ਕੇ ਲੰਗਰ ਦੀ ਸੇਵਾ ਕਰੋ। ਹੁਣ ਦੋਨੋਂ ਡਾਕਟਰ ਜੀ ਤੇ ਬਾਬੂ ਜੀ ਸੰਤਾਂ ਪਾਸੋਂ ਉਠੇ ਤੇ ਲੰਗਰ ਵਿਚ ਜਾ ਕੇ ਗੁਰੂ ਕੇ ਲੰਗਰ ਦੀ ਸੇਵਾ ਕਰਨ ਲੱਗੇ। ਡਾਕਟਰ ਜੀ ਤਾਂ ਉਸੇ ਅਨੰਦ ਦੀ ਮਸਤੀ ਅੰਦਰ ਸੇਵਾ ਵਿਚ ਲੱਗੇ ਰਹੇ। ਖਾਣ ਪੀਣ ਦੀ ਵੀ ਸੁਧ ਨਾ ਰਹੀ ਅਤੇ ਆਪਣੇ ਮਨ ਵਿਚ ਇਸ ਤਰ੍ਹਾਂ ਦੀਆਂ ਵਿਚਾਰਾਂ ਵੀ ਕਰੀ ਜਾਂਦੇ ਹਨ ਕਿ ਮਨਾਂ ਬਹੁਤ ਸਾਰੇ ਸੰਤਾਂ ਸਾਧੂਆਂ ਦੇ ਦਰਸ਼ਨ ਕੀਤੇ ਹਨ ਪਰ ਐਸਾ ਅਨੰਦ ਕਿਸੇ ਵੀ ਸੰਤ ਸਾਧੂ ਦੇ ਦਰਸ਼ਨ ਤੋਂ ਨਹੀਂ ਆਇਆ। ਇਹ ਹਾਲਤ ਜੋ ਭੱਟ ਨੇ ਕਹੀ ਸੀ, ਸੋ ਮੇਰੇ ਨਾਲ ਵਰਤੀ ਹੈ ਜੈਸੇ ਕਿ :-

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।। ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।।
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ।। ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ।।

ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ।।
ਗੁਰੁ ਦਖਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ।। ੨।। ੨੦।। (ਪੰਨਾ ੧੩੯੫)

ਹੁਣ ਡਾਕਟਰ ਜੀ ਆਪਣੇ ਮਨ ਹੀ ਮਨ ਵਿਚ ਗੁਰੂ ਕੇ ਸ਼ਬਦ ਦਾ ਵਿਚਾਰ ਵੀ ਸੋਚਿਆ ਹੈ ਕਿ ਮੇਰੇ ਮਨ ਨੂੰ ਇਤਨਾ ਅਨੰਦ ਕਿਉਂ ਆਇਆ ਹੈ? ਨਾਲ ਹੀ ਸੇਵਾ ਵੀ ਕਰੀ ਜਾਂਦਾ ਹੈ। ਸੋਚਦਿਆਂ-ਸੋਚਦਿਆਂ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਸ਼ਬਦ ਹਿਰਦੇ ਵਿਚ ਆ ਗਿਆ :-

ਗਉੜੀ ਬੈਰਾਗਣਿ ਮਹਲਾ ੪।।

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ।। ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ।। ੧।।
ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ।।
ਹਉ ਖਿਨੁ ਖਿਨੁ ਕਰੀ ਨਮਸਕਾਰੁ ਮੇਰਾ ਗੁਰੁ ਪੂਰਾ ਕਿਉ ਮਿਲੈ।। ੧।। ਰਹਾਉ।।
ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰੁ ਪੂਰਾ।। ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ।। ੨।।
ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ।।
ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ।। ੩।।
ਜਿਸ ਕਉ ਰਿਦੈ ਵਿਗਾਸੁ ਭਾਉ ਦੂਜਾ ਨਾਹੀ।।
ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿ ਗੁਣ ਗਾਵਾਹੀ।। ੪।। (ਪੰਨਾ ੧੬੮)

ਕਿ ਉਹੀ ਪੂਰਨ ਪੁਰਖ ਗੁਰੂ ਸਰੂਪ ਹੁੰਦਾ ਹੈ, ਜਿਸ ਦਾ ਦਰਸ਼ਨ ਕਰਦਿਆਂ ਹੀ ਮਨ ਦੀ ਦੁਬਿਧਾ ਦੂਰ ਹੋ ਜਾਵੇ ਤੇ ਮਨ ਨੂੰ ਅਨੰਦ ਆ ਜਾਵੇ। ਐਸੇ ਮਹਾਂਪੁਰਸ਼ਾਂ ਦੇ ਮਿਲਣ ਕਰਕੇ ਇਹ ਜੀਵ ਦਾ ਪਰਮਾਰਥ ਤੇ ਸੋਇਆਰਥ ਸਵਰ ਜਾਂਦਾ ਹੈ। ਮੈਂ ਤਾਂ ਹੁਣ ਮਨੋ ਤਨੋ ਇਨ੍ਹਾਂ ਸੰਤਾਂ ਦਾ ਹੀ ਹੋ ਗਿਆ ਹਾਂ। ਬਾਬੂ ਜੀ ਨੇ ਵਿਚੋਲਾ ਬਣ ਕੇ ਦਾਸ ਨੂੰ ਪੂਰਨ ਪੁਰਖਾਂ ਨਾਲ ਮਿਲਾ ਦਿੱਤਾ ਹੈ। ਇਸ ਕਰਕੇ ਬਾਬੂ ਜੀ ਦਾ ਵੀ ਦਾਸ ਸਾਰੀ ਜ਼ਿੰਦਗੀ ਰਿਣੀ ਰਹੇਗਾ। ਹੁਣ ਰਾਤ ਆਈ, ਰਾਤ ਦੇ ਦਸ ਵੱਜ ਗਏ। ਸੰਤਾਂ ਦੇ ਹੁਕਮ ਨਾਲ ਲੰਗਰ ਪਕਾਉਣ ਤੋਂ ਸਮਾਪਤੀ ਹੋਈ। ਸੇਵਾਦਾਰ ਸਾਰੇ ਦਿਨ ਦੇ ਸੇਵਾ ਕਰਦੇ ਹੋਏ ਥੱਕ ਗਏ ਸਨ। ਸੰਤਾਂ ਦੀ ਆਗਿਆ ਪਾ ਕੇ ਸਾਰੇ ਆਪੋ ਆਪਣੀ ਜਗ੍ਹਾ ਪਰ ਆਰਾਮ ਕਰਨ ਲਗ ਪਏ। ਪਰ ਡਾਕਟਰ ਜੀ ਸੰਤ ਮਹਾਰਾਜ ਜੀ ਦੀ ਪੌਂਦ ਵਲ ਸੰਤਾਂ ਦਾ ਸਰੂਪ ਮਨ ਵਿਚ ਧਾਰ ਕੇ ਸਾਰੀ ਰਾਤ ਚੌਕੜਾ ਮਾਰ ਕੇ ਬੈਠਾ ਹੀ ਰਿਹਾ। ਬੈਠੇ ਨੂੰ ਹੀ ਜੋ ਨਿੰਦਰਾ ਪਈ ਸੋ ਪਈ, ਨਹੀਂ ਤਾਂ ਅਨੰਦ ਵਿਚ ਹੀ ਰਿਹਾ।

ਹੁਣ ਅੰਮ੍ਰਿਤ ਵੇਲਾ ਹੋਇਆ, ਸੰਤ ਮਹਾਰਾਜ ਜੀ ਉੱਠੇ, ਪਹਿਲਾਂ ਜੰਗਲ ਦਿਸ਼ਾ ਗਏ। ਡਾਕਟਰ ਜੀ ਨੇ ਸੰਤ ਮਹਾਰਾਜ ਜੀ ਦਾ ਗੜਵਾ ਚੁਕਿਆ, ਨਾਲ ਹੀ ਹੋ ਤੁਰਿਆ। ਸੰਤਾਂ ਨੇ ਦਿਸ਼ਾ ਜਾ ਕੇ ਦਾਤਨ ਕੁਰਲਾ ਕੀਤਾ। ਡਾਕਟਰ ਜੀ ਗੜਵਾ ਮਾਂਜ ਤੇ ਧੋ ਸਵਾਰ ਕੇ ਨਿਰਮਲ ਪਾਣੀ ਲਿਆ ਕੇ ਸੰਤਾਂ ਦਾ ਕੁਰਲਾ ਕਰਾਇਆ। ਫਿਰ ਬਾਬੂ ਜੀ ਤੇ ਡਾਕਟਰ ਜੀ ਨੇ ਸੰਤਾਂ ਦੇ ਇਸ਼ਨਾਨ ਕਰਾਏ। ਇਹ ਅੱਜ ਦਾ ਅਖੀਰਲਾ ਦਿਨ ਸੀ। ਦੁਪਹਿਰ ਲੰਗਰ ਜਾਰੀ ਰਿਹਾ। ਫਿਰ ਸੰਤਾਂ ਦੇ ਹੁਕਮ ਅਨੁਸਾਰ ਲੰਗਰ ਦੀ ਸਮਾਪਤੀ ਕਰਕੇ ਮੁੜਨ ਦੀਆਂ ਤਿਆਰੀਆਂ ਕਰ ਲਈਆਂ। ਸਾਰਾ ਲੰਗਰ ਸਮਾਨ ਸੰਭਾਲ ਕੇ ਆਪੋ ਆਪਣੀਆਂ ਵਸਤੂਆਂ ਸਾਂਭ ਸਭ ਚਲਣ ਵਾਸਤੇ ਤਿਆਰ-ਬਰ-ਤਿਆਰ ਹੋ ਗਏ। ਸੰਤਾਂ ਦੀ ਆਗਿਆ ਅਨੁਸਾਰ ਗੱਡੀ ਤੇ ਬੈਠ ਸਾਰੇ ਹੀ ਲਾਹੌਰ ਜੰਕਸ਼ਨ ਪਰ ਆ ਉਤਰੇ। ਸਟੇਸ਼ਨ ਤੋਂ ਸੰਤਾਂ ਦੀ ਆਗਿਆ ਅਨੁਸਾਰ ਡਾਕਟਰ ਜੀ ਆਪਣੇ ਘਰ ਚਲੇ ਗਏ। ਸੰਤ ਮਹਾਰਾਜ ਜੀ ਸੰਗਤ ਸਮੇਤ ਸ੍: ਕੁੰਦਨ ਸਿੰਘ ਜੀ ਬਡੋ ਵਾਲਿਆਂ ਦੀ ਕੋਠੀ ਜੋ ਕਿ ਨੈਕ ਰੋਡ ਤੇ ਸੀ ਉਥੇ ਜਾ ਠਹਿਰੇ।

ਡਾਕਟਰ ਚਰਨ ਸਿੰਘ ਜੀ ਨੂੰ ਉਪਦੇਸ਼ ਬਖਸ਼ਿਸ਼ ਕਰਨਾ

ਇਸ ਪਵਿੱਤਰ ਨਨਕਾਣਾ ਸਾਹਿਬ ਜੀ ਦੀ ਯਾਤਰਾ ਤੋਂ ਜਦੋਂ ਸੰਤ ਮਹਾਰਾਜ ਜੀ ਵਾਪਸ ਲਾਹੌਰ ਸ੍: ਕੁੰਦਨ

ਸਿੰਘ ਜੀ ਦੀ ਕੋਠੀ ਆਏ ਤਾਂ ਕੀ ਤੱਕਿਆ ਕਿ ਸੰਤਾਂ ਦੇ ਚਰਨਾਂ ਪਰ ਕਾਫੀ ਸੋਜ਼ਸ਼ ਹੈ, ਤਾਂ ਸੰਤਾਂ ਦੇ ਨਾਲ ਦੇ ਸਾਥੀਆਂ ਨੇ ਸੰਤਾਂ ਨੂੰ ਪ੍ਰੇਰਿਆ ਕਿ ਮਹਾਰਾਜ ਜੀਉ ਡਾਕਟਰ ਨੂੰ ਸੱਦ ਕੇ ਆਪ ਦੇ ਚਰਨ ਦਿਖਾਉਣੇ ਚਾਹੀਦੇ ਹਨ। ਸੰਤਾਂ ਨੇ ਕਿਹਾ, ਠੀਕ ਹੈ, ਬੁਲਾਓ ਡਾਕਟਰ ਜੀ ਨੂੰ। ਬਾਬੂ ਜੀ ਨੂੰ ਆਪਣੇ ਪਾਸ ਬੁਲਾਇਆ ਅਤੇ ਹੁਕਮ ਕੀਤਾ ਕਿ ਡਾਕਟਰ ਚਰਨ ਸਿੰਘ ਜੀ ਨੂੰ ਬੁਲਾ ਕੇ ਲਿਆ, ਭਾਵੇਂ ਸ੍: ਕੁੰਦਨ ਸਿੰਘ ਜੀ ਦੇ ਵੱਡੇ ਪੁੱਤਰ ਨੇ ਬੇਨਤੀ ਕੀਤੀ ਕਿ ਹਜ਼ੂਰ ਇਥੇ ਨੇੜੇ ਹੀ ਇਕ ਬਹੁਤ ਕਾਬਿਲ ਡਾਕਟਰ ਹੈ, ਮੈਂ ਉਸ ਨੂੰ ਲੈ ਆਉਂਦਾ ਹਾਂ। ਸੰਤਾਂ ਨੇ ਬੜੇ ਪਿਆਰ ਨਾਲ ਉੱਤਰ ਦਿਤਾ ਕੋਈ ਗੱਲ ਨਹੀਂ ਸਰਦਾਰ ਜੀ, ਸੋ ਡਾਕਟਰ ਬਾਬੂ ਜੀ ਦਾ ਮਿੱਤਰ ਹੈ। ਬਾਬੂ ਜੀ ਉਸੇ ਡਾਕਟਰ ਚਰਨ ਸਿੰਘ ਜੀ ਨੂੰ ਲੈ ਆਉਂਦਾ ਹੈ। ਸੰਤਾਂ ਨੇ ਬਾਬੂ ਨੂੰ ਕਿਹਾ ਕਿ ਡਾਕਟਰ ਚਰਨ ਸਿੰਘ ਨੂੰ ਆਖੀਂ ਕਿ ਰਾਤ ਇਥੇ ਸਾਡੇ ਪਾਸ ਰਹਿ ਕੇ ਹੀ ਸਾਡੇ ਪੈਰਾਂ ਦਾ ਇਲਾਜ ਕਰੇ। ਬਾਬੂ ਜੀ ਨੇ ਕਿਹਾ, ਸਤਿ ਬਚਨ ਹਜ਼ੂਰ। ਬਾਬਾ ਜੀ ਡਾਕਟਰ ਚਰਨ ਸਿੰਘ ਜੀ ਨੂੰ ਲੈਣ ਚਲੇ ਗਏ। ਇਸ ਮੌਕੇ ਤੋਂ ਪਹਿਲਾਂ ਸੰਤਾਂ ਨੂੰ ਸਰੀਰ ਕਰਕੇ ਕਿਤਨਾ ਵੀ ਜ਼ਿਆਦਾ ਕਸ਼ਟ ਕਿਉਂ ਨਾ ਹੋਵੇ, ਕਦੇ ਵੀ ਸਹਿਜੇ ਡਾਕਟਰ ਮੰਗਾਉਣ ਦੀ ਆਗਿਆ ਨਹੀਂ ਸੀ ਦਿੰਦੇ। ਪਰ ਇਹ ਚਰਨਾਂ ਦਾ ਕਸ਼ਟ ਵੀ ਬਹੁਤ ਥੋੜਾ ਸੀ। ਫਿਰ ਵੀ ਇਕ ਵਾਰੀ ਬੇਨਤੀ ਕਰਨ ਤੋਂ ਹੀ ਆਗਿਆ ਦੇ ਦਿਤੀ ਕਿ ਡਾਕਟਰ ਜੀ ਨੂੰ ਲੈ ਆਵੋ। ਇਸ ਵਿਚ ਵੀ ਕੋਈ ਰਾਜ਼ ਹੈ। ਜਿਸ ਨੂੰ ਕਿ ਸੰਤ ਮਹਾਰਾਜ ਜੀ ਆਪ ਜਾਣਦੇ ਹਨ। ਬਾਬੂ ਜੀ ਰਾਤ ਦੇ ਅੱਠ ਵਜੇ ਡਾਕਟਰ ਜੀ ਪਾਸ ਪੁੱਜਾ ਤੇ ਬਾਬੂ ਜੀ ਨੇ ਡਾਕਟਰ ਜੀ ਨੂੰ ਸੰਤਾਂ ਦਾ ਹੁਕਮ ਦੱਸ ਦਿਤਾ ਕਿ ਗਰੀਬ-ਨਿਵਾਜ਼ ਜੀ ਆਪ ਜੀ ਨੂੰ ਬੁਲਾ ਰਹੇ ਹਨ; ਕਿਉਂਕਿ ਹਜ਼ੂਰ ਦੇ ਚਰਨਾਂ ਨੂੰ ਸੋਜ਼ਸ਼ ਦਾ ਕਸ਼ਟ ਹੈ, ਇਸ ਵਾਸਤੇ ਆਪ ਜੀ ਨੂੰ ਬੁਲਾਇਆ ਹੈ। ਡਾਕਟਰ ਜੀ ਪਿਆਰ-ਭਰੇ ਹਿਰਦੇ ਨਾਲ ਸੰਤਾਂ ਦੀ ਯਾਦ ਅੰਦਰ ਹੀ ਬੈਠੇ ਸਨ ਅਤੇ ਮਨ ਹੀ ਮਨ ਸੋਚਾਂ ਸੋਚਦੇ ਸਨ ਕਿ ਮੈਂ ਕਰਮ-ਹੀਨ ਸੰਤਾਂ ਨਾਲੋਂ ਵਿਛੜ ਕੇ ਘਰ ਆ ਗਿਆ ਹਾਂ। ਮੈਨੂੰ ਚਾਹੀਦਾ ਸੀ ਕਿ ਜਿਤਨੇ ਦਿਨ ਮਹਾਰਾਜ ਜੀ ਲਾਹੌਰ ਰਹਿ ਕੇ ਜੀਵਾਂ ਨੂੰ ਤਾਰਦੇ, ਮੈਂ ਦਰਸ਼ਨਾਂ ਦਾ ਲਾਭ ਓਨਾ ਸਮਾਂ ਲੈਂਦਾ ਰਹਿੰਦਾ। ਮੈਂ ਸਟੇਸ਼ਨ ਤੇ ਸੋਚ ਵਿਚਾਰ ਤੋਂ ਕੰਮ ਨਾ ਲਿਆ। ਸਟੇਸ਼ਨ ਤੋਂ ਹੀ ਇਧਰ ਘਰ ਵਲ ਆ ਗਿਆ ਹਾਂ। ਇਨ੍ਹਾਂ ਸੋਚਾਂ ਵਿਚ ਡੁੱਬੇ ਨੂੰ ਆਪ ਬਾਬੂ ਜੀ ਨੇ ਸੰਤਾਂ ਦਾ ਹੁਕਮ ਸੁਣਾ ਕੇ ਸੋਚਾਂ ਰੂਪ ਸਮੁੰਦਰ ਤੋਂ ਪਾਰ ਕਰ ਦਿਤਾ। ਖੁਸ਼ੀ ਦੀ ਹੱਦ ਨਾ ਰਹੀ। ਡਾਕਟਰ ਜੀ ਨੇ ਵਿਚਾਰਿਆਂ ਕਿ ਚਰਨਾਂ ਦੀ ਸੋਜਸ਼ ਦਾ ਤਾਂ ਇਕ ਬਹਾਨਾ ਬਣਾ ਕੇ ਮੈਨੂੰ ਕ੍ਰਿਤਾਰਥ ਕੀਤਾ ਹੈ, ਡਾਕਟਰ ਜੀ ਨੇ ਇਕ ਦਮ ਪੋਟਾਸ਼ੀਅਮ ਪ੍ਰਮਾਗਿਨੇਟ ਦਵਾਈ ਲਈ ਤਾਂ ਬਾਬੂ ਜੀ ਦੇ ਨਾਲ ਖੁਸ਼ੀ ਦਾ ਭਰਿਆ ਹੋਇਆ ਚਲ ਪਿਆ ਤੇ ਵਿਚਾਰਾਂ ਕਰਦਾ ਹੈ ਕਿ ਸੰਤਾਂ ਨੇ ਅੰਤਰਯਾਤਮਾ ਦੁਆਰਾ ਹੀ ਮੇਰੀ ਹਾਲਤ ਨੂੰ ਬੁਝ ਕੇ ਚਰਨਾਂ ਦੀ ਸੋਜ਼ਸ਼ ਦੇ ਬਹਾਨੇ ਦਾਸ ਨੂੰ ਬੁਲਾ ਕੇ ਗਰੀਬ-ਨਿਵਾਜ਼ੀ ਕੀਤੀ ਹੈ। ਫਿਰ ਰਾਤ ਰਹਿਣ ਵਾਸਤੇ ਵੀ ਹੁਕਮ ਦਿਤਾ ਹੈ।

ਹੁਣ ਬਾਬੂ ਜੀ ਤੇ ਡਾਕਟਰ ਜੀ ਚਲ ਕੇ ਸੰਤਾਂ ਦੇ ਚਰਨਾਂ ਵਿਚ ਆ ਗਏ। ਬੜੇ ਪ੍ਰੇਮ ਵਿਚ ਸ਼ਰਧਾ-ਭਰੇ ਹਿਰਦੇ ਨਾਲ ਡੰਡਉਤ ਕੀਤੀ ਅਤੇ ਹੱਥ ਜੋੜ ਕੇ ਸੰਤਾਂ ਦੇ ਸਨਮੁਖ ਬੈਠ ਗਿਆ। ਬੜੇ ਮਿੱਠੇ ਜਿਹੇ ਬੋਲ ਵਿਚ ਸੰਤਾਂ ਨੇ ਕਿਹਾ, ਡਾਕਟਰ ਜੀ ਸਾਡੇ ਪੈਰਾਂ ਨੂੰ ਸੋਜ਼ਸ਼ ਆ ਗਈ ਹੈ, ਤੱਕੋ ਤਾਂ ਸਹੀ ਨਾ ਇਹ ਕੀ ਕਾਰਨ ਬਣਿਆ ਹੈ? ਡਾਕਟਰ ਜੀ ਨੇ ਆਪਣੇ ਦੋਹਾਂ ਹੱਥਾਂ ਵਿਚ ਸੰਤਾਂ ਦੇ ਚਰਨ ਫੜੇ ਤੇ ਪਲੋਸ-ਪਲੋਸ ਕੇ ਤੱਕ ਰਿਹਾ ਹੈ। ਹੁਣ ਡਾਕਟਰ ਜੀ ਨੇ ਇਕ ਬਰਤਨ ਲੈ ਕੇ ਆਪ ਹੀ ਪਾਣੀ ਗਰਮ ਕੀਤਾ। ਪਾਣੀ ਗਰਮ ਕਰਕੇ ਸੰਤਾਂ ਪਾਸ ਲੈ ਆਇਆ। ਡਾਕਟਰ ਜੀ ਨੇ ਗਰਮ ਪਾਣੀ ਵਿਚ ਪੋਟਾਸ਼ੀਅਮ ਪਾਈ। ਆਪਣੇ ਪਾਸ ਹੀ ਰੂੰਈ ਡਾਕਟਰ ਜੀ ਲੈ ਆਏ ਸਨ। ਉਸ ਰੂੰਈ ਨਾਲ ਪੋਟਾਸ਼ੀਅਮ ਵਾਲੇ ਗਰਮ ਪਾਣੀ ਨਾਲ ਚਰਨਾਂ ਦੀ ਟਕੋਰ ਕਰਨੀ ਸ਼ੁਰੂ ਕਰ ਦਿੱਤੀ, ਕੋਈ ਅੱਧਾ ਕੁ ਘੰਟਾ ਟਕੋਰ ਕਰਨ ਤੋਂ ਚਰਨਾਂ ਦੀ ਸਾਰੀ ਸੋਜ਼ਸ਼ ਲੱਥ ਲਈ।

ਹੁਣ ਸੰਤ ਮਹਾਰਾਜ ਜੀ ਦੇ ਚਰਨ ਇਕ ਚੰਗੇ ਕਪੜੇ ਵਿਚ ਲਪੇਟ ਦਿੱਤੇ, ਤਾਂਕਿ ਚਰਨਾਂ ਨੂੰ ਹਵਾ ਲੱਗ ਕੇ ਕੋਈ ਹੋਰ ਨੁਕਸ ਨਾ ਪੈ ਜਾਵੇ। ਡਾਕਟਰ ਜੀ ਨੂੰ ਸੰਤਾਂ ਨੇ ਹੁਕਮ ਦਿੱਤਾ ਕਿ ਡਾਕਟਰ ਜੀ ਹੁਣ ਅਰਾਮ ਕਰੋ। ਡਾਕਟਰ ਜੀ

ਨੇ ਇਕ ਖੇਸ ਲਿਆ। ਉਸ ਖੇਸ ਦੀ ਬੁਕਲ ਮਾਰ ਕੇ ਸੰਤਾਂ ਦੇ ਪਲੰਘ ਪਾਸ ਹੀ ਬੈਠ ਗਿਆ। ਬੈਠੇ-ਬੈਠੇ ਨੇ ਹੀ ਕੁਝ ਨਿੰਦਰਾ ਕੀਤੀ। ਇਤਨੇ ਨੂੰ ਅੰਮ੍ਰਿਤ ਵੇਲਾ ਹੋਇਆ। ਸੰਤ ਵੀ ਸੁਖ ਅਰਾਮ ਤੋਂ ਉਠੇ ਤੇ ਸਾਰੀ ਸੰਗਤ ਤੇ ਡਾਕਟਰ ਜੀ ਵੀ ਨਿੰਦਰਾ ਤੋਂ ਉਠੇ। ਸਾਰਿਆਂ ਸੋਚਾਚਾਰ ਕੀਤੇ ਤੇ ਦਾਤਨ ਕੁਰਲੇ ਕੀਤੇ ਅਤੇ ਡਾਕਟਰ ਜੀ ਨੇ ਬੜੇ ਪ੍ਰੇਮ ਸਹਿਤ ਸੰਤਾਂ ਦਾ ਇਸ਼ਨਾਨ ਕਰਾਇਆ। ਸੰਤਾਂ ਤੋਂ ਉਪਰੰਤ ਡਾਕਟਰ ਜੀ ਨੇ ਆਪ ਇਸ਼ਨਾਨ ਕੀਤਾ। ਸਾਰੀ ਸੰਗਤ ਆਪਣੇ-ਆਪਣੇ ਨਿਤਨੇਮ ਸਿਮਰਨ ਵਿਚ ਲੱਗ ਗਈ। ਸੰਤਾਂ ਨੇ ਵੀ ਜਪੁਜੀ ਸਾਹਿਬ ਦਾ ਪਾਠ ਕੀਤਾ। ਉਪਰੰਤ ਅਖੰਡ ਸਮਾਧੀ ਵਿਚ ਜੁੜ ਕੇ ਸਤਿ-ਚਿੱਤ ਅਨੰਦ ਸਰੂਪ ਚੇਤਨ ਨਾਲ ਅਭੇਦ ਰੂਪ ਹੋ ਕੇ ਅਡੋਲ ਅਚੱਲ ਇਸਥਿੱਤ ਹੋ ਗਏ। ਤਕਰੀਬਨ ਦੋ ਘੰਟੇ ਇਸ ਸਮਾਧੀ ਦਾ ਅਨੰਦ ਸੰਤਾਂ ਨੇ ਮਾਣਿਆ।

ਹੁਣ ਸਮਾਧੀ ਤੋਂ ਉਥਾਨ ਹੋਏ ਅਤੇ ਡਾਕਟਰ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਆਪਣੇ ਸਨਮੁਖ ਬੈਠਾ ਕੇ ਸੰਤਾਂ ਨੇ ਮਹਾਨ ਕ੍ਰਿਪਾ ਕਰਦਿਆਂ ਨਾਮ ਦੀ ਦਾਤ ਬਖਸ਼ੀ। ਜੋ ਨਾਮ ਦੇ ਮੁਤੱਲਕ ਬੈਠਣਾ, ਸਿਮਰਨ ਕਰਨ ਦੀ ਸਾਰੀ ਜਾਚ ਸਮਝਾ ਦਿੱਤੀ ਤੇ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਇਕ ਨਾਮ ਦਾ ਪ੍ਰਵਾਹ ਚਲਾ ਦਿੱਤਾ। ਜੈਸੇ ਕਿ:

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ।। *(ਜੈਤਸਰੀ ਮਹਲਾ ੪)*

ਦੀ ਹਾਲਤ ਬਣਾ ਦਿਤੀ। ਹੁਣ ਡਾਕਟਰ ਜੀ ਨੇ ਮਨ ਨੂੰ ਜੋ ਹੰਕਾਰ ਤੇ ਅਗਿਆਨਤਾ ਦੀ ਸੋਜ਼ਸ਼ ਸੀ, ਸਾਰੀ ਲਾਹ ਦਿੱਤੀ। ਜਦੋਂ ਡਾਕਟਰ ਜੀ ਦੇ ਮਨ ਦੀ ਸੋਜ਼ਸ਼ ਲੱਥੀ ਉਸੀ ਸਮੇਂ ਹੀ ਸੰਤਾਂ ਦੇ ਚਰਨਾਂ ਦੀ ਵੀ ਸੋਜ਼ਸ਼ ਲੱਥ ਕੇ ਬਿਲਕੁਲ ਚਰਨ ਸਹੀ ਹੋ ਗਏ। ਹੁਣ ਡਾਕਟਰ ਜੀ ਨੇ ਬੇਨਤੀ ਕੀਤੀ ਕਿ ਗਰੀਬ-ਪਰਵਰ ਆਪਣੇ ਪਵਿੱਤਰ ਚਰਨ ਦਾਸ ਦੇ ਗ੍ਰਿਹ ਵਿਖੇ ਪਾ ਕੇ ਇਕ ਵਾਰੀ ਗ੍ਰਿਹ ਪਵਿੱਤਰ ਵੀ ਕਰ ਦੇਵੋ। ਸੰਤਾਂ ਨੇ ਬੜੇ ਪਿਆਰ ਵਿਚ ਆਖਿਆ ਕਿ ਡਾਕਟਰ ਜੀ ਹੁਣ ਇਕ ਵਾਰੀ ਨਹੀਂ, ਬਲਕਿ ਕਈ ਵਾਰੀ ਤੇਰੇ ਘਰ ਵਿਚ ਚਰਨ ਪੈਣਗੇ। ਹੁਣ ਤੁਸੀਂ ਜਾਓ ਆਪਣੀ ਡਿਊਟੀ ਕਰੋ। ਸੰਤ ਮਹਾਰਾਜ ਇਥੋਂ ਡੇਰੇ ਨੂੰ ਆ ਗਏ। ਇਸ ਤੋਂ ਉਪਰੰਤ ਸੰਤ ਆਪਣੇ ਆਪ ਹੀ ਜਦੋਂ ਕਦੇ ਲਾਹੌਰ ਗਏ ਤਾਂ ਫਿਰ ਡਾਕਟਰ ਜੀ ਦੇ ਘਰ ਚਰਨ ਪਾ ਕੇ ਨਿਹਾਲ ਕੀਤਾ। ਸੰਨ 1947 ਦੀ ਅਦਲਾ-ਬਦਲੀ ਸਮੇਂ ਡਾਕਟਰ ਜੀ ਲਾਹੌਰ ਤੋਂ ਈਸਟ ਪੰਜਾਬ ਵਿਚ ਆ ਕੇ ਪਹਿਲਾਂ ਡੇਰੇ ਸੰਤਗੜ੍ਹ ਵਿਖੇ ਸੰਤਾਂ ਦੀ ਸ਼ਰਨ ਵਿਚ ਆਏ। ਫਿਰ ਸੰਤ ਮਹਾਰਾਜ ਜੀ ਨੇ ਸੂਦ ਡਾਕਟਰ ਜਿਸ ਦੀ ਦੁਕਾਨ ਗੁਰਦੁਆਰਾ ਸਿੰਘ ਸਭਾ ਚੌਂਕ ਜਲੰਧਰ ਦੇ ਨਜ਼ਦੀਕ ਹੈ, ਉਸ ਨਾਲ ਕੰਮ ਕਰਨ ਵਾਸਤੇ ਹੁਕਮ ਦਿਤਾ। ਕੁਝ ਸਮਾਂ ਸੂਦ ਡਾਕਟਰ ਨਾਲ ਕੰਮ ਕੀਤਾ। ਜਿਥੇ ਡਾਕਟਰ ਸੂਦ ਦੀ ਦੁਕਾਨ ਸੀ, ਉਸ ਦੇ ਉਪਰ ਵਾਲਾ ਹਿੱਸਾ ਡਾਕਟਰ ਜੀ ਨੇ ਕਿਰਾਏ ਤੇ ਲੈ ਲਿਆ, ਜੋ ਕਿ ਅੱਜ ਤਕ ਵੀ ਡਾਕਟਰ ਜੀ ਪਾਸ ਰਿਹਾਇਸ਼ ਵਾਸਤੇ ਹੈ। ਕੁਝ ਸਮੇਂ ਤੋਂ ਬਾਅਦ ਡਾਕਟਰ ਜੀ ਸੂਦ ਡਾਕਟਰ ਨਾਲੋਂ ਹਟ ਕੇ ਆਪਣੀ ਦੁਕਾਨ ਅਲਹਿਦਾ ਕਰ ਲੀਤੀ, ਜੋ ਕਿ ਅੱਜ-ਕਲ੍ਹ ਵੀ ਉਸੀ ਦੁਕਾਨ ਵਿਚ ਮਰੀਜ਼ਾਂ ਦਾ ਇਲਾਜ ਕਰਦੇ ਹਨ। ਸੋ ਦੁਕਾਨ ਬਾਲਮੀਕੀ ਗੇਟ ਪਰ ਹੈ। ਸੰਤਾਂ ਦੀ ਕਿਰਪਾ ਦਾ ਸਦਕਾ ਇਹ ਦੋਨੋਂ ਜਗ੍ਹਾ ਦੁਕਾਨ ਦੀ ਤੇ ਰਿਹਾਇਸ਼ ਦੀ ਬੜੀਆਂ ਭਾਗਸ਼ਾਲੀ ਹਨ, ਜਿਥੇ ਕਿ ਡਾਕਟਰ ਜੀ ਨੇ ਸੰਤਾਂ ਦੀ ਕ੍ਰਿਪਾ ਨਾਲ ਬੜੀ ਸੌਖੀ ਜ਼ਿੰਦਗੀ ਬਤੀਤ ਕਰ ਰਹੇ ਹਨ। ਜਿਥੇ ਕਿ ਆਪਣੇ ਬੱਚੇ ਬੱਚੀਆਂ ਨੂੰ ਵਿਦਿਆ ਪੜ੍ਹਾ ਕੇ ਹੋਣਹਾਰ ਕੀਤਾ ਹੈ, ਉਥੇ ਮਨ ਸੰਤ-ਸੇਵੀ ਵੀ ਹੈ, ਦਸਵੰਧ ਆਦਿਕ ਦੇ ਕੇ ਆਪਣੀ ਕਮਾਈ ਵੀ ਸਫਲੀ ਕਰਦੇ ਹਨ। ਜੋ ਡਾਕਟਰ ਜੀ ਨੂੰ ਪਤਨੀ ਮਹਿੰਦਰ ਕੌਰ ਜੀ ਮਿਲੇ ਹਨ, ਸੋ ਵੀ ਗੁਰੂ ਜੀ ਦੇ ਤਾਰੇ ਹੋਏ ਸੰਤ-ਸੇਵੀ ਸੁਭਾਵ ਦੇ ਹਨ। ਮੇਰੇ ਦੇਖਣ ਵਿਚ ਆਇਆ ਹੈ ਜੋ ਆਮ ਡਾਕਟਰਾਂ ਦੀਆਂ ਪਤਨੀਆਂ ਹਨ, ਉਨ੍ਹਾਂ ਨੇ ਆਪਣੇ ਸੁਖ ਵਾਸਤੇ ਇਕ ਦੋ ਨੌਕਰ, ਇਕ ਦੋ ਨੌਕਰਾਣੀਆਂ ਰੱਖੀਆਂ ਹੁੰਦੀਆਂ ਹਨ। ਪਰ ਜੋ ਡਾਕਟਰ ਜੀ ਦੇ ਸ੍ਰੇਸ਼ਟ ਪਤਨੀ ਮਹਿੰਦਰ ਕੌਰ ਜੀ ਹਨ, ਸੋ ਆਪ ਲਾਂਗਰੀ ਹਨ, ਜੋ ਆਪ ਹੀ ਸਾਰੇ ਪਰਿਵਾਰ ਦੇ ਭੋਜਨ ਤਿਆਰ ਕਰਕੇ ਸਾਰੇ ਪਰਿਵਾਰ ਨੂੰ ਛਕਾ ਕੇ ਆਪੋ ਆਪਣੇ ਕੰਮਾਂ ਤੇ ਭੇਜਦੇ ਹਨ ਅਤੇ ਬੀਬੀ ਮਹਿੰਦਰ ਕੌਰ ਜੀ ਆਪ ਹੀ ਧੋਬੀ ਹਨ, ਜੋ ਸਾਰੇ ਪਰਿਵਾਰ ਦੇ ਕਪੜੇ ਰੋਜ਼ ਦੀ ਰੋਜ਼ ਧੋਂਦੇ ਹਨ ਅਤੇ ਬੱਚਿਆਂ ਨੂੰ ਤਿਆਰ ਕਰਕੇ ਸਕੂਲ ਕਾਲਜ ਭੇਜਦੇ ਹਨ। ਮੈਂ ਬਲਿਹਾਰੇ ਜਾਵਾਂ ਐਸੀ ਨੇਕ ਬੀਬੀ ਦੇ। ਐਸੀ ਨੇਕ ਸੁਪਤਨੀ ਪੂਰਬਲੇ ਭਾਗਾਂ

ਦੁਆਰਾ ਕਿਸੇ-ਕਿਸੇ ਬੰਦੇ ਦੇ ਵਿਰਸੇ ਵਿਚ ਆਉਂਦੀ ਹੈ। ਇਸ ਡਾਕਟਰ ਚਰਨ ਸਿੰਘ ਜੀ ਤੇ ਇਸ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਜੀ ਨੇ ਆਪਣੇ ਬੱਚਿਆਂ ਦੀ ਜ਼ਿੰਦਗੀ ਬਣਾ ਦਿੱਤੀ ਹੈ। ਵੱਡਾ ਲੜਕਾ ਮਨਜੀਤ ਸਿੰਘ ਐਮ.ਬੀ.ਬੀ.ਐਸ ਕਾਬਲ ਡਾਕਟਰ ਹੈ, ਜੋ ਕਿ ਇਸ ਸਮੇਂ ਇੰਗਲੈਂਡ ਵਿਚ ਕਾਮਯਾਬ ਡਾਕਟਰ ਹੈ। ਉਸ ਤੋਂ ਛੋਟੀ ਲੜਕੀ ਵੀ ਐਮ.ਬੀ.ਬੀ.ਐਸ. ਕਾਮਯਾਬ ਡਾਕਟਰ ਹਨ ਤੇ ਸ਼ਾਦੀ-ਸ਼ੁਧਾ ਹਨ। ਇਸ ਤੋਂ ਛੋਟਾ ਲੜਕਾ ਨਾਦੀ ਜੀ ਐਮ.ਐਸ.ਈ. ਕਰਕੇ ਕਨੇਡਾ ਮੁਲਕ ਵਿਚ ਬੜੀ ਚੰਗੀ ਨੌਕਰੀ ਕਰ ਰਿਹਾ ਹੈ। ਇਸ ਤੋਂ ਛੋਟੀ ਲੜਕੀ ਬੀ.ਏ. ਕਰਕੇ ਘਰ ਬੜੇ ਅੱਛੇ ਤਰੀਕੇ ਨਾਲ ਰਹਿੰਦੀ ਹੈ। ਇਸ ਦੀ ਸ਼ਾਦੀ ਦੀਆਂ ਤਿਆਰੀਆਂ ਕਰ ਰਹੇ ਹਨ। ਇਸ ਤੋਂ ਛੋਟੀ ਲੜਕੀ ਡਾਕਟਰੀ ਵਿਚ ਪੜ੍ਹਾਈ ਕਰਦੀ ਹੈ। ਇਸ ਤੋਂ ਛੋਟਾ ਲੜਕਾ ਵੀ ਪੜ੍ਹਾਈ ਬੜੇ ਅੱਛੇ ਤਰੀਕੇ ਨਾਲ ਕਰ ਰਿਹਾ ਹੈ। ਇਕ ਛੋਟਾ ਲੜਕਾ ਮਸਤਾਨਾ ਹੈ, ਸੋ ਤਾਂ ਸਾਰਿਆਂ ਤੋਂ ਅੱਛੇ ਨੰਬਰ ਵਿਚ ਹੈ, ਜੋ ਕਿ ਬੜਾ ਭਗਤ ਰੂਪ ਹੈ। ਇੰਨਾ ਕੁਝ ਆਪਣੀ ਕਬੀਲਦਾਰੀ ਦਾ ਕਰਕੇ ਅਨੰਦਪੁਰ ਸਾਹਿਬ ਡੇਰਾ ਸੰਤਗੜ੍ਹ ਕਾਫੀ ਜ਼ਮੀਨ ਮੁੱਲ ਲੈ ਕਰਕੇ ਬਹੁਤ ਅੱਛਾ ਰਿਹਾਇਸ਼ ਮਕਾਨ ਬਣਾ ਲਿਆ ਹੈ। ਡਾਕਟਰ ਜੀ ਨੇ ਇਹ ਕੁਝ ਆਪਣੇ ਵਾਸਤੇ ਤੇ ਆਪਣੇ ਪਰਿਵਾਰ ਵਾਸਤੇ ਕੀਤਾ ਹੈ। ਡਾਕਟਰ ਜੀ ਨੇ ਡੇਰਾ ਸੰਤਗੜ੍ਹ ਦੀ ਸੇਵਾ ਵੀ ਪੂੱਜ ਕੇ ਕੀਤੀ ਹੈ, ਜੋ ਕਿ ਕਲਮੀ ਅੰਬਾਂ ਦਾ ਬਾਗ ਪਨੀਰੀ ਲਿਆ-ਲਿਆ ਕੇ ਡੇਰੇ ਲਾਇਆ ਹੈ, ਇਹ ਮਹਾਨ ਸੇਵਾ ਹੈ। ਬੀਮਾਰ ਸਾਧੂਆਂ ਦੀ ਬੀਮਾਰੀ ਦਾ ਇਲਾਜ ਬੜੇ ਪਿਆਰ ਨਾਲ ਮੁਫਤ ਸੇਵਾ ਵਜੋਂ ਕਰਦੇ ਹਨ। ਫਿਰ ਸੰਤ ਮਹਾਰਾਜ ਜੀ ਦੇ ਜੋਤੀ ਜੋਤਿ ਸਮਾਉਣ ਦੇ ਦਿਨ ਤੇ ਸਹਿਜ ਪਾਠ ਕਰਕੇ ਬਿਭੌਰ ਸਾਹਿਬ ਨੰਗਲ ਜਾ ਕੇ ਸਾਲ ਦੇ ਸਾਲ ਭੋਗ ਪਾ ਕੇ ਸੇਵਾ ਕਰਦਾ ਹੈ ਤੇ ਉਸ ਦਿਨ ਦਾ ਲੰਗਰ ਵੀ ਬਿਭੌਰ ਸਾਹਿਬ ਕਰਦਾ ਹੈ। ਸਤਿਗੁਰੂ ਮਹਾਂਪੁਰਸ਼ਾਂ ਦੀ ਬਹੁਤ ਕਿਰਪਾ ਹੈ। ਇਸੇ ਤਰ੍ਹਾਂ ਲਗਨ ਲੱਗੀ ਰਹੇ ਤੇ ਆਪਣੀ ਜ਼ਿੰਦਗੀ ਸਫਲ ਕਰ ਜਾਵੇ।

ਇਕ ਵਾਰੀ ਸੰਤ ਮਹਾਰਾਜ ਜੀ ਲਾਹੌਰ ਵਿਚ ਆਏ ਤੇ ਲਾਹੌਰ ਦੇ ਪ੍ਰੇਮੀਆਂ ਨੂੰ ਆਪਣਾ ਦਰਸ਼ਨ ਦੇ ਕੇ ਨਿਹਾਲ ਕੀਤਾ ਅਤੇ ਆਪਣੇ ਸੋਹਣੇ-ਸੋਹਣੇ ਮਿੱਠੇ-ਮਿੱਠੇ ਬਚਨਾਂ ਨਾਲ ਗੁਰਮਤਿ ਦਾ ਉਪਦੇਸ਼ ਦੇ ਕੇ ਪ੍ਰੇਮੀਆਂ ਨੂੰ ਗੁਰਮਤਿ ਨਾਲ ਜੋੜਿਆ। ਡਾਕਟਰ ਜੀ ਵੀ ਉਤਨਾ ਸਮਾਂ ਸੰਤਾਂ ਦਾ ਸਤਿਸੰਗ ਕਰਦੇ ਰਹੇ। ਸੰਤਾਂ ਦਾ ਸ਼ੁਭ ਉਪਦੇਸ਼ ਸੁਣ ਕੇ ਡਾਕਟਰ ਜੀ ਦੇ ਚਿੱਤ ਵਿਚ ਇਤਨਾ ਤੀਬਰ ਵੈਰਾਗ ਆਇਆ ਕਿ ਚਿੱਤ ਵਿਚ ਇਹ ਨਿਸ਼ਚਾ ਕਰ ਲਿਆ ਕਿ ਸਭ ਕੁਝ ਤਿਆਗ ਕੇ ਸੰਤਾਂ ਦੇ ਨਾਲ ਹੀ ਮਿਲ ਕੇ ਸੰਤਾਂ ਦੀ ਸੇਵਾ ਕਰਕੇ ਤੇ ਸਿਮਰਨ ਕਰਕੇ ਜੀਵਨ ਸਫਲਾ ਕਰਾਂ। ਜਦੋਂ ਸੰਤ ਮਹਾਰਾਜ ਜੀ ਲਾਹੌਰ ਤੋਂ ਸੰਗਤਾਂ ਤੋਂ ਵਿਦਾ ਹੋ ਕੇ ਫਰੰਟ ਸੀਟ ਤੇ ਬੈਠੇ ਸਨ ਤਾਂ ਡਾਕਟਰ ਜੀ ਨੇ ਸੰਤਾਂ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਸ਼ਰਧਾ ਸਿਦਕ ਤੇ ਪ੍ਰੇਮ ਨਾਲ ਨਮਸ਼ਕਾਰ ਕਰਕੇ, ਗਲ ਵਿਚ ਪੱਲਾ ਪਾ ਕੇ, ਦੋਵੇਂ ਹੱਥ ਜੋੜ ਕੇ, ਨੇਤਰ ਸਜਲ ਹੋ ਕੇ ਸਨਿਮਰ ਬੇਨਤੀ ਕੀਤੀ ਕਿ ਗਰੀਬ-ਪਰਵਰ ਜੀਉ, ਮੇਰਾ ਮਨ ਬਹੁਤ ਉਦਾਸ ਹੋ ਗਿਆ ਹੈ। ਮੈਂ ਚਾਹੁੰਦਾ ਹਾਂ ਕਿ ਨੌਕਰੀ ਆਦਿ ਤਿਆਗ ਕੇ ਆਪ ਜੀ ਦੇ ਚਰਨਾਂ ਦਾ ਇਕਾਂਤ ਦੇਸ਼ ਵਿਚ ਅਨੰਦ ਮਾਣਾਂ। ਸੰਤਾਂ ਨੇ ਕਿਹਾ ਕਿ ਡਾਕਟਰ ਜੀ ਤੈਨੂੰ ਤਾਂ ਘਰ ਵਿਚ ਰਹਿ ਕੇ ਹੀ ਸਿਮਰਨ ਕਰਨ ਦਾ ਹੁਕਮ ਹੈ। ਤੂੰ ਘਰ ਵਿਚ ਸਾਡਾ ਬਚਨ ਕਮਾ ਕੇ ਆਪਣੇ ਜੀਵਨ ਨੂੰ ਸਫਲਾ ਕਰ। ਜਿਸ ਤਰ੍ਹਾਂ ਕਿ ਦਸਮ ਪਿਤਾ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਹੁਕਮ ਕੀਤਾ ਹੈ :-

ਰੇ ਮਨ ਐਸੋ ਕਰਿ ਸੰਨਿਆਸਾ।। ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ।। ੧।। ਰਹਾਉ।।
ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ।। ਗਜਾਨ ਗੁਰੂ ਆਤਮ ਉਪਦੇਸ਼ਹੁ ਨਾਮ ਬਿਭੂਤ ਬਗਾਓ।। ੧।।
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।। ਸੀਲ ਸੰਤੋਖ ਸਦਾ ਨਿਰਬਾਹਿਬੋ ਦ੍ਵੈਬੋ ਤ੍ਰਿਗੁਣ ਅਤੀਤਿ।।੨।।
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋਉ ਲਜਾਵੈ।।
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ।। ੩।। ੫।। (ਰਾਮਕਲੀ ਪਾਤਿਸ਼ਾਹੀ ੧੦)

ਬਨ ਤੇ ਘਰ ਨੂੰ ਇਕ ਸਮਾਨ ਸਮਝ ਕੇ ਘਰ ਵਿਚ ਰਹਿੰਦਿਆਂ ਜਗਤ ਨੂੰ ਠੂਠਾ ਸਮਝ ਕੇ ਇਸ ਦੇ ਮੋਹ ਵਿਚ

ਨਹੀਂ ਫਸਣਾ। ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਇਸ ਕੰਮ-ਕਾਰ ਨੂੰ ਪਰਮੇਸ਼ਰ ਵਲੋਂ ਫਰਜ਼ ਸਮਝ ਕੇ ਨਿਭਾਉਣਾ। ਏਕਾ ਨਾਰੀ ਸਦਾ ਜਤੀ ਰਹਿਣਾ। ਜੋ ਸਿਮਰਨ ਬਾਣੀ ਦਾ ਨੇਮ ਕਰਨਾ ਦੱਸਿਆ ਹੈ, ਇਸ ਨੂੰ ਪ੍ਰੇਮ ਸਿਦਕ ਰੱਖ ਕੇ ਨਿਭਾਉਣਾ। ਗੁਰੂ ਦੇ ਗਿਆਨ ਦੁਆਰਾ ਮਨ ਨੂੰ ਸਦਾ ਗੁਰਮਤਿ ਦਾ ਉਪਦੇਸ਼ ਦਿੰਦੇ ਰਹਿਣਾ। ਨਾਮ ਸਿਮਰਨ ਬਹੁਤ ਕਰਨਾ। ਭੁੱਖ ਤੋਂ ਥੋੜਾ ਖਾਣਾ ਭਾਵ ਥੋੜਾ ਅਹਾਰ ਕਰਨਾ, ਫਿਰ ਨਿੰਦਰਾ ਭਜਨ ਕਰਦਿਆਂ ਨੂੰ ਆਵੇਗਾ, ਜੀਵਾਂ ਪਰ ਦਯਾ ਕਰਨੀ ਤੇ ਖਿਮਾਂ ਨੂੰ ਧਾਰਨ ਕਰਨਾ ਅਤੇ ਸਾਰੀਆਂ ਪ੍ਰੀਤੀਆਂ ਨੂੰ ਤੋੜ ਕੇ ਵਾਹਿਗੁਰੂ ਨਾਲ ਪ੍ਰੀਤੀ ਨਿਭਾਉਣੀ। ਸ਼ਾਂਤੀ ਤੇ ਸੰਤੋਖ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰਨਾ, ਇਸ ਤਰ੍ਹਾਂ ਜੀਵ ਤਿੰਨਾਂ ਗੁਣਾਂ ਤੋਂ ਅਤੀਤ ਹੋ ਜਾਂਦਾ ਹੈ। ਫਿਰ ਅਸੁਰੀ ਸੰਪਤਾ ਭਾਵ ਕਾਮ, ਕ੍ਰੋਧ, ਹੰਕਾਰ, ਲੋਭ, ਖੋਟਾ ਹਠ ਤੇ ਮੋਹ ਕਦੇ ਮਨ ਵਿਚ ਜੀਵ ਨਹੀਂ ਲਿਆਉਂਦਾ। ਫਿਰ ਤੱਤ ਸਿਧਾਂਤ ਰੂਪ ਆਤਮਾ ਨੂੰ ਪ੍ਰਾਪਤ ਕਰਕੇ ਪਰਮ ਪੁਰਖ ਵਿਚ ਲੀਨ ਹੋ ਕੇ ਜਨਮ ਸਫਲਾ ਕਰ ਲੈਂਦਾ ਹੈ। ਦੂਸਰੀ ਗੱਲ ਹੈ ਕਿ ਹੁਣ ਤੂੰ ਸ਼ਾਦੀ-ਸ਼ੁਧਾ ਹੋ ਗਿਆ ਹੈਂ। ਜਿਤਨੇ ਜੀਵਾਂ ਨੇ ਤੇਰੇ ਤੇ ਤੇਰੀ ਪਤਨੀ ਦੁਆਰਾ ਸੰਸਾਰ ਵਿਚ ਜਨਮ ਲੈਣਾ ਹੈ ਉਨ੍ਹਾਂ ਨੇ ਜ਼ਰੂਰ ਆਉਣਾ ਹੈ, ਜੇ ਇਸ ਜਨਮ ਵਿਚ ਨਾ ਆਏ, ਉਨ੍ਹਾਂ ਵਾਸਤੇ ਫਿਰ ਜਨਮ ਲੈਣਾ ਪਵੇਗਾ। ਸੋ ਬਿਹਤਰ ਤਾਂ ਇਹ ਹੈ ਕਿ ਤੂੰ ਹੁਣ ਗ੍ਰਿਹਸਤ ਵਿਚ ਰਹਿ ਕੇ ਗੁਰ ਬਚਨ ਕਮਾ ਕੇ ਜਨਮ ਸਫਲ ਕਰ ਲੈ। ਕਿਉਂਕਿ *ਜੋ ਬਚਨੁ ਕਮਾਵੈ ਸੰਤਨ ਕਾ ਸੋ ਪਾਠ ਗ੍ਯਾਮੀਥੀਆ*।। ਇਸ ਪ੍ਰਕਾਰ ਡਾਕਟਰ ਜੀ ਸੰਤਾਂ ਦਾ ਬਚਨ ਮਨ ਕੇ ਗ੍ਰਿਹਸਤ ਆਸ਼ਰਮ ਵਿਚ ਰਹਿਕੇ ਗੁਰ ਭਗਤੀ ਕਰਦਾ ਹੈ।। ਇਤੀ।।

ਸ੍ਰ: ਸ਼ਿਵਦੇਵ ਸਿੰਘ ਜੀ ਨੂੰ ਨਵੀਂ ਜ਼ਿੰਦਗੀ ਬਖਸ਼ਿਸ਼ ਕਰਨੀ

ਸ੍ਰ: ਸ਼ਿਵਦੇਵ ਸਿੰਘ ਜੀ ਪੰਜਾਬ ਵਿਚ ਪਿੰਡ ਮੁਗਲ ਵਾਲਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਆਦੀ ਵਸਨੀਕ ਹਨ। ਸਤਿਗੁਰੂ ਜੀ ਦੀ ਕਿਰਪਾ ਨਾਲ ਜ਼ਿਲ੍ਹਾ ਮਿੰਟਗੁਮਰੀ ਵਿਚ ਚੱਕ ਗਸਰਗੌਰੀਆ ਤਹਿਸੀਲ ਉਕਾੜਾ ਵਿਚ ਮੁਰੱਬੇ ਮਿਲੇ ਹੋਏ ਸਨ। ਸੰਨ 1947 ਦੀ ਅਦਲਾ-ਬਦਲੀ ਵਿਚ ਆਪ ਜੀ ਅੱਜ-ਕਲ੍ਹ ਪਿੰਡ ਬੇਲੂਆਣਾ ਬੰਟਵਾਂ ਵਿਚ ਵਸਨੀਕ ਹਨ, ਜੋ ਕਿ ਜ਼ਿਲ੍ਹਾ ਫਿਰੋਜ਼ਪੁਰ, ਤਹਿਸੀਲ ਫਾਜ਼ਲਕਾ ਵਿਚ ਹੈ। ਸ੍ਰ: ਸ਼ਿਵਦੇਵ ਸਿੰਘ ਜੀ ਪਰ ਕਰਮਾਂ ਦਾ ਐਸਾ ਚੱਕਰ ਪਿਆ ਕਿ ਉਸ ਨੂੰ ਟੀ.ਬੀ. ਦੀ ਸਖਤ ਬੀਮਾਰੀ ਹੋ ਗਈ ਤੇ ਸਰੀਰ ਵਿਚ ਪਾਣੀ ਪੈ ਗਿਆ ਤੇ ਲੱਤਾਂ-ਬਾਹਾਂ ਤੇ ਸੋਜ਼ਸ਼ ਵੀ ਪੈ ਚੁੱਕੀ ਸੀ। ਤਕਰੀਬਨ ਦੋ ਸਾਲ ਸੋਲਨ ਟੀ.ਬੀ. ਹਸਪਤਾਲ ਵਿਚ ਰਹਿ ਕੇ ਇਲਾਜ ਵੀ ਕਰਵਾਇਆ। ਸਾਰੇ ਡਾਕਟਰਾਂ ਨੇ ਜਵਾਬ ਦੇ ਦਿੱਤਾ ਕਿ ਇਸ ਮਰੀਜ਼ ਨੂੰ ਅਰਾਮ ਨਹੀਂ ਆ ਸਕਦਾ। ਅਖੀਰ ਸੋਲਨ ਤੋਂ ਘਰ ਲੈ ਆਂਦਾ। ਮੇਰੇ ਵਾਹਿਗੁਰੂ ਨੇ ਦਿਲ ਵਿਚ ਫੁਰਨਾ ਪੈਦਾ ਕੀਤਾ ਕਿ ਹੁਣ ਮਰ ਤਾਂ ਜਾਣਾ ਹੀ ਹੈ, ਚਲੋ ਜਾਂਦੀ ਵਾਰ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਇਸ਼ਨਾਨ ਹੀ ਕਰ ਚਲੀਏ।

ਆਪਣੀ ਅਰਧੰਗੀ ਨੂੰ ਨਾਲ ਲੈ ਕੇ ਪਿੰਡ ਐਮੇ ਵਿਚ ਸ੍ਰ: ਅਜਾਪਾਲ ਸਿੰਘ ਜੀ ਦੇ ਘਰ ਆ ਗਏ। ਸ੍ਰ: ਅਜਾਪਾਲ ਸਿੰਘ ਜੀ ਸ੍ਰ: ਸ਼ਿਵਦੇਵ ਸਿੰਘ ਜੀ ਦੇ ਬਹਿਨੋਈ ਸਨ। ਭਾਵ ਸਰਦਾਰ ਅਜਾਪਾਲ ਸਿੰਘ ਦੇ ਘਰ ਸ੍ਰ: ਸ਼ਿਵਦੇਵ ਸਿੰਘ ਜੀ ਦੀ ਭੈਣ ਰਘਬੀਰ ਕੌਰ ਜੀ ਸਨ। ਜਦੋਂ ਭੈਣ ਭਣੋਈਏ ਨੇ ਸ੍ਰ: ਸ਼ਿਵਦੇਵ ਸਿੰਘ ਜੀ ਦੇ ਸਰੀਰ ਦੀ ਹਾਲਤ ਬਹੁਤ ਕਮਜ਼ੋਰ ਦੇਖੀ ਅਤੇ ਬੀਮਾਰੀ ਦੀ ਹਾਲਤ ਸੁਣ ਕੇ ਬੜੇ ਹੈਰਾਨ ਹੋਏ ਤੇ ਰਾਏ ਦਿੱਤੀ ਕਿ ਕੱਲ੍ਹ ਨੂੰ ਸੰਤ ਮਹਾਰਾਜ ਸ੍ਰੀ ਅੰਮ੍ਰਿਤਸਰ ਸਾਹਿਬ ਹੋਣਗੇ। ਉਨ੍ਹਾਂ ਪਾਸ ਉਨ੍ਹਾਂ ਦੇ ਚਰਨਾਂ ਵਿਚ ਢਹਿ ਕੇ ਬੇਨਤੀਆਂ ਕਰੀਏ, ਜੇ ਮਹਾਂਪੁਰਸ਼ ਰੇਖ ਵਿਚ ਮੇਖ ਮਾਰ ਦੇਣ ਤੇ ਨਿਰੰਕਾਰ ਉਨ੍ਹਾਂ ਮਹਾਂਪੁਰਸ਼ਾਂ ਦੀਆਂ ਬੇਨਤੀਆਂ ਸੁਣ ਲਵੇ ਤੇ ਸ੍ਰ: ਸ਼ਿਵਦੇਵ ਸਿੰਘ ਜੀ ਦੀ ਜਾਨ ਬਖਸ਼ੀ ਹੋ ਜਾਵੇ।

ਹੁਣ ਸ੍ਰ: ਅਜਾਪਾਲ ਸਿੰਘ ਜੀ, ਇਸ ਦੀ ਸੁਪਤਨੀ ਰਘਬੀਰ ਕੌਰ ਤੇ ਸ੍ਰ: ਸ਼ਿਵਦੇਵ ਸਿੰਘ ਜੀ ਤੇ ਇਨ੍ਹਾਂ ਦੀ ਪਤਨੀ ਬੀਬੀ ਕ੍ਰਿਪਾਲ ਕੌਰ ਜੀ ਅਤੇ ਹੋਰ ਵੀ ਸੰਤਾਂ ਦੇ ਸ਼ਰਧਾਲੂ ਜਥੇਬੰਦ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਤੇ ਸੰਤਾਂ ਦਾ ਪਤਾ ਕੀਤਾ ਕਿ ਕਿਥੇ ਮਿਲਣਗੇ। ਦੱਸਣ ਵਾਲੇ ਪ੍ਰੇਮੀ ਨੇ ਦੱਸਿਆ ਕਿ ਇਸ ਸਮੇਂ ਸੰਤ ਮਹਾਰਾਜ ਜੀ

ਅੰਮ੍ਰਿਤ ਸਰੋਵਰ ਦੀ ਪ੍ਰਕਰਮਾਂ ਵਿਚ ਵਸਤੀ ਰਾਮ ਜੀ ਦੇ ਬੁੰਗੇ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਪਾਸ ਠਹਿਰੇ ਹੋਏ ਹਨ। ਇਹ ਗੁਰਸਿੱਖ ਦੇ ਕੋਲੋਂ ਸੁਣ ਕੇ ਇਸ ਜਥੇ ਨੂੰ ਬੜੀ ਪ੍ਰਸੰਨਤਾ ਹੋਈ। ਇਹ ਬਚਨ ਅੰਮ੍ਰਿਤ ਦੀ ਨਿਆਈਂ ਪ੍ਰਾਪਤ ਹੋਏ ਹਨ। ਇਹ ਜਥਾ ਖੁਸ਼ੀ ਦਾ ਭਰਿਆ ਹੋਇਆ ਚਾਂਈਂ-ਚਾਂਈਂ ਅੰਮ੍ਰਿਤ ਸਰੋਵਰ ਦੀਆਂ ਪ੍ਰਕਰਮਾਂ ਵਿਚ ਬਸਤੀ ਰਾਮ ਜੀ ਦੇ ਬੁੰਗੇ ਆਏ। ਜਾਂਦਿਆਂ ਨੂੰ ਹੀ ਸੰਤ ਮਹਾਰਾਜ ਜੀ ਦੇ ਪ੍ਰਤੱਖ ਦਰਸ਼ਨ ਹੋਏ। ਇਸ ਸਾਰੇ ਜਥੇ ਨੇ ਬੜੀ ਸ਼ਰਧਾ ਨਾਲ ਤੇ ਸਿਦਕ ਪ੍ਰੇਮ ਸਹਿਤ ਸੰਤਾਂ ਨੂੰ ਨਮਸ਼ਕਾਰ ਕੀਤੀ। ਸਾਰਿਆਂ ਨੇ ਆਪੋ ਆਪਣੀਆਂ ਭੇਟਾਂ ਵੀ ਸੰਤਾਂ ਦੇ ਅਰਪਣ ਕੀਤੀਆਂ। ਉਪਰੰਤ ਸ: ਅਜਾਪਾਲ ਸਿੰਘ ਤੇ ਸਾਰੇ ਪਰਿਵਾਰ ਨੇ ਮਿਲ ਕੇ ਸ: ਸ਼ਿਵਦੇਵ ਸਿੰਘ ਜੀ ਦੀ ਬਾਬਤ ਬੇਨਤੀਆਂ ਕੀਤੀਆਂ।

ਸੰਤ ਮਹਾਰਾਜ ਜੀ ਨੇ ਸੰਤ ਹਰਨਾਮ ਸਿੰਘ ਜੀ ਨੂੰ ਕਿਹਾ ਕਿ ਸੰਤ ਜੀ ਇਸ ਮਰੀਜ਼ ਨੂੰ ਤੱਕੋ, ਕਿਉਂਕਿ ਸੰਤ ਹਰਨਾਮ ਸਿੰਘ ਵੈਦ ਸਨ। ਸੰਤ ਮਹਾਰਾਜ ਜੀ ਦੇ ਕਹਿਣ ਤੋਂ ਸੰਤ ਹਰਨਾਮ ਸਿੰਘ ਜੀ ਨੇ ਆਪਣੀ ਤਪਤੀਸ਼ ਕਰਨੀ ਸ਼ੁਰੂ ਕਰ ਦਿੱਤੀ। ਆਪ ਵੀ ਤਪਤੀਸ਼ ਕੀਤੀ ਅਤੇ ਸ: ਸ਼ਿਵਦੇਵ ਸਿੰਘ ਜੀ ਤੋਂ ਵੀ ਸਾਰੀ ਹਾਲਤ ਦੀ ਪੁਛ-ਗਿਛ ਕੀਤੀ। ਅਖੀਰ ਸੰਤ ਹਰਨਾਮ ਸਿੰਘ ਜੀ ਨੇ ਜਵਾਬ ਦੇ ਦਿਤਾ ਕਿ ਇਹ ਮਰੀਜ਼ ਰਾਜ਼ੀ ਹੋਣ ਵਾਲਾ ਨਹੀਂ। ਹੁਣ ਤਾਂ ਸ: ਸ਼ਿਵਦੇਵ ਸਿੰਘ ਜੀ ਦੀ ਪਤਨੀ ਰੋਣ ਲਗ ਪਈ ਅਤੇ ਰੋਂਦੀ-ਰੋਂਦੀ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਢਹਿ ਪਈ। ਫਿਰ ਸੰਤ ਨੇਤਰ ਮੀਟ ਕੇ ਸਮਾਧੀ ਇਸਥਿਤ ਹੋ ਬੈਠੇ। ਇਸ ਤਰ੍ਹਾਂ ਵੈਰਾਗਮਈ ਸਮਾਂ ਤਕਰੀਬਨ ਦਸ ਮਿੰਟ ਤਕ ਰਿਹਾ। ਦਸਾਂ ਮਿੰਟਾਂ ਤੋਂ ਬਾਅਦ ਸੰਤਾਂ ਦੇ ਕੰਵਲ ਜੈਸੇ ਨੇਤਰ ਖੁਲ੍ਹੇ ਤੇ ਆਪਣੀ ਰਸਨਾ ਤੋਂ ਕਿਹਾ ਕਿ ਅਜਾਪਾਲ ਸਿੰਘ ਜੀ ਸ: ਸ਼ਿਵਦੇਵ ਸਿੰਘ ਜੀ ਦੀ ਆਯੂ ਹੁਣ ਖਤਮ ਹੈ। ਜਦੋਂ ਸੰਤਾਂ ਦੀ ਰਸਨਾ ਤੋਂ ਇਹ ਬਚਨ ਸੁਣਿਆ, ਫਿਰ ਤਾਂ ਸਾਰਾ ਜਥਾ ਹੀ ਉੱਚੀ-ਉੱਚੀ ਰੋਣ ਲਗ ਪਿਆ।

ਹੁਣ ਤਾਂ ਪਰਕਰਮਾਂ ਦੀ ਸੰਗਤ ਵੀ ਖੜੋ-ਖੜੋ ਕੇ ਉੱਚੀ-ਉੱਚੀ ਹੋਂਕਦੀ ਹੈ। ਇਸ ਬੁੰਗੇ ਵਿਚੋਂ ਇਤਨੀ ਰੋਣ ਦੀ ਅਵਾਜ਼ ਕਿਉਂ ਆਉਂਦੀ ਹੈ, ਇਥੇ ਕੀ ਕਾਰਨ ਹੋ ਗਿਆ ਹੈ? ਹੁਣ ਸਾਰੇ ਪਰਿਵਾਰ ਨੇ ਮਿਲ ਕੇ ਸੰਤਾਂ ਪਾਸ ਬਹੁਤ ਬੇਨਤੀਆਂ ਕੀਤੀਆਂ, ਸੰਤ ਇਨ੍ਹਾਂ ਦਾ ਰੋਣਾ ਤੇ ਬੇਨਤੀ ਸੁਣ ਕੇ ਦ੍ਰਬੀਭੂਤ ਹੋ ਗਏ। ਫਿਰ ਸੰਤਾਂ ਦੀ ਰਸਨਾ ਤੋਂ ਅੰਮ੍ਰਿਤਮਈ ਬਚਨ ਨਿਕਲੇ ਕਿ ਪਿਆਰਿਓ ਤੇ ਗੁਰ ਸਵਾਰਿਓ, ਰੋਵੋ ਨਾ। ਤੁਹਾਡੇ ਵਿਚੋਂ ਜੋ ਸ: ਸ਼ਿਵਦੇਵ ਸਿੰਘ ਜੀ ਦਾ ਬਹੁਤ ਹਿਤੂ ਹੈ ਸੋ ਆਪਣੀ ਉਮਰਾ ਦਾ ਅੱਧ ਹਿੱਸਾ ਅਰਦਾਸਾ ਕਰਾ ਦੇਵੇ ਤੇ ਅਸੀਂ ਨਿਰੰਕਾਰ ਪਾਸ ਬੇਨਤੀ ਕਰ ਦੇਂਦੇ ਹਾਂ। ਇਹ ਸੰਤਾਂ ਦਾ ਅੰਮ੍ਰਿਤਮਈ ਬਚਨ ਸੁਣ ਕੇ ਸ: ਸ਼ਿਵਦੇਵ ਸਿੰਘ ਜੀ ਦੀ ਅਰਧੰਗੀ ਬੀਬੀ ਕਿਰਪਾਲ ਕੌਰ ਗਲ ਪੱਲੂ ਪਾ ਦੋਵੇਂ ਹੱਥ ਜੋੜ ਕੇ ਤੇ ਨੇਤਰ ਸਜਲ ਸਨ, ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ ਤੇ ਮੁਰਦੇ ਨੂੰ ਜਿੰਦ ਦੇਣ ਵਾਲੇ ਦਾਤਾ ਜੀਉ, ਦਾਸੀ ਦੀ ਉਮਰਾ ਹਾਜ਼ਰ ਹੈ। ਸੰਤ ਮਹਾਰਾਜ ਜੀ ਨੇ ਮਹਾਨ ਕਿਰਪਾ ਕਰਕੇ ਕਿਹਾ ਕਿ ਅਕਾਲ ਤਖਤ ਕੜਾਹ ਪ੍ਰਸ਼ਾਦ ਕਰਵਾ ਕੇ ਆਪਣੀ ਉਮਰਾ ਦਾ ਆਪ ਹੀ ਅਰਦਾਸਾ ਕਰ ਦੇਵੋ। ਉਸੀ ਸਮੇਂ ਸ: ਸ਼ਿਵਦੇਵ ਸਿੰਘ ਸਮੇਤ ਸਾਰੀ ਸੰਗਤ ਕੜਾਹ ਪ੍ਰਸ਼ਾਦਿ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਗਏ। ਬਹੁਤ ਸ਼ਰਧਾ-ਭਰੇ ਹਿਰਦਿਆਂ ਨਾਲ ਤੇ ਪ੍ਰੇਮ ਸਹਿਤ ਅਰਦਾਸਾ ਕੀਤਾ ਕਿ ਹਜ਼ੂਰ ਦੁਖ ਭੰਜਨ ਵਡ ਜੋਧਾ ਬਹੁ ਪਰਉਪਕਾਰੀ, ਮੀਰੀ ਪੀਰੀ ਦੇ ਮਾਲਕ, ਬੰਦੀ-ਛੋੜ ਨਿਰੰਕਾਰੀ ਸਤਿਗੁਰੂ ਹਰਿਗੋਬਿੰਦ ਸਿੰਘ ਜੀਉ, ਸ: ਸ਼ਿਵਦੇਵ ਸਿੰਘ ਜੀ ਦੀ ਸੁਪਤਨੀ ਆਪਣੀ ਆਯੂ ਦਾ ਹਿੱਸਾ ਆਪਣੇ ਪਤੀ ਦੇਵ ਨੂੰ ਅਰਪਨ ਕਰਦੀ ਹੈ। ਆਪ ਜੀ ਮੇਹਰ ਕ੍ਰਿਪਾ ਕਰਕੇ ਬੀਬੀ ਕਿਰਪਾਲ ਕੌਰ ਦੀ ਆਯੂ ਸ: ਸ਼ਿਵਦੇਵ ਸਿੰਘ ਜੀ ਨੂੰ ਬਖਸ਼ ਕੇ ਸ: ਸ਼ਿਵਦੇਵ ਸਿੰਘ ਜੀ ਨੂੰ ਤੰਦਰੁਸਤੀ ਦੀ ਜ਼ਿੰਦਗੀ ਬਖਸ਼ੋ। ਉਸੀ ਸਮੇਂ ਤੋਂ ਸ: ਸ਼ਿਵਦੇਵ ਸਿੰਘ ਜੀ ਦੀ ਜ਼ਿੰਦਗੀ ਵਿਚ ਪਲਟਾ ਆ ਗਿਆ।

ਹੁਣ ਅੱਜ ਹੋਰ, ਕੱਲ ਹੋਰ, ਸਰੀਰ ਨੂੰ ਸਭ ਦਵਾਈਆਂ ਫਿੱਟ ਬੈਠਣ ਲੱਗ ਗਈਆਂ। ਇਕ ਦੋ ਮਹੀਨੇ ਵਿਚ ਹੀ ਸਰੀਰ ਬਿਲਕੁਲ ਰਾਜ਼ੀ ਖੁਸ਼ੀ ਹੋ ਗਿਆ। ਸ: ਸ਼ਿਵਦੇਵ ਸਿੰਘ ਜੀ ਅੰਮ੍ਰਿਤਧਾਰੀ ਕਕਾਰਾਂ ਦੀ ਪੂਰੀ ਰਹਿਤ ਰੱਖਣ ਵਾਲੇ ਨਿਤਨੇਮੀ ਸਿਮਰਨ ਭਜਨ ਕਰਨ ਵਾਲਾ, ਗੁਰਮੁਖਾਂ ਵਾਲੀ ਜ਼ਿੰਦਗੀ ਅੱਜ ਤਕ ਬਸਰ ਕਰ ਰਹੇ ਹਨ ਅਤੇ ਗੁਰੂ

ਘਰ ਨੂੰ ਦਸਵੰਧ ਦੇ ਕੇ ਕਮਾਈ ਸਫਲੀ ਕਰਦੇ ਹਨ। ਸਾਲ ਦੇ ਸਾਲ ਸੰਤ ਮਹਾਰਾਜ ਜੀ ਦੀ ਬਰਸੀ ਸਮੇਂ ਡੇਰੇ ਸੰਤਗੜ੍ਹ ਆ ਕੇ ਸੰਤਾਂ ਦੀ ਪਵਿੱਤਰ ਭੂਮੀ ਦੀ ਧੂੜੀ ਨੂੰ ਚੁੰਮ ਕੇ ਤੇ ਮੱਥੇ ਪਰ ਲਾ ਕੇ ਆਪਣਾ ਜੀਵਨ ਸਵਾਰਦੇ ਹਨ। ਗੁਰੂ ਕਿਰਪਾ ਕਰੇ, ਇਸ ਸ: ਸ਼ਿਵਦੇਵ ਸਿੰਘ ਦਾ ਪ੍ਰੇਮ ਇਸੇ ਤਰ੍ਹਾਂ ਨਿਭ ਜਾਵੇ ਤੇ ਜ਼ਿੰਦਗੀ ਸਫਲ ਹੋ ਜਾਵੇ।। ਇਤੀ।।

ਬਾਬੂ ਕਾਹਨ ਸਿੰਘ ਜੀ ਦਾ ਸੰਤਾਂ ਨਾਲ ਮਿਲਾਪ

ਬਾਬੂ ਕਾਹਨ ਸਿੰਘ ਜੀ ਉਰਫ ਬਾਬੂ ਭਗਤ ਰਾਮ ਜੀ ਖਾਸ ਫਰੀਦਕੋਟ ਦੇ ਸਨ ਤੇ ਭਗਤ ਨਾਮਦੇਵ ਜੀ ਦੀ ਸ਼ੁਭ ਬੰਸ ਵਿਚ ਪੈਦਾ ਹੋਏ ਸਨ। ਸਕੂਲ ਵਿਦਿਆ ਫਰੀਦਕੋਟ ਵਿਚ ਹੀ ਦਸਵੀਂ ਕਲਾਸ ਫਸਟ ਕਲਾਸ ਵਿਚ ਪਾਸ ਕੀਤੀ। ਫਿਰ ਰੇਲਵੇ ਵਿਚ ਬਾਬੂ ਦੀ ਡਿਊਟੀ ਦਾ ਕੋਰਸ ਕਰਕੇ ਰੇਲਵੇ ਵਿਚ ਟਿਕਟ ਕੁਲੈਕਟਰ ਦੀ ਡਿਊਟੀ ਤੇ ਲਗ ਗਏ। ਉਸ ਤੋਂ ਉਪਰੰਤ ਗੇਟ ਬਾਬੂ ਦੀ ਡਿਊਟੀ ਪ੍ਰਾਪਤ ਹੋ ਗਈ। ਕਈ ਜਗ੍ਹਾਂ ਤੋਂ ਬਦਲ ਕੇ ਹੁਣ ਬਾਬੂ ਜੀ ਜਲੰਧਰ ਜੰਕਸ਼ਨ ਦੇ ਗੇਟ ਬਾਬੂ ਦੀ ਡਿਊਟੀ ਨਿਭਾਉਂਦੇ ਸਨ। ਜਦੋਂ ਕਿਸੇ ਮਨੁਸ਼ ਦਾ ਪੂਰਬਲਾ ਭਾਗ ਜਾਗਦਾ ਹੈ ਤਾਂ ਬੰਦੇ ਨੂੰ ਕਿਸੇ ਪੂਰਨ ਪੁਰਖ ਦਾ ਮਿਲਾਪ ਹੁੰਦਾ ਹੈ। ਯਥਾ :-

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।। (ਗਉੜੀ ਮਹਲਾ ੫)

ਜਿੰਨਾ ਚਿਰ ਪੂਰਬਲਾ ਭਾਗ ਨਹੀਂ ਉਦੇ ਹੁੰਦਾ ਉਤਨਾ ਸਮਾਂ ਇਹ ਜੀਵ ਭਰਮਦਾ ਫਿਰਦਾ ਹੈ। ਯਥਾ :-

ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ।।
ਕਲਿ ਘੋਰ ਸਮੁਦ੍ ਮੈ ਬੂਡਤ ਕਬਹੂ ਥੇ ਮਿਟਿ ਹੈ ਨਹੀ ਰੇ ਪਛੁਤਾਯਉ।। (ਪੰਨਾ ੧੪੦੯)

ਇਨ੍ਹਾਂ ਮਹਾਂਵਾਕਾਂ ਅਨੁਸਾਰ ਬਾਬੂ ਜੀ ਦਾ ਸ੍ਰੇਸ਼ਟ ਭਾਗ ਜਦੋਂ ਤਕ ਨਹੀਂ ਸੀ ਪ੍ਰਗਟ ਹੋਇਆ ਉਦੋਂ ਤਕ ਸੰਸਾਰ ਵਿਚ ਭਟਕਣਾ ਹੀ ਭਟਕਣਾ ਸੀ। ਇਸ ਸੰਸਾਰੀ ਭਟਕਣਾ ਵਿਚ ਬਾਬੂ ਜੀ ਦੀ ਸ਼ਾਦੀ ਵੀ ਇਕ ਚੰਗੇ ਰੱਜੇ-ਪੁਜੇ ਘਰਾਣੇ ਵਿਚ ਹੋ ਗਈ। ਤਦ ਬਾਬੂ ਜੀ ਦਾ ਗ੍ਰਹਿਸਤੀ ਜੀਵਨ ਸ਼ੁਰੂ ਹੋਇਆ। ਇਹ ਗ੍ਰਹਿਸਤੀ ਜੀਵਨ ਤਾਂ ਹੀ ਸੁਰਗ ਸੁਖ ਦੀ ਨਿਆਈਂ ਹੁੰਦਾ ਹੈ, ਜੇ ਭਗਤ ਧੰਨਾ ਜੀ ਦੇ ਕਹੇ ਅਨੁਸਾਰ ਹੋਵੇ, ਯਥਾ :-

ਘਰ ਕੀ ਗੀਹਨਿ ਚੰਗੀ।। ਜਨੁ ਧੰਨਾ ਲੇਵੈ ਮੰਗੀ।।

ਜੇ ਘਰ ਦੀ ਤ੍ਰੀਮਤ ਚੰਗੀ ਭਾਵ ਸਤਿਵਾਦੀ ਪਤੀਬਰਤਾ, ਧਰਮ ਵਿਚ ਚੱਲਣ ਵਾਲੀ ਹੋਵੇ ਅਤੇ ਘਰ ਦੇ ਸਾਰੇ ਕੰਮਾਂ ਦੀ ਜ਼ੁਮੇਂਵਾਰੀ ਬਣ ਕੇ ਤੇ ਪਤੀ ਦੇ ਜੀਵਨ ਸਾਥਣ ਬਣ ਕੇ ਜ਼ਿੰਦਗੀ ਨਿਭਾਉਣ ਵਾਲੀ ਹੋਵੇ ਤਾਂ ਹੀ ਗ੍ਰਹਿਸਤ ਜੀਵਨ ਸੁਰਗ ਦੀ ਨਿਆਈਂ ਸੁਖੀ ਨਿਭਦਾ ਹੈ। ਜੇ ਗ੍ਰਹਿਸਤ ਵਿਚ ਇਸਤਰੀ ਆਪਣੇ ਗ੍ਰਹਿਸਤ ਧਰਮ ਦੇ ਗੁਣਾਂ ਨੂੰ ਨਾ ਨਿਭਾਉਣ ਵਾਲੀ ਤੇ ਪਤੀ ਦੇ ਬਚਨਾਂ ਨੂੰ ਨਾ ਮੰਨਣ ਵਾਲੀ ਹੋਵੇ, ਐਸੀ ਇਸਤਰੀ ਨਾ ਹੋਵੇ ਜੈਸਾ ਕਿ ਕਥਨ ਹੈ :-

ਪਾਨੀ ਕੇ ਮਾਂਗਤ ਪੱਥਰ ਮਾਰਤ ਨਾਰਿ ਕਿਧੋ ਘਰ ਨਾਹਰ ਆਨੀ।। (ਦਸਮ ਚਰਿਤ੍)

ਐਸੀ ਇਸਤਰੀ ਨਾਲ ਘਰ ਨਰਕ ਬਣ ਜਾਂਦਾ ਹੈ। ਪਰ ਬਾਬੂ ਜੀ ਦੀ ਪਤਨੀ ਬੜੀ ਸਤਿ ਬਚਨ ਮੰਨਣ ਵਾਲੀ ਤੇ ਸੇਵਾ-ਭਾਵ ਵਾਲੀ ਸੀ, ਘਰ ਨੂੰ ਚਾਰ-ਚੰਦ ਲਾਉਣ ਵਾਲੀ ਸੀ। ਪਰ ਬਾਬੂ ਜੀ ਦਾ ਚਿੱਤ ਸਦਾ ਉਦਾਸ ਹੀ ਰਹਿੰਦਾ ਸੀ। ਪਰ ਬਾਬੂ ਜੀ ਨੂੰ ਇਹ ਸੋਚ ਰਹਿੰਦੀ ਕਿ ਜੀਵਨ ਸਫਲਾ ਕੈਸੇ ਹੋ ਸਕਦਾ ਹੈ। ਬਾਣੀ ਦਾ ਰਹੱਸ ਹੈ ਕਿ ਪੂਰਨ ਪੁਰਖਾਂ ਦੁਆਰਾ ਜੀਵਨ ਸਫਲਾ ਹੁੰਦਾ ਹੈ। ਚਿੱਤ ਵਿਚ ਇਹ ਵੀ ਵਿਚਾਰ ਆਉਂਦੀ ਪੂਰਨ ਪੁਰਖ ਕੌਣ ਹਨ ਤੇ ਕਿਥੋਂ ਤੇ ਕਿਸ ਢੰਗ ਨਾਲ ਮਿਲਣ ਤੇ ਕਿਸ ਤਰ੍ਹਾਂ ਭਾਲ ਕੀਤੀ ਜਾਏ। ਕਿਸੇ ਗੁਰਸਿੱਖ ਨਾਲ ਮਿਲ ਕੇ ਬਾਬਾ ਹਰਨਾਮ ਸਿੰਘ ਜੀ ਸੰਦਰਾਂ ਵਾਲਿਆਂ ਪਾਸ ਗਏ, ਜੋ ਉਸ ਸਮੇਂ ਭਾਈ ਜੋਗਾ ਸਿੰਘ ਦੇ ਗੁਰਦਵਾਰੇ ਮਹੰਤ ਸਨ। ਭਾਈ ਜੋਗਾ ਸਿੰਘ ਜੀ ਦਾ ਗੁਰਦੁਆਰਾ ਤੇਲੀਆਂ ਵਾਲੀ ਗਲੀ, ਜੋੜੇ ਪਿਪਲਾਂ ਵਾਲੇ ਅਸਥਾਨ ਤੇ ਸੀ। ਜੋ ਸ਼ਹਿਰ ਹੁਸ਼ਿਆਰਪੁਰ

ਵਿਖੇ ਹੈ। ਉਸ ਬਾਬਾ ਹਰਨਾਮ ਸਿੰਘ ਜੀ ਨੇ ਬਾਬੂ ਜੀ ਨੂੰ ਸੋਹੰ ਦਾ ਸ਼ਬਦ ਦਿਤਾ ਸੀ, ਸੋ ਬਾਬੂ ਜੀ ਸਦਾ ਸੋਹੰ ਦੀ ਹੀ ਰਟਨ ਕਰਦੇ ਸਨ ਅਤੇ ਬਾਣੀ ਵੀ ਪੜ੍ਹਦੇ ਸਨ। ਬਾਬੂ ਜੀ ਆਪਣੀ ਡਿਊਟੀ ਵੀ ਪੂਰੀ ਕਰਦੇ ਸਨ ਤੇ ਨਾਮ ਬਾਣੀ ਦਾ ਅਭਿਆਸ ਵੀ ਕਰਦੇ ਸਨ। ਇਸ ਸਮੇਂ ਬਾਬੂ ਜੀ ਜਲੰਧਰ ਜੰਕਸ਼ਨ ਪਰ ਫਸਟ ਕਲਾਸ ਦੇ ਗੇਟ ਦੀ ਡਿਊਟੀ ਤੇ ਸਨ। ਸੰਤ ਮਹਾਰਾਜ ਜੀ ਨੇ ਉਸ ਦਿਨ ਹੁਸ਼ਿਆਰਪੁਰ ਜਾਣਾ ਸੀ। ਆਪ ਹਜ਼ੂਰ ਇਕੱਲੇ ਹੀ ਠੀਕ ਅੱਠ ਵਜੇ ਫਸਟ ਕਲਾਸ ਦੇ ਗੇਟ ਤੇ ਆਏ। ਹਜ਼ੂਰ ਦੇ ਹੱਥ ਵਿਚ ਚੰਗਾ ਲੰਬਾ ਵਾਂਸ ਦਾ ਖੂੰਡਾ ਸੀ। ਦੂਸਰੇ ਹੱਥ ਵਿਚ ਪਾਣੀ ਦਾ ਗੜਵਾ ਵੀ ਸੀ। ਆਪ ਸਧਾਰਨ ਜਿਹੇ ਪੁਰਸ਼ਾਂ ਦੇ ਭੇਸਧਾਰੀ ਸਨ। ਇਸ ਸਰੂਪ ਵਿਚ ਗੇਟ ਦੇ ਕੋਲ ਬਾਹਰਵਾਰ ਆ ਕੇ ਖਲੋ ਗਏ। ਉਸ ਸਮੇਂ ਬਾਬੂ ਜੀ ਦਾ ਇਕ ਹੱਥ ਆਪਣੇ ਕੋਟ ਦੀ ਜੇਬ ਵਿਚ ਸੀ। ਜੇਬ ਵਾਲੇ ਹੱਥ ਵਿਚ ਸਿਮਰਨਾ ਸੀ, ਜਿਸ ਨਾਲ ਆਪਣੀ ਡਿਊਟੀ ਪਰ ਖੜਾ ਸਿਮਰਨ ਵੀ ਕਰੀ ਜਾਂਦਾ ਹੈ। ਆਏ ਸਵਾਲੀ ਦੇ ਸਵਾਲ ਵੀ ਪੂਰੇ ਕਰੀ ਜਾਂਦਾ ਹੈ। ਪੈਸੰਜਰਾਂ ਤੋਂ ਟਿਕਟ ਵੀ ਫੜਦਾ ਹੈ, ਚਿੱਤ ਵਿਚ ਪਿਆਰ ਵੀ ਹੈ, ਰਹਿਮ ਵੀ ਹੈ, ਜਿਸ ਕਰਕੇ ਗਰੀਬ-ਮਾਰ ਨਹੀਂ ਕਰਦਾ। ਕਿਸੇ ਪਾਸੋਂ ਵੱਢੀ ਨਹੀਂ ਲੈਂਦਾ। ਆਪਣੀ ਸੱਚੀ-ਸੁੱਚੀ ਡਿਊਟੀ ਸੰਤਾਂ ਦੀ ਡਿਊਟੀ ਸਮਝ ਕੇ ਕਰਦਾ ਹੈ।

ਸੰਤਾਂ ਦੇ ਗੇਟ ਤੇ ਆਉਣ ਤੋਂ ਪਹਿਲਾਂ ਇਕ ਪੈਸੰਜਰ ਬਾਬੂ ਜੀ ਨਾਲ ਗੱਡੀਆਂ ਦੇ ਟਾਈਮ ਪੁਛਣ ਬਾਬਤ ਗੱਲਬਾਤ ਕਰ ਰਿਹਾ ਸੀ। ਸੰਤ ਉਤਨਾ ਸਮਾਂ ਬੜੀ ਧੀਰਜ ਨਾਲ ਖੜੇ ਰਹੇ। ਜਦੋਂ ਉਸ ਬੰਦੇ ਦੀ ਗੱਲਬਾਤ ਬਾਬੂ ਜੀ ਨਾਲੋਂ ਖਤਮ ਹੋਈ ਤਾਂ ਫਿਰ ਸੰਤਾਂ ਨੇ ਬੜੇ ਮਿੱਠੇ ਤੇ ਪਿਆਰ-ਭਰੇ ਸ਼ਬਦਾਂ ਵਿਚ ਬਾਬੂ ਭਗਤ ਰਾਮ ਜੀ ਨੂੰ ਪੁਛਿਆ ਕਿ ਬਾਬੂ ਜੀ ਹੁਸ਼ਿਆਰਪੁਰ ਗੱਡੀ ਕਿਸ ਸਮੇਂ ਜਾਵੇਗੀ। ਬਾਬੂ ਜੀ ਨੇ ਉੱਤਰ ਦਿਤਾ ਕਿ ਭਾਈ ਸਾਹਿਬ ਜੀ ਇਕ ਗੱਡੀ ਹੁਸ਼ਿਆਰਪੁਰ ਨੂੰ ਅੱਠ ਵੱਜਣ ਤੋਂ ਪੰਜ ਮਿੰਟ ਪਹਿਲਾਂ ਇਸ ਜੰਕਸ਼ਨ ਤੋਂ ਚੱਲ ਗਈ, ਦੂਸਰੀ ਗੱਡੀ ਦਸ ਵਜੇ ਜਾਏਗੀ, ਤੀਸਰੀ ਗੱਡੀ ਫਿਰ ਬਾਰਾਂ ਵਜੇ ਜਾਏਗੀ। ਚੌਥੀ ਗੱਡੀ ਫਿਰ ਸਾਢੇ ਤਿੰਨ ਵਜੇ ਜਾਏਗੀ। ਬਾਬੂ ਜੀ ਇਸ ਪ੍ਰਕਾਰ ਗੱਡੀਆਂ ਦਾ ਟਾਈਮ ਦੱਸ ਕੇ ਆਪਣੇ ਕੰਮ ਵਲ ਧਿਆਨ ਕਰਨ ਲੱਗ ਪਏ।

ਸੰਤ ਮਹਾਰਾਜ ਜੀ ਵੀ ਗੱਡੀਆਂ ਦਾ ਟਾਈਮ ਪੁਛ ਕੇ ਆਪਣੀ ਜਗ੍ਹਾ ਤੇ ਚਲੇ ਗਏ। ਉਸ ਸਮੇਂ ਜੋ ਇਸ ਸਟੇਸ਼ਨ ਤੇ ਬਾਬੂ ਲੋਕ ਪੜ੍ਹੇ-ਲਿਖੇ ਸਨ, ਆਪਣੇ ਰੁਜ਼ਗਾਰ ਹਿਤ ਨੌਕਰੀਆਂ ਕਰਦੇ ਸਨ। ਸੋ ਬਹੁਤ ਸਾਰੇ ਸ੍ਵਾਰਥ ਤੇ ਪਰਮਾਰਥ ਦੇ ਵੀ ਢੰਡਾਊ ਸਨ। ਆਪੋ ਵਿਚ ਪਿਆਰੀ ਸਖੀ ਵਾਂਗ ਪਰਮਾਰਥ ਦੇ ਬਚਨ ਵੀ ਕਰ ਲੈਂਦੇ ਸਨ ਕਿ ਸਾਡਾ ਪਰਮਾਰਥ ਕਿਵੇਂ ਸਿੱਧ ਹੋ ਸਕਦਾ ਹੈ। ਇਨ੍ਹਾਂ ਸਾਰਿਆਂ ਦਾ ਇਹ ਪੂਰਨ ਨਿਸ਼ਚਾ ਸੀ ਕਿ ਪੂਰਨ ਮਹਾਂਪੁਰਖਾਂ ਤੋਂ ਬਿਨਾਂ ਪਰਮਾਰਥ ਪੂਰਾ ਨਹੀਂ ਹੋ ਸਕਦਾ। ਗੁਰਮੁਖਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ-ਕਲ ਪੂਰਨ ਮਹਾਂਪੁਰਸ਼ ਜਾਂ ਤਾਂ ਹਰਖੋਵਾਲੀਏ ਸੰਤ ਬਾਬਾ ਜਵਾਲਾ ਸਿੰਘ ਜੀ ਹਨ ਜਾਂ ਬਾਬੇ ਕਲੇਰਾਂ ਵਾਲੇ ਬਾਬਾ ਨੰਦ ਸਿੰਘ ਜੀ ਪੂਰਨ ਪੁਰਖ ਹਨ। ਬਾਬੂ ਭਗਤ ਰਾਮ ਜੀ ਦੇ ਚਿੱਤ ਵਿਚ ਇਹ ਬੜੀ ਤੀਬਰ ਇੱਛਾ ਸੀ ਕਿ ਇਨ੍ਹਾਂ ਮਹਾਂਪੁਰਸ਼ਾਂ ਨੂੰ ਕਿਸ ਢੰਗ ਨਾਲ ਮਿਲਿਆ ਜਾਏ। ਅੱਜ ਬਾਬੂ ਜੀ ਦਾ ਕੋਈ ਪੂਰਬਲਾ ਭਾਗ ਜਾਗਿਆ ਕਿ ਸ੍: ਕਰਤਾਰ ਸਿੰਘ ਜੀ ਗਾਰਡ ਪਿੰਡ ਕਾਲੂਵਾਲੀਏ ਜੋ ਕਿ ਸ੍: ਅਮਰ ਸਿੰਘ ਤੇ ਸੰਤ ਪ੍ਰੀਤਮ ਸਿੰਘ ਜੀ ਦੇ ਛੋਟੇ ਭਰਾ ਸਨ। (ਇਨ੍ਹਾਂ ਦਾ ਹਾਲ ਅੱਗੇ ਜਾ ਕੇ ਲਿਖਾਂਗਾ)

ਬਾਬੂ ਭਗਤ ਰਾਮ ਜੀ ਪਾਸ ਆਏ। ਸੋ ਸ੍: ਕਰਤਾਰ ਸਿੰਘ ਜੀ ਬਾਬੂ ਜੀ ਦੇ ਚੰਗੇ ਮਿੱਤਰ ਸਨ। ਬਾਬੂ ਜੀ ਦੇ ਕੋਲ ਆ ਕੇ ਕਿਹਾ ਕਿ ਬਾਬੂ ਚਲੋ ਅੱਜ ਤੁਹਾਨੂੰ ਪੂਰਨ ਪੁਰਖ ਸੰਤਾਂ ਦੇ ਦਰਸ਼ਨ ਕਰਾਈਏ। ਬਾਬੂ ਜੀ ਨੇ ਪੁਛਿਆ ਕਿ ਕਿਸ ਮਹਾਂਪੁਰਸ਼ ਦੇ ਦਰਸ਼ਨ ਕਰਾਉਗੇ? ਸ੍: ਕਰਤਾਰ ਸਿੰਘ ਜੀ ਨੇ ਕਿਹਾ ਕਿ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਦਾ ਦਰਸ਼ਨ ਕਰਾਵਾਂਗਾ। ਬਾਬੂ ਜੀ ਨੇ ਆਪਣੀ ਡਾਇਰੀ ਕੱਢੀ, ਉਸ ਉਪਰ ਲਿਖਿਆ ਤੱਕਿਆ ਕਿ ਅੱਜ-ਕਲ੍ਹ ਪੂਰਨ ਪੁਰਖ ਠੀਕ ਹੀ ਬਾਬਾ ਜਵਾਲਾ ਸਿੰਘ ਜੀ ਹਨ ਜਾਂ ਸੰਤ ਕਲੇਰਾਂ ਵਾਲੀਏ ਬਾਬਾ ਨੰਦ ਸਿੰਘ ਜੀ ਹਨ।

ਹੁਣ ਬਾਬੂ ਜੀ ਨੇ ਕਿਹਾ ਕਿ ਸਰਦਾਰ ਜੀਉ, ਚਿੱਤ ਤਾਂ ਬਾਬਾ ਜੀ ਦੇ ਦਰਸ਼ਨਾਂ ਨੂੰ ਬਹੁਤ ਕਰਦਾ ਹੈ, ਪਰ ਇਸ ਸ਼ਰਤ ਪਰ ਆਪ ਜੀ ਦੇ ਨਾਲ ਜਾਣ ਨੂੰ ਤਿਆਰ ਹਾਂ ਕਿ ਰਾਤ ਮੁੜ ਇਥੇ ਆ ਜਾਈਏ। ਕਿਉਂਕਿ ਮੇਰੀ ਰਾਤ ਦੀ

ਡਿਊਟੀ ਹੈ। ਇਨ੍ਹਾਂ ਦੋਨਾਂ ਜਣਿਆਂ ਦੀ ਸਲਾਹ ਹੋ ਗਈ ਕਿ ਚਲੋ ਦਰਸ਼ਨ ਨੂੰ ਚੱਲਦੇ ਹਾਂ, ਮੁੜ ਸ਼ਾਮ ਨੂੰ ਵਾਪਸ ਆ ਜਾਵਾਂਗੇ। ਹੁਣ ਬਾਬੂ ਜੀ ਆਪਣੀ ਡਿਊਟੀ ਤੋਂ ਬਦਲੀ ਹੋਏ, ਇਕ ਦਮ ਦੂਸਰੇ ਬਸਤਰ ਪਾਏ ਤੇ ਦੋਨੋਂ ਜਣੇ ਹੁਸ਼ਿਆਰਪੁਰ ਵਾਲੀ ਗੱਡੀ ਤੇ ਅਸਵਾਰ ਹੋ ਗਏ। ਆਪਣਾ ਸਫਰ ਤਹਿ ਕਰਕੇ ਨਸਰਾਲੇ ਸਟੇਸ਼ਨ ਤੇ ਗੱਡੀ ਤੋਂ ਉਤਰ ਕੇ ਹਰਖੋਵਾਲ ਡੇਰੇ ਦੇ ਰਸਤੇ ਪੈ ਗਏ। ਇਹ ਪੈਂਡਾ ਪੂਰਾ ਕਰਕੇ ਡੇਰੇ ਪੁਜੇ ਤੇ ਗੁਰਦਵਾਰੇ ਜਾ ਕੇ ਨਮਸ਼ਕਾਰ ਕੀਤੀ। ਫਿਰ ਸੰਤਾਂ ਪਾਸ ਆਏ। ਸੰਤ ਉਸ ਸਮੇਂ ਲੰਗਰ ਵਿਚ ਭੋਜਨ ਛਕ ਰਹੇ ਸਨ। ਇਨ੍ਹਾਂ ਦੋਨਾਂ ਬਾਬੂਆਂ ਨੇ ਸ਼ਰਧਾ-ਭਰੇ ਹਿਰਦੇ ਨਾਲ ਤੇ ਬੜੀ ਨਿੰਮਰਤਾ ਸਹਿਤ ਨਮਾਸ਼ਕਾਰ ਕੀਤੀ ਤੇ ਸੰਤ ਮਹਾਰਾਜ ਜੀ ਭੋਜਨ ਛਕ ਕੇ, ਚੁਲਾ ਕਰਕੇ ਆਪਣੀ ਕੁਟੀਆ ਨੂੰ ਚਲ ਪਏ। ਜਾਂਦੇ ਹੋਏ ਸੰਤ ਜੱਗਾ ਸਿੰਘ ਜੀ ਨੂੰ ਹੁਕਮ ਕਰ ਗਏ ਕਿ ਇਨ੍ਹਾਂ ਦੋਨਾਂ ਬਾਬੂਆਂ ਨੂੰ ਪ੍ਰੇਮ ਨਾਲ ਪ੍ਰਸ਼ਾਦਾ ਛਕਾਵੀਂ। ਸੰਤ ਜੱਗਾ ਸਿੰਘ ਜੀ ਨੇ ਬਾਬੂਆਂ ਤੋਂ ਪੁਛਿਆ ਕਿ ਆਪ ਜੀ ਨੇ ਅਟਕਣਾ ਹੈ ਜਾਂ ਛੇਤੀ ਚਲੇ ਜਾਣਾ ਹੈ? ਤਾਂ ਬਾਬੂ ਜੀ ਨੇ ਕਿਹਾ ਅਸੀਂ ਸੰਤਾਂ ਨਾਲ ਗੱਲਬਾਤ ਕਰਕੇ ਛੇਤੀ ਮੁੜਨਾ ਚਾਹੁੰਦੇ ਹਾਂ। ਸੰਤ ਜੱਗਾ ਸਿੰਘ ਜੀ ਨੇ ਇਕ ਦਮ ਹੀ ਦੋਨਾਂ ਨੂੰ ਬੜੇ ਪ੍ਰੇਮ ਸਹਿਤ ਸ਼ੱਕਰ ਘੀ ਦੇ ਕੇ ਤੇ ਜੋ ਦਾਲ ਸੀ ਦੇ ਕਰਕੇ ਭੋਜਨ ਛਕਾ ਦਿੱਤਾ। ਫਿਰ ਕਿਹਾ ਹੁਣ ਤੁਸੀਂ ਛੇਤੀ ਨਾਲ ਜਾਓ, ਸੰਤਾਂ ਦਾ ਦਰਸ਼ਨ ਕਰ ਲਵੋ, ਫਿਰ ਉਮੀਦ ਹੈ ਸੰਤ ਕੁਝ ਸਮਾਂ ਅਰਾਮ ਕਰਨਗੇ। ਦੋਨੋਂ ਜਣੇ ਸੰਤ ਮਹਾਰਾਜ ਜੀ ਦੀ ਕੁਟੀਆ ਤੇ ਪ੍ਰੇਮ ਸਹਿਤ ਨਮਸ਼ਕਾਰ ਕੀਤੀ। ਸ੍: ਕਰਤਾਰ ਸਿੰਘ ਜੀ ਨੇ ਜੋ ਬੇਨਤੀਆਂ ਕਰਨੀਆਂ ਸਨ, ਕੀਤੀਆਂ। ਫਿਰ ਸ੍: ਕਰਤਾਰ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀਉ ਇਹ ਬਾਬੂ ਜੀ ਆਪ ਜੀ ਦੇ ਪਾਸ ਸ਼ਰਧਾ ਪ੍ਰੇਮ ਧਾਰ ਕੇ ਆਏ ਹਨ। ਆਪ ਇਨ੍ਹਾਂ ਪਰ ਵੀ ਕਿਰਪਾ ਕਰੋ। ਸੰਤਾਂ ਨੇ ਕਿਹਾ, ਸਰਦਾਰ ਜੀ ਅਸੀਂ ਅੱਗੇ ਹੀ ਇਨ੍ਹਾਂ ਨੂੰ ਜਾਣਦੇ ਹਾਂ। ਬਾਬੂ ਭਗਤ ਰਾਮ ਜੀ ਸੰਤਾਂ ਦਾ ਇਹ ਬਚਨ ਸੁਣ ਕੇ ਬਹੁਤ ਹੈਰਾਨ ਹੋਇਆ ਕਿ ਮੈਂ ਤਾਂ ਅੱਜ ਪਹਿਲੀ ਵਾਰ ਦਰਸ਼ਨਾਂ ਨੂੰ ਆਇਆ ਹਾਂ। ਸੰਤ ਮੈਨੂੰ ਪਹਿਲਾਂ ਹੀ ਕਿਵੇਂ ਜਾਣਦੇ ਹਨ? ਸੰਤਾਂ ਨੇ ਕਿਹਾ, ਬਾਬੂ ਜੀ ਹੈਰਾਨ ਹੋਣ ਦੀ ਇਸ ਵਿਚ ਕਿਹੜੀ ਗੱਲ ਹੈ। ਅੱਜ ਤੋਂ ਕੁਝ ਦਿਨ ਪਹਿਲਾਂ ਮੈਂ ਤੁਹਾਡੇ ਤੋਂ ਗੇਟ ਡਿਊਟੀ ਤੇ ਖੜਿਆਂ ਤੋਂ ਹੁਸ਼ਿਆਰਪੁਰ ਜਾਣ ਵਾਲੀਆਂ ਗੱਡੀਆਂ ਦਾ ਟਾਈਮ ਪੁਛਿਆ ਸੀ। ਹੁਣ ਬਾਬੂ ਜੀ ਨੂੰ ਵੀ ਉਹ ਸਮਾਂ ਯਾਦ ਆ ਗਿਆ। ਫਿਰ ਤਾਂ ਘਿਘਿਆ ਕੇ ਚਰਨੀਂ ਪੈ ਗਿਆ। ਗਰੀਬ-ਨਿਵਾਜ਼ ਮੈਂ ਉਸ ਸਮੇਂ ਅਣਜਾਣ ਬੇਸਮਝ ਸਾਂ। ਆਪ ਜੀ ਦਾ ਪੂਰਾ ਸਤਿਕਾਰ ਨਹੀਂ ਕਰ ਸਕਿਆ। ਨਾ ਹੀ ਕੋਈ ਸੇਵਾ ਹੋ ਸਕੀ। ਆਪ ਮਿਹਰ ਕਰੋ, ਮੇਹਰ ਕਰੋ, ਗਰੀਬ-ਨਿਵਾਜ਼ੀ ਕਰੋ।

ਸੰਤਾਂ ਨੇ ਫਿਰ ਬੜੀ ਧੀਰਜ ਦਿੱਤੀ ਤਾਂ ਫਿਰ ਬਾਬੂ ਜੀ ਤੋਂ ਪੁਛਿਆ ਕਿ ਬਾਬੂ ਜੀ ਅੱਜ ਤੋਂ ਪਹਿਲਾਂ ਕਿਸੇ ਮਹਾਂਪੁਰਸ਼ ਪਾਸੋਂ ਉਪਦੇਸ਼ ਲਿਆ ਹੈ? ਬਾਬੂ ਭਗਤ ਰਾਮ ਜੀ ਨੇ ਕਿਹਾ ਹਾਂ ਹਜ਼ੂਰ ਹਰਨਾਮ ਸਿੰਘ ਜੀ ਨੇ ਜੋ ਕਿ ਸੰਦਰਾਂ ਵਾਲੇ ਹਨ, ਉਨ੍ਹਾਂ ਮਹਾਂਪੁਰਸ਼ਾਂ ਨੇ ਦਾਸ ਨੂੰ ਸੋਹੰ ਦਾ ਸ਼ਬਦ ਬਖਸ਼ਿਸ਼ ਕੀਤਾ ਹੈ। ਸੋ ਸੰਦਰਾਂ ਵਾਲੇ ਬਾਬਾ ਹਰਨਾਮ ਸਿੰਘ ਜੀ ਸੰਤ ਮਹਾਰਾਜ ਜੀ ਦੇ ਵੀ ਬਹੁਤ ਪਿਆਰ ਵਾਲੇ ਸਨ। ਫਿਰ ਸੰਤਾਂ ਨੇ ਬਾਬੂ ਜੀ ਨੂੰ ਕਿਹਾ ਹੁਣ ਹਰਨਾਮ ਸਿੰਘ ਜੀ ਪਾਸ ਜਾਣਾ ਅਤੇ ਬੇਨਤੀ ਕਰਨੀ ਤੇ ਸਾਡੇ ਵਲੋਂ ਵੀ ਬੇਨਤੀ ਕਰਨੀ ਕਿ ਮੈਨੂੰ ਦਾਸ ਨੂੰ ਸੋਹੰ ਸ਼ਬਦ ਦੀ ਬਜਾਏ ਆਪਣੀ ਰਸਨਾ ਤੋਂ ਵਾਹਿਗੁਰੂ ਮੰਤਰ ਦੀ ਬਖਸ਼ਿਸ਼ ਕਰੋ। ਜਦੋਂ ਦੋਨੋਂ ਬਾਬੂ ਜੀ ਸੰਤਾਂ ਤੋਂ ਆਗਿਆ ਲੈ ਕੇ ਵਾਪਸ ਜਲੰਧਰ ਆਏ ਤਾਂ ਮੌਕਾ ਲੱਗੇ ਤੋਂ ਬਾਬੂ ਭਗਤ ਰਾਮ ਜੀ, ਸੰਤ ਬਾਬਾ ਹਰਨਾਮ ਸਿੰਘ ਜੀ ਦੇ ਚਰਨਾਂ ਵਿਚ ਗਏ ਤੇ ਨਮਸ਼ਕਾਰ ਕੀਤੀ ਅਤੇ ਆਪਣੇ ਵਲੋਂ ਸਨਿਮਰ ਬੇਨਤੀ ਕੀਤੀ।

ਸੰਤ ਮਹਾਰਾਜ ਜੀ ਦੇ ਕਹੇ ਹੋਇਆਂ ਸ਼ਬਦਾਂ ਦੀ ਵੀ ਬੇਨਤੀ ਕੀਤੀ ਤਾਂ ਸੰਤ ਹਰਨਾਮ ਸਿੰਘ ਜੀ ਨੇ ਕਿਹਾ ਕਿ ਚੰਗਾ ਫਿਰ ਤੂੰ ਉਹੀ ਕਰ ਲਿਆ ਕਰ, ਤਾਂ ਬਾਬੂ ਜੀ ਨੇ ਕਿਹਾ ਕਿ ਬਾਬਾ ਜੀ ਇਸ ਢੰਗ ਨਾਲ ਨਹੀਂ ਜਿਵੇਂ ਕਿ ਹੁਣ ਤੁਸੀਂ ਕਹਿ ਰਹੇ ਹੋ। ਸੰਤਾਂ ਨੇ ਕਿਹਾ ਸੀ ਕਿ ਬਾਬਾ ਜੀ ਦੇ ਮੁਖਾਰਬਿੰਦ ਤੋਂ ਅਖਵਾ ਕੇ ਸਰਵਣ ਕਰਕੇ ਨਿਸ਼ਚਾ ਕਰਨਾ। ਇਸ ਕਰਕੇ ਆਪ ਜੀ ਆਪਣੀ ਰਸਨਾ ਤੋਂ ਦਾਸ ਨੂੰ ਬਖਸ਼ਿਸ਼ ਕਰੋ। ਤਾਂ ਫਿਰ ਬਾਬਾ ਹਰਨਾਮ ਸਿੰਘ ਜੀ ਨੇ ਖੁਸ਼ ਹੋ ਕੇ ਆਪਣੀ ਰਸਨਾ ਤੋਂ ਵਾਹਿਗੁਰੂ ਮੰਤਰ ਦੀ ਬਖਸ਼ਿਸ਼ ਕੀਤੀ। ਇਹ ਬਖਸ਼ਿਸ਼ ਲੈ ਕੇ ਬਾਬੂ ਜੀ ਮੁੜ ਆਪਣੇ

ਗ੍ਰਿਹ ਵਿਖੇ ਜਲੰਧਰ ਆ ਗਏ।

ਹੁਣ ਬਾਬੂ ਭਗਤ ਰਾਮ ਜੀ ਦਾ ਸੰਤ ਮਹਾਰਾਜ ਜੀ ਨਾਲ ਇਤਨਾ ਪ੍ਰੇਮ ਹੋ ਗਿਆ ਕਿ ਸੰਤ ਮਹਾਰਾਜ ਜੀ ਦਾ ਵੀ ਜਦੋਂ ਮੌਕਾ ਲੱਗੇ ਇਕ ਦਮ ਬਾਬੂ ਜੀ ਪਾਸ ਆ ਜਾਂਦੇ ਜਾਂ ਜਦੋਂ ਵੀ ਜਲੰਧਰ ਆਉਂਦੇ ਤਾਂ ਆਪਣੇ ਪਾਸ ਬਾਬੂ ਨੂੰ ਬੁਲਾ ਕੇ ਦਰਸ਼ਨ ਦੇ ਕੇ ਨਿਹਾਲ ਕਰਦੇ। ਉਸ ਸਮੇਂ ਸੰਤਾਂ ਦੀ ਅੜਦਲੀ ਦੀ ਸੇਵਾ (ਗੜਵਈ) ਬਾਬਾ ਗੱਜਨ ਸਿੰਘ ਜੀ ਕਰਦੇ ਸਨ। ਸੰਤ ਬਾਬਾ ਗੱਜਨ ਸਿੰਘ ਜੀ ਦੁਆਰਾ ਬਾਬੂ ਜੀ ਨੂੰ ਬੁਲਾ ਲੈਂਦੇ ਜਾਂ ਪਤਾ ਕਰ ਲੈਂਦੇ ਕਿ ਬਾਬੂ ਜੀ ਕਿਥੇ ਹਨ, ਆਪਣੀ ਡਿਊਟੀ ਤੇ ਹਨ ਜਾਂ ਘਰ ਹਨ। ਬਾਬੂ ਜੀ ਦੀ ਤੇ ਸੰਤਾਂ ਦੀ ਇਹ ਪ੍ਰੇਮ-ਭਰੀ ਦਸ਼ਾ ਦੇਖ ਕੇ ਗੱਜਨ ਸਿੰਘ ਜੀ ਨੂੰ ਕਹਿਣਾ ਪਿਆ ਕਿ ਬਾਬੂ ਜੀ ਤੁਸੀਂ ਪਤਾ ਨਹੀਂ ਸੰਤਾਂ ਉਪਰ ਕੀ ਪ੍ਰੇਮ ਦਾ ਮੰਤਰ ਧੂੜਿਆ ਹੈ ਕਿ ਸੰਤ ਤੁਹਾਨੂੰ ਦਰਸ਼ਨ ਦਿੱਤੇ ਤੋਂ ਬਿਨਾਂ ਜਲੰਧਰ ਤੋਂ ਅਗਾਂਹ ਲੰਘਦੇ ਨਹੀਂ। ਬਾਬੂ ਜੀ ਨੇ ਵੀ ਨਿੰਮਰਤਾ-ਭਰੇ ਬਚਨਾਂ ਦੁਆਰਾ ਕਿਹਾ ਕਿ ਹੋਰ ਮੇਰੇ ਪਾਸ ਪ੍ਰੇਮ ਦਾ ਜਾਦੂ ਨਹੀਂ। ਸੰਤ ਮਹਾਰਾਜ ਜੀ ਮੇਰੇ ਪਰ ਗਰੀਬ-ਨਿਵਾਜ਼ੀ ਕਰਦੇ ਹਨ।

ਇਕ ਦਿਨ ਸੰਤ ਮਹਾਰਾਜ ਜੀ ਬਾਬੂ ਜੀ ਤੇ ਪ੍ਰਸੰਨ ਹੋ ਕੇ ਉਪਦੇਸ਼ ਦੇਣ ਲੱਗੇ ਕਿ ਬਾਬੂ ਜੀ ਅੰਮ੍ਰਿਤ ਵੇਲੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਠ ਕੇ ਉਦਮ ਕਰਨਾ ਤੇ ਨਿਰਮਲ ਜਲ ਨਾਲ ਇਸ਼ਨਾਨ ਕਰਕੇ ਨਾਮ-ਬਾਣੀ ਦਾ ਅਭਿਆਸ ਕਰਨਾ, ਪਰਾਈ ਨਿੰਦਿਆ ਨਹੀਂ ਕਰਨੀ, ਨਾ ਹੀ ਨਿੰਦਿਆ ਸੁਣਨੀ। ਝੂਠ ਨਹੀਂ ਬੋਲਣਾ, ਹੰਕਾਰ ਨਹੀਂ ਕਰਨਾ, ਵੱਢੀ ਆਦਿਕ ਲੈ ਕੇ ਬੇਈਮਾਨੀ ਦੁਆਰਾ ਮਾਇਆ ਜਮ੍ਹਾਂ ਨਹੀਂ ਕਰਨੀ, ਗੁਰੂ ਘਰ ਨੂੰ ਦਸਵੰਧ ਦੇਣਾ। ਗਰੀਬ ਦੀ ਰੱਖਿਆ ਕਰਨੀ, ਆਦਿਕ ਬਚਨ ਕਮਾਉਣੇ। ਬਾਬੂ ਜੀ ਸੰਤਾਂ ਦੇ ਇਹ ਸ਼ੁਭ ਬਚਨ ਸੁਣ ਕੇ ਚੌਥੇ ਪਹਿਰ ਅੰਮ੍ਰਿਤ ਵੇਲੇ ਉਠ ਕੇ ਹਮੇਸ਼ਾਂ ਉਦਮ ਨਾਲ ਇਸ਼ਨਾਨ ਕਰਦੇ ਅਤੇ ਮਨ ਤੇ ਮੁਖ ਦੁਆਰਾ ਸਿਮਰਨ ਕਰਦੇ। ਜੈਥੇ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅੰਮ੍ਰਿਤ-ਬਚਨ ਉਚਾਰੇ ਹਨ, ਉਨ੍ਹਾਂ ਨੂੰ ਆਪਣੇ ਵਿਚ ਲੈ ਆਉਂਦਾ ਹੈ, ਯਥਾ ਕਿ :-

ਚਉਥੈ ਪਹਰਿ ਸਾਬਾਹ ਕੈ ਸੁਰਤਿਆ ਉਪਜੈ ਚਾਉ।। ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।।
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ।। ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ।।
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ।। (ਪੰਨਾ ੧੪੬)

ਬਾਬੂ ਜੀ ਦਾ ਪ੍ਰੱਕ ਨਿਸ਼ਚਾ ਹੈ ਕਿ ਇਸ ਕਸਵੱਟੀ ਨੂੰ ਜੋ ਸਹਾਰਦਾ ਹੈ, ਸੋ ਮਨੁੱਖ ਬਾਰਾਂ ਬੰਨੀ ਦੇ ਸੋਨੇ ਵਾਂਗ ਹੋ ਜਾਂਦਾ ਹੈ। ਫਿਰ ਉਸ ਸਿਖ ਉਤੇ ਗੁਰੂ ਰੂਪ ਸਰਾਫ ਦੀ ਕ੍ਰਿਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਭਾਵ ਗੁਰੂ ਸਰਾਫ ਦੀ ਕ੍ਰਿਪਾ-ਦ੍ਰਿਸ਼ਟੀ ਵਿਚ ਆ ਜਾਂਦਾ ਹੈ ਤੇ ਤੁਰੀਆ ਅਵੱਸਥਾ ਰੂਪ ਵੰਨੀ ਪ੍ਰਾਪਤ ਹੋ ਜਾਂਦੀ ਹੈ। ਜਿਸ ਕਰਕੇ ਫਿਰ ਜੂਨੀਆਂ ਰੂਪ ਭੱਠੀ ਵਿਚ ਨਹੀਂ ਪੈਂਦਾ। ਇਸ ਵਾਸਤੇ ਬਾਬੂ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਹਨ। ਭਾਵੇਂ ਵੀ ਪੋਹ ਦੀ ਸੀਤਲ ਰੁੱਤ ਦੀ ਕੜਕਵੀਂ ਸਰਦੀ ਹੋਵੇ, ਭਾਵੇਂ ਵੀ ਮੀਂਹ ਹੋਵੇ, ਹਨੇਰੀ ਹੋਵੇ। ਇਹ ਤਤਿਖਸ਼ ਕਰਨ ਵਿਚ ਢਿੱਲੇ ਨਹੀਂ ਹੁੰਦੇ। ਕਿਉਂਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਤੋਂ ਬਿਨਾਂ ਬਾਬੂ ਜੀ ਬੇਜ਼ਾਰੀ ਸਮਝਦੇ ਹਨ, ਜੈਸੇ ਕਿ ਭਾਈ ਨੰਦ ਲਾਲ ਜੀ ਵਾਹਿਗੁਰੂ ਦੇ ਆਸ਼ਕਾਂ ਦਾ ਅੰਮ੍ਰਿਤ ਵੇਲੇ ਨਾ ਉਠ ਕੇ ਇਸ਼ਨਾਨ ਕਰਨਾ ਬੜਾ ਦੁਖ ਤੇ ਬੇਜ਼ਾਰੀ ਸਮਝਦੇ ਹਨ। ਯਥਾ :- *ਬੇਦਾਰੀ ਅਸਤ ਜ਼ਿੰਦਗੀਏ ਆਰਿਫਾਨਿ ਸੌਕ।। ਗੋਇਆ ਹਰਾਮ ਆਇੰਦਹ ਖਾਬਿ ਸਭ।।*

ਭਾਵ ਰੱਬੀ ਆਸ਼ਕਾਂ ਦੇ ਰਾਹ ਤੇ ਤੁਰਨ ਵਾਲਿਆਂ ਲਈ ਅੰਮ੍ਰਿਤ ਵੇਲੇ ਜਾਗਣਾ ਜ਼ਿੰਦਗੀ ਹੈ। ਮੈਂ ਵੀ ਅੱਜ ਤੋਂ ਅੰਮ੍ਰਿਤ ਵੇਲੇ ਸੌਣਾ ਹਰਾਮ ਸਮਝ ਲਿਆ ਹੈ। ਇਸ ਵਾਸਤੇ ਬਾਬੂ ਜੀ ਅੰਮ੍ਰਿਤ ਵੇਲੇ ਲਾਜ਼ਮੀ ਉਠਦੇ ਹਨ ਤੇ ਸਿਮਰਨ ਕਰਦੇ ਹਨ। ਆਪਣੀ ਡਿਊਟੀ ਪਰ ਵੀ ਸਿਮਰਨ ਕਰਦੇ ਰਹਿੰਦੇ ਹਨ ਅਤੇ ਦਸਵੰਧ ਦੇ ਕੇ ਸਰਬੱਤ ਦਾ ਭਲਾ ਲੋੜਦੇ ਹਨ। ਗਰੀਬ-ਮਾਰ ਤੇ ਕਲਮ-ਮਾਰ ਭਾਵ ਵੱਢੀ ਆਦਿਕ ਲੈਣੀ ਤਾਂ ਹਰਾਮ ਸਮਝਦੇ ਹਨ। ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਜ਼ਿੰਦਗੀ ਵਿਚ ਇਕ ਬੜਾ ਭਾਰੀ ਪਰਿਵਰਤਨ ਆਇਆ ਕਿ ਬਾਬੂ ਜੀ ਨਾਲੋਂ ਬਾਬੂ ਜੀ ਦੀ ਜੀਵਨ-ਸਾਥਣ ਭਾਵ ਸ੍ਰੇਸ਼ਟ ਪਤਨੀ ਸਾਥ ਤੋੜ ਗਈ ਭਾਵ ਸਰੀਰ ਤਿਆਗਣ ਕਰਕੇ ਸਦਾ ਲਈ ਵਿਛੋੜਾ ਦੇ ਗਈ। ਬਾਬੂ

ਜੀ ਦਾ ਚਿੱਤ ਬਹੁਤ ਉਦਾਸ ਹੋ ਗਿਆ, ਕਿਉਂਕਿ ਘਰ ਦਾ ਸਾਰਾ ਸੁਖ ਖਤਮ ਹੋ ਗਿਆ, ਜੋ ਪਹਿਲਾਂ ਰੋਟੀ ਆਦਿਕ ਸੁਖ ਸੀ ਅਤੇ ਘਰ ਦੀ ਕੋਈ ਵੀ ਚਿੰਤਾ ਨਹੀਂ ਸੀ।

ਹੁਣ ਸਾਰਾ ਬੋਝ ਆਪ ਜੀ ਦੇ ਸਿਰ ਤੇ ਹੀ ਆ ਗਿਆ। ਜਿਥੇ ਇਨ੍ਹਾਂ ਗੱਲਾਂ ਕਰਕੇ ਦੁੱਖ ਤੇ ਉਦਾਸੀ ਸੀ, ਉਥੇ ਚਿੱਤ ਵਿਚ ਵੈਰਾਗ ਨੇ ਆ ਡੇਰੇ ਲਾਏ ਅਤੇ ਖੁਸ਼ੀ ਵੀ ਹੋਈ। ਖੁਸ਼ੀ ਇਸ ਗੱਲ ਦੀ ਹੋਈ ਕਿ ਹੁਣ ਨਿਰੋਲ ਜ਼ਿੰਦਗੀ ਹੋ ਕੇ ਨਾਮ ਜਪੇਗੀ। ਭਾਵੇਂ ਵੀ ਬਾਬੂ ਜੀ ਦੇ ਸੰਬੰਧੀਆਂ ਨੇ ਮਿਲ ਕੇ ਬਾਬੂ ਜੀ ਨੂੰ ਕਾਫੀ ਕਿਹਾ ਸੁਣਿਆ ਕਿ ਬਾਬੂ ਜੀ ਹੋਰ ਵਿਆਹ ਕਰ ਲੈਣ, ਪਰ ਬਾਬੂ ਜੀ ਇਸ ਗੱਲ ਨਾਲ ਸੰਬੰਧੀਆਂ ਨਾਲ ਸਹਿਮਤ ਨਹੀਂ ਹੋਏ। ਇਤਨੇ ਨੂੰ ਬਾਬੂ ਭਗਤ ਰਾਮ ਜੀ ਦੀ ਬਦਲੀ ਜਲੰਧਰ ਤੋਂ ਲਾਹੌਰ ਜੰਕਸ਼ਨ ਦੀ ਹੋ ਗਈ। ਹੁਣ ਬਾਬੂ ਜੀ ਲਾਹੌਰ ਜਾ ਕੇ ਆਪਣੇ ਕੁਆਟਰ ਵਿਚ ਰਹਿੰਦੇ ਹੋਏ ਭਜਨਾ ਨੰਦ ਵਿਚ ਅਨੰਦ ਰਹਿੰਦੇ ਹਨ। ਬਾਬੂ ਜੀ ਨੂੰ ਲਾਹੌਰ ਰਹਿੰਦਿਆਂ ਵੀ ਮਹਾਪੁਰਸ਼ਾਂ ਦੇ ਸਤਿਸੰਗੀਆਂ ਦੇ ਦਰਸ਼ਨ ਹੁੰਦੇ ਰਹਿੰਦੇ ਅਤੇ ਉਨ੍ਹਾਂ ਸਤਿਸੰਗੀਆਂ ਨਾਲ ਬਾਬੂ ਜੀ ਦਾ ਬਹੁਤ ਚੰਗਾ ਸਹਿਚਾਰ ਬਣ ਗਿਆ ਸੀ, ਜਿਨ੍ਹਾਂ ਵਿਚੋਂ ਖਾਸ ਕਰ ਸ: ਸੁੰਦਰ ਸਿੰਘ ਜੀ ਗਵਰਮਿੰਟ ਕੰਡੈਕਟਰ ਸਨ ਅਤੇ ਇਨ੍ਹਾਂ ਦੇ ਭਤੀਜੇ ਸ: ਹਰਬੰਸ ਸਿੰਘ ਜੀ ਸਨ। ਇਨ੍ਹਾਂ ਦੋਨਾਂ ਨਾਲ ਬਾਬੂ ਜੀ ਦਾ ਚੰਗਾ ਪਿਆਰ ਪੈ ਗਿਆ ਸੀ।

ਬਾਬੂ ਕਾਨ੍ਹ ਸਿੰਘ ਜੀ ਦੇ ਅੰਮ੍ਰਿਤ ਛਕਣ ਦੀ ਵਿਥਿਆ

ਬਾਬੂ ਭਗਤ ਰਾਮ ਜੀ ਲਾਹੌਰ ਰੇਲਵੇ ਕੁਆਟਰਾਂ ਵਿਚ ਰਹਿੰਦੇ ਹੋਇਆਂ ਨੇ ਆਪਣਾ ਜੀਵਨ ਬੜਾ ਸੰਜਮੀ ਬਣਾ ਲਿਆ ਸੀ। ਥੋੜਾ ਬੋਲਣਾ, ਥੋੜਾ ਸੌਣਾ, ਥੋੜਾ ਖਾਣਾ:-

ਪਿਛਲ ਰਾਤੀਂ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।। ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।।
ਥੋੜਾ ਸਵਣਾ ਖਾਵਣਾ ਥੋੜਾ ਬੋਲਣੁ ਗੁਰਮਤਿ ਪਾਏ।। ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।।
ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।।
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨੁ ਪਰਚਾਏ।। ਆਸਾ ਵਿਚਿ ਨਿਰਾਸੁ ਵਲਾਏ।। ੧੫।। (ਭਾਈ ਗੁਰਦਾਸ ਜੀ)

ਬਾਬੂ ਜੀ ਨੇ ਇਸ ਪ੍ਰਕਾਰ ਆਪਣਾ ਜੀਵਨ ਗੁਰਸਿੱਖੀ ਵਾਲਾ ਬਣਾ ਲਿਆ ਸੀ ਅਤੇ ਹਮੇਸ਼ਾਂ ਹੀ ਸਾਧੂਆਂ ਦਾ ਸਤਿਸੰਗ ਜਾਂ ਸਾਧੂਆਂ ਦੇ ਸ਼ਰਧਾਲੂਆਂ ਨਾਲ ਮਿਲਾਪ ਰੱਖਦੇ ਅਤੇ ਸਮੇਂ-ਸਮੇਂ ਸਿਰ ਡੇਰੇ ਹਰਖੋਵਾਲ ਆ ਕੇ ਸੰਤ ਮਹਾਰਾਜ ਜੀ ਦੇ ਦਰਸ਼ਨ ਕਰ ਜਾਂਦੇ ਤੇ ਸੋਹਣੇ ਪਿਆਰ ਵਾਲੇ ਤੇ ਮਿੱਠੇ-ਮਿੱਠੇ ਉਪਦੇਸ਼ ਵਾਲੇ ਬਚਨ ਸੁਣ ਜਾਂਦੇ, ਜਿਨ੍ਹਾਂ ਦੇ ਸੁਣਿਆਂ ਮਨ ਸਦਾ ਮਹਾਂਪੁਰਸ਼ਾਂ ਦੇ ਪਿਆਰ ਵਿਚ ਰਹਿੰਦਾ। ਹੁਣ ਬਾਬੂ ਜੀ ਦੇ ਚਿੱਤ ਅੰਮ੍ਰਿਤਧਾਰੀ ਸਿੰਘ ਬਣ ਜਾਣ ਦੀ ਇੱਛਾ ਪੈਦਾ ਹੋ ਗਈ। ਜਿਸ ਇੱਛਾ ਦੁਆਰਾ ਬਾਬੂ ਜੀ ਨੇ ਕਛਹਿਰੇ ਵੀ ਸਵਾ ਲਏ ਅਤੇ ਦਾੜ੍ਹੀ ਤੇ ਕੇਸ ਨਾ ਕਟਾਉਣ ਦਾ ਨਿਸ਼ਚਾ ਚਿੱਤ ਵਿਚ ਕਰ ਲਿਆ। ਹੁਣ ਬਾਬੂ ਜੀ ਅੰਮ੍ਰਿਤ ਛਕਣ ਦਾ ਮੌਕਾ ਤਾੜਦਾ ਰਹਿੰਦਾ।

ਇਕ ਦਿਨ ਸ: ਸੁੰਦਰ ਸਿੰਘ ਜੀ ਨੇ ਬਾਬੂ ਜੀ ਦੇ ਪਾਸ ਸ਼ੁਭ ਇੱਛਾ ਪ੍ਰਗਟ ਕੀਤੀ ਕਿ ਬਾਬੂ ਜੀ ਅਸੀਂ ਤੇ ਹੋਰ ਮਾਈ ਭਾਈ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੇ ਦਰਸ਼ਨ ਕਰਨ ਹਿਤ ਤਿਆਰ ਹੋ ਰਹੇ ਹਾਂ। ਕੀ ਆਪ ਜੀ ਵੀ ਬਾਬਾ ਜੀ ਦੇ ਦਰਸ਼ਨਾਂ ਨੂੰ ਚਲਣਾ ਚਾਹੁੰਦੇ ਹੋ? ਬਾਬੂ ਜੀ ਨੇ ਬਾਬਾ ਜੀ ਦੇ ਦਰਸ਼ਨ ਕਰਨ ਜਾਣ ਵਾਸਤੇ ਬਹੁਤ ਖੁਸ਼ੀ ਪ੍ਰਗਟ ਕੀਤੀ ਅਤੇ ਸ: ਸੁੰਦਰ ਸਿੰਘ ਜੀ ਦਾ ਧੰਨਵਾਦ ਕੀਤਾ, ਜਿਸ ਨੇ ਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਵਾਸਤੇ ਪ੍ਰੇਰਣਾ ਕੀਤਾ ਹੈ। ਹੁਣ ਇਹ ਲਾਹੌਰ ਤੋਂ ਸਾਰਾ ਜਥਾ ਸ: ਸੁੰਦਰ ਸਿੰਘ ਜੀ ਦੀ ਨਗਰਾਨੀ ਹੇਠ ਬਾਬਾ ਨੰਦ ਸਿੰਘ ਜੀ ਦੇ ਦਰਸ਼ਨਾਂ ਹਿਤ ਚਲ ਪਿਆ। ਉਨ੍ਹਾਂ ਦਿਨਾਂ ਵਿਖੇ ਬਾਬਾ ਜੀ ਡੇਹਰਾਦੂਨ ਵਿਚ ਸਨ। ਇਹ ਸੰਗਤ ਵੀ ਬਾਬਾ ਜੀ ਦੇ ਦਰਸ਼ਨ ਵਾਸਤੇ ਡੇਹਰਾਦੂਨ ਪੁਜ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮਹਾਨ ਵੱਡਾ ਦੀਵਾਨ ਸਜਿਆ ਹੋਇਆ ਸੀ। ਜਿਸ ਦੀਵਾਨ ਵਿਚ ਬਾਬਾ ਨੰਦ ਸਿੰਘ ਜੀ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ

ਬਾਈਂ ਸਾਈਡ ਪਰ ਨੀਵੀਂ ਜਗ੍ਹਾ ਪਰ ਆਪਣਾ ਆਸਣ ਲਾ ਕੇ ਬੈਠੇ ਸਨ। ਪਹਿਲਾਂ ਸ੍ਰੀਮਾਨ ਰਾਗੀ ਕੇਹਰ ਸਿੰਘ ਜੀ ਤੇ ਹੋਰ ਜਥਿਆਂ ਨੇ ਮਿਲ ਕੇ ਬੜਾ ਭਰਵਾਂ ਤੇ ਅਸਰਦਾਰ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਦੇ ਅੰਤਹਕਰਨ ਨੂੰ ਸ਼ੁਧ ਕਰਕੇ ਟਿਕਾਅ ਵਿਚ ਲੈ ਆਂਦਾ। ਫਿਰ ਬਾਬਾ ਜੀ ਨੇ ਗੁਰਮਤਿ ਤੇ ਗੁਰਬਾਣੀ ਦੇ ਅਧਾਰ ਪਰ ਇਕ ਘੰਟੇ ਤੋਂ ਉਪਢ ਆਪਣੀ ਨਾਮ-ਰਸੀ ਰਸਨਾ ਦੁਆਰਾ ਵਿਥਿਆ ਵਿਆਖਿਆ ਤਰਕੇ ਸਰੋਤੇ ਜਨਾਂ ਦੇ ਅੰਤਹਕਰਨ ਵਿਚ ਗੁਰਮਤਿ ਬੀਜ ਬੀਜਣ ਦੀ ਕ੍ਰਿਪਾਲਤਾ ਕੀਤੀ। ਸੋ੍ਤੇ ਜਨਾਂ ਦੀ ਅੰਤਹਕਰਨ ਰੂਪ ਭੂਮੀ ਨੂੰ ਤਾਂ ਕੀਰਤਨੀ ਜਥੇ ਨੇ ਹੀ ਕੀਰਤਨ ਕਰਕੇ ਸੋਹਣੀ ਵੱਤਰ ਵਿਚ ਲੈ ਆਂਦਾ ਸੀ। ਉਸ ਸਮੇਂ ਗੁਰਮਤਿ ਬੀਜ ਬਾਬਾ ਜੀ ਦੀ ਕਥਾ ਨੇ ਸਰੋਤੇ ਜਨਾਂ ਦੇ ਅੰਤਹਕਰਨ ਰੂਪ ਖੇਤ ਵਿਚ ਬੀਜ ਦਿੱਤਾ। ਜਦੋਂ ਬਾਬਾ ਜੀ ਨੇ ਆਪਣੀ ਅੰਮ੍ਰਿਤਮਈ ਰਸਨਾ ਤੋਂ ਗੁਰਮਤਿ ਦੇ ਅਨੁਸਾਰ ਕਿਹਾ ਕਿ ਪ੍ਰਾਣੀ ਨੂੰ ਨਿਗੁਰਾ ਨਹੀਂ ਰਹਿਣਾ ਚਾਹੀਦਾ, ਕਿਉਂਕਿ ਨਿਗੁਰੇ ਦਾ ਨਾਉ ਬੁਰਾ ਹੈ। ਇਸ ਲਈ ਪ੍ਰਾਣੀ ਨੂੰ ਗੁਰਮਤਿ ਅਨੁਸਾਰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਜਾਣਾ ਚਾਹੀਦਾ ਹੈ। ਇਥੇ ਅੰਮ੍ਰਿਤ ਵੇਲੇ ਪੰਜ ਪਿਆਰੇ ਅੰਮ੍ਰਿਤ ਬਾਟਾ ਤਿਆਰ ਕਰਨਗੇ। ਅੰਮ੍ਰਿਤ ਅਭਿਲਾਸ਼ੀ ਗੁਰੂ ਵਾਲਾ ਹੋਣ ਵਾਸਤੇ ਆਪਣੇ-ਆਪਣੇ ਨਾਮ ਲਿਖਾ ਕੇ ਅੰਮ੍ਰਿਤ ਵੇਲੇ ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਹੋ ਕੇ ਗੁਰੂ ਕੇ ਜਹਾਜ਼ ਤੇ ਚੜ੍ਹ ਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਓ। ਬਾਬਾ ਜੀ ਦੀ ਰਸਨਾ ਤੋਂ ਜਦੋਂ ਇਹ ਅੰਮ੍ਰਿਤ-ਮਈ ਸ਼ਬਦ ਨਿਕਲੇ, ਇਕ ਦਮ ਹੀ ਅੱਸੀ ਪ੍ਰਾਣੀ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ, ਜਿਨ੍ਹਾਂ ਵਿਚ ਬਾਬੂ ਭਗਤ ਰਾਮ ਜੀ ਸ਼ਾਮਲ ਹੋ ਗਏ। ਇਹ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ। ਚੌਥਾ ਪਹਿਰ ਰਾਤ ਦਾ ਆਇਆ, ਸਾਰੇ ਹੀ ਗੁਰਸਿੱਖ ਨਿੰਦਰਾ ਤੋਂ ਉਠੇ, ਸੋਚਾਚਾਰ ਕੀਤਾ। ਫਿਰ ਇਸ਼ਨਾਨ ਸੋਧੇ। ਪਰ ਅੰਮ੍ਰਿਤ-ਅਭਿਲਾਸ਼ੀ ਸੁਧੇ ਕੇਸੀਂ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਚਲੇ ਗਏ, ਜਿਥੇ ਕਿ ਪੰਜ ਪਿਆਰੇ ਅੰਮ੍ਰਿਤ ਬਾਟਾ ਤਿਆਰ ਕਰਨ ਲਈ ਕਰਮਕੱਸੇ ਕਰਕੇ ਤਿਆਰ-ਬਰ-ਤਿਆਰ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਸਨ।

ਹੁਣ ਪੰਜਾਂ ਪਿਆਰਿਆਂ ਸੋਧ ਸਧੀਆਂ ਕਰਕੇ ਸਾਰੇ ਅੰਮ੍ਰਿਤ ਅਭਿਲਾਸ਼ੀਆਂ ਦੀ ਵੀ ਸੋਧ ਕੀਤੀ। ਫਿਰ ਅੰਮ੍ਰਿਤ ਤਿਆਰ ਕਰਨ ਦਾ ਅਰਦਾਸਾ ਸੋਧਿਆ। ਸ੍ਰੀ ਮੁਖ ਵਾਕ ਲਿਆ। ਫਿਰ ਅੱਸੀ ਪ੍ਰਾਣੀ ਹੀ ਅੰਮ੍ਰਿਤ ਅਭਿਲਾਸ਼ਾ ਵਿਚ ਗੁਰੂ ਕੀ ਹਜ਼ੂਰੀ ਅੰਦਰ ਹੱਥ ਜੋੜ ਕੇ ਗੁਰੂ ਗੁਰੂ ਜਪਣ ਲੱਗੇ ਤੇ ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਗ ਪਏ। ਪਹਿਲਾਂ ਹੇਠਾਂ ਬੜਾ ਸੁੰਦਰ ਕੰਬਲ ਵਿਛਾਇਆ, ਫਿਰ ਵਿਚਾਲੇ ਪੱਥਰ ਦਾ ਕੁੰਡਾ ਰੱਖਿਆ। ਪੱਥਰ ਦੇ ਕੁੰਡੇ ਪਰ ਲੋਹੇ ਦਾ ਵੱਡਾ ਬਾਟਾ ਰਖਿਆ, ਸੋ ਬਾਟਾ ਸ੍ਵੱਛ ਪਾਣੀ ਨਾਲ ਭਰਿਆ, ਫਿਰ ਪੰਜ ਪਿਆਰਿਆਂ ਨੇ ਪਾਣੀ ਵਿਚ ਪਤਾਸੇ ਪਾਏ। ਹੁਣ ਪੰਜਾਂ ਪਿਆਰਿਆਂ ਨੇ ਬਾਣੀ ਪੜ੍ਹਨੀ ਸ਼ੁਰੂ ਕੀਤੀ। ਜਪੁਜੀ ਸਾਹਿਬ, ਜਾਪੁ ਸਾਹਿਬ, ਦਸ ਸਵੱਯੇ, ਚੌਪਈ, ਵੱਡਾ ਅਨੰਦ ਸਾਹਿਬ ਇਕੱਲੇ-ਇਕੱਲੇ ਸਿੰਘ ਨੇ ਪੜ੍ਹਿਆ, ਨਾਲ ਦੀ ਨਾਲ ਹੀ ਖੰਡਾ ਵੀ ਪਾਣੀ ਵਿਚ ਫੇਰੀ ਜਾਂਦੇ ਹਨ। ਹੁਣ ਅੰਮ੍ਰਿਤ ਤਿਆਰ ਹੋ ਗਿਆ, ਸਤਿਗੁਰੂ ਜੀ ਦੇ ਅੱਗੇ ਸਾਰਿਆਂ ਨੇ ਖੜੋ ਕੇ ਸ਼ੁਕਰਾਨੇ ਵਜੋਂ ਅਰਦਾਸਾ ਸੋਧਿਆ। ਬਾਣੀ ਪੜ੍ਹਨ ਵਿਚ ਲਗ-ਮਾਤਰ ਭੁਲ-ਚੁਕ ਦੀ ਮੁਆਫੀ ਮੰਗੀ ਅਤੇ ਅੰਮ੍ਰਿਤ ਵਿਚ ਅੰਮ੍ਰਿਤ ਦੀ ਸ਼ਕਤੀ ਦੀ ਮੰਗ ਕੀਤੀ। ਹੁਣ ਸਾਰੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ। ਪੰਜ ਚੁਲੇ ਮੁਖ ਵਿਚ ਪਾਏ, ਪੰਜ-ਪੰਜ ਚੁਲੇ ਨੇਤਰਾਂ ਵਿਚ ਪਾਏ, ਪੰਜ-ਪੰਜ ਚੁਲੇ ਸੀਸ ਵਿਚ ਹਰ ਪ੍ਰਾਣੀ ਦੇ ਪਾਏ ਤੇ ਹਰ ਚੁਲੇ ਨਾਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ, ਬੁਲਾਈ। ਅੰਮ੍ਰਿਤ ਛਕਾ ਕੇ ਬਾਅਦ ਵਿਚ ਪੰਜ ਪਿਆਰਿਆਂ ਨੇ ਗੁਰੂ ਰੂਪ ਹੋ ਕੇ ਸਾਰਿਆਂ ਨੂੰ ਦੀਖਤ ਕੀਤਾ ਕਿ ਦਰਸ਼ਨ ਖਾਲਸੇ ਦਾ, ਜੋ ਗੁਰੂ ਜੀ ਦਾ ਸਰੀਰ ਹੈ। ਪਰਚਾ ਸ਼ਬਦ ਦਾ, ਜੋ ਗੁਰੂ ਜੀ ਦਾ ਹਿਰਦਾ ਹੈ। ਪੂਜਾ ਅਕਾਲ ਪੁਰਖ ਦੀ, ਜੋ ਗੁਰੂ ਜੀ ਦੀ ਜੋਤ ਰੂਪ ਹਨ। ਇਤਨਾ ਉਪਦੇਸ਼ ਦੇ ਕੇ ਮੂਲ-ਮੰਤਰ ਦਾ ਤੇ ਵਾਹਿਗੁਰੂ ਗੁਰਮੰਤ੍ ਦਾ ਉਪਦੇਸ਼ ਦਿੱਤਾ। ਪੂਜਾ ੧ਓਂ ਦੀ ਕਰਨੀ ਜੋ ਸ਼ਬਦ ਰੂਪ ਸਾਰਾ ਹੀ ਗੁਰੂ ਗ੍ਰੰਥ ਸਾਹਿਬ ਜੀ ਹਨ, ਹੋਰ ਦੇਵੀ ਦੇਵਤੇ, ਗੁਗਾ, ਭੈਰਉਂ, ਮੜ੍ਹੀ ਮਸਾਣੀ, ਪੰਜ ਪੀਰ, ਸੁਲਤਾਨ ਆਦਿਕਾਂ ਦੀ ਪੂਜਾ ਨਹੀਂ ਕਰਨੀ। ਯਥਾ ਕਿ :-

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ।।
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ।। ੧।।

ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਸ਼ਬਦ ਸੁਰਤਿ ਦਾ ਮੇਲ ਕਰਨਾ। ਫਿਰ ਅੰਮ੍ਰਿਤ ਵੇਲੇ ਦਿਨ ਚੜ੍ਹਨ ਤੋਂ ਪੰਜਾਂ ਬਾਣੀਆਂ ਦਾ ਪਾਠ ਨਿਤਨੇਮ ਕਰਨਾ, ਜੋ ਬਾਣੀਆਂ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਗਈਆਂ ਹਨ। ਸ਼ਾਮ ਨੂੰ ਸੰਧਿਆ ਵੇਲੇ ਰਹਰਾਸਿ ਵੱਡੀ ਫਿਰ ਆਰਤੀ ਕਰਨੀ। ਸੌਣ ਵੇਲੇ ਕੀਰਤਨ ਸੋਹਿਲਾ ਚਿੱਤ ਲਾ ਕੇ ਪੜ੍ਹਨਾ। ਹੋਰ ਦਿਨ ਵਿਚ ਸੁਖਮਨੀ ਸਾਹਿਬ ਜੀ, ਆਸਾ ਜੀ ਦੀ ਵਾਰ ਦਾ ਪਾਠ ਵੀ ਕਰਨਾ।

ਭਾਵ ਕੀ ਬਾਣੀ ਨਾਮ ਤੋਂ ਅਵੇਸਲਾ ਮਨ ਨੂੰ ਨਹੀਂ ਹੋਣ ਦੇਣਾ। ਫਿਰ ਪੰਜ ਕਕਾਰ ਦੀ ਰਹਿਤ ਰੱਖਣੀ। ਕੱਕਾ-ਕੇਸ ਕਿਸੇ ਢੰਗ ਨਾਲ ਵੀ ਕੱਟਣੇ ਵੱਢਣੇ ਨਹੀਂ। ਕੱਕਾ-ਕੰਘਾ ਕੇਸਾਂ ਦੀ ਸਫਾਈ ਵਾਸਤੇ ਸਦਾ ਆਪਣੇ ਅੰਗ ਨਾਲ ਰੱਖਣਾ। ਕੰਘੇ ਦਾ ਦੰਦਾ ਟੁੱਟ ਜਾਣ ਤੋਂ ਕੇਸਾਂ ਵਿਚ ਨਹੀਂ ਰੱਖਣਾ। ਕੱਕਾ-ਕ੍ਰਿਪਾਨ ਸਦਾ ਅੰਗ-ਸੰਗ ਰੱਖਣੀ। ਕੱਕਾ-ਕੜਾ ਸਰਬ-ਲੋਹ ਦਾ ਹੱਥ ਵਿਚ ਰੱਖਣਾ। ਕੱਕਾ-ਕਛਹਿਰਾ ਸਦਾ ਹੀ ਅੰਗ-ਸੰਗ ਰੱਖਣਾ। ਇਸ਼ਨਾਨ ਕਰਨ ਸਮੇਂ ਗਿੱਲਾ ਕਛਹਿਰਾ ਇਕ ਲੱਤ ਵਿਚੋਂ ਲਾਹ ਕੇ ਉਸੀ ਲੱਤ ਵਿਚ ਸੁੱਕਾ ਕਛਹਿਰਾ ਪਾ ਕੇ ਫਿਰ ਦੂਸਰੀ ਲੱਤ ਵਿਚੋਂ ਗਿੱਲਾ ਕਛਹਿਰਾ ਲਾਹੁਣਾ ਤੇ ਦੂਸਰਾ ਸੁੱਕਾ ਪਾਉਣਾ। ਕਛਹਿਰੇ ਦਾ ਇਸ ਰੀਤੀ ਨਾਲ ਪਾਉਣਾ ਗੁਰ-ਮਰਯਾਦਾ ਹੈ। ਨੰਗੇ ਸਿਰ ਕਛਹਿਰਾ ਨਹੀਂ ਬਦਲਣਾ। ਨੰਗੇ ਸਿਰ ਜੰਗਲ ਦਿਸ਼ਾ ਤੇ ਪਿਸ਼ਾਬ ਨਹੀਂ ਕਰਨਾ। ਨੰਗੇ ਸਿਰ ਕੁਝ ਖਾਣਾ ਪੀਣਾ ਨਹੀਂ। ਨੰਗੇ ਸਿਰ ਇਸਤਰੀ ਸੰਗ ਨਹੀਂ ਕਰਨਾ। ਪੰਜਾਂ ਕਕਾਰਾਂ ਦੀ ਅੰਤਰੀਵ ਰਹਿਤ। ਯਥਾ :-

ਕੜਾ ਕਹੈ ਚੋਰੀ ਯਾਰੀ ਘਾਤ ਕੋ ਨਾ ਹਾਥ ਲਾਵੀਂ ਕਛ ਕਹੈ ਜਤੀ ਰਹੋ ਤਿਆਗ ਪਰ ਨਾਰ ਕੋ।।
ਕੰਘਾ ਕਹੈ ਤੋਟੇ ਰੋਮਾ ਵਾਂਗੂੰ ਤਜ ਪਾਪ ਨਿੰਦਾ, ਕਿਰਪਾਨ ਕਹੈ ਕਟ ਲੋਭ ਮੋਹ ਅਹੰਕਾਰ ਕੋ।।
ਕੇਸ ਕਹੈ ਸਾਡੇ ਨਿਆਈ ਧਰਮ ਪਾਲ ਸਭ ਸੰਗ ਕਰ ਅੰਮ੍ਰਿਤ ਕਹੈ ਅਮਰ ਹੋ ਜਾ ਪੀ ਸਬਦ ਸਾਰ ਕੋ।।
ਐਸੇ ਪੰਜ ਕੱਕੇ ਜਿਨ ਧਾਰ ਲੀਤੇ ਅੰਮ੍ਰਿਤ ਸੇ ਪਾਵੈਗੋ ਗੋਬਿੰਦ ਸਿੰਘ ਗੁਰੂ ਕੇ ਦੀਦਾਰ ਕੋ।।

ਜਿਹੜਾ ਅੰਮ੍ਰਿਤ ਛਕ ਕੇ ਪੰਜ ਕੱਕੇ ਧਾਰ ਕੇ ਇਨ੍ਹਾਂ ਦੇ ਜੋ ਅੰਤਰੀਵ ਗੁਣ ਧਾਰਨ ਕਰਦਾ ਹੈ, ਸੋ ਪੂਰਨ ਗੁਰ ਸਿੰਘ ਹੋ ਜਾਂਦਾ ਹੈ। ਪੰਜਾਂ ਕੱਕਿਆਂ ਵਿਚੋਂ ਜੇ ਕਦੇ ਇਕ ਜਾਂ ਦੋ ਕੱਕੇ ਜੁਦੇ ਹੋ ਜਾਣ ਤਾਂ ਜਿੰਨਾ ਸਮਾਂ ਸਿੰਘ ਨੂੰ ਕੱਕਾ ਪ੍ਰਾਪਤ ਨਾ ਹੋ ਜਾਵੇ ਉਨੀ ਦੇਰ ਸਿੰਘ ਨੂੰ ਅੰਨ-ਜਲ ਨਹੀਂ ਕਰਨਾ ਚਾਹੀਦਾ। ਜਦੋਂ ਕੱਕਾ ਮਿਲ ਜਾਵੇ ਤਾਂ ਫਿਰ ਅਰਦਾਸਾ ਗ੍ਰੰਥੀ ਜੀ ਪਾਸੋਂ ਕਰਕੇ, ਭੁੱਲ ਮੰਨ ਕੇ ਅੰਨ-ਜਲ ਕਰਨਾ ਚਾਹੀਦਾ ਹੈ। ਚਾਰ ਬੱਜਰ ਕੁਰਹਿਤਾਂ ਕਰਨ ਤੋਂ ਸਿੰਘ ਨਹੀਂ ਰਹਿੰਦਾ। ਮੁੜ ਕੱਚਾ-ਪਿੱਲਾ ਹੋ ਜਾਂਦਾ ਹੈ। ਚਾਰ ਬੱਜਰ ਕੁਰਹਿਤਾਂ :-

(1) ਪੈਰਾਂ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਕਿਸੇ ਵੀ ਕੇਸ ਰੋਮ ਨੂੰ ਕੱਟਣਾ ਵੱਢਣਾ ਨਹੀਂ। ਜੇ ਕੱਟਦਾ ਵੱਢਦਾ ਹੈ ਤਾਂ ਇਹ ਬੱਜਰ ਕੁਰਹਿਤ ਕਰਦਾ ਹੈ। (2) ਪਰ-ਇਸਤਰੀ ਨਾਲ ਸੰਗ ਕਰਨਾ ਭਾਵ ਵਿਸ਼ਾ ਭੋਗਣਾ। ਜੇ ਕੋਈ ਇਸਤਰੀ ਸੰਗ ਕਰਦਾ ਹੈ ਤਾਂ ਬੱਜਰ ਕੁਰਹਿਤ ਕਰਦਾ ਹੈ। (3) ਕੁੱਠਾ ਮਾਸ ਖਾਣਾ- ਮੁਸਲਮਾਨੀ ਮੱਤ ਅਨੁਸਾਰ ਮਾਸ ਕੱਟਿਆ ਹੋਇਆ ਖਾਣਾ ਬੱਜਰ ਕੁਰਹਿਤ ਹੈ। (4) ਤਮਾਕੂ ਦਾ ਵਰਤਣ- ਚੌਥੀ ਬੱਜਰ ਕੁਰਹਿਤ ਹੈ।

ਜਿਸ ਨੇ ਅੰਮ੍ਰਿਤ ਨਾ ਛਕਿਆ ਹੋਵੇ ਜਾਂ ਅੰਮ੍ਰਿਤ ਛਕ ਕੇ ਇਨ੍ਹਾਂ ਚੌਹਾਂ ਬੱਜਰ ਕੁਰਹਿਤਾਂ ਵਿਚੋਂ ਕੋਈ ਕੁਰਹਿਤ ਕੀਤੀ ਹੋਵੇ, ਉਸ ਕੁਰਹਿਤੀ ਦਾ ਜੂਠਾ ਖਾਣਾ ਵੀ ਬੱਜਰ ਕੁਰਹਿਤ ਹੈ। ਇਨ੍ਹਾਂ ਦੇ ਨਾਲ ਸ਼ਰਾਬ ਤੋਂ ਆਦਿ ਸੁੱਖਾ, ਅਫੀਮ, ਭੰਗ, ਪੋਸਤ, ਕੋਈ ਵੀ ਅਮਲ ਨਾ ਪੀਵੇ ਖਾਵੇ। ਮੀਣੇ ਧੀਰਮਲੀਏ, ਰਾਮਰਾਹੀਏ, ਮਸੰਦ, ਕੁੜੀ ਮਾਰ, ਨੜੀ ਮਾਰ, ਸਿਰ ਮੁੰਨਿਆਂ ਨਾਲ, ਹਿੰਦਾਲੀਆਂ ਆਦਿਕਾਂ ਮਨ-ਮਤੀਆਂ ਨਾਲ ਸੰਗਤ-ਪੰਗਤ ਦਾ ਮਿਲਵਰਤਨ ਨਾ ਕਰੇ। ਅੱਜ ਤੋਂ ਅੰਮ੍ਰਿਤਧਾਰੀ ਸਿੰਘ ਦਾ ਜਨਮ ਤਖਤ ਕੇਸਗੜ੍ਹ ਸਾਹਿਬ ਦਾ ਧਰਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ

ਜੀ, ਮਾਤਾ ਸਾਹਿਬ ਦੇਵਾਂ ਕੌਰ, ਵਾਸੀ ਅਨੰਦਪੁਰ ਸਾਹਿਬ ਜੀ ਦੇ ਨਾਨਕੇ ਗੁਰੂ ਕੇ ਲਾਹੌਰ ਅੰਮ੍ਰਿਤਧਾਰੀ ਖਾਲਸਾ ਹੋ ਕੇ ਆਪਣਾ ਮਨ ਤਨ ਧਨ ਗੁਰੂ ਦਾ ਹੀ ਨਿਸ਼ਚਾ ਕਰਕੇ ਤੇ ਪੰਜਾਂ ਤਖਤਾਂ ਤੋਂ ਹੁਕਮ ਆਇਆ ਹੋਇਆ ਪ੍ਰਵਾਨ ਕਰੋ।

ਪੰਜ ਤਖਤ :-

(1) ਅਕਾਲ ਤਖਤ ਸ੍ਰੀ ਅੰਮ੍ਰਿਤਸਰ ਸਾਹਿਬ, (2) ਪਟਨਾ ਸਾਹਿਬ ਬਿਹਾਰ (3) ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, (4) ਦਮਦਮਾ ਸਾਹਿਬ ਗੁਰੂ ਕਾਂਸ਼ੀ ਸਾਬੋ ਕੀ ਤਲਵੰਡੀ, (5) ਸੱਚਖੰਡ ਹਜ਼ੂਰ ਸਾਹਿਬ ਨਾਦੇੜ ਦੱਖਣ।

ਧਰਮ ਕਿਰਤ ਕਰਕੇ ਗੁਰੂ ਦਸਵੰਧ ਦੇਵੇ। ਇੰਨਾ ਕੁਝ ਕਰਨ ਕਰਕੇ ਗੁਰਮਤਿ ਵਿਚ ਚਲਣ ਕਰਕੇ ਸਿੰਘਾਂ ਦਾ ਜੀਵਨ ਉੱਚਾ ਤੇ ਸੁੱਚਾ ਹੋ ਜਾਂਦਾ ਹੈ। ਉਸ ਸਿੰਘ ਦਾ ਮਨ ਨੀਵਾਂ, ਮਤਿ ਉੱਚੀ ਹੋ ਜਾਂਦੀ ਹੈ। ਇਹ ਅੰਮ੍ਰਿਤ ਦੀ ਰੀਤੀ ਦਾਸ ਨੇ ਮਹਾਰਾਜ ਸੰਤ ਬਾਬਾ ਜਵਾਲਾ ਸਿੰਘ ਜੀ ਤੋਂ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਹੀ ਬਾਬਾ ਨੰਦ ਸਿੰਘ ਜੀ ਦੇ ਹੁਕਮ ਅਨੁਸਾਰ ਬਾਬੂ ਭਗਤ ਰਾਮ ਜੀ ਨੇ ਉਨ੍ਹਾਂ ਦੇ ਜਥੇ ਤੋਂ ਡੇਹਰਾਦੂਨ ਵਿਖੇ ਅੰਮ੍ਰਿਤ ਛਕਿਆ ਤੇ ਸਿੰਘ ਸਜ ਗਿਆ। ਨਾਮ ਬਦਲਣ ਦੀ ਬਾਬਤ ਜਥੇਦਾਰ ਨੇ ਹੁਕਮ ਕੀਤਾ ਕਿ ਆਪਣੇ-ਆਪਣੇ ਗੁਰਦਵਾਰੇ ਜਾ ਕੇ ਕੜਾਹ ਪ੍ਰਸ਼ਾਦਿ ਕਰਵਾ ਕੇ, ਨਾਮ ਬਦਲੀ ਕਰਵਾ ਲੈਣਾ। ਇਹ ਜਥਾ ਮੁੜ ਲਾਹੌਰ ਆ ਗਿਆ। ਬਾਬੂ ਭਗਤ ਰਾਮ ਜੀ ਲਾਹੌਰੋਂ ਛੁੱਟੀ ਲੈ ਕੇ ਸੰਤਾਂ ਦੇ ਚਰਨਾਂ ਵਿਚ ਡੇਰੇ ਸੰਤਗੜ੍ਹ ਵਿਖੇ ਆਏ।

ਜਦੋਂ ਬਾਬੂ ਜੀ ਨੇ ਸੰਤਾਂ ਨੂੰ ਮੱਥਾ ਟੇਕਿਆ ਤਾਂ ਦੇਖਦੇਸਾਰ ਹੀ ਸੰਤਾਂ ਨੇ ਬਾਬੂ ਜੀ ਨੂੰ ਕਿਹਾ ਕਿ ਬਾਬੂ ਜੀ ਅੰਮ੍ਰਿਤ ਛਕ ਆਏ ਹੋ? ਬਾਬਾ ਜੀ ਡੇਹਰਾਦੂਨ ਬਾਬਾ ਨੰਦ ਸਿੰਘ ਜੀ ਦੇ ਦਰਸ਼ਨਾ ਨੂੰ ਮਿਲ ਕੇ ਗਏ ਸਾਂ। ਉਥੇ ਹੀ ਬਾਬਾ ਜੀ ਦੇ ਹੁਕਮ ਨਾਲ ਅੱਸੀ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਹੈ। ਦਾਸ ਨੇ ਵੀ ਉਥੇ ਹੀ ਅੰਮ੍ਰਿਤ ਛਕ ਲਿਆ। ਫਿਰ ਸੰਤਾਂ ਨੇ ਪੁੱਛਿਆ ਕਿ ਨਾਮ ਕਿਹੜਾ ਰੱਖਿਆ ਹੈ? ***ਬਾਬੂ ਜੀ***— ਮਹਾਰਾਜ ਜੀਉ ਨਾਮ ਆਪ ਜੀ ਰਖੋਗੇ, ਕਿਉਂਕਿ ਉਨ੍ਹਾਂ ਨੇ ਕਿਹਾ ਸੀ ਕਿ ਨਾਮ ਤੁਸਾਂ ਆਪਣੇ-ਆਪਣੇ ਗੁਰਦਵਾਰੇ ਕੜਾਹ ਪ੍ਰਸ਼ਾਦਿ ਕਰਵਾ ਕੇ ਰਖਵਾ ਲੈਣਾ। ਸੰਤਾਂ ਨੇ ਕਿਹਾ ਕਿ ਚੰਗਾ ਫਿਰ ਅੰਮ੍ਰਿਤ ਵੇਲੇ ਕੜਾਹ ਪ੍ਰਸ਼ਾਦਿ ਕਰਵਾਓ ਤਾਂ ਫਿਰ ਆਪ ਜੀ ਦਾ ਨਾਮ ਰੱਖ ਦੇਵਾਂਗੇ। ਇਹ ਰਾਤ ਡੇਰੇ ਹੀ ਸੁਖ ਸਹਿਤ ਸੌਂ ਕਰਕੇ ਬਤੀਤ ਕੀਤੀ। ਹੁਣ ਅੰਮ੍ਰਿਤ ਵੇਲਾ ਹੋਇਆ। ਸੋਚਾ ਇਸ਼ਨਾਨ ਕੀਤੇ, ਸਤਿਗੁਰੂ ਜੀ ਦੀ ਹਜ਼ੂਰੀ ਦੀਵਾਨ ਸਜੇ। ਬਾਬੂ ਭਗਤ ਰਾਮ ਜੀ ਦੀ ਤਰਫੋਂ ਕੜਾਹ ਪ੍ਰਸ਼ਾਦਿ ਦੀ ਦੇਗ ਸਜ ਕੇ ਹਜ਼ੂਰੀ ਵਿਚ ਆਈ। ਦੀਵਾਨ ਦੀ ਸਮਾਪਤੀ ਦੀ ਅਰਦਾਸ ਕੀਤੀ ਅਤੇ ਅਰਦਾਸ ਵਿਚ ਬਾਬੂ ਜੀ ਦੇ ਨਾਮ ਦੀ ਮੰਗ ਸਤਿਗੁਰੂ ਪਾਸੋਂ ਕੀਤੀ ਗਈ। ਅਰਦਾਸ ਦੀ ਸਮਾਪਤੀ ਉਪਰੰਤ ਸਾਰੀ ਸੰਗਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠ ਗਈ। ਤਾਬਿਆ ਬੈਠੇ ਗ੍ਰੰਥੀ ਸਾਹਿਬ ਜੀ ਨੇ ਸ੍ਰੀ ਮੁਖਵਾਕ ਪੜ੍ਹਿਆ।

ਕਾਹੂ ਬਿਹਾਵੈ ਰੰਗ ਰਸ ਰੂਪ।। ਕਾਹੂ ਬਿਹਾਵੈ ਮਾਇ ਬਾਪ ਪੂਤ।।
ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ।। ਸੰਤ ਬਿਹਾਵੈ ਹਰਿ ਨਾਮ ਅਧਾਰਾ।। ੧।।
ਰਚਨਾ ਸਾਚੁ ਬਨੀ।। ਸਭ ਕਾ ਏਕੁ ਧਨੀ।। ੧।। ਰਹਾਉ।। *(ਰਾਮਕਲੀ ਮਹਲਾ ੫, ਪੰਨਾ ੯੧੩)*

ਇਹ ਮੁਖਵਾਕ ਸੁਣ ਕੇ ਸੰਤ ਮਹਾਰਾਜ ਜੀ ਨੇ ਬਾਬੂ ਭਗਤ ਰਾਮ ਜੀ ਦਾ ਨਾਮ ਸ਼ਬਦ ਦੇ ਪਹਿਲੇ ਅੱਖਰ ਕੱਕੇ ਪਰ ਕਾਨ੍ਹ ਸਿੰਘ ਜੀ ਰੱਖ ਦਿਤਾ। ਹੁਣ ਬਾਬਾ ਭਗਤ ਰਾਮ ਜੀ ਤੋਂ ਨਾਮ ਬਾਬੂ ਕਾਨ੍ਹ ਸਿੰਘ ਜੀ ਰੱਖ ਦਿੱਤਾ। ਨਾਮ ਬਾਬੂ ਕਾਨ੍ਹ ਸਿੰਘ ਜੀ ਰਖਾ ਕੇ ਆਪਣੀ ਡਿਊਟੀ ਪਰ ਲਾਹੌਰ ਚਲੇ ਗਏ। ਥੋੜੇ ਸਮੇਂ ਤੋਂ ਬਾਅਦ ਚਿੱਤ ਵਿਚ ਵੈਰਾਗ ਧਾਰਨ ਕਰਕੇ ਬੜੇ ਉਦਾਸ-ਚਿੱਤ ਡੇਰੇ ਸੰਤਗੜ੍ਹ ਵਿਖੇ ਬਾਬੂ ਕਾਨ੍ਹ ਸਿੰਘ ਜੀ ਆਏ ਤੇ ਬੜੇ ਪ੍ਰੇਮ, ਸਿਦਕ, ਸ਼ਰਧਾ ਨਾਲ ਸੰਤਾਂ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਹੱਥ ਜੋੜ ਕੇ ਸੰਤਾਂ ਦੇ ਸਨਮੁਖ ਬੈਠ ਕੇ ਲੱਗੇ ਬੇਨਤੀਆਂ ਕਰਨ ਕਿ ਗਰੀਬ-ਪਰਵਰ ਜੀਉ, ਦਾਸ ਦੀ ਨਿੰਮਰਤਾ ਸਹਿਤ ਬੇਨਤੀ ਹੈ ਕਿ ਦਾਸ ਦਾ ਚਿੱਤ ਨੌਕਰੀ ਵਲੋਂ ਬਹੁਤ ਉਦਾਸ ਹੋ ਗਿਆ ਹੈ। ਆਪ ਜੀ ਦੀ ਆਗਿਆ ਹੋਵੇ ਤਾਂ ਦਾਸ ਨੌਕਰੀ ਤਿਆਗ ਕੇ ਆਪ ਜੀ ਦੇ ਚਰਨਾਂ ਦੀ ਨੌਕਰੀ ਕਰਕੇ ਆਪਣਾ ਜਨਮ ਸਫਲਾ ਕਰ ਲਵੇ। ਇਹ ਬਾਬੂ ਜੀ ਦੀ ਬੇਨਤੀ ਸੁਣ ਕੇ ਸੰਤ ਮਹਾਰਾਜ ਜੀ ਨੇ ਸੁਭਾਵਿਕ ਹੀ ਉੱਤਰ ਦਿੱਤਾ

ਕਿ ਬਾਬੂ ਜੀ ਆਪ ਜੀ ਦੀ ਨੌਕਰੀ ਦੁਖਦਾਈ ਨਹੀਂ, ਬਲਕਿ ਸੁਖਦਾਈ ਹੈ। ਆਪ ਨੌਕਰੀ ਕਰੀ ਜਾਉ ਅਤੇ ਸੱਚ ਨੂੰ ਹਿਰਦੇ ਧਾਰੀ ਰਖੋ, ਸੱਚ ਨੂੰ ਨਾ ਛੱਡੋ ਅਤੇ ਧਰਮ ਕਿਰਤ ਵਿਚੋਂ ਵੰਡ ਕੇ ਛਕੋ। ਤੁਹਾਡਾ ਭਲਾ ਹੋਵੇਗਾ। ਬਾਬੂ ਜੀ ਨੇ ਫਿਰ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਹਜ਼ੂਰ ਮੇਰਾ ਮਨ ਨੌਕਰੀ ਤੋਂ ਬਹੁਤ ਉਚਾਟ ਹੋਇਆ ਹੈ, ਆਪ ਜੀ ਆਗਿਆ ਬਖਸ਼ੋ ਕਿ ਦਾਸ ਨੌਕਰੀ ਤਿਆਗ ਕੇ ਆਪ ਜੀ ਦੇ ਚਰਨਾਂ ਵਿਚ ਆ ਜਾਵੇ।

ਉਸ ਸਮੇਂ ਜਦੋਂ ਕਿ ਬਾਬੂ ਕਾਨ੍ਹ ਸਿੰਘ ਜੀ ਨੇ ਨੌਕਰੀ ਛੱਡ ਦੇਣ ਦੀ ਬੇਨਤੀ ਕੀਤੀ ਸੀ, ਬਾਬੂ ਸੁਜਾਨ ਸਿੰਘ ਜੀ ਸੰਤ ਮਹਾਰਾਜ ਜੀ ਦੀ ਹਜ਼ੂਰੀ ਬੈਠੇ ਸਨ, ਜੋ ਕਿ ਕੁਝ ਸਮੇਂ ਤੋਂ ਸੇਵਾ ਵਿਚ ਹੀ ਰਿਹਾ ਕਰਦੇ ਸਨ। ਬਾਬੂ ਸੁਜਾਨ ਸਿੰਘ ਜੀ ਨੇ ਬਾਬੂ ਕਾਨ੍ਹ ਸਿੰਘ ਜੀ ਦੀ ਸਿਫਾਰਸ਼ ਕੀਤੀ ਕਿ ਹਜ਼ੂਰ ਮੈਂ ਹੁਣ ਆਪ ਜੀ ਦੇ ਚਰਨਾਂ ਵਿਚੋਂ ਰਿਟਾਇਰ ਹੋਣ ਵਾਲਾ ਹਾਂ। ਭਾਵ ਕਿ ਬੁੱਢਾ ਹੋ ਗਿਆ ਹਾਂ। ਇਕ ਜਗ੍ਹਾ ਬੈਠਣ ਦੇ ਜੋਗ ਹਾਂ। ਇਸ ਵਾਸਤੇ ਮੈਂ ਵੀ ਬੇਨਤੀ ਕਰਦਾ ਹਾਂ ਕਿ ਮੇਰੀ ਜਗ੍ਹਾ ਪੂਰਤੀ ਕਰਨ ਵਾਸਤੇ ਖੁਸ਼ੀ-ਖੁਸ਼ੀ ਬਾਬੂ ਕਾਨ੍ਹ ਸਿੰਘ ਜੀ ਨੂੰ ਆਗਿਆ ਦੇਵੋ, ਜੋ ਕਿ ਨੌਕਰੀ ਤੋਂ ਡਿਸਮਿਸ ਹੋ ਕੇ ਆਪ ਜੀ ਦੇ ਚਰਨਾਂ ਵਿਚ ਰਿਹਾ ਕਰਨ। ਫਿਰ ਸੰਤ ਮਹਾਰਾਜ ਜੀ ਨੇ ਪ੍ਰਸੰਨ ਹੋ ਕੇ ਬਾਬੂ ਕਾਨ੍ਹ ਸਿੰਘ ਜੀ ਨੂੰ ਆਗਿਆ ਦੇ ਦਿੱਤੀ ਕਿ ਚੰਗਾ ਬਾਬੂ ਜੀ ਜਿਵੇਂ ਤੇਰੀ ਇੱਛਾ ਹੈ ਉਸੀ ਤਰ੍ਹਾਂ ਕਰ ਲੈ। ਇਸ ਤਰ੍ਹਾਂ ਸੰਤਾਂ ਦੀ ਆਗਿਆ ਲੈ ਕੇ ਬਾਬੂ ਜੀ ਆਪਣੀ ਨੌਕਰੀ ਪਰ ਗਏ ਅਤੇ ਥੋੜੇ ਸਮੇਂ ਬਾਅਦ ਹੀ ਨੌਕਰੀ ਤੋਂ ਨਾਮ ਕਟਾ ਕੇ ਸੰਤਾਂ ਦੇ ਚਰਨਾਂ ਵਿਚ ਡੇਰੇ ਆ ਗਏ। ਲੱਗੇ ਤਨੋਂ ਮਨੋਂ ਸੰਤ ਮਹਾਰਾਜ ਜੀ ਦੀ ਆਗਿਆ ਵਿਚ ਸੇਵਾ ਕਰਨ।

ਬਾਬੂ ਕਾਨ੍ਹ ਸਿੰਘ ਜੀ ਤੇ ਸ੍ਰ: ਬੰਤਾ ਸਿੰਘ ਜੀ ਦਾ ਪਹਾੜ ਵਿਚ ਜਾਣਾ

ਸੰਨ 1946 ਦੇ ਅਖੀਰ ਬਾਬੂ ਕਾਨ੍ਹ ਸਿੰਘ ਜੀ ਨੌਕਰੀ ਤੋਂ ਨਾਮ ਕਟਾ ਕੇ ਡੇਰੇ ਵਿਚ ਆਏ ਸਨ। ਬਾਬੂ ਕਾਨ੍ਹ ਸਿੰਘ ਜੀ 1947 ਦਾ ਸਾਰਾ ਸਾਲ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਸੇਵਾ ਕਰਦੇ ਰਹੇ। ਹੁਣ 1948 ਦਾ ਸਾਲ ਚੜ੍ਹਿਆ ਹੀ ਸੀ ਕਿ ਡੁਮੇਲੀ ਵਾਲੇ ਬਾਬਾ ਦਲੀਪ ਸਿੰਘ ਜੀ ਨੇ 60 ਬੋਰੀ ਕਣਕ ਦੀ ਡੇਰੇ ਸੰਤਗੜ੍ਹ ਸੰਤਾਂ ਦੇ ਚਰਨਾਂ ਵਿਚ ਭੇਜ ਦਿਤੀ। ਜੋ ਕਿ ਪਿੰਡ ਗੁਜਰਾਤਾਂ ਜੋ ਮੁਸਲਮਾਨਾਂ ਦਾ ਪਿੰਡ ਸੀ ਅਤੇ ਮੀਰਾਂਪੁਰ ਜੋ ਮੁਸਲਮਾਨਾਂ ਦੇ ਇਹ ਦੋਵੇਂ ਪਿੰਡ ਸੰਤ ਬਾਬਾ ਦਲੀਪ ਸਿੰਘ ਦੇ ਡੇਰੇ ਦੇ ਨੇੜੇ ਢੁਕਵੇਂ ਸਨ। ਜਦੋਂ ਸੰਨ 47 ਦੀ ਦੇਸ਼ ਦੀ ਅਦਲਾ-ਬਦਲੀ ਹੋਈ ਸੀ। ਇਸ ਅਦਲਾ-ਬਦਲੀ ਵਿਚ ਇਨਸਾਨ ਦਰਿੰਦਾ ਬਣ ਗਿਆ ਸੀ। ਨਿਕਟ ਵੱਸਦੇ ਪੜੋਸੀ ਭਾਈ ਨੂੰ ਸਮੇਤ ਪਰਿਵਾਰ ਕਤਲ ਕਰਕੇ ਉਸ ਦਾ ਘਰ-ਬਾਰ ਲੁੱਟ ਕੇ ਆਪਣੇ ਘਰ ਲੈ ਜਾਂਦੇ ਸਨ। ਰਾਵੀ ਤੋਂ ਪਰਲੇ ਪਾਰ ਮੁਸਲਮਾਨ ਖੂਨੀ ਬਣ ਕੇ ਹਿੰਦੂਆਂ ਨੂੰ ਖਾ ਰਹੇ ਸਨ। ਲਾਹੌਰ ਤੇ ਇਧਰ ਪੂਰਬ ਦੇ ਪਾਸੇ ਹਿੰਦੂ ਸਿੱਖ ਆਪਣੇ ਨਿਕਟਵਰਤੀ ਮੁਸਲਮਾਨਾਂ ਨੂੰ ਵੱਢ-ਟੁੱਕ ਕੇ ਖਾ ਰਹੇ ਸਨ। ਉਸ ਐਸੇ ਔਖੇ ਸਮੇਂ ਵਿਚ ਬਾਬਾ ਦਲੀਪ ਸਿੰਘ ਤੇ ਦਾਸ ਲਿਖਾਰੀ ਨੇ ਇਨ੍ਹਾਂ ਦੋ ਪਿੰਡਾਂ ਦੀ ਉਨ੍ਹਾਂ ਖੂਨੀ ਲੋਕਾਂ ਤੋਂ ਰੱਖਿਆ ਕੀਤੀ ਸੀ। ਦੋਵੇਂ ਗੁਜਰਾਤਾਂ ਤੇ ਮੀਰਾਂਪੁਰ ਫਾਲਤੂ ਕਪੜਾ ਲੀੜਾ ਤੇ ਆਪਣੇ ਘਰ ਦੀ ਸਾਰੀ ਕਣਕ ਬਾਬਾ ਦਲੀਪ ਸਿੰਘ ਜੀ ਦੇ ਡੇਰੇ ਪਹੁੰਚਾ ਗਏ ਸਨ ਅਤੇ ਆਪ ਦੋਨੋਂ ਪਿੰਡ ਪਾਕਿਸਤਾਨ ਚਲੇ ਗਏ। ਬਾਬਾ ਦਲੀਪ ਸਿੰਘ ਨੇ ਬੜੀ ਨੀਤੀ ਨਾਲ ਕਪੜੇ ਤੇ ਦਾਣੇ ਪਾਕਿਸਤਾਨ ਤੋਂ ਆਈ ਜਨਤਾ ਨੂੰ ਵਰਤਾਏ ਵੀ ਬਹੁਤ ਸਨ, ਪਰ ਇਹ ਸੱਠ ਬੋਰੀਆਂ ਫਿਰ ਵੀ ਬਚ ਗਈਆਂ, ਜੋ ਕਿ ਡੇਰੇ ਭੇਜ ਦਿੱਤੀਆਂ ਸਨ।

ਸੋ ਸੱਠ ਬੋਰੀਆਂ ਕਣਕ ਹੋਰ ਦਾਲ, ਲੂਣ, ਮਸਾਲਾ, ਘੀ, ਮਿਰਚ ਆਦਿਕ ਜਿਤਨਾ ਕੁ ਸੱਠ ਬੋਰੀਆਂ ਵਾਸਤੇ ਲੋੜੀਦਾ ਸੀ, ਸੋ ਵੀ ਸੰਤਾਂ ਨੇ ਪਹਾੜ ਵਿਖੇ ਪਹਿਰਮੀ ਨਾਮੀ ਜਗ੍ਹਾ ਵਿਚ ਭੇਜ ਦਿਤੇ ਸਨ। ਜੋ ਪਹਿਰਮੀ ਜਗ੍ਹਾ ਰੁਆਲਸਾਰ ਤੋਂ ਕੋਈ 12 ਕੁ ਮੀਲ ਉਰ੍ਹੇ ਸੀ ਅਤੇ ਬਹੁਹਟਾ ਨਾਮੀ ਕਸਬਾ ਨੇੜੇ ਪੈਂਦਾ ਸੀ ਤੇ ਇਸ ਇਲਾਕੇ ਦਾ ਇਹ ਖਾਣਾ ਵੀ ਸੀ। ਦੂਸਰਾ ਕਸਬਾ ਬਡਸਰ ਨਾਮੀ ਸੀ। ਇਨ੍ਹਾਂ ਦੋਵਾਂ ਕਸਬਿਆਂ ਤੋਂ ਪਹਿਰਮੀ ਜਗ੍ਹਾ ਛੇ ਮੀਲ ਤੁਰ ਕੇ ਜਾਣ ਦਾ ਪੈਂਡਾ ਸੀ। ਇਸ ਪਹਿਰਮੀ ਜਗ੍ਹਾ ਵਿਚ ਇਸ ਸਮੱਗਰੀ ਦੀ ਰਾਖੀ ਵਾਸਤੇ ਤੇ ਜਪ ਤਪ ਕਰਨ ਵਾਸਤੇ ਬਾਬੂ ਕਾਨ੍ਹ ਸਿੰਘ ਜੀ ਦੀ ਸੇਵਾ ਲਾਈ ਅਤੇ ਸ੍ਰ: ਬੰਤਾ ਸਿੰਘ ਜੀ ਫੋਟੋਗ੍ਰਾਫਰ ਹੁਸ਼ਿਆਰਪੁਰ ਵਾਲੇ ਨੂੰ ਸਮੇਤ ਪਰਿਵਾਰ ਦੇ

ਇਸ ਪਹਿਰਮੀ ਜਗ੍ਹਾ ਵਿਚ ਘੱਲਿਆ, ਜੋ ਸ੍ਰ: ਬੰਤਾ ਸਿੰਘ ਸੰਤ ਮਹਾਰਾਜ ਜੀ ਦੇ ਅਨਿੰਨ ਸਿੱਖ ਸਨ। ਸ੍ਰ: ਬੰਤਾ ਸਿੰਘ ਜੀ ਸੰਤਾਂ ਦੇ ਬਹੁਤ ਸਤਿਬਚਨੀ ਸਨ ਅਤੇ ਸਿਮਰਨ ਕਰਨ ਦੇ ਸ਼ੌਕੀ ਸਨ। ਬਾਬੂ ਜੀ ਉਸ ਸਮੇਂ ਨੌਤਨ ਚੇਲੇ ਸਨ ਅਤੇ ਸੰਤਾਂ ਦੇ ਸਤਿਬਚਨੀ ਤੇ ਜਪ ਤਪ ਦੇ ਸ਼ੌਂਕੀ ਸਨ। ਸ੍ਰ: ਬੰਤਾ ਸਿੰਘ ਜੀ ਦੀ ਵਿਥਿਆ ਦਾਸ ਅੱਗੇ ਜਾ ਕੇ ਲਿਖੇਗਾ। ਸੋ ਇਹ ਦੋਨੋਂ ਜਣੇ ਪਹਿਰਮੀ ਵਿਖੇ ਤਿੰਨ ਸਾਲ ਜਪ ਤਪ ਕਰਦੇ ਰਹੇ ਸਨ।

ਸੰਤ ਮਹਾਰਾਜ ਜੀ ਵੀ ਉਸ ਜਗ੍ਹਾ ਜਾ ਕੇ ਇਨ੍ਹਾਂ ਨੂੰ ਦਰਸ਼ਨ ਦੇਂਦੇ ਰਹੇ ਅਤੇ ਸਿਮਰਨ ਵਿਚ ਬਹੁਤ ਉਤਸ਼ਾਹ ਦੇਂਦੇ ਰਹੇ, ਜਦੋਂ ਸੰਤਾਂ ਨੇ ਸ਼ਿਮਲੇ 21 ਦਿਨ ਖਲੀਵਣੀ ਜਗ੍ਹਾ ਵਿਚ ਮਹਾਨ ਕਠਨ ਤਪੱਸਿਆ ਕੀਤੀ ਸੀ। ਸੰਤਾਂ ਦੀ ਤਪੱਸਿਆ ਦੇ ਅਖੀਰਲੇ ਦਿਨ ਮਿਸਟਰ ਜਿਨਾਹ ਪਾਕਿਸਤਾਨ ਦਾ ਮੁਖੀ ਲੀਡਰ ਮਰ ਚੁੱਕਾ ਸੀ ਤੇ ਸੰਤ ਮਹਾਰਾਜ ਫਿਰ ਆਪਣੇ ਡੇਰੇ ਆਏ ਅਤੇ ਸੰਨ 1950 ਦੇ ਕਰੀਬ ਇਨ੍ਹਾਂ ਦੋਨਾਂ ਨੂੰ ਫਿਰ ਆਪਣੇ ਦੇਸ਼ ਬੁਲਾ ਲਿਆ ਗਿਆ। ਸ੍ਰ: ਸੰਤਾ ਸਿੰਘ ਜੀ ਹੁਸ਼ਿਆਰਪੁਰ ਆਪਣੇ ਘਰ ਰਹਿਣ ਲੱਗੇ ਅਤੇ ਬਾਬੂ ਜੀ ਡੇਰੇ ਵਿਚ ਸੰਤਾਂ ਦੀ ਸੇਵਾ ਵਿਚ ਆ ਹਾਜ਼ਰ ਹੋਏ। ਸੰਤ ਮਹਾਰਾਜ ਜੀ ਦਾ ਬਾਬੂ ਜੀ ਨੂੰ ਸੇਵਾ ਕਰਨ ਦਾ ਹੁਕਮ ਲੱਗਾ ਕਿ ਬਾਬੂ ਜੀ ਤੂੰ ਆਪਣੀ ਖੁਸ਼ੀ ਆਈ ਦੀ ਸੇਵਾ ਕਰ, ਕਿਸੇ ਦੇ ਨਾਲ ਰਲ ਕੇ ਸੇਵਾ ਕਰਨੀ ਹੈ ਤਾਂ ਵੀ ਕਰ, ਜੇ ਕੱਲਿਆਂ ਨੇ ਸੇਵਾ ਕਰਨੀ ਹੈ ਤਾਂ ਵੀ ਠੀਕ ਹੈ। ਜੰਗਲ ਵਿਚੋਂ ਲੰਗਰ ਵਾਸਤੇ ਲੱਕੜਾਂ ਲੈ ਆਂਦੀਆਂ। ਲੋਹ ਹੇਠਾਂ ਜਲਾਉਣ ਵਾਸਤੇ ਜੰਗਲ ਵਿਚੋਂ ਕਾਨੇ ਸਰਵਾੜ ਫੂਸ ਆਦਿਕ ਲੈ ਆਂਦਾ ਜਾਂ ਪਸ਼ੂਆਂ ਦੀ ਜਗ੍ਹਾ ਦੀ ਸਫਾਈ ਹੀ ਕਰ ਦਿਤੀ। ਗੋਹਾ ਆਦਿ ਚੱਕ ਕੇ।

ਹੁਣ ਲੱਗੇ ਬਾਬੂ ਜੀ ਸੇਵਾ ਕਰਨ, ਕਦੇ ਲੱਕੜਾਂ ਲੈ ਆਉਣੀਆਂ, ਕਦੇ ਫੂਸ ਆਦਿਕ ਲੋਹ ਵਾਸਤੇ ਲੈ ਆਉਣਾ। ਇਸੇ ਤਰ੍ਹਾਂ ਸਮਾਂ ਲੰਘਦਾ ਗਿਆ। ਹੁਣ ਕੁਝ ਸਮੇਂ ਤੋਂ ਗੁਰਦਵਾਰੇ ਦੀ ਸੇਵਾ ਸਾਂਭ ਲਈ। ਅੰਮ੍ਰਿਤ ਵੇਲੇ ਗੁਰਦਵਾਰੇ ਦਾ ਇਸ਼ਨਾਨ ਕਰਾਉਣਾ, ਫਿਰ ਫਰਸ਼ ਸੁਕਾ ਕੇ ਸਾਰੇ ਮੰਦਰ ਦੀ ਵਿਛਾਈ ਕਰਨੀ ਅਤੇ ਥੜ੍ਹੇ ਸਾਹਿਬ ਤੇ ਵਿਛਾਈ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਮੁਖਵਾਕ ਲੈਣਾ ਆਦਿਕ। ਇਹ ਗੁਰਦਵਾਰੇ ਦੀ ਸੇਵਾ ਕਰਦਿਆਂ ਵੀ ਕੁਝ ਸਮਾਂ ਲੰਘਿਆ।

ਇਕ ਦਿਨ ਸ੍ਰੀਮਾਨ ਜੱਗਾ ਸਿੰਘ ਤੋਂ ਜੰਦਰਾ ਮੰਗਿਆ, ਰਾਤ ਨੂੰ ਮੰਦਰ ਸਾਹਿਬ ਦੇ ਸਾਰੇ ਦਰਵਾਜ਼ੇ ਬੰਦ ਕਰਕੇ ਇਕ ਦਰਵਾਜ਼ੇ ਨੂੰ ਜੰਦਰਾ ਲਾਉਣ ਵਾਸਤੇ। ਸ੍ਰੀਮਾਨ ਜੀ ਦੇ ਪਾਸ ਸ਼ਾਇਦ ਜੰਦਰਾ ਨਹੀਂ ਸੀ, ਇਸ ਕਰਕੇ ਜੰਦਰਾ ਦੇਣ ਤੋਂ ਇਨਕਾਰ ਕਰ ਦਿੱਤਾ। ਬਾਬੂ ਜੀ ਸਾਰੀ ਰਾਤ ਮੰਦਰ ਵਿਚ ਬੈਠੇ ਰਹੇ ਤੇ ਜਾਗਦੇ ਰਹੇ। ਬਾਬੂ ਜੀ ਦੇ ਚਿੱਤ ਵਿਚ ਸੀ ਕੋਈ ਕੂਕਰ ਬਿੱਲੀ ਆਦਿਕ ਮੰਦਰ ਵਿਚ ਆਣ ਕੇ ਮੰਦਰ ਦੀ ਬੇਅਦਬੀ ਨਾ ਕਰ ਦੇਵੇ। ਇਸ ਤੋਂ ਹੀ ਬਾਬੂ ਜੀ ਦਾ ਚਿੱਤ ਸੇਵਾ ਵਿਚੋਂ ਤੇ ਡੇਰੇ ਵਿਚੋਂ ਉਚਾਟ ਹੋ ਗਿਆ। ਗੱਲ ਤਾਂ ਇਹ ਮਾਮੂਲੀ ਜਿਹੀ ਸੀ, ਪਰ ਬਾਬੂ ਜੀ ਦੀ ਪਰਾਲਬਧ ਡੇਰੇ ਵਿਚੋਂ ਮੁਕ ਗਈ ਸੀ। ਇਸੇ ਲਈ ਚਿੱਤ ਡੇਰੇ ਵਿਚੋਂ ਉਦਾਸ ਹੋ ਗਿਆ। ਬਾਬੂ ਜੀ ਹੁਣ ਡੇਰੇ ਵਿਚੋਂ ਚਲੇ ਗਏ। ਚਿੱਤ ਵਿਚ ਇਹ ਸੰਕਲਪ ਰਖਕੇ ਕਿ ਕਿਸੇ ਗੁਫਾ ਵਿਚ ਬੈਠ ਕੇ ਸਿਮਰਨ ਕਰਾਂਗੇ। ਪਰ ਸੰਤ ਅੰਤਰਯਾਮੀ ਸਨ, ਬਾਬੂ ਜੀ ਦੀਆਂ ਦਿਲ ਦੀਆਂ ਜਾਣ ਕੇ ਸੰਤਾਂ ਨੇ ਆਖਿਆ ਕਿ ਬਾਬੂ ਜੀ ਜੇ ਤੁਸੀਂ ਸੌ ਸਾਲ ਗੁਫਾ ਵਿਚ ਬੈਠ ਕੇ ਬੰਦਗੀ ਕਰੋਗੇ, ਅਸੀਂ ਤੁਹਾਡੇ ਵਾਸਤੇ ਉਤਨੀ ਬੰਦਗੀ ਇਕ ਅੱਖ ਫਰਕ ਵਿਚ ਕਰ ਦੇਵਾਂਗੇ। ਪਰ ਸ਼ਰਤ ਇਹ ਕਿ ਤੁਸੀਂ ਸਾਡੇ ਹੁਕਮ ਵਿਚ ਡੇਰੇ ਰਹੋ ਤੇ ਸਾਡੇ ਅਨੁਸਾਰ ਸੇਵਾ ਕਰੋ। ਪਰ ਬਾਬੂ ਜੀ ਦੀ ਪਰਾਲਬਧ ਕਰਮ ਨੇ ਪੇਸ਼ ਨਾ ਜਾਣ ਦਿੱਤੀ। ਛੁੱਟੀ ਲੈ ਕੇ ਚਲੇ ਹੀ ਗਏ ਅਤੇ ਗਏ ਰਾੜੇ ਸਾਹਿਬ ਬਾਬਾ ਈਸ਼ਰ ਸਿੰਘ ਜੀ ਦੇ ਚਰਨਾਂ ਵਿਚ। ਰਾੜੇ ਸਾਹਿਬ ਇਕ ਸਾਲ ਸੰਤਾਂ ਦੀ ਹਜ਼ੂਰੀ ਵਿਚ ਰਹੇ। ਰਾੜੇ ਸਾਹਿਬ ਗੁਫਾ ਵਿਚ ਬੈਠ ਕੇ ਸਿਮਰਨ ਵੀ ਕੀਤਾ।

ਫਿਰ ਰਾੜੇ ਵਾਲੇ ਸੰਤਾਂ ਨੂੰ ਕਲਕੱਤੇ ਦੀਆਂ ਸ਼ਰਧਾਲੂ ਸੰਗਤਾਂ ਨੇ ਯਾਦ ਕੀਤਾ। ਕਲਕੱਤੇ ਦੀਆਂ ਸੰਗਤਾਂ ਦੀ ਬੇਨਤੀ ਸੁਣ ਕੇ ਸੰਤ ਬਾਬਾ ਜੀ ਆਪਣੇ ਕੀਰਤਨੀ ਜਥੇ ਸਮੇਤ ਕਲਕੱਤੇ ਗਏ ਅਤੇ ਬਾਬੂ ਜੀ ਨੂੰ ਵੀ ਨਾਲ ਲੈ ਗਏ। ਕਲੱਕਤੇ ਵਿਖੇ ਸੰਤ ਬਾਬਾ ਜੀ ਦੇ ਕੀਰਤਨ ਦਾ ਬਹੁਤ ਸਤਿਸੰਗ ਹੁੰਦਾ ਰਿਹਾ। ਬਾਬੂ ਜੀ ਵੀ ਸਤਿਸੰਗ ਦਾ ਆਨੰਦ ਮਾਣਦੇ ਰਹੇ। ਇਤਨੇ ਨੂੰ ਮਾਘ ਦਾ ਮਹੀਨਾ ਆ ਗਿਆ। ਮਾਘ ਦੇ ਨੌਂ ਦਿਨ ਗਿਆਂ ਸਾਹਿਬ ਬਾਬਾ ਰੇਰੂ ਸਾਹਿਬ

ਵਾਲਿਆਂ ਦੀ ਬਰਸੀ, ਜੋ ਕਿ ਬਾਬਾ ਈਸ਼ਰ ਸਿੰਘ ਜੀ ਦੇ ਗੁਰਦੇਵ ਸਨ, ਇਸ ਵਾਸਤੇ ਬਾਬਾ ਜੀ ਦੀ ਬਰਸੀ ਮਨਾਉਣ ਲਈ ਸਾਹਿਬ ਸੰਤ ਰਾੜੇ ਵਾਲੇ ਲਾਜ਼ਮੀ ਰਾੜੇ ਸਾਹਿਬ ਆਉਂਦੇ ਸਨ, ਭਾਵੇਂ ਵੀ ਕਿਤੇ ਹੋਣ। ਇਸ ਲਈ ਸੰਤਾਂ ਨੇ ਕਲਕੱਤੇ ਤੋਂ ਰਾੜੇ ਸਾਹਿਬ ਆਉਣ ਲਈ ਤਿਆਰੀਆਂ ਕੀਤੀਆਂ। ਬਾਬੂ ਜੀ ਨੂੰ ਹੁਕਮ ਕੀਤਾ ਸੀ ਕਿ ਤੁਸੀਂ ਅੱਧੇ ਜਥੇ ਸਮੇਤ ਕਲਕੱਤੇ ਹੀ ਰਹੋ। ਇਸ ਸਾਲ ਇਲਾਹਾਬਾਦ ਦਾ ਕੁੰਭ ਵੀ ਸੀ। ਬਾਬੂ ਜੀ ਨਾਲ ਕਲਕੱਤੇ ਰਹਿਣ ਵਾਲੇ ਸੰਤਾਂ ਦੇ ਜਥੇ ਦੇ ਸਿੰਘਾਂ ਨੇ ਬਾਬੂ ਜੀ ਨਾਲ ਸਲਾਹ ਕੀਤੀ ਕਿ ਬਾਬੂ ਜੀ ਜਿਤਨਾ ਸਮਾਂ ਸੰਤ ਰਾੜੇ ਲਾ ਆਉਣ, ਆਪਾਂ ਸਾਰੇ ਮਿਲਕੇ ਇਲਾਹਾਬਾਦ ਕੁੰਭ ਦਾ ਦਰਸ਼ਨ ਕਰ ਆਈਏ। ਪਰ ਆਪ ਜੀ ਸੰਤਾਂ ਦੇ ਕੋਲੋਂ ਆਗਿਆ ਲੈ ਲਵੋ। ਬਾਬੂ ਜੀ ਨੇ ਸੰਤਾਂ ਦੇ ਜਥੇ ਦੇ ਸਿੰਘਾਂ ਦੀ ਸਲਾਹ ਦੇ ਨਾਲ ਤੇ ਬੜੇ ਢੰਗ ਨਾਲ ਸੰਤਾਂ ਤੋਂ ਕੁੰਭ ਪਰ ਜਾਣ ਦੀ ਆਗਿਆ ਲੈ ਲਈ। ਸੰਤ ਬਾਬਾ ਜੀ ਰਾੜੇ ਸਾਹਿਬ ਕੁਝ ਸਿੰਘਾਂ ਸਮੇਤ ਚਲੇ ਗਏ। ਰਾੜੇ ਸਾਹਿਬ ਜਾ ਕੇ ਆਪਣੇ ਗੁਰਦੇਵ ਜੀ ਦੀ ਬਰਸੀ ਬੜੀ ਉਤਸ਼ਾਹ ਨਾਲ ਮਨਾਈ।

ਫਿਰ ਆਪ ਬਾਬਾ ਜੀ ਕਲਕੱਤੇ ਆ ਗਏ। ਇਧਰ ਬਾਬੂ ਜੀ ਆਪਣੇ ਜਥੇ ਸਮੇਤ ਇਲਾਹਾਬਾਦ ਦੇ ਕੁੰਭ ਦਾ ਦਰਸ਼ਨ ਮੇਲਾ ਕਰਕੇ ਕਲਕੱਤੇ ਆ ਗਏ। ਪਰ ਆਪਣੇ ਨਾਲ ਬਾਬਾ ਦੀਦਾਰ ਸਿੰਘ ਜੀ ਨੂੰ ਲੈ ਆਏ। ਇਤਨੇ ਨੂੰ ਸੰਤ ਮਹਾਰਾਜ ਜੀ ਬਾਬਾ ਗੱਜਨ ਸਿੰਘ ਜੀ ਨੂੰ ਨਾਲ ਲੈ ਕੇ ਕਲਕੱਤੇ ਆ ਪਹੁੰਚੇ। ਸ੍: ਅਮਰ ਸਿੰਘ ਜੀ ਪਿੰਡ ਬਬੇਲੀ ਜ਼ਿਲ੍ਹਾ ਹੁਸ਼ਿਆਰਪੁਰ ਵਾਲਿਆਂ ਦੀ ਕੋਠੀ ਜੋ ਕਿ ਨੰ:17 ਗੁੰਮਟੀ ਕਲਕੱਤੇ ਵਿਚ ਸੀ। ਜਦੋਂ ਬਾਬੂ ਜੀ ਨੂੰ ਪਤਾ ਲੱਗਾ ਕਿ ਸੰਤ ਮਹਾਰਾਜ ਜੀ ਕਲਕੱਤੇ ਵਿਚ ਸ੍: ਅਮਰ ਸਿੰਘ ਜੀ ਠੇਕੇਦਾਰ ਦੀ ਕੋਠੀ ਵਿਚ ਆਏ ਹਨ ਤਾਂ ਬਾਬੂ ਜੀ ਦੇ ਚਿੱਤ ਵਿਚ ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਬਹੁਤ ਉਤਸ਼ਾਹ ਹੋਇਆ ਅਤੇ ਸੰਤ ਬਾਬਾ ਜੀ ਰਾੜੇ ਵਾਲਿਆਂ ਦੇ ਕੋਲੋਂ ਆਗਿਆ ਲੈ ਕੇ ਸੰਤ ਮਹਾਰਾਜ ਜੀ ਦੇ ਦਰਸ਼ਨ ਨੂੰ ਬਾਬੂ ਜੀ ਸ੍: ਅਮਰ ਸਿੰਘ ਜੀ ਦੀ ਕੋਠੀ ਆਏ। ਬਾਬੂ ਜੀ ਨੇ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਬੜੀ ਸ਼ਰਧਾ ਸਿਦਕ ਪ੍ਰੇਮ ਸਹਿਤ ਡੰਡਉਤ-ਬੰਦਨਾ ਕੀਤੀ।

ਸੰਤਾਂ ਦੇ ਦਰਸ਼ਨ ਕਰਕੇ ਅੱਖਾਂ ਦੀ ਤ੍ਰਿਪਤੀ ਕੀਤੀ। ਸੰਤਾਂ ਨੇ ਪੁਛਿਆ, ਬਾਬੂ ਜੀ ਤੁਸੀਂ ਇਥੇ ਕਿਵੇਂ ਆਏ ਹੋ? ਬਾਬੂ ਜੀ ਨੇ ਕਿਹਾ ਹਜੂਰ ਸੰਤ ਬਾਬੇ ਰਾੜੇ ਵਾਲਿਆਂ ਨਾਲ ਆਇਆ ਹਾਂ। ਉਸ ਸਮੇਂ ਸੰਤ ਮਹਾਰਾਜ ਜੀ ਤੇ ਬਾਬਾ ਗੱਜਨ ਸਿੰਘ ਜੀ ਦੋਵੇਂ ਹੀ ਕਲਕੱਤੇ ਆਏ ਸਨ ਅਤੇ ਗਲ ਦੇ ਕਪੜੇ ਹੀ ਕੋਲ ਸਨ ਅਤੇ ਦੋਨਾਂ ਪਾਸ ਤਿੰਨ ਕਛਹਿਰੇ ਹੀ ਸਨ, ਜਿਨ੍ਹਾਂ ਨਾਲ ਬਦਲ ਬਦਲ ਕੇ ਇਸ਼ਨਾਨ ਕਰਦੇ ਸਨ। ਜਦੋਂ ਮਹਾਰਾਜ ਜੀ ਦੇ ਤਨ ਦੇ ਕਪੜੇ ਬਾਬੂ ਜੀ ਨੇ ਮੈਲੇ ਤੱਕੇ ਤਾਂ ਸੰਤਾਂ ਕੋਲੋਂ ਧੋਣ ਦੀ ਆਗਿਆ ਲੈ ਕੇ ਆਪਣੇ ਪਾਸ ਲੈ ਆਇਆ ਅਤੇ ਸ਼ਾਮ ਤਕ ਸੰਤਾਂ ਦੇ ਬਸਤਰ ਧੋ ਕੇ, ਸੁਕਾ ਕੇ ਤੇ ਪ੍ਰੈਸ ਕਰਕੇ ਆ ਸੰਤਾਂ ਨੂੰ ਪਹਿਰਾਏ। ਫਿਰ ਬਾਬੂ ਜੀ ਨੇ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਦਾਸ ਪਰ ਕ੍ਰਿਪਾ ਕਰੋ, ਤਾਂ ਸੰਤਾਂ ਨੇ ਬਾਬੂ ਜੀ ਦੀ ਬੇਨਤੀ ਮੰਨ ਕੇ ਕਿਹਾ ਕਿ ਚੰਗਾ ਬਾਬੂ ਜੀ ਤੁਸੀਂ ਡੇਰੇ ਆ ਜਾਵੋ। ਤੁਹਾਡਾ ਮੁਕਤੀ ਰੂਪ ਕਾਰਜ ਸਾਡੇ ਨਾਲ ਹੀ ਹੈ। ਹੋਰ ਕਿਸੇ ਸਾਧੂ ਨਾਲ ਨਹੀਂ ਹੈ। ਲੈ ਤਾਂ ਹੁਣ ਹੀ ਜਾਂਦਾ ਹਾਂ ਪਰ ਇਹ ਤਰੀਕਾ ਯੋਗ ਨਹੀਂ। ਆਪ ਪਹਿਲਾਂ ਸੰਤਾਂ ਨਾਲ ਮਿਲ ਕੇ ਦੱਸ ਆਓ, ਫਿਰ ਸਾਡੇ ਪਾਸ ਆਓ। ਬਾਬੂ ਜੀ ਨੇ ਸੰਤਾਂ ਦੇ ਇਸ ਬਚਨ ਨੂੰ ਸਤਿ ਕਰਕੇ ਮੰਨ ਲਿਆ।

ਹੁਣ ਬਾਬੂ ਜੀ ਸੰਤ ਬਾਬੇ ਰਾੜੇ ਵਾਲਿਆਂ ਪਾਸ ਆ ਗਏ ਅਤੇ ਬਾਬੂ ਜੀ ਦੇ ਨਾਲ ਬਾਵਾ ਜੀ ਵੀ ਸਨ। ਸੰਤ ਮਹਾਰਾਜ ਜੀ ਵੀ ਇਥੋਂ ਪੰਜਾਬ ਆ ਗਏ। ਬਾਬੂ ਕਾਨ੍ਹ ਸਿੰਘ ਜੀ ਨੇ ਬਾਬਾ ਈਸ਼ਰ ਸਿੰਘ ਜੀ ਪਾਸੋਂ ਹੇਮਕੁੰਟ ਤੇ ਬਦਰੀ ਨਾਥ ਆਦਿ ਪਵਿੱਤਰ ਅਸਥਾਨਾਂ ਦੀ ਯਾਤਰਾ ਕਰਨ ਦੀ ਆਗਿਆ ਲੈ ਲਈ। ਹੁਣ ਬਾਬੂ ਜੀ ਤੇ ਬਾਵਾ ਜੀ ਇਨ੍ਹਾਂ ਉਤਰ ਇਲਾਕੇ ਦੇ ਪਵਿੱਤਰ ਧਾਮਾਂ ਦੀ ਯਾਤਰਾ ਨੂੰ ਚਲ ਪਏ। ਹਰਿਦਵਾਰ, ਰਿਖੀਕੇਸ਼, ਹੇਮਕੁੰਟ, ਬਦਰੀਨਾਥ, ਕਿਦਾਰਨਾਥ, ਮਨੀਕਰਨ ਆਦਿ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਕੇ ਵਾਪਸ ਪੰਜਾਬ ਆ ਗਏ। ਪੰਜਾਬ ਵਿਚ ਆ ਕੇ ਬਾਬੂ ਜੀ ਤੇ ਬਾਵਾ ਜੀ ਵੀ ਅਲੱਗ-ਅਲੱਗ ਹੋ ਗਏ। ਬਾਬੂ ਜੀ ਸੁਖਾਨੰਦ ਅਸਥਾਨ ਤੇ ਚਲੇ ਗਏ। ਉਸ ਅਸਥਾਨ ਤੇ ਹੀ ਕੁਝ ਸਮਾਂ ਬਤੀਤ ਕੀਤਾ। ਫਿਰ ਬਾਬੂ ਜੀ ਕਿਸੇ ਕਾਰਜ ਵਾਸਤੇ ਜਲੰਧਰ ਆਏ, ਇਥੇ ਆ ਕੇ

ਸੁਣਿਆ ਕਿ ਸੰਤ ਮਹਾਰਾਜ ਜੀ ਜਲੰਧਰ ਵਿਖੇ ਸ੍ਰ: ਮਾਨ ਸਿੰਘ ਜੀ ਮੈਨੇਜਰ ਡੇਅਰੀ ਫਾਰਮ ਗੀਟਾਇਰ ਦੀ ਕੋਠੀ ਮਾਡਲ ਟਾਊਨ ਵਿਖੇ ਆਏ ਹੋਏ ਹਨ। ਸੋ ਬਾਬੂ ਜੀ ਵੀ ਸਰਦਾਰ ਸਾਹਿਬ ਦੀ ਕੋਠੀ ਸੰਤਾਂ ਦੇ ਦਰਸ਼ਨ ਵਾਸਤੇ ਚਲਾ ਗਿਆ। ਕੋਠੀ ਜਾ ਕੇ ਪਵਿੱਤਰ ਸੰਤਾਂ ਦੇ ਦਰਸ਼ਨ ਕੀਤੇ, ਫਿਰ ਸ਼ਰਧਾ ਭਰਪੂਰ ਹਿਰਦੇ ਨਾਲ ਨਮਸ਼ਕਾਰ ਕਰਕੇ ਸੰਤਾਂ ਦੀ ਹਜ਼ੂਰੀ ਵਿਚ ਬੈਠ ਗਿਆ। ਸੰਤਾਂ ਨੇ ਸੁਖ ਅਨੰਦ ਪੁਛੀ। ਇਤਨੇ ਨੂੰ ਸੰਤਾਂ ਦੀ ਹਜ਼ੂਰੀ ਵਿਚ ਇਕ ਦੁਖੀ ਮਾਈ ਆਈ। ਉਸ ਮਾਈ ਨੇ ਆਪਣੀ ਦੁਖ-ਭਰੀ ਕਹਾਣੀ ਦੁਖ ਦੀ ਨਵਿਰਤੀ ਵਾਸਤੇ ਸੰਤਾਂ ਪਾਸ ਬੇਨਤੀ ਪੂਰਬਕ ਸੁਣਾਈ। ਸੰਤਾਂ ਨੇ ਧਿਆਨ ਦੇ ਕੇ ਉਸ ਮਾਈ ਦੀ ਦੁਖ-ਭਰੀ ਵਿਥਿਆ ਸੁਣੀ, ਫਿਰ ਇਕ ਦਮ ਹੀ ਕ੍ਰਿਪਾਲੂ ਹੋ ਕੇ ਸੰਤ ਮਹਿੰਦਰ ਸਿੰਘ ਜੀ ਨੂੰ ਆਖਿਆ ਕਿ ਮਾਈ ਅਮਕਾ ਨੂੰ ਸਲੋਕ ਲਿਖ ਦੇਵੋ ਅਤੇ ਸਾਧਨ ਦੱਸ ਦੇਵੋ। ਸੰਤਾਂ ਨੇ ਆਖਿਆ ਕਿ ਮਾਈ ਮਹਿੰਦਰ ਸਿੰਘ ਜੀ ਕੋਲੋਂ ਸ਼ਬਦ ਲੈ ਕੇ ਸਾਧਨ ਕਰ ਲੈ। ਗੁਰੂ ਸਾਹਿਬ ਦੁੱਖਾਂ ਦੀ ਨਵਿਰਤੀ ਕਰ ਦੇਵੇਗਾ। ਸੋ ਮਾਈ ਖੁਸ਼ੀ-ਖੁਸ਼ੀ ਮਹਿੰਦਰ ਸਿੰਘ ਜੀ ਦੇ ਕੋਲੋਂ ਸ਼ਬਦ ਲੈ ਕੇ ਘਰ ਚਲੀ ਗਈ। ਇਹ ਮਾਈ ਦਾ ਵਾਕਿਆ ਜਦੋਂ ਸੰਤਾਂ ਪਾਸ ਹੋਇਆ ਸੀ ਉਸ ਸਮੇਂ ਸੰਤ ਨੰਦ ਸਿੰਘ ਜੀ ਰਾਮਗੜ੍ਹ ਵਾਲੇ ਵੀ ਸੰਤਾਂ ਦੀ ਹਜ਼ੂਰੀ ਵਿਚ ਸਨ। ਸੰਤ ਨੰਦ ਸਿੰਘ ਜੀ ਸੰਤ ਮਹਾਰਾਜ ਜੀ ਨੂੰ ਕਹਿਣ ਲੱਗੇ, ਮਹਾਰਾਜ ਜੀਉ ਇਸ ਮਾਈ ਨੂੰ ਆਪ ਜੀ ਪਾਸ ਆਇਆਂ ਕਿਤਨਾ ਕੁ ਸਮਾਂ ਹੋ ਗਿਆ ਸੀ। ਸੰਤ ਕਹਿਣ ਲੱਗੇ ਕਿ ਨੰਦ ਸਿੰਘ ਜੀ ਇਹ ਮਾਈ ਹੁਣੇ ਹੀ ਆਈ ਸੀ ਅਤੇ ਪਹਿਲੀ ਵਾਰ ਹੀ ਆਈ ਹੈ। ਫਿਰ ਨੰਦ ਸਿੰਘ ਜੀ ਨੇ ਆਖਿਆ ਹਜ਼ੂਰ ਆਪ ਇਤਨੇ ਮਿਹਰਬਾਨ ਕਦੇ-ਕਦੇ ਹੋ ਜਾਂਦੇ ਹੋ ਕਿ ਇਸ ਮਾਈ ਵਾਂਗ ਤੁਰੰਤ ਹੀ ਝੋਲੀਆਂ ਭਰ ਦੇਂਦੇ ਹੋ, ਨਹੀਂ ਤਾਂ ਕਈ ਜਗਿਆਸੂ ਸਾਲਾਂ-ਬੱਧੀ ਆਪਣਾ ਘਰ-ਬਾਰ ਛੱਡ ਕੇ ਆ ਮਗਰ ਫਿਰਦੇ ਹਨ। ਆਪ ਜੀ ਇਤਨੇ ਬੇਪਰਵਾਹ ਹੋ ਜਾਂਦੇ ਹੋ ਕਿ ਉਨ੍ਹਾਂ ਗਰੀਬਾਂ ਦੀ ਬਾਤ ਹੀ ਨਹੀਂ ਸੁਣਦੇ। ਸੰਤਾਂ ਨੇ ਕਿਹਾ, ਐਸੇ ਕੌਣ ਹਨ? ਤਾਂ ਸੰਤ ਨੰਦ ਸਿੰਘ ਜੀ ਨੇ ਬਾਬੂ ਜੀ ਵਲ ਇਸ਼ਾਰਾ ਕਰਕੇ ਕਿਹਾ, ਕਿ ਆਹ ਬਾਬੂ ਜੀ ਤੱਕੋ ਨੌਕਰੀਆਂ ਛੱਡ ਕੇ ਆਪ ਜੀ ਦਾ ਲੜ ਫੜਿਆ ਸੀ, ਹੁਣ ਇਨ੍ਹਾਂ ਦੀ ਆਪ ਜੀ ਗੱਲ ਹੀ ਨਹੀਂ ਸੁਣਦੇ। ਸੰਤਾਂ ਨੇ ਆਖਿਆ, ਸੰਤ ਨੰਦ ਸਿੰਘ ਜੀ, ਅਸੀਂ ਬਾਬੂ ਜੀ ਨੂੰ ਆਖਿਆ ਹੈ ਕਿ ਤੂੰ ਡੇਰੇ ਆ ਜਾਹ, ਇਕ ਵਾਰੀ ਨਹੀਂ, ਬਲਕਿ ਦੋ ਵਾਰੀ ਕਿਹਾ ਹੈ। ਫਿਰ ਇਕ ਦੋ ਬਚਨ ਕਰਕੇ ਸੰਤ ਬੜੇ ਜਲਾਲ ਵਿਚ ਆ ਕੇ ਬਾਬੂ ਜੀ ਨੂੰ ਕਿਹਾ, ਬਾਬੂ ਜੀ ਇਕ ਦਮ ਡੇਰੇ ਆ ਜਾਵੋ। ਬਾਬੂ ਜੀ ਦੱਸੋ ਅੱਜ-ਕਲ ਤੁਸੀਂ ਕਿਥੇ ਆਸਣ ਰੱਖੇ ਹਨ? ਬਾਬੂ ਜੀ ਨੇ ਆਖਿਆ, ਹਜ਼ੂਰ ਸੁਖਾਨੰਦ ਵਿਚ ਆਸਣ ਹਨ। ਸੰਤਾਂ ਨੇ ਕਿਹਾ ਕਿ ਅੱਜ ਹੀ ਜਾਓ ਤੇ ਆਪਣੇ ਆਸਣ ਲੈ ਕੇ ਡੇਰੇ ਆ ਜਾਉ। ਉਸ ਸਮੇਂ ਸੰਤ ਜਥੇਦਾਰ ਜਨਕ ਸਿੰਘ ਜੀ ਵੀ ਸੰਤਾਂ ਦੀ ਹਜ਼ੂਰੀ ਵਿਚ ਬੈਠੇ ਸਨ। ਸਾਰਿਆਂ ਵਿਚ ਸੰਤਾਂ ਨੇ ਭਰਵੀਂ ਅਵਾਜ਼ ਵਿਚ ਕਿਹਾ ਕਿ ਬਾਬੂ ਜੀ ਡੇਰੇ ਵਿਚ ਤੇਰੇ ਵਾਸਤੇ ਕੋਈ ਸੇਵਾ ਨਹੀਂ। ਡੇਰੇ ਚਿੱਤ-ਚਾ ਦੀ ਸੇਵਾ ਹੈ, ਜੋ ਮਰਜ਼ੀ ਹੈ ਸੋ ਕਰੋ। ਜੇ ਨਹੀਂ ਚਿੱਤ ਚਾਹੁੰਦਾ ਤਾਂ ਨਾ ਕਰੋ। ਮੂਲ-ਮੰਤਰ ਦਾ ਪਹਿਰਾ ਜੋ ਜੋਤ ਵਾਲਾ ਹੈ ਸੋ ਲਾਈ ਚਲੋ।

ਇਹ ਸੰਤ ਮਹਾਰਾਜ ਜੀ ਦਾ ਹੁਕਮ ਸੁਣ ਕੇ ਬਾਬੂ ਜੀ ਨੇ ਬਚਨ ਕਰਕੇ ਮੰਨ ਲਿਆ। ਬਾਬੂ ਜੀ ਸੁਖਾਨੰਦ ਗਏ। ਅੱਠ ਦਿਨ ਤੋਂ ਬਾਅਦ ਆਸਣ ਲਿਆ ਕੇ ਡੇਰੇ ਸੰਤਾਂ ਦੀ ਹਜ਼ੂਰੀ ਵਿਚ ਆ ਗਏ। ਸੰਤਾਂ ਨੇ ਪੁਛਿਆ ਕਿ ਬਾਬੂ ਜੀ ਇਤਨੇ ਦਿਨ ਕਿਥੇ ਲਾਏ? ਬਾਬੂ ਜੀ ਨੇ ਕਿਹਾ ਹਜ਼ੂਰ ਦਾਸ ਨੂੰ ਬੁਖਾਰ ਹੋ ਗਿਆ ਸੀ। ਅਰਾਮ ਹੋਣ ਤੋਂ ਆ ਆਪ ਜੀ ਦੇ ਚਰਨ ਪਰਸੇ ਹਨ। ਉਸ ਦਿਨ ਤੋਂ ਬਾਬੂ ਜੀ ਦਾ ਆਸਣ ਡੇਰੇ ਵਿਚ ਹੀ ਹੈ। ਜੇ ਗਾਹੇ-ਬਗਾਹੇ ਕਦੇ ਗਏ ਵੀ ਤਾਂ ਮੁੜ ਡੇਰੇ ਵਿਚ ਹੀ ਆਸਣ ਇਸਥਿਤੀ ਦੇ ਰਖੇ ਹਨ। ਜੋ ਅੱਜ-ਕਲ ਵੀ ਡੇਰੇ ਵਿਚ ਰਹਿ ਕੇ ਸਿਮਰਨ ਭਜਨ ਕਰਕੇ ਆਪਣੀ ਜ਼ਿੰਦਗੀ ਸਫਲ ਕਰਦੇ ਹਨ। ਇਤੀ।

ਬਾਬੂ ਕਾਨ੍ਹ ਸਿੰਘ ਜੀ ਦੇ ਵੱਡੇ ਭਰਾ ਮਨੀ ਰਾਮ ਜੀ ਦਾ ਸੰਤਾਂ ਤੋਂ ਉਪਦੇਸ਼ ਲੈਣਾ

ਜਦੋਂ ਬਾਬੂ ਕਾਨ੍ਹ ਸਿੰਘ ਜੀ *'ਲੋਕ ਕੁਟੰਬ ਸਭਹੂੰ ਤੇ ਹੋਰੇ ਤਉ ਆਪਨ ਬੇਢੀ ਆਵੈ ਹੋ'* ਦੇ ਮਹਾਂਵਾਕ ਅਨੁਸਾਰ

ਸਾਰਿਆਂ ਨਾਲੋਂ ਟੁੱਟ ਕੇ ਸੰਤ ਮਹਾਰਾਜ ਜੀ ਦਾ ਸ਼ਿਸ਼ ਬਣ ਕੇ ਲੱਗਾ ਭਗਤੀ ਕਰਨ, ਆਪਣੇ ਜਨਮ ਦਾ ਲਾਭ ਲੈਣ, ਇਸ ਬਾਬੂ ਦੀ ਐਸੀ ਬਿਰਤੀ ਨੂੰ ਤੇ ਭਗਤੀ ਨੂੰ ਤੱਕ ਕੇ ਬਾਬੂ ਜੀ ਦੇ ਵੱਡੇ ਭਰਾ ਮਨੀ ਰਾਮ ਜੀ ਦੇ ਚਿੱਤ ਵਿਚ ਵੀ ਸੰਤਾਂ ਦਾ ਸ਼ਿਸ਼ ਬਣਨ ਵਾਸਤੇ ਮਹਾਨ ਉਤਸ਼ਾਹ ਪੈਦਾ ਹੋਇਆ, ਜੈਸੇ ਕਿ ਭਗਤ ਧੰਨਾ ਜੀ ਦੇ ਚਿੱਤ ਵਿਚ ਉਤਸ਼ਾਹ ਪੈਦਾ ਹੋਇਆ ਸੀ ਕਿ ਭਗਤ ਕਬੀਰ ਜੀ ਜੋ ਜੁਲਾਹੇ ਜਾਤੀ ਦੇ ਹਨ ਸੋ ਭਗਤੀ ਕਰਕੇ ਤਰ ਗਏ ਹਨ ਅਤੇ ਨਾਮਦੇਵ ਜੀ ਤੇ ਰਵਿਦਾਸ ਜੀ ਵੀ ਭਗਤੀ ਕਰਕੇ ਤਰ ਗਏ ਹਨ ਅਤੇ ਸੈਣ ਨਾਈ ਜੀ ਵੀ ਤਰ ਗਏ ਹਨ। ਇਨ੍ਹਾਂ ਸਾਰੇ ਭਗਤਾਂ ਦੀ ਭਗਤੀ ਦੀ ਰੀਤੀ ਤੱਕ ਕੇ ਧੰਨਾ ਜੀ ਵੀ ਭਗਤੀ ਕਰਨ ਲੱਗ ਪਏ ਤੇ ਭਗਤੀ ਕਰਕੇ ਤਰ ਗਏ, ਯਥਾ ਕਿ :-

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ।। ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।। ੧।। ਰਹਾਉ।।
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।। ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।। ੧।।
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨ੍ਹਿ ਤਿਆਗੀ ਮਾਇਆ।। ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।। ੨।।
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।। ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ।। ੩।।
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।। ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।। ੪।। (ਪੰਨਾ ੪੮੭)

ਇਸੇ ਤਰ੍ਹਾਂ ਹੀ ਭਾਈ ਮਨੀ ਰਾਮ ਜੀ ਵੀ ਆਪਣੇ ਛੋਟੇ ਵੀਰ ਬਾਬੂ ਕਾਨ੍ਹ ਸਿੰਘ ਜੀ ਨੂੰ ਭਗਤੀ ਕਰਦਿਆਂ ਤੱਕ ਕੇ ਭਗਤੀ ਕਰਨ ਦੇ ਉਤਸ਼ਾਹ ਵਿਚ ਆਇਆ। ਆਪਣੇ ਛੋਟੇ ਵੀਰ ਬਾਬੂ ਕਾਨ੍ਹ ਸਿੰਘ ਜੀ ਅੱਗੇ ਬੜੀ ਨਿੰਮਰਤਾ ਨਾਲ ਲੱਗਾ ਬੇਨਤੀਆਂ ਕਰਨ ਕਿ ਵੀਰ ਜੀਉ ਮੇਰੇ ਉੱਪਰ ਆਪ ਜੀ ਕ੍ਰਿਪਾ ਕਰੋ ਤੇ ਦਿਆਲੂ ਹੋ ਕੇ ਸੰਤ ਮਹਾਰਾਜ ਜੀ ਦੇ ਚਰਨੀਂ ਲਾ ਕੇ ਨਾਮ ਦੀ ਬਖਸ਼ਿਸ਼ ਕਰਾ ਦੇਵੋ। ਬਾਬੂ ਕਾਨ੍ਹ ਸਿੰਘ ਜੀ ਨੇ ਕਿਹਾ ਕਿ ਮਨੀ ਰਾਮ ਜੀਉ, ਮੈਂ ਤੇਰਾ ਵਿਚੋਲਾ ਬਣਨ ਨੂੰ ਤਿਆਰ ਨਹੀਂ, ਕਿਉਂਕਿ ਤੂੰ ਤਮਾਕੂ ਸਿਗਰਟ ਤੇ ਮਾਸ ਸ਼ਰਾਬ ਦੀ ਵਰਤੋਂ ਕਰਦਾ ਹੈਂ। ਇਸ ਵਾਸਤੇ ਮੈਂ ਤੇਰੇ ਘਰ ਦਾ ਅੰਨ੍ਹ-ਜਲ ਗ੍ਰਹਿਣ ਨਹੀਂ ਕਰਦਾ। ਬਾਬੂ ਜੀ ਦਾ ਇਹ ਉੱਤਰ ਸੁਣ ਕੇ ਭਾਈ ਮਨੀ ਰਾਮ ਜੀ ਉਦਾਸ ਜਿਹੇ ਹੋ ਗਏ। ਕੁਝ ਦਿਨ ਇਸੇ ਤਰ੍ਹਾਂ ਹੀ ਗੁਜ਼ਰੇ।

ਇਕ ਦਿਨ ਫਿਰ ਭਾਈ ਮਨੀ ਰਾਮ ਜੀ ਨੇ ਬਾਬੂ ਕਾਨ੍ਹ ਸਿੰਘ ਪਾਸ ਬੜੀ ਨਿੰਮਰਤਾ ਸਹਿਤ ਬੇਨਤੀ ਕੀਤੀ। ਇਹ ਵਾਰਤਾ ਉਦੋਂ ਦੀ ਹੈ ਜਦੋਂ ਬਾਬੂ ਜੀ ਨੇ ਨੌਕਰੀ ਨਹੀਂ ਸੀ ਤਿਆਗੀ। ਬਾਬੂ ਟਿਕਟ ਕੁਲੈਕਟਰ ਦੀ ਡਿਊਟੀ ਲਾਹੌਰ ਕਰਿਆ ਕਰਦੇ ਸਨ। ਭਾਈ ਮਨੀ ਰਾਮ ਜੀ ਰੇਲਵੇ ਇੰਜਨ ਡਰਾਈਵਰ ਸਨ। ਹਮੇਸ਼ਾਂ ਹੀ ਆਪਸ ਵਿਚ ਮਿਲਦੇ-ਜੁਲਦੇ ਸਨ। ਬਾਬੂ ਜੀ ਨੇ ਭਾਈ ਮਨੀ ਰਾਮ ਜੀ ਦੀ ਬੇਨਤੀ ਸੁਣ ਕੇ ਕਿਹਾ ਕਿ ਭਾਈ ਜੀ ਕਿਸੇ ਹੋਰ ਚੰਗੇ ਸਾਧੂ ਦੇ ਚਰਨੀਂ ਲਾ ਕੇ ਉਪਦੇਸ਼ ਦਵਾ ਦੇਂਦਾ ਹਾਂ। ਤੂੰ ਇਹ ਹੱਠ ਨਾ ਕਰ ਕਿ ਸੰਤ ਮਹਾਰਾਜ ਜੀ ਤੋਂ ਹੀ ਉਪਦੇਸ਼ ਲੈਣਾ ਹੈ। ਭਾਈ ਮਨੀ ਰਾਮ ਜੀ ਨੇ ਕਿਹਾ ਕਿ ਬਾਬੂ ਜੀ ਮੇਰਾ ਤਾਂ ਭਰੋਸਾ ਸੰਤ ਮਹਾਰਾਜ ਜੀ ਪਰ ਹੈ। ਕ੍ਰਿਪਾ ਕਰੋ, ਮੈਨੂੰ ਪਾਪੀ ਨੂੰ ਸੰਤ ਮਹਾਰਾਜ ਜੀ ਦੇ ਚਰਨੀਂ ਲਾ ਦੇਵੋ।

ਫਿਰ ਬਾਬੂ ਜੀ ਨੇ ਕਿਹਾ ਕਿ ਭਾਈ ਮਨੀ ਰਾਮ ਜੀ ਮੈਂ ਆਪ ਜੀ ਨੂੰ ਦੱਸ ਦਿੱਤਾ ਹੈ ਕਿ ਜਿਤਨੀ ਦੇਰ ਤੂੰ ਤਮਾਕੂ ਤੇ ਸ਼ਰਾਬ ਮਾਸ ਵਰਤਦਾ ਹੈਂ ਉਤਨੀ ਦੇਰ ਮੈਂ ਤੇਰੀ ਸਿਫਾਰਸ਼ ਸੰਤ ਮਹਾਰਾਜ ਜੀ ਪਾਸ ਕਰਨ ਵਾਸਤੇ ਤਿਆਰ ਨਹੀਂ। ਭਾਈ ਮਨੀ ਰਾਮ ਜੀ ਨੇ ਜਦੋਂ ਬਾਬੂ ਜੀ ਤੋਂ ਇਹ ਕੋਰਾ ਜਵਾਬ ਸੁਣਿਆ ਤਾਂ ਭਾਈ ਮਨੀ ਰਾਮ ਜੀ ਦੇ ਚਿੱਤ ਪਰ ਬਹੁਤ ਸੱਟ ਜਿਹੀ ਲੱਗੀ। ਸੋ ਬਾਬੂ ਜੀ ਦੇ ਬਚਨਾਂ ਤੋਂ ਐਸੀ ਦੁਖਦਾਈ ਸੱਟ ਲੱਗੀ, ਉਸ ਸੱਟ ਨੇ ਭਾਈ ਮਨੀ ਰਾਮ ਜੀ ਦੇ ਚਿੱਤ ਵਿਚ ਸ਼ੁਭ ਵਿਚਾਰ ਪੈਦਾ ਕਰ ਦਿਤੀ। ਬੜੀ ਵਿਚਾਰ ਤੋਂ ਬਾਅਦ ਭਾਈ ਮਨੀ ਰਾਮ ਦੇ ਮਨ ਨੇ ਇਹ ਪੱਕਾ ਫੈਸਲਾ ਕਰ ਲਿਆ ਕਿ ਇਹ ਜੋ ਸ਼ਰਾਬ, ਮਾਸ ਤੇ ਤਮਾਕੂ ਹੁਣ ਹੀ ਮੈਨੂੰ ਮਹਾਂਪੁਰਸ਼ਾਂ ਦੇ ਦਰਸ਼ਨ ਤੋਂ ਵਾਂਝੇ ਰਖਦੇ ਹਨ ਤੇ ਅੱਗੇ ਨੂੰ ਮੈਨੂੰ ਇਹ ਕੀ ਸੁਖ ਦੇਣਗੇ। ਇਕ ਦਮ ਭਾਈ ਮਨੀ ਰਾਮ ਜੀ ਨੇ ਆਪਣੇ ਮਨ ਨਾਲ ਪੱਕਾ ਫੈਸਲਾ ਕਰ ਲਿਆ ਕਿ ਅੱਜ ਤੋਂ ਇਹ ਭੈੜੀਆਂ ਚੀਜ਼ਾਂ ਮਾਸ ਸ਼ਰਾਬ ਤੇ ਤਮਾਕੂ ਵਰਤਣਾ ਤਾਂ ਕਿਸੇ ਪਾਸੇ ਰਿਹਾ, ਮੈਂ ਕਦੇ ਭੁਲ ਕੇ ਵੀ ਇਨ੍ਹਾਂ ਨੂੰ ਹੱਥ ਨਹੀਂ ਲਾਵਾਂਗਾ।

ਹੁਣ ਬਾਬੂ ਜੀ ਦੇ ਪਾਸ ਭਾਈ ਮਨੀ ਰਾਮ ਜੀ ਨੇ ਇਨ੍ਹਾਂ ਚੀਜ਼ਾਂ ਦਾ ਪੱਕਾ ਨਿਯਮ ਕਰ ਦਿੱਤਾ ਕਿ ਬਾਬੂ ਜੀ ਅੱਜ ਤੋਂ ਹੀ ਮੈਂ ਪੱਕਾ ਨਿਯਮ ਕਰਦਾ ਹਾਂ ਇਨ੍ਹਾਂ ਚੀਜ਼ਾਂ ਨੂੰ ਵਰਤਣਾ ਤਾਂ ਇਕ ਪਾਸੇ ਰਿਹਾ, ਦਾਸ ਹੱਥ ਵੀ ਨਹੀਂ ਲਾਵੇਗਾ। ਜੋ ਮੇਰਾ ਸੰਬੰਧੀ ਮਿਤ੍ਰ ਪਿਆਰਾ ਇਨ੍ਹਾਂ ਚੀਜ਼ਾਂ ਨੂੰ ਵਰਤੇਗਾ ਮੈਂ ਦਾਸ ਉਨ੍ਹਾਂ ਦਾ ਸੰਗ ਵੀ ਆਪ ਜੀ ਵਾਗੂੰ ਛੱਡ ਦੇਵਾਂਗਾ। ਆਪਣੇ ਵੱਡੇ ਭਾਈ ਮਨੀ ਰਾਮ ਜੀ ਦਾ ਇਹ ਸਿਦਕ-ਭਰਿਆ ਬਚਨ ਸੁਣ ਕੇ ਬਾਬੂ ਕਾਨ੍ਹ ਸਿੰਘ ਜੀ ਬਹੁਤ ਪ੍ਰਸੰਨ ਹੋਏ ਅਤੇ ਖੁਸ਼ ਹੋ ਕੇ ਭਾਈ ਮਨੀ ਰਾਮ ਜੀ ਨੂੰ ਕਹਿਣ ਲੱਗੇ ਕਿ ਭਰਾ ਜੀ ਜਦੋਂ ਸੰਤ ਮਹਾਰਾਜ ਜੀ ਹੁਣ ਲਾਹੌਰ ਆਏ ਤਾਂ ਮੈਂ ਆਪ ਜੀ ਦੀ ਸਿਫਾਰਿਸ਼ ਕਰਾਂਗਾ। ਉਮੀਦ ਹੈ ਮਹਾਂਪੁਰਸ਼ ਤੇਰੇ ਸਿਦਕ ਨੂੰ ਤੇ ਪ੍ਰੇਮ ਨੂੰ ਤੱਕ ਕੇ ਤੁਠ ਪੈਣ ਤੇ ਮਿਹਰ ਕਰਕੇ ਆਪਣੀ ਬਖਸ਼ਿਸ਼ ਕਰ ਦੇਣ। ਹੁਣ ਕੁਝ ਸਮਾਂ ਬੀਤਿਆ ਤੇ ਭਾਈ ਮਨੀ ਰਾਮ ਜੀ ਦਾ ਪ੍ਰੇਮ ਇਸ ਪਾਸੇ ਨੂੰ ਵੱਧਦਾ ਹੀ ਗਿਆ।

ਹੁਣ ਤਾਂ ਮਨੀ ਰਾਮ ਦੇ ਸਬਰ ਦਾ ਪਿਆਲਾ ਲਬਾ-ਲਬ ਭਰ ਗਿਆ। ਹੁਣ ਦਿਨ ਪਰ ਰਾਤ ਸੰਤ ਮਹਾਰਾਜ ਜੀ ਦੀ ਉਡੀਕ ਵਿਚ ਹੀ ਲੰਘਦੇ ਹਨ। ਇਕ ਦਿਨ ਬਾਬੂ ਜੀ ਦੇ ਪਾਸ ਭਾਈ ਮਨੀ ਰਾਮ ਜੀ ਨੇ ਬੇਨਤੀ ਕਰ ਹੀ ਦਿੱਤੀ ਕਿ ਬਾਬੂ ਜੀ ਆਪਾਂ ਮਿਲ ਕੇ ਡੇਰੇ ਹੀ ਚਲੀਏ। ਬਾਬੂ ਜੀ ਨੇ ਕਿਹਾ ਕਿ ਭਾਈ ਜੀ ਆਪ ਜੀ ਕੁਝ ਸਮੇਂ ਲਈ ਹੋਰ ਸਬਰ ਕਰੋ। ਸੰਤ ਮਹਾਰਾਜ ਜੀ ਇਉਂ ਭਾਲਿਆਂ ਸਾਨੂੰ ਨਹੀਂ ਮਿਲਣਗੇ। ਸ਼ਾਇਦ ਡੇਰੇ ਤੋਂ ਹੋਰ ਪਾਸੇ ਸੰਗਤ ਨੂੰ ਤਾਰਨ ਗਏ ਹੋਣ। ਇਸ ਵਾਸਤੇ ਇਸ ਢੰਗ ਨਾਲ ਸੰਤਾਂ ਨੂੰ ਮਿਲਣਾ ਬੜਾ ਔਖਾ ਹੈ। ਆਪ ਜੀ ਇਸ ਵਾਸਤੇ ਆਪਣੇ ਮਨ ਵਿਚ ਸਿਦਕ, ਸ਼ਰਧਾ, ਪ੍ਰੇਮ ਜ਼ਿਆਦਾ ਤੋਂ ਜ਼ਿਆਦਾ ਧਾਰਨ ਕਰੋ। ਮੁਮਕਿਨ ਹੈ ਕਿ ਤੇਰੀ ਬੇਨਤੀ ਤੇ ਪ੍ਰੇਮ ਅੰਤਰਆਤਮੇ ਸੰਤਾਂ ਪਾਸ ਅੱਪੜ ਜਾਣ ਤੇ ਉਨ੍ਹਾਂ ਬੇਨਤੀਆਂ ਦੇ ਖਿੱਚੇ ਹੋਏ ਲਾਹੌਰ ਆ ਜਾਣ ਤੇ ਤੁਠ ਕਰਕੇ ਤੇਰੇ ਪਰ ਮਿਹਰ ਕਰ ਦੇਣ। ਇਸੇ ਤਰ੍ਹਾਂ ਹੀ ਕੁਝ ਸਮਾਂ ਲੰਘਿਆ ਤਾਂ ਸੰਤ ਮਹਾਰਾਜ ਜੀ ਪ੍ਰੇਮੀਆਂ ਦੀ ਪ੍ਰੇਮ ਡੋਰ ਨਾਲ ਖਿੱਚੇ ਹੋਏ ਲਾਹੌਰ ਆ ਹੀ ਗਏ। ਬਾਬੂ ਜੀ ਨੂੰ ਪਤਾ ਲੱਗਾ ਕਿ ਦੀਨ ਦਿਆਲ ਜੀ ਲਾਹੌਰ ਵਿਚ ਸ੍: ਕੁੰਦਨ ਸਿੰਘ ਜੀ ਦੀ ਕੋਠੀ ਆ ਗਏ ਹਨ ਤੇ ਬਾਬੂ ਜੀ ਨੂੰ ਯਾਦ ਕਰਦੇ ਹਨ। ਬਾਬੂ ਜੀ ਇਹ ਸੁਣ ਕੇ ਗੱਦ ਗੱਦ ਹੋ ਗਏ ਅਤੇ ਬਾਰੰਬਾਰ ਸ਼ੁਕਰਾਨਾ ਕਰਦੇ ਹਨ ਅਤੇ ਬਾਰੰਬਾਰ ਕੁਰਬਾਨੇ ਬਲਿਹਾਰੇ ਜਾਂਦੇ ਹਨ। ਇਕ ਦਮ ਬਾਬੂ ਜੀ ਮਨੀ ਰਾਮ ਜੀ ਪਾਸ ਗਏ ਅਤੇ ਸੰਤਾਂ ਦੇ ਲਾਹੌਰ ਵਿਚ ਆਉਣ ਦੀ ਖੁਸ਼ੀ ਭਰੇ ਸ਼ਬਦ ਭਾਈ ਮਨੀ ਰਾਮ ਜੀ ਨੂੰ ਸੁਣਾ ਕੇ ਨਿਹਾਲ ਕੀਤਾ। ਕਿਹਾ, ਕਿ ਭਾਈ ਜੀ ਆਪ ਜੀ ਦੇ ਸ਼ੁਭ ਭਾਗ ਜਾਗੇ ਹਨ। ਸੰਤ ਮਹਾਰਾਜ ਜੀ ਸ੍: ਕੁੰਦਨ ਸਿੰਘ ਜੀ ਦੀ ਰਿਹਾਇਸ਼ਗਾਹ ਆ ਗਏ। ਭਾਈ ਮਨੀ ਰਾਮ ਜੀ ਦੀ ਖੁਸ਼ੀਆਂ ਦੀ ਹੱਦ ਨਾ ਰਹੀ ਅਤੇ ਬਾਰੰਬਾਰ ਧਰਤੀ ਨੂੰ ਨਮਸ਼ਕਾਰ ਕਰਕੇ ਸੰਤਾਂ ਦੇ ਦਰਸ਼ਨ ਵਾਸਤੇ ਤਿਆਰ ਹੋ ਕੇ ਦੋਨੋਂ ਜਣੇ ਸ੍: ਕੁੰਦਨ ਸਿੰਘ ਜੀ ਦੀ ਕੋਠੀ ਵੱਲ ਨੂੰ ਚਲ ਪਏ। ਸੰਤਾਂ ਦੀ ਭੇਟਾ ਵਾਸਤੇ ਕੁਝ ਫਲ-ਫਰੂਟ ਵੀ ਲਿਆ। ਸ੍: ਕੁੰਦਨ ਸਿੰਘ ਜੀ ਦੀ ਕੋਠੀ ਪੁਜ ਕੇ ਸੰਤ ਮਹਾਰਾਜ ਜੀ ਦੇ ਪਵਿੱਤਰ ਦਰਸ਼ਨ ਕੀਤੇ ਅਤੇ ਸ਼ਰਧਾ ਤੇ ਪ੍ਰੇਮ-ਭਰੇ ਹਿਰਦੇ ਨਾਲ ਬੜੀ ਨਿੰਮਰਤਾ ਸਹਿਤ ਸੰਤਾਂ ਦੇ ਚਰਨਾਂ ਪਰ ਮੱਥਾ ਟੇਕ ਕੇ ਪ੍ਰੇਮ ਸਹਿਤ ਸਜਲ ਨੇਤਰ ਹੋ ਕੇ ਗਲ ਪੱਲਾ ਪਾ ਕੇ ਤੇ ਦੋਨੋਂ ਹੱਥ ਜੋੜ ਕੇ ਖੜੇ ਹੋ ਕੇ ਸੰਤਾਂ ਦੇ ਚੰਦਨ ਜੈਸੇ ਚਿਹਰੇ ਵਲ ਆਪਣੇ ਨੇਤਰ ਰੂਪ ਚਕੋਰਾਂ ਦੇ ਜੋੜੇ ਲਾ ਦਿੱਤੇ। ਇਕ ਟੱਕ ਲਿਵ ਲਾ ਕੇ ਤੱਕੀ ਹੀ ਜਾਂਦੇ ਹਨ। ਸੰਤਾਂ ਨੇ ਇਨ੍ਹਾਂ ਦੀ ਪ੍ਰੇਮ-ਭਰੀ ਦਿਸ਼ਾ ਤਕ ਕੇ ਅੰਮ੍ਰਿਤ-ਭਰੀ ਬਾਣੀ ਦੁਆਰਾ ਕਿਹਾ ਬਾਬੂ ਜੀ ਬੈਠ ਜਾਓ ਤੇ ਜਲ ਪਾਣੀ ਛਕੋ। ਨਾਲ ਹੀ ਸੰਤਾਂ ਨੇ ਕੁਸ਼ਲ ਅਨੰਦ ਪੁਛਿਆ। ਬਾਬੂ ਜੀ ਨੇ ਉੱਤਰ ਦਿੱਤਾ, ਗਰੀਬ-ਨਿਵਾਜ਼ ਜੀਓ, ਆਪ ਜੀ ਦੀ ਕ੍ਰਿਪਾ ਨਾਲ ਸਭ ਹੀ ਸੁਖ ਹੈ।

ਹੁਣ ਬਾਬੂ ਜੀ ਨੇ ਭਾਈ ਮਨੀ ਰਾਮ ਜੀ ਨੂੰ ਇਸ਼ਾਰਾ ਕੀਤਾ ਕਿ ਸੰਤਾਂ ਦੀ ਮੁੱਠੀ ਚਾਪੀ ਦੀ ਸੇਵਾ ਕਰ ਲੈ। ਸੋ ਮਨੀ ਰਾਮ ਜੀ ਇਸ਼ਾਰਾ ਸਮਝ ਕੇ ਸੰਤਾਂ ਦੀ ਸੇਵਾ ਵਿਚ ਲੱਗ ਗਿਆ। ਕੁਝ ਸਮੇਂ ਤੋਂ ਬਾਅਦ ਭੋਜਨ ਤਿਆਰ ਹੋਇਆ। ਸੰਤਾਂ ਦੀ ਆਗਿਆ ਨਾਲ ਸਾਰੀ ਸੰਗਤ ਨੇ ਪ੍ਰਸ਼ਾਦਿ ਪਾਣੀ ਛਕਿਆ ਅਤੇ ਸੰਤਾਂ ਨੇ ਵੀ ਛਕਿਆ। ਸੰਤ ਕੁਝ ਸਮੇਂ ਲਈ ਪਲੰਘ ਪਰ ਅਰਾਮ ਕਰਨ ਲੱਗ ਪਏ। ਇਕ ਘੰਟੇ ਤੋਂ ਬਾਅਦ ਸੰਤ ਅਰਾਮ ਕਰਨ ਤੋਂ ਉਠੇ ਤੇ ਸਾਰੀਆਂ ਸੰਗਤਾਂ ਸ਼ਰਧਾ-ਭਰੇ ਹਿਰਦਿਆਂ ਨਾਲ ਨਮਸ਼ਕਾਰ ਕੀਤੀ ਅਤੇ ਚੁਪ-ਚਾਪ ਸੰਤਾਂ ਦੀ ਹਜ਼ੂਰੀ ਵਿਚ ਸੰਗਤਾਂ ਬੈਠ ਗਈਆਂ।

ਫਿਰ ਸੰਤਾਂ ਨੇ ਆਖਿਆ ਕਿ ਅਸੀਂ ਚਾਰ ਵਜੇ ਦੀ ਗੱਡੀ ਵਾਪਸ ਜਾਣਾ ਚਾਹੁੰਦੇ ਹਾਂ। ਹੁਣ ਸਾਢੇ ਤਿੰਨ ਵਜੇ ਸੰਤ ਉੱਠ ਕੇ ਕਾਰ ਵਿਚ ਬੈਠ ਕੇ ਸਟੇਸ਼ਨ ਵਲ ਨੂੰ ਚਲ ਪਏ। ਬਾਬੂ ਜੀ ਤੇ ਮਨੀ ਰਾਮ ਦੋਨੋਂ ਭਰਾ ਵੀ ਸਟੇਸ਼ਨ ਵਲ ਨੂੰ ਸੰਤਾਂ ਦੇ ਪਿੱਛੇ-ਪਿੱਛੇ ਹੀ ਅਸਵਾਰੀ ਲੈਕੇ ਚਲ ਪਏ ਅਤੇ ਸਟੇਸ਼ਨ 'ਤੇ ਸੰਤਾਂ ਨੂੰ ਜਾ ਮਿਲੇ। ਇਤਨੇ ਨੂੰ ਗੱਡੀ ਦਾ ਟਾਈਮ ਵੀ ਹੋ ਗਿਆ। ਹਜ਼ੂਰ ਗੱਡੀ ਵਿਚ ਫਸਟ ਕਲਾਸ ਦੀ ਟਿਕਟ ਲੈ ਕੇ ਬੈਠ ਗਏ। ਗੱਡੀ ਦੇ ਚੱਲਣ ਵਿਚ ਕੁਝ ਮਿੰਟ ਸਨ। ਡੱਬੇ ਵਿਚ ਭਾਈ ਮਨੀ ਰਾਮ ਜੀ ਨੂੰ ਤੇ ਬਾਬੂ ਜੀ ਨੂੰ ਸਮਾਂ ਮਿਲ ਗਿਆ। ਮਨੀ ਰਾਮ ਜੀ ਚਰਨ ਘੁੱਟਣ ਲੱਗ ਪਏ ਤੇ ਬਾਬੂ ਜੀ ਬੇਨਤੀਆਂ ਕਰਨ ਲੱਗ ਪਏ। ਬਾਬੂ ਜੀ ਦੀ ਬੇਨਤੀ ਸੁਣ ਕੇ ਸੰਤਾਂ ਉੱਤਰ ਦਿੱਤਾ ਕਿ ਬਾਬੂ ਜੀ ਹੁਣ ਤਾਂ ਅਸੀਂ ਜਾ ਰਹੇ ਹਾਂ। ਮੁੜ ਫਿਰ ਕਦੇ ਆਏ ਫਿਰ ਦੇਖਾਂਗੇ। ਬਾਬੂ ਜੀ ਤਾਂ ਚੁਪ ਕਰ ਗਏ। ਪਰ ਭਾਈ ਮਨੀ ਰਾਮ ਜੀ ਦਾ ਤਾਂ ਇਹ ਬਚਨ ਸੁਣ ਕੇ ਹਿਰਦਾ ਵਿੰਨ੍ਹਿਆ ਗਿਆ ਅਤੇ ਵਿੰਨ੍ਹਣ ਦਾ ਦੁਖ ਅੱਖਾਂ ਥਾਣੀ ਪਾਣੀ ਰੂਪ ਹੋ ਕੇ ਚਲ ਪਿਆ, ਭਾਵ ਰੋਣ ਲੱਗ ਪਏ। ਇਤਨੇ ਨੂੰ ਗੱਡੀ ਚਲ ਪਈ। ਇਹ ਦੋਨੇ ਭਰਾ ਵਿਛੋੜੇ ਦੇ ਦੁਖ ਨੂੰ ਲੈ ਕੇ ਗੱਡੀ ਤੋਂ ਨੀਚੇ ਉੱਤਰ ਗਏ। ਬਾਬੂ ਜੀ ਤਾਂ ਚੁਪ ਹੀ ਰਹੇ ਪਰ ਭਾਈ ਮਨੀ ਰਾਮ ਜੀ ਚੁਪ ਨਹੀਂ ਰਹੇ, ਬਾਰੰਬਾਰ ਰੋ ਕੇ ਬਹੁਤ ਵੈਰਾਗ ਕਰਦਾ ਹੈ। ਇਸ ਵੈਰਾਗ-ਭਰੇ ਹਿਰਦੇ ਨਾਲ ਆਪਣੇ ਘਰ ਆ ਗਿਆ, ਪਰ ਆਪਣੇ ਗੁਰਦੇਵ ਦੀ ਬਖਸ਼ਿਸ਼ ਦੀ ਬਜਾਏ ਆਪਣੇ ਪਿਆਰੇ ਦੇ ਵਿਛੋੜੇ ਦਾ ਦੁੱਖ ਆਪਣੇ ਹਿਰਦੇ ਵਿਚ ਪਰੋ ਕੇ ਲੈ ਆਇਆ। ਹੁਣ ਆਪਣੇ ਕਮਰੇ ਵਿਚ ਬੈਠ ਕੇ ਲੱਗਾ ਵੈਰਾਗ ਕਰਨ ਅਤੇ ਆਪਣੇ ਕਰਮਾਂ ਨੂੰ ਧਿਰਕਾਰਾਂ ਦੇਣ, ਕਿ ਮੰਦ-ਕਰਮਾਂ ਨੇ ਮਹਾਂਪੁਰਸ਼ਾਂ ਤੋਂ ਬਖਸ਼ਿਸ਼ ਨਾ ਹੋਣ ਦਿਤੀ ਇਸੇ ਵੈਰਾਗੀ ਦਿਸ਼ਾ ਵਿਚ ਮਹਾਨ ਕੋਸ਼ ਵਿਚ ਲੀਨ ਹੋਇਆ ਭਾਈ ਮਨੀ ਰਾਮ ਜੀ ਮਨ ਹੀ ਮਨ ਅੰਦਰ ਬਹੁਤ ਵੈਰਾਗ ਕਰ ਰਿਹਾ ਹੈ। ਹੁਣ ਰਾਤ ਆਈ, ਭਾਈ ਮਨੀ ਰਾਮ ਜੀ ਨੇ ਅੰਨ੍ਹ-ਜਲ ਵੀ ਨਹੀਂ ਗ੍ਰਹਿਣ ਕੀਤਾ। ਇਸ ਪ੍ਰਕਾਰ ਵੈਰਾਗੀ ਮਨ ਨਾਲ ਜੋਦੜੀਆਂ ਤੇ ਤਰਲੇ-ਮਿੰਨਤਾਂ ਕਰੀ ਜਾਂਦਾ ਹੈ, ਸੰਤਾਂ ਦੇ ਸਰੂਪ ਨੂੰ ਹਿਰਦੇ ਵਿਚ ਵਸਾ ਕੇ। ਉਧਰ ਸੰਤ ਮਹਾਰਾਜ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਗੱਡੀ ਤੋਂ ਉਤਰੇ। ਉਤਰਦੇ ਸਾਰ ਹੀ ਬਾਬਾ ਗੱਜਨ ਸਿੰਘ ਜੀ ਨੂੰ ਕਿਹਾ ਕਿ ਬਾਬਾ ਬਾਬੂ ਜੀ ਤੋਂ ਪੁਛੋ ਕਿ ਲਾਹੌਰ ਨੂੰ ਗੱਡੀ ਕਦ ਜਾ ਰਹੀ ਹੈ ਅਤੇ ਕਿਸ ਪਲੇਟਫਾਰਮ ਤੋਂ ਜਾਂਦੀ ਹੈ। ਬਾਬਾ ਜੀ ਨੇ ਗੇਟ ਬਾਬੂ ਤੋਂ ਪੁਛਿਆ ਕਿ ਲਾਹੌਰ ਨੂੰ ਗੱਡੀ ਕਦ ਜਾ ਰਹੀ ਹੈ। ਬਾਬੂ ਜੀ ਨੇ ਕਿਹਾ ਕਿ ਬਾਬਾ ਜੀ ਗੱਡੀ ਦੋ ਨੰਬਰ ਪਲੇਟਫਾਰਮ ਤੇ ਤਿਆਰ ਖੜੀ ਹੈ, ਦਸ ਮਿੰਟ ਨੂੰ ਚਲ ਪਏਗੀ। ਬਾਬਾ ਜੀ ਨੇ ਜਾ ਸੰਤਾਂ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀਉ ਗੱਡੀ ਦੋ ਨੰਬਰ ਪਲੇਟਫਾਰਮ ਪਰ ਤਿਆਰ ਖੜੀ ਹੈ। ਬੱਸ ਚਲਣ ਵਾਲੀ ਹੈ। ਉਸ ਸਮੇਂ ਬੜੀ ਛੇਤੀ ਨਾਲ ਲਾਹੌਰ ਦੇ ਟਿਕਟ ਲਏ ਤੇ ਗੱਡੀ ਵਿਚ ਜਾ ਬੈਠੇ।

ਇਹ ਗੱਡੀ ਰਾਤ ਨੌਂ ਵਜੇ ਲਾਹੌਰ ਜੰਕਸ਼ਨ ਪਰ ਜਾ ਲੱਗੀ। ਸੰਤ ਗੱਡੀ ਤੋਂ ਉਤਰ ਕੇ ਜਦੋਂ ਬਾਹਰ ਲੰਘਣ ਵਾਲੇ ਗੇਟ ਪਰ ਆਏ ਤਾਂ ਉਸ ਸਮੇਂ ਗੇਟ ਬਾਬੂ ਵੀ ਬਾਬੂ ਕਾਨ੍ਹ ਸਿੰਘ ਉਥੇ ਸਨ। ਬਾਬੂ ਕਾਨ੍ਹ ਸਿੰਘ ਦੇਖ ਕੇ ਬੜਾ ਹੈਰਾਨ ਹੋਇਆ ਕਿ ਕੀ ਕਾਰਨ ਹੋਇਆ ਸੰਤ ਜੀ ਵਾਪਸ ਆ ਗਏ ਹਨ। ਜਦੋਂ ਨੇੜੇ ਆਏ, ਸੰਤ ਬਾਬੂ ਜੀ ਨੂੰ ਦੇਖ ਕੇ ਹੱਸ ਪਏ। ਬਾਬੂ ਜੀ ਨੇ ਚਰਨਾਂ ਪਰ ਨਮਸ਼ਕਾਰ ਕੀਤੀ। ਬਾਬੂ ਜੀ ਅਜੇ ਕੁਝ ਕਹਿਣ ਹੀ ਵਾਲਾ ਸੀ ਕਿ ਸੰਤ ਮਹਾਰਾਜ ਜੀ ਆਪ ਹੀ ਕਹਿਣ ਲੱਗੇ ਕਿ ਬਾਬੂ ਜੀ ਤੇਰੇ ਭਰਾ ਨੇ ਸਾਨੂੰ ਅੱਗੇ ਨਹੀਂ ਜਾਣ ਦਿੱਤਾ। ਉਹ ਤਾਂ ਬਹੁਤ ਵੈਰਾਗ ਕਰ ਰਿਹਾ ਹੈ ਤੇ ਉਦਾਸੀਨ ਹੋ ਕੇ ਬੇਨਤੀਆਂ ਹੀ ਕਰੀ ਜਾ ਰਿਹਾ ਹੈ। ਹੁਣ ਉਸ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾ ਕੇ ਸਾਡੇ ਪਾਸ ਲੈ ਆਵੀਂ। ਅਸੀਂ ਸ੍: ਕੁੰਦਨ ਸਿੰਘ ਜੀ ਦੀ ਜਗ੍ਹਾ ਪਰ ਜਾਂਦੇ ਹਾਂ। ਬਾਬੂ ਜੀ ਸੰਤਾਂ ਤੋਂ ਇਹ ਸੁਣ ਕੇ ਬਹੁਤ ਖੁਸ਼ ਹੋਇਆ ਤੇ ਡਿਊਟੀ ਤੋਂ ਬਦਲ ਕੇ ਜਦ ਭਾਈ ਮਨੀ ਰਾਮ ਜੀ ਪਾਸ ਗਿਆ ਤਾਂ ਭਾਈ ਮਨੀ ਰਾਮ ਜੀ ਦਾ ਹਾਲ ਤੱਕਿਆ ਕਿ ਮਹਾਨ ਵੈਰਾਗ ਅੰਦਰ ਜੋਦੜੀਆਂ ਕਰ ਰਿਹਾ ਹੈ। ਜਦੋਂ ਜਾ ਕੇ ਬਾਬੂ ਕਾਨ੍ਹ ਸਿੰਘ ਜੀ ਨੇ ਦੱਸਿਆ ਕਿ ਸੰਤ ਮਹਾਰਾਜ ਜੀ ਅੰਮ੍ਰਿਤਸਰ ਤੋਂ ਵਾਪਸ ਮੁੜ ਆਏ ਹਨ ਅਤੇ ਆਪ ਜੀ ਨੂੰ ਅੰਮ੍ਰਿਤ ਵੇਲੇ ਆਪਣੇ ਪਾਸ ਬੁਲਾਇਆ ਹੈ। ਭਾਈ ਮਨੀ ਰਾਮ ਜੀ ਵਾਸਤੇ ਬਾਬੂ ਜੀ ਦੇ ਬਚਨ ਅੰਮ੍ਰਿਤ ਦੇ ਤੁਲ ਸਨ। ਮੰਨਣਾ ਕਰੋ ਕਿ ਬਾਬੂ ਜੀ ਦੀ ਸੇਵਾ ਕਰਕੇ ਭਾਈ ਮਨੀ ਰਾਮ ਜੀ ਆਪਣਾ ਜੀਵਨ ਉੱਚਾ ਕਰਦੇ ਰਹੇ ਅਤੇ ਹਨੂੰਮਾਨ ਗੜ੍ਹ ਰਿਆਸਤ ਬੀਕਾਨੇਰ

ਵਿਖੇ ਆਪਣੀ ਰਿਹਾਇਸ਼ਗਾਹ ਬਣਾ ਕੇ ਰਹਿੰਦੀ ਜ਼ਿੰਦਗੀ ਬਤੀਤ ਕਰਕੇ ਅੰਤ ਨੂੰ ਗੁਰੂ ਗੋਦ ਵਿਚ ਜਾ ਸਮਾਏ। ਇਤੀ।

ਬਾਵਾ ਗੁਰਦਿਆਲ ਸਿੰਘ ਜੀ ਐਡਵੋਕੇਟ ਭੱਲੇ ਗੋਇੰਦਵਾਲ ਸਾਹਿਬ ਜੀ ਨੂੰ ਸੰਤਾਂ ਦਾ ਉਪਦੇਸ਼ ਹੋਣਾ

ਗੋਇੰਦਵਾਲ ਸਾਹਿਬ ਜੀ ਦਾ ਨਾਮ ਲਿਆਂ ਮਨ ਨੂੰ ਸ਼ਾਂਤੀ ਤੇ ਸੁਖ ਹੋ ਜਾਂਦਾ ਹੈ, ਜਿਥੇ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੀ ਆਗਿਆ ਅਨੁਸਾਰ ਮਹਾਨ ਵੱਡਾ ਤੇ ਪਵਿੱਤਰ ਤੀਰਥ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਰਚਿਆ ਹੈ, ਜੋ ਕਿ ਗੋਇੰਦਵਾਲ ਸਾਹਿਬ ਗੋਬਿੰਦ ਪੁਰੀ ਸਮ ਹੀ ਹੈ। ਇਸ ਦੀ ਸਾਖ ਭੱਟ ਜੱਲ੍ਹਨ ਜੀ ਨੇ ਭਰੀ ਹੈ। ਯਥਾ ਕਿ :-

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ।।
ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯਉ।। *(ਪੰਨਾ ੧੪੦੦)*

ਉਸ ਐਸੇ ਤੀਰਥ ਗੋਇੰਦਵਾਲ ਵਿਖੇ ਗੁਰੂ ਅਮਰ ਦਾਸ ਜੀ ਦੀ ਕੁਲ ਗੁਰੂ ਸਿਖੀ ਰੂਪ ਮਾਨਸਰੋਵਰ ਵਿਖੇ ਜਾਂ ਇਉਂ ਕਿ ਭੱਲਿਆਂ ਦੀ ਕੁਲ ਰੂਪ ਮਾਨਸਰੋਵਰ ਵਿਖੇ ਪਰਮ ਹੰਸਾਂ ਦੀ ਨਿਆਈਂ ਵੱਸਦੀ ਹੈ। ਜਿਸ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੀ ਬੰਸਾਵਲੀ ਦਾ ਛਜਰਾ ਅੱਗੇ ਪੰਨਿਆਂ ਪਰ ਦਾਸ ਦੇਵੇਗਾ। ਇਸ ਕੁਲ ਦੇ 1979 ਈ: ਦੇ ਹੀਰੇ ਬਾਵਾ ਗੁਰਦਿਆਲ ਸਿੰਘ ਵਕੀਲ ਆਪਣੇ ਘਰ ਗੋਇੰਦਵਾਲ ਵਿਖੇ ਵੱਸਦੇ ਹਨ। ਜਿਸ ਬਾਵਾ ਗੁਰਦਿਆਲ ਸਿੰਘ ਜੀ ਵਿਚ ਪੂਰਨ ਗੁਰਸਿੱਖਾਂ ਵਾਲੇ ਕਾਫੀ ਗੁਣ ਹਨ। ਬਾਵਾ ਜੀ ਜ਼ਿਲ੍ਹਾ ਅੰਮ੍ਰਿਤਸਰ ਤੇ ਤਹਿਸੀਲ ਤਰਨ ਤਾਰਨ ਵਿਖੇ ਵਕਾਲਤ ਕਰਦੇ ਹਨ। ਜਿਨ੍ਹਾਂ ਦਾ ਦਿਮਾਗ ਤੇ ਵਿਚਾਰ ਵਕਾਲਤ ਵਿਚ ਬਹੁਤ ਮੰਨੇ-ਪਰਮੰਨੇ ਵਕੀਲਾਂ ਵਿਚ ਨਾਮਵਰ ਹਨ। ਕਿਸੇ ਆਏ ਮੁਕੱਦਮੇ ਵਾਲੇ ਸੱਜਣ ਨਾਲ ਕੋਈ ਦੁਕਾਨਦਾਰਾਂ ਵਾਗੂੰ ਹੇਰਾਫੇਰੀ ਵਾਲੀ ਗੱਲ ਨਹੀਂ ਕਰਦੇ। ਜਦੋਂ ਕਿਸੇ ਦਾ ਮੁਕੱਦਮਾ ਆਪਣੇ ਹੱਥਾਂ ਵਿਚ ਲੈ ਲੈਂਦੇ ਹਨ ਤਾਂ ਉਸ ਮੁਕੱਦਮੇ ਦੀ ਪੈਰਵੀ ਬੜੇ ਤਨੋਂ-ਮਨੋਂ ਕਰਦੇ ਹਨ।

ਇਸੇ ਲਈ ਬਾਵਾ ਜੀ ਇਲਾਕੇ ਵਿਚ ਹਰਮਨ-ਪਿਆਰੇ ਹਨ। ਗੋਇੰਦਵਾਲ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦਾ ਜੋੜ ਮੇਲਾ ਬੜੀ ਧੂਮ-ਧਾਮ ਨਾਲ ਸੰਗਤਾਂ ਮਨਾਉਂਦੀਆਂ ਹਨ, ਜੋ ਕਿ ਭਾਦੋਂ ਸੁਦੀ ਪੂਰਨਮਾਸ਼ੀ ਦਾ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਅਵਤਾਰ ਧਾਰਨ ਦਾ ਦਿਨ ਜੋ ਕਿ ਵਿਸਾਖ ਸੁਦੀ ਚੌਦਸ ਦਾ ਹੈ। ਇਹ ਦਿਨ ਗੋਇੰਦਵਾਲ ਵਿਖੇ ਘੱਟ ਹੀ ਮਨਾਇਆ ਜਾਂਦਾ ਹੈ। ਇਸ ਦਿਨ ਬਾਵਾ ਗੁਰਦਿਆਲ ਸਿੰਘ ਜੀ ਆਪਣੇ ਘਰ ਵਿਖੇ ਹੀ ਸਹਿਜ ਪਾਠ ਪ੍ਰਾਰੰਭ ਕਰਕੇ ਭੋਗ ਪਾ ਕੇ ਕੁਝ ਕੁ ਲੰਗਰ ਕਰ ਦੇਂਦੇ ਹਨ। ਸੰਤ ਮਹਾਰਾਜ ਜੀ ਨੂੰ ਵਾਹਿਗੁਰੂ ਜੀ ਦੀ ਤੇ ਸਤਿਗੁਰੂ ਜੀ ਦੀ ਪ੍ਰੇਰਨਾ ਹੋਈ। ਆਪ ਸੰਤਾਂ ਨੇ ਇਸ ਦਿਨ ਪਰ ਜਾ ਕੇ ਅਖੰਡ ਪਾਠ ਪ੍ਰਾਰੰਭ ਕੀਤਾ ਅਤੇ ਸੰਗਤਾਂ ਤੋਂ ਬਾਉਲੀ ਸਾਹਿਬ ਜੀ ਦੀਆਂ ਚੌਰਾਸੀ ਪੌੜੀਆਂ ਤੇ ਚੌਰਾਸੀ ਜਪੁਜੀ ਸਾਹਿਬ ਜੀ ਦੇ ਪਾਠ ਕਰਾਉਣੇ ਪ੍ਰਾਰੰਭ ਕੀਤੇ। ਇਕ ਇਕ ਪੌੜੀ ਪਰ ਇਕ ਇਕ ਜਪੁਜੀ ਸਾਹਿਬ ਪੜ੍ਹਨਾ, ਹਰ ਇਕ ਪੌੜੀ ਪਰ ਪਾਠ ਕਰਨ ਦੇ ਸਮੇਂ ਬਾਉਲੀ ਸਾਹਿਬ ਵਿਚ ਇਸ਼ਨਾਨ ਕਰਕੇ ਪੌੜੀ ਪਰ ਆ ਕੇ ਬੈਠ ਕੇ ਪਾਠ ਸ਼ਰਧਾ, ਸਿਦਕ ਤੇ ਸ਼ੁਧ ਕਰਨ ਦੀ ਕੋਸ਼ਿਸ਼ ਕਰਨੀ। ਫਿਰ ਉਸ ਸਿੱਖ ਦੀ ਚੌਰਾਸੀ ਕੱਟੀ ਜਾਂਦੀ ਹੈ।

ਜਦੋਂ ਸੰਤਾਂ ਨੇ ਅਖੰਡ ਪਾਠ ਪ੍ਰਾਰੰਭ ਕਰਨਾ ਤਾਂ ਗੁਰਦਵਾਰੇ ਭਾਈ ਜਵਾਲਾ ਸਿੰਘ ਜੀ ਠੱਠੇ ਟਿੱਬੇ ਵਾਲੇ ਗੁਰੂ ਕੇ ਕੀਰਤਨੀਏ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆ ਜਾਂਦੇ ਤੇ ਭਾਈ ਹਰਨਾਮ ਸਿੰਘ ਜੀ ਠੱਠੇ ਟਿੱਬੇ ਵਾਲੇ ਗੁਰੂ ਕੇ ਕੀਰਤਨੀਏ ਵੀ ਗੁਰੂ ਜੀ ਦੇ ਦਰਸ਼ਨ ਨੂੰ ਆ ਜਾਂਦੇ ਤੇ ਭਾਈ ਸੰਪੂਰਨ ਸਿੰਘ ਜੀ ਤਰਨ ਤਾਰਨ ਸਾਹਿਬ ਜੀ ਦੇ ਹਜ਼ੂਰੀ

ਰਾਗੀ ਸਿੰਘ ਜੀ ਵੀ ਆ ਦਰਸ਼ਨ ਕਰਦੇ। ਕਈ ਵਾਰੀ ਭਾਈ ਜਵਾਲਾ ਸਿੰਘ ਜੀ ਨੇ ਬਿਆਸਾ ਦਰਿਆ ਦੀ ਬਰੇਤੀ, ਜੋ ਕਿ ਕੱਕੇ ਰੇਤੇ ਦੀ ਸੋਹਣੀ ਤੇ ਮੁਲਾਇਮ ਹੁੰਦੀ, ਉਥੇ ਹੀ ਬੈਠ ਕੇ ਸੰਤਾਂ ਦੀ ਹਜ਼ੂਰੀ ਕੀਰਤਨ ਦਾ ਦੀਵਾਨ ਸਜਾਉਂਦੇ। ਇਕ ਦਿਨ ਭਾਈ ਸਾਹਿਬ ਜੀ ਨੇ ਕੀਰਤਨ ਵਿਚ ਬੜੀ ਮਿੱਠੀ ਜਿਹੀ ਰਸਨਾਂ ਨਾਲ ਵਿਆਖਿਆ ਕਰਦਿਆਂ ਆਖਿਆ ਕਿ ਸੰਤ ਜੀ ਮਹਾਰਾਜ ਇਸ ਬਰੇਤੀ ਪਰ ਐਸੇ ਹੀ ਦੀਵਾਨ ਨਹੀਂ ਸਜਾਉਂਦੇ ਬਲਕਿ ਇਥੇ ਗੁਰੂ ਅਮਰਦਾਸ ਜੀ ਦਾ ਤੇ ਗੁਰੂ ਰਾਮਦਾਸ ਸਾਹਿਬ ਜੀ ਦੇ ਦੇਹੁਰੇ ਸਨ, ਜੋ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਬਚਨਾਂ ਕਰਕੇ ਦਰਿਆ ਨੇ ਆਪਣੇ ਵਿਚ ਅਲੋਪ ਕਰ ਲਏ ਸਨ। ਸੋ ਇਹ ਉਹ ਅਸਥਾਨ ਹੈ ਜਿਥੇ ਕਿ ਅਜ ਗੁਰੂ ਕੀ ਬਾਣੀ ਦਾ ਕੀਰਤਨ ਹੋ ਰਿਹਾ ਹੈ। ਇਕ ਵਾਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੋਇੰਦਵਾਲ ਸਾਹਿਬ ਗਏ ਸਨ। ਬਾਉਲੀ ਸਾਹਿਬ ਇਸ਼ਨਾਨ ਕਰਕੇ ਗੁਰੂ ਅਸਥਾਨਾਂ ਦੇ ਪਵਿੱਤਰ ਦਰਸ਼ਨ ਕੀਤੇ। ਜਦੋਂ ਕਿ ਸਤਿਗੁਰੂ ਸਾਹਿਬ ਜੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਤੇ ਗੁਰੂ ਰਾਮਦਾਸ ਸਾਹਿਬ ਜੀ ਦੇ ਦੇਹੁਰਿਆਂ ਦੇ ਦਰਸ਼ਨ ਨੂੰ ਗਏ, ਦੇਹੁਰਿਆਂ ਦੇ ਪਵਿੱਤਰ ਦਰਸ਼ਨ ਕਰਕੇ ਕੀ ਤੱਕਿਆ ਕਿ ਦੇਹੁਰਿਆਂ ਦੀ ਸਫਾਈ ਨਹੀਂ ਕਿਸੇ ਨੇ ਕੀਤੀ। ਉਸੇ ਤਰ੍ਹਾਂ ਹੀ ਕੂੜਾ ਕਰਕਟ ਤੇ ਜਾਨਵਰਾਂ ਦੀਆਂ ਵਿੱਠਾਂ ਆਦਿਕ ਪਈਆਂ ਸਨ। ਇਸ ਤਰ੍ਹਾਂ ਤੱਕ ਕੇ ਸਤਿਗੁਰੂ ਜੀ ਨੇ ਕਿਹਾ ਕਿ ਇਸ ਨਾਲੋਂ ਬਿਹਤਰ ਹੈ ਕਿ ਦਰਿਆ ਬਿਆਸਾ ਇਨ੍ਹਾਂ ਦੇਹੁਰਿਆਂ ਨੂੰ ਆਪਣੇ ਵਿਚ ਹੀ ਅਲੋਪ ਕਰ ਲਵੇ। ਕੁਝ ਸਮੇਂ ਵਿਚ ਹੀ ਬਿਆਸਾ ਦੀ ਐਸੀ ਛੱਲ ਆਈ, ਜਿਸ ਨੇ ਦੇਹੁਰਿਆਂ ਨੂੰ ਆਪਣੇ ਵਿਚ ਅਲੋਪ ਕਰ ਲਿਆ।

ਹੁਣ ਸੰਤ ਮਹਾਰਾਜ ਜੀ ਵਲੋਂ ਸਤਿਗੁਰੂ ਅਮਰਦਾਸ ਜੀ ਦੇ ਅਵਤਾਰ ਧਾਰਨ ਦੇ ਦਿਨ ਨੂੰ ਮਹਾਨਤਾ ਦਿਤੀ ਗਈ। ਸਾਲ ਦੇ ਸਾਲ ਆ ਕੇ ਅਖੰਡ ਪਾਠ ਕਰਾਉਣਾ ਤੇ ਜੱਗ ਕਰਨਾ ਅਤੇ ਸੰਗਤਾਂ ਕੋਲੋਂ ਚੌਰਾਸੀ ਪਾਠ ਵੀ ਇਸੇ ਦਿਨ ਪਰ ਕਰਾਉਣੇ। ਸੰਗਤਾਂ ਵਿਚ ਇਸ ਦੇ ਮਹਾਤਮ ਦਾ ਖੁੱਲ੍ਹਾ ਪ੍ਰਚਾਰ ਕਰਨਾ ਅਤੇ ਸੰਗਤਾਂ ਨੂੰ ਚੌਰਾਸੀ ਪਾਠ ਕਰਨ ਦਾ ਸ਼ੁਭ ਉਪਦੇਸ਼ ਦੇ ਕੇ ਆਪਣੇ ਨਾਲ ਲਿਆ ਕੇ ਪਾਠ ਕਰਾਉਣੇ। ਪਾਠੀਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਤੇ ਸੁਖ ਦੇਣ ਦੀ ਕੋਸ਼ਿਸ਼ ਕਰਨੀ। ਇਕ ਵਾਰੀ ਇਸ ਪੁਰਬ ਦੇ ਦਿਨ ਪਰ ਸੰਤ ਆਏ ਅਤੇ ਗੁਰਦਵਾਰੇ ਦੇ ਸਾਹਮਣੇ ਵਾਲੀ ਹਵੇਲੀ ਹੈ, ਜਿਸ ਹਵੇਲੀ ਵਿਚ ਸੰਤਾਂ ਨੇ ਸੰਗਤਾਂ ਸਮੇਤ ਆਸਣ ਲਾਏ ਹੋਏ ਸਨ, ਗੁਰੂ ਸਾਹਿਬ ਜੀ ਦੀ ਯਾਦ ਵਿਚ ਗੁਰਦਵਾਰੇ ਸਾਹਿਬ ਵਿਚ ਅਖੰਡ ਪਾਠ ਪ੍ਰਾਰੰਭ ਕਰਵਾ ਦਿੱਤਾ ਸੀ। ਜਦੋਂ ਤੋਂ ਅਖੰਡ ਪਾਠ ਪ੍ਰਾਰੰਭ ਹੋਇਆ ਸੀ, ਉਸੀ ਟਾਈਮ ਤੋਂ ਸੰਤਾਂ ਵਲੋਂ ਗੁਰੂ ਕੇ ਲੰਗਰ ਵਿਚ ਖੁਲ੍ਹੇ ਭੋਜਨ ਬਣਦੇ ਤੇ ਅੱਠੇ ਪਹਿਰ ਗੁਰੂ ਕਾ ਲੰਗਰ ਚਲਦਾ ਰਹਿੰਦਾ ਅਤੇ ਤੀਸਰੇ ਪਹਿਰ ਖੂਬ ਸ਼ਰਦਾਈਆਂ ਵਰਤਦੀਆਂ। ਇਸ ਦਿਨ ਪਰ ਸੰਤ ਮਹਾਰਾਜ ਜੀ ਦੇ ਸ਼ਰਧਾਲੂ ਸੰਤ ਵੀ ਆ ਜਾਂਦੇ। ਮਸਲਨ ਸੰਤ ਹਰੀ ਸਿੰਘ ਜੀ ਮੁਕੇਰੀਆਂ, ਬਾਵਾ ਦੀਦਾਰ ਸਿੰਘ ਜੀ, ਸੰਤ ਡੂਮੇਲੀ ਵਾਲੇ, ਬਾਬਾ ਦਲੀਪ ਸਿੰਘ ਜੀ ਵੈਦ ਰਾਜਯ, ਬਾਬੂ ਕਾਨ੍ਹ ਸਿੰਘ ਜੀ ਤੇ ਬਾਬਾ ਬਿਸ਼ਨ ਸਿੰਘ ਜੀ ਨੰਗਲ ਖੁਰਦ, ਬਾਬਾ ਦਲੀਪ ਸਿੰਘ ਜੀ ਸੁਨੀ, ਬਾਬਾ ਰਿਪਦਮਨ ਸਿੰਘ ਜੀ ਪੱਟੀ ਠੋਲੂ ਤੇ ਬਾਬਾ ਨੰਦ ਸਿੰਘ ਜੀ ਰਾਮਗੜ੍ਹ ਭੁੱਲਰ ਜਗਰਾਉਂ ਆਦਿ ਇਹ ਸਭ ਆ ਕੇ ਗੁਰਪੁਰਬ ਦੀ ਸੇਵਾ ਦਾ ਹੱਥ ਵਟਾਉਂਦੇ।

ਦਾਸ ਲਿਖਾਰੀ ਵੀ ਇਨ੍ਹਾਂ ਦੇ ਵਿਚ ਹੀ ਸ਼ਾਮਲ ਹੁੰਦਾ। ਬਾਬੂ ਕਾਨ੍ਹ ਸਿੰਘ ਜੀ, ਬਾਵਾ ਗੁਰਦਿਆਲ ਸਿੰਘ ਜੀ ਦੇ ਹਮਜਮਾਤੀ ਸਨ। ਇਸ ਕਰਕੇ ਦੋਨਾਂ ਦਾ ਆਪਸ ਵਿਚ ਪਿਆਰ ਵੀ ਬਹੁਤ ਸੀ। ਅਖੰਡ ਪਾਠ ਦੇ ਮੱਧ ਵਾਲੇ ਦਿਨ ਬਾਵਾ ਗੁਰਦਿਆਲ ਸਿੰਘ ਜੀ ਨੇ ਬਾਬੂ ਕਾਨ੍ਹ ਸਿੰਘ ਜੀ ਪਾਸ ਬੜੇ ਪਿਆਰ-ਸਹਿਤ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬੂ ਜੀ ਮੇਰੇ ਚਿੱਤ ਵਿਚ ਬਹੁਤ ਇੱਛਾ ਤੇ ਉਤਸ਼ਾਹ ਹੈ ਕਿ ਸੰਤ ਮਹਾਰਾਜ ਜੀ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰਕੇ ਦਾਸ ਨੂੰ ਗੁਰੂ ਘਰ ਦਾ ਉਪਦੇਸ਼ ਦੇ ਕੇ ਤੇ ਚਰਨੀਂ ਲਾ ਕੇ ਕ੍ਰਿਤਾਰਥ ਕਰ ਦੇਣ। ਮੈਂ ਬਹੁਤ ਯਤਨ ਕਰਦਾ ਹਾਂ ਪਰ ਮੇਰਾ ਯਤਨ ਕੀਤਾ ਹੋਇਆ ਸਫਲ ਨਹੀਂ ਹੁੰਦਾ। ਬਾਬੂ ਜੀ ਤੁਸੀਂ ਮੇਰੇ ਵਿਚੋਲਾ ਬਣ ਕੇ ਮਦਦ ਕਰੋ, ਤਾਂਕਿ ਇਸ ਸ਼ੁਭ ਕਾਰਜ ਵਿਚ ਦਾਸ ਸਫਲ ਹੋ ਜਾਵੇ। ਬਾਬੂ ਜੀ ਨੇ ਬਾਬਾ ਜੀ ਦੀ ਬੇਨਤੀ ਮਨਜ਼ੂਰ ਕਰ ਲਈ।

ਸ਼ਾਮਾਂ ਦੇ ਚਾਰ ਕੁ ਵਜੇ ਹਨ, ਕੁਦਰਤੀ ਅੱਜ ਸੰਤ ਇਕੱਲੇ ਹੀ ਬੈਠੇ ਹਨ ਅਤੇ ਬੈਠੇ ਵੀ ਆਪਣੇ ਇਲਾਹੀ ਰੰਗ

ਵਿਚ ਹਨ। ਚਿਹਰੇ ਤੋਂ ਅੰਮ੍ਰਿਤ ਨੂਰ ਦੀਆਂ ਧਾਰਾਂ ਟਪਕ ਰਹੀਆਂ ਹਨ। ਨੇਤਰ ਕੌਲ ਵਾਂਗ ਖਿੜੇ ਹੋਏ ਤੇ ਪ੍ਰੇਮ-ਰਸ ਵਿਚ ਭਰੇ ਹੋਏ ਕ੍ਰਿਪਾ ਭਰਪੂਰ ਹਨ। ਇਹ ਸ਼ੁਭ ਸਮਾਂ ਜਾਣ ਕੇ ਦੋਨੋਂ ਜਣੇ ਬਾਬੂ ਜੀ ਤੇ ਬਾਵਾ ਗੁਰਦਿਆਲ ਸਿੰਘ ਸ਼ਰਧਾ ਦੇ ਪ੍ਰੇਮ-ਭਰੇ ਹਿਰਦੇ ਨਾਲ ਜਾ ਸੰਤਾਂ ਦੇ ਦਰਸ਼ਨ ਕੀਤੇ ਤੇ ਡੰਡਉਤ-ਬੰਦਨਾਂ ਕਰਕੇ ਹੱਥ ਜੋੜ ਕੇ ਸੰਤਾਂ ਦੇ ਸਨਮੁਖ ਬੈਠ ਗਏ। ਸੰਤਾਂ ਨੇ ਪੁਛਿਆ, ਆਓ ਜੀ ਕੈਸੇ ਆਉਣੇ ਹੋਏ? ਇਸ ਸਮੇਂ ਸੇਵਾ ਨੂੰ ਤਿਆਗ ਕੇ ਆਏ। ਬਾਬੂ ਜੀ ਨੇ ਬਹੁਤ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਬਾਵਾ ਜੀ ਦੀ ਬਹੁਤ ਇੱਛਾ ਹੈ ਕਿ ਹਜ਼ੂਰ ਦਾਸ ਨੂੰ ਗੁਰਮਤਿ ਦਾ ਉਪਦੇਸ਼ ਦੇ ਕੇ ਆਪਣੀ ਚਰਨੀਂ ਲਾ ਕੇ ਸਦਾ ਕ੍ਰਿਪਾ ਭਰਿਆ ਹੱਥ ਸਿਰ ਪਰ ਰੱਖ ਕੇ ਆਪਣਾ ਦਾਸ ਬਣਾ ਕੇ ਦਾਸ ਦੀ ਜ਼ਿੰਦਗੀ ਸਫਲ ਕਰ ਦੇਵੋ। ਸੰਤਾਂ ਨੇ ਅੰਮ੍ਰਿਤ-ਮਈ ਰਸਨਾਂ ਤੋਂ ਅੰਮ੍ਰਿਤ ਬਚਨ ਕਿਹਾ ਕਿ ਬਾਬੂ ਜੀ ਅੰਮ੍ਰਿਤ ਵੇਲੇ ਸੁਧੇ ਕੇਸੀ ਇਸ਼ਨਾਨ ਕਰਾ ਕੇ ਸਾਡੇ ਪਾਸ ਬਾਵਾ ਜੀ ਨੂੰ ਲੈ ਆਉਣਾ। ਹੁਣ ਦੋਨਾਂ ਨੇ ਖੁਸ਼ੀ ਨਾਲ ਭਰੇ ਹਿਰਦੇ ਸਹਿਤ ਨਮਸ਼ਕਾਰ ਕੀਤੀ ਤੇ ਲੰਗਰ ਦੀ ਸੇਵਾ ਵਿਚ ਜੁੱਟ ਗਏ। ਰਾਤ ਆਈ, ਭੋਜਨ ਛਕ ਕੇ ਰਾਤ ਨੂੰ ਅਰਾਮ ਕੀਤਾ। ਅੰਮ੍ਰਿਤ ਵੇਲਾ ਹੋਇਆ, ਬਾਵਾ ਜੀ ਨੇ ਸੁਧੇ ਕੇਸੀ ਇਸ਼ਨਾਨ ਕੀਤਾ। ਸੂੱਛ ਬਸਤਰ ਪਾਏ। ਕੁਝ ਫਲ ਤੇ ਕੁਝ ਮਿਠਾਈ ਲਈ ਅਤੇ ਫੁੱਲਾਂ ਦੀ ਮਾਲਾ ਤਿਆਰ ਕਰਕੇ ਵੀ ਆਪਣੇ ਨਾਲ ਲਈ।

ਹੁਣ ਬੜੇ ਚਾਅ ਵਿਚ ਭਰੇ ਹੋਇਆਂ ਨੇ ਆ ਸੰਤਾਂ ਨੂੰ ਮੱਥਾ ਟੇਕਿਆ। ਫੁੱਲਾਂ ਦੀ ਮਾਲਾ ਸੰਤਾਂ ਦੇ ਗਲ ਵਿਚ ਪਾਈ ਅਤੇ ਫਲ ਮਠਿਆਈ ਆਦਿਕ ਭੇਟਾ ਅੱਗੇ ਰੱਖੀ। ਹੁਣ ਸੰਤ ਮਹਾਰਾਜ ਜੀ ਆਪਣੇ ਆਸਣ ਤੋਂ ਉਠੇ ਅਤੇ ਦਰਿਆ ਵਲ ਨੂੰ ਚਲ ਪਏ। ਬਾਕੀ ਸੰਗਤ ਨੂੰ ਸੰਤਾਂ ਦੇ ਹੁਕਮ ਕਰਕੇ ਉਥੇ ਹੀ ਅਟਕਾ ਦਿੱਤਾ। ਬਾਬੂ ਜੀ ਤੇ ਬਾਵਾ ਜੀ ਨੂੰ ਨਾਲ ਲੈ ਕੇ ਗੁਰਦਵਾਰੇ ਤੋਂ ਦੱਖਣ ਦੀ ਦਿਸ਼ਾ ਦਰਿਆ ਦੇ ਕਿਨਾਰੇ, ਜੋ ਬੜਾ ਉੱਚਾ ਟਿੱਲਾ ਹੈ, ਉਸ ਪਰ ਲੈ ਚੜ੍ਹੇ। ਟਿੱਲੇ ਦੀ ਚੋਟੀ ਪਰ ਜਾ ਕੇ ਬੈਠ ਗਏ ਤੇ ਬਾਵਾ ਜੀ ਨੂੰ ਆਪਣੇ ਸਨਮੁਖ ਬਿਠਾ ਲਿਆ ਅਤੇ ਬਾਬੂ ਜੀ ਨੂੰ ਇਥੋਂ ਦਸ ਪੰਦਰਾਂ ਕਦਮ ਨੀਚੇ ਜਾਣ ਦਾ ਹੁਕਮ ਕੀਤਾ। ਬਾਬੂ ਜੀ ਜਿਥੇ ਹੁਕਮ ਕੀਤਾ ਸੀ ਉਥੇ ਜਾ ਕੇ ਬੈਠ ਗਏ। ਹੁਣ ਸੰਤਾਂ ਨੇ ਗੁਰੂ ਘਰ ਦਾ ਜੋ ਅੰਮ੍ਰਿਤਮਈ ਉਪਦੇਸ਼ ਸੀ ਜੋ ਗੁਰੂ ਅਮਰਦਾਸ ਜੀ ਨੇ ਵਾਹੁ ਵਾਹੁ ਕਹਿ ਕੇ ਕਲਜੁਗੀ ਜੀਵਾਂ ਨੂੰ ਬਖਸ਼ ਕੇ ਸੰਸਾਰ ਸਮੁੰਦਰ ਤੋਂ ਪਾਰ ਕੀਤਾ ਹੈ, ਸੋ ਉਪਦੇਸ਼ ਸੰਤਾਂ ਨੇ ਬਾਵਾ ਗੁਰਦਿਆਲ ਸਿੰਘ ਜੀ ਨੂੰ ਬਖਸ਼ ਕੇ ਨਿਹਾਲ ਕਰ ਦਿੱਤਾ।

ਫਿਰ ਸਿੱਖਿਆ ਦਿੱਤੀ ਸਭ ਦਾ ਭਲਾ ਕਰਨਾ, ਗਰੀਬ-ਮਾਰ ਨਹੀਂ ਕਰਨੀ, ਕਿਸੇ ਦਾ ਬੁਰਾ ਨਹੀਂ ਚਿਤਵਨਾ, ਨਾ ਹੀ ਬੁਰਾ ਕਰਨਾ। ਗੁਰੂ ਘਰ ਨੂੰ ਦਸਵੰਧ ਦੇ ਕੇ ਆਪਣੀ ਕਿਰਤ-ਕਮਾਈ ਸਫਲੀ ਕਰਨੀ, ਪੰਜ ਕਕਾਰਾਂ ਦੀ ਰਹਿਤ ਰੱਖੋ ਤੇ ਪੰਜ ਬੱਜਰ ਕੁਰਹਿਤਾਂ ਤੋਂ ਹਰ ਸਮੇਂ ਬਚੋ। ਹਮੇਸ਼ਾਂ ਸਤਿਗੁਰੂ ਅੱਗੇ ਬੇਨਤੀ ਕਰੋ, ਨਿੰਮਰਤਾ ਸਹਿਤ ਰਹੋ। ਸਾਧ ਸੰਗਤ ਤੇ ਗੁਰੂ ਕੇ ਸਿੱਖਾਂ ਦੀ ਸੇਵਾ ਕਰੋ ਤੇ ਨਾਮ ਜਪ ਕੇ ਜਨਮ ਸਫਲਾ ਕਰ ਲਵੋ। ਉਸ ਦਿਨ ਤੋਂ ਹੀ ਇਸ ਉਪਦੇਸ਼ ਨੂੰ ਮਨ ਵਿਚ ਬਾਵਾ ਜੀ ਨੇ ਵਸਾ ਲਿਆ। ਸਾਰਾ ਦਿਨ ਬਿਰਤੀ ਨਾਮ ਵਿਚ ਹੀ ਲੱਗੀ ਰਹਿੰਦੀ ਅਤੇ ਸੇਵਾ ਦਾ ਚਾਅ ਚੜ੍ਹਿਆ ਰਹਿੰਦਾ। ਹਰੀ ਕੇ ਪੱਤਨ ਜੋ ਮਸਤ ਭਗਤ ਸਿੰਘ ਜੀ ਦੇ ਹੁਕਮ ਨਾਲ ਨਿਸ਼ਾਨ ਸਾਹਿਬ ਝੁਲਾ ਕੇ ਗੁਰਦਵਾਰੇ ਦੀ ਸੇਵਾ ਸੰਤ ਬਾਬਾ ਮਹਿੰਦਰ ਸਿੰਘ ਜੀ ਨੇ ਕਰਵਾਈ ਹੈ, ਜਿਸ ਦੀ ਮਾਇਕੀ ਸੇਵਾ ਵਿਚ ਸੰਤ ਬਾਬਾ ਮਹਿੰਦਰ ਸਿੰਘ ਜੀ ਦੀ ਪ੍ਰੇਰਨਾ ਨਾਲ ਬੱਸ ਬਾਡੀ ਮੇਕਰ ਸ੍: ਜੀਵਨ ਸਿੰਘ ਜੀ ਤੇ ਇਨ੍ਹਾਂ ਦੇ ਸਪੁੱਤਰ ਸ੍: ਪਿਆਰਾ ਸਿੰਘ ਜੀ ਦਾ ਬਹੁਤ ਹੱਥ ਹੈ।

ਹੁਣ ਬਾਵਾ ਜੀ ਉਸ ਗੁਰਦਵਾਰੇ ਨੂੰ ਤਰੱਕੀ ਦੇ ਰਹੇ ਹਨ। ਹਰ ਪੂਰਨਮਾਸ਼ੀ ਨੂੰ ਉਥੇ ਜਾ ਕੇ ਲੰਗਰ ਕਰਦੇ ਹਨ ਅਤੇ ਸਮੇਂ-ਸਮੇਂ ਸਿਰ ਅਖੰਡ ਪਾਠ ਜਾਂ ਸਹਿਜ ਪਾਠ ਕਰਾਉਂਦੇ ਰਹਿੰਦੇ ਹਨ। ਸੰਤ ਮਹਾਰਾਜ ਜੀ ਦੇ ਹੁਕਮ ਅਨੁਸਾਰ ਇਸ ਹੁਕਮ ਦੀ ਬਹੁਤ ਪਾਲਣਾ ਕਰ ਰਹੇ ਹਨ। ਸਤਿਗੁਰੂ ਅਮਰਦਾਸ ਜੀ ਦੇ ਅਵਤਾਰ ਧਾਰਨ ਦੇ ਦਿਨ ਪਰ ਪਹਿਲਾਂ ਸੰਤ ਹੀ ਆਪਣੇ ਵਲੋਂ ਅਖੰਡ ਪਾਠ ਕਰਾਉਂਦੇ ਹੁੰਦੇ ਸਨ। ਜਿਸ ਦਿਨ ਤੋਂ ਬਾਵਾ ਜੀ ਨੇ ਸੰਤਾਂ ਤੋਂ ਉਪਦੇਸ਼ ਲਿਆ ਹੈ ਉਸ ਦਿਨ ਤੋਂ ਸੰਤਾਂ ਦੀ ਆਗਿਆ ਅਨੁਸਾਰ ਇਸ ਪੁਰਬ ਦਾ ਅਖੰਡ ਪਾਠ ਵੀ ਬਾਵਾ ਜੀ ਕਰਾਉਂਦੇ ਹਨ ਅਤੇ

ਪਹਿਲੇ ਨਿਯਮ ਅਨੁਸਾਰ ਸਹਿਜ ਪਾਠ ਵੀ ਕਰਾਉਂਦੇ ਹਨ। ਇਹ ਸਾਰਾ ਸਮਾਂ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸੇਵਾ ਭਾਵਨਾ ਨਾਲ ਲੰਘਦਾ ਗਿਆ। ਹੁਣ ਸੰਨ 1979 ਦਾ ਪੰਜ ਸੌ ਸਾਲਾਂ ਦਾ ਪੁਰਬ ਜੋ ਆਇਆ ਹੈ, ਇਸ ਵਿਚ ਅਣਜਾਣ ਲੋਕਾਂ ਦੀਆਂ ਕਿਆਸਰਾਈਆਂ ਸਨ ਕਿ ਦੇਖੀਏ ਇਸ ਪੰਜ ਸੌ ਸਾਲਾਂ ਦੇ ਪੁਰਬ ਦੇ ਲੰਗਰ ਦਾ ਖਰਚਾ ਬਾਵਾ ਜੀ ਕਰਨਗੇ, ਜਿਸ ਮੇਲੇ ਵਿਚ ਆਲ ਵਰਲਡ (All World) ਦੇ ਸ਼ਰਧਾਲੂ ਸਿੱਖ ਸੇਵਕ ਦਰਸ਼ਨ ਲਈ ਆਉਣਗੇ। ਭਾਵ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਯਾਤਰੂਆਂ ਦਾ ਇਕੱਠ ਹੋਵੇਗਾ, ਜ਼ਾਂ ਬਾਵਾ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਬੇਨਤੀ ਕਰਨਗੇ ਕਿ ਮੈਂ ਇਤਨੀ ਸੇਵਾ ਨਹੀਂ ਕਰ ਸਕਦਾ। ਆਪ ਕਮੇਟੀ ਇਹ ਸੇਵਾ ਆਪਣੇ ਹੱਥ ਵਿਚ ਲੈ ਕੇ ਲੰਗਰ ਦਾ ਖਰਚ ਕਰੇ। ਪਰ ਇਹ ਗੱਲ ਨਾ ਹੋਈ। ਉਨ੍ਹਾਂ ਲੋਕਾਂ ਦੀ ਇਹ ਜੋ ਢਹਿੰਦੀ ਕਲਾ ਸੋਚਣੀ ਸੀ ਇਸ ਤੋਂ ਬਿਲਕੁਲ ਉਲਟ ਹੋਈ ਕਿ ਬਾਵਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਓਟ ਤੱਕ ਕੇ ਤੇ ਸੰਤ ਮਹਾਰਾਜ ਜੀ ਦੀ ਅਤੀ ਕ੍ਰਿਪਾ ਕਰਕੇ ਸਾਰੇ ਜੋੜ ਮੇਲੇ ਦੇ ਲੰਗਰ ਦਾ ਖਰਚ ਬਾਵਾ ਜੀ ਨੇ ਆਪਣੇ ਗ੍ਰਿਹ ਤੋਂ ਕੀਤਾ। ਸਾਰਾ ਲੰਗਰ ਦਾ ਆਟਾ, ਸੈਂਕੜੇ ਬੋਰੀਆਂ ਅਤੇ ਸੈਂਕੜੇ ਮਣ ਦਾਲ ਸਬਜ਼ੀ, ਲੂਣ, ਮਿਰਚ, ਮਸਾਲਾ, ਦੇਸੀ ਘੀ ਦੇ ਟੀਨ ਅਤੇ ਸੱਠ ਸੱਤਰ ਖੰਡ ਦੀਆਂ ਬੋਰੀਆਂ ਅਤੇ ਕਈ ਮਣ ਦੁੱਧ ਸਾਰਾ ਖਰਚ ਸਤਿਗੁਰੂ ਜੀ ਦੀ ਕਿਰਪਾ ਨਾਲ ਬਾਵਾ ਜੀ ਨੇ ਕੀਤਾ। ਸਾਰੀ ਕਮੇਟੀ ਤੇ ਸਾਰੀ ਦੁਨੀਆਂ ਅਸ਼-ਅਸ਼ ਕਰ ਉੱਠੀ।

ਐਸੀ ਮਹਾਂਪੁਰਸ਼ਾਂ ਨੇ ਰਸਦ ਦੇ ਵਿਚ ਰਿਧੀ-ਸਿਧੀ ਵਰਤਾਈ ਕਿ ਬਹੁਤ ਸਾਰੀ ਰਸਦ ਪਾਣੀ, ਆਟਾ ਪਕਾਉਣ ਵਾਲਾ, ਹੋਰ ਦਾਲਾਂ ਵਗੈਰਾ ਸਮੱਗਰੀ ਬਚ ਗਈ। ਇਕ ਬਾਵਾ ਜੀ ਦੇ ਵਿਚ ਅਸੀਂ ਸਾਰਿਆਂ ਨੇ ਵਿਚਾਰ ਕਰਕੇ ਦੇਖਿਆ ਹੈ ਕਿ ਆਪਣੇ ਗੁਰੂ ਦੀ ਕ੍ਰਿਪਾ ਨਾਲ ਵਾਧਾ ਰਿਹਾ ਹੈ, ਜੋ ਕਿ ਬਾਵਾ ਜੀ ਬਿਲਕੁਲ ਨਿਰਹੰਕਾਰ ਰਹੇ ਹਨ। ਨਿਸ਼ਚਾ ਇਉਂ ਹੀ ਰਿਹਾ ਕਿ ਜੋ ਕੁਝ ਹੋ ਰਿਹਾ ਹੈ, ਸੋ ਮਹਾਂਪੁਰਸ਼ਾਂ ਦੀ ਕ੍ਰਿਪਾ ਅਤੇ ਸਤਿਗੁਰੂ ਅਮਰਦਾਸ ਜੀ ਦੀ ਮਿਹਰ ਨਾਲ ਹੀ ਹੋ ਰਿਹਾ ਹੈ। ਸੋ ਐਸਾ ਨਿਰਬਾਣ ਨਿਰਹੰਕਾਰ ਨਿਰਲੇਪ ਜੀਵਨ ਬਾਵਾ ਗੁਰਦਿਆਲ ਸਿੰਘ ਜੀ ਐਡਵੋਕੇਟ, ਸੰਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਬਤੀਤ ਕਰ ਰਹੇ ਹਨ। ਇਤੀ।

ਡੇਰਾ ਸੰਤਗੜ੍ਹ ਵਿਚ ਪੱਕਾ ਗੁਰਦੁਆਰਾ ਬਣਨਾ

ਸ੍ਰੀ 108 ਬਾਬਾ ਈਸ਼ਰ ਸਿੰਘ ਜੀ ਤਕਰੀਬਨ 1923 ਈਸਵੀ ਵਿਚ ਪੱਕੇ ਤਰੀਕੇ ਨਾਲ ਡੇਰੇ ਵਿਚ ਰਹਿਣ ਲੱਗ ਪਏ। ਉਸੀ ਦਿਨ ਤੋਂ ਹੀ ਬਾਬਾ ਜੀ ਡੇਰਾ ਸੰਤਗੜ੍ਹ ਵਿਖੇ ਪੱਕਾ ਗੁਰਦੁਆਰਾ ਬਨਾਉਣਾ ਚਾਹੁੰਦੇ ਸਨ। ਸੰਨ 1925 ਈ: ਵਿਚ ਤਾਂ ਬਾਬਾ ਜੀ ਨੇ ਗੁਰਦੁਆਰਾ ਬਨਾਉਣ ਦਾ ਉੱਦਮ ਸ਼ੁਰੂ ਕਰ ਲਿਆ। ਪੱਕੀਆਂ ਇੱਟਾਂ ਮੰਗਾਉਣੀਆਂ ਸ਼ੁਰੂ ਕਰ ਦਿੱਤੀਆਂ। ਬਾਬਾ ਜੀ ਇੱਟਾਂ ਮੰਗਾ ਲੈਣ, ਸੰਤ ਮਹਾਰਾਜ ਆਪਣੀ ਬਰਕਤ ਵਿਰਤੀ ਅਨੁਸਾਰ ਇੱਟਾਂ ਚੁਕਾ ਕੇ ਕਿਸੇ ਹੋਰ ਪਾਸੇ ਸੁਟਾ ਦੇਣ। ਐਸਾ ਕੌਤਕ ਦੋ ਤਿੰਨ ਵਾਰੀ ਵਰਤਿਆ। ਕਿਉਂਕਿ ਸੰਤ ਮਹਾਰਾਜ ਜੀ ਦੀ ਮਹਾਨ ਤਿਆਗ ਵਿਰਤੀ ਸੀ। ਸੰਤ ਨਹੀਂ ਸੀ ਚਾਹੁੰਦੇ ਕਿ ਇਥੇ ਬਹੁਤ ਮਾਇਆ ਦਾ ਪਸਾਰਾ ਹੋ ਜਾਵੇ। ਸੰਤ ਤਾਂ ਕਾਨਿਆਂ ਫੂਸਾਂ ਦੀਆਂ ਕੁਲੀਆਂ ਵਿਚ ਹੀ ਜ਼ਿੰਦਗੀ ਬਸਰ ਕਰਨੀ ਚਾਹੁੰਦੇ ਸਨ। ਪਰ ਬਾਬਾ ਜੀ ਦੀ ਇੱਛਾ ਸੀ ਕਿ ਇਥੇ ਮਹਾਨ ਗੁਰਦੁਆਰਾ ਬਣੇ। ਇਸ ਇੱਛਾ ਵਿਚ ਹੀ ਬਾਬਾ ਜੀ ਨੇ ਸੰਤਾਂ ਨੂੰ ਆਖਿਆ ਕਿ ਰੱਬ ਜੀ ਗੁਰਦੁਆਰਾ ਬਨਾਉਣ ਹਿਤ ਕਿਸੇ ਤਰ੍ਹਾਂ ਤੁਸੀਂ ਮੰਨੋਗੇ ਵੀ? ਇਹ ਸ਼ਾਮ ਦੇ ਸਮੇਂ ਦੇ ਬਚਨ ਹਨ। ਬਾਬਾ ਜੀ ਦਾ ਇਹ ਬਚਨ ਸੁਣ ਕੇ ਸੰਤਾਂ ਨੇ ਆਪਣੇ ਮਨ ਵਿਚ ਧਾਰ ਲਿਆ ਕਿ ਬਾਬਾ ਜੀ ਜੇ ਮੇਰੇ ਗੁਰਦੇਵ ਹੋ ਕੇ ਦਰਸ਼ਨ ਦੇਣ ਤਾਂ ਅਸੀਂ ਜੋ ਬਾਬਾ ਜੀ ਹੁਕਮ ਕਰਨਗੇ ਸੋ ਮੰਨ ਲਵਾਂਗੇ। ਇਹ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ। ਅੰਮ੍ਰਿਤ ਵੇਲਾ ਹੋਇਆ, ਡੇਰੇ ਦੇ ਅਸੂਲ ਮੁਤਾਬਿਕ ਤਿੰਨ ਵਜੇ ਘੰਟੀ ਵੱਜੀ ਤੇ ਸਾਰੇ ਡੇਰੇ ਨਿਵਾਸੀਆਂ ਨੇ ਉਠ ਕੇ ਸੁਚੇਤ ਪਾਣੀ ਕੀਤੇ ਤੇ ਫਿਰ ਇਸ਼ਨਾਨ ਸੋਧੇ। ਸੰਤਾਂ ਨੇ ਵੀ ਇਸ਼ਨਾਨ ਕਰਕੇ ਸਰੂਪ ਸਤਿਚਿੱਤ ਅਨੰਦ ਵਿਚ ਸਮਾਧੀ ਇਸਥਿਤ ਹੋਏ। ਸੂਰਜ ਦੀਆਂ ਕਿਰਨਾਂ ਨਿਕਲੀਆਂ, ਸੰਤ ਮਹਾਰਾਜ ਜੀ ਸਮਾਧੀ ਤੋਂ ਉਥਾਨ ਹੋਏ।

ਫਿਰ ਸੰਤ ਜੀ ਲੰਗਰ ਵਲ ਆਏ ਅਤੇ ਬਾਬਾ ਜੀ ਨੂੰ ਨਿਤ ਦੀ ਤਰ੍ਹਾਂ ਨਮਸ਼ਕਾਰ ਕਰਨ ਹਿਤ ਆਏ। ਸੰਤਾਂ ਦੇ ਆਉਂਦਿਆਂ ਨੂੰ ਬਾਬਾ ਜੀ ਨੇ ਧਿਆਨ ਅੰਤਰ ਹੋ ਕਰਕੇ ਮਹਾਰਾਜ ਬਾਬਾ ਆਇਆ ਸਿੰਘ ਜੀ ਦਾ ਸਰੂਪ ਬਣ ਕਰਕੇ ਬੈਠ ਗਏ, ਬਾਬਾ ਜੀ ਦਾ ਆਪਣਾ ਕੱਦ ਛੇ ਫੁੱਟ ਉੱਚਾ ਸੀ, ਕਣਕ-ਵੰਨਾ ਰੰਗ ਸੀ। ਦਾੜ੍ਹਾ ਬਹੁਤ ਭਾਰਾ ਸੀ ਅਤੇ ਕੇਸ ਵੀ ਬਹੁਤ ਲੰਬੇ ਸਨ। ਪਰ ਮਹਾਰਾਜ ਆਇਆ ਸਿੰਘ ਜੀ ਦਾ ਕੱਦ ਮਧਰਾ ਤੇ ਰੰਗ ਲਾਲ ਕਸ਼ਮੀਰੀ ਸੇਬ ਵਰਗਾ। ਦਾੜ੍ਹਾ ਛੋਟਾ-ਛੋਟਾ ਸੀ ਤੇ ਕੇਸ ਘੁੰਗਰਾਲੇ ਛੋਟੇ ਸਨ। ਸੰਤ ਆਉਂਦਿਆਂ ਨੂੰ ਆਖਣ ਲੱਗੇ, ਲੈ ਰੱਬ ਜੀ ਜਿਸ ਦੇ ਦਰਸ਼ਨ ਦੀ ਇੱਛਾ ਕਰਦੇ ਹੋ ਸੋ ਦਰਸ਼ਨ ਕਰ ਲਵੋ। ਸੰਤਾਂ ਨੇ ਆਪਣੇ ਗੁਰਦੇਵ ਦੇ ਦਰਸ਼ਨ ਕਰਕੇ ਬੜੀ ਸ਼ਰਧਾ ਨਾਲ ਹੱਥ ਜੋੜ ਕੇ ਡੰਡਉਤ ਨਮਸ਼ਕਾਰ ਕੀਤੀ ਅਤੇ ਨੇਤਰ ਸੱਜਲ ਹੋ ਗਏ, ਨਾਲ ਹੀ ਗੱਦ-ਗੱਦ ਹੋ ਕੇ ਬੜੀ ਸ਼ਰਧਾ ਨਾਲ ਹੱਥ ਜੋੜ ਕੇ ਖੜੇ ਰਹੇ।

ਫਿਰ ਬਾਬਾ ਜੀ ਨੇ ਆਪਣਾ ਅਸਲੀ ਰੂਪ ਧਾਰਨ ਕੀਤਾ ਅਤੇ ਹੱਸ ਕੇ ਕਿਹਾ ਕਿ ਰੱਬ ਜੀ ਹੁਣ ਤਾਂ ਗੁਰਦੁਆਰਾ ਬਨਾਉਣ ਦੀ ਆਗਿਆ ਦੇਣਾ ਕਰੋ। ਹੁਣ ਤਾਂ ਆਪ ਜੀ ਦਾ ਸੰਕਲਪ ਪੂਰਾ ਹੋ ਗਿਆ ਹੈ। ਆਪਣੇ ਗੁਰਦੇਵ ਜੀ ਦਾ ਦਰਸ਼ਨ ਕਰਕੇ ਨਿਸ਼ਚਾ ਹੋ ਗਿਆ ਹੋਵੇਗਾ ਕਿ ਗੁਰਦੁਆਰਾ ਹੋਣਾ ਚਾਹੀਦਾ ਹੈ। ਬਾਬਾ ਜੀਉ ਗੁਰਦੁਆਰਾ ਬਨਾਉਣ ਵਾਸਤੇ ਅਸੀਂ ਹਾਜ਼ਰ ਹਾਂ। ਪਰ ਸ਼ਰਤ ਇਹ ਹੈ ਕਿ ਕਿਸੇ ਪਾਸੋਂ ਮੰਗ ਕੇ, ਉਗਰਾਹੀ ਕਰਕੇ ਨਹੀਂ, ਅਚਿੰਤ ਹੀ ਜੋ ਆ ਜਾਵੇ ਕਿ ਇਹ ਧਨ ਲਾ ਕੇ ਗੁਰਦੁਆਰਾ ਬਣਾਉ, ਸੋ ਧਨ ਗੁਰਦਵਾਰੇ ਦੀ ਇਮਾਰਤ ਤੇ ਲਾਵਾਂਗੇ। ਜੋ ਲੰਗਰ ਵਾਸਤੇ ਮਾਇਆ ਹੈ, ਸੋ ਲੰਗਰ ਵਿਚ ਹੀ ਲੱਗੇਗੀ। ਜੋ ਕੜਾਹ ਪ੍ਰਸ਼ਾਦਿ ਦੀ ਮਾਇਆ ਹੈ ਸੋ ਕੜਾਹ ਪ੍ਰਸ਼ਾਦਿ ਪਰ ਖਰਚ ਹੋਵੇਗੀ। ਐ ਬਾਬਾ ਜੀ ਜੋ ਕੋਈ 5000 ਰੁਪਏ ਪਹਿਲਾਂ ਹਾਜ਼ਰ ਕਰੇ ਕਿ ਇਸ ਮਾਇਆ ਦੁਆਰਾ ਗੁਰਦੁਆਰਾ ਸ਼ੁਰੂ ਕਰੋ, ਸੋ ਫਿਰ ਪ੍ਰਾਰੰਭ ਕਰਾਂਗੇ। ਇਹ ਸਾਰੀ ਗੱਲ ਬਾਬਾ ਜੀ ਨਾਲ ਪੱਕੀ ਤਰ੍ਹਾਂ ਤਹਿ ਹੋ ਗਈ।

ਪੰਜ ਹਜ਼ਾਰ ਰੁਪਏ ਹਾਜ਼ਰ ਹੋਣੇ ਤੇ ਗੁਰਦਵਾਰੇ ਦੀ ਬੁਨਿਆਦੀ ਇੱਟ ਰੱਖਣੀ

ਮਾਤਾ ਮਾਲਣਾ ਸ੍: ਬੂਟਾ ਸਿੰਘ ਜੀ ਦੀ ਮਾਤਾ ਬਹੁਤ ਪ੍ਰੇਮ ਤੇ ਸਿਦਕ ਨਾਲ ਸੰਤ ਮਹਾਰਾਜ ਜੀ ਦੀ ਪ੍ਰਸ਼ਾਦਿ ਛਕਾਉਣ ਦੀ ਸੇਵਾ ਕਰਦੀ ਸੀ। ਸਾਵਣ ਦਾ ਮਹੀਨਾ ਆਇਆ, ਬੱਦਲਾਂ ਦੀਆਂ ਘਟਾਂ ਚੜ੍ਹ-ਚੜ੍ਹ ਕੇ ਆਉਂਦੀਆਂ ਹਨ, ਜਿਵੇਂ ਇਕ ਉਤੇ ਦੂਸਰੇ ਜ਼ਬਰਦਸਤ ਸ਼ਤਰੂ ਦੀਆਂ ਫੌਜਾਂ ਚੜ੍ਹਾਈ ਕਰਦੀਆਂ ਦਿਖਾਈ ਦਿੰਦੀਆਂ ਹਨ। ਬੱਦਲ ਇਉਂ ਗਰਜਦੇ ਹਨ ਜਿਵੇਂ ਫੌਜਾਂ ਦੇ ਅੱਗੇ ਬੜੇ ਛੋਟੇ ਨਗਾਰੇ ਵੱਜਦੇ ਹਨ। ਬਿਜਲੀ ਇਉਂ ਚਮਕਦੀ ਹੈ ਜਿਵੇਂ ਕਿ ਫੌਜਾਂ ਵਿਚ ਨੰਗੀਆਂ ਤਲਵਾਰਾਂ ਨਾਗਨੀਆਂ ਵਾਂਗ ਚਮਕਦੀਆਂ ਹਨ, ਅੱਜ :

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।।
ਯਥਾ— ਬਿਜਲੀਆਂ ਚਮਕੰਨਿ ਘੁਰੁਨ ਘਟਾਂ ਅਤਿ ਕਾਲੀਆ।।
ਬਰਸਨ ਮੇਘ ਅਪਾਰ ਨਾਨਕ ਪ੍ਰਿਅ ਸੰਗ ਸੋਹੰਦੀਆ।।

ਭਾਵੇਂ ਵੀ ਮਹਾਨ ਘਟਾ ਚੜ੍ਹ ਕੇ ਆਈ, ਅੰਮ੍ਰਿਤ ਵੇਲੇ ਤੋਂ ਹੀ ਮੋਹਲੇਧਾਰ ਵਰਖਾ ਹੋ ਰਹੀ ਹੈ। ਮਾਈ ਮਾਲਾਂ ਜੀ ਨੇ ਆਪਣੀ ਸੇਵਾ ਪ੍ਰਾਰੰਭ ਕਰ ਦਿੱਤੀ ਹੈ। ਅੰਮ੍ਰਿਤ ਵੇਲੇ ਤਿੰਨ ਵਜੇ ਤੜਕੇ ਉਠੀ, ਸੋਚਾਚਾਰ ਕੀਤਾ, ਫਿਰ ਇਸ਼ਨਾਨ ਕੀਤਾ, ਇਸ਼ਨਾਨ ਕਰਦੇਸਾਰ ਫਿਰਨੀ ਦੀ ਅਸਵਾਰੀ ਸ਼ੁਰੂ ਕਰ ਲਈ। ਭਾਵ ਚੱਕੀ ਨਾਲ ਆਟਾ ਪੀਹਣਾ ਸ਼ੁਰੂ ਕਰ ਲਿਆ। ਜਿਸ ਆਟੇ ਦਾ ਪ੍ਰਸ਼ਾਦਾ ਬਣਾ ਕੇ ਸੰਤ ਮਹਾਰਾਜ ਜੀ ਵਾਸਤੇ ਲਿਜਾਣਾ ਸੀ। ਚੱਕੀ ਵੀ ਪੀਸੀ ਜਾਂਦੀ ਹੈ, ਨਾਲੇ ਜਪੁਜੀ ਸਾਹਿਬ ਦਾ ਪਾਠ ਵੀ ਕਰੀ ਜਾਂਦੀ ਹੈ। ਜਦੋਂ ਹਰ ਰੋਜ਼ ਜਿੰਨਾ ਆਟਾ ਹੋ ਗਿਆ ਤਾਂ ਚੱਕੀ ਨੂੰ ਬੰਦ ਕਰਕੇ ਦਾਲ ਭਾਜਾ ਬਨਾਉਣਾ ਸ਼ੁਰੂ ਕੀਤਾ। ਹੱਥਾਂ ਨਾਲ ਕੰਮ ਕਰੀ ਜਾਂਦੀ ਹੈ, ਮੁਖ ਨਾਲ ਬਾਣੀ ਪੜ੍ਹੀ ਜਾਂਦੀ ਹੈ। ਹੁਣ ਸਾਰਾ ਪ੍ਰਸ਼ਾਦਾ ਤਿਆਰ ਹੋ ਗਿਆ। ਸਾਰਾ ਭੋਜਨ ਇਕ ਟੋਕਰੇ ਵਿਚ ਰੱਖ ਕੇ ਸੰਤਾਂ ਵਲ ਨੂੰ ਚੱਲ ਪਈ। ਭਾਵੇਂ ਵੀ ਬਰਸਾਤ ਦੇ ਕਾਰਨ ਬਰਸਾਤੀ ਨਾਲਾ ਜੋ ਕਿ ਭਟਰਾਣੇ ਪਿੰਡ ਤੇ ਸੰਤਾਂ ਦੀ ਜਗ੍ਹਾ ਦੇ ਵਿਚਾਲੇ ਚਲ ਰਿਹਾ ਹੈ, ਉਸ ਵਿਚ ਪਾਣੀ

ਕਾਫੀ ਆ ਚੁੱਕਾ ਹੈ। ਮਾਈ ਜੀ ਭੋਜਨ ਚੁੱਕ ਕੇ ਚੋ ਦੇ ਕੰਢੇ ਪਰ ਆ ਗਈ। ਮਾਈ ਜੀ ਨੂੰ ਬਹੁਤ ਲੋਕਾਂ ਵਰਜਿਆ ਕਿ ਮਾਈ ਜੀ ਚੋ ਵਿਚ ਪਾਣੀ ਬਹੁਤ ਹੈ, ਤੂੰ ਅੱਗੇ ਜਾਣ ਦੀ ਕੋਸ਼ਿਸ਼ ਨਾ ਕਰ। ਪਰ ਪਿਆਰ ਵਾਲੇ ਲੋਕਾਂ ਨੂੰ ਆਪਣੇ ਪਿਆਰੇ ਦੇ ਮਿਲਣ ਤੋਂ ਇਹ ਚੀਜ਼ਾਂ ਰੋਕ ਨਹੀਂ ਸਕਦੀਆਂ, ਯਥਾ ਕਿ :-

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।। ੧੩।।
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ।। ੧੪।। *(ਸੂਹੀ ਮਹਲਾ ੪ ਅਸਟਪਦੀ ੧, ਪੰਨਾ ੭੫੭)*

ਇਸੇ ਤਰ੍ਹਾਂ ਹੀ ਮਾਈ ਜੀ ਨੂੰ ਵੀ ਕੋਈ ਰੁਕਾਵਟ ਰੋਕ ਨਾ ਸਕੀ। ਲੋਕਾਂ ਦੇ ਕਹਿੰਦੇ ਕਹਾਉਂਦੇ ਗੁਰੂ ਜੀ ਦਾ ਧਿਆਨ ਧਰ ਕੇ ਮਾਤਾ ਜੀ ਚੋ ਵਿਚ ਠਿਲ੍ਹ ਪਏ। ਸੰਤਾਂ ਨੇ ਵੀ ਮਾਤਾ ਜੀ ਨੂੰ ਚੋ ਵਿਚੀਂ ਆਉਂਦਿਆਂ ਨੂੰ ਤੱਕ ਲਿਆ। ਸੰਤ ਤਾਂ ਅੰਤਰ-ਧਿਆਨ ਹੋ ਬੈਠੇ। ਹੋਰ ਲੋਕ ਮਾਈ ਜੀ ਵੱਲ ਤਕ ਰਹੇ ਹਨ। ਗੁਰੂ ਆਸਰੇ ਮਾਤਾ ਜੀ ਬਾਣੀ ਪੜ੍ਹਦੇ ਆਸਤੇ-ਆਸਤੇ ਚੋ ਦੀਆਂ ਛੱਲਾਂ ਵਿਚੀਂ ਲੰਘਦੇ ਉਰਲੇ ਪਾਰ ਆ ਲੱਗੇ। ਜਿਧਰ ਬੜੇ ਮੋਟੇ ਭਾਰੇ ਅੰਬ ਥੱਲੇ ਸੰਗਤ ਸਮੇਤ ਸੰਤ ਮਹਾਰਾਜ ਜੀ ਬੈਠੇ ਸਨ। ਆ ਕੇ ਭੋਜਨ ਇਕ ਪਵਿੱਤਰ ਜਗ੍ਹਾ ਰੱਖਿਆ, ਫਿਰ ਪ੍ਰੇਮ-ਭਰੇ ਹਿਰਦੇ ਨਾਲ ਸੰਤਾਂ ਨੂੰ ਨਮਸ਼ਕਾਰ ਕੀਤੀ। ਫਿਰ ਸੰਤਾਂ ਨੇ ਭੋਜਨ ਦੀ ਅਰਦਾਸ ਕੀਤੀ ਅਤੇ ਆਪਣੇ ਅਸੂਲ ਮੁਤਾਬਕ ਸਾਰਿਆਂ ਨੂੰ ਭੋਜਨ ਵਰਤਾਇਆ। ਭੋਜਨ ਸੰਤਾਂ ਨੇ ਵੀ ਛਕਿਆ ਅਤੇ ਬੈਠੀ ਸੰਗਤ ਨੇ ਵੀ ਛਕਿਆ। ਫਿਰ ਸੰਤਾਂ ਨੇ ਭੋਜਨ ਛਕਣ ਦੀ ਅਰਦਾਸ ਕੀਤੀ ਅਤੇ ਮਾਤਾ ਜੀ ਨੂੰ ਆਪਣੇ ਪਾਸ ਸੱਦ ਕੇ ਕਿਹਾ ਕਿ ਮਾਈ ਜੀ ਤੇਰੀ ਸੇਵਾ ਮੇਰੇ ਗੁਰੂ ਜੀ ਦੇ ਘਰ ਮਨਜ਼ੂਰ ਹੋ ਗਈ ਹੈ। ਹੁਣ ਤੇਰੀ ਜੋ ਇੱਛਾ ਹੈ ਸੋ ਮੰਗ ਲੈ। ਮਾਤਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ ਆਪ ਅੰਤਰਯਾਮੀ ਹੋ, ਆਪ ਜੀ ਪਾਸ ਮੈਂ ਕੀ ਕਹਾਂ। ਸੰਤਾਂ ਨੇ ਕਿਹਾ, ਕੁਝ ਵੀ ਕਹੋ, ਸੋ ਸਤਿਗੁਰੂ ਤੇਰੀ ਭਾਵਨਾ ਪੂਰੀ ਕਰੇਗਾ। ਮਾਤਾ ਜੀ ਨੇ ਕਿਹਾ, ਗਰੀਬ-ਨਿਵਾਜ਼ ਜੀਉ, ਮੇਰਾ ਪੁੱਤਰ ਇਕੱਲਾ ਹੈ, ਸ਼ਰੀਕਾਂ ਨੇ ਦਬਾਇਆ ਹੋਇਆ ਹੈ ਅਤੇ ਗਰੀਬੀ ਵੀ ਹੈ। ਉਸ ਸਮੇਂ ਸੰਤ ਮਹਾਰਾਜ ਜੀ ਨੇ ਇਕ ਰੁਮਾਲ, ਜਿਸ ਰੁਮਾਲ ਦੇ ਲੜ ਸਵਾ ਰੁਪਿਆ ਸੀ, ਜੋ ਮਾਤਾ ਜੀ ਦੀ ਝੋਲੀ ਪਾਇਆ ਅਤੇ ਸੰਤਾਂ ਨੇ ਹੁਕਮ ਕੀਤਾ ਕਿ ਗੁਰੂ ਵਲੋਂ ਇਹ ਦਾਤ ਤੁਹਾਨੂੰ ਬਖਸ਼ਿਸ਼ ਹੋਈ ਹੈ। ਆਪਣੇ ਖਜ਼ਾਨੇ ਵਿਚ ਸਾਂਭ ਕੇ ਰੱਖਿਓ। ਗੁਰੂ ਬਖਸ਼ਿਸ਼ ਕਰੇਗਾ ਅਤੇ ਛੇਤੀ ਤੋਂ ਛੇਤੀ ਆਪਣੇ ਪੁੱਤਰ ਬੂਟਾ ਸਿੰਘ ਨੂੰ ਬਰਮਾ ਵਿਚ ਆਪਣੇ ਭਰਾਵਾਂ ਪਾਸ ਘੱਲ ਦੇ। ਉਧਰ ਜਾ ਕੇ ਠੇਕਾ ਲੈ ਲਵੇ, ਗੁਰੂ ਭਲਾ ਕਰੇਗਾ ਅਤੇ ਪਰਵਾਰ ਵਿਚ ਕਾਫੀ ਵਾਧਾ ਕਰੇਗਾ ਅਤੇ ਤੁਹਾਡੇ ਸ਼ਰੀਕ ਕਰਨੀ ਦਾ ਫਲ ਪਾ ਲੈਣਗੇ। ਹੋਰ ਜ਼ਿਆਦਾ ਕੁਝ ਕਹਿਣ ਦੀ ਲੋੜ ਨਹੀਂ। ਮਾਤਾ ਜੀ ਸੰਤਾਂ ਤੋਂ ਇਹ ਸ਼ੁਭ ਵਰ ਲੈ ਕੇ ਘਰ ਆ ਗਈ। ਆਪਣੇ ਪੁੱਤਰ ਨੂੰ ਸਾਰੀ ਗੱਲ ਦੱਸੀ। ਪੁੱਤਰ ਨੇ ਵੀ ਸੰਤਾਂ ਦੇ ਬਚਨਾਂ ਨੂੰ ਸਤਿ ਕਰਕੇ ਮੰਨ ਲਿਆ। ਸਵੇਰੇ ਦਿਨ ਚੜ੍ਹਿਆ ਸ੍: ਬੂਟਾ ਸਿੰਘ ਜੀ ਨੰਗੇ ਪੈਰੀਂ ਸੰਤਾਂ ਪਾਸ ਆਇਆ, ਆ ਕੇ ਕੜਾਹ ਪ੍ਰਸ਼ਾਦਿ ਕਰਵਾਇਆ। ਅਰਦਾਸਾ ਬਾਹਰ ਜਾਣ ਦਾ ਸਿਧਾਇਆ। ਮੁਖਵਾਕ ਲੈ ਕੇ ਸੰਤਾਂ ਤੋਂ ਆਗਿਆ ਲਈ ਅਤੇ ਹੁਸ਼ਿਆਰਪੁਰ ਗਿਆ ਅਤੇ ਸ਼ਾਹੂਕਾਰ ਪਾਸੋਂ ਕਰਜ਼ਾ ਮੰਗਿਆ। ਜਿਥੇ ਅੱਗੇ ਕੋਈ ਸ਼ਾਹੂਕਾਰ ਇਸ ਨੂੰ ਕਰਜ਼ਾ ਦੇਣ ਲਈ ਤਿਆਰ ਨਹੀਂ ਸਨ, ਜਵਾਬ ਹੀ ਜਵਾਬ ਮਿਲਦਾ ਸੀ, ਹੁਣ ਸੰਤਾਂ ਦੀ ਕਿਰਪਾ ਨਾਲ ਜਿਸ ਸ਼ਾਹੂਕਾਰ ਤੋਂ ਕਰਜ਼ਾ ਮੰਗਿਆ, ਉਸ ਨੇ ਬੜੇ ਪ੍ਰੇਮ ਨਾਲ ਅੱਧ ਬੋਲ ਪਰ ਕਰਜ਼ਾ ਦੇ ਦਿੱਤਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਸ੍: ਬੂਟਾ ਸਿੰਘ ਜੀ ਜੇ ਹੋਰ ਰੁਪਏ ਦੀ ਲੋੜ ਪਈ ਤਾਂ ਫਿਰ ਵੀ ਮੰਗਾ ਲੈਣਾ। ਸ੍: ਬੂਟਾ ਸਿੰਘ ਜੀ ਨੇ ਪੰਜ ਹਜ਼ਾਰ ਰੁਪਏ ਲੈ ਕੇ ਸੰਤਾਂ ਦੀ ਆਗਿਆ ਨਾਲ ਬਰਮਾ ਵਿਚ ਜਾ ਕੇ ਜੰਗਲ ਦੇ ਠੇਕੇ ਲੈ ਲਏ। ਸੰਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਪਹਿਲੇ ਠੇਕੇ ਵਿਚ ਹੀ ਕਾਫੀ ਮਾਇਆ ਦੀ ਬਚਤ ਹੋ ਗਈ। ਕਰਜ਼ਾ ਸਾਰੇ ਵਿਆਜ ਸਹਿਤ ਸ਼ਾਹੂਕਾਰ ਨੂੰ ਵਾਪਸ ਮੋੜ ਦਿੱਤਾ। ਦੂਸਰੇ ਸਾਲ ਦੀ ਬਚਤ ਵਿਚੋਂ ਆਪ ਦੇਸ਼ ਆ ਕੇ ਪੰਜ ਹਜ਼ਾਰ ਸੰਤ ਮਹਾਰਾਜ ਜੀ ਦੀ ਭੇਟਾ ਕੀਤਾ ਅਤੇ ਦਸਵੰਧ ਦਾ ਧੰਨ ਹੋਰ ਦਿੱਤਾ। ਇਹ ਪੰਜ ਹਜ਼ਾਰ ਕੇਵਲ ਗੁਰਦੁਆਰਾ ਬਣਾਉਣ ਵਾਸਤੇ ਹੀ ਭੇਟ ਕੀਤਾ। ਜਿਸ ਪੰਜ ਹਜ਼ਾਰ ਵਿਚੋਂ ਲੰਗਰ ਤੇ ਮੋਦੀਖਾਨੇ ਦਾ ਕਮਰਾ ਸੰਗਤਾਂ ਦੀਆਂ ਪੰਗਤਾਂ ਲਗਾਉਣ ਵਾਸਤੇ ਵਰਾਂਡਾ ਇਹ ਸਭ ਕੁਝ ਪਹਿਲਾਂ ਬਣਾਇਆ। ਦਾਲ ਵਾਲੇ ਛੋਟੇ ਲੰਗਰ ਦੀ ਨੀਂਹ ਬਾਬਾ

ਈਸ਼ਰ ਸਿੰਘ ਜੀ ਪਾਸੋਂ ਰਖਾਈ ਗਈ। ਆਪ ਸੰਤ ਮਹਾਰਾਜ ਜੀ ਨੇ ਇੱਟ ਰੱਖੀ। ਹੋਰ ਬਾਬਾ ਬਿਸ਼ਨ ਸਿੰਘ ਜੀ ਤੇ ਸੰਤ ਨਗੀਨਾ ਸਿੰਘ ਜੀ ਤੇ ਬਾਬੇ ਮੰਡੇਰਾਂ ਵਾਲਿਆਂ ਨੇ ਨੀਂਹ ਦੀ ਇੱਟ ਰੱਖੀ। ਹੁਣ ਗੁਰਦਵਾਰੇ ਦੀ ਨੀਂਹ ਰੱਖਣ ਵਾਸਤੇ ਤਿਆਰੀਆਂ ਕੀਤੀਆਂ। ਸਾਰੇ ਸਾਧੂ ਇਕੱਤਰ ਕੀਤੇ ਗਏ।

ਅੰਮ੍ਰਿਤ ਵੇਲੇ ਕੜਾਹ ਪ੍ਰਸ਼ਾਦਿ ਸਜਾ ਕੇ ਗੁਰੂ ਦੀ ਹਜ਼ੂਰੀ ਲਿਆਂਦਾ ਗਿਆ ਅਤੇ ਮੁਖ ਵਾਕ ਲੈ ਕੇ ਨੀਂਹ ਦੀ ਪਹਿਲੀ ਇੱਟ ਬਾਬਾ ਈਸ਼ਰ ਸਿੰਘ ਜੀ ਤੋਂ ਰਖਾਈ ਗਈ। ਨੀਂਹ ਦੀ ਇੱਟ ਸੰਨ 1926 ਈ: ਵਿਚ ਬੁਧਵਾਰ ਨੂੰ ਰੱਖੀ ਗਈ ਅਤੇ ਸਾਰੇ ਗੁਰਦਵਾਰੇ ਦੀਆਂ ਨੀਂਹਾਂ ਭਰੀਆਂ ਗਈਆਂ। ਨੀਂਹ ਤਕਰੀਬਨ ਧਰਤੀ ਤੋਂ ਪੰਜ ਫੁੱਟ ਡੂੰਘੀ ਭਰੀ ਗਈ। ਨੀਂਹ ਦੀਆਂ ਪਹਿਲਾਂ ਪੰਜ ਇੱਟਾਂ ਪੰਜਾਂ ਮਹਾਂਪੁਰਸ਼ਾਂ ਨੇ ਰੱਖੀਆਂ। ਪਹਿਲੀ ਇੱਟ ਬਾਬਾ ਈਸ਼ਰ ਸਿੰਘ ਜੀ ਨੇ ਰੱਖੀ, ਦੂਸਰੀ ਇੱਟ ਸੰਤ ਮਹਾਰਾਜ ਜੀ ਨੇ ਆਪ ਰੱਖੀ, ਤੀਸਰੀ ਇੱਟ ਬਾਬਾ ਬਿਸ਼ਨ ਸਿੰਘ ਜੀ ਨੇ ਰੱਖੀ, ਚੌਥੀ ਇੱਟ ਸੰਤ ਨਗੀਨਾ ਸਿੰਘ ਜੀ ਨੇ ਰੱਖੀ, ਪੰਜਵੀਂ ਇੱਟ ਸੰਤ ਮਹੰਤ ਹਰਨਾਮ ਸਿੰਘ ਜੀ ਨੇ ਰੱਖੀ। ਤਕਰੀਬਨ ਪੰਜ ਸਾਲ ਤਕ ਗੁਰਦਵਾਰੇ ਦੀਆਂ ਨੀਂਹਾਂ ਹੀ ਭਰੀਆਂ ਗਈਆਂ। ਨੀਂਹਾਂ ਭਰਨ ਤੋਂ ਉਪਰੰਤ ਇਹ ਕੌਤਕ ਹੁੰਦੇ ਰਹੇ।

ਸੰਤ ਬਿਸ਼ਨ ਸਿੰਘ ਜੀ ਨੇ ਰਾਏ ਦਿੱਤੀ ਕਿ ਗੁਰਦਵਾਰੇ ਦੇ ਨੀਚੇ ਪਹਿਲਾਂ ਗੁਫਾ ਬਣਾਈਆਂ ਜਾਣ। ਸੰਤ ਬਿਸ਼ਨ ਸਿੰਘ ਜੀ ਦੀ ਇਹ ਰਾਏ ਮੰਨ ਕੇ ਸਾਰੇ ਗੁਰਦਵਾਰੇ ਵਿਚੋਂ ਮਿੱਟੀ ਪੁੱਟ ਕੇ ਬਾਹਰ ਸਿੱਟੀ ਗਈ। ਮਿੱਟੀ ਸਾਰੀ ਕੱਢਣ ਨੂੰ ਤਕਰੀਬਨ ਤਿੰਨ ਮਹੀਨੇ ਲੱਗ ਗਏ। ਇਤਨੇ ਨੂੰ ਬਾਬਾ ਤ੍ਰਿਲੋਕ ਸਿੰਘ ਜੀ ਖ੍ਵਾਜਾ ਖੜਕ ਵਾਲੇ ਆ ਗਏ। ਇਹ ਸੰਤ ਮਹਾਰਾਜ ਜੀ ਦੇ ਗੁਰਭਾਈ ਸਨ। ਜਦੋਂ ਇਨ੍ਹਾਂ ਨੇ ਗੁਰਦਵਾਰੇ ਵਿਚੋਂ ਮਿੱਟੀ ਪੁੱਟੀ ਹੋਈ ਤੱਕੀ ਤਾਂ ਬਾਬਾ ਜੀ ਨੇ ਸੰਤਾਂ ਨੂੰ ਆਖਿਆ ਕਿ ਮਹਾਰਾਜ ਗੁਰਦਵਾਰੇ ਵਿਚ ਗੁਫਾ ਨਹੀਂ ਹੋਣੀਆਂ ਚਾਹੀਦੀਆਂ। ਗੁਫਾ ਦੁਆਰਾ ਬਹੁਤ ਖਰਾਬੀਆਂ ਪੈਦਾ ਹੁੰਦੀਆਂ ਹਨ। ਫਿਰ ਬਾਬਾ ਜੀ ਦਾ ਹੁਕਮ ਮੰਨ ਕੇ ਗੁਰਦਵਾਰੇ ਦੇ ਅਸਥਾਨ ਵਿਚ ਮਿੱਟੀ ਭਰਾਣ ਲਗ ਗਏ। ਗੱਲ ਕੀ ਤਿੰਨ ਵਾਰੀ ਗੁਰਦਵਾਰੇ ਵਿਚੋਂ ਮਿੱਟੀ ਪੁੱਟ ਕੇ ਬਾਹਰ ਸਿੱਟੀ ਗਈ ਤੇ ਤਿੰਨ ਵਾਰੀ ਹੀ ਮੁੜ ਕੇ ਗੁਰਦਵਾਰੇ ਵਿਚ ਮਿੱਟੀ ਪਾਈ ਗਈ। ਭਾਵ ਕੀ ਜਦੋਂ ਸੰਤ ਬਿਸ਼ਨ ਸਿੰਘ ਜੀ ਨੇ ਆਖਣਾ ਕਿ ਗੁਰਦਵਾਰੇ ਦੇ ਨੀਚੇ ਹਿੱਸੇ ਗੁਫਾ ਬਣਾਓ ਤਾਂ ਗੁਰਦਵਾਰੇ ਦੀ ਮਿੱਟੀ ਪੁੱਟ ਕੇ ਬਾਹਰ ਸੁੱਟਣੀ। ਜਦੋਂ ਬਾਬਾ ਖ੍ਵਾਜਾ ਖੜਕੀਆਂ ਨੇ ਆ ਕੇ ਆਖਣਾ ਗੁਫਾ ਨਹੀਂ ਹੋਣੀਆਂ ਚਾਹੀਦੀਆਂ ਤਾਂ ਗੁਰਦਵਾਰੇ ਵਿਚ ਮਿੱਟੀ ਪਵਾ ਦੇਣੀ। ਇਸੇ ਤਰ੍ਹਾਂ ਹੀ ਕਈ ਸਾਲ ਲੰਘ ਗਏ।

ਹੁਣ ਭਾਗਾਂ-ਭਰਿਆ ਸੰਨ 1930 ਚੜ੍ਹਿਆ ਅਤੇ ਸੰਨ 30 ਦਾ ਹੋਲਾ ਕਰਕੇ ਸੰਤ ਡੇਰੇ ਪੁਜੇ, ਨਾਲ ਹੀ ਬਾਬਾ ਤ੍ਰਿਲੋਕ ਸਿੰਘ ਜੀ ਹੋਲੇ ਤੋਂ ਡੇਰੇ ਆਏ। ਹੁਣ ਸਾਰਿਆਂ ਨੇ ਮਿਲ ਕੇ ਗੁਰਮਤਾ ਕੀਤਾ ਕਿ ਇਸ ਫਗਣ ਦੇ ਮਹੀਨੇ ਵਿਚ ਹੀ ਗੁਰਦੁਆਰਾ ਬਣਾਉਣਾ ਸ਼ੁਰੂ ਕੀਤਾ ਜਾਵੇ। ਸਾਰੀ ਸਮੱਗਰੀ ਸੀਮਿੰਟ ਆਦਿ ਇਕੱਠੀ ਕਰ ਲਈ। ਬਾਬਾ ਤ੍ਰਿਲੋਕ ਸਿੰਘ ਜੀ ਦੀ ਨਿਗਰਾਨੀ ਹੇਠ ਗੁਰਦੁਆਰਾ ਬਣਨਾ ਸ਼ੁਰੂ ਹੋ ਗਿਆ। ਗੁਰਦਵਾਰੇ ਦਾ ਪਹਿਲਾ ਹਾਲ ਕਮਰਾ ਬਨਾਉਣਾ ਸ਼ੁਰੂ ਹੋਇਆ। ਗੁਰਦਵਾਰੇ ਦੇ ਬਨਾਉਣ ਦੇ ਇੰਜੀਨੀਅਰ ਮਿਸਤਰੀ ਸੰਤ ਅਮਰ ਸਿੰਘ ਜੀ ਪਠਲਾਵੇ ਵਾਲੇ ਸਨ, ਜਿਨ੍ਹਾਂ ਨਾਲ ਪਠਲਾਵੇ ਤੋਂ ਸੰਤ ਬਾਬਾ ਘਨੀਆ ਸਿੰਘ ਜੀ ਨੇ ਸੇਵਾ ਦੀ ਮਦਦ ਵਿਚ ਸੇਵਾਦਾਰ ਵੀ ਘੱਲੇ, ਜਿਨ੍ਹਾਂ ਵਿਚ ਸੇਵਾਦਾਰ ਸੁਰੈਣ ਸਿੰਘ ਜੀ ਜੋ ਕਿ ਅਜੇ ਅਨਦਾੜ੍ਹੀਏ ਸਨ ਸੋ ਮੁਖੀ ਸਨ। ਜਿਨ੍ਹਾਂ ਨੇ ਬੜੀ ਡਟ ਕੇ ਸੇਵਾ ਕੀਤੀ। ਰਾਜ ਮਿਸਤਰੀ ਸ: ਸਜਣ ਸਿੰਘ ਜੀ, ਸ: ਦਲੀਪ ਸਿੰਘ ਜੀ, ਸ: ਮੀਹਾਂ ਸਿੰਘ ਜੀ ਆਦਿ ਧਰਮੀ ਤੇ ਮਿਸਤਰੀ ਸ: ਹੁਸ਼ਿਆਰ ਸਿੰਘ ਜੀ, ਜੋ ਕਿ ਮਿਸਤਰੀ ਸ: ਸਜਣ ਸਿੰਘ ਜੀ ਦੇ ਭਤੀਜੇ ਸਨ। ਇਸ ਗੁਰਦਵਾਰੇ ਦੀ ਸੇਵਾ ਕਰਨ ਵਾਲੇ ਸੇਵਾਦਾਰ ਜੋ ਕਿ ਸਦਾ ਗੁਰਦਵਾਰੇ ਵਿਚ ਰਿਹਾਇਸ਼ ਰੱਖਦੇ ਸਨ। ਸੰਤ ਇੰਦਰ ਸਿੰਘ ਜੀ ਗੁਣੀਆ, ਸੰਤ ਮੇਹਰ ਸਿੰਘ ਜੀ, ਸੰਤ ਗੁਰਬਚਨ ਸਿੰਘ ਜੀ, ਸੰਤ ਰਣ ਸਿੰਘ ਜੀ, ਲਿਖਾਰੀ ਗਿਆਨੀ ਜੋਧ ਸਿੰਘ ਜੀ, ਸੰਤ ਜੱਗਾ ਸਿੰਘ ਜੀ, ਸ੍ਰੀਮਾਨ ਸੰਤ ਕੱਕਾ ਸਿੰਘ ਜੀ, ਪਿੰਡਾਂ ਤੋਂ ਆਏ ਹੋਏ ਖਾਸ-ਖਾਸ ਸੇਵਾਦਾਰ, ਨੰਬਰਦਾਰ ਸੰਤਾ ਸਿੰਘ ਜੀ ਅੱਤੋਵਾਲ, ਚੰਨਣ ਸਿੰਘ ਅੱਤੋਵਾਲ, ਸ: ਬੰਤਾ ਸਿੰਘ ਅੱਤੋਵਾਲ, ਸ: ਬਤਨ ਸਿੰਘ ਜੀ ਅੱਤੋਵਾਲ, ਸ: ਸਾਧੂ ਸਿੰਘ ਜੀ ਹਰਖੋਵਾਲ ਗਾਹੇ-ਬਗਾਹੇ ਹੋਰ ਸਾਰੀ ਆਸ-ਪਾਸ ਪਿੰਡਾਂ ਦੀਆਂ ਸੰਗਤਾਂ ਬੀਬੀਆਂ, ਬੀਬੀ ਰਾਧੋ

ਤੇ ਅਮਰੋ ਲੰਗਰ ਵਿਚ ਸੇਵਾ ਕਰਦੀਆਂ ਰਹਿੰਦੀਆਂ ਸਨ। ਗੁਰਦਵਾਰੇ ਦੀ ਇੱਟ ਮਿੱਟੀ ਦੀ ਸੇਵਾ ਬੀਬੀ ਮਿਲਾਵੀ, ਸੰਤ ਇੰਦਰ ਸਿੰਘ ਜੀ ਦੀ ਪਤਨੀ ਬੀਬੀ ਕਰਤਾਰ ਕੌਰ ਸ: ਲਛਮਣ ਸਿੰਘ ਰਾਮਗੜ੍ਹੀਆ ਹਰਖੋਵਾਲ ਦੀ ਪੁੱਤਰੀ ਬੀਬੀ ਨਾਮੋ ਪਿੰਡ ਅੱਤੋਵਾਲ ਰਾਮਗੜ੍ਹੀਆ, ਹਾਲ ਕਮਰਾ ਤਕਰੀਬਨ ਇਕ ਸਾਲ ਵਿਚ ਮੁਕੰਮਲ ਹੋ ਗਿਆ। ਖਿੜਕੀਆਂ ਦਰਵਾਜ਼ੇ ਫਿੱਟ ਹੋ ਗਏ। ਸ੍ਰੀ ਅਖੰਡ ਪਾਠ ਪ੍ਰਾਰੰਭ ਕਰਕੇ ਸਮਾਪਤੀ ਕੀਤੀ ਗਈ।

ਉਸੀ ਦਿਨ ਗੁਰਦਵਾਰੇ ਸਾਹਿਬ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਹੋਣਾ ਪ੍ਰਾਰੰਭ ਹੋਇਆ। ਪੱਕੇ ਫਰਸ਼ ਦੀ ਜਗ੍ਹਾ ਮਿੱਟੀ ਦਾ ਹੀ ਲੇਪਨ ਕੀਤਾ ਜਾਂਦਾ। ਫਿਰ ਤਿੰਨ ਸਾਲ ਬਾਅਦ ਬਰਾਂਡਿਆਂ ਦੀ ਸੇਵਾ ਹੋਈ। ਜਿਸ ਸੇਵਾ ਵਿਚ ਰਾਜ ਉਹੀ ਰਹੇ। ਸੇਵਾਦਾਰਾਂ ਵਿਚ ਵਾਧਾ ਹੋਇਆ ਕਿ ਬਾਬਾ ਗੱਜਨ ਸਿੰਘ ਜੀ ਤੇ ਜਥੇਦਾਰ ਜਨਕ ਸਿੰਘ ਜੀ ਬਰਾਂਡਿਆਂ ਦੀ ਸੇਵਾ ਵਿਚ ਹਾਜ਼ਰ ਹੋਏ। ਹਾਲ ਕਮਰਾ ਸੰਨ 1932 ਵਿਚ ਤਿਆਰ ਹੋਇਆ, ਬਾਕੀ ਬਰਾਂਡੇ ਆਦਿਕ ਸੰਨ 1936 ਵਿਚ ਮੁਕੰਮਲ ਹੋਏ। ਇਸ ਢੰਗ ਨਾਲ ਗੁਰਦੁਆਰਾ ਮੁਕੰਮਲ ਬਣ ਕੇ ਤਿਆਰ ਹੋ ਗਿਆ। ਹੱਥੀਂ ਸੇਵਾ ਕਰਨ ਵਾਲੇ ਸੇਵਾਦਾਰਾਂ ਦੀ ਸੇਵਾ ਸਫਲੀ ਹੋਈ ਅਤੇ ਮਾਇਆ ਕਰਕੇ ਸੇਵਾ ਜਿਨ੍ਹਾਂ ਨੇ ਕੀਤੀ, ਉਨ੍ਹਾਂ ਦੀ ਮਾਇਆ ਗੁਰੂ ਜੀ ਨੇ ਸਫਲ ਕੀਤੀ।

ਬਾਹਮਣੀ ਵਾਲੇ ਪਿੰਡ ਦਾ ਇਤਿਹਾਸ ਜੋ ਮਾਝੇ ਵਿਚ ਪੱਟੀ ਦੇ ਨੇੜੇ ਹੈ

ਬਾਬਾ ਈਸ਼ਰ ਸਿੰਘ ਜੀ ਦੀ ਭੈਣ (ਪੂਤਾਂ ਜੀ) ਪਿੰਡ ਬਾਹਮਣੀ ਵਾਲੇ ਸ: ਜਵਾਹਰ ਸਿੰਘ ਜੀ ਨਾਲ ਵਿਆਹੀ ਹੋਈ ਸੀ। ਸ: ਜਵਾਹਰ ਸਿੰਘ ਜੀ ਤੇ ਮਾਈ ਪੂਤਾਂ ਦੇ ਤਿੰਨ ਪੁੱਤਰ ਸਨ। ਸ: ਕੇਹਰ ਸਿੰਘ ਜੀ, ਸ: ਮੇਹਰ ਸਿੰਘ ਤੇ ਸ: ਸੋਹਣ ਸਿੰਘ ਜੀ। ਸ: ਕੇਹਰ ਸਿੰਘ ਜੀ ਖੂਹ ਵਿਚ ਡਿੱਗ ਕੇ ਮਰ ਗਏ ਸੀ ਤੇ ਸੋਹਣ ਸਿੰਘ ਦੀ ਔਲਾਦ ਨੌਸ਼ਹਿਰਾ ਪੰਨੂਆਂ ਵਿਚ ਵੱਸਦੀ ਹੈ ਅਤੇ ਮੇਹਰ ਸਿੰਘ ਜੀ ਦੀ ਔਲਾਦ ਪਿੰਡ ਬਾਹਮਣੀ ਵਾਲੇ ਵੱਸਦੀ ਹੈ। ਸ: ਮੇਹਰ ਸਿੰਘ ਜੀ ਦੇ ਪੁੱਤਰ ਸ: ਸਮਾਂ ਸਿੰਘ ਜੀ ਤੇ ਸ: ਦਰਸ਼ਨ ਸਿੰਘ ਜੀ ਹਨ। ਸ: ਮੇਹਰ ਸਿੰਘ ਜੀ ਬਿਧੀ ਚੰਦ ਦੇ ਛੀਨੇ ਬੀਬੀ ਸੰਤ ਕੌਰ ਨਾਲ ਵਿਆਹੇ ਹੋਏ ਸਨ। ਭਾਈ ਮੇਹਰ ਸਿੰਘ ਜੀ ਦਾ ਤੇ ਮਾਈ ਸੰਤੋ ਦਾ ਬਾਬਾ ਈਸ਼ਰ ਸਿੰਘ ਪਰ ਅਟੱਲ ਵਿਸ਼ਵਾਸ ਸੀ ਕਿ ਬਾਬਾ ਜੀ ਪੂਰਨ ਪੁਰਖ ਹਨ। ਬਾਬਾ ਈਸ਼ਰ ਸਿੰਘ ਜੀ ਦੀ ਮਾਈ ਸੰਤੋ ਭਾਵਜ ਨੌਂਹ ਸੀ। ਬਾਬਾ ਜੀ ਪ੍ਰੇਮ ਨਾਲ ਹੀ ਮਾਈ ਸੰਤੋ ਦਾ ਨਾਮ ਭੜੋਲੋ ਰੱਖਿਆ ਹੋਇਆ ਸੀ। ਮਾਈ ਸੰਤੋ ਦਾ ਸਰੀਰ ਭਾਰੀ ਹੋਣ ਕਰਕੇ ਹੀ ਭੜੋਲੋ ਨਾਮ ਰੱਖਿਆ ਹੋਇਆ ਸੀ। ਭਾਈ ਮੇਹਰ ਸਿੰਘ ਜੀ ਤੇ ਮਾਈ ਸੰਤੋ ਦੇ ਦੋ ਪੁੱਤਰ ਸਨ। ਇਕ ਭਾਈ ਦਰਸ਼ਨ ਸਿੰਘ ਜੀ ਅਤੇ ਦੂਸਰਾ ਸ: ਸਮਾਂ ਸਿੰਘ ਜੀ।

ਜਦੋਂ ਸਮਾਂ ਸਿੰਘ ਜੀ ਮਾਤਾ ਸੰਤੋ ਦੇ ਪੇਟ ਵਿਚ ਸਨ ਤਾਂ ਸੁਤੇ-ਸਿਧ ਹੀ ਬਾਬਾ ਈਸ਼ਰ ਸਿੰਘ ਜੀ ਬਾਹਮਣੀ ਵਾਲੇ ਪਿੰਡ ਆਪਣੀ ਭੈਣ ਜੀ ਦੇ ਘਰ ਵਿਚ ਮਿਲਣ ਵਾਸਤੇ ਗਏ ਤਾਂ ਮਾਤਾ ਸੰਤੋ ਨੂੰ ਬੱਚੇ ਦੀ ਉਮੀਦਵਾਰੀ ਦੇਖ ਕੇ ਕਿਹਾ ਕਿ ਭਾਊ ਇਸ ਬੀਬੀ ਦੇ ਜੋ ਬੱਚਾ ਪੈਦਾ ਹੋਵੇਗਾ ਸੋ ਲੜਕਾ ਹੋਵੇਗਾ। ਫਿਰ ਬਾਬਾ ਜੀ ਦਾ ਹੁਕਮ ਹੋਇਆ ਕਿ ਜੇ ਬੱਚਾ ਅੰਮ੍ਰਿਤ ਵੇਲੇ ਸੂਰਜ ਨਿਕਲਣ ਤੋਂ ਅੱਧਾ ਪਹਿਰ ਵੀ ਪਹਿਲਾਂ ਹੋਇਆ, ਗੱਲ ਕੀ ਸੂਰਜ ਨਿਕਲਣ ਤੋਂ ਪਹਿਲਾਂ ਪਹਿਲਾਂ ਹੋਇਆ ਤਾਂ ਪੂਰਨ ਸਾਧੂ ਹੋਵੇਗਾ, ਜੇ ਸੂਰਜ ਨਿਕਲਣ ਤੋਂ ਬਾਅਦ ਹੋਇਆ ਤਾਂ ਫਿਰ ਨਾਮਵਰ ਡਾਕੂ ਹੋਵੇਗਾ। ਸੋ ਸਮਾਂ ਸਿੰਘ ਸੂਰਜ ਉਦੇ ਹੋਣ ਤੋਂ ਬਾਅਦ ਦੋ ਘੜੀਆਂ ਆਪਣੀ ਮਾਤਾ ਸੰਤੋ ਜੀ ਦੇ ਪੇਟੋਂ ਪੈਦਾ ਹੋਏ। ਮਾਤਾ ਪਿਤਾ ਨੂੰ ਤਾਂ ਬਾਬਾ ਜੀ ਤੇ ਅਟੱਲ ਵਿਸ਼ਵਾਸ ਸੀ ਕਿ ਇਹ ਸਾਡਾ ਪੁੱਤਰ ਜ਼ਰੂਰ ਹੀ ਡਾਕੂ ਬਣੇਗਾ। ਜਦੋਂ ਸ: ਸਮਾਂ ਸਿੰਘ ਜੀ ਪਰ ਕਿਸ਼ੋਰ ਅਵੱਸਥਾ ਆਈ ਉਦੋਂ ਤੋਂ ਹੀ ਕੁਝ ਚੋਰੀ ਡਾਕੇ ਦੇ ਚਿੰਨ੍ਹ ਦਿਖਾਈ ਦੇਣ ਲੱਗੇ। ਗੱਲ ਕੀ ਪਿੰਡ ਦੇ ਮੁੰਡਿਆਂ ਨੂੰ ਮਾਰ-ਕੁਟ ਕਰਨੀ, ਕਿਸੇ ਤੋਂ ਭੈ ਨਹੀਂ ਕਰਨਾ। ਸਾਰੇ ਪਿੰਡ ਵਿਚ ਤਰਥੱਲੀ ਮੱਚ ਗਈ ਕਿ ਸ: ਸਮਾਂ ਸਿੰਘ ਮੇਹਰ ਸਿੰਘ ਦਾ ਲੜਕਾ ਬੜਾ ਨਿਰਭੈਅ ਤੇ ਨਿਧੜਕ, ਖੁਲ੍ਹਾ-ਡੁੱਲਾ ਹੋਣਾ ਹੈ। ਜਦੋਂ 20 ਕੁ ਸਾਲ ਦਾ ਹੋਇਆ ਤਾਂ ਸਿੱਧਾ ਲਗਰ ਵਰਗਾ ਜਵਾਨ ਤਕਰੀਬਨ ਛੇ ਫੁੱਟ ਲੰਬਾ ਤੇ ਭਰਵੇਂ ਕੱਦ ਵਾਲਾ ਹੋ ਗਿਆ, ਤਾਂ ਹੀ ਪਤਾ

ਲੱਗਾ ਕਿ ਸ੍ਰ: ਸਮਾਂ ਸਿੰਘ ਤਾਂ ਘਰ ਛੱਡ ਗਿਆ ਤੇ ਡਾਕੂਆਂ ਦੇ ਜੱਥੇ ਵਿਚ ਜਾ ਰਲਿਆ। ਲਾਹੌਰ ਆਦਿਕ ਤੇ ਕਸੂਰ ਵਰਗੇ ਸ਼ਹਿਰਾਂ ਵਿਚ ਚੰਗੇ ਡਾਕੇ ਮਾਰੇ।

ਹੁਣ ਸਮਾਂ ਸਿੰਘ ਮਸ਼ਹੂਰ ਡਾਕੂ ਹੋ ਗਿਆ। ਸਰਕਾਰ ਮਫਰੂਰ ਮੰਨਿਆ ਗਿਆ। ਕਈ ਵਾਰੀ ਪੁਲਿਸ ਦਾ ਟਾਕਰਾ ਵੀ ਹੋਇਆ। ਹੁਣ ਸਮਾਂ ਸਿੰਘ ਜੀ ਦਾ 5000 ਰੁਪਏ ਇਨਾਮ ਛਪ ਗਿਆ ਕਿ ਜੋ ਸਮਾਂ ਸਿੰਘ ਨੂੰ ਫੜੇ ਤੇ ਫੜਾਏ ਉਸ ਨੂੰ 5000 ਇਨਾਮ ਦਿੱਤਾ ਜਾਏਗਾ। ਹੁਣ ਘਰ ਵਿਚ ਸ੍ਰ: ਸਮਾਂ ਸਿੰਘ ਦੀ ਦੇਖ-ਭਾਲ ਵਿਚ ਪੁਲਿਸ ਸ਼ਸ਼ਤਰਧਾਰੀ ਹੋ ਕੇ ਨਿਤਾਪ੍ਰਤੀ ਆਉਂਦੀ ਜਾਂਦੀ ਰਹਿੰਦੀ ਹੈ। ਪਰ ਖੁਫੀਆ ਪੁਲਿਸ ਤਾਂ ਹਰ ਸਮੇਂ ਘਰ ਵਿਚ ਤਾੜ ਰਖਦੇ ਹਨ। ਹੁਣ ਸਮਾਂ ਸਿੰਘ ਜੀ ਦੇਸ਼ ਛੱਡ ਕੇ ਪ੍ਰਦੇਸ਼ ਵਲ ਨਿਕਲ ਗਿਆ। ਮਾਝੀ ਮੇਘੇ ਦਾ ਸੁਬੇਗ ਸਿੰਘ ਵੀ ਨਾਲ ਹੀ ਸੀ। ਇਹ ਦੋਨੋਂ ਜਣੇ ਰਿਆਸਤ ਭਰਤਪੁਰ ਵਿਚ ਵਿਚਰਦੇ ਰਹੇ ਅਤੇ ਰਿਆਸਤ ਗੁਆਲੀਅਰ ਵਿਚ ਵੀ ਫਿਰਦੇ ਰਹੇ। ਇਨ੍ਹਾਂ ਰਿਆਸਤਾਂ ਵਿਚ ਪੰਜਾਬੀ ਜੱਟ ਸਿੱਖ ਜ਼ਮੀਨਾਂ ਲੈ ਕੇ ਵਸਨੀਕ ਸਨ, ਜੋ ਕਿ ਇਨ੍ਹਾਂ ਨੂੰ ਪਨਾਹ ਦੇਂਦੇ ਰਹਿੰਦੇ। ਇਨ੍ਹਾਂ ਰਿਆਸਤਾਂ ਦੀ ਪੁਲਿਸ ਨੂੰ ਵੀ ਖਬਰ ਹੋ ਗਈ ਕਿ ਇਨ੍ਹਾਂ ਰਿਆਸਤਾਂ ਵਿਚ ਡਾਕੂ ਫਿਰਦੇ ਹਨ। ਥਾਂ-ਥਾਂ ਪਰ ਪਹਾੜੀ ਲਾਂਘਿਆਂ ਪਰ ਪੁਲਿਸ ਦੇ ਦਸਤੇ ਖਬਰਦਾਰ ਬੈਠੇ ਰਹਿੰਦੇ। ਹੁਣ ਸ੍ਰ: ਸਮਾਂ ਸਿੰਘ ਤੇ ਸੁਬੇਗ ਸਿੰਘ ਰਿਆਸਤ ਭਰਤਪੁਰ ਦਾ ਪਹਾੜੀ ਇਲਾਕਾ ਲੰਘ ਕੇ ਅੱਗੇ ਕਰੌਲੀ ਦੀ ਰਿਆਸਤ ਵਿਚ ਆ ਗਏ। ਕਰੌਲੀ ਰਿਆਸਤ ਦੀ ਜਦੋਂ ਪਹਾੜੀ ਘਾਟੀ ਲੰਘਣ ਲੱਗੇ ਤਾਂ ਪੁਲਿਸ ਚੌਂਕੀ ਨੂੰ ਪਤਾ ਲੱਗ ਗਿਆ ਕਿ ਇਧਰ ਉਧਰੇ ਆਦਮੀ ਆ ਰਹੇ ਹਨ। ਪੁਲਿਸ ਵੀ ਇਨ੍ਹਾਂ ਮਗਰ ਲੱਗ ਗਈ। ਅੱਗੇ ਇਕ ਪਿੰਡ ਆਇਆ, ਪੁਲਿਸ ਤੇ ਪਿੰਡ ਅੱਗੇ ਹੋਣ ਦੇ ਕਾਰਨ ਫੜਨ ਦਾ ਖਤਰਾ ਪੈਦਾ ਹੋ ਗਿਆ। ਸਮਾਂ ਸਿੰਘ ਕਿਸੇ ਘਾਟੀ ਦੇ ਪਰਦੇ ਵਿਚ ਹੋ ਕੇ ਦੋਹਾਂ ਖਤਰਿਆ ਤੋਂ ਬਚ ਕੇ ਅੱਗੇ ਲੰਘ ਗਿਆ। ਪਰ ਸੁਬੇਗ ਸਿੰਘ ਇਥੇ ਹੀ ਕਾਬੂ ਆ ਗਿਆ। ਸੁਬੇਗ ਸਿੰਘ ਪੰਜਾਬ ਲਾਹੌਰ ਜੇਲ੍ਹ ਵਿਚ ਘੱਲ ਦਿਤਾ ਗਿਆ। ਸਮਾਂ ਸਿੰਘ ਇਹ ਘਾਟੀ ਲੰਘ ਕੇ ਜੈਪੁਰ ਦੀ ਰਿਆਸਤ ਵਿਚ ਜਾ ਵੜਿਆ। ਸ੍ਰ: ਸਮਾਂ ਸਿੰਘ ਦਾ ਦੂਸਰਾ ਸਾਥੀ ਮਹੰਤਾ ਸਿੰਘ ਮਾਲੂਵਾਲ ਦਾ ਸੀ, ਸੋ ਵੀ ਫੜਿਆ ਗਿਆ। ਹੁਣ ਸਮਾਂ ਸਿੰਘ ਜੈਪੁਰ ਦੀ ਰਿਆਸਤ ਵਿਚ ਵਿਚਰਦਾ ਪਿੰਡ ਗੰਗਾਪੁਰ ਵਿਚ ਫੜਿਆ ਗਿਆ। ਉਸ ਥਾਣੇ ਵਿਚ ਹੀ ਹੱਥਕੜੀ ਲਗ ਗਈ ਤੇ ਤਪਤੀਸ਼ ਸ਼ੁਰੂ ਹੋ ਗਈ, ਇਧਰ ਪੰਜਾਬ ਵਿਚ ਵੀ ਕਾਗਜ਼ ਭੇਜੇ ਗਏ।

ਥਾਣੇ ਵਿਚ ਸੰਤਾਂ ਨੇ ਪ੍ਰਤੱਖ ਦਰਸ਼ਨ ਦੇ ਕੇ ਨਿਹਾਲ ਕਰਨਾ

ਸ੍ਰ: ਸਮਾਂ ਸਿੰਘ ਜੀ ਹੁਣ ਥਾਣੇ ਦੀ ਹਨੇਰ ਕੋਠੜੀ ਵਿਚ ਹੀ ਰਹਿੰਦੇ। ਜੋ ਕੋਠੜੀ ਇਸ ਮਾਤ ਲੋਕ ਦਾ ਨਰਕਖਾਨਾ ਬਣ ਰਹੀ ਸੀ। ਹੁਣ ਸਮਾਂ ਸਿੰਘ ਜੀ ਨੂੰ ਮੌਤ ਦੇ ਜਮਦੂਤ ਚੇਤੇ ਆਉਣ ਲੱਗੇ। ਹੁਣ ਤਾਂ ਸਾਰੇ ਪਾਸਿਆਂ ਤੋਂ ਬੇਆਸਰਾ ਹੋ ਗਿਆ, ਹੁਣ ਤਾਂ:- *ਦੁਖ ਕੀਆ ਪੰਡਾ ਖੁਲੀਆ ਸੁਖੁ ਨ ਨਿਕਲਿਓ ਕੋਇ।।*

ਹੁਣ ਸਮਾਂ ਸਿੰਘ ਨੂੰ ਇਕ ਸੰਤਾਂ ਤੋਂ ਅਤੇ ਵਾਹਿਗੁਰੂ ਤੋਂ ਬਿਨਾਂ ਕੋਈ ਸਾਥੀ ਨਹੀਂ ਦਿਸਦਾ। ਹੁਣ ਤਾਂ ਦਿਨ ਪਰ ਰਾਤ ਵਾਹਿਗੁਰੂ ਦੀ ਯਾਦ ਵਿਚ ਜਾਂ ਸੰਤਾਂ ਦਾ ਧਿਆਨ ਧਰ ਕੇ ਹੀ ਦਿਨ ਪਰ ਰਾਤ ਗੁਜ਼ਾਰਦਾ ਹੈ। ਹੁਣ ਦੁਖ ਵਿਚ ਵਾਹਿਗੁਰੂ ਯਾਦ ਆਇਆ, ਇਸ ਦੁਖ ਤੋਂ ਲੰਘਣਾ ਬਹੁਤ ਔਖਾ ਸੀ। ਇਸ ਦੁਖ-ਭਰੇ ਕੰਮ ਵਿਚੋਂ ਕੌਣ ਛੁਡਾ ਸਕਦਾ ਸੀ? ਹੁਣ ਇਸ ਕੰਮ ਵਿਚ ਨਾ ਕੋਈ ਮਾਂ, ਨਾ ਬਾਪ, ਨਾ ਭੈਣ, ਨਾ ਭਾਈ ਕੋਈ ਵੀ ਸੰਬੰਧੀ ਸਹਾਇਤਾ ਨਹੀਂ ਸੀ ਕਰ ਸਕਦਾ। ਇਸ ਦੁਖ ਭਰੇ ਕੰਮ ਵਿਚ ਤਾਂ ਇਕ ਸੰਤ, ਇਕ ਰਾਮ ਹੀ ਸਹਾਇਤਾ ਕਰ ਸਕਦੇ ਸਨ। ਇਸ ਵਾਸਤੇ ਸ੍ਰ: ਸਮਾਂ ਸਿੰਘ ਜੀ ਲੱਗਾ ਸੰਤਾਂ ਦਾ ਧਿਆਨ ਧਰ ਕੇ ਵਾਹਿਗੁਰੂ ਸਿਮਰਨ, ਐਸਾ ਸਿਮਰਨ ਕੀਤਾ ਇਸ ਥਾਣੇ ਦੀ ਨਰਕ ਕੋਠੜੀ ਵਿਚ ਜੈਸਾ ਕਿ ਕਬੀਰ ਜੀ ਨੇ ਕਥਨ ਕੀਤਾ ਹੈ:-

ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ।।
ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ।। ੧੬੩।। (ਪੰਨਾ ੧੩੭੩)

ਅੱਜ ਤਾਂ ਸੂਰਜ ਛਿਪਣ ਦੀ ਦੇਰ ਸੀ। ਸੰਤਾਂ ਦੇ ਧਿਆਨ ਵਿਚ ਲੱਗ ਕੇ ਖੜੋ ਗਿਆ, ਲੱਗਾ ਬੇਨਤੀਆਂ ਕਰਨ ਕਿ ਹੇ ਮਹਾਰਾਜ ਜੀ ਆਪ ਜੀ ਨੇ ਪ੍ਰਹਿਲਾਦ ਭਗਤ ਦੀ ਰੱਖਿਆ ਕੀਤੀ, ਆਪ ਜੀ ਨੇ ਨਾਮਦੇਵ ਜੀ ਦੇ ਬੰਦਨ ਤੋੜੇ ਤੇ ਗਊ ਜਿਉਂਦੀ ਕਰਕੇ ਸਹਾਇਤਾ ਕੀਤੀ। ਆਪ ਜੀ ਨੇ ਗਜ ਦੇ ਬੰਧਨ ਤੋੜ ਕੇ ਤੰਦੂਏ ਕੋਲੋਂ ਮੁਕਤ ਕਰਾਇਆ। ਜਦੋਂ ਇਸ ਤਰ੍ਹਾਂ ਬੇਨਤੀਆਂ ਕਰਦਿਆਂ ਰਾਤ ਦੇ ਦਸ ਕੁ ਵੱਜੇ ਤਾਂ ਸੰਤਾਂ ਨੇ ਆ ਪ੍ਰਤੱਖ ਦਰਸ਼ਨ ਦਿੱਤੇ ਅਤੇ ਸਮਾਂ ਸਿੰਘ ਨੇ ਸੰਤਾਂ ਦੇ ਸਰੀਰ ਨੂੰ ਹੱਥ ਲਾ ਕੇ ਦੇਖਿਆ ਕਿ ਕਿਤੇ ਸੁਪਨਾ ਹੀ ਤਾਂ ਨਹੀਂ। ਬਸ ਫਿਰ ਕੀ ਸੀ, ਸੰਤਾਂ ਦੇ ਚਰਨ ਕਮਲਾਂ ਪਰ ਢਹਿ ਪਿਆ। ਲੱਗਾ ਰੋ-ਰੋ ਕੇ ਅਰਜ਼ਾਂ ਕਰਨ, ਮਹਾਰਾਜ ਜੀ ਰੱਖਿਆ ਕਰੋ। ਭੁੱਲਾ ਹਾਂ, ਖਿਮਾਂ ਕਰੋ, ਖਿਮਾਂ ਕਰੋ।

ਫਿਰ ਸੰਤਾਂ ਨੇ ਆਪਣੇ ਸੁਭਾਅ ਅਨੁਸਾਰ ਮਿੱਠੀ ਜਿਹੀ ਗਾਲ੍ਹ ਕੱਢ ਕੇ ਆਖਿਆ ਕਿ ਭੈਣੀ ਜਾਣਿਆ ਡਾਕੇ ਮਾਰਨ ਲੱਗਾ ਏਡੀਆਂ ਵੱਡੀਆਂ ਉੱਚੀਆਂ ਕੰਧਾਂ ਟੱਪ ਜਾਂਦਾ ਸੈਂ, ਹੁਣ ਤੇਰੇ ਕੋਲੋਂ ਇਹ ਕੋਠੜੀ ਦੀ ਕੰਧ ਫੜ ਕੇ ਨਹੀਂ ਟੱਪਿਆ ਜਾਂਦਾ। ਸਮਾਂ ਸਿੰਘ ਨੇ ਆਖਿਆ ਹੇ ਸਰਬ ਦੁਖ ਭੰਜਨ ਜੀਉ, ਹੇ ਨਰਕ ਦੁਖ ਨਿਵਾਰਨ ਜੀਉ, ਕੋਠੜੀ ਨੂੰ ਤਾਲਾ ਲੱਗਿਆ ਹੋਇਆ ਹੈ। ਸੰਤਾਂ ਨੇ ਕ੍ਰਿਪਾ-ਭਰੇ ਬਚਨਾਂ ਨਾਲ ਆਖਿਆ ਕਿ ਤੂੰ ਤਾਲੇ ਨੂੰ ਹੱਥ ਲਾ ਕੇ ਤਾਂ ਦੇਖ। ਇਹ ਕਹਿ ਕੇ ਸੰਤ ਮਹਾਰਾਜ ਜੀ ਅੰਤਰ-ਧਿਆਨ ਹੋ ਗਏ। ਜਦੋਂ ਸਮਾਂ ਸਿੰਘ ਨੇ ਤਾਲੇ ਨੂੰ ਹੱਥ ਲਾਇਆ ਤਾਂ ਤਾਲਾ ਖੁਲ੍ਹਾ ਸੀ। ਹੁਣ ਸਮਾਂ ਸਿੰਘ ਆਪਣੀ ਜੇਲ੍ਹ ਦੀ ਹਨੇਰ ਕੋਠੜੀ ਤੋਂ ਬਾਹਰ ਆਇਆ। ਪੁਲਸੀਏ ਤੱਕੇ, ਸੁੱਤੇ ਪਏ ਹਨ। ਸਮਾਂ ਸਿੰਘ ਨੇ ਇਸੇ ਕੋਠੜੀ ਦੀ ਛਾਲ ਮਾਰ ਕੇ ਬਨੇਰਾ ਫੜਿਆ, ਉੱਪਰ ਚੜ੍ਹ ਕੇ ਜੇਲ੍ਹ ਦੇ ਪਿਛਲੇ ਪਾਸੇ ਛਾਲ ਮਾਰ ਕੇ ਨੱਠ ਗਿਆ ਅਤੇ 20 ਮੀਲ ਪਰ ਜਾ ਕੇ ਇਕ ਲੁਹਾਰ ਕੋਲੋਂ ਹੱਥਕੜੀ ਤੇ ਬੇੜੀਆਂ ਕਟਾ ਕੇ ਸੁਰਖਰੂ ਹੋਇਆ।

ਸੰਤ ਮਹਾਰਾਜ ਜੀ ਦਾ ਆਪਣੇ ਆਪ ਨੂੰ ਪਰਖਣਾ

ਸੰਤ ਮਹਾਰਾਜ ਜੀ ਦੀ ਤਿਤਖਸ਼ਾ ਬਿਰਤੀ ਬਹੁਤ ਕਠਨ ਸੀ "ਜਦੋਂ ਤੋਂ ਸੰਤ ਮਹਾਰਾਜ ਹੋਤੀ ਮਰਦਾਨ ਤੋਂ ਪੰਜਾਬ ਵਿਚ ਆਏ ਸਨ। ਉਸ ਸਮੇਂ ਤੋਂ ਲੈ ਕੇ ਐਸੀ ਬਿਰਤੀ ਧਾਰਨ ਕੀਤੀ," ਆਪਣੇ ਗੁਰਦੇਵ ਜੀ ਦਾ ਜੋ ਬਚਨ ਹੋਇਆ ਉਸ ਪਰ ਦ੍ਰਿੜ੍ਹ-ਵਿਸ਼ਵਾਸ ਕਰਕੇ ਚਲਣਾ ਸ਼ੁਰੂ ਕੀਤਾ। ਸੋ ਬਚਨ ਸੀ ਕਿ ਕਿਸੇ ਪਾਸੋਂ ਕਿਸੇ ਕਿਸਮ ਦੀ ਮੰਗ ਨਹੀਂ ਕਰਨੀ। ਹੋਤੀ ਮਰਦਾਨ ਤੋਂ ਆਉਣ ਸਮੇਂ ਸੰਤ ਜੀ ਦੀ ਕ੍ਰਿਆ ਇਸ ਪ੍ਰਕਾਰ ਸੀ। ਸਿਰ ਛੋਟਾ ਸਾ ਜਿਹਾ ਦਸਤਾਰ, ਗਲ ਵਿਚ ਤਨ ਢੱਕਣ ਵਾਸਤੇ ਇਕ ਕੁੜਤਾ, ਇਕ ਤੇੜ ਕਛਹਿਰਾ। ਇਕ ਦੂਸਰਾ ਕਛਹਿਰਾ ਭੀ ਕੋਲ ਸੀ। ਉਪਰ ਨੂੰ ਇਕ ਕਾਲੇ ਰੰਗ ਦਾ ਤਿੰਨ ਗਜ਼ ਲੰਬਾ ਚਾਦਰਾ ਪਾਣੀ ਪੀਣ ਵਾਸਤੇ ਹੌਂਡੀ ਗੜਵਾ। ਚਰਨਾਂ ਵਿਚ ਪਹਿਲਾਂ ਜੋੜਾ ਸੀ, ਫਿਰ ਜੋੜਾ ਟੁੱਟ ਜਾਣ ਤੇ ਸਦਾ ਨੰਗੇ ਹੀ ਚਰਨ ਰਹੇ। ਜਦੋਂ ਇਕ ਕਛਹਿਰਾ ਫੱਟ ਗਿਆ ਤਾਂ ਦੇਰ ਤਕ ਇਕ ਕਛਹਿਰਾ ਹੀ ਰਿਹਾ ਹੈ। ਉਸ ਇਕ ਕਛਹਿਰੇ ਨਾਲ ਇਸ਼ਨਾਨ ਕਰ ਲੈਣਾ, ਉਹੀ ਕਛਹਿਰਾ ਨਿਚੋੜ ਕੇ ਤੇੜ ਪਾ ਲੈਣਾ। ਉਸ ਸਮੇਂ ਸੰਤਾਂ ਦਾ ਬਾਣੀ ਸਿਮਰਨ ਦਾ ਨਿਯਮ ਇਸ ਤਰ੍ਹਾਂ ਸੀ, ਪੰਜ ਪਾਠ ਸਾਰੇ ਨਿਤਨੇਮ ਦੇ ਸਨ। "ਨਿਤਨੇਮ ਬਾਣੀ" ਜਪੁ ਜੀ ਸਾਹਿਬ, ਜਾਪੁ ਸਾਹਿਬ, ਦਸ ਸਵੱਯੇ, ਚੌਪਈ, ਅਨੰਦ ਸਾਹਿਬ, ਇਸ ਤੋਂ ਇਲਾਵਾ ਪੱਚੀ ਪਾਠ ਜਪੁ ਜੀ ਸਾਹਿਬ ਜੀ ਦੇ ਤੇ ਪੰਦਰਾਂ ਪਾਠ ਸੁਖਮਨੀ ਸਾਹਿਬ ਦੇ ਕਰਿਆ ਕਰਦੇ ਸਨ। ਚਾਹੇ ਪੋਹ ਦੀ ਕੱਕਰ ਪੈਂਦੀ ਸਰਦੀ ਹੁੰਦੀ, ਚਾਹੇ ਜੇਠ ਹਾੜ ਦੀਆਂ ਧਰਤੀ ਨੂੰ ਅੱਗ ਵਾਂਗ ਪੈਣ ਵਾਲੀਆਂ ਲੂਆਂ ਵਗਦੀਆਂ। ਭਾਵੇਂ ਵੀ ਸਾਵਣ ਭਾਦੋਂ ਦੀਆਂ ਮੋਲੇਧਾਰ ਬਾਰਸ਼ਾਂ ਅਤੇ ਚੇਤ ਦੇ ਝੱਖੜ, ਜੇਠ ਦੀਆਂ ਕਾਲੀਆਂ ਬੋਲੀਆਂ ਹਨੇਰੀਆਂ ਵਗਦੀਆਂ। ਕਦੇ ਕਦੇ ਕਾਲੀਆਂ ਘਨਘੋਰ ਘਟਾਂ ਜਿਨ੍ਹਾਂ ਵਿਚ ਬਿਜਲੀਆਂ ਭਿਆਨਕ ਡਰਾ ਦੇਣ ਵਾਲੀਆਂ ਚਮਕਦੀਆਂ, ਕਦੇ-ਕਦੇ ਬੱਦਲ ਐਸੇ ਗੜਕਦੇ ਬਿਜਲੀਆਂ ਦੇ ਕੜਾਕੇ ਪੈਂਦੇ ਮੰਨਣਾ ਕਰੋ, ਅਕਾਸ਼ ਹੀ ਫੱਟ ਗਿਆ ਮਾਲੂਮ ਪੈਂਦਾ।

ਸੰਤ ਮਹਾਰਾਜ ਜੀ ਐਸੇ ਭਿਆਨਕ ਸਮਿਆਂ ਵਿਚ ਵੀ ਭੈ ਤੋਂ ਰਹਿਤ ਹੋ ਕੇ ਇਕੱਲੇ ਹੀ ਵਿਚਰਦੇ ਅਤੇ ਐਸੀ ਸੂਖਮ ਕ੍ਰਿਆ ਵਿਚ ਰਹਿੰਦੇ। ਇਕ ਜੋ ਨਿਤਨੇਮ ਦੀ ਬਾਣੀ ਸੰਤ ਰੋਜ਼ ਹਮੇਸ਼ਾਂ ਪੜ੍ਹਦੇ (325) ਗੁਰੂ ਗ੍ਰੰਥ ਸਾਹਿਬ ਜੀ

ਦੇ ਪੱਤਰੇ ਬਣ ਜਾਂਦੇ ਹਨ। ਇਹ ਨਿਤਨੇਮ ਸੁਣ ਕੇ ਦਾਸ ਲਿਖਾਰੀ ਨੇ ਪੁਛਿਆ ਕਿ ਹਜ਼ੂਰ ਇਤਨਾ ਨਿਤਨੇਮ ਕਰਕੇ ਨਿੰਦ੍ਰਾ ਕਦ ਕਰਦੇ ਹੋ? ਤਾਂ ਸੰਤਾਂ ਨੇ ਦਾਸ ਨੂੰ ਉੱਤਰ ਦਿੱਤਾ ਸੀ, ਕਿ ਕਾਕਾ ਸੌਣ ਦੀ ਸਾਡੀ ਇਸ ਪ੍ਰਕਾਰ ਕ੍ਰਿਆ ਨਿਭਦੀ ਸੀ ਕਿ ਇਸੇ ਰੰਗ ਵਿਚ ਤੁਰੇ ਰਹਿਣਾ ਤੇ ਆਪਣਾ ਨਿਤਨੇਮ ਕਰਦੇ ਰਹਿਣਾ, ਜਿਥੇ ਨਿੰਦ੍ਰਾ ਨੇ ਜ਼ੋਰ ਪਾ ਕੇ ਸਿੱਟ ਲੈਣਾ ਉਥੇ ਹੀ ਨਿੰਦ੍ਰਾ ਕਰ ਲੈਣੀ, ਜਦੋਂ ਅੱਖ ਖੁਲ੍ਹਣੀ ਉਦੋਂ ਹੀ ਉੱਠ ਤੁਰ ਪੈਣਾ ਤੇ ਨਿਯਮ ਆਪਣਾ ਸ਼ੁਰੂ ਰੱਖਣਾ। ਇਹ ਇਕ ਸਾਲ ਨਹੀਂ, ਦੋ ਸਾਲ ਨਹੀਂ, ਬਲਕਿ ਸੰਨ 1932-43 ਈਸਵੀਂ ਤਕ ਇਸੇ ਤਰ੍ਹਾਂ ਰਿਹਾ। ਜਦੋਂ ਸੰਤ ਡੇਰਾ ਬਣਾ ਬੈਠ ਗਏ ਤਾਂ ਫਿਰ ਆਪਣਾ ਨਿਯਮ ਇਸ ਢੰਗ ਨਾਲ ਕਰ ਲਿਆ-ਸੰਸਾਰ ਵਿਚ ਸਾਲ ਦੇ ਦੋ ਹਿੱਸੇ ਹਨ ਜਿਨ੍ਹਾਂ ਨੂੰ ਦੋ ਐਨ ਆਖ ਲਵੋ ਸੰਸਾਰ ਦੇ ਐਨ ਇਕ ਦਖਨੈਣ ਇਕ ਉਤਰੈਣ। ਭਾਵ ਸੂਰਜ ਦੀ ਚਾਲ ਨਾਲ ਸਰਦੀ ਤੇ ਗਰਮੀ ਦੋ ਸਾਲ ਦੇ ਹਿੱਸੇ ਹਨ। ਸੰਤਾਂ ਨੇ ਆਪਣੇ ਸਾਧਨ ਕਰਨ ਵਾਸਤੇ ਸਾਲ ਦੇ ਦੋ ਹਿੱਸੇ ਬਣਾਏ। ਇਕ ਹਿੱਸਾ ਕੱਤਕ, ਮੱਘਰ, ਪੋਹ, ਮਾਘ, ਫੱਗਣ, ਚੇਤ ਇਨ੍ਹਾਂ ਛੇ ਮਹੀਨਿਆਂ ਵਿਚ ਸੰਤਗੜ੍ਹ ਦਸ ਵਜੇ ਡੇਰੇ ਤੋਂ ਨਿਕਲ ਤੁਰਦੇ, ਸਾਰੀ ਰਾਤ ਜਗਰਾਤਾ ਕਰਦੇ, ਇਹ ਜੋ ਡੇਰੇ ਤੋਂ ਉਤਰ ਦੱਖਣ ਦਿਸ਼ਾ ਬਰਸਾਤੀ ਨਦੀ (ਚੋਅ) ਹੈ, ਇਸ ਦੇ ਕੱਕੇ ਰੇਤੇ ਵਿਚ ਨੰਗੇ ਚਰਨੀਂ ਟਹਿਲਣਾ। ਡੇਰੇ ਤੋਂ ਤਕਰੀਬਨ ਡੇਢ ਮੀਲ ਦੱਖਣ ਦੀ ਦਿਸ਼ਾ ਨੂੰ ਪਿੰਡ ਤਨੌਲੀ ਬਰਾਬਰ ਚੋਅ ਦੇ ਕੰਢੇ ਇਕ ਕੁਟੀਆ ਬਣਾਈ ਸੀ। ਬਿਲਕੁਲ ਸਰਵਾੜ ਦੀ ਛੱਤ ਜਿਸ ਦਾ ਨਾਮ ਸੰਤਾਂ ਨੇ ਤਪੋ ਬਣ ਰੱਖਿਆ ਸੀ, ਉਸ ਕੁਟੀਆ ਤਕ ਨੰਗੇ ਚਰਨੀਂ ਟਹਿਲਦੇ ਜਾਂਦੇ। ਉਸ ਕੁਟੀਆ ਵਿਚ ਜਾ ਕੇ ਇਕ ਘੰਟੇ ਦੇ ਲਗ-ਭਗ ਅਟਕਦੇ ਜਾਂ ਬਾਰਸ਼ ਦਾ ਸਮਾਂ ਹੁੰਦਾ ਤਾਂ ਅਟਕਦੇ, ਨਹੀਂ ਤਾਂ ਇਸ ਕੁਟੀਆ ਤੋਂ ਚੱਲ ਪੈਂਦੇ ਅਤੇ ਚੋਅ ਹੀ ਚੋਅ ਠੀਕ ਉੱਤਰ ਨੂੰ ਲਗ-ਪਗ ਉਸ ਕੁਟੀਆ ਤੋਂ ਤਿੰਨ ਮੀਲ ਅਤੇ ਡੇਰੇ ਤੋਂ ਡੇਢ ਮੀਲ ਆ ਜਾਂਦੇ, ਜੋ ਕਿ ਧਗਾਨਗੜ੍ਹ ਲੰਘ ਕੇ ਫਲਾਹੀ ਨਗਰ ਲੰਘਦੇ ਲਗ-ਪਗ ਉਸ ਸਮੇਂ ਅੱਧੇ ਮੀਲ ਦੀ ਚੌੜਾਈ ਦੇ ਰੇਤੇ ਦਾ ਮੈਦਾਨ ਜੋ ਕਿ ਚੰਦ ਚੜ੍ਹਨ ਤੋਂ ਚੰਦ ਦੀ ਚਿੱਟੀ ਚਾਂਦਨੀ ਵਿਚ ਚਾਂਦੀ ਵਾਂਗ ਜਾਂ ਚਿੱਟੀਆਂ ਕਲੀਆਂ ਵਾਂਗ ਚਮਕਦਾ ਹੁੰਦਾ ਸੀ। ਉਸ ਦਾ ਨਾਮ ਸੰਤਾਂ ਨੇ ਚਾਂਦਨੀ ਚੌਂਕ ਰੱਖਿਆ ਹੋਇਆ ਸੀ। ਉਸ ਚਾਂਦਨੀ ਚੌਂਕ ਵਿਚ ਜਾ ਕੇ ਕੁਝ ਸਮਾਂ ਰੱਬ ਦੀ ਕੁਦਰਤ ਵਿਚ ਇਕ-ਮਿਕ ਹੋ ਕੇ ਆਪਣੇ ਸਤਚਿਤ ਅਨੰਦ ਸਰੂਪ ਦਾ ਅਨੰਦ ਮਾਣਦੇ। ਕਦੇ-ਕਦੇ ਮਨ ਦੀ ਮੌਜ ਅਨੁਸਾਰ ਬੀਬੀ ਦੀ ਪੰਡੋਰੀ ਤੋਂ ਸਿੱਧਾ ਜੋ ਰਸਤਾ ਪਿੰਡ ਰਜ਼ਵਾਂ ਤੇ ਪਿੰਡ ਤਾਜੋਵਾਲ ਦਾ ਚੋਅ ਪਿੰਡ ਹਰਮੋਇਆ ਤੋਂ ਥੱਲੇ-ਥੱਲੇ ਚਲਦਾ ਹੈ, ਉਸ ਵਿਚ ਹੋ ਕੇ ਫਿਰ ਪਿਛਿਓਂ ਪਿੰਡ ਤੋਂ ਉਪਰਦੀ ਹੋ ਕੇ ਆਪਣੇ ਸਿੱਧੇ ਚਾਂਦਨੀ ਚੌਂਕ ਵਿਚ ਆ ਜਾਂਦੇ। ਚਾਂਦਨੀ ਚੌਂਕ ਤੋਂ ਫਿਰ ਡੇਰੇ ਆ ਕੇ ਤਿੰਨ ਵਜੇ ਘੰਟੀ ਆਪ ਹਜ਼ੂਰ ਵਜਾਉਂਦੇ। ਜਿਸ ਕਰਕੇ ਡੇਰੇ ਵਿਚ ਰਹਿਣ ਵਾਲੇ ਜਗਿਆਸੂ ਘੰਟੀ ਦੀ ਆਵਾਜ਼ ਸੁਣ ਕੇ ਇਸ਼ਨਾਨ ਕਰਦੇ, ਸਿਮਰਨ ਕਰਨ ਵਿਚ ਲਗ ਜਾਂਦੇ, ਇਹ ਸੰਤਾਂ ਦਾ ਸਰਦੀ ਮੌਸਮ ਦਾ ਪ੍ਰੋਗਰਾਮ ਹੁੰਦਾ।

ਸੰਤਾਂ ਦਾ ਗਰਮੀ ਦਾ ਪ੍ਰੋਗਰਾਮ ਵਿਸਾਖੀ ਵਾਲੇ ਮਹੀਨੇ ਵੈਸਾਖ, ਜੇਠ, ਹਾੜ, ਸਾਵਣ, ਭਾਦੋਂ ਤੇ ਅੱਸੂ ਸਾਰਾ ਇਨ੍ਹਾਂ ਛੇ ਮਹੀਨਿਆਂ ਵਿਚ ਦਸ ਵਜੇ ਡੇਰੇ ਤੋਂ ਤੁਰਨਾ, ਨੰਗੇ ਚਰਨੀਂ ਉਸੇ ਚੋਅ ਦੇ ਕੱਕੇ ਰੇਤੇ ਵਿਚ ਪਹਿਲਾਂ ਤਪੋਬਣ ਤਕ ਜਾਣਾ, ਫਿਰ ਚੋਅ ਹੀ ਚੋਅ ਚਾਂਦਨੀ ਚੌਂਕ ਤਕ ਆਉਂਣਾ। ਜਦੋਂ ਬੈਠਣ ਦੀ ਇੱਛਾ ਹੋਣੀ ਤਾਂ ਉਸ ਹੀ ਅੱਗੇ ਵਾਂਗ ਤਪੇ ਰੇਤੇ ਪਰ ਚੌਂਕੜਾ ਮਾਰ ਕੇ ਬੈਠ ਜਾਣਾ, ਜਦੋਂ ਇੱਛਾ ਹੋਣੀ ਤਾਂ ਉਸ ਹੀ ਅੱਗ ਵਾਂਗ ਤਪਦੇ ਰੇਤੇ ਪਰ ਚਲ ਪੈਣਾ। ਚਲਣਾ ਵੀ ਇਸ ਢੰਗ ਨਾਲ ਜਿਵੇਂ ਕੋਈ ਸੈਰ ਦਾ ਸ਼ੌਕੀਨ ਅਨਾਰਕਲੀ ਜਾਂ ਕਸ਼ਮੀਰ ਦੀ ਝੀਲ ਦੇ ਕਿਨਾਰੇ ਸੈਰ ਕਰਦਾ ਹੁੰਦਾ ਹੈ। ਗਰਮੀਆਂ ਵਿਚ ਭੀ ਕਦੇ ਉਪਰਲੇ ਚੋਅ ਪਿੰਡ ਹਰਮੋਇਆ ਲੰਘ ਚੌਂਕ ਵਿਚ ਫਿਰਕੇ ਆਉਂਦੇ। ਜਦੋਂ ਇਸ ਤਰ੍ਹਾਂ ਦੇ ਸਾਧਨ ਕਰਦਿਆਂ ਕੁਝ ਸਾਲ ਗੁਜ਼ਰੇ। ਹੁਣ ਮਨ ਦੀ ਬਿਰਤੀ ਸਰਦੀ ਗਰਮੀ ਨੂੰ ਸਮ ਕਰਕੇ ਹੀ ਨਿਸ਼ਚਾ ਕਰਦੀ। ਗਰਮੀ ਨੂੰ ਗਰਮੀ ਕਰਕੇ ਨਹੀਂ ਸੀ ਮੰਨਦੀ ਅਤੇ ਸਰਦੀ ਨੂੰ ਸਰਦੀ ਕਰਕੇ ਨਹੀਂ ਸੀ ਮੰਨਦੀ; ਇਕ ਸਮਾਨ ਹੀ ਬਿਰਤੀ ਰਹਿਣ ਲੱਗ ਪਈ। ਇਕ ਦਿਨ ਸੰਤਾਂ ਦੇ ਮਨ ਵਿਚ ਸੰਕਲਪ ਹੋਇਆ ਕਿ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਜਦੋਂ ਤੱਤੀਆਂ ਤਵੀਆਂ ਪਰ ਬੈਠੇ ਸਨ ਅਤੇ ਉਬਲਦੀ ਦੇਗ ਵਿਚ ਬੈਠੇ ਸਨ, ਤੱਤੀ ਰੇਤ ਸੀਸ

ਵਿਚ ਪਈ ਸੀ, ਕੀ ਸਤਿਗੁਰੂ ਨੂੰ ਇਹ ਸਾਰੀਆਂ ਦੁਖਦਾਈ ਸਨ ਜਾਂ ਨਹੀਂ? ਦੁਖਦਾਈ ਸਨ। ਜੇ ਨਹੀਂ ਦੁਖਦਾਈ ਸਨ ਉਸ ਸਮੇਂ ਸਤਿਗੁਰੂ ਇਸ ਬਿਰਤੀ ਵਿਚ ਇਸਥਿਤ ਸਨ। ਇਸ ਤਰ੍ਹਾਂ ਸਿੱਖਾਂ ਨੇ ਭੀ ਐਸੇ ਹੀ ਕਰ ਵਿਖਾਇਆ ਜੈਸੇ ਕਿ ਭਾਈ ਦਿਆਲਾ ਜੀ ਉਬਲਦੀ ਦੇਗ ਵਿਚ ਬੈਠੇ ਸਨ। ਭਾਈ ਸਤੀ ਰਾਮ ਜੀ ਨੂੰ ਜਿਉਂਦਾ ਹੀ ਰੂੰ ਵਿਚ ਲਪੇਟ ਕੇ ਤੇਲ ਨਾਲ ਰੂੰਈ ਨੂੰ ਗੱਚ ਕਰਕੇ ਅੱਗ ਲਾ ਦਿੱਤੀ ਸੀ ਤੇ ਭਾਈ ਮਨੀ ਸਿੰਘ ਜੀ ਬੰਦ-ਬੰਦ ਕਟਾ ਕੇ ਅਨੰਦ ਵਿਚ ਮਗਨ ਸਨ ਅਤੇ ਭਾਈ ਤਾਰੂ ਸਿੰਘ ਜੀ ਆਪਣੀ ਖੋਪੜੀ ਲੁਹਾ ਕੇ ਅਠਾਰਾਂ ਦਿਨ ਅਨੰਦ ਦੀ ਮਸਤੀ ਵਿਚ ਰਹੇ। ਜਦੋਂ ਕਿਸੇ ਨੇ ਆ ਕੇ ਦੱਸਿਆ ਕਿ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਸੂਬਾ ਆਪ ਖਾਂਦਾ-ਖਾਂਦਾ ਮਰ ਗਿਆ, ਭਾਈ ਤਾਰੂ ਸਿੰਘ ਜੀ ਨੇ ਸੁਣ ਕੇ ਆਖਿਆ ਤਾਂ ਫਿਰ ਹੁਣ ਖਾਲਸਾ ਵੀ ਤਿਆਰ ਹੈ। ਉਸ ਸਮੇਂ ਭਾਈ ਤਾਰੂ ਸਿੰਘ ਜੀ ਸੁਤੰਤਰ ਹੀ ਆਪਣਾ ਸਰੀਰ ਤਿਆਗਣ ਕਰਕੇ ਚਲਾ ਗਿਆ, ਕੀ ਭਾਈ ਸਤੀ ਰਾਮ ਜੀ, ਭਾਈ ਦਿਆਲਾ ਜੀ, ਅਤੇ ਭਾਈ ਮਤੀ ਦਾਸ ਜੀ ਜੋ ਆਰੇ ਨਾਲ ਚੀਰੇ ਗਏ, ਕੀ ਇਨ੍ਹਾਂ ਨੂੰ ਕੋਈ ਦੁੱਖ ਹੋਇਆ? ਤਾਂ ਫਿਰ ਇਹ ਸਾਰੇ ਗੁਰਮੁੱਖ ਕਿਸ ਬਿਰਤੀ ਵਿਚ ਇਸਥਿਤ ਸਨ। ਇਸ ਬਿਰਤੀ ਨੂੰ ਪਰਖਣ ਵਾਸਤੇ ਅੱਜ ਸੰਤਾਂ ਨੇ ਵੀ ਕੁਝ ਉਪਰਾਲਾ ਕੀਤਾ। ਅੱਜ ਸੰਤਾਂ ਨੇ ਮੋਟੀ ਕਿੱਕਰ ਦਾ ਮੋਟਾ ਜਿਹਾ ਮਘਦਾ ਕੋਲਾ ਲਿਆ ਅਤੇ ਇਹ ਮਘਦਾ ਕੋਲਾ ਲੈ ਕੇ ਆਪਣੀ ਛਾਤੀ ਦੇ ਮੱਧ ਅਸਥਾਨ ਪਰ ਰੱਖ ਲਿਆ। ਆਪ ਹਜ਼ੂਰ ਉਸ ਤਰ੍ਹਾਂ ਹੀ ਉਸੇ ਬਿਰਤੀ ਵਿਚ ਲਿਵਲੀਨ ਹੋ ਗਏ। ਸੰਤਾਂ ਦੇ ਮਾਸ ਸੜਨ ਦੀ ਜਦੋਂ ਵਾਸਨਾ ਸਿੰਘਾਂ ਨੂੰ ਆਈ ਤਾਂ ਸਿੱਖਾਂ ਨੇ ਕੀ ਤੱਕਿਆ ਕਿ ਸੰਤਾਂ ਦੀ ਛਾਤੀ ਸੜ ਰਹੀ ਹੈ। ਮੱਧਮ ਜਿਹਾ ਧੂੰਆਂ ਵੀ ਨਿਕਲਦਾ ਹੈ, ਪਰ ਸੰਤ ਆਪਣੀ ਅਨੰਦ ਬਿਰਤੀ ਵਿਚ ਮਸਤ ਹੋਏ ਬਦੇਹੀ ਜਨਕ ਵਾਂਗ ਅਚੱਲ, ਅਟੱਲ ਨਿਰਹਿਲ ਹਨ, ਸਿੱਖਾਂ ਨੇ ਬੜੀ ਛੇਤੀ ਨਾਲ ਉੱਦਮ ਕੀਤਾ, ਚਿਮਟਾ ਲਿਆ ਕੇ ਸੰਤਾਂ ਦੀ ਛਾਤੀ ਵਿਚੋਂ ਮੱਘਦਾ ਕੋਲਾ ਕੱਢਿਆ ਅਤੇ ਬੇਨਤੀ ਕਰਕੇ ਸੰਤਾਂ ਤੋਂ ਪੁੱਛਿਆ ਕਿ ਦੀਨ ਦਿਆਲ ਜੀਉ, ਇਹ ਆਪ ਜੀ ਨੇ ਕੀ ਕੀਤਾ ਹੈ? ਤਾਂ ਸੰਤਾਂ ਨੇ ਹੱਸ ਕੇ ਉੱਤਰ ਦਿੱਤਾ ਕਿ ਅਸੀਂ ਤਾਂ ਆਪਣੇ ਆਪ ਦੀ ਪਰਖ ਕਰ ਰਹੇ ਸਾਂ ਕਿ ਇਹ ਸਰੀਰ ਦੁੱਖ ਸੁੱਖ ਨੂੰ ਮਹਿਸੂਸ ਕਰਦਾ ਹੈ ਕਿ ਨਹੀਂ? ਹੁਣ ਸਾਨੂੰ ਸਤਿਗੁਰੂ ਦੀ ਕ੍ਰਿਪਾ ਮਿਹਰ ਨਾਲ ਨਿਸ਼ਚਾ ਹੋ ਗਿਆ ਹੈ ਕਿ ਸਰੀਰ ਨੂੰ ਭਾਵੇਂ ਅੱਗ ਵਿਚ ਤੁੰਬਾ-ਤੁੰਬਾ ਕਰਕੇ ਸਾੜ ਦੇਵੇ ਤਾਂ ਮੇਰਾ ਆਤਮਾ ਦੁੱਖ ਨੂੰ ਮਹਿਸੂਸ ਨਾ ਕਰੇਗਾ। ਅਸੰਗ ਨਿਰਲੇਪ ਨਿਰਬਾਣ ਨਿਰਬੰਧ ਹੈ ਤੇ ਇਸ ਨਿਸ਼ਚੇ ਵਿਚ ਹੀ ਟਿਕਾ ਰਹੇਗਾ। ਇਤੀ।

ਜੰਗਲ ਦਿਸ਼ਾ ਗਏ ਹੀ ਹੋਤੀ ਮਰਦਾਨ ਚਲੇ ਜਾਣਾ

ਸੰਨ 1927 ਚੜ੍ਹਿਆ, ਮਹੀਨਾ ਫਰਵਰੀ ਅਜੇ ਇਕ ਦੋ ਦਿਨ ਗਿਆ ਹੈ, ਸਰਦੀ ਬੜੇ ਜੋਬਨ ਤੇ ਹੈ, ਕਿਉਂਕਿ ਅਜੇ ਤਕ ਦੁਨੀਆਂ ਪਰ ਮਾਘ ਦਾ ਮਹੀਨਾ ਅੱਧਾ ਕੁ ਹੀ ਗਿਆ ਹੈ। ਆਲਸੀ ਆਦਮੀ ਅੰਮ੍ਰਿਤ ਵੇਲੇ ਉਠਣ ਤੋਂ ਸੰਕੋਚਦੇ ਹਨ, ਪਰ ਉੱਦਮੀ ਗੁਰਸਿੱਖ ਮਾਘ ਦੇ ਮਹੀਨੇ ਉੱਠ ਕੇ ਅੰਮ੍ਰਿਤ ਵੇਲੇ ਠੰਢੇ ਪਾਣੀ ਵਿਚ ਇਸ਼ਨਾਨ ਕਰਕੇ ਨਿਤਨੇਮ ਤੇ ਸਿਮਰਨ ਕਰਦੇ ਹਨ, ਤੇ ਨਾਮ ਸੁਣਦੇ ਹਨ ਭਾਵੇਂ ਹਿੰਦੂ ਮੱਤ ਨੇ ਖਾਸ ਕਰ ਮਾਘ ਮਹੀਨੇ ਦੇ ਇਸ਼ਨਾਨ ਨੂੰ ਬਹੁਤ ਤਰਜੀਹ ਦਿੱਤੀ ਹੈ, ਕਿ ਮਾਘ ਦੇ ਮਹੀਨੇ ਗੰਗਾ ਅਦਿਕ ਤੀਰਥ ਪਰ ਇਸ਼ਨਾਨ ਕਰਕੇ ਪੁੰਨ-ਦਾਨ ਕਰਨਾ ਸੌ ਗੁਣਾਂ ਫਲੀਭੂਤ ਹੁੰਦਾ ਹੈ। ਇਸ ਕਰਕੇ ਹੀ ਹਿੰਦੂ ਲੋਕ ਜ਼ਿਆਦਾ ਤੋਂ ਜ਼ਿਆਦਾ ਗੰਗਾ ਆਦਿਕ ਤੀਰਥਾਂ ਪਰ ਜਾ ਕੇ ਇਸ਼ਨਾਨ ਕਰਕੇ ਪੁੰਨ-ਦਾਨ ਕਰਦੇ ਹਨ। ਪਰ ਗੁਰੂ ਮੱਤ ਬਹੁਤ ਠੋਸ ਮੱਤ ਹੈ ਅਤੇ ਸਿੱਖ ਮੱਤ ਉਧਾਰ ਮੱਤ ਨਹੀਂ ਕਿ ਮਾਘ ਦੇ ਮਹੀਨੇ ਇਸ਼ਨਾਨ ਕਰਕੇ ਗੰਗਾ ਆਦਿਕ ਤੀਰਥਾਂ ਪਰ ਪੁੰਨ ਕਰਨਾ ਅੱਗੇ ਕਈ ਗੁਣਾਂ ਵਾਧੇ ਵਿਚ ਮਿਲਦਾ ਹੈ ਕਿ ਸਤਿਗੁਰੂ ਆਪਣੇ ਸਿੱਖਾਂ ਨੂੰ ਮਾਘ ਦਾ ਮਹੀਨਾ ਸਫਲ ਕਰਨਾ ਇਸ ਪ੍ਰਕਾਰ ਦੱਸਦੇ ਹਨ:-

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।। ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੌ ਕਰਿ ਦਾਨੁ।।
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ।। ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ।।
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।। ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।।

ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ।। ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ।।
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ।। ੧੨।। (ਪੰਨਾ ੧੩੫)

ਸਤਿਗੁਰੂ ਜੀ ਦੇ ਗੁਰਸਿੱਖ, ਸਤਿਗੁਰੂ ਜੀ ਦੇ ਮਾਘ ਮਹੀਨੇ ਵਿਚ, ਦੱਸੇ ਉਪਦੇਸ਼ ਪਰ ਚਲ ਕੇ ਸਾਧੂਆਂ ਦੀ ਧੂੜੀ ਵਿਚ ਇਸ਼ਨਾਨ ਕਰਦੇ ਤੇ ਨਾਮ ਜਪ ਕੇ ਅਤੇ ਧਰਮ ਦੀ ਕ੍ਰਿਤ ਕਰਕੇ ਵੰਡ ਛਕਦੇ ਹਨ। ਨਾਲ ਹੀ ਦਸਵੰਧ ਦੇ ਕਰਕੇ ਆਪਣਾ ਜਨਮ ਸਫਲ ਕਰਦੇ ਹਨ। ਐਸਾ ਜੋ ਮਹਾਨ ਪੁੰਨ ਰੂਪ ਮਹੀਨਾ ਹੈ। ਐਸੇ ਮਹੀਨੇ ਵਿਚ ਸੰਤ ਮਹਾਰਾਜ ਅੰਮ੍ਰਿਤ ਵੇਲੇ ਉਠੇ ਅਤੇ ਹੱਥ ਵਿਚ ਪਾਣੀ ਦਾ ਗੜਵਾ ਲਿਆ, ਆਪਣੇ ਚਾਦਰੇ ਦੀ ਬੁਕਲ ਮਾਰ ਕੇ ਜੰਗਲ ਦਿਸ਼ਾ ਹੋਣ ਵਾਸਤੇ ਚੱਲ ਪਏ। ਆਪ ਹਜ਼ੂਰ ਆਪਣੇ ਗੁਰਦੇਵ ਜੀ ਦੀ ਯਾਦ ਅੰਦਰ ਅੰਤਰ-ਧਿਆਨ ਹੋਏ ਤੁਰੇ ਹੀ ਗਏ। ਇਤਨੇ ਨੂੰ ਪਹੁ-ਫੁਟਾਲਾ ਹੋ ਗਿਆ ਤਾਂ ਫਿਰ ਕੀ ਤਕਿਆ ਕਿ ਹੁਸ਼ਿਆਰਪੁਰ ਆ ਗਿਆ ਹੈ ਅਤੇ ਅਸੀਂ ਭੰਗੀਆਂ ਦੀ ਬਸਤੀ ਲੰਘ ਤੁਰੇ ਹਾਂ। ਇਥੇ ਆ ਕੇ ਦਿਲ ਨੇ ਬਹੁਤ ਉਛਾਲ ਖਾਧਾ ਅਤੇ ਚਿੱਤ ਵਿਚ ਗੁਰਦੇਵ ਦੇ ਪ੍ਰੇਮ ਨੇ ਲਹਿਰਾਂ ਮਾਰੀਆਂ। ਉਸ ਪ੍ਰੇਮ ਦੀਆਂ ਲਹਿਰਾਂ ਵਿਚ ਹੀ ਇਕ ਪ੍ਰੇਮ ਦੇ ਫੁਰਨੇ ਦੀ ਲਹਿਰ ਆਈ ਕਿ ਮਨ ਚੱਲ ਗੁਰਦੇਵ ਦੀ ਜੋ ਪਵਿੱਤਰ ਭੂਮੀ ਮਹਾਨ ਤੀਰਥ ਹੈ, ਉਸ ਦੀ ਧੂੜੀ ਵਿਚ ਚਲ ਕੇ ਇਸ਼ਨਾਨ ਕਰੀਏ।

ਇਸ ਫੁਰਨੇ ਵਿਚ ਹੀ ਹੁਸ਼ਿਆਰਪੁਰ ਸਟੇਸ਼ਨ ਪਰ ਆਏ, ਉਸ ਸਮੇਂ ਜਲੰਧਰ ਨੂੰ ਗੱਡੀ ਜਾਣ ਵਾਸਤੇ ਤਿਆਰ ਖੜੀ ਸੀ। ਇਕ ਦਮ ਹੋਤੀ ਮਰਦਾਨ ਦਾ ਟਿਕਟ ਲੈ ਕੇ ਗੱਡੀ ਵਿਚ ਬੈਠ ਗਏ। ਫਿਰ ਇਕ ਦਮ ਹੀ ਗੱਡੀ ਚਲ ਪਈ। ਸੰਤ ਜੀ ਆਪਣੇ ਗੁਰੂ ਦੇਵ ਦੇ ਪ੍ਰੇਮ ਦੀ ਮਸਤੀ ਅੰਦਰ ਅੰਤਰ-ਧਿਆਨ ਹੋ ਕੇ ਬੈਠੇ ਰਹੇ। ਇਤਨੇ ਨੂੰ ਜਲੰਧਰ ਜੰਕਸ਼ਨ ਆਇਆ। ਉਸ ਸਮੇਂ ਗੱਡੀ ਪੰਜਾਬ ਤੋਂ ਪੇਸ਼ਾਵਰ ਤਕ ਜਾਂਦੀ ਸੀ, ਨੰਬਰ ਇਕ ਪਲੇਟ-ਫਾਰਮ ਪਰ ਆ ਖੜੀ ਹੋਈ। ਹਜ਼ੂਰ ਨੇ ਗੇਟ ਬਾਬੂ ਤੋਂ ਪੁੱਛਿਆ ਕਿ ਪੇਸ਼ਾਵਰ ਨੂੰ ਕਿਹੜੀ ਗੱਡੀ ਜਾ ਰਹੀ ਹੈ? ਉਸ ਸਮੇਂ ਦੇ ਗੇਟ ਬਾਬੂ ਨੇ ਦੱਸਿਆ, ਕਿ ਆਹ ਜੋ ਗੱਡੀ ਆ ਕੇ ਖੜੀ ਹੈ। ਇਹੀ ਗੱਡੀ ਪੇਸ਼ਾਵਰ ਜਾ ਰਹੀ ਹੈ। ਫਿਰ ਸੰਤ ਜੀ ਮਹਾਰਾਜ ਉਸ ਮੇਲ ਪਰ ਚੜ੍ਹ ਬੈਠੇ। ਗੱਡੀ ਸਟੇਸ਼ਨ ਤੋਂ ਚੱਲ ਪਈ, ਇਕ ਰਾਤ ਰਸਤੇ ਵਿਚ ਲਾ ਕੇ ਅੰਮ੍ਰਿਤ ਵੇਲੇ ਹੀ ਨੌਸ਼ਹਿਰਾ ਜੰਕਸ਼ਨ ਪਰ ਗੱਡੀ ਜਾ ਖੜੀ ਹੋਈ। ਸੰਤ ਮੇਲ ਗੱਡੀ ਵਿਚੋਂ ਉਤਰ ਕੇ ਜੋ ਹੋਤੀ ਮਰਦਾਨ ਨੂੰ ਗੱਡੀ ਚੱਲ ਕੇ ਰਸਾਲ ਰਸਾਲਾ ਪਰ ਛਾਵਣੀ ਤੋਂ ਲੰਘ ਕੇ ਦੂਸਰੇ ਸਟੇਸ਼ਨ ਹੋਤੀ ਮਰਦਾਨ ਪਰ ਜਾ ਖੜੀ ਹੋਈ। ਸੰਤ ਗੱਡੀ ਤੋਂ ਉਤਰ ਕੇ ਆਪਣੀ ਪ੍ਰੇਮ-ਭਗਤੀ ਵਿਚ ਸੰਤ ਮਹਾਰਾਜ ਬਾਬਾ ਕਰਮ ਸਿੰਘ ਸਾਹਿਬ ਤੇ ਆਪਣੇ ਗੁਰਦੇਵ ਮਹਾਰਾਜ ਆਇਆ ਸਿੰਘ ਸਾਹਿਬ ਜੀ ਦੀ ਪਵਿੱਤਰ ਭੂਮੀ ਡੇਰੇ ਵਿਚ ਜਾ ਕਰਕੇ ਪਹਿਲਾਂ ਗੁਰਦੁਆਰਾ ਸਾਹਿਬ ਜਾ ਕੇ ਬਹੁਤ ਪ੍ਰੇਮ ਸਹਿਤ ਗੱਦ-ਗੱਦ ਹੋ ਕੇ ਡੰਡਉਤ ਬੰਦਨਾ ਕੀਤੀ।

ਉਸ ਅਸਥਾਨ ਦੀ ਧੂੜੀ ਨੂੰ ਚੁੰਮਿਆ ਤੇ ਆਪਣੇ ਮਸਤਕ ਨੂੰ ਲਾ ਕੇ ਆਪਣੇ ਆਪ ਨੂੰ ਧੰਨ-ਭਾਗੀ ਸਮਝਿਆ। ਫਿਰ ਇਕ ਟੱਕ ਸਤਿਗੁਰੂ ਜੀ ਦੇ ਸਨਮੁਖ ਬੈਠ ਕੇ ਬਿਰਤੀ ਨੂੰ ਸੰਕੋਚ ਕੇ ਇਸਥਿਤ ਹੋ ਕੇ ਬੈਠ ਗਏ ਅਤੇ ਨੇਤਰਾਂ ਵਿਚ ਪ੍ਰੇਮ ਦਾ ਜਲ ਛਮ-ਛਮ ਕਰਕੇ ਬਹਿ ਰਿਹਾ ਹੈ। ਜਦੋਂ ਕੁਝ ਸਮਾਂ ਇਸ ਰਸ ਵਿਚ ਬੈਠਿਆਂ ਨੂੰ ਹੋਇਆ ਤਾਂ ਕਿਸੇ ਸੰਤਾਂ ਦੀ ਇਹ ਹਾਲਤ ਤੱਕ ਕੇ ਸੰਤ ਗਿਆਨੀ ਹਰੀ ਸਿੰਘ ਜੀ ਨੂੰ ਜਾ ਕੇ ਦੱਸਿਆ ਕਿ ਗਿਆਨੀ ਜੀ ਇਕ ਅਜਨਬੀ ਜਿਹਾ ਬੰਦਾ ਇਸ ਹਾਲਤ ਵਿਚ ਕੁਝ ਦੇਰ ਗੁਰਦਵਾਰੇ ਦੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਬੜੇ ਵੈਰਾਗ ਤੇ ਪ੍ਰੇਮ-ਪੂਰਨ ਬਿਰਤੀ ਵਿਚ ਬੈਠੇ ਹਨ। ਸਾਨੂੰ ਉਨ੍ਹਾਂ ਦੀ ਨੁਹਾਰ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਹਨ, ਜਦੋਂ ਗਿਆਨੀ ਜੀ ਨੇ ਐਸੇ ਸੁਣਿਆ, ਇਕ ਦਮ ਆਪਣੇ ਆਸਣ ਤੋਂ ਉੱਠੇ ਅਤੇ ਗੁਰਦਵਾਰੇ ਵਿਚ ਆ ਕੇ ਕੀ ਤੱਕਿਆ ਕਿ ਸੰਤ ਮਹਾਰਾਜ ਜੀ ਇਸ ਦਿਸ਼ਾ ਵਿਚ ਬੈਠੇ ਹਨ। ਸੰਤ ਗਿਆਨੀ ਜੀ ਨੇ ਸੰਤ ਜੀ ਨੂੰ ਬੜੇ ਸਤਿਕਾਰ ਨਾਲ ਨਮਸ਼ਕਾਰ ਕੀਤੀ।

ਫਿਰ ਸੰਤਾਂ ਦੀ ਦਸ਼ਾ ਤੱਕੀ, ਫਿਰ ਸੰਤ ਗਿਆਨੀ ਜੀ ਆਪ ਵੀ ਹੱਥ ਜੋੜ ਕੇ ਸੰਤਾਂ ਵੱਲ ਤੱਕਣ ਲੱਗੇ। ਬਿਨਾਂ ਕਿਸੇ ਬਚਨ-ਬਿਲਾਸ ਤੋਂ ਜਾਂ ਸੁਖ-ਅਨੰਦ ਤੋਂ ਆਪ ਵੀ ਉਸੇ ਵੈਰਾਗ ਤੇ ਪ੍ਰੇਮ ਦੀ ਨਦੀ ਵਿਚ ਰੁੜ੍ਹ ਗਏ, ਜਿਸ ਪ੍ਰੇਮ ਦੀ ਨਦੀ ਹਜ਼ੂਰ ਸੰਤ ਬਹੇ ਜਾ ਰਹੇ ਸਨ। ਭਾਵ ਸੰਤ ਹਰੀ ਸਿੰਘ ਜੀ ਵੀ ਫੁੱਟ ਫੁੱਟ ਕੇ ਰੋਣ ਲਗ ਪਏ। ਫਿਰ ਕੀ ਸੀ,

ਇਕ ਆਇਆ, ਉਹ ਵੀ ਬੈਠ ਗਿਆ, ਦੂਸਰਾ ਆਇਆ, ਉਹ ਵੀ ਬੈਠ ਗਿਆ, ਇਸ ਤਰ੍ਹਾਂ ਪੰਦਰਾਂ ਕੁ ਮਿੰਟ ਪ੍ਰੇਮ ਕ਼ਰੀਆਂ ਜ਼ਿੰਦਗੀਆਂ ਦਾ ਇਕੱਠ ਬੱਝ ਗਿਆ। ਸਾਰਿਆਂ ਦੇ ਕੋਮਲ ਹਿਰਦੇ ਪ੍ਰੇਮ ਦੇ ਅੰਮ੍ਰਿਤ ਨਾਲ ਲਬਾ-ਲਬ ਪੂਰਤ ਹੋ ਗਏ ਸਨ। ਇਤਨੇ ਨੂੰ ਕਿਸੇ ਪ੍ਰੇਮੀ ਨੇ ਜਾ ਕੇ ਬਾਬਾ "ਸਾਹਿਬ ਸਿੰਘ" ਜੀ ਪਾਸ ਬੇਨਤੀ ਕੀਤੀ ਕਿ ਬਾਬਾ ਜੀ, ਸੰਤ ਦੁਆਬੇ ਵਿਚੋਂ ਹਰਖੋਵਾਲ ਤੋਂ ਆਏ ਹਨ। ਪਰ ਗੁਰਦੁਵਾਰੇ ਵਿਚ ਪ੍ਰੇਮ ਤੇ ਵੈਰਾਗ-ਭਰੀ ਦਿਸ਼ਾ ਵਿਚ ਬੈਠੇ ਹਨ। ਸੰਤਾਂ ਦੇ ਪਾਸ ਗਿਆਨੀ ਹਰੀ ਸਿੰਘ ਜੀ ਵੀ ਗਏ ਹਨ। ਪਰ ਗਿਆਨੀ ਵੀ ਸੰਤਾਂ ਦੀ ਪ੍ਰੇਮ ਨਦੀ ਵਿਚ ਰੁੜ੍ਹੇ ਜਾ ਰਹੇ ਹਨ। ਜੋ ਵੀ ਸੰਤ ਗਿਆ ਸੋ ਵੀ ਉਸੀ ਵੈਰਾਗ ਦਿਸ਼ਾ ਵਿਚ ਉਨ੍ਹਾਂ ਕੋਲ ਹੀ ਬੈਠ ਗਿਆ।

ਆਪ ਜੀ ਕ੍ਰਿਪਾ ਕਰੋ, ਗੁਰਦਵਾਰੇ ਚਲ ਕੇ ਸੰਤਾਂ ਨੂੰ ਉਠਾਲ ਕੇ ਲੈ ਆਵੋ। ਬਾਬਾ ਸਾਹਿਬ ਸਿੰਘ ਜੀ ਉਸ ਸਮੇਂ ਆਪਣੇ ਆਸਣ ਤੋਂ ਉੱਠ ਕੇ ਗੁਰਦਵਾਰੇ ਗਏ, ਸਾਰਿਆਂ ਦੀ ਦਸ਼ਾ ਤੱਕੀ, ਇਹ ਦਸ਼ਾ ਤੱਕ ਕੇ ਬਾਬਾ ਜੀ ਦੇ ਨੇਤਰ ਵੀ ਸੱਜਲ ਹੋ ਗਏ। ਆਪਣੇ ਆਪ ਨੂੰ ਬੜੀ ਧੀਰਜ ਵਿਚ ਲਿਆਂਦਾ ਅਤੇ ਸੰਤ ਮਹਾਰਾਜ ਜੀ ਨੂੰ ਮਲਕੜੇ ਜਿਹੇ ਬਾਂਹ ਤੋਂ ਫੜ ਕੇ ਆਪਣੇ ਗਲੇ ਲਗਾ ਰਹੇ ਹਨ। ਪਰ ਸੰਤ ਮਹਾਰਾਜ ਬਾਬੇ ਜੀ ਦੇ ਚਰਨਾਂ ਪਰ ਢਹਿ ਪਏ ਅਤੇ ਆਪਣੇ ਨੇਤਰਾਂ ਦੇ ਜਲ ਨਾਲ ਬਾਬਾ ਜੀ ਦੇ ਚਰਨ ਧੋ ਦਿੱਤੇ। ਅਖੀਰ ਸੰਤ ਉਠਾਏ, ਬਾਬਾ ਜੀ ਨੇ ਆਪਣੇ ਗਲ ਲਾਏ, ਉਸ ਤਰ੍ਹਾਂ ਸੰਤਾਂ ਨੂੰ ਜੱਫੀ ਵਿਚ ਲੈ ਕੇ ਆਪਣੇ ਆਸਣ ਤੇ ਆ ਗਏ ਅਤੇ ਸੰਤਾਂ ਨੂੰ ਵੀ ਆਸਣ ਪਰ ਬੈਠਾਇਆ। ਫੇਰ ਬਾਬਾ ਜੀ ਨੇ ਗਿਆਨੀ ਹਰੀ ਸਿੰਘ ਜੀ ਨੂੰ ਬੜੇ ਮਿੱਠੇ ਬਚਨਾਂ ਨਾਲ ਕਿਹਾ ਕਿ ਗਿਆਨੀ ਜੀ ਸੰਤਾਂ ਨੂੰ ਛੱਕਣ ਛਕਾਉਣ ਦੀ ਬਜਾਏ ਤੁਸੀਂ ਵੀ ਉਥੇ ਵੈਰਾਗ ਕਰਨ ਬੈਠ ਗਏ। ਗਿਆਨੀ ਹਰੀ ਸਿੰਘ ਜੀ ਨੇ ਬਾਬਾ ਜੀ ਨੂੰ ਉੱਤਰ ਦਿੱਤਾ ਕਿ ਬਾਬਾ ਜੀ ਮੇਰੇ ਉੱਪਰ ਉਸ ਸਮੇਂ ਸੰਤਾਂ ਦਾ ਐਸਾ ਪ੍ਰਭਾਵ ਪਿਆ ਕਿ ਮੈਨੂੰ ਕੋਈ ਵੀ ਸੂਝ ਨਹੀਂ ਰਹੀ, ਜੈਸੇ ਕਿ ਗੋਕਲ ਵਿਚ ਭਗਤ ਊਧੋ ਜੀ ਗੋਪੀਆਂ ਦੇ ਨਾਲ ਹੀ ਵੈਰਾਗ ਕਰਨ ਲਗ ਪਏ। ਊਧੋ ਜੀ ਕਦੋਂ ਵੈਰਾਗ ਕਰਨ ਲੱਗ ਪਏ ਸਨ?

ਉੱਤਰ- ਜਦੋਂ ਕਿ ਕ੍ਰਿਸ਼ਨ ਜੀ ਗੋਕਲ ਨੂੰ ਛੱਡ ਕੇ ਮਥਰਾ ਵਿਖੇ ਆਏ। ਪਹਿਲਾਂ ਆਉਦਿਆਂ ਹੀ ਕੁਬਜਾ ਨੂੰ ਤਾਰਿਆ, ਕੁਬਜਾ ਜੋ ਕਿ ਕੰਸ ਦੇ ਬਾਗ ਦੀ ਮਾਲਣ ਸੀ। ਹਮੇਸ਼ਾਂ ਹੀ ਫੁੱਲਾਂ ਦੀ ਮਾਲਾ ਗੁੰਦ ਕੇ ਕੰਸ ਨੂੰ ਪਹਿਨਾਇਆ ਕਰਦੀ ਸੀ। ਅੱਜ ਕ੍ਰਿਸ਼ਨ ਜੀ ਦੇ ਰਸਤੇ ਵਿਚ ਹੀ ਮਿਲ ਗਏ। ਇਹ ਕੰਸ ਵਾਲੀਆਂ ਫੁੱਲਾਂ ਦੀਆਂ ਮਾਲਾਂ ਕ੍ਰਿਸ਼ਨ ਜੀ ਨੂੰ ਪੇਸ਼ ਕੀਤੀਆਂ। ਕ੍ਰਿਸ਼ਨ ਜੀ ਨੇ ਕਿਹਾ ਕਿ ਮੇਰੇ ਗਲੇ ਵਿਚ ਪਾ ਦੇ, ਕੁਬਜਾ ਨੇ ਕਿਹਾ ਕਿ ਗਰੀਬ-ਨਿਵਾਜ਼ ਮੈਂ ਕੁੱਬੀ ਹਾਂ, ਮੇਰਾ ਹੱਥ ਨਹੀਂ ਜਾਂਦਾ, ਤਾਂ ਉਸ ਸਮੇਂ ਕ੍ਰਿਸ਼ਨ ਜੀ ਨੇ ਆਪਣੇ ਦੋਨੋਂ ਚਰਨ ਕੁਬਜਾ ਦੇ ਦੋਨੋਂ ਪੈਰਾਂ ਪਰ ਰੱਖੇ ਅਤੇ ਆਪਣੇ ਦੋਨੋਂ ਹੱਥ ਕਮਲਾਂ ਨੂੰ ਕੁਬਜਾ ਦੇ ਠੋਡੀ ਥੱਲੇ ਦੇ ਕੇ ਉਪਰ ਨੂੰ ਚੁੱਕ ਕੇ ਕੁਬਜਾ ਦਾ ਕੁਬ ਕੱਢ ਦਿੱਤਾ। ਕੁਬਜਾ ਨੇ ਕ੍ਰਿਸ਼ਨ ਜੀ ਦੇ ਗਲੇ ਵਿਚ ਮਾਲਾ ਪਾ ਕੇ ਆਪਣਾ ਜੀਵਨ ਸਫਲ ਕਰ ਲਿਆ।

ਹੁਣ ਕੁਬਜਾ ਸ੍ਰੀ ਕ੍ਰਿਸ਼ਨ ਜੀ ਦੀ ਬਣ ਗਈ, ਮਥਰਾ ਵਿਚ ਆ ਕੇ ਕੰਸ ਕੇਸੀ ਮੁਸ਼ਟਕ ਆਦਿਕ ਰਾਖਸ਼ ਬੁੱਧੀ ਵਾਲਿਆਂ ਨੂੰ ਮਾਰ ਕੇ ਆਪਣੇ ਪਿਤਾ ਵਾਸਦੇਵ ਜੀ ਨੂੰ ਤੇ ਮਾਤਾ ਦੇਵਕੀ ਜੀ ਨੂੰ ਅਤੇ ਆਪਣੇ ਨਾਨਾ ਉਗ੍ਰਸੈਨ ਜੀ ਨੂੰ ਕੰਸ ਦੀ ਕੈਦ ਵਿਚੋਂ ਕੱਢ ਕੇ ਰਾਜ ਕਰਨ ਲਗੇ। ਯਥਾ ਕਿ :-

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।। ਉਗ੍ਰਸੈਨ ਕਉ ਰਾਜੁ ਅਭੈ ਭਗਤਹ ਜਨ ਕੀਓ।। (ਪੰਨਾ ੧੩੯੦)

ਕੰਸ ਨੂੰ ਕਿਰਤਾਰਥ ਇਸ ਵਾਸਤੇ ਕੀਤਾ ਕਿ ਅਵਤਾਰ ਦੇ ਹੱਥੋਂ ਮਰਨ ਕਰਕੇ ਤੇ ਕ੍ਰਿਸ਼ਨ ਦਾ ਮਾਮਾ ਹੋਣ ਕਰਕੇ ਸਫਲ ਹੋਇਆ ਮੰਨਿਆ ਹੈ। ਭਾਵ ਕਿ ਮਥੁਰਾ ਵਿਚ ਕ੍ਰਿਸ਼ਨ ਦੇ ਆਉਣ ਕਰਕੇ ਗੋਪੀਆਂ ਕ੍ਰਿਸ਼ਨ ਦਾ ਵਿਛੋੜਾ ਨਾ ਝੱਲਦੀਆਂ ਹੋਈਆਂ ਸਦਾ ਕ੍ਰਿਸ਼ਨ ਜੀ ਨੂੰ ਯਾਦ ਕਰਦੀਆਂ ਅਤੇ ਰੋਂਦੀਆਂ ਹੀ ਰਹਿੰਦੀਆਂ। ਗੋਪੀਆਂ ਦੀ ਇਹ ਦਸ਼ਾ ਦੇਖ ਕੇ ਆਪਣੇ ਚਾਚਾ ਤੇ ਅਨਿੰਨ ਭਗਤ ਊਧੋ ਜੀ ਨੂੰ ਗੋਕਲ ਵਿਚ ਗੋਪੀਆਂ ਨੂੰ ਸਮਝਾਉਣ ਵਾਸਤੇ ਘੱਲਿਆ। ਜਦੋਂ ਊਧੋ ਜੀ ਗੋਕਲ ਵਿਚ ਗਏ ਤੇ ਗੋਪੀਆਂ ਨੇ ਊਧੋ ਜੀ ਦਾ ਦਰਸ਼ਨ ਕੀਤਾ, ਸਭ ਕੱਠੀਆਂ ਹੋ ਕੇ ਊਧੋ ਜੀ ਤੋਂ ਆਪਣੇ ਪਿਆਰੇ ਦੇ ਬਚਨ ਸੁਣਨ ਵਾਸਤੇ ਬੜੇ ਉਤਸ਼ਾਹ ਨਾਲ ਬੈਠੀਆਂ ਸਨ। ਊਧੋ ਜੀ ਨੇ ਬੜੇ ਗਿਆਨ ਦੇ ਬਚਨ

ਸੁਣਾ ਅਖੀਰ ਊਧੋ ਜੀ ਦਾ ਉਪਦੇਸ਼ ਏਥੇ ਮੁੱਕਿਆ ਕਿ ਕ੍ਰਿਸ਼ਨ ਜੀ ਇਕ-ਦੇਸ਼ੀ ਨਹੀਂ, ਸੋ ਸਰਬ-ਵਿਆਪੀ ਹਨ। ਗੋਪੀਆਂ ਨੇ ਊਧੋ ਜੀ ਦਾ ਸਾਰਾ ਗਿਆਨ ਸੁਣ ਕੇ ਆਪਣੇ ਵੈਰਾਗ ਲਈ ਵਲਵਲੇ ਨਾਲ ਕ੍ਰਿਸ਼ਨ ਜੀ ਨੂੰ ਸੰਬੋਧਨ ਕਰਕੇ ਇਕ ਸਵੱਯਾ ਉਚਾਰਿਆ, ਜਿਸ ਨੂੰ ਸੁਣ ਕੇ ਗੋਪੀਆਂ ਧਾਹਾਂ ਮਾਰ ਮਾਰ ਕੇ ਰੋਣ ਲੱਗੀਆਂ। ਗੋਪੀਆਂ ਦੇ ਵੈਰਾਗ ਦੇ ਹੜ੍ਹ ਵਿਚ ਊਧੋ ਜੀ ਵੀ ਬਹਿ ਤੁਰੇ ਭਾਵ ਗਿਆਨ ਛੱਡ ਕੇ ਊਧੋ ਜੀ ਵੀ ਰੋਣ ਲੱਗ ਪਏ। ਊਧੋ ਜੀ ਨੂੰ ਆਖਦੀਆਂ ਹਨ: ਇਹ ਧਨੀਰਾਮ "ਚਾਤ੍ਰਿਕ" ਜੀ ਨੇ ਬਹੁਤ ਖੂਬਸੂਰਤ ਕਵਿਤਾ ਲਿਖੀ ਹੈ। ਕਵਿਤਾ ਦੇ ਵਿਚੋਂ ਕੁਝ ਲਾਇਨਾਂ :-

ਆਖੀਂ ਕੱਚਿਆ ਸੱਚ ਨੂੰ ਲਾਜ ਲਾਈਓ ਸੁਖਨ ਪਾਲਣੋਂ ਵੀ ਬੱਸ ਰਹਿ ਗਿਉਂ ਵੇ।।
ਡੰਗਰ ਚਾਰਦਾ ਵੜ ਗਿਉਂ ਸ਼ੀਸ਼ ਮਹਿਲੀਂ, ਘੋਟ ਘੋਟ ਗੱਲਾਂ ਕਰਨ ਡਹਿ ਗਿਉਂ ਵੇ।।
ਸਾਨੂੰ ਗਿਆਨ ਦੇ ਖੂਹ ਵਿਚ ਦੇ ਧੱਕੇ, ਆਪ ਕੁਬਜਾ ਦੇ ਵਹਿਣ ਵਿਚ ਵਹਿ ਗਿਉਂ ਵੇ।।
ਕਾਲੇ ਭੌਰ ਦੀ ਬਾਨ ਨਾ ਗਈ ਤੇਰੀ, ਜਿਥੇ ਫੁੱਲ ਡਿੱਠਾ ਉਥੇ ਬਹਿ ਗਿਉਂ ਵੇ।।

ਇਸੇ ਤਰ੍ਹਾਂ, ਆਸ਼ਕ ਮਸ਼ੂਕਾਂ ਨਾਲ, ਮਸ਼ੂਕ ਆਪਣੇ ਆਸ਼ਕਾਂ ਨਾਲ ਮਿਹਣੇ-ਮਿਹਣੀ ਹੋਈ ਜਾਂਦੇ ਹਨ। ਗਿਆਨੀ ਹਰੀ ਸਿੰਘ ਜੀ ਨੇ ਬਾਬਾ ਜੀ ਨੂੰ ਕਿਹਾ ਕਿ ਜਦੋਂ ਅਸੀਂ ਪੂਰਨ ਪ੍ਰੇਮੀ ਅਨਿੰਨ ਭਗਤ ਤੇ ਸਿੱਖ ਬਾਬਾ ਜਵਾਲਾ ਸਿੰਘ ਜੀ ਦੀ ਵੈਰਾਗ ਤੇ ਪ੍ਰੇਮ ਦਿਸ਼ਾ ਤੱਕੀ, ਅਸੀਂ ਵੀ ਉਸੇ ਗੁਰਦੇਵ ਦੇ ਸਿੱਖ ਹੋਣ ਕਰਕੇ, ਉਸ ਦੀ ਯਾਦ ਅੰਦਰ ਸੰਤਾਂ ਦੇ ਪ੍ਰੇਮ ਦੇ ਹੜ੍ਹ ਵਿਚ ਹੜ੍ਹ ਤੁਰੇ। ਭਾਵ ਵੈਰਾਗ ਕਰਨ ਲੱਗ ਪਏ। ਜਦੋਂ ਇਹ ਸ਼ਬਦ ਹਰੀ ਸਿੰਘ ਜੀ ਦੀ ਰਸਨਾ ਤੋਂ ਨਿਕਲੇ ਅਤੇ ਉਥੇ ਬੈਠੇ ਸੱਜਣਾਂ ਨੇ ਸੁਣੇ, ਫਿਰ ਸੰਤ ਹਰੀ ਸਿੰਘ ਜੀ ਸਮੇਤ ਸਾਰੇ ਦੇ ਸਾਰੇ ਵੈਰਾਗ ਕਰਨ ਲਗ ਪਏ। ਫਿਰ ਬਾਬਾ ਸਾਹਿਬ ਸਿੰਘ ਜੀ ਨੇ ਸਾਰਿਆਂ ਨੂੰ ਧੀਰਜ ਦੇ ਕੇ ਸ਼ਾਂਤੀ ਵਿਚ ਲੈ ਆਂਦਾ। ਫਿਰ ਸੰਤਾਂ ਦੀ ਜਲ ਪਾਣੀ ਦੀ ਸੇਵਾ ਕੀਤੀ ਤੇ ਸੰਤਾਂ ਦੇ ਆਸਣ ਵੀ ਚੰਗੀ ਜਗ੍ਹਾ ਲਵਾਏ।

ਹੁਣ ਜਿਤਨੇ ਦਿਨ ਸੰਤ ਹੋਤੀ ਮਰਦਾਨ ਰਹੇ, ਉਤਨੇ ਦਿਨ ਆਪਣੇ ਆਸਣ ਪਲੰਘ ਪਰ ਤਾਂ ਕੀ ਅਰਾਮ ਕਰਨਾ ਸੀ, ਸੰਤ ਉਥੇ ਅਰਾਮ ਕਰਨ ਵਾਸਤੇ ਥੋੜ੍ਹੇ ਗਏ ਸਨ, ਸੰਤ ਤਾਂ ਆਪਣੇ ਪਿਆਰੇ ਗੁਰਦੇਵ ਦੀ ਯਾਦ ਵਿਚ ਵੈਰਾਗ ਪੂਰਨ ਗਏ ਸਨ। ਇਸ ਵਾਸਤੇ ਰਾਤ ਨੂੰ ਨਦੀ ਕਿਨਾਰੇ ਸਾਰੀ ਰਾਤ ਆਪਣੇ ਪਿਆਰੇ ਦੀ ਯਾਦ ਅੰਦਰ ਸਮਾਧੀ ਇਸਥਿਤ ਰਹਿੰਦੇ, ਦਿਨ ਨੂੰ ਸਾਰੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਕੇ ਜੋ ਬਾਹਰ ਤਿੰਨ ਮੀਲ ਪਰ ਗੁਫਾ ਹਨ ਉਥੇ ਚਲੇ ਜਾਂਦੇ ਜਾਂ ਦਿਨ ਨੂੰ ਸੰਗਤ ਦੀ ਸੇਵਾ ਵਿਚ ਤੇ ਲੰਗਰ ਵਿਖੇ ਬਤੀਤ ਕਰਦੇ। ਇਸੇ ਤਰ੍ਹਾਂ ਜਦੋਂ ਅੱਠ ਦਿਨ ਹੋ ਗਏ ਤਾਂ ਫਿਰ ਇਧਰ ਡੇਰੇ ਸੰਤਗੜ੍ਹ ਹਰਖੋਵਾਲ ਵਿਖੇ ਸਾਰੇ ਸਿੱਖ ਸ਼ਰਧਾਲੂਆਂ ਵਿਚ ਬਹੁਤ ਪ੍ਰੇਸ਼ਾਨੀ ਫੈਲ ਗਈ। ਬਲਕਿ ਜੋ ਸੰਤਾਂ ਦੇ ਪ੍ਰੇਮੀ ਤੇ ਸਿਦਕੀ ਜੋ ਸੰਤਾਂ ਦੇ ਵਿਛੋੜੇ ਨੂੰ ਅਤਿ ਦੁਖਦਾਈ ਸਮਝਦੇ ਸਨ, ਜਿਨ੍ਹਾਂ ਦੀਆਂ ਅੱਖਾਂ ਸੰਤਾਂ ਦੇ ਵਿਛੋੜੇ ਕਾਰਨ ਸੱਜਲ ਰਹਿੰਦੀਆਂ ਸਨ। ਉਨ੍ਹਾਂ ਦੀ ਹਾਲਤ ਤਾਂ ਐਸੀ ਹੋ ਗਈ ਕਿ :-

ਵਿਛੋੜਾ ਸੁਣੇ ਭੁਖੁ ਵਿਣੁ ਡਿਠੇ ਮਰਿਓਦਿ।। ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ।। (ਮਹਲਾ ੫, ਪੰਨਾ ੧੧੦੦)

ਪ੍ਰੇਮੀਆਂ ਵਾਸਤੇ ਵਿਛੋੜਾ ਇਤਨਾ ਵੱਡਾ ਦੁਖਦਾਈ ਹੋ ਜਾਂਦਾ ਹੈ। ਜਿਵੇਂ ਕਿ ਜੰਬੂਰਾਂ ਨਾਲ ਮਾਸ ਨੋਚਿਆ ਹੋਇਆ ਸਹਾਰਨਾ ਬਹੁਤ ਕਠਿਨ ਹੈ, ਐਸੇ ਹੀ ਆਪਣੇ ਪਿਆਰੇ ਦੇ ਵਿਛੋੜੇ ਦਾ ਦੁਖ ਸਹਾਰਨਾ ਬਹੁਤ ਗਾਖੜਾ ਹੈ; ਭਾਵ ਔਖਾ ਹੈ। ਜਦੋਂ ਪ੍ਰੇਮੀ ਨੂੰ ਆਪਣਾ ਪਿਆਰਾ ਮਿਲ ਜਾਂਦਾ ਹੈ, ਸੋ ਪ੍ਰੇਮੀ ਆਪਣੇ ਪਿਆਰੇ ਦੇ ਦਰਸ਼ਨ ਵਿਚ ਹੀ ਸਾਰੇ ਸੁਖ ਮਾਨਦੇ ਹਨ। ਯਥਾ ਕਿ :-

ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ।। ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ।। ੧।। (ਪੰਨਾ ੫੨੦)

ਇਸ ਢੰਗ ਵਾਲੇ ਭਾਵੇਂ ਭਾਵ ਪ੍ਰੇਮ ਰੂਪੀ ਗੁਣਾਂ ਵਾਲੇ ਜੋ ਸੰਤਾਂ ਦੇ ਜਗਿਆਸੂ ਸਨ, ਉਨ੍ਹਾਂ ਨੇ ਮਿਲ ਕੇ ਗੁਰਦੁਆਰਾ ਸੰਤਗੜ੍ਹ ਵਿਚ ਬੈਠ ਕੇ ਵਿਚਾਰ ਕੀਤੀ। ਸੰਤਾਂ ਨੇ ਏਥੋਂ ਜਾਂਦਿਆਂ ਹੋਇਆਂ ਨੇ ਕੋਈ ਗੱਲ ਨਹੀਂ ਕੀਤੀ

ਕਿ ਅਸੀਂ ਫਲਾਣੀ ਜਗ੍ਹਾ ਨੂੰ ਚੱਲੇ ਹਾਂ, ਨਾ ਹੀ ਹੁਣ ਸਾਨੂੰ ਕੁਝ ਪਤਾ ਹੈ ਕਿ ਕਿਥੇ ਹਨ। ਸਾਨੂੰ ਇਹ ਭੀ ਕੋਈ ਖਬਰ ਨਹੀਂ ਕਦ ਆਉਣਗੇ। ਅਸੀਂ ਸਾਰੇ ਹੀ ਇਕ ਸੰਤਾਂ ਤੋਂ ਬਿਨਾਂ ਐਸੇ ਦੁਖੀ ਹਾਂ ਜਿਉਂ ਭਰਤਾ ਬਿਨ ਨਾਰੀ ਦੁਖੀ ਹੁੰਦੀ ਹੈ। ਚੰਦਰਮਾ ਬਿਨਾਂ ਜੈਸੇ ਰਾਤ ਕਾਲੀ ਭੈੜੀ ਤੇ ਦੁਖਦਾਈ ਹੈ। ਜਰਨੈਲ ਬਿਨਾਂ ਜੈਸੇ ਫੌਜ ਦੁਖੀ ਤੇ ਨਸ਼ਟ ਹੋ ਜਾਂਦੀ ਹੈ। ਪਾਤਸ਼ਾਹ ਬਿਨਾਂ ਜੈਸੇ ਯਤੂ ਦੁਖੀ ਹੁੰਦੀ ਹੈ। ਇੰਦਰ ਰਾਜੇ ਬਿਨਾਂ ਜੈਸੇ ਸਵਰਗ ਵਿਚ ਉਦਾਸੀ ਫੈਲ ਜਾਂਦੀ ਹੈ। ਬ੍ਰਹਮਾ ਬਿਨਾਂ ਜੈਸੇ ਬ੍ਰਹਮ ਲੋਕ ਸੁੰਨਾ ਹੈ। ਭਗਵਾਨ ਵਿਸ਼ਨੂੰ ਬਿਨਾਂ ਜੈਸੇ ਬੈਕੁੰਠ ਦੁਖਦਾਈ ਭਾਸਦਾ ਹੈ। ਸ਼ਿਵ ਜੀ ਬਿਨਾਂ ਜੈਸੇ ਕਾਂਸ਼ੀ ਵਿਚ ਕੋਈ ਦੁਖਾਂ ਦੀ ਨਿਵਰਤੀ ਨਹੀਂ ਕਰ ਸਕਦਾ। ਤੈਸੇ ਹੀ ਅੱਠਾਂ ਦਿਨਾਂ ਤੋਂ ਅਸੀਂ ਸੰਤਾਂ ਤੋਂ ਬਿਨਾਂ ਉਦਾਸ ਤੇ ਦੁਖੀ ਹਾਂ। ਸਾਡੇ ਮਨ ਤੇ ਚਿਹਰੇ ਇਸ ਤਰ੍ਹਾਂ ਉਦਾਸ ਹਨ, ਜਿਸ ਤਰ੍ਹਾਂ ਬੱਦਲ ਸਾਰੇ ਅਕਾਸ਼ ਦੇ ਖਿੜੇ ਹੋਏ ਤਾਰਿਆਂ ਨੂੰ ਆਪਣੇ ਅਸਰ ਵਿਚ ਢੱਕ ਦੇਂਦਾ ਹੈ। ਤੈਸੇ ਸੰਤਾਂ ਦੇ ਵਿਛੋੜੇ ਰੂਪੀ ਬੱਦਲ ਨੇ ਸਾਡੇ ਹਿਰਦੇ ਰੂਪੀ ਅਕਾਸ਼ ਵਿਚੋਂ ਖੁਸ਼ੀਆਂ ਦੇ ਤਾਰੇ ਢੱਕ ਦਿੱਤੇ ਹਨ।

ਹੁਣ ਸਾਨੂੰ ਕੀ ਕਰਤੱਬ ਕਰਨਾ ਚਾਹੀਦਾ ਹੈ, ਜਿਸ ਕਰਕੇ ਸੰਤਾਂ ਦੇ ਦਰਸ਼ਨ ਰੂਪ ਸੂਰਜ ਚੜ੍ਹ ਜਾਣ ਸਾਡੇ ਹਿਰਦੇ ਕੰਵਲ ਦੀ ਤਰ੍ਹਾਂ ਖਿੜ ਜਾਣ ਤੇ ਵਿਛੋੜੇ ਰੂਪ ਦੁਖ ਕੱਟੇ ਜਾਣ? ਹੋਰ ਸਾਡੇ ਪਾਸ ਕੋਈ ਸਾਧਨ, ਸਾਡੇ ਵਿਚ ਕੋਈ ਰੂਹਾਨੀਅਤ ਦੀ ਤਾਕਤ ਨਹੀਂ, ਜਿਸ ਨਾਲ ਸੰਤਾਂ ਨੂੰ ਜਿਥੇ ਹੋਣ ਚੁੱਕ ਕੇ ਲੈ ਆਈਏ। ਜਿਵੇਂ ਕਿ ਭੂਮਾਸਰ ਦੈਂਤ ਦੀ ਲੜਕੀ ਊਖਾ ਦੇ ਵਿਛੋੜੇ ਦਾ ਦੁਖ ਦੂਰ ਕਰਨ ਹਿਤ ਤਿਸ ਦੀ ਪਿਆਰੀ ਚਿੱਤਰ ਰੇਖਾ, ਤਿਸ ਊਖਾ ਦੇ ਸੁਪਨ ਵਿਚ ਦਰਸ਼ਨ ਦੇਣ ਵਾਲੇ ਪਤੀ ਅਨਰੁਧ ਜੋ ਕਿ ਕ੍ਰਿਸ਼ਨ ਜੀ ਦਾ ਪੋਤਰਾ ਅਤੇ ਪ੍ਰਦਮਨ ਜੀ ਦਾ ਪੁੱਤਰ ਸੀ, ਜਿਸ ਨੂੰ ਚੁੱਕ ਕੇ ਲੈ ਆਈ ਅਤੇ ਊਖਾ ਦੇ ਵਿਛੋੜੇ ਰੂਪੀ ਕਾਲੀ ਰਾਤ ਵਿਚ ਅਨਰੁਪ ਰੂਪ ਚੰਦਰਮਾਂ ਨੇ ਚੜ੍ਹ ਕੇ ਪ੍ਰਕਾਸ਼ ਕਰ ਦਿੱਤਾ। ਜਿਸ ਕਰਕੇ ਊਖਾ ਪ੍ਰਸੰਨ ਤੇ ਅਨੰਦ ਹੋ ਗਈ।

ਹੁਣ ਸਾਡੇ ਪਾਸ ਐਸੀ ਕੋਈ ਸਖੀ ਨਹੀਂ ਜੋ ਸੰਤਾਂ ਨੂੰ ਤਿੰਨਾਂ ਲੋਕਾਂ ਵਿਚੋਂ ਢੂੰਡ ਕੇ ਲੈ ਆਵੇ ਤੇ ਸਾਡੀ ਵਿਛੋੜੇ ਰੂਪੀ ਕਾਲੀ ਰਾਤ ਨੂੰ ਦੂਰ ਕਰ ਦੇ। ਸੰਤਾਂ ਦੇ ਦਰਸ਼ਨ ਦਾ ਪ੍ਰਕਾਸ਼ ਕਰ ਦੇਵੇ। ਇਹ ਵਿਚਾਰ ਕਰਦਿਆਂ ਇਕ ਗੱਲ ਸੁਝ ਆਈ ਜਿਤਨਾ ਸਮਾਂ ਸੰਤਾਂ ਦੇ ਦਰਸ਼ਨ ਨਾ ਹੋਣ ਉਤਨਾਂ ਸਮਾਂ ਅੰਨ-ਜਲ ਤਿਆਗ ਕੇ ਵਰਤ ਰੱਖਿਆ ਜਾਏ ਤੇ ਸਿਮਰਨ ਕੀਤਾ ਜਾਏ, ਨਾਲ ਹੀ ਬਾਰ-ਬਾਰ ਅਰਦਾਸੇ ਕੀਤੇ ਜਾਣ। "ਅਕਾਲ ਪੁਰਖ ਗੁਰੂ ਨਾਨਕ ਦੇਵ ਸਾਹਿਬ ਜੀ, ਬਾਬਾ ਕਰਮ ਸਿੰਘ ਸਾਹਿਬ ਜੀ ਅਤੇ ਮਹਾਰਾਜ ਆਇਆ ਸਿੰਘ ਸਾਹਿਬ ਜੀ, ਸਾਡੀ ਸਾਰਿਆਂ ਦੀ ਫਰਿਆਦ ਸੁਣ ਲੈਣ ਤੇ ਸੰਤਾਂ ਨੂੰ ਪ੍ਰੇਰ ਕੇ ਡੇਰੇ ਵਾਪਸ ਲੈ ਆਉਣ। ਹੁਣ ਰਾਤ ਸੌਂ ਕੇ ਪੂਰੀ ਕੀਤੀ; ਅੰਮ੍ਰਿਤ ਵੇਲਾ ਹੋਇਆ, ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਲੈ ਆਏ ਅਤੇ ਸ਼ਹੀਦੀ ਦੇਗਾਂ ਵੀ ਤਿਆਰ ਕੀਤੀਆਂ, ਦੋਹਾਂ ਦੇਗਾਂ ਦੇ ਅਰਦਾਸੇ ਕੀਤੇ ਗਏ। ਅਰਦਾਸੇ ਵਿਚ ਪ੍ਰਣ ਕਰ ਦਿੱਤੇ ਕਿ ਹਜ਼ੂਰ ਦਾਤਾ ਜੀਉ! ਦਸੇ ਪਾਤਸ਼ਾਹੀਆਂ ਤੇ ਗੁਰੂ ਗ੍ਰੰਥ ਸਾਹਿਬ ਜੀਉ ਅਤੇ ਸ਼ਹੀਦੋ ਸਿੰਘੋ ਸਾਡੇ ਤੇ ਮਿਹਰ ਕਰੋ, ਸਾਡੇ ਪਿਆਰੇ ਜੀਅ ਦਾਨ ਦੇਣ ਵਾਸਤੇ ਸੰਤਾਂ ਨੂੰ ਪ੍ਰੇਰ ਕੇ ਡੇਰੇ ਲਿਆ ਕੇ ਸਾਨੂੰ ਦਰਸ਼ਨ ਕਰਵਾ ਕੇ ਸਾਡੀ ਭੁੱਲ ਬਖਸ਼ੋ। ਮੁਖ-ਵਾਕ ਲੈ ਕੇ ਦੇਗਾਂ ਵਰਤਾ ਦਿੱਤੀਆਂ। ਫਿਰ ਸਾਰੇ ਜਗਿਆਸੂ ਸੰਤਾਂ ਦੇ ਦਰਸ਼ਨ ਕਰਨ ਦੇ ਚਾਹਵਾਨ ਚੌਕੜੇ ਮਾਰ ਕੇ ਬੈਠ ਗਏ। ਲੰਗਰ ਦੀ ਸੇਵਾ ਕਰਨ ਵਾਲੇ ਲਾਂਗਰੀ, ਲੰਗਰ ਦੀ ਸੇਵਾ ਪਹਿਲੇ ਵਾਂਗ ਹੀ ਕਰਦੇ ਹਨ। ਹੋਰ ਸੇਵਾਦਾਰ ਆਪੋ ਆਪਣੀ ਸੇਵਾ ਉਸੇ ਢੰਗ ਨਾਲ ਕਰੀ ਜਾਂਦੇ ਹਨ। ਸੇਵਾ ਵਿਚ ਕੋਈ ਫਰਕ ਨਹੀਂ ਪਾਇਆ। ਇਸੇ ਤਰ੍ਹਾਂ ਵਰਤ ਰੱਖੇ ਨੂੰ ਜਦੋਂ ਤਿੰਨ ਦਿਨ ਹੋਏ ਤਾਂ ਸਰਬ-ਵਿਆਪੀ ਨਿਰੰਕਾਰ ਨੇ ਬਾਬਾ ਕਰਮ ਸਿੰਘ ਜੀ ਸੰਤਾਂ ਦਾ ਮਨ ਉਚਾਟ ਕਰ ਦਿਤਾ, ਸੰਤਾਂ ਨੇ ਇਕ ਦਮ ਆਪਣੀ ਬਿਰਤੀ ਲਾ ਕੇ ਡੇਰੇ ਦੀ ਸਾਰੀ ਹਾਲਤ ਤੱਕੀ। ਉਸੇ ਸਮੇਂ ਗਿਆਨੀ ਹਰੀ ਸਿੰਘ ਜੀ ਨੂੰ ਬੁਲਾ ਕੇ ਆਖਿਆ ਕਿ ਗਿਆਨੀ ਜੀ ਅਸੀਂ ਸਵੇਰ ਦੀ ਗੱਡੀ ਪੰਜਾਬ ਚਲੇ ਜਾਵਾਂਗੇ। ਗਿਆਨੀ ਜੀ ਨੇ ਕਿਹਾ ਕਿ ਮਹਾਰਾਜ ਜੀਉ ਆਪ ਜੀ ਤਾਂ ਹੋਤੀ ਮਰਦਾਨ ਜ਼ਿਆਦਾ ਸਮਾਂ ਦੇਣਾ ਚਾਹੁੰਦੇ ਸੋ। ਕੀ ਕਾਰਨ ਆਪ ਜੀ ਦਸਾਂ ਦਿਨਾਂ ਵਿਚ ਹੀ ਉਦਾਸ ਹੋ ਗਏ ਹੋ। ਸੰਤਾਂ ਨੇ ਆਖਿਆ, ਗਿਆਨੀ ਜੀ ਕਿਸੇ ਦੇ ਕੀ ਹੱਥ ਹੈ :-

ਜੀਅ ਜੰਤ ਤੇਰੇ ਧਾਰੇ।। ਪ੍ਰਭ ਡੋਰੀ ਹਾਥਿ ਤੁਮਾਰੇ।। *(ਪੰਨਾ ੬੨੬)*

.....

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ।।
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹੇ ਜਾਉ।।

ਤਥਾ।। ਨਕਿ ਨਥ ਖਸਮ ਹਥ ਕਿਰਤੁ ਧਕੇ ਦੇ।।
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ।। ੨।। *(ਪੰਨਾ ੬੫੩)*

ਇਹ ਰਾਤ ਸੁਖ ਨਾਲ ਬਤੀਤ ਕੀਤੀ, ਅੰਮ੍ਰਿਤ ਵੇਲਾ ਹੋਇਆ ਇਸ਼ਨਾਨ ਬਗੈਰਾ ਸੋਧੇ। ਹੁਣ ਸੰਤਾਂ ਨੇ ਪਵਿੱਤਰ ਅਸਥਾਨ ਜੋ ਗੁਰਦੇਵ ਦੇ ਸਨ। ਸਾਰੇ ਅਸਥਾਨ ਪਰ ਪਹੁੰਚ ਕੇ ਸਿਦਕ ਸ਼ਰਧਾ ਸਹਿਤ ਨਮਸ਼ਕਾਰ ਕਰਕੇ ਹਜ਼ੂਰ ਹੋਤੀ ਮਰਦਾਨ ਡੇਰੇ ਦੇ ਗੁਰਦਵਾਰੇ ਆ ਕੇ ਅਰਦਾਸ ਕੀਤੀ ਅਤੇ ਬਾਬਾ ਸਾਹਿਬ ਸਿੰਘ ਜੀ ਤੋਂ ਆਦਿ ਬਾਬਾ ਮਾਝਾ ਸਿੰਘ ਜੀ ਨੂੰ ਨਮਸ਼ਕਾਰ ਕਰਕੇ ਆਗਿਆ ਲੈਣੀ ਕੀਤੀ। ਸੰਤ ਗਿਆਨੀ ਹਰੀ ਸਿੰਘ ਜੀ ਆਪ ਸੰਤਾਂ ਦੇ ਨਾਲ ਆਏ ਅਤੇ ਬੜੇ ਸਤਿਕਾਰ ਨਾਲ ਧੁਰ ਦਾ ਟਿਕਟ ਲੈ ਕੇ ਗੱਡੀ ਪਰ ਬੈਠਾ ਦਿੱਤਾ। ਹੁਣ ਗੱਡੀ ਚਲ ਪਈ, ਗਿਆਨੀ ਜੀ ਸੰਤਾਂ ਨੂੰ ਨਮਸ਼ਕਾਰ ਕਰਦੇ ਹੋਤੀ ਮਰਦਾਨ ਡੇਰੇ ਵਿਚ ਆ ਗਏ। ਗੱਡੀ ਮਰਦਾਨ ਸਟੇਸ਼ਨ ਤੋਂ ਚਲ ਕੇ ਨੌਸ਼ਹਿਰੇ ਆਈ। ਏਥੋਂ ਗੱਡੀ ਬਦਲੀ ਕਰਕੇ ਫਰੰਟੀਅਰ ਮੇਲ ਪਰ ਚਲ ਬੈਠੇ, ਇਕ ਰਾਤ ਰਸਤੇ ਦਾ ਸਫਰ ਕਰਕੇ ਹਜ਼ੂਰ ਜਲੰਧਰ ਜੰਕਸ਼ਨ ਪਰ ਆ ਉਤਰੇ। ਏਥੇ ਬਹੁਤ ਪ੍ਰੇਮੀ ਮਿਲੇ ਅਤੇ ਰਾਤ ਜਲੰਧਰ ਰਹਿਣ ਵਾਸਤੇ ਭਾਵੇਂ ਵੀ ਪ੍ਰੇਮੀਆਂ ਨੇ ਬਹੁਤ ਬੇਨਤੀਆਂ ਕੀਤੀਆਂ ਪਰ ਹਜ਼ੂਰ ਡੇਰੇ ਦੀ ਸੰਗਤ ਦੇ ਪ੍ਰੇਮ ਤੇ ਸਿਦਕ ਦੀ ਡੋਰ ਦੇ ਖਿੱਚੇ ਹੋਏ ਕਿਸੀ ਜਗ੍ਹਾ ਵੀ ਨਹੀਂ ਅਟਕੇ, ਉਸ ਸਮੇਂ ਹੁਸ਼ਿਆਰਪੁਰ ਜਾਣ ਵਾਲੀ ਗੱਡੀ ਖੜੀ ਸੀ; ਉਸ ਗੱਡੀ ਪਰ ਪ੍ਰੇਮੀਆਂ ਨੇ ਸਤਿਕਾਰ ਸਹਿਤ ਬਿਠਾ ਦਿੱਤਾ। ਰਾਤ ਦੇ ਅੱਠ ਵਜੇ ਨਸਰਾਲੇ ਸਟੇਸ਼ਨ ਤੇ ਗੱਡੀ ਉਪਰੋਂ ਉੱਤਰੇ- ਸਿਧੇ ਡੇਰੇ ਆ ਗਏ ਅਤੇ ਰਾਤ ਦੇ ਨੌਂ ਨਹੀਂ ਸੀ ਵੱਜੇ ਜਦੋਂ ਸੰਤ ਡੇਰੇ ਆ ਗਏ।

ਹੁਣ ਡੇਰੇ ਵਿਚ ਖੁਸ਼ੀਆਂ ਦਾ ਮੀਂਹ ਵਰਸ ਗਿਆ। ਡੇਰੇ ਦੇ ਸੇਵਾਦਾਰਾਂ ਵਿਚ ਭਰਪੂਰ ਖੁਸ਼ੀਆਂ ਹੋ ਆਈਆਂ, ਡੇਰੇ ਦੀ ਸੰਗਤ ਵਾਸਤੇ ਸੂਰਜ ਦੀ ਨਿਆਈਂ ਪ੍ਰਗਟ ਹੋ ਆਏ। ਸੇਵਕਾਂ ਦੇ ਮੁੱਖ ਰੂਪੀ ਕੰਵਲ ਸੰਤਾਂ ਦੇ ਦਰਸ਼ਨ ਰੂਪ ਸੂਰਜ ਤੱਕ ਕੇ ਖਿੜ ਆਏ। ਸੇਵਕਾਂ ਦੀ ਬੁੱਧੀ ਸੰਤਾਂ ਦੇ ਦਰਸ਼ਨ ਕਰਕੇ ਚੰਦਰਮਾਂ ਦੀ ਤਰ੍ਹਾਂ ਖਿੜ ਗਈ। ਜਦੋਂ ਸਾਰੇ ਇਕੱਠੇ ਹੋ ਕੇ ਹਜ਼ੂਰ ਦੇ ਚਰਨਾਂ ਵਿਚ ਆਏ ਤਾਂ ਸੰਤਾਂ ਨੇ ਆਖਿਆ, ਗੁਰਮੁਖ ਜਨੋਂ ਇਸ ਤਰ੍ਹਾਂ ਭੁਖ ਹੜਤਾਲ ਨਹੀਂ ਕਰਨੀ ਚਾਹੀਦੀ, ਤਾਂ ਸਾਰੇ ਸੇਵਕਾਂ ਵਿਚੋਂ ਸੰਤ ਗੁਰਬਚਨ ਸਿੰਘ ਜੋ ਘੋੜਿਆਂ ਵਾਲੇ ਨੇ ਬੇਨਤੀ ਸਹਿਤ ਕਿਹਾ, ਕਿ ਗਰੀਬ-ਨਿਵਾਜ਼! ਆਪ ਜੀ ਵੀ ਇਸ ਤਰ੍ਹਾਂ ਨਾ ਕਰਿਆ ਕਰੋ। ਸੰਤਾਂ ਨੇ ਕਿਹਾ, ਅਸੀਂ ਕੀ ਕੀਤਾ ਹੈ? ਮਹਾਰਾਜ ਜੀਉ! ਆਪ ਜੀ ਡੇਰੇ ਤੋਂ ਗਏ ਜੰਗਲ ਦਿਸ਼ਾ ਹੋਣ ਅਤੇ ਸਾਨੂੰ ਗਰੀਬਾਂ ਨੂੰ ਦੱਸੇ ਬਿਨਾਂ ਵਿਛੋੜਾ ਦੇ ਕੇ ਹੋਤੀ ਚਲੇ ਗਏ ਹੋ। ਫਿਰ ਮੁੜ ਆਉਣ ਦਾ ਵੀ ਕੋਈ ਪਤਾ ਨਹੀਂ ਦਿਤਾ ਕਿ ਕਦ ਤੱਕ ਸੰਗਤ ਦਾ ਵਿਛੋੜਾ ਰਵ੍ਹੇਗਾ ਅਤੇ ਅਸੀਂ ਕਿਸ ਦੇਸ਼ ਨੂੰ ਪਵਿੱਤਰ ਕਰ ਰਹੇ ਹਾਂ ਅਤੇ ਇਤਨੀ ਦੇਰ ਨੂੰ ਆ ਜਾਵਾਂਗੇ। ਸਾਡਾ ਵੀ ਕੋਈ ਆਸਰਾ ਬਣਾ ਕੇ ਗਏ ਸੋ। ਅਸੀਂ ਕਿਸ ਦੇ ਆਸਰੇ ਏਥੇ ਰਹਿੰਦੇ?

ਫਿਰ ਸੰਤਾਂ ਆਖਿਆ, ਅੱਗੇ ਵਾਸਤੇ ਅਸੀਂ ਸੰਗਤ ਨੂੰ ਦੱਸ ਕੇ ਜਾਇਆ ਕਰਾਂਗੇ। ਉਸ ਦਿਨ ਤੋਂ ਬਾਅਦ ਫਿਰ ਸੰਤ ਮਹਾਰਾਜ ਜੀ ਹਮੇਸ਼ਾਂ ਸੰਗਤ ਨੂੰ ਦੱਸ ਕੇ ਜਾਂਦੇ, ਅਸੀਂ ਫਲਾਣੀ ਜਗ੍ਹਾ ਨੂੰ ਜਾਣਾ ਹੈ। ਹੁਣ ਖੁਸ਼ੀ ਖੁਸ਼ੀ ਸੰਗਤ ਨੇ ਲੰਗਰ ਤਿਆਰ ਕੀਤਾ। ਪਹਿਲਾਂ ਸੰਤ ਮਹਾਰਾਜ ਜੀ ਨੂੰ ਛਕਾਇਆ, ਫਿਰ ਸਾਰੀ ਸੰਗਤ ਨੂੰ ਤੇ ਆਪਣੇ ਹਸਤ-ਕੰਵਲਾਂ ਨਾਲ ਵਰਤਾ ਕੇ ਛਕਾਇਆ। ਸਾਰਿਆਂ ਦੀ ਇਹ ਰਾਤ ਮਹਾਨ ਅਨੰਦ ਤੇ ਖੁਸ਼ੀਆਂ ਨਾਲ ਬਤੀਤ ਹੋਈ ਅਤੇ ਡੇਰੇ ਵਿਚ ਸੁਖ ਸ਼ਾਂਤੀ ਵਰਤ ਗਈ। ਦੂਰੋਂ ਨੇੜਿਓ ਸਭ ਨੇ ਧਾਈਆਂ ਕਰਕੇ ਸੰਤਾਂ ਦੇ ਦਰਸ਼ਨ ਕੀਤੇ ਅਤੇ ਮਨ ਦੀ ਸੁਖ ਸ਼ਾਂਤੀ ਪ੍ਰਾਪਤ ਕਰਕੇ ਖੁਸ਼ੀ ਖੁਸ਼ੀ ਆਪਣੇ ਘਰਾਂ ਨੂੰ ਵਾਪਸ ਚਲੇ ਗਏ।। ਇਤੀ।।

ਤਖਤ ਦਮਦਮੇ ਸਾਹਿਬ ਸਾਬੋ ਦੀ ਤਲਵੰਡੀ ਸੰਤ ਬਾਬਾ ਨੰਦ ਸਿੰਘ ਜੀ ਬਰੱਕਤ ਕਲੇਰਾਂ ਵਾਲੇ, ਸੰਤ ਐਂਚਲ ਸਿੰਘ ਜੀ ਭਾਈ ਚੱਕਾਂ ਵਾਲੇ, ਬਾਬਾ ਅਘੜ ਸਿੰਘ ਜੀ ਧਮਧਾਣ ਸਾਹਿਬ, ਬਾਬਾ ਚੰਦਾ ਸਿੰਘ ਕੱਟੂ ਵਾਲਿਆਂ ਦੇ ਹਜ਼ੂਰੀ ਗੁਰਦੁਆਰਾ ਜੰਡਸਰ ਵਿਖੇ ਸ਼ੁਭ ਵਿਚਾਰਾਂ ਹੋਣੀਆਂ

ਸੰਮਤ 1930 ਈਸਵੀ ਦੀ ਭਾਗਾਂ ਭਰੀ ਵੈਸਾਖੀ ਆਈ। ਸਾਰੇ ਦੇਸ਼ ਦੇ ਪ੍ਰੇਮੀ ਸਿਦਕ ਸ਼ਰਧਾਵਾਨ ਦਮਦਮੇ ਸਾਹਿਬ ਵੈਸਾਖੀ ਦੇ ਦਰਸ਼ਨ ਦੀਦਾਰ ਕਰਨ ਹਿਤ ਹੁਮ ਹੁਮਾ ਕੇ ਚੱਲ ਪਏ। ਮਾਲਵੇ ਦੇਸ਼ ਦੇ ਮਹਾਂਪੁਰਸ਼ ਦੂਰੋਂ-ਦੂਰੋਂ ਇਕੱਠੇ ਹੋਏ। ਸੰਤ ਮਹਾਰਾਜ ਜੀ ਵੀ ਹਰ ਸਾਲ ਦੀ ਤਰ੍ਹਾਂ ਆਪਣੇ ਸਾਥੀ ਸਾਧੂ ਮੰਡਲੀ ਨਾਲ ਅਤੇ ਸੇਵਾਦਾਰਾਂ ਸਮੇਤ ਦਮਦਮੇ ਸਾਹਿਬ ਗਏ। ਸਾਰੇ ਅਸਥਾਨਾਂ ਦੇ ਦਰਸ਼ਨ ਮੇਲੇ ਕਰਕੇ ਗੁਰਦੁਆਰਾ ਜੰਡਸਰ ਸਾਹਿਬ ਆ ਆਸਣ ਲਾਏ। ਹਜ਼ੂਰ ਨੇ ਇਕ ਤੂਤ ਜਿਸ ਦੀ ਛਾਂ ਬੜੀ ਗਾੜ੍ਹੀ ਸੀ। ਇਸ ਦੇ ਨੀਚੇ ਘਾਹ ਫੂਸ ਵਿਛਾ ਕੇ ਆਸਣ ਲਾ ਲਏ। ਹੋਰ ਸਾਰੇ ਸਾਧੂਆਂ ਨੇ ਵੀ ਦਰੱਖਤਾਂ ਦੇ ਨੀਚੇ ਆਪੋ ਆਪਣੇ ਆਸਣ ਲਾ ਲਏ। ਸੇਵਾਦਾਰਾਂ ਨੂੰ ਲੰਗਰ ਤਿਆਰ ਕਰਨ ਦਾ ਹੁਕਮ ਕਰ ਦਿਤਾ। ਸੇਵਾਦਾਰ ਗੁਰੂ ਦਾ ਲੰਗਰ ਤਿਆਰ ਕਰਨ ਲੱਗ ਪਏ। ਰਹਰਾਸਿ ਦੇ ਸਮੇਂ ਸੰਤਾਂ ਦੀ ਹਜ਼ੂਰੀ ਵਿਚ ਰਹਰਾਸਿ ਸਾਹਿਬ ਜੀ ਦਾ ਪਾਠ ਹੋਇਆ, ਉਪਰੰਤ ਆਰਤੀ ਸਾਹਿਬ ਜੀ ਦਾ ਕੀਰਤਨ ਹੋਇਆ, ਦੀਵਾਨ ਦੀ ਸਮਾਪਤੀ ਦਾ ਅਰਦਾਸਾ ਕੀਤਾ ਗਿਆ, ਉਪਰੰਤ ਗੁਰੂ ਦਾ ਲੰਗਰ ਵਰਤਣਾ ਸ਼ੁਰੂ ਕਰ ਦਿੱਤਾ ਗਿਆ। ਦਸ ਗਿਆਰਾਂ ਵਜੇ ਤਕ ਲੰਗਰ ਵਰਤਦਾ ਰਿਹਾ। ਦੋ ਲਾਂਗਰੀ ਦਾਸ ਲਿਖਾਰੀ ਅਤੇ ਸੰਤ ਜਗਾ ਸਿੰਘ ਜੀ ਲੰਗਰ ਅਸਥਾਨ ਵਿਚ ਹੀ ਬਿਰਾਜ ਗਏ, ਤਾਂਕਿ ਕੋਈ ਭੋਜਨ ਦਾ ਚਾਹਵਾਨ ਆਵੇ ਨਿਰਾਸ਼ਾ ਮੁੜ ਕੇ ਨਾ ਜਾਵੇ। ਭੋਜਨ ਦੀ ਇਛਾ ਵਾਲੇ ਨੂੰ ਭੋਜਨ ਦਿਤਾ ਜਾਵੇ। ਸਾਰਿਆਂ ਤੋਂ ਬਾਅਦ ਸੰਤਾਂ ਨੇ ਵੀ ਭੋਜਨ ਛਕਿਆ ਅਤੇ ਤ੍ਰਿਪਤ ਹੋ ਕੇ ਬਿਰਾਜ ਗਏ। ਗੁਰਸਿੱਖਾਂ ਦਾ ਅੰਮ੍ਰਿਤ ਵੇਲਾ ਹੋਇਆ, ਸੰਤਾਂ ਸਮੇਤ ਸਾਰੀਆਂ ਸੰਗਤਾਂ ਨਿੰਦ੍ਰਾ ਤੋਂ ਉਠੀਆਂ ਅਤੇ ਦਾਤਨ ਕੁਰਲੇ ਕੀਤੇ ਅਤੇ ਨਹਿਰ ਦੇ ਖਾਲ ਕਿਸੇ ਨਹਿਰ ਦੇ ਰਜਵਾਹਿ (ਛੋਟਾ ਸੂਆ) ਪਰ ਇਸ਼ਨਾਨ ਕਰਕੇ ਆਪੋ ਆਪਣੇ ਨਿਤਨੇਮ ਸਿਮਰਨ ਵਿਚ ਜੁੜ ਬੈਠੇ। ਸੰਤ ਮਹਾਰਾਜ ਜੀ ਜੋਗੀ ਤੇ ਮਹੰਤ ਵਾਂਗ ਯੂੰ ਕਹੋ ਕਿ ਜੈਸੇ ਯਕਸ਼ਾ ਵਿਚ ਕੁਵੇਰ ਦੀ ਤਰ੍ਹਾਂ ਤੇ ਗਣਾਂ ਵਿਚ ਸ਼ਿਵਜੀ ਦੀ ਤਰ੍ਹਾਂ, ਮੁਨੀਆਂ ਵਿਚ ਰਾਮ ਚੰਦਰ ਜੀ ਦੀ ਤਰ੍ਹਾਂ, ਯਾਦਵਾਂ ਵਿਚ ਕ੍ਰਿਸ਼ਨ ਮਹਾਰਾਜ ਜੀ ਦੀ ਤਰ੍ਹਾਂ, ਖਾਲਸੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਤਰ੍ਹਾਂ ਸੱਚ ਚਿੱਤ ਅਨੰਦ ਸਰੂਪ ਵਿਚ ਸਮਾਧੀ ਲਾ ਕੇ ਅਡੋਲ ਇਸਥਿਤ ਹੋ ਕੇ ਸਹਿਜ ਆਸਣ ਵਿਚ ਬੈਠ ਗਏ। ਸੂਰਜ ਦੀਆਂ ਕਿਰਨਾਂ ਨਿਕਲਣ ਤੋਂ ਸੰਤਾਂ ਦੇ ਨੇਤਰ ਕੰਵਲ ਦੀ ਤਰ੍ਹਾਂ ਖਿੜ ਆਏ ਅਤੇ ਸਾਰੇ ਸੇਵਾਦਾਰਾਂ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਤੱਕਿਆ। ਸਾਰੇ ਸੇਵਾਦਾਰ ਸੰਤਾਂ ਦੀ ਕ੍ਰਿਪਾ ਅਨੁਸਾਰ ਆਪੋ ਆਪਣੀ ਸੇਵਾ ਵਿਚ ਬੜੀ ਲਗਨ ਨਾਲ ਲੱਗੇ ਹੋਏ ਹਨ।

ਹੁਣ ਸੰਤਾਂ ਨੇ ਅਵਾਜ਼ ਦੇ ਕੇ ਪੁੱਛਿਆ ਕਿ ਜੋਧ ਸਿੰਘ ਜੀ ਲੰਗਰ ਵਿਚ ਕੀ ਕੁਝ ਤਿਆਰ ਹੈ? ਦਾਸ ਨੇ ਹਜ਼ੂਰ ਦੇ ਪਾਸ ਜਾ ਕੇ ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਦਸਿਆ ਗਰੀਬ-ਨਿਵਾਜ਼ ਜੀਉ! ਚਾਹ ਇਕ ਘੰਟੇ ਤੋਂ ਸੰਗਤਾਂ ਛਕ ਰਹੀਆਂ ਹਨ ਅਤੇ ਛਕ-ਛਕ ਕੇ ਅਨੰਦ ਹੋ ਕੇ ਜਾ ਰਹੀਆਂ ਹਨ, ਦੇਸੀ ਚਾਹ ਵੀ ਤਿਆਰ ਹੈ, ਜਿਸ ਨੂੰ ਲੋੜ ਹੈ ਸੋ ਛਕੀ ਜਾਂਦੇ ਹਨ। ਲੰਗਰ ਵਿਚ ਦਾਲ ਵੀ ਚਾੜ੍ਹ ਦਿੱਤੀ ਹੈ ਅਤੇ ਆਟਾ ਗੁੰਨ੍ਹਣ ਵਾਲੇ ਸੇਵਾਦਾਰ ਆਟਾ ਗੁੰਨ੍ਹ ਰਹੇ ਹਨ। ਆਪ ਜੀ ਵਾਸਤੇ ਸੰਤ ਜਗਾ ਸਿੰਘ ਜੀ ਜਲ ਪਾਣੀ ਤਿਆਰ ਕਰ ਰਹੇ ਹਨ। ਹੋਰ ਮੁਖੀ ਸਾਧੂਆਂ ਦਾ ਵੀ ਜਲ ਪਾਣੀ ਤਿਆਰ ਹੈ। ਆਪ ਜੀ ਹੋਰ ਹੁਕਮ ਕਰੋ। ਸੰਤਾਂ ਨੇ ਬੜੇ ਪਿਆਰ ਵਿਚ ਕਿਹਾ ਕਿ ਬੇਟਾ ਪਹਿਲਾਂ ਸਾਰੇ ਸਾਧੂਆਂ ਨੂੰ ਤਿਨ੍ਹਾਂ ਦੇ ਆਸਣ ਪਰ ਜਲ ਪਾਣੀ ਪਹੁੰਚਾਉ, ਫਿਰ ਸਾਡਾ ਜਲ ਪਾਣੀ ਲਿਆਉ। ਇਹ ਬਚਨ ਜਗਾ ਸਿੰਘ ਜੀ ਨੂੰ ਦੱਸ ਦੇਵੋ।

ਦਾਸ ਨੇ ਸੰਤਾਂ ਤੋਂ ਹੁਕਮ ਲਿਆ ਤੇ ਨਮਸ਼ਕਾਰ ਕੀਤੀ, ਫਿਰ ਲੰਗਰ ਵਿਚ ਆ ਕੇ ਸੰਤ ਜਗਾ ਸਿੰਘ ਜੀ ਨੂੰ ਸੰਤਾਂ ਦਾ ਹੁਕਮ ਦੱਸ ਦਿਤਾ ਕਿ ਪਹਿਲਾਂ ਸਾਧੂਆਂ ਦੇ ਆਸਣ ਪਰ ਜਲ ਪਾਣੀ ਪਹੁੰਚਾਉ, ਫਿਰ ਸੰਤਾਂ ਦਾ ਜਲ ਪਾਣੀ ਲੈ ਕੇ ਜਾਉ। ਇਕ ਦਮ ਫੁਰਤੀ ਨਾਲ ਜਗਾ ਸਿੰਘ ਜੀ ਨੇ ਗੜਵਾ ਜਲ ਪਾਣੀ ਦਾ ਭਰਿਆ ਤੇ ਸਾਰਿਆਂ ਆਸਣਾਂ ਪਰ ਲਿਜਾ ਕੇ ਜਲ ਪਾਣੀ ਛਕਾ ਦਿਤਾ ਤੇ ਸਾਰਿਆਂ ਦੀ ਪ੍ਰਸੰਨਤਾ ਲੀਤੀ। ਫਿਰ ਸੰਤ ਮਹਾਰਾਜ ਜੀ ਨੂੰ ਜਲ ਪਾਣੀ ਛਕਾਇਆ। ਸੰਤ ਮਹਾਰਾਜ ਜੀ ਜਲ ਪਾਣੀ ਛਕ ਕੇ ਬਾਹਰ ਫਿਰਨ ਤੁਰਨ ਵਾਸਤੇ ਚਲੇ ਗਏ। ਜਿਨ੍ਹਾਂ ਸਾਧੂਆਂ ਦੀ ਇੱਛਾ ਹੋਈ ਸੋ ਵੀ ਸੰਤਾਂ ਨਾਲ ਬਾਹਰ ਸੈਰ ਕਰਨ ਚਲੇ ਗਏ। ਕੋਈ ਗੁਰਦਵਾਰੇ ਦੇ ਦਰਸ਼ਨ ਹਿਤ ਚਲੇ ਗਏ। ਸੇਵਾਦਾਰ ਗੁਰੂ ਕੇ ਲੰਗਰ ਦੀ ਸੇਵਾ ਵਿਚ ਲਗ ਗਏ। ਤਕਰੀਬਨ ਦਸ ਵਜੇ ਤਕ ਬਾਹਰ ਰਹੇ। ਸੰਤ ਜਦੋਂ ਦਸ ਵਜੇ ਵਾਪਸ ਲੰਗਰ ਵਿਚ ਆਏ, ਲੰਗਰ ਵਲ ਤੱਕਿਆ, ਲੰਗਰ ਦਾ ਅਰਦਾਸਾ ਸੁਧਾ ਕੇ ਗੁਰੂ ਕਾ ਲੰਗਰ ਛਕਾਣਾ ਸ਼ੁਰੂ ਕਰ ਦਿਤਾ। ਫਿਰ ਕੀ ਸੀ ਸਾਰਾ ਦਿਨ ਖੂਬ ਗੁਰੂ ਦਾ ਲੰਗਰ ਚਲਿਆ ਜੋ ਆਇਆ ਸੋ ਤ੍ਰਿਪਤ ਹੋ ਕੇ ਗਿਆ।

ਹੁਣ ਸਾਧੂ ਮੰਡਲੀ ਨੇ ਵੀ ਸੰਤਾਂ ਸਮੇਤ ਲੰਗਰ ਛਕਿਆ ਅਤੇ ਲੰਗਰ ਛਕ ਕੇ ਸਾਧੂ ਆਪੋ ਆਪਣੇ ਆਸਣਾਂ ਪਰ ਆਰਾਮ ਕਰਨ ਲੱਗ ਪਏ। ਸ਼ਾਮ ਦੇ ਤਿੰਨ ਵਜੇ ਫਿਰ ਸਾਰਿਆਂ ਨੇ ਜਲ ਪਾਣੀ ਛਕਿਆ ਹੀ ਸੀ ਕਿ ਇਤਨੇ ਨੂੰ ਬਾਬਾ ਚੰਦਾ ਸਿੰਘ ਸਾਹਿਬ ਜੀ ਅਤੇ ਬਾਬਾ ਨੰਦ ਸਿੰਘ ਜੀ ਦਾ ਸੱਦਾ ਆ ਗਿਆ ਕਿ ਜੰਡਸਰ ਹੀ ਕੱਟੂ ਵਾਲੇ ਬੁੰਗੇ ਆਪ ਜੀ ਨੂੰ ਯਾਦ ਕਰ ਰਹੇ ਹਨ। ਸੰਤ ਮਹਾਰਾਜ ਜੀ ਤੇ ਬਾਬਾ ਤ੍ਰਿਲੋਕ ਸਿੰਘ ਜੀ ਖ੍ਵਾਜਾ ਖੜਕ ਵਾਲੇ, ਬਾਬਾ ਬਿਸ਼ਨ ਸਿੰਘ ਜੀ, ਬਾਬਾ ਦਲੀਪ ਸਿੰਘ ਜੀ, ਬਾਬਾ ਪ੍ਰਦਮਨ ਸਿੰਘ ਜੀ, ਜਥੇਦਾਰ ਨਰਾਇਣ ਸਿੰਘ ਜੀ, ਦਾਸ ਲਿਖਾਰੀ ਵੀ ਸੰਤਾਂ ਦੀ ਆਗਿਆ ਲੈ ਕੇ ਸੰਤਾਂ ਨਾਲ ਕਟੂ ਵਾਲੇ ਬੁੰਗੇ ਆਏ। ਅੱਗੇ ਆਉਂਦਿਆਂ ਨੂੰ ਪੰਜ ਸਤ ਮੰਜਿਆਂ ਪਰ ਬਾਬਾ ਚੰਦਾ ਸਿੰਘ ਜੀ ਦੀ ਹਜ਼ੂਰੀ ਵਿਖੇ ਬਹੁਤ ਸਾਰੇ ਸਾਧੂ ਸੱਜ-ਧੱਜ ਕੇ ਬੈਠੇ ਸਨ। ਇਕ ਮੰਜੇ ਪਰ ਬਾਬਾ ਚੰਦਾ ਸਿੰਘ ਜੀ, ਇਕ ਮੰਜੇ ਪਰ ਬਾਬਾ ਨੰਦ ਸਿੰਘ ਜੀ ਬਿਰੱਕਤ ਕਲੇਰਾਂ ਵਾਲੇ, ਇਕ ਮੰਜੇ ਪਰ ਬਾਬਾ ਐਂਚਲ ਸਿੰਘ ਜੀ ਭਾਈ ਚੱਕਾ ਵਾਲੇ ਵੇਦਾਂਤੀ। ਇਕ ਮੰਜੇ ਪਰ ਬਾਬਾ ਅਘੜ ਸਿੰਘ ਜੀ ਧਮਧਾਣ ਸਾਹਿਬ ਵਾਲੇ ਮਹੰਤ ਜੀ, ਹੋਰ ਮੰਜਿਆਂ ਪਰ ਦੋ-ਦੋ, ਚਾਰ-ਚਾਰ ਸਾਧੂ ਬੈਠੇ ਸਨ। ਜਦੋਂ ਸੰਤ ਮਹਾਰਾਜ ਜੀ ਇਸ ਸਾਧੂ ਮੰਡਲੀ ਵਿਚ ਗਏ, ਸੰਤਾਂ ਨੇ ਸਾਰੇ ਸਾਧੂਆਂ ਨੂੰ ਧਰਤੀ ਪਰ ਮੱਥਾ ਰੱਖ ਕੇ ਬੜੀ ਸ਼ਰਧਾ ਸਿਦਕ ਨਾਲ ਮੱਥਾ ਟੇਕਿਆ, ਫਿਰ ਨਾਲ ਦੇ ਸਾਰੇ ਸਾਥੀ ਸਾਧੂਆਂ ਨੇ ਟੇਕਿਆ। ਉਸ ਸਮੇਂ ਸੰਤਾਂ ਨੇ ਬੜੀ ਨਿੰਮਰਤਾ ਧਾਰ ਕੇ ਜਿਥੇ ਕੁ ਬਾਬਾ ਚੰਦਾ ਸਿੰਘ ਜੀ ਦਾ ਪਲੰਘ ਸੀ ਉਥੇ ਕੁ ਨੂੰ ਭੁੰਜੇ ਹੀ ਚੌਕੜਾ ਮਾਰ ਕੇ ਬੈਠ ਗਏ। ਨਾਲ ਦੇ ਸਾਰੇ ਸਾਧੂ ਵੀ ਜਿਥੇ-ਜਿਥੇ ਜਗ੍ਹਾ ਮਿਲੀ ਉਥੇ-ਉਥੇ ਬੈਠ ਗਏ।

ਉਸ ਸਮੇਂ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਸਾਰੇ ਸਾਧੂਆਂ ਵਿਚ ਅਤੇ ਚੰਦਾ ਸਿੰਘ ਜੀ ਨੂੰ ਆਪਣੇ ਸਾਰੇ ਸਾਧੂਆਂ ਦਾ ਪ੍ਰਧਾਨ ਭਾਵ ਮੁਖੀ ਮੰਨ ਕੇ ਪ੍ਰਸ਼ਨ ਕੀਤਾ ਕਿ ਇਹ ਸੰਸਾਰ ਨੂੰ ਤਿਆਗ ਕੇ ਸੱਚ ਦੀ ਪ੍ਰਾਪਤੀ ਕੈਸੇ ਕਰ ਸਕਦਾ ਹੈ। ਨਾਲ ਹੀ ਬਾਬਾ ਨੰਦ ਸਿੰਘ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜਿਤਨੇ ਭੀ ਇਸ ਸਮੇਂ ਸਾਧੂ ਇਕੱਠੇ ਹਨ, ਸੋ ਸਾਰੇ ਆਪੋ ਆਪਣੇ ਇਸ ਪ੍ਰਸ਼ਨ ਦਾ ਤਜਰਬਾ ਪੇਸ਼ ਕਰਨ, ਤਾਂਕਿ ਸਾਰਿਆਂ ਵਿਚ ਇਹ ਵਾਰਤਾ ਖੁਲ੍ਹ ਜਾਏ। ਸਾਰਿਆਂ ਤੋਂ ਪਹਿਲਾਂ ਬਾਬਾ ਐਂਚਲ ਸਿੰਘ ਭਾਈ ਚੱਕਾ ਵਾਲਿਆਂ ਨੇ ਪੰਦਰਾਂ ਮਿੰਟ ਵਾਸਤੇ ਵੇਦਾਂਤ ਦੀ ਵਿਆਖਿਆ ਕੀਤੀ, ਸਿਧਾਂਤ ਦੱਸਿਆ ਕਿ ਸੱਤ ਅਸੱਤ ਦੀ ਵਿਚਾਰ ਕਰਨ ਤੋਂ ਅਸੱਤ ਨੂੰ ਤਿਆਗਣ ਕਰਕੇ ਸੱਤ ਦੀ ਪ੍ਰਾਪਤੀ ਹੋ ਜਾਂਦੀ ਹੈ। ਫਿਰ ਬਾਬਾ ਨੰਦ ਸਿੰਘ ਜੀ ਨੇ ਆਪਣਾ ਤਜਰਬਾ ਦੱਸਿਆ ਕਿ ਸਾਰੇ ਸੰਸਾਰ ਨੂੰ ਛੱਡ ਕੇ ਇਕਾਂਤ ਦੇਸ਼ ਵਿਚ ਮਹਾਨ ਸਿਮਰਨ ਦੁਆਰਾ ਸੰਸਾਰ ਤੋਂ ਬਿਰਤੀ ਉਥਾਨ ਹੋ ਜਾਂਦੀ ਹੈ। ਸੰਸਾਰ ਤੋਂ ਉਥਾਨ ਹੋਈ ਬਿਰਤੀ ਨੂੰ ਸੱਤ ਦੀ ਪ੍ਰਾਪਤੀ ਹੋ ਜਾਂਦੀ ਹੈ। ਬਾਬਾ ਅਘੜ ਸਿੰਘ ਜੀ ਨੇ ਗੁਰਬਾਣੀ ਪਰ ਜ਼ੋਰ ਦਿੱਤਾ, ਕਿ ਗੁਰਸਿੱਖ ਗੁਰਬਾਣੀ ਪੜ੍ਹਦਾ-ਪੜ੍ਹਦਾ ਨਿਰਬਾਣ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ। ਹੋਰ ਵੀ ਇਕ ਦੋ ਮਹਾਂਪੁਰਸ਼ਾਂ ਨੇ ਆਪਣੇ-ਆਪਣੇ ਖਿਆਲ ਦਿੱਤੇ, ਹੁਣ ਸਾਰੇ ਚੁੱਪ ਹੋ ਗਏ। ਸਾਰਿਆਂ ਦੇ ਖਿਆਲ ਵਿਚ ਆਇਆ ਕਿ ਬਾਬਾ ਚੰਦਾ ਸਿੰਘ ਜੀ ਇਸ ਬਾਬਤ ਕੁਝ ਕਹਿਣ, ਤਾਂਕਿ ਸਾਰਿਆਂ ਨੂੰ ਨਿਸ਼ਚਾ ਹੋ ਜਾਏ। ਇਤਨੇ ਨੂੰ ਇਕ ਸੰਤ ਨੇ ਆਖਿਆ ਕਿ ਮਹਾਂਪੁਰਸ਼ੋ ਅਜੇ

ਤਕ ਸੰਤ ਜਵਾਲਾ ਸਿੰਘ ਜੀ ਹਰਖੋਵਾਲੀਏ ਕੁਝ ਨਹੀਂ ਬੋਲੇ, ਸੋ ਨੀਵੀਂ ਪਾ ਕੇ ਹੀ ਬੈਠੇ ਹਨ।

ਬਾਬਾ ਚੰਦਾ ਸਿੰਘ ਜੀ ਆਖਣ ਲੱਗੇ ਕਿ ਭਾਈ ਸਾਹਿਬ ਕਿਥੇ ਬੈਠੇ ਹੋ? ਉਸ ਸੰਤਾਂ ਨੇ ਆਖਿਆ ਬਾਬਾ ਜੀ ਆਪ ਜੀ ਦੇ ਮੰਜੇ ਦੇ ਕੋਲ ਸਿਰਹਾਣੇ ਵਲ ਧਰਤੀ ਪਰ ਹੀ ਬੈਠੇ ਹਾਂ। ਇਕ ਦਮ ਬਹੁਤ ਸਾਰਾ ਕਹਿ ਕਰਕੇ ਸੰਤਾਂ ਨੂੰ ਧਰਤੀ ਉਪਰੋਂ ਉਠਾਲ ਕੇ ਆਪਣੇ ਪਾਸ ਬਿਠਾ ਕੇ ਬਾਬਾ ਜੀ ਨੇ ਸੰਤਾਂ ਨੂੰ ਆਖਿਆ, ਭਾਈ ਸਾਹਿਬ ਜੀ ਤੁਸੀਂ ਵੱਡੇ ਗੁਰਮੁਖਾਂ ਦੀ ਸੰਗਤ ਕੀਤੀ ਹੈ। ਤੁਸੀਂ ਆਪਣਾ ਨਿਜੀ ਤਜਰਬਾ ਦੱਸੋ— ਕਿ ਸੰਸਾਰ ਤੋਂ ਛੁਟਕਾਰਾ ਪਾ ਕੇ ਕਿਸ ਤਰ੍ਹਾਂ ਸੱਤ ਦੀ ਪ੍ਰਾਪਤੀ ਹੁੰਦੀ ਹੈ। ਸੰਤਾਂ ਨੇ ਕਿਹਾ, ਬਾਬਾ ਜੀ ਮੈਂ ਤਾਂ ਅਜੇ ਬੱਚਾ ਹਾਂ, ਆਪ ਜੈਸੇ ਮਹਾਂਪੁਰਸ਼ਾਂ ਤੋਂ ਸੁਨਣ ਵਾਸਤੇ ਹੀ ਆਪ ਜੀ ਦੇ ਚਰਨਾਂ ਵਿਚ ਬੈਠਾ ਸਾਂ।

ਬਾਬਾ ਜੀ ਨੇ ਫੇਰ ਆਖਿਆ, ਕਿ ਭਾਈ ਸਾਹਿਬ ਜੀ ਤੁਹਾਨੂੰ ਮਹਾਨ ਪੁਰਸ਼ਾਂ ਹੋਤੀ ਵਾਲਿਆਂ ਦੀ ਸੰਗਤ ਹੋਈ ਹੈ। ਉਨ੍ਹਾਂ ਪਾਸੋਂ ਜੋ ਤੁਸਾਂ ਨੇ ਨਿਸਚਾ ਕੀਤਾ ਹੈ ਸੋ ਸਾਧੂਆਂ ਦੀ ਸੰਗਤ ਵਿਚ ਪ੍ਰਗਟ ਕਰਕੇ ਦੱਸ ਦੇਵੋ। ਸੰਤਾਂ ਨੇ ਆਖਿਆ, ਬਾਬਾ ਜੀਉ ਮੈਨੂੰ ਤਾਂ ਮਹਾਂਪੁਰਸ਼ਾਂ ਨੇ ਨਿਸਚਾ ਕਰਾਇਆ ਸੀ ਕਿ ਇਸ ਜੀਵ ਨੂੰ ਅਗਰ ਸੰਸਾਰ ਤੋਂ ਟੁੱਟੇ ਹੋਏ, ਮਹਾਂਪੁਰਸ਼ਾਂ ਦੀ ਸੰਗਤ ਮਿਲ ਜਾਏ, ਉਹ ਪੂਰਨ ਪੁਰਸ਼ ਅਗਰ ਜੀਵ ਪਰ ਪ੍ਰਸੰਨ ਹੋ ਕੇ ਕ੍ਰਿਪਾ-ਦ੍ਰਿਸ਼ਟੀ ਕਰ ਦੇਣ, ਤਾਂ ਇਹ ਜੀਵ ਸੰਸਾਰ ਵਲੋਂ ਤੋੜ ਕੇ ਸੱਚ ਦੀ ਪ੍ਰਾਪਤੀ ਕਰਕੇ ਸੱਚ ਸਰੂਪ ਹੀ ਬਣਾ ਦੇਂਦੇ ਹਨ।

ਜਦੋਂ ਸੰਤਾਂ ਨੇ ਇਹ ਬਚਨ ਕਹੇ ਸਾਰਿਆਂ ਵਿਚ ਇਕ ਵਾਰੀ ਚੁੱਪ ਛਾ ਗਈ। ਫਿਰ ਬਾਬਾ ਨੰਦ ਸਿੰਘ ਜੀ ਨੇ ਬਾਬਾ ਚੰਦਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਹੁਣ ਆਪ ਜੀ ਵੀ ਗੁਰਮਤਿ ਅਨੁਸਾਰ ਕੁਝ ਦੱਸੋ ਤਾਂ ਫਿਰ ਬਾਬਾ ਚੰਦਾ ਸਿੰਘ ਜੀ ਨੇ ਆਪਣੀ ਪਵਿੱਤਰ ਰਸਨਾ ਦੁਆਰਾ ਸਾਰਿਆਂ ਨੂੰ ਪੰਦਰਾਂ ਮਿੰਟ ਚੰਗੀ ਤਰ੍ਹਾਂ ਗੁਰਮਤਿ ਅਨੁਸਾਰ ਖੋਲ੍ਹ ਕੇ ਦੱਸਿਆ ਕਿ ਜੋ ਭਾਈ ਜਵਾਲਾ ਸਿੰਘ ਜੀ ਨੇ ਥੋੜ੍ਹੇ ਜਿਹੇ ਸ਼ਬਦਾਂ ਦੁਆਰਾ ਕਿਹਾ ਹੈ, ਇਹ ਗੁਰਮਤਿ ਦਾ ਅਸਲੀ ਸਿਧਾਂਤ ਹੈ, ਕਿ ਸਾਰੀ ਗੁਰਬਾਣੀ ਵਿਚ ਥਾਂ-ਥਾਂ ਪਰ ਸਤਿਗੁਰੂ ਜੀ ਨੇ ਸਿੱਖਿਆ ਦਿੱਤੀ ਹੈ; ਕਿ ਪੂਰਨ ਪੁਰਖ ਹੀ ਇਸ ਜੀਵ ਦੇ ਬੰਧਨ ਕੱਟ ਕੇ ਬ੍ਰਹਮ ਬਣਾ ਦੇਂਦੇ ਹਨ। ਮੂਲ-ਮੰਤ੍ਰ ਦਾ ਸਭ ਤੋਂ ਪਹਿਲੋਂ ਹੀ ਇਹ ਵੱਡਾ ਸਿਧਾਂਤ ਹੈ ਕਿ :

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ।।

ਗੁਰੂ ਜੀ ਦੀ ਕ੍ਰਿਪਾ ਨਾਲ ਹੀ ੴ ਸੱਚ ਦੀ ਪ੍ਰਾਪਤੀ ਹੁੰਦੀ ਹੈ। ਇਹ ਸੰਤ ਸਮਾਗਮ ਇਸ ਸਿਧਾਂਤ ਪਰ ਅੱਪੜ ਕੇ ਸਮਾਪਤ ਹੋ ਗਿਆ। ਸਾਰੇ ਸਾਧੂ ਆਪੋ ਆਪਣੇ ਆਸਣਾਂ ਪਰ ਚਲੇ ਗਏ।

ਦਮਦਮੇ ਸਾਹਿਬ ਜੰਡਸਰ ਖੂਹ ਲਾਉਣ ਵਾਸਤੇ ਖੂਹ ਦਾ ਟੱਕ ਲਾਉਣਾ

ਸੰਮਤ 1930 ਦੀ ਵੈਸਾਖੀ ਦੇ ਦਮਦਮੇ ਸਾਹਿਬ ਹਰ ਇਕ ਗੁਰਦਵਾਰੇ ਵਿਚ ਅਖੰਡ ਪਾਠ ਪ੍ਰਾਰੰਭ ਸਨ। ਦਮਦਮਾ ਤਖਤ ਪਰ ਵੀ ਅਖੰਡ ਪਾਠ ਪ੍ਰਾਰੰਭ ਸੀ। ਬਾਬਾ ਮਸਤੂਆਣੇ ਬੁੰਗੇ ਵੀ ਅਖੰਡ ਪਾਠ ਪ੍ਰਾਰੰਭ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦਵਾਰੇ ਜੋ ਸਰੋਵਰ ਦੇ ਕੰਢੇ ਪਰ ਹੈ, ਇਸ ਗੁਰਦਵਾਰੇ ਵੀ ਅਖੰਡ ਪਾਠ ਪ੍ਰਾਰੰਭ ਸੀ। ਬੁੱਢਾ ਦਲ ਤੇ ਤਰਨਾ ਦਲ ਦੋਨਾਂ ਵਿਚ ਹੀ ਅਲੱਗ-ਅਲੱਗ ਅਖੰਡ ਪਾਠ ਹੋ ਰਹੇ ਸਨ। ਬੁੱਢਾ ਦਲ ਤੇ ਤਰਨਾ ਦਲ ਵਿਚ ਦਸਮ ਗ੍ਰੰਥ ਦੇ ਪਾਠ ਵੀ ਵਿਧੀ-ਪੂਰਬਕ ਹੋ ਰਹੇ ਸਨ।

ਬਾਬਾ ਚੰਦਾ ਸਿੰਘ ਜੀ ਨੇ ਆਪਣੇ ਕੱਟੂ ਵਾਲੇ ਬੁੰਗੇ ਵਿਖੇ ਅਖੰਡ ਪਾਠ ਪ੍ਰਾਰੰਭ ਕਰਿਆ ਹੋਇਆ ਸੀ। ਵੈਸਾਖੀ ਵਾਲੇ ਦਿਨ ਸਾਰੇ ਪਵਿੱਤਰ ਅਸਥਾਨਾਂ ਵਿਖੇ ਅਖੰਡ ਪਾਠਾਂ ਦੀ ਸਮਾਪਤੀ ਬੜੇ ਸੱਜ-ਧੱਜ ਨਾਲ ਬੜੇ ਉਤਸ਼ਾਹ

ਨਾਲ ਹੋਈ। ਇਸੇ ਤਰ੍ਹਾਂ ਕੱਟੂ ਵਾਲੇ ਬੁੰਗੇ ਸਾਰੇ ਸਾਧੂਆਂ ਨੇ ਮਿਲ ਕੇ ਬੜੇ ਪ੍ਰੇਮ ਪੂਰਬਕ ਅਖੰਡ ਪਾਠ ਦੀ ਸਮਾਪਤੀ ਦੇ ਸਲੋਕ ਸੁਣ ਕੇ ਅਨੰਦ ਮਾਣਿਆ, ਉਪਰੰਤ ਆਰਤੀ ਤੇ ਅਰਦਾਸਾ ਸੋਧਿਆ, ਮੁਖ-ਵਾਕ ਦੀ ਕਥਾ ਗਿਆਨੀ ਵਰਿਆਮ ਸਿੰਘ ਜੀ ਨੇ ਬੜੇ ਰਸ ਭਰੇ ਲਹਿਜੇ ਅੰਦਰ ਸੰਗਤਾਂ ਨੂੰ ਸੁਣਾ ਕੇ ਨਿਹਾਲ ਕੀਤਾ, ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

ਇਸ ਤੋਂ ਬਾਅਦ ਗੁਰੂ ਕਾ ਲੰਗਰ ਸਭ ਸੰਗਤਾਂ ਨੇ ਛਕਿਆ। ਫਿਰ ਬਾਬਾ ਚੰਦਾ ਸਿੰਘ ਜੀ ਨੇ ਸੰਤ ਮਹਾਰਾਜ ਜੀ ਨੂੰ ਆਪਣੇ ਕੋਲ ਬੁਲਾਇਆ ਅਤੇ ਬੜੇ ਪਿਆਰ ਤੇ ਮਿੱਠੇ ਬਚਨਾਂ ਦੁਆਰਾ ਬਾਬਾ ਜੀ ਨੇ ਸੰਤਾਂ ਨੂੰ ਆਖਿਆ ਕਿ ਭਾਈ ਸਾਹਿਬ ਜੀ ਜੰਡਸਰ ਸੰਗਤਾਂ ਪਾਣੀ ਤੋਂ ਬਹੁਤ ਤੰਗ ਹੋ ਜਾਂਦੀਆਂ ਹਨ। ਗੁਰਦੁਆਰਾ ਜੰਡਸਰ ਵਿਖੇ ਸਦਾ ਵਾਸਤੇ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਸੰਤਾਂ ਨੇ ਉੱਤਰ ਦਿੱਤਾ ਸਤਿਬਚਨ ਮਹਾਰਾਜ ਜੀਉ। ਬਾਬਾ ਜੀ ਨੇ ਕਿਹਾ, ਭਾਈ ਸਾਹਿਬ ਜੀ ਕੈਸੇ ਆਪ ਜੀ ਨੇ ਸਤਿਬਚਨ ਆਖਿਆ ਹੈ? ਸੰਤਾਂ ਨੇ ਉੱਤਰ ਦਿੱਤਾ ਹਜ਼ੂਰ ਜੀਉ ਜੰਡਸਰ ਖੂਹ ਲੱਗ ਜਾਏਗਾ।

ਬਾਬਾ ਜੀ ਨੇ ਕਿਹਾ, ਭਾਈ ਸਾਹਿਬ ਜੀ ਏਥੇ ਕਿਸ ਤਰ੍ਹਾਂ ਲੁਧਿਆਣੇ ਦੀ ਧਰਤੀ ਵਿਚ ਖੂਹ ਲੱਗ ਜਾਏਗਾ। ਇਸ ਧਰਤੀ ਵਿਚ ਖੂਹ ਲਾਉਣਾ ਬਹੁਤ ਕਠਿਨ ਹੈ। ਇਸ ਧਰਤੀ ਵਿਚ 110 ਹੱਥ ਪਰ ਪਾਣੀ ਨਿਕਲਦਾ ਹੈ।

ਸੰਤਾਂ ਨੇ ਬੜੀ ਨਿੰਮਰਤਾ ਸਹਿਤ ਕਿਹਾ, ਕਿ ਬਾਬਾ ਜੀ ਇਹ ਕਾਰਜ ਕਿਸੇ ਬੰਦੇ ਦਾ ਨਹੀਂ। ਇਹ ਕਾਰਜ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਹੈ, ਸੋ ਸਤਿਗੁਰੂ ਜੀ ਨੇ ਆਪ ਹੀ ਕਰ ਲੈਣਾ ਹੈ। ਬਾਬਾ ਜੀ ਨੇ ਆਖਿਆ ਫਿਰ; ਸੰਤਾਂ ਨੇ ਆਖਿਆ ਬਾਬਾ ਜੀ ਫਿਰ ਕੀ, ਅੰਮ੍ਰਿਤ ਵੇਲੇ ਬੁਧਵਾਰ ਹੈ, ਅਤੇ ਵੈਸਾਖ ਦਾ ਮਹੀਨਾ ਹੈ। ਆਪ ਸਾਰੇ ਸਾਧੂ ਮਿਲ ਕੇ ਅਰਦਾਸ ਕਰਕੇ ਖੂਹ ਦਾ ਟੱਕ ਲਾ ਦੇਵੋ।

ਬਾਬਾ ਜੀ ਨੇ ਫਿਰ ਕਿਹਾ ਅਜੇ ਕੋਈ ਸਾਧਨ ਨਹੀਂ, ਨਾ ਹੀ ਕੋਈ ਇਤਨੇ ਸੇਵਾਦਾਰ ਹਨ, ਨਾ ਹੀ ਇਤਨੀ ਮਾਇਆ ਹੈ। ਜਦੋਂ ਖੂਹ ਲਾਉਣ ਦਾ ਸਾਧਨ ਕੋਈ ਨਹੀਂ ਤਾਂ ਖੂਹ ਦਾ ਟੱਕ ਲਾ ਕੇ ਲੋਕਾਂ ਤੋਂ ਟਿਚਰਾਂ ਹੀ ਕਰਾਉਣੀਆਂ ਹਨ। ਇਸ ਵਾਸਤੇ ਪਹਿਲਾਂ ਖੂਹ ਲਾਉਣ ਦੇ ਸਾਧਨ ਪੂਰੇ ਕਰੋ। ਫਿਰ ਟੱਕ ਵੀ ਲਗ ਜਾਵੇਗਾ।

ਸੰਤਾਂ ਨੇ ਕਿਹਾ ਬਾਬਾ ਜੀ ਕੋਈ ਚਿੰਤਾ ਨਾ ਕਰੋ, ਨਾ ਹੀ ਸਤਿਗੁਰ ਆਪ ਜੀ ਨੂੰ ਟਿਚਰਾਂ ਕਰਾਵੇਗਾ, ਬਲਕਿ ਖੂਹ ਦੀ ਬਖਸ਼ਿਸ਼ ਕਰ ਦੇਵੇਗਾ। ਗੱਲ ਦੀ ਪੱਕਾ ਮਤਾ ਹੋ ਗਿਆ ਕਿ ਸਵੇਰੇ ਦਿਨ ਬੁਧਵਾਰ ਦੋ ਵੈਸਾਖ ਨੂੰ ਗੁਰਦੁਆਰਾ ਜੰਡਸਰ ਖੂਹ ਦਾ ਟੱਕ ਲਾਇਆ ਜਾਏਗਾ। ਇਹ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ, ਅੰਮ੍ਰਿਤ ਵੇਲਾ ਹੋਇਆ, ਸਾਰੀਆਂ ਸੰਗਤਾਂ ਉਠੀਆਂ, ਸੌਚਾਚਾਰ ਕਰਕੇ ਇਸ਼ਨਾਨੇ ਸੋਧੇ, ਸਿਮਰਨ ਨਿਤਨੇਮ ਕੀਤੇ। ਦਿਨ ਦੇ ਦਸ ਵਜੇ ਕੜਾਹ ਪ੍ਰਸ਼ਾਦਿ ਮਰਯਾਦਾ ਅਨੁਸਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੀਵਾਨ ਸੱਜ ਗਿਆ। ਪਹਿਲਾਂ ਕੀਰਤਨ ਹੋਇਆ, ਫਿਰ ਖੂਹ ਦੇ ਟੱਕ ਦਾ ਅਰਦਾਸਾ ਸੋਧਿਆ, ਫਿਰ ਮੁਖਵਾਕ ਲਿਆ।

ਮੁਖਵਾਕ: ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।।

ਇਸ ਛੰਦ ਦਾ ਤੀਸਰਾ ਸ਼ਬਦ ਹੈ।

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ।।

ਇਹ ਸਾਰਾ ਛੰਦ ਪੜ੍ਹ ਕੇ ਸਾਰਿਆਂ ਨੇ ਬੜੀਆਂ ਖੁਸ਼ੀਆਂ ਕੀਤੀਆਂ, ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਪਹਿਲਾਂ ਵਰਤਾਇਆ ਜਿਥੇ ਟੱਕ ਲਾਉਣਾ ਸੀ। ਉਥੇ ਭੇਟ ਕੀਤਾ ਅਤੇ ਉਸ ਜਗ੍ਹਾ ਸੰਤਾਂ ਵਲੋਂ ਅੰਮ੍ਰਿਤ ਵੇਲੇ ਤੋਂ ਧੂਫ ਹਮਨ ਹੋ ਰਿਹਾ ਸੀ ਅਤੇ ਮੂਲ-ਮੰਤ੍ਰ ਦਾ ਪਾਠ ਹੋ ਰਿਹਾ ਸੀ। ਹੁਣ ਸਾਰੀ ਸੰਗਤ ਇਕੱਤਰ ਹੋ ਗਈ। ਉਸ ਜਗ੍ਹਾ ਪਰ ਗਈ ਜਿਥੇ ਖੂਹ ਦਾ ਟੱਕ ਲਾਉਣਾ ਸੀ। ਪਹਿਲਾ ਟੱਕ ਬਾਬਾ ਚੰਦਾ ਸਿੰਘ ਜੀ ਨੇ ਲਾਇਆ, ਫਿਰ ਸੰਤਾਂ ਨੇ ਲਾਇਆ, ਫੇਰ ਬਾਬਾ ਅਘੜ ਸਿੰਘ ਜੀ ਨੇ ਤੇ ਸੰਤ ਕਿਸ਼ਨ ਸਿੰਘ ਜੀ, ਪੰਜਵਾਂ ਟੱਕ ਬਾਬਾ ਐਂਚਲ ਸਿੰਘ ਜੀ ਭਾਈ ਕੇ ਚੱਕਾਂ

ਵਾਲਿਆਂ ਨੇ ਲਾਇਆ। ਉਸ ਸਮੇਂ ਕੱਟੂ ਵਾਲੇ ਬੁੰਗੇ ਮਹੰਤ ਬਿਸ਼ਨ ਸਿੰਘ ਜੀ ਮਾਦ ਪੁਰੀਏ ਜ਼ਿਲ੍ਹਾ ਲੁਧਿਆਣੇ ਵਾਲੇ ਸਨ। ਸੰਤਾਂ ਨੇ ਗੁਪਤ ਮਾਇਆ ਮਹੰਤ ਬਿਸ਼ਨ ਸਿੰਘ ਜੀ ਨੂੰ ਦਿੱਤੀ। ਫਿਰ ਹੋਰ ਸ਼ਰਧਾਲੂਆਂ ਨੂੰ ਪਤਾ ਲੱਗਾ ਕਿ ਖੂਹ ਵਾਸਤੇ ਸੰਤ ਜਵਾਲਾ ਸਿੰਘ ਜੀ ਨੇ ਗੁਪਤ ਤੌਰ ਤੇ ਮਾਇਆ ਦਿਤੀ ਹੈ। ਸੰਤਾਂ ਨੇ ਗੁਪਤ ਤੌਰ ਤੇ ਇਸ ਕਰਕੇ ਦਿਤੀ ਸੀ ਕਿ ਸੰਗਤਾਂ ਵਿਚ ਇਹ ਗੱਲ ਨਾ ਖਿਲਰ ਜਾਏ ਕਿ ਸੰਤਾਂ ਨੇ ਸੰਗਤਾਂ ਕੋਲੋਂ ਮਾਇਆ ਕੱਠੀ ਕਰਨ ਹਿਤ ਇਹ ਖੇਲ ਖੇਲੀ ਹੈ। ਪਰ ਫੇਰ ਵੀ ਪੰਜ ਹਜ਼ਾਰ ਰੁਪਿਆ ਇਕੱਠਾ ਹੋ ਗਿਆ। ਸੰਤਾਂ ਨੇ ਮਹੰਤ ਬਿਸ਼ਨ ਸਿੰਘ ਜੀ ਨੂੰ ਕਿਹਾ ਕਿ ਇਸ ਮਾਇਆ ਦੁਆਰਾ ਖੂਹ ਦਾ ਪਾੜ ਪੁੱਟਣਾ ਸ਼ੁਰੂ ਕਰੋ। ਪੱਕੀ ਤਰ੍ਹਾਂ ਕਹੀੜ ਗੱਡੋ, ਇਕ ਭੌਣੀ ਲੋਹੇ ਦੀ ਲੈ ਆਵੋ, ਇਕ ਮੋਟੀ ਲੱਜ ਬੈਂਤ ਦੀ ਮਜ਼ਬੂਤ ਲੈ ਕੇ ਆਵੋ, ਤਾਂਕਿ ਖੂਹ ਦੀ ਮਿੱਟੀ ਇਸ ਭੌਣੀ ਦੁਆਰਾ ਕੱਢੀ ਜਾਵੇ। ਜੇ ਕੁਝ ਮਾਇਆ ਦੀ ਕਮੀ ਹੋਵੇ ਸਾਨੂੰ ਖਬਰ ਕਰਨੀ।

ਇਹ ਸਾਰੀਆਂ ਡਿਊਟੀਆਂ ਲਾ ਕੇ ਆਪ ਸੰਤ ਡੇਰੇ ਆ ਗਏ। ਖੂਹ ਦੀ ਕਾਰ ਬੜੇ ਅੱਛੇ ਢੰਗ ਨਾਲ ਹੋ ਗਈ। ਜਦੋਂ ਮਾਇਆਂ ਦੀ ਜ਼ਰੂਰਤ ਪਈ ਤਾਂ ਸੰਤਾਂ ਨੇ ਮਾਇਆ ਦੀ ਥੁੜ ਨਹੀਂ ਆਉਣ ਦਿੱਤੀ। ਸੇਵਾਦਾਰਾਂ ਦੀ ਥੁੜ ਬਾਬਾ ਖ੍ਵਾਜਾ ਖੜਕਿਆ ਸ਼੍ਰੀ ਸੰਤ ਤ੍ਰਿਲੋਕ ਸਿੰਘ ਜੀ ਨੇ ਨਹੀਂ ਆਉਣ ਦਿੱਤੀ। ਇਸ ਦੇ ਖੂਹ ਦੀ ਪਾੜ ਦੀ ਸੇਵਾ ਸੰਗਤਾਂ ਇਸੇ ਤਰੀਕੇ ਨਾਲ ਕਰਦੀਆਂ ਰਹੀਆਂ। ਇਕ ਸੌ ਵੀਹ ਹੱਥ ਪਰ ਪਾਣੀ ਆਇਆ, ਇਸ ਖੂਹ ਦੇ ਪੂਰਨ ਹੋਣ ਦੀ ਕਥਾ ਅੱਗੇ ਚਲ ਕੇ ਕਹਾਂਗੇ, ਦੋ ਸਾਖੀਆਂ ਛੱਡ ਕੇ ਆਏਗੀ।

ਸੰਤ ਮਹਾਰਾਜ ਜੀ ਦਾ ਰਾਜਾਸਾਂਸੀ ਜਾਣਾ

ਸੰਤ ਮਹਾਰਾਜ ਜੀ ਰਾਜਾਸਾਂਸੀ ਦੋ ਵਾਰ ਗਏ ਹਨ। ਜਦੋਂ ਰਾਜਾਸਾਂਸੀ ਸਰਦਾਰ ਰਘਬੀਰ ਸਿੰਘ ਜੀ ਨੂੰ ਸੰਤਾਂ ਦੇ ਦਰਸ਼ਨ ਹੋਏ। ਅਤੇ ਸੰਤਾਂ ਨਾਲ ਦਿਆਲਤਾ ਦਾ ਵਟਾਂਦਰਾ ਹੋਇਆ, ਫਿਰ ਇਕ ਦੋ ਵਾਰੀ ਫੇਰ ਭੀ ਗਏ ਹਨ। ਪਹਿਲੀ ਵਾਰੀ ਤਾਂ ਦਰਸ਼ਨ ਵੀ ਘੱਟ ਹੀ ਹੋਏ ਹਨ।

ਪਹਿਲੀ ਵਾਰ ਸੰਤਾਂ ਦਾ ਰਾਜਾਸਾਂਸੀ ਜਾਣਾ: ਰਾਜਾਸਾਂਸੀ ਵਿਖੇ ਸੰਤਾਂ ਦੇ ਗੁਰ ਭਾਈ ਬਾਬਾ ਜਵੰਦ ਸਿੰਘ ਜੀ ਡੇਰਾ ਬਣਾ ਕੇ ਰਿਹਾ ਕਰਦੇ ਸਨ। ਸੰਤ ਜਵੰਦ ਸਿੰਘ ਜੀ ਦੇ ਦਰਸ਼ਨ ਹਿੱਤ ਸੰਤ ਤਿਨ੍ਹਾਂ ਦੇ ਡੇਰੇ ਰਾਜਾਸਾਂਸੀ ਵਿਖੇ ਗਏ। ਉਨ੍ਹਾਂ ਦਿਨਾਂ ਵਿਖੇ ਹੀ ਸਰਦਾਰ ਰਘਬੀਰ ਸਿੰਘ ਜੀ ਨੇ ਆਪਣੀ ਕੋਠੀ ਨਵੀਂ ਤਿਆਰ ਕੀਤੀ ਸੀ। ਇਸ ਲਈ ਸੰਤ ਜਵੰਦ ਸਿੰਘ ਜੀ ਦਾ ਕੋਠੀ ਵਿਚ ਕੀਰਤਨ ਹਿੱਤ ਅਤੇ ਸੰਤ ਮੰਡਲੀ ਨੂੰ ਭੋਜਨ ਛਕਾਉਣ ਹਿੱਤ ਸਰਦਾਰ ਰਘਬੀਰ ਸਿੰਘ ਜੀ ਨੇ ਬੇਨਤੀ ਕਰ ਘੱਲੀ। ਸੰਤ ਜਵੰਦ ਸਿੰਘ ਜੀ ਨੇ ਸਰਦਾਰ ਸਾਹਿਬ ਦੀ ਬੇਨਤੀ ਮਨਜ਼ੂਰ ਕਰ ਲਈ।

ਹੁਣ ਅੰਮ੍ਰਿਤ ਵੇਲਾ ਹੋਇਆ, ਸੰਤ ਜਵੰਦ ਸਿੰਘ ਜੀ ਆਪਣੇ ਕੀਰਤਨੀ ਜਥੇ ਸਮੇਤ ਅਤੇ ਸੰਤ ਮਹਾਰਾਜ ਜੀ ਨੂੰ ਨਾਲ ਲੈ ਕੇ ਕੀਰਤਨ ਕਰਨ ਹਿੱਤ ਸਰਦਾਰ ਸਾਹਿਬ ਦੀ ਕੋਠੀ ਆ ਗਏ। ਸੰਤ ਜਵੰਦ ਸਿੰਘ ਜੀ ਨੇ ਮਹਾਨ ਰਸ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਸੰਤ ਜਵੰਦ ਸਿੰਘ ਜੀ ਦਾ ਕੀਰਤਨ ਮਹਾਨ ਰਸੀਲਾ ਹੁੰਦਾ ਸੀ। ਸੰਤਾਂ ਦੀ ਅਵਾਜ਼ ਇਤਨੀ ਰਸ-ਭਰੀ ਹੁੰਦੀ ਸੀ, ਸਰੋਤਿਆਂ ਦੀ ਬਿਰਤੀ ਇਕ ਦਮ ਇਕਾਗਰ ਹੋ ਕੇ ਝੂਮਣ ਲਗ ਜਾਂਦੇ ਸਨ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਕੀਰਤਨ ਦੇ ਰਸੀਏ ਆ ਕੇ ਸੰਤਾਂ ਦਾ ਕੀਰਤਨ ਸੁਣਦੇ ਸਨ। ਕੀਰਤਨ ਦੀ ਸਮਾਪਤੀ ਤੋਂ ਉਪਰੰਤ ਛੇਤੀ ਹੀ ਸੰਤ ਮੰਡਲੀ ਵਾਸਤੇ ਲੰਗਰ ਤਿਆਰ ਹੋ ਗਿਆ। ਹੁਣ ਭੋਜਨ ਛਕਣ ਵਾਸਤੇ ਸੰਤਾਂ ਨੇ ਪੰਗਤ ਲਾ ਦਿੱਤੀ। ਸੰਤਾਂ ਦੀ ਸੰਗਤ ਦੇ ਭੋਜਨ ਛਕਣ ਵਾਸਤੇ ਹੱਥ ਨੌਕਰਾਂ ਮਹਿਰਿਆਂ ਨੇ ਧੁਆਏ। ਥਾਲ ਬਰਤਨ ਵੀ ਨੌਕਰਾਂ ਨੇ ਪਰੋਸੇ ਅਤੇ ਭੋਜਨ ਵੀ ਨੌਕਰਾਂ ਨੇ ਹੀ ਸੰਤਾਂ ਨੂੰ ਪਰੋਸਿਆ ਤੇ ਰੁਚੀ ਅਨੁਸਾਰ ਛਕਾਇਆ। ਸਰਦਾਰ ਤੇ ਸਰਦਾਰਨੀਆਂ ਆਪਣੇ ਕਮਰੇ ਵਿਚ ਹੀ ਸੰਤਾਂ ਦੇ ਸਨਮੁਖ ਹੀ ਕੁਰਸੀਆਂ ਤੇ ਬੈਠੇ ਗੱਲਾਂ ਗੱਪਾਂ ਮਾਰਦੇ ਰਹੇ ਅਤੇ ਹਾਸ-ਬਿਲਾਸ ਵੀ ਕਰਦੇ ਰਹੇ। ਨੌਕਰਾਂ ਮਹਿਰਿਆਂ ਨੇ ਅਖੀਰ ਹੱਥ ਧੁਆ ਕੇ ਚੁਲੇ ਕਰਵਾਏ। ਇਸ ਸਮੇਂ

ਦੋਨਾਂ ਸੰਤਾਂ ਨੇ ਅੰਤਰ-ਆਤਮੇ ਕੋਈ ਸਿਧਾਂਤ ਦੀ ਗੱਲ ਕਥਨ ਕੀਤੀ ਅਤੇ ਭੋਜਨ ਅਰਦਾਸਾ ਸੋਧਿਆ।

ਅਰਦਾਸ— ਸਰਬ ਬੈਕੁੰਠ ਮੁਕਤਿ ਮੋਖ ਪਾਏ।। ਏਕ ਨਿਮਖ ਹਰਿ ਕੇ ਗੁਨ ਗਾਏ।।
ਅਨਿਕ ਰਾਜ ਭੋਗ ਬਡਿਆਈ।। ਹਰਿ ਕੇ ਨਾਮ ਕੀ ਕਥਾ ਮਨਿ ਭਾਈ।।
ਬਹੁ ਭੋਜਨ ਕਾਪਰ ਸੰਗੀਤ।। ਰਸਨਾ ਜਪਤੀ ਹਰਿ ਹਰਿ ਨੀਤ।।
ਭਲੀ ਸੁ ਕਰਨੀ ਸੋਭਾ ਧਨਵੰਤ।। ਹਿਰਦੈ ਬਸੇ ਪੂਰਨ ਗੁਰ ਮੰਤ।।
ਸਾਧਸੰਗਿ ਪ੍ਰਭ ਦੇਹੁ ਨਿਵਾਸ।। ਸਰਬ ਸੂਖ ਨਾਨਕ ਪਰਗਾਸ।। ੮।। ੨੦।। (ਸੁਖਮਨੀ)

ਤਥਾ— ਦਦਾ ਦਾਤਾ ਏਕੁ ਹੈ ਸਭ ਕਉ ਦੇਵਨਿਹਾਰ।। ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ।।
ਤਥਾ— ਸਤੀ ਦੇਹ ਸੰਤੋਖੀ ਖਾਇ।। ਨਾਨਕ ਦਰਿ ਦੀਦਾਰਿ ਸਮਾਇ।।

ਬੋਲੋ ਜੀ ਵਾਹਿਗੁਰੂ, ਬੋਲੋ ਜੀ ਵਾਹਿਗੁਰੂ, ਤੇਰੀ ਦੇਗੋ ਪ੍ਰਸ਼ਾਦ ਛਕਿਆ। ਦੇਗ ਸਵਾਈ, ਤੇਗ ਸਵਾਈ, ਦਾਨਾ ਪਾਣੀ ਗੁਰੂ ਦਾ ਟਹਿਲ ਸੇਵਾ ਸਰਦਾਰਾਂ ਦੇ ਨੌਕਰਾਂ ਤੇ ਮਹਿਰਿਆਂ ਦੀ ਲੇਖੇ ਲਾਈਂ। ਸਰਦਾਰ ਖਾਲੀ ਦੇ ਖਾਲੀ ਗੁਰੂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।। ਜਦੋਂ ਸੰਤਾਂ ਨੇ ਲੰਗਰ ਦੀ ਅਰਦਾਸ ਕੀਤੀ ਹੋਈ ਸਰਦਾਰ ਸਰਦਾਰਨੀਆਂ ਨੇ ਸੁਣੀ ਤਾਂ ਹੈਰਾਨ ਹੋ ਕੇ ਸੰਤਾਂ ਦੇ ਕੋਲ ਆ ਕੇ ਬੇਨਤੀ ਕੀਤੀ ਕਿ ਸੰਤ ਜੀ ਆਪ ਜੀ ਨੇ ਅਰਦਾਸ ਕਿਸ ਢੰਗ ਨਾਲ ਕੀਤੀ ਹੈ ਕਿ ਟਹਿਲ ਸੇਵਾ ਨੌਕਰਾਂ ਤੇ ਮਹਿਰਿਆਂ ਦੀ, ਸਰਦਾਰ ਖਾਲੀ ਦੇ ਖਾਲੀ। ਸੰਤਾਂ ਨੇ ਉੱਤਰ ਦਿੱਤਾ, ਸਰਦਾਰ ਜੀਉ ਸਾਨੂੰ ਦੁਨੀਆਂ ਵਿਚ ਸੰਤ ਆਖਦੇ ਹਨ। ਸੰਤਾਂ ਦੀ ਬਾਬਤ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸੰਤਾਂ ਦੇ ਲਖਸ਼ਣ ਦੱਸਦਿਆਂ ਹੋਇਆਂ ਗੁਰੂ ਗ੍ਰੰਥ ਸਾਹਿਬ ਵਿਖੇ ਫੁਰਮਾਇਆ ਹੈ ਕਿ :

ਸੰਤਨ ਕੀ ਸੁਣਿ ਸਾਚੀ ਸਾਖੀ।। ਸੋ ਬੋਲਹਿ ਜੋ ਪੇਖਹਿ ਆਖੀ।। (ਪੰਨਾ ੮੯੪)

ਅਸੀਂ ਭੀ ਸੰਤ ਹੋਣੇ ਕਰਕੇ ਜੋ ਅੱਖਾਂ ਨਾਲ ਦੇਖਿਆ ਸੋ ਹੀ ਅਰਦਾਸ ਵਿਚ ਕਹਿ ਦਿੱਤਾ ਹੈ। ਸੰਤਾਂ ਨੇ ਕਿਹਾ ਸਰਦਾਰ ਜੀ ਸੁਣੋ ਕਿ ਦਾਣਾ ਪਾਣੀ ਗੁਰੂ ਕਾ ਹੈ। ਇਹ ਗੁਰੂ ਘਰ ਦਾ ਅਟੱਲ ਨਿਯਮ ਹੈ, ਸਾਰੇ ਗੁਰੂ ਦੇ ਨਾਮ ਲੇਵਾ ਦਾਨਾ ਪਾਣੀ ਗੁਰੂ ਦਾ ਹੀ ਨਿਸ਼ਚਾ ਕਰਦੇ ਹਨ। ਇਹ ਅਸੀਂ ਗੁਰੂ ਦਾ ਕਹਿ ਦਿੱਤਾ ਹੈ। ਇਸ ਦਾ ਤਾਂ ਕੋਈ ਫਰਕ ਹੀ ਨਹੀਂ ਹੈ। ਅੱਗੇ ਸੁਣੋ- ਆਪ ਜੀ ਨੇ ਜਾਂ ਆਪ ਜੀ ਦੀ ਸਰਦਾਰਨੀ ਨੇ ਸੰਗਤ ਦੇ ਜੋੜੇ ਝਾੜੇ? ਸਰਦਾਰ ਜੀ ਕਹਿਣ ਲੱਗੇ, ਨਹੀਂ ਜੀ। ਆਪ ਜੀ ਨੇ ਜਾਂ ਸਰਦਾਰਨੀ ਸਾਹਿਬ ਨੇ ਸੰਗਤ ਵਾਸਤੇ ਆਟਾ ਪੀਠਾ? ਸਰਦਾਰ ਜੀ ਕਹਿਣ ਲੱਗੇ ਨਹੀਂ ਜੀ। ਕੀ ਆਟਾ ਗੁੰਨ੍ਹਿਆ ਹੋਵੇਗਾ? ਸਰਦਾਰ ਜੀ ਕਹਿਣ ਲੱਗੇ ਨਹੀਂ ਜੀ। ਕੀ ਫੁਲਕੇ ਪਕਾਏ ਹੋਣਗੇ? ਸਰਦਾਰ ਜੀ ਕਹਿਣ ਲੱਗੇ ਨਹੀਂ ਜੀ। ਕੋਈ ਦਾਲ ਭਾਜੀ ਹੋਰ ਪਦਾਰਥ ਬਣਾਇਆ ਹੋਵੇਗਾ? ਸਰਦਾਰ ਜੀ ਕਹਿਣ ਲੱਗੇ ਨਹੀਂ ਜੀ। ਫਿਰ ਸੰਗਤ ਦੇ ਹੱਥ ਧੁਆ ਕੇ ਚੁਲਾ ਕਰਵਾਇਆ ਹੋਵੇਗਾ। ਸਰਦਾਰ ਜੀ ਕਹਿਣ ਲੱਗੇ ਨਹੀਂ ਜੀ। ਫਿਰ ਸਰਦਾਰ ਜੀ ਅਸੀਂ ਏਨਾ ਝੂਠ ਕਿਵੇਂ ਕਹਿ ਦੇਂਦੇ ਕਿ ਸੇਵਾ ਸਰਦਾਰ ਸਰਦਾਰਨੀਆਂ ਦੀ। ਜਦੋਂ ਸੰਤਾਂ ਨੇ ਸਰਦਾਰ ਜੀ ਨੂੰ ਸੰਬੋਧਨ ਕਰਦਿਆਂ ਇਹ ਉਪਦੇਸ਼ ਦਿੱਤਾ, ਤਾਂ ਸਰਦਾਰ ਤੇ ਸਰਦਾਰਨੀਆਂ ਦੇ ਸੁਣਦਿਆਂ-ਸੁਣਦਿਆਂ ਅੱਖਾਂ ਵਿਚ ਅੱਥਰੂ ਆ ਗਏ। ਗਲ ਪੱਲਾ ਪਾ ਕੇ ਤੇ ਚਰਨਾਂ ਪਰ ਢਹਿ ਕੇ ਸਨਿੰਮਰ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ! ਸਾਡੇ ਭੁਲਿਆਂ ਪਰ ਦੋਬਾਰਾ ਮਿਹਰ ਕਰੋ। ਕ੍ਰਿਪਾ ਕਰੋ ਕਿ ਕਲ੍ਹ ਨੂੰ ਫਿਰ ਕੀਰਤਨ ਦੀ ਦਾਤ ਬਖਸ਼ਿਸ਼ ਕਰੋ ਅਤੇ ਦਾਸਾਂ ਨੂੰ ਬਖਸ਼ੋ, ਭੁਲਿਆਂ ਨੂੰ ਰਸਤੇ ਪਾਇਆ ਜੇ।

ਸੰਤਾਂ ਨੇ ਕਲ੍ਹ ਦਾ ਕੀਰਤਨ ਫੇਰ ਮੰਨ ਲਿਆ। ਹੁਣ ਅੰਮ੍ਰਿਤ ਵੇਲੇ ਸਰਦਾਰ ਉੱਠੇ ਤੇ ਇਸ਼ਨਾਨ ਕਰਕੇ ਬਾਣੀ ਪੜ੍ਹ ਕੇ ਆਪਣੀ ਕਾਰ ਲੈ ਕੇ ਸੰਤਾਂ ਦੇ ਡੇਰੇ ਪੁਜੇ। ਸੰਤਾਂ ਦੇ ਚਰਨਾਂ ਵਿਚ ਸਨਿੰਮਰ ਬੇਨਤੀ ਕਰਕੇ ਕਾਰ ਵਿਚ ਸਾਰੇ ਜੱਥੇ ਨੂੰ ਬਿਠਾ ਕੇ ਆਪਣੀ ਕੋਠੀ ਲੈ ਕੇ ਆਇਆ। ਅੱਗੇ ਆਉਂਦਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਸਨ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਭਰਪੂਰ ਸੰਗਤ ਜੁੜੀ ਬੈਠੀ ਸੀ। ਸੰਤਾਂ ਨੇ ਆ ਕੇ ਵਾਜਾ ਵਜਾਉਣਾ ਸ਼ੁਰੂ ਕੀਤਾ। ਪਹਿਲਾ ਸ਼ਬਦ ਸਿੱਧੀ ਧਾਰਨਾ ਵਿਚ ਪੜ੍ਹ ਕੇ ਸਾਰੀ ਸੰਗਤ ਕੋਲੋਂ ਪੜ੍ਹਾਇਆ :

ਰਾਗੁ ਸੂਹੀ ਮਹਲਾ ੫ ਘਰੁ ੪

ਧਾਰਨਾ— ਜਿਥੇ ਹੈ ਨਹੀਂ ਹਰੀ ਦਾ ਨਾਉਂ, ਅੱਗ ਲੱਗੇ ਧਉਲਰਾਂ ਨੂੰ।

ਸ਼ਬਦ-ਭਲੀ ਸੁਹਾਈ ਛਾਪਰੀ ਜਾ ਮਹਿ ਗੁਨ ਗਾਏ।।
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ।। ੧।। ਰਹਾਉ।।
ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ।। ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ।। ੧।।
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।। ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ।। ੨।।
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ।। ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ।। ੩।।
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ।।
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ।। ੪।। ੧।। (ਪੰਨਾ ੭੪੫)

ਇਹ ਸ਼ਬਦ ਸੁਣ ਕੇ ਸਰਦਾਰ ਤੇ ਸਰਦਾਰਨੀਆਂ ਸੰਤਾਂ ਦੇ ਸਾਹਮਣੇ ਗਲ ਪੱਲਾ ਪਾ ਕੇ ਅੱਖਾਂ ਵਿਚ ਅੱਥਰੂ ਸਨ ਤੇ ਹੱਥ ਜੋੜ ਕੇ ਖਲੋ ਗਏ। ਸੰਤਾਂ ਦੇ ਨੇਤਰ ਮੀਟੇ ਹੋਏ ਸਨ ਤੇ ਸ਼ਬਦ ਬੜੇ ਰਸ ਨਾਲ ਸੰਗਤਾਂ ਸਮੇਤ ਪੜ੍ਹੀ ਜਾ ਰਹੇ ਹਨ। ਇਕ ਸਿੰਘ ਨੇ ਸੰਤਾਂ ਦੇ ਨੇਤਰ ਖੁਲ੍ਹਾਏ।

ਜਦੋਂ ਸੰਤਾਂ ਦੇ ਨੇਤਰ ਖੁਲ੍ਹੇ ਤਾਂ ਸੰਤਾਂ ਨੇ ਸਰਦਾਰ-ਸਰਦਾਰਨੀ ਦੀ ਵੈਰਾਗ ਮਈ ਦਸ਼ਾ ਤਕੀ ਤਾਂ ਸੰਤਾਂ ਨੇ ਆਖਿਆ ਕਿਉਂ ਸਰਦਾਰ ਜੀ ਕੀ ਗੱਲ ਹੈ? ਕਿਉਂ ਵੈਰਾਗ ਕਰਦੇ ਹੋ। ਸਰਦਾਰ ਨੇ ਆਖਿਆ ਹਜ਼ੂਰ ਨਵੀਂ ਕੋਠੀ ਬਣੀ ਹੈ। ਇਸ ਵਾਸਤੇ ਖੁਸ਼ੀਆਂ ਦੇ ਸ਼ਬਦ ਬਖਸ਼ਿਸ਼ ਕਰੋ। ਸੰਤਾਂ ਨੇ ਕਿਹਾ ਸਰਦਾਰ ਜੀ ਅਸੀਂ ਤਾਂ ਇਹ ਸ਼ਬਦ ਪੜ੍ਹਦੇ ਕੋਠੀ ਦੀ ਤਪਤ ਨੂੰ ਠੰਢਾ ਕਰ ਰਹੇ ਹਾਂ, ਤਾਂ ਕਿ ਇਥੇ ਵੱਸਣ ਵਾਲਿਆਂ ਦੇ ਮਨਾਂ ਨੂੰ ਵੀ ਸ਼ਾਂਤੀ ਆਵੇ। ਹੁਣ ਸਰਦਾਰ ਸਰਦਾਰਨੀ ਇਕ ਰਸ ਕੀਰਤਨ ਸੁਣਨ ਲੱਗ ਪਏ। ਸੰਤਾਂ ਨੇ ਦੂਸਰਾ ਸ਼ਬਦ ਪੜਿਆ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।। ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।। ੧।।
ਹਰਿ ਬਿਨੁ ਜੀਉ ਜਲਿ ਬਲਿ ਜਾਉ।। ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।। ੧।। ਰਹਾਉ।।
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।। ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।। ੨।।
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।। ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।। ੩।।
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।। ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।। ੪।। ੧।।

ਇਸ ਦੀ ਧਾਰਨਾ ਸੰਤਾਂ ਨੇ ਲਾਈ—

ਨਾਮ ਤੋਂ ਬਿਨਾਂ ਜੀਅੜਾ ਜਲ ਬਲ ਜਾਉ।।
ਜਲ ਬਲ ਜਾਉ ਜਲ ਬਲ ਜਾਉ।।
ਨਾਮ ਤੋਂ ਬਿਨਾਂ ਜੀਅੜਾ ਜਲ ਬਲ ਜਾਉ।।

ਇਸੇ ਰਸ ਵਿਚ ਆਸਾ ਜੀ ਦੀ ਵਾਰ ਦਾ ਸਾਰਾ ਕੀਰਤਨ ਕੀਤਾ। ਅੱਜ ਸਾਰੇ ਸਰਦਾਰ ਦੇ ਪਰਿਵਾਰ ਨੇ ਬੜੇ ਪ੍ਰੇਮ ਵਿਚ ਕੀਰਤਨ ਸੁਣਿਆ। ਤਿੰਨਾਂ ਘੰਟਿਆਂ ਵਿਚ ਕੀਰਤਨ ਦੀ ਸਮਾਪਤੀ ਹੋਈ। ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾ ਦਿੱਤਾ। ਫਿਰ ਬਹੁਤ ਬੇਨਤੀ ਕਰਕੇ ਸਰਦਾਰ ਜੀ ਨੇ ਸੰਤਾਂ ਦੇ ਨਵੀਂ ਕੋਠੀ ਵਿਚ ਬਿਸਤਰੇ ਲਾ ਦਿੱਤੇ। ਸਾਰੇ ਸੰਤ ਅਰਾਮ ਕਰਨ ਲੱਗ ਪਏ। ਦੂਸਰੇ ਪਾਸੇ ਸਰਦਾਰਨੀ ਸਾਹਿਬ ਆਪ ਸੰਤਾਂ ਦੇ ਵਾਸਤੇ ਲੰਗਰ ਤਿਆਰ ਕਰਨ ਲਗ ਪਏ। ਦੋ ਘੰਟੇ ਵਿਚ ਲੰਗਰ ਤਿਆਰ ਹੋ ਗਿਆ। ਫਿਰ ਸਰਦਾਰ ਸਾਹਿਬ ਅਤੇ ਸਰਦਾਰਨੀ ਸਾਹਿਬ ਸੰਤਾਂ ਦੇ ਹਜ਼ੂਰੀ

ਵਿਚ ਆਏ ਤੇ ਬੇਨਤੀ ਕੀਤੀ ਕਿ ਹਜ਼ੂਰ ਗੁਰੂ ਕਾ ਲੰਗਰ ਤਿਆਰ ਹੈ। ਸੰਤਾਂ ਨੇ ਬੇਨਤੀ ਮੁਣੀ। ਫਿਰ ਸੰਤ ਸਾਰੀ ਸਾਧੂ ਮੰਡਲੀ ਨੂੰ ਲੈ ਕੇ ਜਿਥੇ ਕੱਪੜੇ ਵਿਛੇ ਹੋਏ ਸਨ, ਉਥੇ ਪੰਗਤਾਂ ਲਾ ਕੇ ਬੈਠ ਗਏ। ਹੁਣ ਸਰਦਾਰ ਤੇ ਸਰਦਾਰਨੀ ਸਾਹਿਬ ਨੇ ਆਪ ਸੰਤਾਂ ਦੇ ਹੱਥ ਧੁਆਏ ਅਤੇ ਥਾਲ ਆਪ ਪਰੋਸੇ, ਫਿਰ ਆਪ ਹੀ ਸਾਰਾ ਭੋਜਨ ਵਰਤਾਇਆ। ਫਿਰ ਸੰਤ ਮੰਡਲੀ ਨੇ ਤ੍ਰਿਪਤ ਹੋ ਕੇ ਭੋਜਨ ਛਕਿਆ। ਆਪ ਸਰਦਾਰ ਸਰਦਾਰਨੀ ਨੇ ਹੱਥ ਧੁਆਏ, ਚੁਲੇ ਕਰਵਾਏ। ਫਿਰ ਸੰਤਾਂ ਨੇ ਅਰਦਾਸਾ ਸੋਧਿਆ ਕਿ ਦਾਣਾ ਪਾਣੀ ਗੁਰੂ ਦਾ ਟਹਲ ਪਾਣੀ ਸਰਦਾਰਾਂ ਦੀ। ਗੁਰੂ ਜੀ ਲੇਖੇ ਲਾਈਂ, ਸੁਖ ਵਰਤਾਈਂ, ਨਾਮ ਜਪਾਈਂ, ਬੂਹੇ ਵਸਦੇ ਰਖੀਂ ਜੋ ਆਵੇ ਸੋ ਰਾਜ਼ੀ ਜਾਵੇ ਨਾਨਕ ਨਾਮ ਚੜ੍ਹਦੀ ਕਲਾ।। ਤੇਰੇ ਭਾਣੇ ਸਰਬੱਤ ਦਾ ਭਲਾ।।

ਇਸ ਤੋਂ ਉਪਰੰਤ ਕੀ ਤਕਿਆ ਕਿ ਸਰਦਾਰ ਸਾਹਿਬ ਤੇ ਸਰਦਾਰਨੀ ਸਾਹਿਬ ਸੰਤਾਂ ਦੇ ਜੋੜੇ ਸਾਫ ਕਰ ਰਹੇ ਹਨ। ਦੋਨਾਂ ਨੇ ਸੰਤਾਂ ਦੇ ਜੋੜੇ ਲੈ ਕੇ ਆਪ ਚਰਨੀਂ ਪਵਾਏ ਅਤੇ ਬੜੀ ਸ਼ਰਧਾ ਨਾਲ ਚਰਨਾਂ ਪਰ ਮੱਥਾ ਟੇਕਿਆ, ਫਿਰ ਆਪਣੀ ਕਾਰ ਪਰ ਬਿਠਾ ਕੇ ਡੇਰੇ ਛੱਡ ਕੇ ਆਏ ਤੇ ਸੰਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।। ਇਤੀ।।

ਦੂਸਰੀ ਵਾਰੀ ਸੰਤਾਂ ਦਾ ਰਾਜਾਸਾਂਸੀ ਜਾਣਾ

ਸਰਦਾਰ ਰਘਬੀਰ ਸਿੰਘ ਜੀ ਰਾਜਾਸਾਂਸੀ ਦੇ ਪੁਰਾਤਨ ਸਿੱਖ ਘਰਾਣੇ ਦੇ ਹੀਰੋ ਸਨ। ਭਾਵ ਸੰਧਾਵਾਲੀਆਂ ਦੀ ਮਿਸਲ ਦੇ ਰਾਈਸ ਸਨ। ਮਾਇਆ ਕਰਕੇ ਵੀ ਭਰਪੂਰ ਸਨ। ਯੂ.ਪੀ. ਵਿਚ ਆਪ ਜੀ ਦੀ ਕਾਫੀ ਤੋਂ ਜ਼ਿਆਦਾ ਜਾਇਦਾਦ ਹੈ ਅਤੇ ਆਪਣੀ ਗੰਨੇ ਦੀ ਖੰਡ ਮਿਲ ਵੀ ਲੱਗੀ ਹੋਈ ਹੈ। ਆਪ ਜੀ ਦੀ ਸ਼ਾਦੀ ਇਕ ਰਾਜਵਾੜੇ ਦੀ ਲੜਕੀ ਨਾਲ ਹੋਈ ਹੈ। ਆਪ ਜੀ ਦੇ ਘਰ ਚਾਰ ਲੜਕੀਆਂ ਤੇ ਇਕ ਲੜਕਾ ਗੁਰੂ ਨੇ ਬਖਸ਼ਿਆ ਹੈ। ਜਿਸ ਕਾਕੇ ਦਾ ਨਾਮ ਲਾਡ ਵਿਚ ਲਾਲ ਜੀ ਕਰਕੇ ਸਦਦੇ ਸਨ। ਅਤੇ ਅਸਲੀ ਨਾਮ ਲਾਡ ਵਿਚ ਸ੍ਰ: ਹਰਿੰਦਰ ਸਿੰਘ ਜੀ ਹੈ। ਆਪ ਜੀ ਨੂੰ ਅੰਗਰੇਜ਼ਾਂ ਵਲੋਂ ਸਰਦਾਰ ਬਹਾਦਰੀ ਦਾ ਉੱਚਾ ਖਿਤਾਬ ਮਿਲਿਆ ਹੋਇਆ ਹੈ। ਆਪ ਜੀ ਨੂੰ ਆਨਰੇਰੀ ਮੈਜਿਸਟਰੇਟੀ ਦਾ ਦਰਜਾ ਭੀ ਅੰਗ੍ਰੇਜ਼ਾਂ ਵਲੋਂ ਮਿਲਿਆ ਹੋਇਆ ਹੈ। ਆਪ ਆਪਣੀ ਕੋਠੀ ਵਿਖੇ ਨਿਤਾਪ੍ਰਤੀ ਕਚਹਿਰੀ ਕਰਦੇ ਸਨ। ਕਿਉਂਕਿ ਆਪ ਜੀ ਆਨਰੇਰੀ ਮੈਜਿਸਟਰੇਟੀ ਵੀ ਕਰਦੇ ਸਨ। ਸਰਦਾਰਨੀ ਸਾਹਿਬ ਦੇ ਪਿਤਾ ਕੁਦਰਤ ਨਾਲ ਕਾਲ ਵਸ ਹੋ ਗਏ। ਆਪਣੇ ਸੌਹਰੇ ਘਰ ਦੀ ਜਾਇਦਾਦ ਦੇ ਮਾਲਕ ਵੀ ਸਰਦਾਰ ਬਹਾਦਰ ਆਪ ਹੀ ਹੋ ਗਏ। ਪੂਰਬਲੇ ਕਰਮਾਂ ਦਾ ਚੱਕਰ ਐਸਾ ਹੋਇਆ ਜੋ ਕਿ ਸਰਦਾਰਨੀ ਸਾਹਿਬ ਨੂੰ ਭੋਗਣਾ ਪਿਆ। ਕਿਉਂਕਿ ਆਪਣੇ ਕੀਤੇ ਦਾ ਫਲ ਭੋਗਣਾ ਹੀ ਪੈਂਦਾ ਹੈ ਜੈਸੇ ਤੁਲਸੀ ਦਾਸ ਜੀ ਆਖਦੇ ਹਨ–

ਭੋਗੇ ਬਿਨ ਭਾਗੇ ਨਹੀ ਕਰਮਗਤੀ ਬਲਵਾਨ।

ਜੋ ਜਨਮ ਧਾਰ ਕੇ ਕਰਮ ਕੀਤਾ ਹੈ ਸ਼ੁਭ ਅਥਵਾ ਅਸ਼ੁਭ ਉਹ ਫਲ ਕਦੇ ਨਾ ਕਦੇ ਭੋਗਣਾ ਹੀ ਪੈਂਦਾ ਹੈ। ਜੈਸੇ ਕਿ ਭਗਤ ਤ੍ਰਿਲੋਚਨ ਜੀ ਨੇ ਆਪਣੀ ਇਸਤਰੀ ਨੂੰ ਸਿੱਖਿਆ ਦੇਂਦਿਆਂ ਬਾਣੀ ਵਿਚ ਕਿਹਾ ਹੈ ਯਥਾ ਕਿ :–

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਗੀ..... *(ਪੰਨਾ ੬੫੫)*

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।। *(ਪੰਨਾ ੪੩੩)*

ਕਈ ਨਾਸਤਕ ਲੋਕ ਆਖਦੇ ਹਨ ਕਿ ਇਵੇਂ ਪੁੰਨੀ ਪਾਪੀ ਢਕੋਂਸਲੇ ਹਨ। ਕੋਈ ਕੀਤੇ ਦਾ ਫਲ ਨਹੀਂ। ਸਤਿਗੁਰੂ ਨਾਨਕ ਦੇਵ ਜੀ ਇਸ ਮਸਲੇ ਨੂੰ ਬਾਣੀ ਅੰਦਰ ਇਸ ਤਰ੍ਹਾਂ ਫੁਰਮਾਉਂਦੇ ਹਨ : *ਪੁੰਨੀ ਪਾਪੀ ਆਖਣੁ ਨਾਹਿ।।*

ਪੁੰਨੀ ਪਾਪੀ ਕਹਿਣ ਮਾਤਰ ਹੀ ਨਹੀਂ ਬਲਕਿ ਸਤਿਗੁਰੂ ਫੁਰਮਾਉਂਦੇ ਹਨ: *ਕਰਿ ਕਰਿ ਕਰਣਾ ਲਿਖਿ ਲੈ ਜਾਹੁ।।*

ਕਰਿ ਹੱਥਾਂ (ਕਰਿ) ਦੁਆਰਾ (ਕਰਣਾ) ਕੀਤਾ ਹੋਇਆ ਲਿਖਿ ਲੈ ਜਾਹੁ। ਲਿਖ ਕੇ ਲੈ ਜਾਂਦੇ ਹਨ ਫਿਰ:–

ਆਪੇ ਬੀਜਿ ਆਪੇ ਹੀ ਖਾਹੁ।।

ਆਪਣੇ ਕਰਮਾਂ ਦਾ ਬੀਜਿਆ ਹੋਇਆ ਬੀਜ (ਕਰਮ) ਉਸ ਦਾ ਫਲ ਆਪ ਹੀ ਖਾਂਦਾ ਹੈ। ਜੈਸੇ ਕਿ:

ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ।।
ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ।। *(ਆਸਾ ਮਹਲਾ ੧, ਪੰਨਾ ੩੫੯)*

ਫਰੀਦ ਜੀ ਵੀ ਆਖਦੇ ਹਨ-ਕਿ ਮੰਦੇ ਕਰਮ ਕਰਦੇ ਚੰਗੇ ਫਲ ਨਹੀਂ ਹੋ ਸਕਦੇ ਉਦਾਹਰਨ ਦੁਆਰਾ ਕਥਨ ਹੈ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ।। ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ।। *(ਪੰਨਾ ੧੩੭੯)*

ਭਾਵ:-ਕਿਕਰਾਂ ਵਾਂਗ ਕੰਡਿਆਂ ਵਾਲੇ ਕਰਮ ਭਾਵ ਭੈੜੇ ਕਰਮ ਕਰਨ ਕਰਕੇ ਬਜੌਰ ਦੇਸ਼ ਦੀਆਂ ਦਾਖਾਂ, ਭਾਵ ਬ੍ਰਹਮ ਦੇਸ਼ ਦਾ ਸੁਖ ਨਹੀਂ ਮਿਲ ਸਕਦਾ। ਅਗਰ ਉਨ ਉਣਦਾ ਫਿਰਦਾ ਹੈਂ, ਤੇ ਰੇਸ਼ਮ ਪਹਿਨਣਾ ਚਾਹੁੰਦਾ ਹੈਂ। ਭਾਵ ਭੈੜੇ ਕੰਮਾਂ ਦਾ ਸੁਖ ਫਲ ਨਹੀਂ ਹੋ ਸਕਦਾ। ਸਤਿਗੁਰੂ ਅੰਗਦ ਦੇਵ ਜੀ ਆਸਾ ਦੀ ਵਾਰ ਦੇ ਬਾਈਵੇਂ ਸਲੋਕ ਵਿਚ ਫੁਰਮਾਉਂਦੇ ਹਨ :

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ।। ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ।। ੨।।

ਭੈੜੇ ਕਰਮਾਂ ਰੂਪ ਬਿਖ ਬੀਜ ਕੇ ਸੁਖ ਰੂਪੀ ਅੰਮ੍ਰਿਤ ਨਹੀਂ ਮਿਲ ਸਕਦਾ। ਇਸ ਵਾਸਤੇ ਹੀ ਸੰਸਾਰ ਨੂੰ ਮਹਾਂਪੁਰਸ਼ਾਂ ਨੇ ਇਕ ਬਜ਼ਾਰ ਦੀ ਨਿਆਈਂ ਕਥਨ ਕੀਤਾ ਹੈ ਜੈਸੀ ਕੋਈ ਕਰਮਾਂ ਰੂਪੀ ਜਿਨਸ ਵੇਚਦਾ ਹੈ, ਤੈਸੇ ਹੀ ਫਲ ਪ੍ਰਾਪਤ ਕਰਦਾ ਹੈ। ਇਸ ਵਾਸਤੇ ਮਹਾਂਪੁਰਸ਼ ਨੇਕੀ ਕਰਮ ਕਰਨ ਵਾਸਤੇ ਉਪਦੇਸ਼ ਦੇਂਦੇ ਹਨ।

ਯਥਾ—ਦੁਨੀਆ ਅਜਬ ਬਜ਼ਾਰ ਹੈ ਕੁਝ ਜਿਨਸ ਇਹ ਕੀ ਸਾਥ ਲੇ।
ਨੇਕੀ ਕਾ ਬਦਲਾ ਨੇਕ ਹੈ, ਬਦ ਸੇ ਬਦੀ ਕੀ ਬਾਤ ਲੇ।
ਮੇਵਾ ਲਿਖਾ ਮੇਵਾ ਮਿਲੇ, ਫਲ ਫੁਲ ਦੇ ਫਲ ਪਾਤ ਲੇ।
ਅਰਾਮ ਦੇ ਅਰਾਮ ਲੇ, ਦੁਖ ਦਰਦ ਦੇ ਅਫਾਤ ਲੇ।
ਕਲਯੁਗ ਨਹੀਂ ਕਰ ਜੁਗ ਹੈ, ਯਾ ਦਿਨ ਦੇ ਅਰ ਰਾਤ ਲੇ।
ਕਿਆ ਖੂਬ ਸੌਦਾ ਨਕਦ ਹੈ ਇਸ ਹਾਥ ਦੇ ਉਸ ਹਾਥ ਲੇ।

ਭਾਵ ਕੀ ਕੀਤੇ ਕਰਮਾਂ ਦਾ ਫਲ ਭੁਗਤਨਾ ਹੀ ਪੈਂਦਾ ਹੈ। ਸਿਆਣੇ ਪੁਰਸ਼ਾਂ ਦੀ ਕਹਾਵਤ ਹੈ ਕਿ ਦੇਰ ਤਾਂ ਹੈ ਪਰ ਅਨ੍ਹੇਰ ਨਹੀਂ। ਕਈ ਕਰਮਾਂ ਦੀ ਫਲ ਪ੍ਰਾਪਤੀ ਨੂੰ ਦੇਰ ਹੋ ਜਾਂਦੀ ਹੈ। ਪਰ ਅਨ੍ਹੇਰ ਕਰੀਏ ਨਾਸ਼ ਨਹੀਂ ਹੁੰਦੇ। ਇਹ ਗੱਲ ਠੀਕ ਹੈ ਕਈ ਕਰਮ ਉਸ ਸਮੇਂ ਹੀ ਫਲ ਦੇਂਦੇ ਹਨ। ਕਈ ਇਸੇ ਜਨਮ ਵਿਚ ਦੇ ਦਿੰਦੇ ਹਨ। ਕਈ ਦੂਸਰੇ ਜਨਮ ਵਿਚ ਫਲ ਦੇਂਦੇ ਹਨ।

ਸ਼ਾਸਤ੍ਰ ਦੁਆਰਾ ਪਤਾ ਲੱਗਦਾ ਹੈ। ਕਿਸੇ ਜਨਮ ਤੋਂ ਬਾਅਦ ਕਈ ਕਰਮ ਫਲ ਦੇਣ ਨੂੰ ਸਮਰਥ ਹਨ। ਜੈਸੇ ਕਿ ਮਾਂਡਕ ਰਿਖੀ ਨੂੰ ਸੂਲੀ ਦਾ ਫਲ ਹੋਇਆ। ਮਾਂਡਕ ਦੀ ਮੈਂ ਛੋਟੀ ਕਰਕੇ ਸਾਖੀ ਲਿਖਦਾ ਹਾਂ।

ਮਾਂਡਕ ਰਿਖੀ ਜੰਗਲ ਵਿਚ ਸਮਾਧੀ ਲਾਈ ਬੈਠਾ ਸੀ। ਕਿਸੇ ਚੋਰਾਂ ਨੇ ਸਾਧੂ ਜਾਣ ਕੇ ਮੱਥਾ ਟੇਕਿਆ ਅਤੇ ਸੁਖਣਾ ਸੁਖ ਲਈ ਕਿ ਜੇ ਸਾਡੀ ਚੋਰੀ ਚੰਗੀ ਲਗ ਜਾਵੇ ਤਾਂ ਅਸੀਂ ਚੋਰੀ ਦੇ ਧਨ ਵਿਚੋਂ ਦਸਵੰਧ ਦੇਵਾਂਗੇ। ਚੋਰਾਂ ਦੀ ਚੋਰੀ ਇਕ ਰਾਜੇ ਦੇ ਘਰ ਲਗ ਗਈ, ਚੋਰ ਚੋਰੀ ਦਾ ਮਾਲ ਲੈ ਕੇ ਏਧਰ ਦੀ ਆਏ ਤਾਂ ਇਕ ਹੀਰੇ ਮੋਤੀਆਂ ਦਾ ਹਾਰ ਦਸਵੰਧ ਵਜੋਂ ਰਿਖੀ ਦੇ ਗਲ ਪਾ ਕੇ ਚਲੇ ਗਏ। ਦਿਨ ਚੜ੍ਹੇ ਤੋਂ ਚੋਰਾਂ ਦੀ ਭਾਲ ਸ਼ੁਰੂ ਹੋਈ, ਰਾਜੇ ਦੇ ਕਰਮਚਾਰੀ ਭਾਲਦੇ ਭਾਲਦੇ ਇਸ ਰਿਖੀ ਪਾਸ ਆਏ। ਕਰਮਚਾਰੀਆਂ ਨੇ ਗਲ ਵਿਚ ਹਾਰ ਤਕਿਆ, ਰਿਖੀ ਨੂੰ ਫੜ ਕੇ ਲੈ ਗਏ। ਰਾਜੇ ਦੇ ਪੇਸ਼ ਹੋਇਆ। ਰਾਜੇ ਨੇ ਸੋਚੇ ਸਮਝੇ ਤੋਂ ਬਿਨਾਂ ਹੀ ਸੂਲੀ ਦਾ ਹੁਕਮ ਦੇ ਦਿੱਤਾ। ਹੁਣ ਜਲਾਦਾਂ ਨੇ ਸ਼ਹਿਰ ਚੁਰਾਹੇ ਵਿਚ ਰਿਖੀ ਨੂੰ ਸੂਲੀ ਦੇ ਦਿੱਤਾ। ਰਿਖੀ ਨੇ ਆਪਣੇ ਸਵਾਸ ਦਸਮ ਦੁਆਰ ਚੜ੍ਹਾ ਲਏ। ਇਸ ਵਾਸਤੇ ਸਾਰੀ

ਰਾਤ ਸੂਲੀ ਚੜ੍ਹਿਆ ਰਿਹਾ। ਅੰਮ੍ਰਿਤ ਵੇਲੇ ਤੜਕੇ ਇਕ ਪਤੀਵਰਤਾ ਇਸਤਰੀ ਆਪਣੇ ਪਿੰਗਲੇ ਪਤੀ ਦੀ ਖਾਰੀ ਚੁਕ ਕੇ ਚੁਰੱਸਤੇ ਵਿਚ ਦੀ ਲੰਘਣ ਲਗੀ ਦੀ ਖਾਰੀ ਰਿਖੀ ਦੀ ਸੂਲੀ ਨਾਲ ਲਗ ਗਈ, ਸੂਲੀ ਹਿਲਣ ਤੇ ਰਿਖੀ ਸਮਾਧੀ ਤੋਂ ਉਥਾਨ ਹੋਇਆ। ਰਿਖੀ ਨੇ ਤਕਿਆ ਕਿ ਇਕ ਸਤੀ ਹੈ ਜਿਸਨੇ ਮੇਰੀ ਸਮਾਧੀ ਹਲਾਈ ਹੈ। ਤਾਂ ਤਕ ਕੇ ਰਿਖੀ ਨੇ ਸਰਾਪ ਦਿੱਤਾ ਕਿ ਹੇ ਇਸਤਰੀ ਤੈਨੂੰ ਪਤੀਵਰਤਾ ਦਾ ਹੰਕਾਰ ਹੈ, ਦਿਨ ਚੜ੍ਹਦੇ ਨੂੰ ਤੇਰਾ ਪਤੀ ਮਰ ਜਾਏਗਾ, ਤੇਰਾ ਪਤੀਵਰਤਾ ਧਰਮ ਟੁੱਟ ਜਾਏਗਾ। ਪਤੀਵਰਤਾ ਇਸਤ੍ਰੀ ਨੇ ਆਪਣੇ ਪਤੀ ਦੀ ਖਾਰੀ ਉਸੇ ਜਗ੍ਹਾ ਰੱਖ ਦਿੱਤੀ ਅਤੇ ਪ੍ਰਣ ਕੀਤਾ, ਕਿ ਜੇ ਮੇਰਾ ਪਤੀਵਰਤਾ ਧਰਮ ਸੱਚਾ ਹੈ ਤਾਂ ਦਿਨ ਹੀ ਨਹੀਂ ਚੜ੍ਹੇਗਾ ਅਤੇ ਪਤੀਵਰਤਾ ਧਰਮ ਪੂਰਾ ਨਿਭ ਜਾਏਗਾ।

ਸਤੀ ਦਾ ਇਹ ਬਚਨ ਕਰਨ ਕਰਕੇ ਸੂਰਜ ਨਾ ਚੜ੍ਹਿਆ। ਜਦੋਂ ਐਸਾ ਸਮਾਂ ਆਇਆ ਰਾਤ ਬਹੁਤ ਵਧ ਗਈ ਤਾਂ ਫਿਰ ਦੇਵਤਿਆਂ ਵਿਚ ਬੜੀ ਘਬਰਾਹਟ ਹੋਈ, ਫਿਰ ਮੁਖੀ ਦੇਵਤਿਆਂ ਨੇ ਤਕਿਆ ਕਿ ਕੀ ਕਾਰਨ ਹੈ ਸੂਰਜ ਕਿਉਂ ਨਹੀਂ ਚੜ੍ਹਦਾ। ਦੇਵਤਿਆਂ ਨੇ ਤਕਿਆ ਕਿ ਮਾਤ ਲੋਕ ਵਿਚ ਇਕ ਸਤੀ ਦੇ ਪ੍ਰਣ ਕਰਨ ਕਰਕੇ, ਕਿ ਸੂਰਜ ਨਾ ਚੜ੍ਹੇ, ਇਸ ਕਰਕੇ ਸੂਰਜ ਨਹੀਂ ਚੜ੍ਹਦਾ।

ਫਿਰ ਸਾਰੇ ਦੇਵਤੇ ਬ੍ਰਹਮਾਂ ਵਿਸ਼ਨੂੰ ਸ਼ਿਵ ਦੇ ਸਮੇਤ ਇੰਦਰ ਦੇਵਤਿਆਂ ਦਾ ਗੁਰੂ ਇਸ ਸਤੀ ਪਾਸ ਆਏ ਤੇ ਪੁਛਿਆ ਕੀ ਕਾਰਨ ਹੈ? ਸੂਰਜ ਨਹੀਂ ਚੜਨ ਦੇਂਦੀ। ਸਤੀ ਨੇ ਕਿਹਾ ਇਹ ਜੋ ਰਿਖੀ ਸੂਲੀ ਚੜ੍ਹਿਆ ਹੋਇਆ ਹੈ। ਇਸ ਨੇ ਸਰਾਪ ਦਿੱਤਾ ਹੈ ਕਿ ਜਦੋਂ ਸੂਰਜ ਚੜ੍ਹੇਗਾ ਤੇਰਾ ਪਤੀ ਮਰ ਜਾਏਗਾ ਜੇ ਮੇਰਾ ਪਤੀ ਮਰ ਗਿਆ ਤਾਂ ਮੇਰਾ ਪਤੀਵਰਤਾ ਧਰਮ ਨਾ ਰਿਹਾ। ਮੇਰਾ ਜਪ ਤਪ ਧਰਮ ਨਿਸ਼ਫਲ ਹੋ ਜਾਏਗਾ ਇਸ ਵਾਸਤੇ ਮੈਂ ਕਿਹਾ ਹੈ ਕਿ ਸੂਰਜ ਨਾ ਚੜ੍ਹੇ। ਫਿਰ ਸਾਰੇ ਦੇਵਤਿਆਂ ਨੇ ਕਿਹਾ ਕਿ ਹੇ ਸਤੀ ਤੂੰ ਸੂਰਜ ਚੜ੍ਹ ਲੈਣ ਦੇ, ਜਦੋਂ ਸੂਰਜ ਚੜ੍ਹਨੇ ਤੇ ਤੇਰਾ ਪਤੀ ਮਰ ਜਾਏਗਾ ਤਾਂ ਅਸੀਂ ਤੇਰੇ ਪਤੀ ਨੂੰ ਜ਼ਿੰਦਾ ਕਰ ਦੇਵਾਂਗੇ। ਸਤੀ ਨੇ ਕਿਹਾ ਸੱਤ ਬਚਨ ਠੀਕ ਹੈ। ਸੂਰਜ ਚੜ੍ਹ ਜਾਵੇ। ਜਦੋਂ ਸੂਰਜ ਚੜ੍ਹਿਆਂ ਤਾਂ ਸਤੀ ਦਾ ਪਤੀ ਮਰ ਗਿਆ ਰਿਖੀ ਦਾ ਬਚਨ ਵੀ ਸੱਤ ਹੋ ਗਿਆ ਫਿਰ ਦੇਵਤਿਆਂ ਨੇ ਸਤੀ ਦੇ ਪਤੀ ਨੂੰ ਜ਼ਿੰਦਾ ਕਰ ਦਿੱਤਾ।

ਉਸ ਰਾਜੇ ਨੂੰ ਸਾਰੀ ਗੱਲ ਬਾਤ ਦਾ ਪਤਾ ਲੱਗਾ ਕਿ ਸੋਚੇ ਸਮਝੇ ਤੋਂ ਬਿਨਾਂ ਹੀ ਉਸ ਮਹਾਨ ਰਿਖੀ ਨੂੰ ਸੂਲੀ ਦੇ ਦਿੱਤਾ ਹੈ। ਉਸ ਰਿਖੀ ਨੂੰ ਸੂਲੀ ਤੋਂ ਨੀਚੇ ਲਾਹ ਕੇ ਰਾਜਾ ਲਗਾ ਬੇਨਤੀਆਂ ਕਰਨ ਕਿ ਰਿਖੀ ਜੀਉ ਮੇਰੀ ਭੁਲ ਤੇ ਖਿਮਾਂ ਕਰੋ। ਫਿਰ ਰਿਖੀ ਨੇ ਕਿਹਾ ਕਿ ਇਹ ਤੇਰੀ ਗਲਤੀ ਨਹੀਂ, ਇਹ ਮੇਰੇ ਕੀਤੇ ਕਰਮਾਂ ਦਾ ਫਲ ਹੈ। ਮੈਂਨੇ ਕੋਈ ਐਸਾ ਕਰਮ ਕੀਤਾ ਹੈ ਜਿਸ ਕਰਕੇ ਫਾਂਸੀ ਤੁਸੀਂ ਮੈਨੂੰ ਦਿੱਤੀ ਹੈ। ਰਿਖੀ ਨੇ ਕਿਹਾ ਮੈਨੂੰ ਆਪਣੀ ਭਗਤੀ ਸਿਮਰਨ ਦੇ ਕਾਰਨ ਆਪਣੇ ਸੌ ਜਨਮ ਦੀ ਸੂਝ ਹੈ। ਕਿ ਮੈਂ ਸੌ ਜਨਮ ਤਕ ਕੋਈ ਮਾੜਾ ਕੰਮ ਨਹੀਂ ਕੀਤਾ, ਜਿਸ ਕਰਕੇ ਮੈਨੂੰ ਸੂਲੀ ਦਿਤੀ ਜਾਵੇ। ਪਰ ਮੈਂ ਹੁਣ ਧਰਮ ਰਾਜ ਨੂੰ ਪੁਛਦਾ ਹਾਂ ਕੀ ਕਾਰਨ ਹੈ ਕਿ ਮੈਨੂੰ ਸੂਲੀ ਦਿੱਤੀ ਗਈ। ਉਸ ਸਮੇਂ ਧਰਮ ਰਾਜ ਨੇ ਵਿਚਾਰ ਕੇ ਕਿਹਾ ਕਿ ਹੇ ਰਿਖੀ ਤੈਨੂੰ ਸੌ ਜਨਮਾਂ ਦਾ ਹੀ ਪਤਾ ਹੈ। ਪਰ ਸੌ ਜਨਮ ਤੋਂ ਉੱਪਰ ਜੋ ਇਕ ਜਨਮ ਹੈ। ਉਸ ਦਾ ਤੈਨੂੰ ਗਿਆਨ ਨਹੀਂ। ਉਸ ਜਨਮ ਵਿਚ ਬਾਲ ਅਵੱਸਥਾ ਵਿਚ ਇਕ ਟਿੱਡੇ ਨੂੰ ਸੂਲ ਨਾਲ ਵਿੰਨਿਆ ਸੀ। ਇਸ ਵਾਸਤੇ ਉਸ ਜਨਮ ਦਾ ਫਲ ਤੈਨੂੰ ਭੁਗਤਨਾ ਪਿਆ ਹੈ।

ਫਿਰ ਰਿਖੀ ਨੇ ਕਿਹਾ, ਕਿ ਬਾਲ ਅਵਸਥਾ ਦਾ ਪਾਪ ਬੱਚੇ ਨੂੰ ਨਹੀਂ ਲੱਗਦਾ ਬਲਕਿ ਬਾਲਕ ਦੇ ਮਾਤਾ ਪਿਤਾ ਨੂੰ ਲੱਗਦਾ ਹੈ ਤੇ ਮੈਨੂੰ ਕਿਉਂ ਭੁਗਤਨਾ ਪਿਆ। ਰੱਬੀ ਕਾਨੂੰਨ ਅਨੁਸਾਰ ਧਰਮ ਰਾਜ ਨੂੰ ਗਲਤੀ ਮੰਨਣੀ ਪਈ। ਫਿਰ ਰਿਖੀ ਨੇ ਕਿਹਾ ਕਿ ਇਸ ਗਲਤੀ ਦਾ ਫਲ ਭੁਗਤਾਣ ਵਾਸਤੇ ਹੁਣ ਮੈਂ ਤੈਨੂੰ ਸਰਾਫ ਦਿੰਦਾ ਹਾਂ ਹੁਣ ਤੂੰ ਮੇਰੇ ਸਰਾਫ ਨੂੰ ਸਹਾਰਨ ਕਰ। ਤਾਂ ਧਰਮਰਾਜ ਨੇ ਕਿਹਾ ਕਿ ਆਪ ਜੀ ਕ੍ਰਿਪਾ ਕਰੋ ਕਿ ਮੈਨੂੰ ਨੀਚ ਕੁਲ ਵਿਚ ਜਨਮ ਦਾ ਸਰਾਫ ਨਾ ਦੇਣਾ, ਅਤੇ ਦਾਸੀ ਦਾ ਪੁੱਤਰ ਦਾ ਸਰਾਫ ਨਾ ਦੇਣਾ, ਅਤੇ ਕਲਯੁਗ ਵਿਚ ਪੈਦਾ ਹੋ ਕੇ ਰਾਜ ਕਰਨ ਦਾ ਸਰਾਫ ਨਾ ਦੇਣਾ। ਤਾਂ ਰਿਖੀ ਨੇ ਕਿਹਾ ਕਿ ਇਹ ਤਿੰਨ ਜਨਮ ਹੀ ਤੈਨੂੰ ਭੁਗਤਣੇ ਪੈਣਗੇ। ਫਿਰ ਧਰਮ ਰਾਜ ਨੇ ਬੇਨਤੀ ਕੀਤੀ

ਕਿ ਇਕ ਬੇਨਤੀ ਮੇਰੀ ਮਨਜੂਰ ਕਰ ਲੈਣੀ। ਰਿਖੀ ਨੂੰ ਕਿਹਾ ਕਿ ਕ੍ਰਿਪਾ ਕਰੋ ਇਹ ਜਨਮ ਵਾਰੋ ਵਾਰੀ ਜਨਮ ਲੈ ਕੇ ਨਾ ਭੁਗਤੇ ਜਾਣ। ਇਕ ਸਮੇਂ ਇਕ ਜੁਗ ਵਿਚ ਭੁਗਤੇ ਜਾਣ। ਰਿਖੀ ਨੇ ਕਿਹਾ ਤਥਾ ਅਸਤੂ ਭਾਵ ਇਸੇ ਤਰ੍ਹਾਂ ਹੋਵੇ।

ਫਿਰ ਧਰਮ ਰਾਜਾ ਨੇ ਸੰਸਾਰ ਵਿਚ ਇਕੋ ਸਮੇਂ ਤਿੰਨ ਜਨਮ ਧਾਰਨ ਕੀਤੇ। ਚੰਡਾਲ ਬਾਲਮੀਕ ਜੋ ਕ੍ਰਿਸ਼ਨ ਭਗਤ ਹੋਇਆ ਹੈ। ਜਿਸ ਨੂੰ ਕ੍ਰਿਸ਼ਨ ਜੀ ਨੇ ਪਾਂਡਵਾਂ ਦੇ ਜਗ ਸੰਪੂਰਨ ਕਰਨ ਦੀ ਵਡਿਆਈ ਦਿੱਤੀ ਸੀ। ਸੋ ਧਰਮ ਰਾਜਾ ਨੇ ਜਨਮ ਧਾਰਿਆ। ਦੂਸਰਾ ਭਗਤ ਬਿਦਰ ਜੀ ਦਾਸੀ ਸੁਤ ਧਰਮ ਰਾਜਾ ਨੇ ਜਨਮ ਧਾਰਿਆ, ਜੋ ਕ੍ਰਿਸ਼ਨ ਜੀ ਦਾ ਅੰਨਨ ਭਗਤ ਹੋਇਆ ਹੈ। ਕ੍ਰਿਸ਼ਨ ਜੀ ਨੇ ਦੁਰਜੋਧਨ, ਦੁਸਾਸ਼ਨ, ਕਰਨ, ਭੀਸ਼ਮ ਆਦਿਕਾਂ ਨੂੰ ਤਿਆਗ ਕੇ ਬਿਦਰ ਜੀ ਦੀ ਕੁਲੀ ਵਿਚ ਜਾ ਕੇ ਅਲੂਣਾ ਸਾਗ ਖਾ ਕੇ ਬਿਦਰ ਜੀ ਨੂੰ ਵਡਿਆਈ ਦਿੱਤੀ। ਤੀਸਰਾ ਯੁਧਿਸਟਰ ਪਾਂਡਵਾਂ ਦਾ ਵੱਡਾ ਭਰਾ ਜਿਨ੍ਹਾਂ ਦੇ ਹਜ਼ੂਰ ਰਹਿਣ ਦੀ ਵਡਿਆਈ ਦਿੱਤੀ। ਇਸ ਨੇ ਕੁਝ ਸਮਾਂ ਕਲਯੁਗ ਦਾ ਰਾਜ ਕੀਤਾ ਸੀ। ਇਹ ਕਹਾਣੀ ਕਹਿਣ ਦਾ ਮੇਰਾ ਭਾਵ ਹੈ ਕਿ ਕੀਤੇ ਕਰਮਾਂ ਦਾ ਫਲ ਜ਼ਰੂਰ ਭੁਗਤਨਾ ਪੈਂਦਾ ਹੈ। ਜੈਸੇ ਸੌ ਜਨਮਾਂ ਤੋਂ ਬਾਅਦ ਵੀ ਰਿਖੀ ਨੂੰ ਭੁਗਤਣਾ ਪਿਆ। ਇਸ ਤਰ੍ਹਾਂ ਹਰ ਜੀਵ ਨੂੰ ਭੁਗਤਣਾ ਪੈਂਦਾ ਹੈ।

ਇਸ ਢੰਗ ਨਾਲ ਰਾਜਾਸਾਂਸੀ ਸ੍ਰ: ਰਘਬੀਰ ਸਿੰਘ ਜੀ ਨੂੰ ਭੁਗਤਣਾ ਪਿਆ ਹੈ, ਜਿਸ ਕਰਕੇ ਬੜਾ ਕਸ਼ਟ ਹੋਇਆ। ਸ੍ਰ: ਰਘਬੀਰ ਸਿੰਘ ਜੀ ਨੇ ਆਪਣੀ ਅਰਧੰਗੀ ਦੀ ਬੀਮਾਰੀ ਹਟਾਉਣ ਵਾਸਤੇ ਬਹੁਤ ਦੁਆ ਦਾਰੂ ਕੀਤੇ। ਵੈਦਿਕ ਇਲਾਜ ਵੀ ਕਰਾਏ, ਡਾਕਟਰੀ ਇਲਾਜ ਵੀ ਬਹੁਤ ਕਰਾਇਆ, ਅਖੀਰ ਵੈਦਾਂ ਨੇ ਦੱਸਿਆ ਕਿ ਇਹ ਮਾਈ ਨੂੰ ਅਸਾਧ ਰੋਗ ਹੈ। ਇਸ ਦਾ ਮਿਟਨਾ ਬੜਾ ਕਠਿਨ ਹੈ। ਜੋਤਿਸ਼ ਵਿੱਦਿਆ ਵਾਲਿਆਂ ਨੇ ਵੀ ਆਪਣੀ ਜੋਤਿਸ਼ ਵਿੱਦਿਆ ਦੁਆਰਾ ਗ੍ਰਹਿ ਆਦਿਕ ਸੋਧ ਕੇ ਦੱਸਿਆ। ਇਹ ਰੋਗ ਗ੍ਰਹਿਆਂ ਆਦਿਕ ਦੀ ਪੂਜਾ ਕਰਨ ਤੋਂ ਹਟੇਗਾ। ਸੋ ਸਰਦਾਰ ਜੀ ਨੇ ਜੋਤਿਸ਼ ਵਿੱਦਿਆ ਦੁਆਰਾ ਵੀ ਬਹੁਤ ਉਪਾ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਜ ਪਾਠ, ਸਪਤਾਹ ਪਾਠ, ਅਖੰਡ ਪਾਠ ਵੀ ਕਰਾਏ, ਪਰ ਆਰਾਮ ਨਾ ਆਇਆ। ਫਿਰ ਸਾਧੂਆਂ ਦੇ ਦੁਆਰੇ ਖੜਕਾਏ, ਬਹੁਤ ਸਾਧੂਆਂ ਪਾਸ ਵੀ ਗਏ। ਪਰ ਆਰਾਮ ਨਾ ਆਇਆ। ਅਖੀਰੀ ਇਕ ਬੀਬੀ ਨਿਹਾਲ ਸਿੰਘ ਦੀ ਬੀਬੀ ਨਿਹਾਲ ਕੌਰ ਬੜੇ ਜਪ ਤਪ ਹੱਠ ਵਾਲੀ ਦਿਨ ਵਿਚ ਇਕ ਦੋ ਪਿਆਲੀਆਂ ਚਾਹ ਦੀਆਂ ਪੀਆ ਕਰਦੀ ਸੀ। ਉਸ ਬੀਬੀ ਦੀ ਪੂਜਾ ਰਜਵਾੜਿਆਂ ਦੇ ਘਰ ਬਹੁਤ ਹੋ ਗਈ ਸੀ। ਰਾਜੇ ਫਰੀਦ ਕੋਟੀਏ ਦੇ ਰਾਹੀਂ ਬੀਬੀ ਇਥੇ ਰਾਜਾਸਾਂਸੀ ਵੀ ਆਈ। ਸਰਦਾਰ ਜੀ ਬੜੀ ਸ਼ਰਧਾ ਸਹਿਤ ਆਪਣੇ ਘਰ ਵਿਚ ਲੈ ਕੇ ਆਏ ਅਤੇ ਸਵਾਲ ਪੈਦਾ ਕੀਤੇ ਕਿ ਬੀਬੀ ਜੀ ਮੇਰੀ ਰਾਣੀ ਦੇ ਰੋਗ ਦੀ ਨਵਿਰਤੀ ਕਿਸੇ ਉਪਾ ਨਾਲ ਕਰੋ। ਇਸ ਬੀਬੀ ਜੀ ਨੇ ਵੀ ਸਪਤਾਹ ਪਾਠ ਕਰਵਾਉਣ ਦੀ ਆਗਿਆ ਦਿੱਤੀ। ਸਰਦਾਰ ਜੀ ਨੇ ਕਿਹਾ, ਬੀਬੀ ਜੀ ਤੁਸੀਂ ਆਪ ਹੀ ਆਪਣੇ ਪਾਠੀ ਲਾ ਕੇ ਪਾਠ ਆਪਣੀ ਨਿਗਰਾਨੀ ਹੇਠ ਕਰਵਾਉ। ਤਾਂ ਬੀਬੀ ਜੀ ਨੇ ਸੰਤ ਨੰਦ ਸਿੰਘ ਜੀ ਅਤੇ ਸੰਤ ਚੰਨਣ ਸਿੰਘ ਜੀ ਰਾਮਗੜ੍ਹ ਵਾਲੇ, ਮਘਰ ਸਿੰਘ ਜੀ ਦੇ ਜੱਥੇ ਨੂੰ ਮੰਗਾ ਕੇ ਸਪਤਾਹ ਪਾਠ ਆਰੰਭ ਕਰਵਾ ਦਿਤਾ। ਜਿਸ ਦਿਨ ਪਾਠ ਆਰੰਭ ਹੋਇਆ, ਉਸੀ ਦਿਨ ਸੰਤ ਨੰਦ ਸਿੰਘ ਜੀ ਦੀ ਭੇਂਟ ਸਰਦਾਰ ਰਘਬੀਰ ਸਿੰਘ ਨਾਲ ਹੋਈ, ਇਸ ਸਰਦਾਰ ਨਾਲ ਸੰਤਾਂ ਦੀਆਂ ਖੁਲ੍ਹੀਆਂ ਗੱਲਾਂ ਹੋਈਆਂ।

ਸਰਦਾਰ ਨੇ ਸੰਤਾਂ ਨੂੰ ਆਖਿਆ, ਕਿ ਸੰਤ ਜੀ ਬੜੇ ਸੰਤ ਪੂਜੇ ਹਨ। ਬੜੇ ਪਾਠ ਕਰਾਏ ਹਨ। ਸਾਡੀ ਇੱਛਾ ਪੂਰੀ ਨਹੀਂ ਹੋਈ, ਸਾਡੀ ਰਾਣੀ ਨੂੰ ਬੀਮਾਰੀ ਤੋਂ ਆਰਾਮ ਨਹੀਂ ਆਇਆ। ਸੰਤ ਨੰਦ ਸਿੰਘ ਜੀ ਨੇ ਸਰਦਾਰ ਨੂੰ ਕਿਹਾ ਕਿ ਬੀਮਾਰੀ ਰਾਣੀ ਜੀ ਨੂੰ ਕੀ ਹੈ? ਸਰਦਾਰ ਨੇ ਕਿਹਾ ਕਿ ਬੀਮਾਰੀ ਦਿਮਾਗ ਵਿਚ ਕੁਝ ਬਰਲ ਜਿਹਾ ਹੈ। ਜਿਸ ਕਰਕੇ ਰਾਣੀ ਦਿਨ ਰਾਤ ਰੌਲਾ ਪਾਉਂਦੀ ਹੈ। ਰਾਣੀ ਦੇ ਪੇਕੇ ਸਾਰੇ ਮਰ ਚੁੱਕੇ ਹਨ। ਸੋ ਦਖਾਈ ਦਿੰਦੇ ਹਨ। ਦੇਖ-ਦੇਖ ਕੇ ਰੌਲਾ ਪਾਉਂਦੀ ਹੈ। ਕੋਈ ਮਾਲੀਆ ਖੋਰਿਆ ਭਾਵ ਸ਼ੁਦਾ ਦੀ ਬੀਮਾਰੀ ਆਖਦਾ ਹੈ। ਪਰ ਇਲਾਜ ਬਹੁਤ ਕਰਾਏ ਹਨ। ਹਰ ਕਿਸਮ ਦਾ ਇਲਾਜ ਕਰਾਇਆ, ਹਰ ਕਿਸਮ ਦੇ ਸਿਖ ਸਾਧ ਦੀ ਪੂਜਾ ਕੀਤੀ ਹੈ। ਪਰ ਆਰਾਮ ਨਹੀਂ ਆਇਆ। ਹੁਣ ਸਾਡਾ ਪੂਜਾ ਪਾਠ ਪਰ ਅਤੇ ਸਿੱਖ ਸਾਧਾਂ ਪਰ ਕੋਈ ਵੀ ਇਤਬਾਰ ਨਹੀਂ ਰਿਹਾ।

ਇਹ ਗੱਲਾਂ ਕਰਕੇ ਸਰਦਾਰ ਚਲਾ ਗਿਆ। ਹੁਣ ਸੰਤ ਨੰਦ ਸਿੰਘ ਜੀ ਨੇ ਆਪਣੇ ਸਾਥੀ ਸੰਤ ਚੰਨਣ ਸਿੰਘ ਜੀ ਨਾਲ ਸਾਰੀ ਸਲਾਹ ਕੀਤੀ। ਸੰਤ ਨੰਦ ਸਿੰਘ ਜੀ ਨੇ ਆਖਿਆ ਮੇਰੇ ਵੀਰ ਸਾਥੀਓ! ਬੀਬੀ ਨਿਹਾਲ ਕੌਰ ਨੇ ਬਿਨਾਂ ਸੋਚੇ ਸਮਝੇ ਸਾਡੇ ਕੋਲੋਂ ਇਥੇ ਪਾਠ ਰਖਾਇਆ ਹੈ। ਇਹ ਬੜਾ ਭਾਰਾ ਔਖਾ ਕਾਰਜ ਹੈ। ਸਰਦਾਰ ਨੇ ਸਾਰੀ ਗੱਲਬਾਤ ਆਪਣੇ ਸਾਰੇ ਸਾਥੀਆਂ ਨੂੰ ਦੱਸੀ-ਜੇ ਰਾਣੀ ਨੂੰ ਸਾਡੇ ਪਾਠ ਕਰਨ ਤੇ ਆਰਾਮ ਨਾ ਆਇਆ ਤਾਂ ਸਰਦਾਰ ਗੁਰੂ ਘਰ ਤੋਂ ਬਹੁਤ ਨਸ਼ਰਧਕ ਹੋ ਜਾਏਗਾ। ਇਸ ਦਾ ਉਪਾ ਸੋਚਣਾ ਚਾਹੀਦਾ ਹੈ। ਸੋਚ-ਸੋਚ ਕੇ ਵਿਚਾਰਿਆ ਤੇ ਸੰਤ ਹਰਖੋਵਾਲੀਆਂ ਨੂੰ ਇਥੇ ਲਿਆਉਣ ਦਾ ਫੈਸਲਾ ਕੀਤਾ। ਇਹ ਸਾਰੇ ਜੱਥੇ ਨੇ ਸਲਾਹ ਕਰਕੇ ਸਰਦਾਰ ਦੀ ਕਾਰ ਲੈ ਕੇ ਡੇਰੇ ਸੰਤਗੜ੍ਹ ਸੰਤਾਂ ਦੇ ਚਰਨਾਂ ਵਿਚ ਆ ਕੇ ਬੇਨਤੀਆਂ ਕੀਤੀਆਂ, ਅਤੇ ਸਾਰੀ ਗੱਲਬਾਤ ਸੰਤਾਂ ਨੂੰ ਦੱਸੀ। ਉਸ ਦਿਨ ਸੰਤਾਂ ਦਾ ਪ੍ਰੋਗਰਾਮ ਅੰਮ੍ਰਿਤ ਵੇਲੇ ਬਲਾਚੌਰ ਜਾਣ ਦਾ ਸੀ। ਸੰਤਾਂ ਨੇ ਇਕ ਦਮ ਦਾਸ ਨੂੰ ਸਦਿਆ, ਆਪਣੇ ਨਾਲ ਲਿਜਾਣ ਦਾ ਹੁਕਮ ਕੀਤਾ ਕਿ ਹੁਣ ਹੀ ਤਿਆਰ ਹੋ ਜਾ। ਦਾਸ ਨੇ ਕਛਹਿਰਾ ਪਰਣਾ ਲਿਆ, ਤਿਆਰ ਹੋ ਕੇ ਹਜ਼ੂਰੀ ਵਿਚ ਆ ਗਿਆ ਅਤੇ ਤਸੀਲਦਾਰ ਜਗਤ ਸਿੰਘ ਜੀ ਵੀ ਡੇਰੇ ਸਨ। ਉਸ ਨੂੰ ਭੀ ਨਾਲ ਲੈ ਲਿਆ। ਸਾਰਿਆਂ ਨੇ ਪ੍ਰਸ਼ਾਦ ਪਾਣੀ ਛਕਿਆ, ਤਿਆਰ ਹੋ ਕੇ ਕਾਰ ਵਿਚ ਬੈਠ ਗਏ। ਦਾਸ ਨੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਆਪ ਜੀ ਦੀ ਤਿਆਰੀ ਕਲ ਅੰਮ੍ਰਿਤ ਵੇਲੇ ਬਲਾਚੌਰ ਆਦਿ ਪਿੰਡਾਂ ਵਿਚ ਜਾਣ ਦੀ ਸੀ। ਆਪ ਜੀ ਨੇ ਇਕ ਦਮ ਹੀ ਆਪਣਾ ਪ੍ਰੋਗਰਾਮ ਬਦਲੀ ਕਰ ਲਿਆ ਇਸ ਦਾ ਕੀ ਕਾਰਨ ਹੈ? ਸੰਤਾਂ ਨੇ ਕਿਹਾ, ਕਿ ਜੋਧ ਸਿੰਘ ਏਧਰ ਸਾਡੇ ਸਾਧ ਬੜੇ ਮੁਸ਼ਕਲ ਕੰਮ ਵਿਚ ਫਸੇ ਹੋਏ ਹਨ। ਪਹਿਲਾਂ ਇਹਨਾਂ ਨੂੰ ਛੁਡਾ ਆਈਏ। ਸਾਨੂੰ ਅਕਾਲ ਪੁਰਖ ਦਾ ਹੁਕਮ ਹੈ ਕਿ ਪਹਿਲਾਂ ਸਾਧਾਂ ਦੀ ਸਾਰ ਲਵੋ; ਫਿਰ ਦੂਸਰੇ ਕੰਮ ਕਰੋ। ਇਸ ਵਾਸਤੇ ਏਧਰ ਦਾ ਪ੍ਰੋਗਰਾਮ ਇਕ ਦਮ ਬਣ ਗਿਆ ਹੈ।

ਹੁਣ ਡੇਰੇ ਤੋਂ ਸੰਤ ਮਹਾਰਾਜ ਜੀ ਦਾਸ ਲਿਖਾਰੀ, ਤਸੀਲਦਾਰ ਜਗਤ ਸਿੰਘ ਕਾਰ ਵਿਚ ਬੈਠ ਕੇ ਸੰਤ ਚੰਨਣ ਜੀ ਨਾਲ ਰਾਤ ਦੇ ਨੌਂ ਵਜੇ ਰਾਜਾਸਾਂਸੀ ਪਹੁੰਚ ਗਏ। ਸਰਦਾਰ ਜੀ ਨੇ ਸੰਤਾਂ ਦਾ ਬੜਾ ਸਤਿਕਾਰ ਕੀਤਾ। ਇਹ ਅੱਸੂ ਦੇ ਦਿਨ ਸਨ। ਜਿਨ੍ਹਾਂ ਦਿਨਾਂ ਵਿਚ ਸੰਤ ਮਹਾਰਾਜ ਰਾਜਾਸਾਂਸੀ ਗਏ ਸਨ। ਅੰਮ੍ਰਿਤ ਵੇਲੇ ਸੰਤ ਨੰਦ ਸਿੰਘ ਜੀ ਤੇ ਸੰਤ ਚੰਨਣ ਸਿੰਘ ਜੀ ਨੇ ਆਪਣੇ ਜੱਥੇ ਸਮੇਤ ਆਸਾ ਦੀ ਵਾਰ ਦਾ ਕੀਰਤਨ ਕੀਤਾ ਉਪਰੰਤ ਸਪਤਾਹ ਪਾਠ ਦਾ ਭੋਗ ਪਾਇਆ ਅਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਫਿਰ ਸੰਤਾਂ ਨੂੰ ਸਰਦਾਰ ਸਾਹਿਬ ਮਹਿਲਾਂ ਵਿਚ ਲੈ ਗਿਆ, ਦਾਸ ਨੂੰ ਤੇ ਤਸੀਲਦਾਰ ਨੂੰ, ਸੰਤ ਨੀਚੇ ਹੀ ਛੱਡ ਗਏ। ਉਪਰ ਮਹਿਲਾਂ ਵਿਚ ਜਾ ਕੇ ਸੰਤਾਂ ਨੇ ਸਰਦਾਰਨੀ ਰਾਣੀ ਨੂੰ ਤਕਿਆ। ਜੋ ਕਿ ਸ੍ਰੇਸ਼ਟ ਗਿਆਨ ਤੋਂ ਬਿਨਾਂ ਬੇਅੰਤ ਬਕਵਾਸ ਕਰਦੀ ਹੈ ਅਤੇ ਆਪਣੇ ਕੱਪੜੇ ਵੀ ਪਾੜ ਸੁਟਦੀ ਹੈ। ਦਾਸ ਤੇ ਤਸੀਲਦਾਰ ਨੀਚੇ ਹੀ ਆਪਣੀ ਬਿਰਤੀ ਅਨੁਸਾਰ ਗੱਲ ਕਰਨ ਲੱਗ ਪਏ ਕਿ ਦੇਖੋ ਜੀ ਸਾਨੂੰ ਇਸ ਸਰਦਾਰ ਦੇ ਮਹਿਲਾਂ ਵਿਚ ਨਹੀਂ ਲੈ ਕੇ ਗਏ, ਫਿਰ ਸਚਖੰਡ ਕਿਵੇਂ ਲੈ ਜਾਣਗੇ। ਕਿਤੇ ਸਾਨੂੰ ਮਾਤ ਲੋਕ ਦੇ ਦੁੱਖ ਭੁਗਤਣ ਵਾਸਤੇ ਹੀ ਨਾ ਛੱਡ ਜਾਣ, ਜਿਵੇਂ ਕਿ ਹੁਣ ਸਾਨੂੰ ਨੀਚੇ ਹੀ ਛੱਡ ਗਏ ਹਨ।

ਸੰਤਾਂ ਨੇ ਆਉਂਦੇਸਾਰ ਹੀ ਸਾਨੂੰ ਦੋਨਾਂ ਨੂੰ ਸੰਬੋਧਨ ਕਰਕੇ ਕਿਹਾ, ਇਕ ਕਿ ਮਾਇਕੀ ਗੰਦ ਨਾਲ ਭਰੇ ਮਹਿਲਾਂ ਨੂੰ ਤੁਸਾਂ ਜਾਣਾ ਸੀ। ਇਨ੍ਹਾਂ ਵਿਚ ਤਾਂ ਦੁਖ ਹੀ ਦੁਖ ਹੈ। ਤੁਸੀਂ ਸੱਚੇ ਮਹਿਲਾਂ ਦੀ ਚਿਤਵਨੀ ਕਰਿਆ ਕਰੋ। ਜੋਧ ਸਿੰਘ ਜੀ ਤੈਨੂੰ ਤਾਂ ਅਸੀਂ ਬਹੁਤ ਵੱਡੇ ਮਾਇਕੀ ਮੰਦਰਾਂ ਵਿਚ ਭੇਜਾਂਗੇ ਫਿਰ ਤੂੰ ਮਹਿਲ ਦੇਖ ਕੇ ਰੱਜ ਲਵੀਂ।

ਸਮਾਂ ਆਇਆ ਦਾਸ ਨੂੰ ਮਹਾਰਾਜ ਪਟਿਆਲੇ ਦੇ ਮਹਿਲਾਂ ਵਿਚ ਪਾਠ ਕਰਨ ਵਾਸਤੇ ਭੇਜਿਆ ਅਤੇ ਦਾਸ ਨੂੰ ਆਏ ਤੋਂ ਪੁਛਿਆ ਕਿ ਜੋਧ ਸਿੰਘ ਜੀ ਮਹਿਲਾਂ ਵਿਚ ਕਿੰਨਾ ਕੁ ਸੁਖ ਮਾਣਿਆ ਹੈ। ਇਹ ਅੱਗੇ ਚਲ ਕੇ ਮਹਾਰਾਜਾ ਯਾਦਵਿੰਦਰ ਸਿੰਘ ਜੀ ਦੀ ਮਿਲਾਪ ਵਾਰਤਾ ਵਿਚ ਲਿਖਾਂਗਾ।

ਹੁਣ ਅਸਲੀ ਪ੍ਰਸੰਗ ਵਲ ਆਉ। ਉੱਪਰ ਮਹਿਲਾਂ ਤੋਂ ਆ ਕੇ ਸੰਤ ਸਰਦਾਰ ਦੇ ਦੀਵਾਨਖਾਨੇ ਵਿਚ ਬੈਠ ਗਏ, ਇਕ ਕੌਚ ਪਰ। ਹੋਰ ਸਾਰੇ ਬੀਬੀ ਨਿਹਾਲ ਕੌਰ ਤੇ ਸੰਤ ਨੰਦ ਸਿੰਘ ਜੀ ਦਾ ਸਾਰਾ ਜਥਾ ਅਤੇ ਸਰਦਾਰ ਦਾ ਸਾਰਾ ਪਰਿਵਾਰ, ਅਸੀਂ ਸੰਤ ਦੋਨੋਂ ਦਾਸ ਸੰਤ ਨੰਦ ਸਿੰਘ ਜੀ ਨੇ ਬੇਨਤੀ ਪੂਰਬਕ ਗੱਲ ਚਲਾਈ ਮਹਾਰਾਜ ਜੀਉ! ਸਰਦਾਰ

ਦੀ ਕਾਮਣਾ ਜੋ ਸਰਦਾਰਨੀ ਦੀ ਬੀਮਾਰੀ ਤੋਂ ਆਰਾਮ ਕਰਨ ਦੀ ਹੈ। ਆਪ ਕ੍ਰਿਪਾ ਕਰਕੇ ਪੂਰੀ ਕਰ ਦੇਵੋ।

ਹੁਣ ਸੰਤ ਮਹਾਰਾਜ ਜੀ ਨੇ ਸਰਦਾਰ ਵਲ ਇਸ਼ਾਰਾ ਕਰਕੇ ਕਿਹਾ, ਕਿ ਸਰਦਾਰ ਜੀ ਨਿਤਨੇਮ ਬਾਣੀ ਕੋਈ ਸਿਮਰਨ ਵੀ ਕਰਦੇ ਹੋ। ਸਰਦਾਰ ਜੀ ਨੇ ਉੱਤਰ ਦਿੱਤਾ ਕਿ ਸੰਤ ਜੀ ਮੈਨੂੰ ਕਚਹਿਰੀ ਦੀਵਾਨਖਾਨੇ ਵਿਚ ਸਮਾਂ ਹੀ ਨਹੀਂ ਮਿਲਦਾ। ਸੰਤਾਂ ਨੇ ਕਿਹਾ ਆਪ ਜੀ ਦਾ ਹੋਰ ਪਰਿਵਾਰ ਕੋਈ ਬਾਣੀ ਪੜ੍ਹਦਾ ਹੋਵੇਗਾ। ਸਰਦਾਰ ਜੀ ਨੇ ਕਿਹਾ ਨਾ ਜੀ, ਹੋਰ ਵੀ ਕੋਈ ਬਾਣੀ ਨਹੀਂ ਪੜ੍ਹਦਾ। ਸੰਤ ਮਹਾਰਾਜ ਜੀ ਕਹਿਣ ਲੱਗੇ ਸਰਦਾਰ ਜੀ ਆਪ ਜੀ ਨੂੰ ਦੀਵਾਨਖਾਨੇ ਵਿਚੋਂ ਟਾਈਮ ਨਹੀਂ ਮਿਲਦਾ ਭਾਵ ਕਚਹਿਰੀ ਦੇ ਕੰਮ ਵਿਚੋਂ ਟਾਈਮ ਨਹੀਂ ਮਿਲਦਾ। ਸੰਤ ਜੀ ਬੋਲੇ ਫੇਰ ਤਾਂ ਸੰਤ ਨੰਦ ਸਿੰਘ ਜੀ ਕਬੀਰ ਜੀ ਦੀ ਬਾਣੀ ਦਾ ਬਚਨ ਐਸੇ ਲੋਕਾਂ ਪਰ ਪੂਰਨ ਘਟਦਾ ਹੈ।

ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ।। ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ।। ੧।।
ਰਾਮੁ ਬਿਸਾਰਿਓ ਹੈ ਅਭਿਮਾਨਿ।। ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ।। ੧।। ਰਹਾਉ।।
ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ।।
ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ।। ੨।। ੫।। *(ਰਾਗੁ ਕੇਦਾਰਾ ਕਬੀਰ ਜੀ)*

ਸੰਤਾਂ ਨੇ ਕਿਹਾ ਨੰਦ ਸਿੰਘ ਜੀ ਇਨ੍ਹਾਂ ਸਰਦਾਰਾਂ ਦੀ ਇਹ ਹਾਲਤ ਹੈ ਇਸ ਸ਼ਬਦ ਦਾ ਅਰਥ ਸਰਦਾਰਾਂ ਨੂੰ ਸੁਣਾ ਦੇਓ, ਤਾਂ ਕਿ ਇਨ੍ਹਾਂ ਨੂੰ ਆਪਣੀ ਗਲਤੀ ਦਾ ਪਤਾ ਲਗ ਜਾਏ। ਸੰਤ ਨੰਦ ਸਿੰਘ ਜੀ ਨੇ ਕਿਹਾ ਮਹਾਰਾਜ ਜੀ ਆਪ ਆਪਣੀ ਰਸਨਾਂ ਤੋਂ ਕ੍ਰਿਪਾ ਕਰਕੇ ਸੁਣਾਵੋ। ਕਬੀਰ ਜੀ ਕਿਸੇ ਅਮੀਰ ਕਚਹਿਰੀ ਕਰਨ ਵਾਲੇ ਨੂੰ ਤਾੜਦੇ ਉਪਦੇਸ਼ ਕਰਦੇ ਹਨ। ਜਦੋਂ ਕਿ ਉਸ ਨੂੰ ਨਾਮ ਤੋਂ ਬੇਮੁਖ ਤਕਿਆ ਕਿ ਤੁਸੀਂ ਲੋਕ ਨਾਮ ਨਹੀਂ ਜਪਦੇ। ਜਦੋਂ ਤੁਹਾਨੂੰ ਕੋਈ ਭਗਤ ਸੰਤ ਕਹੇ ਕਿ ਨਾਮ ਜਪੋ ਤਾਂ ਤੁਸੀਂ ਲੋਕ ਅਗੋਂ ਉੱਤਰ ਦੇਂਦੇ ਹੋ ਕਿ ਸਾਡਾ ਤਾਂ ਦੀਵਾਨਖਾਨੇ ਵਿਚੋਂ ਟਾਈਮ ਹੀ ਨਹੀਂ ਲੱਗਦਾ। *ਭਾਉ ਭਗਤਿ ਸਿਉ ਕਾਜੁ ਨ ਕਛੂਐ।*

ਪ੍ਰੇਮ ਭਗਤੀ ਨਾਲ ਕੋਈ ਕੰਮ ਹੀ ਨਹੀਂ ਸਾਡੇ ਕੋਲ ਨਾਮ ਜਪਨ ਦਾ ਕੋਈ ਮੌਕਾ ਹੀ ਨਹੀਂ ਹੈ। ਅਗੇ ਸਾਰਾ ਸ਼ਬਦ ਹੈ। *ਟੇਢੀ ਪਾਗ ਟੇਢੇ ਜਲੇ ਲਾਗੇ ਬੀਰੇ ਖਾਨ।।*

ਤੁਹਾਡੀਆਂ ਗੁਰਮਤਿ ਤੋਂ ਉਲਟ ਹੀ ਪੱਗਾਂ ਹਨ, ਤੁਹਾਡੇ ਗੁਰਮਤਿ ਤੋਂ ਉਲਟ ਹੀ ਚਾਲੇ ਹਨ। ਜਿਸ ਵਾਹਿਗੁਰੂ ਨੇ ਇਹ ਸਭ ਦਾਤਾਂ ਦਿੱਤੀਆਂ ਹਨ; ਉਸ ਨੂੰ ਯਾਦ ਕਰਨ ਦਾ ਮੌਕਾ ਹੀ ਆਪ ਪਾਸ ਕੋਈ ਨਹੀਂ।

ਜੈਸੇ— ਦਾਤਿ ਪਿਆਰੀ ਵਿਸਰਿਆ ਦਾਤਾਰਾ।।

ਤੁਹਾਡੇ ਵਰਗਿਆਂ ਦੇ ਘਰਾਂ ਨੂੰ ਹੀ ਭਗਤ ਕਬੀਰ ਜੀ ਵਰਗਿਆਂ ਨੇ ਇਉਂ ਕਥਨ ਕੀਤਾ ਹੈ।

ਯਥਾ:— ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ।।
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ।। ੧੯੨।। *(ਸ਼ਲੋਕ ਕਬੀਰ ਜੀ)*

ਕਬੀਰ ਜੀ ਆਖਦੇ ਹਨ—ਜਿਨ੍ਹਾਂ ਘਰਾਂ ਵਿਚ ਵਾਹਿਗੁਰੂ ਦਾ ਸਿਮਰਨ ਨਹੀਂ, ਰੱਬ ਦੇ ਪਿਆਰਿਆਂ ਦੀ ਸੇਵਾ ਨਹੀਂ ਸੋ ਘਰ (ਮਰਹਟ) ਮਸਾਣ ਭੂਮੀ ਦੀ ਨਿਆਈਂ ਹਨ ਅਤੇ ਉਨ੍ਹਾਂ ਮਹਿਲਾਂ ਵਿਚ ਵਸਣ ਵਾਲੇ ਭੂਤਨੇ ਹਨ। ਇਸ ਵਾਸਤੇ ਸਰਦਾਰ ਜੀ ਜੋ ਬਾਣੀ ਨਹੀਂ ਪੜ੍ਹਦਾ ਤੇ ਨਾਮ ਨਹੀਂ ਜਪਦਾ ਸੋ ਤਾਂ ਆਪ ਹੀ ਭੂਤਨਾ ਹੈ।

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ।।

ਇਸ ਵਾਸਤੇ ਨਾ ਨਾਮ ਜਪਣਾ, ਨਾ ਸਿਮਰਨ ਕਰਨਾ, ਫੇਰ ਤਾਂ ਇਹ ਜੀ (ਬੇਤਾਲ) ਹੈ ਭਾਵ ਭੂਤਨਾ ਹੈ। ਸੋ ਭੂਤਨਿਆਂ ਪਾਸ ਭੂਤਨੇ ਹੀ ਆਉਣੇ ਹੋਏ ਨਾ, ਸਰਦਾਰ ਜੀ ਫਿਰ ਆਪ ਲੋਕ ਭੂਤਨਿਆਂ ਤੋਂ ਕਿਵੇਂ ਬਚ ਸਕਦੇ ਹੋ। ਸਰਦਾਰ ਜੀ ਦੇ ਅੱਖਾਂ ਵਿਚ ਵੈਰਾਗ ਦਾ ਪਾਣੀ ਛਮ ਛਮ ਜਾ ਰਿਹਾ ਸੀ। ਸੰਤਾਂ ਦੇ ਇਹ ਸਾਰੇ ਬਚਨ ਸੁਣ ਕੇ ਸਰਦਾਰ ਜੀ ਨੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਇਨ੍ਹਾਂ ਭੂਤਨਿਆਂ ਤੋਂ ਕਿਵੇਂ ਬਚਿਆ ਜਾਏ। ਸੰਤਾਂ ਨੇ ਕਿਹਾ ਨਾਮ

ਜਪਹੁ। ਸਰਦਾਰ ਨੇ ਕਿਹਾ ਕਿਵੇਂ ਜਪੀਏ। ਸੰਤ ਕਹਿਣ ਲੱਗੇ, ਜਿਸ ਤਰ੍ਹਾਂ ਅਸੀਂ ਆਖਦੇ ਹਾਂ। ਸਰਦਾਰ ਜੀ ਨੇ ਕਿਹਾ ਫਿਰ ਹੁਕਮ ਕਰੋ। ਸੰਤ ਜੀ ਨੇ ਕਿਹਾ ਗਊ ਦੇ ਘੀ ਦੀ ਅਖੰਡ ਜੋਤ ਜਗਾਉ, ਧੂਪ ਦਾ ਅਖੰਡ ਹਮਨ ਕਰੋ, ਫਿਰ ਦੋ-ਦੋ ਘੰਟੇ ਮੂਲ-ਮੰਤਰ ਦਾ ਜਾਪ ਕਰੋ, ਸੁਧਾ ਕੇਸੀ ਇਸ਼ਨਾਨ ਕਰਕੇ, ਨਵੇਂ ਚਿੱਟੇ ਬਸਤਰ ਪਹਿਨ ਕੇ ਬੈਠਨਾ ਹੈ। ਚੜ੍ਹਦੇ ਸੂਰਜ ਵਲ ਮੂੰਹ ਕਰਕੇ। ਸੰਤਾਂ ਤੋਂ ਇਹ ਸਾਧਨ ਸੁਣ ਕੇ ਸਰਦਾਰ ਆਖਣ ਲੱਗਾ ਇਹ ਬੜਾ ਕਠਿਨ ਕੰਮ ਹੈ। ਹੁਕਮ ਹੋਵੇ ਤਾਂ ਅੰਮ੍ਰਿਤਸਰ ਤੋਂ ਪਾਠੀ ਲਿਆ ਕੇ ਕਰਵਾ ਲੈਣੇ ਹਾਂ। ਸਰਦਾਰ ਦਾ ਇਹ ਉੱਤਰ ਸੁਣ ਕੇ ਸੰਤ ਜੀ ਕੁਝ ਤਮਕ ਵਿਚ ਆ ਕੇ ਬੋਲੇ—ਜਿਸ ਤਰ੍ਹਾਂ ਇਨ੍ਹਾਂ ਲੋਕਾਂ ਦਾ ਭਲਾ ਹੋਏ ਸੋ ਕਰਵਾਉਣਾ ਚਾਹੁੰਦੇ ਹਨ। ਸੰਤਾਂ ਨੇ ਆਖਿਆ ਸਰਦਾਰ ਜੀ ਜ਼ਰਾ ਹੋਸ਼ ਕਰੋ। ਮਾਇਆ ਨਾਲ ਕਦੇ ਰੱਬ ਪ੍ਰਸੰਨ ਨਹੀਂ ਹੁੰਦਾ। ਜੀਵ ਦੀ ਪ੍ਰੇਮ ਭਗਤੀ ਦੇਖ ਕੇ ਵਾਹਿਗੁਰੂ ਪ੍ਰਸੰਨ ਹੁੰਦਾ ਹੈ, ਤਾਂ ਫਿਰ ਇਸ ਦੇ ਸਾਰੇ ਦੁਖ ਕਟ ਦਿੰਦਾ ਹੈ।

ਹੁਣ ਸਰਦਾਰ ਨੇ ਨਿੰਮਰਤਾ ਸਹਿਤ ਆਖਿਆ ਜੀ ਆਪ ਮਿਹਰ ਕਰੋ। ਸੰਤਾਂ ਨੇ ਕਿਹਾ ਸਾਡੀ ਇਕੱਲਿਆਂ ਦੀ ਮਿਹਰ ਇਕ ਫੰਗ ਦੀ ਨਿਆਈਂ ਹੈ, ਇਕ ਫੰਗ ਨਾਲ ਕਦੇ ਜਾਨਵਰ ਉੱਡ ਨਹੀਂ ਸਕਦਾ, ਦੋ ਫੰਗ ਕਾਇਮ ਕਰੋ, ਤੁਸੀਂ ਵੀ; ਜਿਸ ਢੰਗ ਨਾਲ ਅਸੀਂ ਦਸਿਆ ਹੈ। ਸਿਮਰਨ ਕਰੋ, ਫਿਰ ਅਸੀਂ ਵੀ ਸਤਿਗੁਰੂ ਪਾਸ ਫਰਿਆਦ ਕਰਾਂਗੇ। ਦੋਨੋਂ ਗੱਲਾਂ ਮਿਲਾ ਕੇ ਤੁਹਾਡੇ ਰੋਗ ਚੁੱਕੇ ਜਾਣਗੇ। ਸਭ ਭੜੇ ਭੂਤਨੇ ਮਿਟ ਜਾਣਗੇ ਸਰਦਾਰ ਜੀ। ਸਰਦਾਰ ਜੀ ਨੇ ਫਿਰ ਸੰਤਾਂ ਨੂੰ ਜਵਾਬ ਦਿੱਤਾ ਕਿ ਸੰਤ ਜੀ ਸਾਡੇ ਘਰ ਵਿਚ ਕੋਈ ਐਸਾ ਬੰਦਾ ਨਹੀਂ ਜੋ ਆਪ ਜੀ ਦੇ ਦੱਸੇ ਅਨੁਸਾਰ ਜਾਪ ਕਰੇ। ਫਿਰ ਸੰਤਾਂ ਨੇ ਇਸ ਪਰਿਵਾਰ ਦਾ ਭਲਾ ਕਰਨ ਹਿੱਤ ਤਾੜ ਕੇ ਕਿਹਾ, ਕਿ ਸਰਦਾਰ ਜੀ ਅੱਜ ਤਕ ਕੋਈ ਐਸੀ ਸੰਸਾਰ ਵਿਚ ਉਦਾਹਰਨ ਨਹੀਂ ਮਿਲਦੀ ਕਿ ਰੱਬ ਨੂੰ ਕਿਸੇ ਨੇ ਮਾਇਆ ਨਾਲ ਵੱਸ ਕੀਤਾ ਹੋਵੇ। ਜੇ ਕਿਸੇ ਨੇ ਵਾਹਿਗੁਰੂ ਤੋਂ ਕੋਈ ਵੀ ਬਖਸ਼ਿਸ਼ ਲਈ ਹੈ। ਸੋ ਪ੍ਰੇਮ ਕਰਕੇ ਸਿਮਰਨ ਕਰਕੇ ਹੀ ਲਈ ਹੈ।

ਹੁਣ ਸਰਦਾਰ ਜੀ ਸਾਡੀ ਗੱਲ ਸੁਣ ਲੈ। ਜੋ ਤੂੰ ਆਖਿਆ ਹੈ ਕਿ ਸਾਡਾ ਬਾਣੀ ਪਰ ਅਤੇ ਸਿੱਖ ਸਾਧ ਪਰ ਕੋਈ ਇਤਕਾਦ ਨਹੀਂ ਰਿਹਾ, ਏਸ ਸਮੇਂ ਤੂੰ ਸਾਧ ਦੇ ਪੰਜੇ ਵਿਚ ਆ ਗਿਆ ਹੈਂ। ਸਾਧ ਦਾ ਪੰਜਾ ਬੱਬਰ ਸ਼ੇਰ ਦਾ ਪੰਜਾ ਮੰਨਿਆ ਜਾਂਦਾ ਹੈ। ਸ਼ੇਰ ਦੇ ਪੰਜੇ ਵਿਚੋਂ ਜੀਵ ਨਿਕਲ ਨਹੀਂ ਸਕਦਾ। ਸ਼ੇਰ ਦੇ ਪੰਜੇ ਨਾਲ ਜੀਵ ਬਰੂੰਦਿਆਂ ਜਾਂਦਾ ਹੈ। ਅਗੇ ਨਾਲੋਂ ਵੀ ਜੀਵ ਦੀ ਹਾਲਤ ਵਿਗੜ ਜਾਂਦੀ ਹੈ। ਇਸ ਸਾਧੂ ਦੇ ਪੰਜੇ ਤੇ ਜਿਸ ਨੇ ਸਾਧੂ ਦੇ ਅਧੀਨ ਹੋ ਕੇ ਸਾਧੂ ਦਾ ਬਚਨ ਮੰਨੇ, ਹੁਣ ਬਚਾਉ ਤਾਂ ਹੀ ਹੈ, ਜੇ ਬਚਨ ਮੰਨੋਗੇ। ਦੂਸਰੀ ਗੱਲ ਜੋ ਦਿਹਾੜੀ ਪਰ ਬੰਦੇ ਲਾਏ ਜਾਂਦੇ ਹਨ। ਸੋ ਉਤਨਾ ਸਹੀ ਕੰਮ ਨਹੀਂ ਕਰਦੇ ਜਿਤਨਾ ਘਰ ਦਾ ਬੰਦਾ ਦਿਲ ਲਾ ਕੇ ਤੇ ਸਰੀਰ ਤੋਲ ਕੇ ਕੰਮ ਕਰਦਾ ਹੈ। ਇਹ ਪਾਠ ਜੋ ਅਸੀਂ ਦੱਸ ਰਹੇ ਹਾਂ ਉਹ ਬੰਦੇ ਠੀਕ ਕਰ ਸਕਦੇ ਹਨ ਜੋ ਤੇਰੀ ਸਿੰਘਣੀ ਦੇ ਪਿਆਰ ਵਾਲੇ ਨਿਕਟਵਰਤੀ ਹੋਣ। ਸਰਦਾਰ ਜੀ ਦੇ ਚਾਰ ਲੜਕੀਆਂ ਖਾਸ ਸਰਦਾਰਨੀ ਦੇ ਕੁੱਖੋਂ ਪੈਦਾ ਹੋਈਆਂ ਸਨ। ਜੋ ਉਸ ਸਮੇਂ ਜੁਵਾ ਅਵਸਥਾ ਵਿਚ ਸਨ। ਚਾਰ ਲੜਕੀਆਂ ਵਿਚੋਂ ਇਕ ਲੜਕੀ ਬੋਲ ਉੱਠੀ, ਪਿਤਾ ਜੀ ਤੁਸੀਂ ਸੰਤਾਂ ਨੂੰ ਕਿਉਂ ਜਵਾਬ ਦੇਈ ਜਾਂਦੇ ਹੋ, ਅਸੀਂ ਚਾਰੇ ਭੈਣਾਂ ਸੰਤਾਂ ਦੇ ਦੱਸੇ ਤਰੀਕੇ ਅਨੁਸਾਰ ਪਾਠ ਕਰਾਂਗੀਆਂ ਸਾਡੇ ਨਾਲ ਦੋ ਸਾਡੇ ਘਰ ਦੀਆਂ ਸੇਵਾਦਾਰਨੀਆਂ ਪਾਠ ਕਰਨਗੀਆਂ। ਸਾਡੇ ਨਾਲ ਦੋ ਸਾਡੇ ਘਰ ਦੀਆਂ ਸੇਵਾਦਾਰਨੀਆਂ ਪਾਠ ਕਰਨਗੀਆਂ, ਜੋ ਸਾਡੀ ਮਾਤਾ ਨਾਲ ਬਹੁਤ ਪਿਆਰ ਰਖਦੀਆਂ ਹਨ। ਸਾਡਾ ਛੋਟਾ ਵੀਰ ਜੋ ਐਸ ਸਮੇਂ ਬਾਰਾਂ ਸਾਲ ਦਾ ਹੈ। ਜਿਸ ਨੂੰ ਲਾਡ ਵਿਚ ਉਸ ਸਮੇਂ ਲਾਲ ਜੀ ਆਖਦੇ ਸਨ। ਜਦੋਂ ਘਰ ਵਾਰੀ ਹੋਇਆ ਤਾਂ ਅਸਲੀ ਨਾਮ ਹਰਿੰਦਰ ਸਿੰਘ ਸੱਦਦੇ ਸੀ। ਸਾਡੀ ਸੇਵਾ ਦੀ ਸੰਭਾਲ ਰਖੇਗਾ।

ਬੀਬੀ ਦਾ ਇਹ ਨੇਕ ਬਚਨ ਸੁਣ ਕੇ ਸਭ ਗੱਦ-ਗੱਦ ਹੋ ਕੇ ਖੁਸ਼ ਹੋ ਗਏ। ਉਸ ਸਮੇਂ ਧੂਪ ਦੀ ਸਮਗਰੀ ਮੰਗਾ ਲਈ, ਗਊ ਦਾ ਘੀ ਮੰਗਾ ਲਿਆ, ਜਿਥੇ ਮੂਲ-ਮੰਤਰ ਦਾ ਪਾਠ ਸ਼ੁਰੂ ਕਰਨਾ ਸੀ ਸੋ ਜਗ੍ਹਾ ਵੀ ਧੋ ਕੇ ਸਵੱਛ ਕਰ ਲਈ। ਵਿਧੀ ਪੂਰਬਕ ਕੜਾਹ ਪ੍ਰਸਾਦਿ ਕੀਤਾ ਗਿਆ। ਸੰਤ ਮਹਾਰਾਜ ਜੀ ਨੇ ਛੇਆਂ ਬੀਬੀਆਂ ਦੇ ਮੂਲ-ਮੰਤਰ ਦਾ ਪਾਠ ਸ਼ੁੱਧ ਕਰਵਾ ਦਿਤਾ। ਸਵੱਛ ਜਗ੍ਹਾ ਪਰ ਆਸਣ ਲਾ ਦਿਤੇ ਪਾਠ ਦੀ ਵਿਧੀ ਦਸ ਦਿੱਤੀ ਕਿ ਸੂਰਜ ਦੇ ਚੜ੍ਹਦੇ ਵਲ

ਮੂੰਹ ਕਰਕੇ ਬੈਠਣਾ, ਜਦੋਂ ਕਿਸੇ ਬੀਬੀ ਨੂੰ ਮਹਾਵਾਰੀ ਕੋਰਸ ਆਵੇ ਉਤਨੇ ਦਿਨ ਪਾਠ ਵਿਚ ਨਾ ਲੱਗੇ, ਦੂਸਰੀਆਂ ਬੀਬੀਆਂ ਉਸਦੇ ਟਾਈਮ ਨੂੰ ਆਪੋ ਵਿਚੀ ਵੰਡ ਲੈਣ ਪਾਠ ਵਿਚ ਬਿਘਨ ਨਾ ਪੈਣ ਦੇਣ। ਧੂਪ ਦਾ ਹਮਨ ਕਰੀ ਜਾਣਾ, ਕੋਲੇ ਬੇਰੀ ਦੀ ਲਕੜੀ ਦੇ ਵਰਤਨੇ ਅਤੇ ਘੀ ਦੀ ਜੋਤ ਸਦਾ ਜਗਦੀ ਰਹਿਣ ਦੇਣੀ। ਇਹ ਸਾਰੀਆਂ ਗੱਲਾਂ ਦ੍ਰਿੜ੍ਹ ਕਰਕੇ ਫਿਰ ਅਰਦਾਸਾ ਸੋਧ ਕੇ ਸਾਰਿਆਂ ਤੋਂ ਵੱਡੀ ਬੀਬੀ ਪਾਠ ਕਰਨ ਬੈਠ ਗਈ ਸਮਝਾ ਦਿਤਾ ਪਿਸ਼ਾਬ ਕਰਨ ਤੋਂ ਉਪਰੰਤ ਪਾਣੀ ਵਰਤਨਾ ਜੰਗਲ ਦਿਸ਼ਾ ਜਾ ਕੇ ਸ਼ੁਧੇ ਕੇਸੀ ਇਸ਼ਨਾਨ ਕਰਕੇ ਬੈਠੋ, ਅਲਪ ਅਹਾਰੀ ਰਹਿਣਾ, ਮਾਸ ਅੰਡਾ ਬਿਲਕੁਲ ਨਹੀਂ ਵਰਤਨਾ। ਜਿਤਨਾ ਸਮਾਂ ਪਾਠ ਹੋਵੇਗਾ ਸ਼ਰਾਬ ਘਰ ਵਿਚ ਨਹੀਂ ਵਾੜਨੀ ਪੀਣੀ ਤਾਂ ਕਿਸੇ ਪਾਸੇ ਰਹੀ। ਪਾਠ ਆਰੰਭ ਕਰਾ ਕੇ ਸੰਤਾਂ ਨੇ ਸੰਤ ਨੰਦ ਸਿੰਘ ਜੀ ਤੇ ਬੀਬੀ ਨਿਹਾਲ ਕੌਰ ਨੂੰ ਕਿਹਾ, ਲਉ ਸੰਤ ਜੀ ਤੁਹਾਡਾ ਇਸ ਕੜਿਕੀ ਵਿਚੋਂ ਹੱਥ ਕੱਢ ਦਿੱਤਾ ਹੈ। ਤੁਸੀਂ ਇਸ ਗੱਲ ਤੋਂ ਆਜ਼ਾਦ ਹੋ ਗਏ ਹੋ।

ਹੁਣ ਅਸੀਂ ਜਾਣੀਏ ਤੇ ਜਾਂ ਸਰਦਾਰ ਜਾਣੇ ਅਸੀਂ ਸਰਦਾਰ ਨਾਲ ਨਿਪਟਾਂਗੇ, ਸਰਦਾਰ ਜੀ ਨੂੰ ਕਿਹਾ, ਲਉ ਸਰਦਾਰ ਜੀ ਅਸੀਂ ਹੁਣ ਜਾਨੇ ਹਾਂ। ਕੱਤਕ ਦੀ ਮੱਸਿਆ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਬਾਬਾ ਸਵਾਇਆ ਸਿੰਘ ਜੀ ਦੀਆਂ ਟੁਟੀਆਂ ਜੋ ਕਿ ਚਾਟੀਵਿੰਡ ਦੇ ਦਰਵਾਜ਼ੇ ਵਲ ਹਨ। ਸੋ ਉਸ ਜਗ੍ਹਾ ਸਾਨੂੰ ਸਰਦਾਰਨੀ ਦੀ ਹਾਲਤ ਆ ਕੇ ਦਸਣੀ। ਸਰਦਾਰ ਜੀ ਨੇ ਕਿਹਾ ਸੱਤਬਚਨ ਜੀ!

ਸੰਤ ਨੰਦ ਸਿੰਘ ਜੀ ਦਾ ਜਥਾ ਵੀ ਆ ਗਿਆ। ਸੰਤ ਨੰਦ ਸਿੰਘ ਜੀ ਤਾਂ ਸੰਤਾਂ ਦੇ ਆਸ਼ਕ ਹੋ ਗਏ। ਉਸ ਦਿਨ ਤੋਂ ਜ਼ਿਆਦਾ ਤਰ ਸੰਤਾਂ ਨਾਲ ਹੀ ਰਹਿਣ ਲੱਗ ਪਏ। ਸੰਤ ਚੰਨਣ ਸਿੰਘ ਜੀ, ਸੰਤ ਬਚਨ ਸਿੰਘ ਜੀ ਸ਼ਹੀਦ, ਸੰਤ ਕਰਤਾਰ ਸਿੰਘ ਜੀ ਇਹ ਸਾਰੇ ਹੀ ਸੰਤਾਂ ਨਾਲ ਬਹੁਤ ਪਿਆਰ ਰਖਣ ਲੱਗ ਪਏ। ਸੰਤ ਮਹਾਰਾਜ ਰਾਜਾਸਾਂਸੀ ਤੋਂ ਡੇਰੇ ਨੂੰ ਆ ਗਏ।

ਕੱਤਕ ਦੀ ਦੀਪਮਾਲਾ ਤੇ ਮੱਸਿਆ ਆਈ, ਸੰਤ ਆਪਣੇ ਸਾਧੂਆਂ ਤੇ ਸੇਵਾਦਾਰਾਂ ਸਮੇਤ ਸ੍ਰੀ ਅੰਮ੍ਰਿਤਸਰ ਵਿਖੇ ਆਏ। ਬਾਬਾ ਸਵਾਇਆ ਸਿੰਘ ਜੀ ਦੀਆਂ ਟੁਟੀਆਂ ਪਰ ਗੁਰੂ ਕਾ ਲੰਗਰ ਜਾਰੀ ਕਰ ਦਿੱਤਾ। ਮੱਸਿਆ ਦਾ ਦਿਨ ਆਇਆ ਤੇ ਸਰਦਾਰ ਰਾਜਾਸਾਂਸੀ ਜੀ ਦਾ ਲਾਲ ਜੀ ਕਾਰ ਲੈ ਕੇ ਸੰਤਾਂ ਦੇ ਚਰਨਾਂ ਵਿਚ ਪੂਜਾ ਨਾਲ ਇਕ ਨੌਕਰ ਵੀ ਹੈ। ਲਾਲ ਜੀ ਆਪਣੀ ਜ਼ਬਾਨੀ ਬੜੀ ਖੁਸ਼ੀ ਵਿਚ ਆ ਕੇ ਸੰਤਾਂ ਦੇ ਅੱਗੇ ਨਮਸ਼ਕਾਰ ਕਰਕੇ ਤੇ ਭੇਟਾ ਫਲ ਵਗੈਰਾ ਰੱਖ ਕੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀਉ ਮੇਰੀ ਮੰਮੀ ਜੀ ਹੁਣ ਚੁੱਪ ਹੋ ਗਏ। ਸਾਨੂੰ ਸਾਰਿਆਂ ਨੂੰ ਦੇਖ ਕੇ ਮੁਸਕੜੀਏ ਹੱਸ ਕੇ ਚੁੱਪ ਹੋ ਜਾਂਦੇ ਹਨ। ਆਪ ਜੀ ਦਾ ਹੁਣ ਕੀ ਹੁਕਮ ਹੈ। ਸੰਤਾਂ ਨੇ ਆਖਿਆ ਕਾਕਾ ਆਉਣ ਵਾਲਾ ਮਹੀਨਾ ਹੋਰ ਜਾਪ ਕਰੋ ਪ੍ਰੇਮ ਤੇ ਉਤਸ਼ਾਹ ਸਹਿਤ। ਆਉਣ ਵਾਲੀ ਮੱਸਿਆ ਨੂੰ ਸਾਨੂੰ ਫਿਰ ਆਪਣੀ ਮਾਤਾ ਦੀ ਖਬਰ ਦੇਣੀ। ਲਾਲ ਜੀ ਸੱਤਬਚਨ ਕਹਿ ਕੇ ਆਗਿਆ ਲਈ ਤੇ ਆਪਣੇ ਪਿੰਡ ਆ ਗਿਆ। ਸੰਤ ਵੀ ਮੱਸਿਆ ਤੋਂ ਬਾਅਦ ਡੇਰੇ ਆ ਗਏ। ਇਹ ਮਹੀਨਾ ਵੀ ਰਾਜਾਸਾਂਸੀ ਪ੍ਰੇਮੀਆਂ ਦਾ ਜਪ ਤਪ ਕਰਦਿਆਂ ਖੁਸ਼ੀ ਨਾਲ ਬੀਤਿਆ।

ਹੁਣ ਤਾਂ ਸਾਰੇ ਪਰਿਵਾਰ ਵਿਚ ਨਾਮ ਜਪਣ ਦਾ ਉਤਸ਼ਾਹ ਪੈਦਾ ਹੋ ਗਿਆ। ਸਰਦਾਰ ਸਾਹਿਬ ਆਪ ਵੀ ਨਿਤਨੇਮੀ ਹੋ ਗਏ ਅਤੇ ਮਾਸ ਸ਼ਰਾਬ ਦੇ ਤਿਆਗੀ ਹੋ ਗਏ। ਹੁਣ ਮਘਰ ਦੇ ਮਹੀਨੇ ਦੀ ਮੱਸਿਆ ਆਈ, ਹਜ਼ੂਰ ਤਰਨਤਾਰਨ ਬਾਬਾ ਸਵਾਇਆ ਸਿੰਘ ਜੀ ਦੀਆਂ ਟੁਟੀਆਂ ਪਰ ਗੁਰੂ ਕਾ ਲੰਗਰ ਸ਼ੁਰੂ ਕਰ ਦਿੱਤਾ। ਮੱਸਿਆ ਦਾ ਦਿਨ ਆਇਆ, ਸ਼ਰਧਾਲੂ ਸੰਗਤਾਂ ਨੇ ਤਰਨਤਾਰਨ ਸਰੋਵਰ ਵਿਚ ਇਸ਼ਨਾਨ ਕਰਕੇ ਗੁਰਦਵਾਰੇ ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਕੇ ਲੰਗਰ ਵਿਚੋਂ ਭੋਜਨ ਛੱਕ-ਛੱਕ ਕੇ ਗੁਰੂ ਕਾ ਜਸ ਕਰਦੇ ਹੋਏ ਆਪੋ ਆਪਣੇ ਨਗਰਾਂ ਨੂੰ ਜਾ ਰਹੇ ਸਨ। ਉਸ ਸਮੇਂ ਸਰਦਾਰ ਰਘਬੀਰ ਸਿੰਘ ਜੀ ਰਾਜਾਸਾਂਸੀ ਆਪਣੇ ਪੁੱਤਰ ਲਾਲ ਜੀ ਸਮੇਤ ਕਾਰ ਲੈ ਕੇ ਬਾਬਾ ਸਵਾਇਆ ਸਿੰਘ ਜੀ ਦੀਆਂ ਟੁਟੀਆਂ ਪਰ ਆ ਗਏ। ਸੰਤਾਂ ਪਾਸ ਆ ਕੇ ਬੜੀ ਸ਼ਰਧਾ ਨਾਲ ਅਤੇ ਨਿੰਮਰਤਾ ਸਹਿਤ ਸੰਤਾਂ ਅਗੇ ਸ਼ਰਧਾ ਦੇ ਫੁਲ ਭੇਂਟ ਕਰਕੇ ਸੰਤਾਂ ਨੂੰ ਨਮਸ਼ਕਾਰ ਕੀਤੀ। ਜਦੋਂ ਸਰਦਾਰ ਜੀ ਆਪਣੀ ਰਾਣੀ ਦਾ ਹਾਲ ਦੱਸਣ ਲੱਗੇ ਤਾਂ ਸੰਤਾਂ ਨੇ ਕਿਹਾ ਕਿ ਸਰਦਾਰ ਜੀ ਮੱਸਿਆ ਦੇ ਇਸ਼ਨਾਨ ਕੀਤੇ ਹਨ ਜਾਂ ਨਹੀਂ, ਸਰਦਾਰ ਜੀ ਨੇ ਆਖਿਆ ਹਜ਼ੂਰ

ਅਜੇ ਨਹੀਂ ਕੀਤੇ। ਸੰਤਾਂ ਨੇ ਕਿਹਾ ਅੱਛਾ ਪਹਿਲਾਂ ਮੱਸਿਆ ਦੇ ਇਸ਼ਨਾਨ ਕਰੋ। ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਸਰੋਵਰ ਵਿਚ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਪਵਿੱਤਰ ਸੱਚਖੰਡ ਗੁਰਦਵਾਰੇ ਦਾ ਦਰਸ਼ਨ ਕਰੋ। ਸ਼ਰਧਾ ਸਹਿਤ ਕੜਾਹ ਪ੍ਰਸ਼ਾਦ ਕਰਵਾ ਕੇ ਫਿਰ ਆਉ ਅਤੇ ਬੀਬੀ ਦੀ ਹਾਲਤ ਸੁਣਾਉ।

ਸਰਦਾਰ ਨੇ ਸੰਤਾਂ ਦਾ ਬਚਨ ਮੰਨਿਆ, ਪਹਿਲਾਂ ਟੁਟੀਆਂ ਪਰ ਇਸ਼ਨਾਨ ਕੀਤਾ, ਫਿਰ ਸ਼ਰਧਾ ਸਹਿਤ ਸਰੋਵਰ ਵਿਚ ਇਸ਼ਨਾਨ ਕੀਤਾ, ਫਿਰ ਇੱਕੀ ਰੁਪਏ ਦਾ ਕੜਾਹ ਪ੍ਰਸਾਦ ਲੈ ਕੇ ਆਪਣੇ ਸਿਰ ਪਰ ਚੁੱਕ ਕੇ ਤਰਨਤਾਰਨ ਦੇ ਹਰਿਮੰਦਰ ਵਿਚ ਗਿਆ; ਇਕ ਸੌ ਇਕ ਰੁਪਿਆ ਭੇਟ ਕਰਕੇ ਅਰਦਾਸਾ ਸੁਧਾਇਆ, ਫਿਰ ਪ੍ਰਸ਼ਾਦ ਲੈ ਕੇ ਸੰਤਾਂ ਦੇ ਚਰਨਾਂ ਵਿਚ ਆਇਆ ਅਤੇ ਸੰਤਾਂ ਦੇ ਚਰਨਾਂ ਪਰ ਨਮਸ਼ਕਾਰ ਕੀਤੀ।

ਹੁਣ ਸੰਤ ਆਪ ਪੁਛਦੇ ਹਨ ਕਿ ਸਰਦਾਰ ਜੀ ਤੁਸੀਂ ਬੀਬੀ ਦੀ ਹਾਲਤ ਦੱਸੋ। ਬੜੀ ਖੁਸ਼ੀ ਨਾਲ ਗੱਦ-ਗੱਦ ਹੋ ਕੇ ਅੱਖਾਂ ਵਿਚ ਪ੍ਰੇਮ ਦੇ ਅੱਥਰੂ ਭਰ ਕੇ ਕਿਹਾ, ਗਰੀਬ-ਨਿਵਾਜ਼ ਜੀਉ! ਆਪ ਜੀ ਦੀ ਮਿਹਰ ਨਾਲ ਰਾਣੀ ਹੁਣ ਹੱਸਦੀ ਖੇਲਦੀ ਹੈ ਅਤੇ ਸਾਨੂੰ ਸਾਰਿਆਂ ਨੂੰ ਪਹਿਚਾਨਦੀ ਹੈ ਅਤੇ ਬੁਲਾਉਂਦੀ ਵੀ ਹੈ। ਸੰਤਾਂ ਨੇ ਕਿਹਾ, ਸਰਦਾਰ ਜੀ ਜੇ ਤੇਰੀ ਕੋਠੀ ਵਿਚ ਭੂਤਾਂ ਦਾ ਵਾਸਾ ਸੀ, ਸੋ ਹੁਣ ਕੋਠੀ ਵਿਚ ਦੇਵਤਿਆਂ ਦਾ ਵਾਸਾ ਹੋਇਆ ਹੈ। ਤੁਹਾਡੇ ਪਰਿਵਾਰ ਪਰ ਸਤਿਗੁਰੂ ਦੀ ਕ੍ਰਿਪਾ ਹੋਈ ਹੈ। ਹੁਣ ਜਦ ਤਕ ਅਸੀਂ ਪਾਠ ਬੰਦ ਕਰਨ ਨੂੰ ਨਹੀਂ ਕਹਿੰਦੇ ਉਤਨਾ ਸਮਾਂ ਪ੍ਰੇਮ ਸਹਿਤ ਕਰੀ ਚਲੋ। ਸਾਨੂੰ ਹਰ ਮੱਸਿਆ ਆ ਕੇ ਹਾਲ ਦੱਸੋ।

ਸਰਦਾਰ ਜੀ ਨੇ ਬਹੁਤ ਖੁਸ਼ੀ ਵਿਚ ਸਤਿਬਚਨ ਕਿਹਾ ਅਤੇ ਆਗਿਆ ਲੈ ਕੇ ਆਪਣੇ ਪਿੰਡ ਚਲਾ ਗਿਆ। ਹੁਣ ਹਰ ਮੱਸਿਆ ਦੇ ਸਮੇਂ ਸਰਦਾਰ ਜਾਂ ਸਰਦਾਰ ਦਾ ਪੁੱਤਰ ਲਾਲ ਜੀ ਸੰਤਾਂ ਦਾ ਦਰਸ਼ਨ ਕਰਕੇ ਆਪਣੇ ਘਰ ਦੀ ਸਾਰੀ ਹਾਲਤ ਤੋਂ ਜਾਣੂ ਕਰਾਉਂਦੇ ਹਨ। ਹੁਣ ਚੇਤ ਦੀ ਮੱਸਿਆ ਆਈ ਮਹਾਨ ਸੰਗਤਾਂ ਦਾ ਜੋੜ ਮੇਲ ਹੋਇਆ, ਚੇਤ ਦੀ ਮੱਸਿਆ ਵਾਲੇ ਦਿਨ ਸਰਦਾਰ ਜੀ ਆਪ ਆਏ ਅਤੇ ਮੱਸਿਆ ਦਾ ਇਸ਼ਨਾਨ ਕਰਕੇ ਗੁਰਦਵਾਰੇ ਪ੍ਰਸ਼ਾਦ ਕਰਵਾ ਕੇ ਸੰਤਾਂ ਦੇ ਚਰਨਾਂ ਵਿਚ ਆਏ, ਸ਼ਰਧਾ ਸਹਿਤ ਨਮਸ਼ਕਾਰ ਕੀਤੀ। ਹੁਣ ਸਰਦਾਰ ਜੀ ਦੀ ਖੁਸ਼ੀ ਦੀ ਹੱਦ ਕੋਈ ਨਹੀਂ ਰਹੀ, ਹੱਸ-ਹੱਸ ਕੇ ਸੰਤਾਂ ਨਾਲ ਖੁਸ਼ੀ ਦੇ ਬਚਨ ਬਿਲਾਸ ਕਰਦਾ ਹੈ ਅਤੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ, ਹੁਣ ਰਾਣੀ ਸਾਹਿਬ ਆਪ ਜੀ ਦੀ ਕ੍ਰਿਪਾ ਨਾਲ ਬਿਲਕੁਲ ਤੰਦਰੁਸਤ ਹੋ ਗਈ ਹੈ। ਜਦੋਂ ਰਾਣੀ ਜੀ ਬਿਲਕੁਲ ਸੁਰਤ ਵਿਚ ਹੋਏ ਤਾਂ ਪਾਠ ਹੁੰਦਾ ਤਕਿਆ, ਰਾਣੀ ਜੀ ਦੇ ਪੁੱਛਣ ਤੋਂ ਦਸਿਆ ਕਿ ਸੰਤ ਮਹਾਰਾਜ ਹਰਖੋਵਾਲੀਆਂ ਨੇ ਤੇਰੀ ਬੀਮਾਰੀ ਦਾ ਇਲਾਜ ਕਰਨ ਹਿੱਤ ਇਸ ਦਵਾਈ ਦਾ ਸੇਵਨ ਕਰਾਇਆ ਤਾਂ ਤੂੰ ਬੀਮਾਰੀ ਤੋਂ ਸੇਫ ਹੋ ਕੇ ਤੰਦਰੁਸਤ ਹੋ ਗਈ ਹੈਂ।

ਹੁਣ ਤਾਂ ਰਾਣੀ ਸਾਹਿਬ ਵੀ ਇਸ਼ਨਾਨ ਕਰਕੇ ਜਪੁ ਜੀ ਸਾਹਿਬ ਦੇ ਪਾਠ ਕਰਦੀ ਹੈ ਅਤੇ ਮਾਲਾ ਲੈ ਕੇ ਬੀਬੀਆਂ ਦੇ ਕੋਲ ਬੈਠ ਕੇ ਮੂਲ-ਮੰਤਰ ਦਾ ਪਾਠ ਕਰਦੀ ਹੈ। ਮਹਾਰਾਜ ਜੀਉ, ਰਾਣੀ ਸਾਹਿਬ ਆਪ ਜੀ ਦੇ ਦਰਸ਼ਨ ਵਾਸਤੇ ਬਹੁਤ ਲੋਚਦੇ ਹਨ ਅਤੇ ਬੜੇ ਉਤਾਵਲੇ ਹਨ। ਸੰਤਾਂ ਨੇ ਆਖਿਆ ਕਿ ਸਰਦਾਰ ਜੀ ਸਤਿਗੁਰੂ ਜੀ ਨੇ ਤੁਹਾਡੇ ਪਰਿਵਾਰ ਪਰ ਅਪਾਰ ਕ੍ਰਿਪਾ ਕੀਤੀ ਹੈ, ਜੋ ਆਧੀ ਬਿਆਧੀ ਉਪਾਧੀ ਰੂਪ ਰੋਗ ਕੱਟ ਦਿੱਤੇ ਹਨ। ਤੁਹਾਡੇ ਪਰਿਵਾਰ ਨੂੰ ਸੁਖ ਦਿੱਤਾ। ਅਜੇ ਤਕ ਜਪ ਤਪ ਕਰੀ ਚਲੋ। ਰਾਣੀ ਸਾਹਿਬ ਨੇ ਅਗਰ ਦਰਸ਼ਨ ਕਰਨੇ ਹਨ ਤਾਂ ਅਠਾਈ ਵੈਸਾਖ, ਵੈਸਾਖ ਸੁਦੀ ਚੌਦਸ ਨੂੰ ਗੁਰੂ ਅਮਰਦਾਸ ਸਾਹਿਬ ਜੀ ਦੇ ਅਵਤਾਰ ਧਾਰਨ ਦੇ ਦਿਨ ਪਰ ਗੋਇੰਦਵਾਲ ਸਾਹਿਬ ਆ ਕੇ ਦਰਸ਼ਨ ਕਰ ਲਵੇ। ਸਰਦਾਰ ਜੀ ਆਗਿਆ ਲੈ ਕੇ ਅਤੇ ਨਮਸ਼ਕਾਰ ਕਰਕੇ ਆਪਣੇ ਪਿੰਡ ਚਲਾ ਗਿਆ। ਸੰਤ ਮਹਾਰਾਜ ਜੀ ਡੇਰੇ ਆ ਗਏ।

ਚੇਤ ਦਾ ਮਹੀਨਾ ਪੂਰਾ ਹੋਇਆ, ਵੈਸਾਖੀ ਦਾ ਭਾਗਾਂ ਭਰਿਆ ਦਿਨ ਆਇਆ। ਸੰਤ ਆਪਣੀ ਸਾਧੂ ਮੰਡਲੀ ਸਮੇਤ ਅਤੇ ਸੇਵਾਦਾਰਾਂ ਨੂੰ ਨਾਲ ਲੈ ਕੇ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ ਪੁਜ ਗਏ। ਜੰਡਸਰ ਸਾਹਿਬ ਆਸਣ ਲਾ ਕੇ ਗੁਰੂ ਕਾ ਲੰਗਰ ਸ਼ੁਰੂ ਕਰ ਦਿੱਤਾ ਅਤੇ ਗੁਰਦੁਆਰਾ ਜੰਡਸਰ ਅਖੰਡ ਪਾਠ ਆਰੰਭ ਕਰ ਦਿੱਤਾ; ਕੱਤੀ ਚੇਤ ਨੂੰ

ਖੂਹ ਦੀ ਸਾਰੀ ਹਾਲਤ ਤੱਕੀ, ਪਾੜ ਪੁਟਿਆ ਗਿਆ, ਖੂਹ ਦੀ ਕੋਠੀ ਉਸਰਨੀ ਸ਼ੁਰੂ ਹੋ ਗਈ; ਬਾਬਾ ਚੰਦਾ ਸਿੰਘ ਜੀ ਨਾਲ ਖੂਹ ਬਨਾਉਣ ਦੀਆਂ ਤੇ ਗੁਰਦੁਆਰਾ ਬਨਾਉਣ ਦੀਆਂ ਸਾਰੀਆਂ ਵਿਚਾਰਾਂ ਕੀਤੀਆਂ। ਵੈਸਾਖੀ ਵਾਲੇ ਦਿਨ ਅਖੰਡ ਪਾਠ ਦੀ ਸਮਾਪਤੀ ਕਰਕੇ ਤੇ ਰਾਤ ਤਕ ਲੰਗਰ ਦੀ ਸੇਵਾ ਕਰਕੇ ਅੰਮ੍ਰਿਤ ਵੇਲੇ ਦੋ ਵੈਸਾਖ ਸੰਤ ਦਮਦਮੇ ਸਾਹਿਬ ਤੋਂ ਚਲ ਕੇ ਡੇਰੇ ਆ ਗਏ। ਸੰਤ ਮਹਾਰਾਜ ਜੀ ਵੀਹ ਕੁ ਦਿਨ ਡੇਰੇ ਸੰਗਤਾਂ ਨੂੰ ਦਰਸ਼ਨ ਦੇ ਕੇ ਪੱਚੀ ਵੈਸਾਖ ਨੂੰ ਗੋਇੰਦਵਾਲ ਸਾਹਿਬ ਆਪਣੀ ਸੰਤ ਪਾਰਟੀ ਸਮੇਤ ਸੇਵਾਦਾਰਾਂ ਨੂੰ ਨਾਲ ਲੈ ਕੇ ਪਹੁੰਚ ਗਏ। ਛੱਬੀ ਵੈਸਾਖ ਨੂੰ ਅਖੰਡ ਪਾਠ ਆਰੰਭ ਕਰ ਦਿੱਤਾ। ਸੇਵਾਦਾਰਾਂ ਨੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਜੋ ਪ੍ਰੇਮੀ ਸਿਦਕੀ ਚੌਰਾਸੀ ਜਪੁ ਜੀ ਸਾਹਿਬ ਦੇ ਪਾਠ ਬਾਉਲੀ ਸਾਹਿਬ ਵਿਚ ਕਰਨਾ ਚਾਹੁੰਦੇ ਸਨ, ਉਨ੍ਹਾਂ ਨੇ ਜਪੁ ਜੀ ਸਾਹਿਬ ਦੇ ਪਾਠ ਆਰੰਭ ਕਰ ਦਿੱਤੇ, ਸਤਾਈ ਵੈਸਾਖ ਨੂੰ ਰਾਜਾਸਾਂਸੀ ਵਾਲੇ ਸਰਦਾਰ ਰਘਬੀਰ ਸਿੰਘ ਜੀ ਤੇ ਉਸ ਦੀ ਰਾਣੀ ਆਪਣੇ ਪੁੱਤਰ ਲਾਲ ਜੀ ਸਮੇਤ ਗੋਇੰਦਵਾਲ ਸਾਹਿਬ ਆ ਪਹੁੰਚੇ। ਸੰਗਤਾਂ ਤੋਂ ਪੁੱਛ ਕੇ ਸੰਤ ਜੀ ਦੀ ਹਜ਼ੂਰੀ ਵਿਚ ਬਾਵਾ ਗੁਰਦਿਆਲ ਸਿੰਘ ਜੀ ਦੀ ਕੋਠੀ ਵਿਚ ਆ ਗਏ। ਬੜੀ ਸ਼ਰਧਾ ਸੰਯੁਗਤ ਹੋ ਕੇ ਨਮਸ਼ਕਾਰ ਕੀਤੀ ਅਤੇ ਫਲ ਆਦਿਕ ਭੇਟਾ ਸੰਤਾਂ ਦੀ ਹਜ਼ੂਰੀ ਵਿਚ ਰੱਖ ਦਿੱਤੀ। ਸਰਦਾਰਨੀ ਨੇ ਆ ਕੇ ਸੰਤਾਂ ਨੇ ਚਰਨਾਂ ਪਰ ਸੀਸ ਰੱਖ ਦਿੱਤਾ ਅਤੇ ਪ੍ਰੇਮ ਵਿਚ ਜੀਉ ਵੈਰਾਗ ਕਰਨ ਲੱਗੀ, ਵੈਰਾਗ ਦੇ ਪਾਣੀ ਨਾਲ ਸੰਤਾਂ ਦੇ ਚਰਨ ਧੋ ਦਿਤੇ। ਫਿਰ ਸੰਤਾਂ ਨੇ ਧੀਰਜ ਦੇ ਕੇ ਆਪਣੇ ਚਰਨਾਂ ਉਪਰੋਂ ਰਾਣੀ ਦਾ ਸੀਸ ਚੁੱਕਿਆ ਅਤੇ ਰਾਣੀ ਸਾਹਿਬ ਸੰਤਾਂ ਦੇ ਸਨਮੁਖ ਬੈਠ ਗਈ। ਹੁਣ ਸੰਤਾਂ ਦੀ ਉਸਤਤੀ ਕਰਨ ਲੱਗੀ। ਆਪ ਜੀ ਬੜੇ ਗਰੀਬ-ਨਿਵਾਜ਼ ਹੋ, ਆਪ ਜੀ ਨੇ ਮੈਨੂੰ ਨਵੀਂ ਜ਼ਿੰਦਗੀ ਬਖਸ਼ੀ, ਆਪ ਜੀ ਕਸ਼ਟ ਹਰਨ ਤੇ ਨਰਕ ਸਵਾਰਨ ਵਾਲੇ ਹੋ, ਆਪ ਜੋ ਰੋਗ ਨਵਿਰਤੀ ਦੇ ਧਨੰਤਰ ਹੋ, ਆਪ ਸਾਡੇ ਵਰਗੇ ਕਲਜੁਗੀ ਜੀਵਾਂ ਦੇ ਤਾਰਕ ਹੋ। ਭਾਵ ਰਾਣੀ ਨੇ ਬਹੁਤ ਕੁਝ ਕਿਹਾ ਅਤੇ ਦੇਰ ਤਕ ਅੱਖਾਂ ਵਿਚੋਂ ਅੱਥਰੂ ਵੀ ਚਲਦੇ ਰਹੇ। ਸੰਤ ਚੁਪ ਕਰਕੇ ਸ਼ਾਂਤੀ ਨਾਲ ਸੁਣਦੇ ਰਹੇ। ਫਿਰ ਸੰਤਾਂ ਨੇ ਹੁਕਮ ਕੀਤਾ ਕਿ ਸਰਦਾਰ ਜੀ ਸਾਰਾ ਪਰਿਵਾਰ ਬਾਉਲੀ ਸਾਹਿਬ ਵਿਚ ਇਸ਼ਨਾਨ ਕਰੋ। ਫਿਰ ਗੁਰੂ ਅਮਰਦਾਸ ਜੀ ਦੀ ਮਰਯਾਦਾ ਅਨੁਸਾਰ ਗੁਰੂ ਕੇ ਲੰਗਰ ਵਿਚੋਂ ਲੋੜ ਅਨੁਸਾਰ ਭੋਜਨ ਛਕੋ, ਫਿਰ ਸਾਡੇ ਪਾਸ ਆ ਕੇ ਕੋਈ ਗਲ-ਬਾਤ ਕਰੋ। ਸਰਦਾਰ ਜੀ ਦੇ ਨਾਲ ਇਕ ਸੇਵਾਦਾਰ ਸੰਤਾਂ ਨੇ ਦਿਤਾ। ਉਸ ਸੇਵਾਦਾਰ ਨੇ ਵਿਧੀ ਪੂਰਬਕ ਬਾਉਲੀ ਸਾਹਿਬ ਦੇ ਇਸ਼ਨਾਨ ਕਰਵਾਏ, ਉਸ ਤੋਂ ਉਪਰੰਤ ਗੁਰੂ ਕੇ ਲੰਗਰ ਵਿਚੋਂ ਸਰਦਾਰ ਜੀ ਨੇ ਸਹਿਤ ਪਰਿਵਾਰ ਭੋਜਨ ਛੱਕਿਆ। ਭੋਜਨ ਛੱਕ ਕੇ ਫਿਰ ਸੰਤਾਂ ਦੇ ਚਰਨਾਂ ਵਿਚ ਆ ਗਏ। ਸਰਦਾਰ ਸਾਹਿਬ ਦੀ ਰਾਣੀ ਨੇ ਕੁਝ ਮਾਇਆ ਥੈਲੀ ਵਿਚ ਪਾ ਕੇ ਸੰਤਾਂ ਨੂੰ ਭੇਟ ਕੀਤੀ। ਸੰਤਾਂ ਨੇ ਆਖਿਆ ਬੀਬੀ ਜੀ ਇਸ ਥੈਲੀ ਵਿਚ ਕੀ ਵਸਤੂ ਹੈ? ਰਾਣੀ ਕਹਿਣ ਲੱਗੀ, ਹਜ਼ੂਰ ਕੁਝ ਕੁ ਮਾਇਆ ਹੈ, ਅੰਗੀਕਾਰ ਕਰੋ। ਸੰਤ ਜੀ- ਬੀਬੀ ਇਹ ਮਾਇਆ ਅਸੀਂ ਕੀ ਕਰਨੀ ਹੈ? ਰਾਣੀ ਨੇ ਕਿਹਾ, ਗਰੀਬ-ਨਿਵਾਜ਼ ਮੇਰਾ ਫੁਰਨਾ ਹੈ, ਇਹ ਮਾਇਆ ਆਪ ਜੀ ਦੀ ਭੇਟਾ ਕਰਨ ਦਾ। ਸੰਤ ਕਹਿਣ ਲੱਗੇ, ਬੀਬਾ ਜੀ ਇਹ ਮਾਇਆ ਅਸੀਂ ਗ੍ਰਹਿਣ ਨਹੀਂ ਕਰਦੇ। ਰਾਣੀ ਬੋਲੀ, ਗਰੀਬ-ਨਿਵਾਜ਼ ਜੀਉ! ਇਹ ਮਾਇਆ ਗੁਰੂ ਕੇ ਲੰਗਰ ਵਿਚ ਪਾ ਕੇ ਲੇਖੇ ਲਾ ਦੇਵੋ। ਸੰਤ ਕਹਿਣ ਲੱਗੇ, ਬੀਬਾ ਜੀ, ਇਹ ਲੰਗਰ ਤਾਂ ਕਿਰਤੀ ਲੋਕਾਂ ਦੀ ਕਿਰਤ ਦੇ ਦਸਵੰਧ ਦੁਆਰਾ ਹਮੇਸ਼ਾਂ ਹੀ ਚਲ ਰਹੇ ਹਨ। ਅਖੀਰ ਰਾਣੀ ਤੇ ਸੰਤਾਂ ਦੇ ਬਹੁਤ ਜਵਾਬ ਸਵਾਲ ਹੋਏ।

ਰਾਣੀ ਮਾਇਆ ਦੇਣੀ ਚਾਹੁੰਦੀ ਹੈ, ਸੰਤ ਮਾਇਆ ਮਨਜ਼ੂਰ ਨਹੀਂ ਕਰਦੇ। ਅਖੀਰ ਰਾਣੀ ਬਹੁਤ ਵੈਰਾਗ ਕਰਕੇ ਬੇਨਤੀਆਂ ਕਰਦੀ ਹੈ ਅਤੇ ਸਰਦਾਰ ਜੀ ਬੇਨਤੀਆਂ ਕਰਦੇ ਹਨ। ਫਿਰ ਸੰਤਾਂ ਨੇ ਹੁਕਮ ਲਾਇਆ ਕਿ ਸਰਦਾਰ ਜੀ ਇਹ ਮਾਇਆ ਜੋ ਰਾਣੀ ਸਾਹਿਬ ਸਾਡੀ ਭੇਟਾ ਕਰਦੇ ਹਨ, ਇਹ ਤੁਸੀਂ ਚੁੱਕ ਲਵੋ। ਜੇ ਤੁਸੀਂ ਮਾਇਆ ਸਫਲ ਕਰਨੀ ਹੈ ਤਾਂ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪੰਜਵਾਂ ਤਖਤ ਜ਼ਿਲ੍ਹਾ ਬਠਿੰਡਾ ਵਿਖੇ ਗੁਰਦੁਆਰਾ ਜੰਡਸਰ ਖੂਹ ਲਗ ਰਿਹਾ ਹੈ, ਉਥੇ ਪਾਣੀ ਦੀ ਬਹੁਤ ਲੋੜ ਹੈ। ਪਾਣੀ ਵਲੋਂ ਸੰਗਤਾਂ ਔਖੀਆਂ ਹੁੰਦੀਆਂ ਹਨ। ਉਸ ਖੂਹ ਪਰ ਆਪਣੀ ਮਾਇਆ ਲਾ ਕੇ ਖੂਹ ਮੁਕੰਮਲ ਕਰਾ ਦੇਵੋ ਅਤੇ ਆਪਣੀ ਮਾਇਆ ਸਫਲ ਕਰ ਲਵੋ।

ਸਰਦਾਰ ਨੇ ਕਿਹਾ, ਮਹਾਰਾਜ ਜੀਉ ਆਪ ਜੀ ਆਪਣਾ ਸੇਵਾਦਾਰ ਘੱਲ ਕੇ ਮੁਕੰਮਲ ਕਰਾ ਲਵੋ। ਮਾਇਆ ਜਿਤਨੀ ਲੱਗੇਗੀ ਦਾਸ ਲਗਾ ਦੇਣਗੇ। ਸੰਤ ਮਹਾਰਾਜ ਜੀ ਨੇ ਕਿਹਾ, ਨਹੀਂ-ਨਹੀਂ ਸਰਦਾਰ ਜੀ, ਐਸੇ ਨਹੀਂ ਹੋਵੇਗਾ, ਤੁਸੀਂ ਆਪਣਾ ਖਾਸ ਮੋਤਬਰ ਘਲੋ ਸੋ ਮਾਇਆ ਲਾਵੇ, ਮਾਇਆ ਸਾਡੇ ਕਿਸੇ ਵੀ ਸੇਵਾਦਾਰ ਦੇ ਹੱਥ ਨਾ ਦੇਵੋ, ਤੁਹਾਡੇ ਮੈਨੇਜਰ ਦੇ ਨਾਲ ਸਹਾਇਕ ਉਸ ਗੁਰਦੁਆਰੇ ਦੇ ਮਹੰਤ ਬਿਸ਼ਨ ਸਿੰਘ ਜੀ ਹੋਣਗੇ। ਬਿਸ਼ਨ ਸਿੰਘ ਜੀ ਉਥੇ ਦੀ ਸੇਵਾ, ਰੰਗ ਢੰਗ ਸਭ ਜਾਣਦਾ ਹੈ। ਜਿਥੋਂ ਮਜ਼ਦੂਰ ਲੈਣੇ ਹਨ, ਸੋ ਲੈ ਕੇ ਆਵੇਗਾ, ਮਾਇਆ ਤੁਹਾਡੀ ਹੋਵੇਗੀ। ਜਿਥੋਂ ਚੂਨਾ ਇੱਟਾਂ ਲੈਣੀਆਂ ਹਨ ਸੋ ਲੈ ਕੇ ਆਵੇਗਾ, ਤੁਹਾਡਾ ਮੈਨੇਜਰ ਨਾਲ ਹੋਵੇਗਾ। ਸਰਦਾਰ ਨੇ ਸਤਿਬਚਨ ਕਹਿ ਕੇ ਮਾਇਆ ਚੁਕ ਲਈ, ਆਗਿਆ ਲੈ ਕੇ ਨਮਸ਼ਕਾਰ ਕੀਤੀ, ਆਪਣੇ ਘਰ ਆ ਗਿਆ।

ਦੂਸਰੇ ਦਿਨ ਹੀ ਮਾਇਆ ਦੇ ਕੇ ਆਪਣੇ ਮੈਨੇਜਰ ਨੂੰ ਘੱਲ ਦਿੱਤਾ। ਸੋ ਮੈਨੇਜਰ ਮਹੰਤ ਬਿਸ਼ਨ ਸਿੰਘ ਜੀ ਨੂੰ ਜਾ ਮਿਲਿਆ। ਮੈਨੇਜਰ ਮਹੰਤ ਬਿਸ਼ਨ ਸਿੰਘ ਜੀ ਦੇ ਨਾਲ ਮਿਲ ਕੇ ਸਰਦਾਰ ਦੀ ਮਾਇਆ ਖਰਚਦੇ, ਛੇ ਮਹੀਨੇ ਵਿਚ ਜੰਡਸਰ ਗੁਰਦੁਆਰੇ ਵਿਖੇ ਖੂਹ ਮੁਕੰਮਲ ਕਰ ਦਿਤਾ, ਖੂਬ ਪੱਕੀ ਮੋਣ ਬੰਨ੍ਹ ਕੇ ਚੁਬੱਚੇ ਬਣਾ ਦਿੱਤੇ। ਖੂਹ ਦੇ ਉੱਪਰ ਬਿੱਢ ਲਾ ਕੇ ਬਿੱਢਾਂ ਉੱਪਰ ਭੌਣੀਆਂ ਲਾ ਕੇ ਮੁਕੰਮਲ ਕਰਕੇ ਸੰਤਾਂ ਨੂੰ ਆ ਕੇ ਬੇਨਤੀ ਕੀਤੀ ਕਿ ਹਜ਼ੂਰ ਖੂਹ ਹਰ ਢੰਗ ਨਾਲ ਮੁਕੰਮਲ ਹੋ ਗਿਆ ਹੈ। ਸੰਤਾਂ ਨੇ ਪੁਛਿਆ ਕਿ ਕਿਤਨੀ ਮਾਇਆ ਖਰਚ ਆਈ? ਮੈਨੇਜਰ ਨੇ ਹਿਸਾਬ ਕਰਕੇ ਦਸਿਆ ਕਿ ਹਜ਼ੂਰ ਤਕਰੀਬਨ 14000 ਲਾਗਤ ਆ ਗਈ ਹੈ। ਇਤੀ।

ਦਮਦਮੇ ਸਾਹਿਬ ਜੰਡਸਰ ਗੁਰਦੁਆਰੇ ਸਰੋਵਰ ਤੇ ਗੁਰਦੁਆਰਾ ਪੱਕਾ ਬਨਾਉਣਾ

ਸੰਨ 1936 ਈਸਵੀਂ ਚੜ੍ਹਿਆ ਤੇ ਚੇਤ ਦਾ ਮਹੀਨਾ 26 ਦਿਨ ਚਲਾ ਗਿਆ ਹੈ ਅਤੇ 8 ਦਿਨ ਅਪ੍ਰੈਲ ਦੇ ਵੀ ਚਲੇ ਪਏ ਹਨ। ਅੱਜ ਦਿਨ ਐਤਵਾਰ ਨੂੰ ਸੰਤ ਮਹਾਰਾਜ ਆਪਣੀ ਸੰਤ ਮੰਡਲੀ ਅਤੇ ਸੇਵਾਦਾਰਾਂ ਨੂੰ ਨਾਲ ਲੈ ਕੇ ਦਮਦਮਾ ਸਾਹਿਬ ਜੋ ਖਾਲਸੇ ਦਾ ਪੰਜਵਾਂ ਤਖਤ ਸਾਬੋ ਕੀ ਤਲਵੰਡੀ ਜ਼ਿਲ੍ਹਾ ਬਠਿੰਡਾ ਵਿਖੇ ਹੈ, ਉਸ ਪਵਿੱਤਰ ਅਸਥਾਨ ਵਿਖੇ ਵਿਸਾਖੀ ਦਾ ਜੋੜ ਮੇਲਾ ਬਹੁਤ ਕਰਨ ਹਿੱਤ ਸੰਤ ਡੇਰੇ ਤੋਂ ਪੈਦਲ ਚਲ ਪਏ ਹਨ। ਜਿਸ ਦਮਦਮਾ ਸਾਹਿਬ ਦੀ ਮਹਾਨਤਾ ਹੈ, ਕਿਉਂਕਿ ਇਸ ਪਵਿੱਤਰ ਅਸਥਾਨ ਪਰ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਾਰੇ ਜੰਗਾਂ ਜੁਧਾਂ ਤੋਂ ਵਿਹਲੇ ਹੋ ਕੇ ਅਤੇ ਮੁਗਲ ਖਾਨਦਾਨ ਦੀ ਜ਼ੁਲਮਾਂ-ਭਰੀ ਬਾਦਸ਼ਾਹੀ ਦੀਆਂ ਜੜ੍ਹਾਂ ਖੋਖਲੀਆਂ ਕਰਕੇ ਜਿਸ ਮੁਗਲੀਆ ਖਾਨਦਾਨ ਵੱਡੇ ਦਰੱਖਤ ਨੂੰ ਜੜ੍ਹਾਂ ਤੋਂ ਪੁਟ ਦੇਣਾ, ਖਾਲਸੇ ਦੇ ਵੱਡੇ ਭਾਰੇ ਪਰਉਪਕਾਰ ਰੂਪ ਝੱਖੜ ਦੇ ਅੱਗੇ ਕੋਈ ਔਖਾ ਨਾ ਰਿਹਾ। ਜਿਸ ਮੁਸਲਮਾਨ ਪਾਤਸ਼ਾਹੀ ਪਾਸ ਬਹੁਤ ਧਨ ਤੇ ਤੋਪਾਂ ਜੰਬੂਰੇ ਰਹਿਕਲੇ ਲੰਬਛੜਾਂ ਕਿਲ੍ਹੇ ਆਦਿਕ ਬਹੁਤ ਹੀ ਸਮਾਨ ਸੀ, ਜਿਸ ਦਾ ਰਾਜ ਖਤਮ ਹੋਣਾ ਕਦੇ ਸੁਪਨੇ ਵਿਚ ਵੀ ਯਾਦ ਨਹੀਂ ਸੀ। ਸੋ ਹਮੇਸ਼ਾਂ ਦਾ ਰਾਜ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤੇ ਗੁਰੂ ਖਾਲਸਾ ਜੀ ਨੇ ਸਤਿਗੁਰੂ ਜੀ ਦੀ ਬਖਸ਼ਿਸ਼ ਪ੍ਰਾਪਤ ਕਰਕੇ ਧੂੰਏ ਦੇ ਬੱਦਲਾਂ ਵਾਂਗ ਨਾਸ ਕਰ ਦਿੱਤਾ। ਯਥਾ ਕਿ:

ਕਬਿਤ: ਆਦਿ ਤਿਮਰਲੁੰਗ ਤੇ ਅਨੇਕ ਪਾਤਿਸ਼ਾਹ ਭਏ ਕੇਤੀ ਕੁਲਿ ਬੀਤ ਗਈ ਅਮਲ ਚਲਾਇਕੈ।।
ਦੇਸ ਤੇ ਬਿਦੇਸ਼ ਚਾਰੋਂ ਚੱਕ ਸਭਿ ਨਿਵੇ ਆਇ ਕਹੂੰ ਨਾ ਮਵਾਸੀ ਭੱਟ ਦੀਏ ਬਿਚਲਾਇਕੈ।।
ਅਨਗਨ ਸੈਨ ਕੋਸ ਦੀਰਘ ਦੁਰਦ ਭਾਰੀ ਰਾਜ ਕੋ ਸਮਾਜ ਕੋਨ ਸਕੈ ਸ ਗਨਾਇ ਕੈ।।
ਸ੍ਰੀ ਗੁਰੂ ਗੋਬਿੰਦ ਸਿੰਘ ਕੇ ਸਰੂਪ ਖਾਲਿਸੇ ਕੋ ਕੌਨ ਜਾਨੇ ਦੈਗੇ ਪਾਤਸ਼ਾਹਤ ਖਪਾਇਕੈ।।

ਸੋ ਕਲਗੀਧਰ ਸਤਿਗੁਰੂ ਨੇ ਦਮਦਮੇ ਸਾਹਿਬ ਨੌਂ ਮਹੀਨੇ ਨੌਂ ਦਿਨ ਨੌਂ ਘੜੀਆਂ ਨੌਂ ਪੱਲ ਰਹਿ ਕੇ ਅਨੇਕ ਜੀਵਾਂ ਦੀ ਕਲਿਆਨ ਹੀ ਨਹੀਂ ਕੀਤੀ ਬਲਕਿ ਭਵਿੱਖਤ ਵਿਚ ਅਨਗਿਣਤ ਕਲਜੁਗੀ ਜੀਵਾਂ ਦਾ ਕਲਿਆਨ ਕਰਨ ਹਿੱਤ ਦੁਬਾਰਾ ਆਪ ਆਪਣੀ ਰਸਨਾ ਤੋਂ ਪੂਰਨ ਗੁਰਬਾਣੀ ਉਚਾਰਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਰਚਨਾ ਕੀਤੀ ਅਤੇ ਧਰਮ ਯੁੱਧ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਲਿਖਾ ਕੇ ਬੀੜ ਅਸਥਾਪਨ

ਕੀਤੀ ਅਤੇ ਉਸ ਬੀੜ ਨੂੰ ਤਿਲਕ ਦੇ ਕੇ ਤਖਤ ਦੇ ਮਾਲਕ ਕਰਕੇ ਸਾਰੇ ਜਗਤ ਦੇ ਜਗਤ ਗੁਰੂ ਅਸਥਾਪਨ ਕੀਤਾ। ਇਸੇ ਪਵਿੱਤਰ ਅਸਥਾਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਭਾਵ ਖਾਲਸੇ ਨੂੰ ਸੁਣਾ ਕੇ ਦੋ ਸੰਪਰਦਾਵਾਂ ਅਰਥਾਂ ਦੀਆਂ ਅਸਥਾਪਨ ਕੀਤੀਆਂ। ਪਹਿਲੀ ਸੰਪਰਦਾਇ ਦਮਦਮਾ ਸਾਹਿਬ ਬਾਬਾ ਦੀਪ ਸਿੰਘ ਸਾਹਿਬ ਤੋਂ ਆਰੰਭ ਹੋਈ ਅਤੇ ਦੂਸਰੀ ਸੰਪਰਦਾਇ ਸ੍ਰੀ ਅੰਮ੍ਰਿਤਸਰ ਸਾਹਿਬ ਅੱਜ ਤਕ ਲੂਣ ਮੰਡੀ ਸਤੋਵਾਲੀ ਗਲੀ ਵਿਚ ਬ੍ਰਹਮ ਗਿਆਨੀ ਬਾਬਾ ਅਮੀਰ ਸਿੰਘ ਜੀ ਦੇ ਟਿਕਾਣੇ ਬਾਬਾ ਸੰਤ ਕ੍ਰਿਪਾਲ ਸਿੰਘ ਜੀ ਚਲਾ ਰਹੇ ਹਨ ਅਤੇ ਦਮਦਮਾ ਸਾਹਿਬ ਜੀ ਦੀ ਸੰਪਰਦਾ ਨੂੰ ਸੰਤ ਭਿੰਡਰਾਂ ਵਾਲੇ ਬਾਬਾ ਸੁੰਦਰ ਸਿੰਘ ਜੀ ਤੋਂ, ਬਾਬਾ ਗੁਰਬਚਨ ਸਿੰਘ ਜੀ ਖਾਲਸਾ ਤੋਂ ਉਪਰੰਤ ਇਸ ਸਮੇਂ ਬਾਬਾ ਮੋਹਣ ਸਿੰਘ ਜੀ ਚਲਾ ਰਹੇ ਹਨ। ਇਸੇ ਪਵਿੱਤਰ ਅਸਥਾਨ ਪਰ ਜੋ ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵਾਂ ਹੋਰ ਜੋ ਸਰਸਾ ਨਦੀ ਤੋਂ ਵਿਛੜੇ ਹੋਏ, ਜੋ ਦਿੱਲੀ ਵਿਚ ਰਿਹਾਇਸ਼ ਰੱਖਦੇ ਸਨ। ਸੋ ਮਾਤਾਵਾਂ ਛੇ ਮਹੀਨੇ ਤੋਂ ਬਾਅਦ ਸਤਿਗੁਰੂ ਜੀ ਨਾਲ ਆ ਕੇ ਮਿਲੇ ਸਨ। ਜਿਸ ਪਵਿੱਤਰ ਅਸਥਾਨ ਪਰ ਮਾਤਾ ਜੀ ਦਾ ਤੰਬੂ ਲੱਗਾ ਸੀ, ਸੋ ਅਸਥਾਨ ਪਰ ਵੀ ਸੰਤਾਂ ਨੇ ਗੁਰਦੁਆਰਾ ਬਣਾਇਆ ਸੀ, ਇਹ ਲੇਖ ਵੀ ਲਿਖਾਂਗਾ। ਕਿਸੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਸਿੱਖ ਉਂਕਾਰ ਬਾਣੀ ਪੜ੍ਹ ਰਿਹਾ ਸੀ, ਪਰ ਇਕ ਤੁਕ ਗਲਤ ਪੜ੍ਹਦਾ ਸੀ। ਅਸਲੀ ਤੁਕ ਹੈ :-

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ।। (ਪੰਨਾ ੯੩੦)

ਪਰ ਸਿੱਖ ਪੜ੍ਹ ਰਿਹਾ ਸੀ:-

ਕਰਤੇ ਕੀ ਮਿਤੀ ਕਰਤਾ ਜਾਣੇ ਕੇ ਜਾਣੈ ਗੁਰ ਸੂਰਾ।।

ਇਸ ਤਰ੍ਹਾਂ ਤੁਕ ਪੜ੍ਹਨ ਤੋਂ ਤੁਕ ਦਾ ਅਰਥ ਅਨਰਥ ਹੁੰਦਾ ਹੈ। ਸਤਿਗੁਰੂ ਜੀ ਨੇ ਇਹ ਤੁਕ ਦਾ ਪਾਠ ਸੁਣ ਕੇ ਸਿੱਖਾਂ ਨੂੰ ਸਮਝਾਉਣ ਹਿਤ ਪਾਠ ਕਰਨ ਵਾਲੇ ਸਿੱਖ ਦੇ ਚਪੇੜਾਂ ਮਰਵਾਈਆਂ ਸਨ। ਸਿੱਖ ਨੇ ਪੁਛਿਆ ਅਤੇ ਬਾਣੀ ਪੜ੍ਹਨ ਵਾਲੇ ਸਿੱਖ ਨੇ ਅਰਜ਼ ਕੀਤੀ ਕਿ ਗਰੀਬ-ਨਿਵਾਜ਼ ਜੀਉ, ਆਪ ਜੀ ਦਾ ਹੁਕਮ ਹੈ ਕਿ ਬਾਣੀ ਪੜ੍ਹਨ ਵਾਲੇ ਨੂੰ ਬਾਣੀ ਜਮਾਂ ਦੀ ਮਾਰ ਤੋਂ ਬਚਾ ਲੈਂਦੀ ਹੈ। ਪਰ ਆਪ ਜੀ ਨੇ ਆਪਣੀ ਹਜ਼ੂਰੀ ਵਿਚ ਹੀ ਬਾਣੀ ਪੜ੍ਹਨ ਵਾਲੇ ਦੇ ਚਪੇੜਾਂ ਮਰਵਾਈਆਂ। ਇਸ ਦਾ ਕੀ ਕਾਰਨ ਹੈ?

ਸਤਿਗੁਰੂ ਜੀ ਨੇ ਉੱਤਰ ਦਿੱਤਾ, ਸਿੰਘੋ ਇਹ ਸਿੱਖ ਬਾਣੀ ਗਲਤ ਪੜ੍ਹਦਾ ਹੈ। ਜਿਸ ਕਰਕੇ ਅਰਥ ਤੋਂ ਅਨਰਥ ਹੁੰਦਾ ਹੈ। ਇਸ ਤਰ੍ਹਾਂ ਕਰਕੇ ਸਾਡੇ ਹੀ ਅੰਗ ਭੰਗ ਕਰਦਾ ਹੈ। ਜਿਸ ਕਰਕੇ ਬਾਣੀ ਲਗਾਂ ਮਾਤਰਾਂ ਵਿਚਾਰ ਕੇ ਅਤੇ ਅਰਥ ਭਾਵ ਸਮਝ ਕੇ ਪੜ੍ਹਨੀ ਚਾਹੀਦੀ ਹੈ। ਇਨ੍ਹਾਂ ਤੁਕਾਂ ਦਾ ਅਰਥ ਇਸ ਤਰ੍ਹਾਂ ਬਣਦਾ ਹੈ। ਕਿ ਕਰਤੇ ਦੀ (ਮਿਤਿ ਮਰਯਾਦਾ ਕਰਤਾ ਜਾਣਦਾ ਨਾ ਗੁਰ ਸੂਰਾ ਜਾਣਦਾ ਹੈ। ਲੇਕਿਨ ਸਿੱਖ ਜੋ ਪੜ੍ਹਦਾ ਹੈ। ਇਸ ਦਾ ਅਰਥ ਉਲਟ ਇਸ ਢੰਗ ਨਾਲ ਬਣਦਾ ਹੈ। ਕਿ ਕਰਤੇ ਦੀ (ਮਿਤਿ) ਮਰਯਾਦਾ ਕਰਤਾ ਹੀ ਜਾਣਦਾ ਹੈ। ਗੁਰੂ ਸੂਰਾ (ਕੇ) ਕੀ ਜਾਣਦਾ ਹੈ। ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀਉ ਅਜੇ ਤਕ ਕਿਸੇ ਵੀ ਸਤਿਗੁਰੂ ਜੀ ਨੇ ਸੰਪੂਰਨ ਬਾਣੀ ਦੇ ਅਰਥ ਭਾਵ ਸੰਗਤਾਂ ਨੂੰ ਸੁਣਾਏ ਨਹੀਂ, ਜਿਸ ਕਰਕੇ ਸਮੁਚੇ ਤੌਰ ਤੇ ਸਾਰੀ ਸੰਗਤ ਨੂੰ ਅਰਥ ਭਾਵ ਨਹੀਂ ਆਉਂਦੇ। ਆਪ ਜੀ ਆਪਣੀ ਕਿਰਪਾ ਕਰਦੇ ਹੋਏ ਆਪਣੀ ਰਸਨਾਂ ਤੋਂ ਸਾਰੀ ਬਾਣੀ ਦੇ ਅਰਥ ਭਾਵ ਸੁਣਾ ਕੇ ਨਿਹਾਲ ਕਰੋ। ਸੰਗਤ ਦੀ ਇਹ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤਾ-

ੴ ਅਕਾਲ ਸਹਾਇ ਸਵੱਯਾ ਸ੍ਰੀ ਮੁਖ ਵਾਕ:

ਅਕਾਲ ਸਹਾਇ ਸੁਣ ਕੇ ਹਮ ਤਾਹਿ ਕੇ ਬੈਨਨ ਕੋ ਦਮਦਮ ਸੋ ਮਾਲਵੇ ਬੀਚ ਸਵਾਰੋ।।
ਢਿਗ ਤਾਹਿ ਤਲਵੰਡੀ ਕੇ ਕਾਂਸੀ ਕਰੋ ਜਿਹ ਬੈਲ ਪੜ੍ਹੇ ਹੋਇ ਬੁਧ ਉਦਾਰੋ।।
ਇਹ ਗ੍ਰੰਥ ਉਚਾਰ ਕਰੋ ਤਹਾਂ ਬੈਠ ਕੇ ਬੀੜ ਸਉ ਜਗ ਮਹਿ ਬਿਥਾਰੋ।।
ਅਛਰ ਏਕ ਕਾ ਭੇਦ ਧਰੋ ਹਮ ਦਸਮ ਗੁਰੂ ਸਮਰਥ ਉਚਾਰੋ।।

ਸਾਰੇ ਗੁਰੂ ਘਰ ਦੇ ਸਤਪੁਰਸ਼ਾਂ ਦਾ ਤੇ ਸੰਪਰਦਾਵਾਂ ਦਾ ਇਕ ਪੱਕਾ ਵਿਸ਼ਵਾਸ ਹੈ, ਕਿ ਸਤਿਗੁਰੂ ਕਲਗੀਧਰ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਦਿਨ ਦੇ ਪਹਿਲੇ ਪਹਿਰ ਵਿਚ ਆਪਣੀ ਰਸਨਾਂ ਤੋਂ ਉਚਾਰਨ ਕਰਦੇ ਹੋਏ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਤੋਂ ਬਾਣੀ ਲਿਖਵਾਇਆ ਕਰਦੇ ਸਨ। ਦਿਨ ਦੇ ਦੂਸਰੇ ਪਹਿਰ ਵਿਚ ਸਾਰੀ ਸੰਗਤ ਨੂੰ ਬਾਣੀ ਦੇ ਅਰਥ ਭਾਵ ਸੁਣਾਇਆ ਕਰਦੇ ਸਨ। ਇਸ ਤਰ੍ਹਾਂ ਸਤਿਗੁਰੂ ਜੀ ਦੀ ਰਸਨਾਂ ਤੋਂ ਬਾਣੀ ਦੇ ਅਰਥ ਭਾਵ ਸੁਣ ਕੇ ਬਹੁਤ ਸਾਰੇ ਸਿੰਘ ਬਿਦੇਹ ਮੁਕਤ ਹੋਣੇ ਮੰਨੇ ਹਨ।

ਸਤਿਗੁਰੂ ਜੀ ਆਪਣੀ ਸ਼ਕਤੀ ਨਾਲ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਨੂੰ ਬੰਦੇਹ ਮੁਕਤ ਹੋਣ ਤੋਂ ਬਚਾ ਕੇ ਜੀਵਨ ਮੁਕਤ ਰਖ ਕੇ ਦੋ ਸੰਪ੍ਰਦਾਵਾਂ ਚਲਾਉਣ ਦਾ ਹੁਕਮ ਕੀਤਾ। ਇਕ ਸੰਪ੍ਰਦਾ ਸ੍ਰੀ ਅੰਮ੍ਰਿਤਸਰ ਸਾਹਿਬ ਭਾਈ ਮਨੀ ਸਿੰਘ ਜੀ ਦੇ ਦੁਆਰਾ ਅਤੇ ਦੂਸਰੀ ਸੰਪਰਦਾਏ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਬਾਬਾ ਦੀਪ ਸਿੰਘ ਜੀ ਦੁਆਰਾ ਚਲਵਾਈ। ਬਾਬਾ ਦੀਪ ਸਿੰਘ ਜੀ ਨੇ ਜੋ ਦਮਦਮਾ ਸਾਹਿਬ ਬੀੜ ਉਚਾਰੀ ਉਸ ਉਪਰੋਂ ਚਾਰ ਹੋਰ ਬੀੜਾਂ ਲਿਖ ਕੇ ਚਾਰੋਂ ਤਖਤਾਂ ਪਰ ਪੁਚਾਈਆਂ। ਇਕ ਸ੍ਰੀ ਅੰਮ੍ਰਿਤਸਰ ਸਾਹਿਬ, ਦੂਸਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਤੀਸਰੀ ਪਟਨੇ ਸਾਹਿਬ। ਚੌਥੀ ਸੱਚਖੰਡ ਹਜ਼ੂਰ ਸਾਹਿਬ ਨੰਦੇੜ ਵਿਖੇ। ਬਾਬਾ ਦੀਪ ਸਿੰਘ ਜੀ ਨੇ ਦਸਮ ਗ੍ਰੰਥ ਦੀ ਬੀੜ ਹੀ ਦਮਦਮੇ ਸਾਹਿਬ ਲਿਖੀ ਸੀ। ਸੰਤ ਮਹਾਰਾਜ ਜੀ ਨੇ ਇਸ ਪਵਿੱਤਰ ਭੂਮੀ ਦੇ ਅਸਥਾਨਾਂ ਦੀ ਸੇਵਾ ਕਰਨੀ ਮਹਾਨ ਉਚਿਤਾ ਸਮਝ ਕੇ ਸੇਵਾ ਆਰੰਭ ਕੀਤੀ, ਤਿੰਨਾਂ ਸਾਲਾਂ ਦੇ ਅੰਦਰ-ਅੰਦਰ ਹੀ ਜੰਡਸਰ ਗੁਰਦਵਾਰੇ ਦੀ ਸੇਵਾ ਕਰਵਾਈ। ਜਿਸ ਅਸਥਾਨ ਪਰ ਸਤਿਗੁਰੂ ਕਲਗੀਧਰ ਸ਼ਾਮ ਦੇ ਸਮੇਂ ਆਪਣੇ ਨੌਕਰਾਂ ਨੂੰ ਤਨਖਾਹਾਂ ਵੀ ਦਿਆ ਕਰਦੇ ਸਨ ਅਤੇ ਜੰਡਸਰ ਗੁਰਦਵਾਰੇ ਦਾ ਸਰੋਵਰ ਵੀ ਤਿਆਰ ਕੀਤਾ। ਇਸ ਤੋਂ ਉਪਰੰਤ ਮਾਤਾ ਜੀ ਦੇ ਗੁਰਦਵਾਰੇ ਨੂੰ ਬਣਵਾਇਆ ਜਿਥੇ ਕਿ ਦਿੱਲੀ ਤੋਂ ਆ ਕੇ ਮਾਤਾ ਜੀ ਤੰਬੂ ਲਗਾ ਕੇ ਸਤਿਗੁਰੂ ਜੀ ਦੀ ਹਜ਼ੂਰੀ ਰਿਹਾ ਕਰਦੇ ਸਨ।। ਇਤੀ।।

ਸਤਲੁਜ ਦਰਿਆ ਦੇ ਉਰਲੇ ਕੰਢੇ ਸ਼ਹੀਦਾਂ ਦਾ ਗੁਰਦੁਆਰਾ ਬਨਾਉਣਾ

ਇਹ ਸ਼ਹੀਦਾਂ ਦਾ ਗੁਰਦੁਆਰਾ ਸਤਲੁਜ ਦਰਿਆ ਦੇ ਉਰਲੇ ਕੰਢੇ ਕਰੀਮਪੁਰ ਵਾਲੀ ਸੜਕ, ਜੋ ਕਿ ਗੜ੍ਹ ਸ਼ੰਕਰ ਨੂੰ ਸ਼ਾਹੀ ਰਸਤਾ ਆਉਂਦਾ ਹੈ, ਉਸ ਰਸਤੇ ਦੇ ਨੇੜੇ ਹੀ ਪੈਂਦਾ ਹੈ, ਇਸ ਪਵਿੱਤਰ ਅਸਥਾਨ ਵਿਖੇ ਬਾਬਾ ਅਜੀਤ ਸਿੰਘ ਜੀ, ਜੋ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਸਨ, ਉਨ੍ਹਾਂ ਨੇ ਆਸਣ ਲਾਏ ਸਨ, ਜਦੋਂ ਕਿ ਸਤਿਗੁਰੂ ਜੀ ਦੇ ਹੁਕਮ ਨਾਲ ਪਠਾਣਾਂ ਦੀ ਬਸੀ ਜੋ ਹੁਸ਼ਿਆਰਪੁਰ ਤੋਂ ਪੰਜ ਕੁ ਮੀਲ ਹੈ, ਹਮਲਾਵਰ ਹੋਏ ਸਨ। ਇਕ ਪਠਾਣ ਨੇ ਇਕ ਬ੍ਰਾਹਮਣ ਦੀ ਸੱਜ-ਵਿਆਹੀ ਨੌਜਵਾਨ ਤ੍ਰੀਮਤ ਨੂੰ ਜ਼ਬਰਦਸਤੀ ਖੋਹ ਕੇ ਆਪਣੇ ਘਰ ਲੈ ਗਿਆ ਸੀ, ਉਸ ਬ੍ਰਾਹਮਣ ਨੇ ਸਤਿਗੁਰੂ ਪਾਸ ਭਰੇ ਦੀਵਾਨ ਵਿਚ ਰੋ-ਰੋ ਕੇ ਬੇਨਤੀਆਂ ਕਰਨ ਤੋਂ ਸਤਿਗੁਰੂ ਜੀ ਦੀ ਆਗਿਆ ਨਾਲ ਰਾਤੋ-ਰਾਤ ਹਮਲੇ ਕਰਕੇ ਅਤੇ ਜੰਗ ਕਰਕੇ ਉਸ ਪਠਾਣ ਨੂੰ ਕੈਦ ਕਰਕੇ ਅਤੇ ਉਸ ਬ੍ਰਾਹਮਣ ਦੀ ਬ੍ਰਾਹਮਣੀ ਨੂੰ ਨਾਲ ਲੈ ਕੇ ਇਸ ਦਰਿਆ ਦੇ ਕੰਢੇ ਡੇਰੇ ਲਾਏ ਸਨ ਅਤੇ ਆਪਣੇ ਸਾਥੀ ਸ਼ਹੀਦਾਂ ਨੂੰ ਅਗਨ-ਭੇਟ ਕੀਤਾ ਸੀ। ਇਸ ਪਵਿੱਤਰ ਅਸਥਾਨ ਪਰ ਸੰਤ ਮਹਾਰਾਜ ਛੇ ਮਹੀਨੇ ਰਹੇ ਸਨ।

ਕੱਤਕ ਦੀ ਦੀਵਾਲੀ ਕਰਕੇ ਇਸ ਅਸਥਾਨ ਪਰ ਆ ਗਏ ਸਨ। ਹੋਲੇ ਮੱਹਲੇ ਤਕ ਛੇ ਮਹੀਨੇ ਰਹਿ ਕੇ ਏਥੇ ਬੜੀ ਤਿਤਖਸ਼ਾ ਕੀਤੀ ਸੀ। ਉਸ ਸਮੇਂ ਸੰਤਾਂ ਦੀ ਹਜ਼ੂਰੀ ਵਿਚ ਸੰਤ ਸੋਹਣ ਸਿੰਘ ਜੀ, ਸੰਤ ਨਗੀਨਾ ਸਿੰਘ ਜੀ ਦੇ ਸ਼ਿਸ਼ ਅਤੇ ਆਪ ਸੰਤ ਨਗੀਨਾ ਸਿੰਘ ਜੀ, ਸੰਤ ਮੱਖਣ ਸਿੰਘ ਜੀ, ਹੀਰਾ ਸਿੰਘ ਜੀ, ਨਿਹੰਗ ਸਿੰਘ ਜੀ ਹੋਰ ਵੀ ਇਕ ਦੋ ਨਿਹੰਗ ਸਿੰਘ ਨਾਲ ਸਨ। ਬਾਬਾ ਗੱਜਨ ਸਿੰਘ ਜੀ, ਸੰਤ ਮਹਿੰਦਰ ਸਿੰਘ ਜੀ, ਕਦੇ-ਕਦੇ ਸੰਤ ਬਿਸ਼ਨ ਸਿੰਘ ਜੀ ਆਪਣੇ ਸ਼ਿਸ਼ ਮਾਨ ਸਿੰਘ ਜੀ ਅਤੇ ਇਨ੍ਹਾਂ ਦੀ ਮਾਤਾ ਧਰਮ ਕੌਰ ਸਮੇਤ ਰਿਹਾ ਕਰਦੇ ਸਨ। ਗੁਰੂ ਕਾ ਲੰਗਰ ਅਤੁੱਟ ਤਿਆਰ ਕਰਕੇ ਛਕਾਉਂਦੇ ਸਨ। ਇਸ ਸਮੇਂ ਬੀਬੀ ਬੰਤੀ ਜੀ ਦੀ ਸੇਵਾ ਮਹਾਨ ਸੀ, ਜਿਥੇ ਸੰਤਾਂ ਏਥੇ ਜਪ ਤਪ ਕੀਤਾ

ਉਥੇ ਇਸ ਗੁਰਦਵਾਰੇ ਦੇ ਬਨਾਉਣ ਦੀ ਸੇਵਾ ਵੀ ਸੰਤਾਂ ਦੀ ਨਿਗਰਾਨੀ ਵਿੱਚ ਹੋਈ, ਇਸ ਗੁਰਦਵਾਰੇ ਦੀ ਸੇਵਾ ਕਰਕੇ ਹੀ ਇਸ ਅਸਥਾਨ ਤੋਂ ਸੰਤਾਂ ਨੇ ਆਪਣੇ ਆਸਣ ਚੁਕੇ ਸਨ। ਇਤੀ।

ਕੇਸਗੜ੍ਹ ਤਖਤ ਦੀ ਤਮੀਰ ਕਰਨ ਦੀਆਂ ਵਿਚਾਰਾਂ ਹੋਣੀਆਂ

ਦੁਆਬੇ ਦੇਸ਼ ਨੂੰ ਬਹੁਤ ਵੱਡੇ ਫਖਰ ਦੀ ਗੱਲ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਨਗਰ ਦੁਆਬੇ ਵਿਚ ਹੀ ਵਸਾਇਆ ਸੀ, ਭਾਵੇਂ ਵੀ ਇਹ ਧਰਤੀ ਕਹਿਲੂਰ ਦੂਣ ਵਿਖੇ ਰਿਆਸਤ ਬਿਲਾਸਪੁਰ ਦੀ ਸੀ। ਇਸ ਦਾ ਨਾਮ ਮਾਖੋਵਾਲ ਕਰਕੇ ਸੀ ਅਤੇ ਏਥੇ ਇਕ ਮਾਖੋ ਦੈਂਤ ਪ੍ਰੇਤ ਸਹਿਤ ਪਰਿਵਾਰ ਦੇ ਰਹਿੰਦਾ ਸੀ ਅਤੇ ਬਹੁਤ ਪੁਰਾਣੇ ਇਸ ਪਿੰਡ ਦੇ ਖੰਡਰ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅੰਤਰਯਾਮੀ ਸਰਬੱਤ ਸਤਿਗੁਰੂ ਜੀ ਨੇ ਸਾਰੇ ਭਵਿਖਤ ਨੂੰ ਵਿਚਾਰ ਕੇ ਇਹ ਧਰਤੀ ਭੀਮ ਚੰਦ ਬਿਲਾਸਪੁਰੀਏ ਦੇ ਪਿਤਾ ਤੋਂ ਬੈ-ਖਰੀਦ ਮੁਲ ਲੈ ਕੇ ਪਟਾ ਲਿਖਾ ਲਿਆ ਸੀ, ਤਾਂ ਫਿਰ ਇਥੇ ਨਗਰ ਵਸਾਉਣ ਦੀ ਮੋੜੀ ਗੱਡ ਕੇ ਨਗਰ ਵਸਾਇਆ। ਕੇਸਗੜ੍ਹ ਦੇ ਉੱਚੇ ਟਿਲੇ ਤੇ ਖੜ ਕੇ ਚਾਰੋਂ ਤਰਫ ਨੂੰ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਤਕਿਆ ਕਿ ਇਕ ਪਾਸੇ ਸਿੰਘ ਗਾਮਨੀ ਗੰਭੀਰ ਨਦੀ ਸਤਲੁਜ ਚਲ ਰਹੀ ਹੈ। ਦੂਸਰੇ ਪਾਸੇ ਉਚੇ ਅਕਾਸ਼ ਨੂੰ ਛੋਹਣ ਵਾਲੇ ਪਹਾੜ ਹਰੇ-ਭਰੇ ਦਿਖਾਈ ਦੇ ਰਹੇ ਹਨ। ਜਿਨ੍ਹਾਂ ਪਹਾੜਾਂ ਦੀ ਸੀਨਰੀ ਅਤੇ ਦਰਿਆ ਦੀਆਂ ਸੁੰਦਰ ਲਹਿਰਾਂ ਦੀ ਸ਼ਾਂਤੀ ਮਨ ਨੂੰ ਬਹੁਤ ਅਨੰਦ ਦੇ ਰਹੀ ਹੈ। ਇਸ ਕਰਕੇ ਸਤਿਗੁਰੂ ਜੀ ਨੇ ਇਸ ਨਗਰ ਦਾ ਨਾਮ ਹੀ ਅਨੰਦਪੁਰ ਸਾਹਿਬ ਹੀ ਰੱਖ ਦਿੱਤਾ। ਆਪਣੀ ਸਰਬੱਗਤਾ ਨਾਲ ਇਹ ਵੀ ਤਕਿਆ ਕਿ ਕੇਸਗੜ੍ਹ ਦੀ ਸੁੰਦਰ ਫੇਰੀ ਪਰ ਬ੍ਰਹਮਵਿਤ ਮੁਨੀ ਵਸ਼ਿਸ਼ਟ ਜੀ ਨੇ ਮਹਾਨ ਆਪਣੀ ਬ੍ਰਹਮ-ਦ੍ਰਿਸ਼ਟੀ ਨਾਲ ਬ੍ਰਹਮ ਦਾ ਅਧਿਐਨ ਕਰਕੇ ਇਸ ਨੂੰ ਮਹਾਨ ਪਵਿੱਤਰ ਕਰ ਦਿੱਤਾ ਹੈ। ਜਿਥੇ ਕਿ ਅਸੀਂ ਦਸਵੇਂ ਸਰੂਪ ਅੰਦਰ ਬ੍ਰਹਮ ਨਾਲ ਅਭੇਦ ਹੋਇਆ ਖਾਲਸਾ ਪੈਦਾ ਕਰਕੇ ਬ੍ਰਹਮ ਵਿਦਿਆ ਨੂੰ ਚਾਲੂ ਕਰਨਾ ਹੈ। ਇਸ ਜਗ੍ਹਾ ਐਸੇ ਬ੍ਰਹਮ ਸਤਿਗੁਰੂ ਨਾਲ ਅਭੇਦ ਹੋਏ। ਗਿਆਨਵਾਨ ਅਭੇਦ ਹੋਣਗੇ ਜੋ ਆਪਣਾ ਆਪ ਵਾਰ ਕੇ ਸੱਤ ਧਰਮ ਦੀ ਰਖਿਆ ਕਰਨਗੇ। ਪਹਿਲਾਂ ਪੰਜ ਪਿਆਰੇ, ਪਿਆਰਾ ਦਯਾ ਸਿੰਘ ਜੀ, ਪਿਆਰਾ ਧਰਮ ਸਿੰਘ ਜੀ, ਪਿਆਰਾ ਹਿੰਮਤ ਸਿੰਘ ਜੀ, ਪਿਆਰਾ ਮੋਹਕਮ ਸਿੰਘ ਜੀ, ਪਿਆਰਾ ਸਾਹਿਬ ਸਿੰਘ ਜੀ ਨੇ ਸਤਿਗੁਰੂ ਜੀ ਦੇ ਪ੍ਰੇਮ ਵਿਚ ਆਪਾ ਵਾਰ ਕੇ ਸਤਿਗੁਰੂ ਜੀ ਉੱਪਰੋਂ ਘੋਲ ਘੁਮਾਏ ਹਨ ਤੇ ਸਤਿਗੁਰੂ ਜੀ ਦੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਅਮਰ ਹੋਏ ਹਨ। ਇਨ੍ਹਾਂ ਪੰਜਾਂ ਪਿਆਰਿਆਂ ਤੋਂ ਉਪਰੰਤ ਪੰਜਾਂ ਨੇ ਅੰਮ੍ਰਿਤ ਛਕਿਆ ਜਿਨ੍ਹਾਂ ਦੇ ਪੰਜ ਬੀਰ ਜਾਂ ਪੰਜ ਮੁਕਤੇ ਹੋਏ ਹਨ। ਭਾਈ ਦੇਵਾ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਈਸ਼ਰ ਸਿੰਘ ਜੀ, ਭਾਈ ਟਹਿਲ ਸਿੰਘ ਜੀ, ਭਾਈ ਫਤਿਹ ਸਿੰਘ ਜੀ। ਇਨ੍ਹਾਂ ਪੰਜਾਂ ਤੋਂ ਉਪਰੰਤ ਚਾਲੀ ਸਿੰਘਾਂ ਨੇ ਅੰਮ੍ਰਿਤ ਛਕਿਆ। ਜਿਨ੍ਹਾਂ ਵਿਚ ਭਾਈ ਬਚਿੱਤਰ ਸਿੰਘ ਜੀ, ਭਾਈ ਊਦੇ ਸਿੰਘ ਜੀ, ਭਾਈ ਅਜਬ ਸਿੰਘ ਜੀ, ਭਾਈ ਅਜੈਬ ਸਿੰਘ ਜੀ ਤੇ ਅਨਕ ਸਿੰਘ ਜੀ। ਉਸ ਸਮੇਂ ਜਿਨ੍ਹਾਂ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਇਤਿਹਾਸਕਾਰ ਐਸੇ ਲਿਖਦਾ ਹੈ। ਪੰਜਾਂ ਪਿਆਰਿਆਂ ਤੋਂ ਬਾਅਦ ਜੋ ਪੰਜਾਂ ਨੇ ਅੰਮ੍ਰਿਤ ਛਕਿਆ ਹੈ ਸੋ ਇਸ ਪ੍ਰਕਾਰ ਹੈ ਯਥਾ ਚੌਪਾਈ—ਦੇਵਾ ਸਿੰਘ, ਰਾਮ ਸਿੰਘ ਪੀਰ।

ਟਹਿਲ ਸਿੰਘ ਈਸ਼ਰ ਸਿੰਘ ਬੀਰ ਫਤਿਹ ਸਿੰਘ ਪੰਚੋ ਇਹ ਭਏ।। ਮੁਕਤੇ ਨਾਮ ਗੁਰੂ ਕਹਿ ਦਏ।। ੧੮।। ਅਪਰ ਅਨੇਕ ਖਰੇ ਪੁਨ ਹੋਇ।। ਅੰਮ੍ਰਿਤ ਖੰਡੇ ਕਾ ਸੋਇ।। ਅਪਨੀ ਵਾਸੀ ਨਾਮ ਬਤਾਵੈ।। ਗੁਰ ਤੇ ਸੀਖਹਿ ਰਹਿਤ ਦ੍ਰਿੜਾਵੈ।। ੧੯।। ਕਹੁਰਿ ਇਕਾਦਸ ਹਵੈ ਸਿਖ ਖਰੇ।। ਅੰਮ੍ਰਿਤ ਲੀਨ ਬੀਰ ਰਸ ਭਰੇ।। ਬਖਸ਼ ਸਿੰਘ ਬਖਸ਼ੀਸ਼ ਸਿੰਘ ਧੁਨ।। ਸਿੰਘ ਕਲਾਲ ਰਹਿਤੈ ਸੁਨ।। ੨੦।। ਭੈਰੋਵਾਲ ਗ੍ਰਾਮ ਕੇ ਸੋਇ।। ਰਹੇ ਹਜ਼ੂਰ ਸਦਾ ਹੀ ਦੋਇ।। ਸੁਰ ਸਿੰਘ ਪਿੰਡ ਕੇ ਸਿਧੂ ਸਿਖ ਭਯੋ।। ਨਾਮ ਦਯਾਲ ਸਿੰਘ ਕਹਿ ਦਯੋ।। ੨੧।। ਖੱਤਰੀ ਸਿੱਖ ਗਲਾਬ ਸਿੰਘ ਜਾਨੋ।। ਗੋਤਮ ਰਿਖੀ ਜੀ ਕੀਨਿ ਬਖਾਨੋ।। ਬੇਗ ਸਿੰਘ ਅੰਬ੍ਰੀਕ ਸਿੰਘ ਦੋਇ।। ਜੇਬਰ ਮਘਿਆਨੇ ਵਾਸੀ ਸੋਹਿ।। ੨੨।। ਭੰਡਾਰਾ ਸਿੰਘ ਹਜ਼ਾਰਾ।। ਦਰਬਾਰਾ ਸਿੰਘ ਕ੍ਰਿਤੀ ਉਚਾਰਾ।। ਸੀਚੰਦ ਕੇ ਵਾਸੀ ਸਿਖ ਬਨੀਏ।। ਅੰਮ੍ਰਿਤ ਲੀਨਿ ਰਹਿਤ ਸਭ ਮਨੀਏ।। ੨੩।। ਭਯੋ ਖਰੋ ਘਨ ਸਿੰਘ ਸੁ ਨਾਮ।। ਬਰਨ ਸਿੰਘ ਫਾਲਜ਼ ਇਹ ਗ੍ਰਾਮ।। ਆਲਮ ਸਿੰਘ ਨਚਨਾ ਗੁਰੂ ਕਹੈ।। ਸਯਾਲ ਕੋਟ ਕੀ ਵਾਸੀ ਅਹੈ।। ੨੪।। ਜਾਤਿ ਹੋਤੀ ਰਜਪੂਤ ਬਸੇਰੇ।। ੨੫।। ਜਿਸ ਕੇ ਮਨੀ ਰਾਮ ਸੁਤ ਹੋਯੋ।। ਆਏ ਨਯਾਂ ਗਰ ਦਰਸਨ ਕੀਯੋ।। ਪੰਜ

ਪੁੱਤਰ ਲੇ ਅਪਨੇ ਸਾਥ।। ਸਰਨੀ ਪਰਯੋ ਰਹਯੋ ਸੁਰਨਾਥ।। ੨੬।। ੨੬੫ ਸੋ ਪੰਚਹੁ ਭਗਤਾ ਕਰਿ ਖਰੇ।। ਸਿੰਘ ਨਾਮ ਉਨ ਕੇ ਗੁਰ ਧਰੇ।। ਬਰੋ ਬਚਿਤਰ ਸਿੰਘ ਭਟ ਤਯੋ।। ਉਦੇ ਸਿੰਘ ਦੂਸਰ ਬਿਦਤਯੋ।। ੨੭।। ਅਨਿਕ ਸਿੰਘ ਅਰੁ ਅਜਬ ਸਿੰਘ ਪੁਨ।। ਪੰਚਮ ਭਯੋ ਅਜਾਇਬ ਸਿੰਘ ਗੁਨ।। ਅੰਮ੍ਰਿਤ ਖੰਡੇ ਕੋ ਤਿਨ ਦੀਨਾ।। ਮਨਹੁੰ ਪੰਚ ਪਾਂਡਵ ਬਲ ਪੀਨਾ।। ੨੮।। ਰਣ ਮਹਿ ਕਰੇ ਕਰਮ ਜਿਨ ਭੀਖਨ।। ਰਿਪੁ ਮਾਰੇ ਜਿਨ ਸਸ਼ਤਰੀਨ ਤੀਖਨ।। ਇਨ ਤੇ ਆਦਿ ਭਏ ਹਜ਼ਾਰੇ।। ਅੰਮ੍ਰਿਤ ਲੇਤਿ ਰਹਿਤ ਕੋ ਧਾਰੇ।। ੨੯।। ਅਪਰ ਅਨੇਕ ਖਰੇ ਪੁਨਿ ਹੋਇ।। ਅੰਮ੍ਰਿਤ ਖੰਡੇ ਕਾਲੇ ਸੋਇ।। ਅਪਨੀ ਵਾਸੀ ਨਾਮ ਬਤਾਵੈ।। ਗੁਰ ਤੇ ਸੀਖਹਿ ਰਹਿਤ ਦ੍ਰਿੜਾਵੈ।। ੩੦।। ਕੌਨ ਕੌਨ ਕੇ ਗਿਨੀਐ ਨਾਮ।। ਤਿਨ ਕੇ ਦੇਸ਼ ਲਗਰ ਕੈ ਗ੍ਰਾਮੁ।। ਲੇ ਪਹੁਲ ਬਡ ਤੇਜ ਧਰੰਤੇ।। ਪੀਰ ਮੀਰ ਕੋ ਕਛੂ ਨ ਗਿਨਤੇ।। ੩੧।। ਸਿਰ ਸਿਰ ਬਲੀ ਆਪ ਸਿਰਦਾਰਾ।। ਬੰਧਨ ਕਰੇ ਅੰਗ ਹਥਯਾਰਾ।। ਰਾਤ ਦਿਵਸ ਸੰਘਰ ਦੋ ਚਾਹੈ।। ਮਾਰ ਬਕਾਰ ਕਰਤਿ ਮਹਾ ਹੈ।। ੩੧।। ਮਰਨ ਕਰਯੋ ਸਿੰਘਨ ਪਰਵਾਨੈ।। ਨਾ ਛੋਡੈ ਦੇਗੇ ਕੀ ਬਾਨੈ।। ਜਾਤਿ ਗੋਤ ਸਿੰਘਨ ਕੀ ਦੰਗਾ।। ਦੰਗਾ ਹੀ ਗੁਰ ਤੇ ਇਨ ਮੰਗਾ।। ੩੨।। ਅੰਨ ਨਾ ਪਚੈ ਕਰੇ ਬਿਨ ਦੰਗਾ।। ਦੰਗੇ ਬਿਨ ਇਨ ਰਹੈ ਨਾ ਅੰਗਾ।। ਕੁਹੀ ਸਿੰਘ ਬ੍ਰਿਕ ਬੀਹਰੀ ਬਾਜੈ।। ਬਿਨ ਦੰਗੇ ਕਯੋ ਹੋਇ ਇਨ ਕਾਜੈ।। ੩੩।। (ਪੰਥ ਪ੍ਰਕਾਸ਼)

ਇਸ ਉਪਰੰਤ ਵੀਹ ਹਜ਼ਾਰ ਖਾਲਸਾ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਿਆ, ਇਸ ਕਰਕੇ ਇਹ ਕੇਸਗੜ੍ਹ ਦੀ ਧਰਤੀ ਮਹਾਂ ਪਵਿੱਤਰ ਹੈ। ਸਤਿਗੁਰੂ ਜੀ ਨੇ ਇਸ ਨੂੰ ਖਾਲਸੇ ਦੇ ਤਖਤ ਦੀ ਉੱਚ ਪਦਵੀ ਦਿੱਤੀ ਹੈ। ਅਨੰਦਗੜ੍ਹ ਸਾਹਿਬ ਦੀ ਉੱਚੀ ਠੇਰੀ ਪਰ ਸਤਿਗੁਰੂ ਕਲਗੀਧਰ ਨੇ ਆਪਣੀ ਫੌਜੀ ਛਾਉਣੀ ਕਾਇਮ ਕਰਕੇ ਕਿਲ੍ਹਾ ਰਚਾ ਕੇ ਹਿੰਦੁਸਤਾਨ ਦੀ ਜ਼ੁਲਮ-ਭਰੀ ਬਾਦਸ਼ਾਹੀ ਨੂੰ ਹਾਰ ਦੇ ਕੇ ਇਸ ਸਾਮਰਾਜ ਦੀਆਂ ਜੜ੍ਹਾਂ ਖੋਖਲੀਆਂ ਕਰਕੇ ਅਤੇ ਪੁਟ ਕੇ ਖਾਰੇ ਸਮੁੰਦਰ ਵਿਚ ਸੁਟ ਦਿੱਤੀਆਂ। ਅੱਜ-ਕਲ ਦੇ ਖਾਲਸਾ ਅਤੇ ਸਿੱਖ ਜਗਤ ਨੇ ਇਨ੍ਹਾਂ ਦੋਨੋਂ ਹੀ ਪਵਿੱਤਰ ਅਸਥਾਨਾਂ ਨੂੰ ਨਵੇਂ ਸਿਰ ਤੋਂ ਪੱਕੀ ਤਰ੍ਹਾਂ ਤਾਮੀਰ ਕਰਨ ਦੀ ਵਿਚਾਰ ਕੀਤੀ।

ਪਹਿਲਾਂ ਕੇਸਗੜ੍ਹ ਸਾਹਿਬ ਬਾਬਤ ਮੀਟਿੰਗਾਂ ਹੋਈਆਂ ਕਿ ਕਿਸ ਢੰਗ ਨਾਲ ਬਣਾਇਆ ਜਾਏ। ਉਸ ਸਮੇਂ ਦੁਆਬੇ ਦੇ ਪਵਿੱਤਰ ਸੱਜਣ ਸ਼ਾਮਲ ਹੁੰਦੇ ਸਨ ਅਤੇ ਖਾਸ ਕਰਕੇ ਦੁਆਬੇ ਦੇ ਸੰਤ ਵੀ ਸ਼ਾਮਲ ਹੁੰਦੇ ਸਨ। ਅੱਜ ਅਖੀਰਲੀ ਮੀਟਿੰਗ ਸੀ, ਜਿਸ ਵਿਚ ਕਹਾਰਪੁਰੀ ਬਾਬਾ ਹਰੀ ਸਿੰਘ ਜੀ ਅਤੇ ਸੰਤ ਮਹਾਰਾਜ ਜੀ ਸ਼ਾਮਲ ਹੋਏ ਸਨ। ਮਾਹਲਪੁਰ ਦੇ ਹਲਕੇ ਵਿਚੋਂ ਪਤਵੰਤੇ ਸੱਜਣ ਜੋ ਸਨ-ਸ੍: ਉਸ਼ਨਾਕ ਸਿੰਘ ਜੀ ਮਾਹਲਪੁਰੀ, ਸ੍: ਪਿਆਰਾ ਸਿੰਘ ਜੀ ਬੱਬਰ ਲੰਗੇਰੀ, ਬਾਬੂ ਦਇਆ ਸਿੰਘ ਜੀ, ਸੰਤ ਮਹਾਰਾਜ ਜੀ ਦੇ ਛੋਟੇ ਭਰਾ ਸ੍: ਮੂਲਾ ਸਿੰਘ ਜੀ ਬਾਹੂਵਾਲੀਆ, ਜਥੇਦਾਰ ਪ੍ਰਤਾਪ ਸਿੰਘ ਜੀ ਕੋਹ ਪਤੂਹੀ ਤੋਂ ਆਦਿ ਬਹੁਤ ਸੁਲਝੇ ਹੋਏ ਦਿਮਾਗ ਇਕੱਤਰ ਹੋਏ, ਪਰ ਸਾਰਿਆਂ ਵਿਚ ਇਕ ਮਹਾਨ ਉੱਚਾ-ਸੁੱਚਾ ਅਤੇ ਸੁੰਦਰਤਾ ਭਰਪੂਰ ਅਪਟੂਡੇਟ ਇੰਜੀਨੀਅਰ ਬਣ ਕੇ ਵੀ ਸ਼ਾਮਲ ਹੋਇਆ। ਜਦੋਂ ਮੀਟਿੰਗ ਸ਼ੁਰੂ ਹੋਈ ਆਪ ਵਿਚ ਦੀਆਂ ਵਿਚਾਰਧਾਰਾਂ ਪੇਸ਼ ਹੋਈਆਂ। ਜਿਸ ਵਿਚਾਰਧਾਰਾਂ ਵਿਚ ਕੋਈ ਨੁਕਸ਼ ਵਾਲੀ ਗੱਲ ਹੁੰਦੀ, ਸੋ ਅਪਟੂਡੇਟ ਇੰਜੀਨੀਅਰ ਉਸ ਵਿਚਾਰ ਨੂੰ ਸਾਰੇ ਨੁਕਸ ਆਪਣੀ ਦਲੀਲ ਨਾਲ ਕੱਢ ਕੇ ਸਿੱਧੇ ਰਸਤੇ ਪਰ ਲੈ ਆਉਂਦੇ ਅਤੇ ਉਸ ਦੀ ਦਲੀਲ ਨੂੰ ਸਾਰੇ ਮੰਨ ਲੈਂਦੇ ਅਤੇ ਵਾਹ-ਵਾਹ ਅੱਸ਼-ਅੱਸ਼ ਕਰ ਉਠਦੇ। ਉਸ ਇੰਜੀਨੀਅਰ ਦਾ ਇਹ ਰਵੱਈਆ ਤੱਕ ਕੇ ਸੰਤ ਮਹਾਰਾਜ ਜੀ ਨੇ ਆਪਣੇ ਅੰਤਰਆਤਮੇ ਧਿਆਨ ਲਾ ਕੇ ਤਕਿਆ ਕਿ ਇਹ ਇੰਜੀਨੀਅਰ ਕੌਣ ਹੈ ਅਤੇ ਕਿਸ ਜਾਈਦਾ ਹੈ, ਤਾਂ ਸੰਤ ਮਹਾਰਾਜ ਜੀ ਨੂੰ ਆਪਣੇ ਧਿਆਨ ਅੰਤਰ ਅਨੁਭਵਤਾ ਨਾਲ ਗਿਆਨ ਹੋਇਆ ਕਿ ਇਹ ਇੰਜੀਨੀਅਰ ਆਪ ਕਲਗੀਧਰ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ। ਹੁਣ ਸਭ ਦੇ ਚਿੱਤ ਵਿਚ ਫੁਰਨਾ ਹੋਇਆ ਕਿ ਭਾਈ ਦਇਆ ਸਿੰਘ ਜੀ ਤੇ ਸ੍: ਪਿਆਰਾ ਸਿੰਘ ਜੀ ਨੂੰ ਦਰਸ਼ਨ ਕਰਵਾ ਦੇਈਏ। ਉਸ ਇੰਜੀਨੀਅਰ ਸਾਹਿਬ ਨੇ ਸੰਤਾਂ ਦਾ ਫੁਰਨਾ ਜਾਣ ਕੇ ਆਪਣੇ ਇਸ਼ਾਰੇ ਨਾਲ ਸਮਝ ਕੇ ਬੰਦ ਕਰ ਦਿਤਾ, ਨਾਲ ਹੀ ਆਖਿਆ ਕਿ ਮਹਾਰਾਜ ਜੀਉ, ਤੁਸੀਂ ਭਰਾ ਦੀ ਲਿਹਾਜ਼ ਕਰਦੇ ਹੋ। ਸੰਤ ਮਹਾਰਾਜ ਉਸ ਸਮੇਂ ਹੀ ਇਸ ਅਜਰ ਗੱਲ ਨੂੰ ਜ਼ਰਦੇ ਚੁਪ ਹੋ ਗਏ।

ਹੁਣ ਇਸ ਮੀਟਿੰਗ ਵਿਚ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀਆਂ ਨੂੰ ਤਖ਼ਤ ਕੇਸਗੜ੍ਹ ਦੀ ਸੇਵਾ ਸਰਬ ਸੰਮਤੀ ਨਾਲ ਸੰਭਾਲ ਦਿੱਤੀ। ਸੰਤ ਬਾਬਾ ਕਹਾਰਪੁਰੀਆਂ ਨੇ ਆਪਣੇ ਸੰਤ ਸੇਵਕਾਂ, ਗੁਣੀਆਂ ਗਿਆਨੀਆਂ ਦੀਆਂ ਸੇਵਾ

ਦੀਆਂ ਡਿਊਟੀਆਂ ਲਾ ਕੇ ਸੇਵਾ ਆਰੰਭ ਕਰ ਦਿੱਤੀ। ਸੰਤ ਬਾਬਾ ਜੀ ਦੇ ਸੇਵਕ ਪੰਡਿਤ ਬਿਸ਼ਨ ਸਿੰਘ ਜੀ, ਸੰਤ ਜਵਾਲਾ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਮਹੰਤ ਰਤਨ ਸਿੰਘ ਜੀ ਤੋਂ ਆਦਿ ਸਾਰਿਆਂ ਨੂੰ ਮਾਇਆ ਲਿਆਉਣ ਵਾਸਤੇ ਲਾਇਲਪੁਰ ਦੀਵਾਰ ਤੇ ਮਿੰਟਗੁਮਰੀ ਦੀਵਾਰ, ਮਲਾਇਆ ਸਿੰਘਾਪੁਰ, ਬ੍ਰਹਮਾ ਆਦਿ ਸਾਰੇ ਦੇਸ਼ਾਂ ਪ੍ਰਦੇਸ਼ਾਂ ਵਿਚ ਘਲਿਆ। ਜਿਸ ਦੁਆਰਾ ਸਾਰੇ ਸਿੱਖ ਜਗਤ ਨੇ ਮਾਇਆ ਦੇ ਕੇ ਆਪਣੀ ਕ੍ਰਿਤ ਕਮਾਈ ਨੂੰ ਸਫਲਾ ਕੀਤਾ। ਕੁਝ ਸਾਲਾਂ ਵਿਚ ਹੀ ਤਖਤ ਕੇਸਗੜ੍ਹ ਸਾਹਿਬ ਜੀ ਦੇ ਬਨਾਉਣ ਦੀ ਸੇਵਾ ਹਰ ਪਾਸੇ ਤੋਂ ਸਤਿਗੁਰੂ ਜੀ ਨੇ ਪੂਰੀ ਕਰਵਾ ਲਈ। ਇਸ ਗੁਰਦਵਾਰੇ ਦੀ ਸੇਵਾ ਕਰਨ ਦਾ ਮਾਣ ਤੇ ਸਿਹਰਾ ਸੰਤ ਬਾਬਾ ਕਹਾਰਪੁਰੀ ਹਰੀ ਸਿੰਘ ਜੀ ਤੇ ਉਨ੍ਹਾਂ ਦੇ ਸਿੱਖ ਸੇਵਕ ਸੰਗਤ ਨੂੰ ਕਲਗੀਧਰ ਪਿਤਾ ਨੇ ਬਖਸ਼ਿਸ਼ ਕੀਤੀ ਹੈ। ਇਤੀ।

ਗੁਰਦੁਆਰਾ ਅਨੰਦਗੜ੍ਹ ਸਾਹਿਬ ਦੇ ਬਨਾਉਣ ਹਿੱਤ ਉੱਦਮ ਕਰਨਾ

ਗੁਰਦੁਆਰਾ ਅਨੰਦਗੜ੍ਹ ਸਾਹਿਬ ਜੀ ਦੀ ਨਵੀਂ ਇਮਾਰਤ ਬਨਾਉਣ ਹਿੱਤ ਅਤੇ ਅਨੰਦਗੜ੍ਹ ਸਾਹਿਬ ਜੀ ਦੀ ਕੱਚੀ ਠੇਰੀ ਹੈ। ਇਹ ਠੇਰੀ ਹਰ ਸਮੇਂ ਬਾਰਸ਼ ਪੈਣ ਦੇ ਕਾਰਨ ਖੁਰਦੀ ਜਾਂਦੀ ਹੈ। ਇਸ ਦੇ ਖੁਰਨਪੁਣੇ ਨੂੰ ਰੋਕਣ ਵਾਸਤੇ ਪਹਾੜੀ ਦੇ ਆਲੇ-ਦੁਆਲੇ ਨੂੰ ਪੱਕਾ ਕਰਨ ਹਿੱਤ ਅਨੰਦਪੁਰ ਤੇ ਕੀਰਤਪੁਰ ਸਾਹਿਬ ਦੀ ਪ੍ਰਬੰਧਕ ਕਮੇਟੀ ਮਿਲ ਕੇ ਸੰਤ ਮਹਾਰਾਜ ਜੀ ਨੂੰ ਸੇਵਾ ਦੇਣੀ ਕੀਤੀ। ਸੰਤ ਮਹਾਰਾਜ ਜੀ ਨੇ ਇਸ ਸੇਵਾ ਨੂੰ ਨੇਪਰੇ ਚਾੜ੍ਹਨ ਵਾਸਤੇ ਸ਼ਹੀਦੀ ਬਾਗ ਸੰਤ ਬਾਬਾ ਹਰਨਾਮ ਸਿੰਘ ਸਾਹਿਬ ਜੀ ਦੀ ਜਿਆਣ ਵਾਲਿਆਂ ਦੀ ਪਵਿੱਤਰ ਕੁਟੀਆ ਅਸਥਾਨ ਵਿਖੇ ਦੁਆਬੇ ਦੇ ਸਾਰੇ ਸਾਧੂਆਂ ਦੀ ਇਕੱਤਰਤਾ ਕੀਤੀ, ਜਿਸ ਇਕੱਤਰਤਾ ਵਿਚ ਸੰਤ ਬਿਸ਼ਨ ਸਿੰਘ ਜੀ ਛੋਟਾ ਨੰਗਲ, ਬਾਬਾ ਘਨ੍ਹੀਆ ਸਿੰਘ ਜੀ ਪਠਲਾਵਾ, ਬਾਬਾ ਨਗੀਨਾ ਸਿੰਘ ਜੀ, ਬਾਬਾ ਮੇਲਾ ਸਿੰਘ ਜੀ ਬੰਗਾ, ਬਾਬਾ ਤਾਰਾ ਸਿੰਘ ਜੀ ਬਲਾਚੌਰ, ਹੋਰ ਵੀ ਬਹੁਤ ਸਾਰੇ ਸਾਧੂ ਇਸ ਇਕੱਤਰਤਾ ਵਿਚ ਆਏ। ਬਾਬਾ ਜਿਆਣ ਵਾਲਿਆਂ ਦੀ ਕੁਟੀਆ ਜਿਸ ਦੀ ਸੇਵਾ ਬਾਬਾ ਹਰੀ ਸਿੰਘ ਜੀ ਸੁਖਈ, ਸੰਤ ਪ੍ਰਦੁਮਨ ਸਿੰਘ ਜੀ ਦੇ ਵੱਡੇ ਭਰਾ ਕਰਿਆ ਕਰਦੇ ਸਨ। ਉਸ ਕੁਟੀਆ ਵਿਚ ਸੰਤ ਮਹਾਰਾਜ ਜੀ ਦੀ ਨਿਗਰਾਨੀ ਹੇਠ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਪ੍ਰਾਰੰਭ ਕੀਤੇ ਗਏ। ਅਖੰਡ ਪਾਠੀ ਦਾਸ ਲਿਖਾਰੀ ਸੰਤ ਮੱਖਣ ਸਿੰਘ ਜੀ, ਸੰਤ ਕੱਕਾ ਸਿੰਘ ਜੀ ਰਿਖੀ, ਮਹੰਤ ਅਮਰ ਸਿੰਘ ਜੀ, ਪੰਜ ਪਾਠੀ ਜਪੁਜੀ ਸਾਹਿਬ, ਪੰਜ ਧੂਪ ਹਮਨ ਕਰਨ ਵਾਲੇ, ਧੂਪ ਹਮਨ ਕਰਨ ਵਾਲੇ ਨੂੰ ਵੀ ਕਿਸੇ ਨਾਲ ਬੋਲਣ ਦਾ ਹੁਕਮ ਨਹੀਂ ਸੀ। ਉਸ ਨੇ ਮੂਲ-ਮੰਤਰ ਦਾ ਪਾਠ ਕਰੀ ਜਾਣਾ। ਇਨ੍ਹਾਂ ਤੋਂ ਇਲਾਵਾ ਪਹਿਰੇ ਵਾਲੇ ਸਨ, ਜੋ ਹਰ ਇਕ ਅਖੰਡਪਾਠੀ ਜਪੁ ਜੀ ਸਾਹਿਬ ਪਾਠੀ ਤੇ ਧੂਪੀਏ ਨੂੰ ਜਗਾ ਦੇ ਖਬਰ ਦੇ ਕੇ ਆਪਣੀ ਰੌਲ ਦੇ ਸਮੇਂ ਸਿਰ ਆਪਣੀ ਰੌਲ ਪਰ ਜਾਣਾ, ਇਨ੍ਹਾਂ ਤੋਂ ਇਲਾਵਾ ਅਖੰਡ ਪਾਠ ਦੀ ਪ੍ਰਾਰੰਭੀ ਪਰ ਵੀ ਘੀ ਦੇ ਦੀਵੇ ਜਗਾ ਕੇ ਆਰਤੀ ਦਾ ਕੀਰਤਨ ਕਰਕੇ ਅਰਦਾਸਾ ਸੋਧ ਕੇ ਪ੍ਰਾਰੰਭ ਕੀਤਾ ਸੀ। ਅੱਜ ਪ੍ਰਾਰੰਭ ਦਾ ਪਹਿਲਾ ਹੀ ਦਿਨ ਸੀ। ਸੰਧਿਆ ਦਾ ਸਮਾਂ ਆਇਆ, ਸੰਤ ਮੰਡਲੀ ਨੇ ਰਹਰਾਸਿ ਦਾ ਪਾਠ ਪੜ੍ਹੇ ਸੁਣੇ ਉਪਰੰਤ ਆਰਤੀ ਦਾ ਕੀਰਤਨ ਸੰਤ ਹਰੀ ਸਿੰਘ ਜੀ ਮੁਕੇਰੀਆ ਵਾਲਿਆਂ ਦੇ ਜਥੇ ਨੇ ਕੀਤਾ। ਰਹਰਾਸਿ ਆਰਤੀ ਦੀ ਅਰਦਾਸ ਕਰਕੇ ਹੀ ਹਟੇ ਸਨ। ਸਾਰੇ ਹੀ ਸਾਧੂ ਬੜੇ ਸ਼ਾਂਤੀ ਵਿਚ ਅਤੇ ਅਨੰਦ ਉਲਾਸ ਵਿਚ ਹੀ ਬੈਠੇ ਸਨ। ਇਤਨੇ ਨੂੰ ਇਕ ਬੜੀ ਮਸਤਾਨੀ ਬ੍ਰਿਤੀ ਵਾਲਾ ਕਪੜੇ ਪਾਟੇ ਹੋਏ ਅਤੇ ਮੈਲੇ-ਕੁਚੈਲੇ ਜਿਹੇ ਸਨ, ਪੈਰਾਂ ਤੋਂ ਵੀ ਨੰਗਾ, ਸਿਰੋਂ ਵੀ ਨੰਗਾ, ਸਿਰ ਦੇ ਕੇਸਾਂ ਦੀਆਂ ਜਟਾਂ ਜਿਹੀਆਂ ਬਣੀਆਂ ਹੋਈਆਂ ਸਨ, ਐਸੀ ਸੂਰਤ ਨੇ ਆ ਕੇ ਬੜੀ ਚੰਚਲਤਾ ਨਾਲ ਸੰਤਾਂ ਨੂੰ ਮੱਥਾ ਟੇਕਿਆ, ਫਿਰ ਇਕ ਦਮ ਹੀ ਬੜੀ ਚੈਂਚਲ ਚਾਲ ਨਾਲ ਅਖੰਡ ਪਾਠ ਵੱਲ ਨੂੰ ਤੁਰ ਪਿਆ। ਅੰਤਰਯਾਮੀ ਸੰਤ ਮਹਾਰਾਜ ਜੀ ਨੇ ਇਕ ਦਮ ਮੱਥਾ ਟੇਕਣ ਸਮੇਂ ਹੀ ਇਸ ਨੂੰ ਪਛਾਣ ਲਿਆ। ਉਸ ਸਮੇਂ ਸੰਤਾਂ ਦੇ ਪਾਸ ਸੰਤ ਨਗੀਨਾ ਸਿੰਘ ਜੀ ਬੈਠੇ ਸਨ। ਸੰਤਾਂ ਨੇ ਇਕ ਦਮ ਸੰਤ ਨਗੀਨਾ ਸਿੰਘ ਜੀ ਨੂੰ ਹੁਕਮ ਕੀਤਾ ਕਿ ਸੰਤ ਜੀ ਛੇਤੀ ਉਠੋ ਅਤੇ ਬਹੁਤ ਛੇਤੀ ਨਾਲ ਇਸ ਮਸਤਾਨੇ ਦੇ ਮਗਰ ਹੋਵੋ। ਇਹ ਅਖੰਡ ਪਾਠ ਵਲ ਚਲਿਆ ਹੈ, ਕਿਤੇ ਅਖੰਡ ਪਾਠ ਵਿਚ ਕੋਈ ਵਿਘਨ ਨਾ ਪਾ ਦੇਵੇ। ਸੰਤ ਨਗੀਨਾ

ਸਿੰਘ ਜੀ ਬੜੀ ਕਾਹਲੀ ਨਾਲ ਉਠੇ ਅਤੇ ਦੌੜ ਕੇ ਉਸ ਮਸਤਾਨੇ ਦੇ ਮਗਰ ਹੋ ਤੁਰੇ। ਪਰ ਮਸਤਾਨੇ ਨੂੰ ਕੋਈ ਪਤਾ ਨਹੀਂ ਕਿ ਮੇਰੇ ਮਗਰ ਵੀ ਕੋਈ ਬੰਦਾ ਆ ਰਿਹਾ ਹੈ। ਪਰ ਮਸਤਾਨੇ ਨੇ ਇਕ ਦਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਿਓਂ ਦੀਵੇ ਚੁਕਣ ਨੂੰ ਹੱਥ ਪਾ ਲਿਆ। ਸੰਤ ਨਗੀਨਾ ਸਿੰਘ ਜੀ ਨੇ ਇਕ ਦਮ ਉਸ ਮਸਤਾਨੇ ਦੀਆਂ ਬਾਹਵਾਂ ਪਿਛਲੇ ਪਾਸਿਓਂ ਘੁਟ ਕੇ ਫੜ ਲਈਆਂ, ਦੀਵੇ ਨਾ ਚੁਕਣ ਦਿਤੇ। ਇਤਨੇ ਨੂੰ ਹੋਰ ਸਿੰਘ ਆ ਗਏ, ਉਸ ਮਸਤਾਨੇ ਨੂੰ ਫੜ ਕੇ ਸੰਤ ਮਹਾਰਾਜ ਜੀ ਪਾਸ ਲੈ ਆਏ। ਸੰਤਾਂ ਤੋਂ ਹੁਕਮ ਲੈਣ ਵਾਸਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਗਿਆ ਦਿਉ ਇਸ ਦੀ ਕੁਟ-ਮਾਰ ਕਰੀਏ। ਸੰਤ ਖਿੜ ਕੇ ਹੱਸ ਕੇ ਕਹਿਣ ਲੱਗੇ, ਨਾ ਭਾਈਓ ਇਸ ਨੂੰ ਕੁਝ ਨਾ ਕਹੋ। ਇਸ ਨੂੰ ਦੁੱਧ ਤੇ ਭੋਜਨ ਛਕਾ ਕੇ ਲਿਆਉ। ਉਸ ਮਸਤਾਨੇ ਨੂੰ ਲੰਗਰ ਵਿਚ ਦੁਧ ਤੇ ਭੋਜਨ ਛਕਾਇਆ, ਫਿਰ ਸੰਤਾਂ ਪਾਸ ਲੈ ਆਏ। ਸੰਤਾਂ ਨੇ ਬੜੇ ਪ੍ਰਸੰਨ ਹੋ ਕੇ ਉਸ ਮਸਤਾਨੇ ਨੂੰ ਛੁਡਾ ਦਿੱਤਾ ਅਤੇ ਹੱਸ ਕੇ ਮਸਤਾਨੇ ਨੂੰ ਆਖਣ ਲੱਗੇ ਕਿ ਮਸਤਾਨਾ ਜੀ ਫਿਰ ਐਸਾ ਕੰਮ ਨਾ ਕਰਨਾ। ਦੇਖ ਤੈਨੂੰ ਸਿੰਘਾਂ ਕੋਲੋਂ ਛੁਡਾ ਦਿੱਤਾ, ਨਹੀਂ ਤਾਂ ਸਿੰਘਾਂ ਨੇ ਤੈਨੂੰ ਬਹੁਤ ਕੁੱਟਣਾ ਸੀ। ਮਸਤਾਨਾ ਸੰਤਾਂ ਦੀਆਂ ਅੱਖਾਂ ਨਾਲ ਅੱਖਾਂ ਮਿਲਾ ਕੇ ਹੱਸ ਕੇ ਤੁਰ ਪਿਆ। ਸਿੰਘਾਂ ਨੇ ਵੀ ਇਸ ਮਸਤਾਨੇ ਵਲ ਖਿਆਲ ਰਖਿਆ ਕਿ ਮਸਤਾਨਾ ਕਿੱਧਰ ਜਾ ਰਿਹਾ ਹੈ। ਮਸਤਾਨਾ ਥੋੜ੍ਹੀ ਦੂਰ ਜਾਂਦਾ-ਜਾਂਦਾ ਹੀ ਅੰਤਰ-ਧਿਆਨ ਹੋ ਗਿਆ, ਭਾਵ ਦਿਖਾਈ ਦੇਣ ਤੋਂ ਹਟ ਗਿਆ। ਇਹ ਕੌਤਕ ਦੇਖ ਕੇ ਸਿੰਘਾਂ ਨੇ ਸੰਤਾਂ ਤੋਂ ਪੁਛਿਆਂ ਕਿ ਮਹਾਰਾਜ ਜੀ ਇਹ ਕੀ ਕੌਤਕ ਹੋਇਆ ਹੈ?

ਸੰਤਾਂ ਨੇ ਕਿਹਾ ਕਿ ਸਿੰਘੋ ਇਹ ਕਲਜੁਗ ਸੀ, ਸਾਡੇ ਇਸ ਸ਼ੁਭ ਕਾਰਜ ਵਿਚ ਵਿਘਨ ਪਾਉਣ ਵਾਸਤੇ ਆਇਆ ਸੀ। ਕਲਗੀਧਰ ਪਿਤਾ ਨੇ ਬੜੀ ਮਿਹਰ ਕੀਤੀ ਕਿ ਇਸ ਦੀ ਸੂਝ ਛੇਤੀ ਪੈ ਗਈ ਅਤੇ ਕਲਗੀਧਰ ਪਿਤਾ ਨੇ ਵਿਘਨ ਪੈਣ ਤੋਂ ਬਚਾ ਲਿਆ। ਤੀਸਰੇ ਦਿਨ ਅਖੰਡ ਪਾਠ ਦੀ ਸਮਾਪਤੀ ਦਾ ਭੋਗ ਪਿਆ ਅਤੇ ਆਰਤੀ ਕੀਤੀ, ਫਿਰ ਅਰਦਾਸਾ ਸੋਧਿਆ ਗਿਆ, ਨਮਸ਼ਕਾਰ ਕਰਕੇ ਖੁਸ਼ੀਆਂ ਵਿਖੇ ਸੰਗਤ ਵਿਚ ਜੈਕਾਰਿਆਂ ਦੀਆਂ ਮਹਾਂ ਧੁਨੀਆਂ ਪ੍ਰਗਟ ਹੋ ਗਈਆਂ। ਫਿਰ ਸ਼ਾਂਤੀ ਸੰਯੁਗਤ ਸੰਗਤਾਂ ਸਤਿਗੁਰੂ ਦੀ ਹਜ਼ੂਰੀ ਸਜ ਗਈਆਂ, ਸ਼ਾਂਤੀ ਸਹਿਤ ਸੰਗਤਾਂ ਮੁਖਵਾਕ ਸੁਣਿਆ-

ਮੁਖਵਾਕ ਸੋਰਠਿ ਮਹਲਾ ੫॥

ਗੁਰਿ ਪੂਰੈ ਕੀਤੀ ਪੂਰੀ॥ ਪ੍ਰਭੁ ਰਵਿ ਰਹਿਆ ਭਰਪੂਰੀ॥ ਖੇਮ ਕੁਸਲ ਭਇਆ ਇਸਨਾਨਾ॥ ਪਾਰਬ੍ਰਹਮ ਵਿਟਹੁ ਕੁਰਬਾਨਾ॥ ੧॥ ਗੁਰ ਕੇ ਚਰਨ ਕਵਲ ਰਿਦ ਧਾਰੇ॥ ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ॥ ੧॥ ਰਹਾਉ॥ ਮਿਲਿ ਸਾਧੂ ਦੁਰਮਤਿ ਖੋਏ॥ ਪਤਿਤ ਪੁਨੀਤ ਸਭ ਹੋਏ॥ ਰਾਮਦਾਸਿ ਸਰੋਵਰ ਨਾਤੇ॥ ਸਭ ਲਾਥੇ ਪਾਪ ਕਮਾਤੇ॥ ੨॥ ਗੁਨ ਗੋਬਿੰਦ ਨਿਤ ਗਾਈਐ॥ ਸਾਧਸੰਗਿ ਮਿਲਿ ਧਿਆਈਐ॥ ਮਨ ਬਾਂਛਤ ਫਲ ਪਾਏ॥ ਗੁਰ ਪੂਰਾ ਰਿਦੈ ਧਿਆਏ॥ ੩॥ ਗੁਰ ਗੋਪਾਲ ਆਨੰਦਾ॥ ਜਪਿ ਜਪਿ ਜੀਵੈ ਪਰਮਾਨੰਦਾ॥ ਜਨ ਨਾਨਕ ਨਾਮੁ ਧਿਆਇਆ॥ ਪ੍ਰਭ ਅਪਨਾ ਬਿਰਦੁ ਰਖਾਇਆ॥ ੪॥

ਇਸ ਤੋਂ ਉਪਰੰਤ ਸਾਰੇ ਸਾਧੂਆਂ ਦੀ ਇੱਕਤਰਤਾ ਹੋਈ, ਜਿਸ ਵਿਚ ਗੁਰਦੁਆਰਾ ਅਨੰਦਪੁਰ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਸਕੱਤਰ, ਖਜ਼ਾਨਚੀ ਤੇ ਹੋਰ ਪਤਵੰਤੇ ਮੁਖੀ ਸੱਜਣ ਵੀ ਸਨ। ਮਹਾਨ ਭਰਵੀਂ ਵੀਚਾਰ ਹੋਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਨੇ ਸਰਬ ਸੰਮਤੀ ਨਾਲ ਕਿਹਾ ਕਿ ਗੁਰਦੁਆਰਾ ਅਨੰਦਗੜ੍ਹ ਸਾਹਿਬ ਦੀ ਮੁਕੰਮਲ ਸੇਵਾ ਸਾਡੇ ਵਲੋਂ ਸੰਤ ਹਰਖੋਵਾਲੀਆਂ ਨੂੰ ਸੌਂਪੀ ਜਾਂਦੀ ਹੈ। ਭਾਵੇਂ ਸੰਤ ਆਪ ਕਰਾਉਣ ਜਾਂ ਕਿਸੇ ਸਾਧੂ ਤੋਂ ਕਰਾਉਣ। ਇਹ ਕਮੇਟੀ ਨੇ ਦਸਖਤ ਕਰਕੇ ਲਿਖਤ ਦੇ ਦਿੱਤੀ, ਅਤੇ ਸੰਤਾਂ ਤੋਂ ਕੋਈ ਵੀ ਹਿਸਾਬ-ਕਿਤਾਬ ਲੈਣ ਦਾ ਭਾਗੀ ਨਹੀਂ, ਸੰਤ ਸੁਤੰਤਰ ਸੇਵਾ ਅੱਜ ਕਮੇਟੀ ਦੇ ਬੰਦੇ ਇਹ ਸਭ ਕੁਝ ਕਰਕੇ ਚਲੇ ਗਏ। ਫਿਰ ਦੂਸਰੇ ਦਿਨ ਸਾਧੂਆਂ ਦੀ ਇਕੱਤਰਤਾ ਕੀਤੀ, ਜਿਸ ਸਾਧੂਆਂ ਦੀ ਇਕੱਤਰਤਾ ਵਿਚ ਸੰਤਾਂ ਨੇ ਇਹ ਸੇਵਾ ਪਠਲਾਵੇ ਵਾਲੇ ਬਾਬੇ ਘਨ੍ਹੀਆ ਸਿੰਘ ਜੀ ਦੀ ਸਲਾਹ ਨਾਲ ਬਾਬੇ ਘਨ੍ਹੀਆ ਸਿੰਘ ਜੀ ਨੂੰ ਸੌਂਪ ਦਿੱਤੀ। ਹੁਣ ਸਾਰੇ ਸਾਧੂਆਂ ਨੇ ਮਿਲ ਕੇ ਪੰਜਾਂ ਪਿਆਰਿਆਂ ਦੁਆਰਾ ਨੀਂਹ-ਪੱਥਰ ਰੱਖਿਆ। ਪੰਜ ਪਿਆਰੇ ਬਾਬਾ ਘਨ੍ਹੀਆ

ਸਿੰਘ ਜੀ, ਸੰਤ ਮਹਾਰਾਜ ਜੀ, ਸੰਤ ਸੰਪੂਰਨ ਸਿੰਘ ਜੀ ਬਲਾਸਪੁਰੀ, ਸੰਤ ਬਿਸ਼ਨ ਸਿੰਘ ਜੀ ਨੰਗਲ ਖੁਰਦ, ਬਾਬਾ ਮੇਲਾ ਸਿੰਘ ਜੀ ਬੰਗਾ।

ਹੁਣ ਬਾਬਾ ਘਨ੍ਹੀਆ ਸਿੰਘ ਜੀ ਨੇ ਸੇਵਾ ਆਰੰਭ ਕਰ ਦਿੱਤੀ ਮਿਸਤਰੀ ਅਮਰ ਸਿੰਘ ਜੀ ਦੀ ਨਿਗਰਾਨੀ ਅੰਦਰ। ਬਾਬਾ ਜੀ ਨੇ ਅਨੰਦਗੜ੍ਹ ਦੀ ਠੇਰੀ ਦਾ ਪਹਿਲਾ ਬੰਧ ਲਾ ਕੇ ਡਿਉੜੀ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਸ ਕੱਚੀ ਠੇਰੀ ਨੂੰ ਢੱਕਣ ਵਾਸਤੇ ਪਉੜੀਆਂ ਦੇ ਨਾਲ-ਨਾਲ ਕਮਰੇ ਬਨਾਉਣੇ ਸ਼ੁਰੂ ਕੀਤੇ ਅਤੇ ਡਿਉੜੀ ਦੀ ਸੇਵਾ ਬੜੇ ਪਿਆਰ ਸ਼ੌਕ ਨਾਲ ਕੀਤੀ। ਇਸ ਸੇਵਾ ਵਿਚ ਬਾਬਿਆਂ ਦੇ ਸ਼ਰਧਾਲੂ ਸਾਧੂ ਬੜੇ ਵਧ ਚੜ੍ਹ ਕੇ ਸੇਵਾ ਕਰਦੇ ਸਨ। ਸੰਤ ਸਾਧੂ ਸਿੰਘ ਜੀ ਧੌਲਪੁਰੀਏ, ਸੰਤ ਗੁਰਦਿੱਤ ਸਿੰਘ ਜੀ, ਸੰਤ ਮਿਸਤਰੀ ਅਮਰ ਸਿੰਘ ਜੀ, ਭਾਈ ਸਰੈਣ ਸਿੰਘ ਜੀ, ਸੰਤ ਬਾਬਾ ਖੇਮ ਸਿੰਘ ਜੀ ਗਿਆਨੀ, ਸੰਤ ਕਰਤਾਰ ਸਿੰਘ ਜੀ, ਮਹੰਤ ਭਾਈ ਸੇਵਾ ਸਿੰਘ ਜੀ ਦੀ ਜ਼ਿੰਦਗੀ ਦਾ ਸਫਰ ਪੂਰਾ ਹੋ ਗਿਆ। ਅਕਾਲ ਪੁਰਖੀਆਂ ਦੇ ਅਖੀਰ ਦੇ ਸੱਦੇ ਆ ਗਏ। ਬਾਬਾ ਜੀ ਨੇ ਵੀ ਸਰੀਰ ਨਾਲੋਂ ਆਪਣੇ ਆਪ ਨੂੰ ਅਸੰਗ ਨਿਸ਼ਚੇ ਕੀਤਾ ਹੋਇਆ ਸੀ। ਆਪ ਜੀ ਮੱਘਰ ਦੀ ਸੰਗਰਾਂਦ ਨੂੰ ਪੰਜ-ਭੂਤਕ ਸਰੀਰ ਤਿਆਗ ਕੇ ਬ੍ਰਹਮ ਵਿਚ ਅਭੇਦ ਹੋ ਗਏ ਸਨ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।। ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ।।

ਤਥਾ- ਜਿਉ ਜਲ ਮਹਿ ਜਲੁ ਆਇ ਖਟਾਨਾ।। ਤਿਉ ਜੋਤੀ ਸੰਗਿ ਜੋਤਿ ਸਮਾਨਾ।।
ਮਿਟਿ ਗਏ ਗਵਨ ਪਾਏ ਬਿਸ੍ਰਾਮ।। ਨਾਨਕ ਪ੍ਰਭ ਕੈ ਸਦ ਕੁਰਬਾਨ।। (ਸੁਖਮਨੀ ਸਾਹਿਬ)

ਫਿਰ ਬਾਬਿਆਂ ਦੇ ਅਸਥਾਨ ਦੀ ਸੇਵਾ ਵਾਸਤੇ ਸੰਗਤਾਂ ਨੇ ਸੰਤ ਕਰਤਾਰ ਸਿੰਘ ਜੀ ਨੂੰ ਮਹੰਤ ਥਾਪਿਆ। ਸੰਤ ਕਰਤਾਰ ਸਿੰਘ ਜੀ ਨੇ ਆਪਣੇ ਡੇਰੇ ਪਿੰਡ ਪਠਲਾਵੇ ਦੀ ਸੇਵਾ ਮਨੋਂ-ਤਨੋਂ ਹੋ ਕੇ ਕੀਤੀ। ਮਹੰਤ ਕਰਤਾਰ ਸਿੰਘ ਜੀ ਤੋਂ ਬਾਅਦ ਅੱਜ-ਕਲ੍ਹ ਮਹੰਤ ਇਸ ਡੇਰੇ ਦੇ ਸੰਤ ਗਿਆਨੀ ਓਂਕਾਰ ਸਿੰਘ ਜੀ ਹਨ। ਪਰ ਅਨੰਦਗੜ੍ਹ ਡਿਉੜੀ ਆਦਿ ਅਤੇ ਉਸ ਜਗ੍ਹਾ ਲੰਗਰ ਦੀ ਸੇਵਾ ਸੰਤ ਸਾਧੂ ਸਿੰਘ ਜੀ ਦੀ ਨਿਗਰਾਨੀ ਵਿਚ ਹੁੰਦੀ ਰਹੀ। ਪਰ ਸੰਤ ਮਹਾਰਾਜ ਮਾਇਆ ਕਰਕੇ ਅਤੇ ਅੰਨ-ਦਾਣੇ ਕਰਕੇ ਮਦਦ ਦਿੰਦੇ ਰਹੇ। ਸੰਤ ਸਾਧੂ ਸਿੰਘ ਜੀ ਦੀ ਸਲਾਹ ਨਾਲ ਕੁਝ ਸਮੇਂ ਲਈ ਅਨੰਦਗੜ੍ਹ ਸਾਹਿਬ ਦੀ ਸੇਵਾ ਬਾਬਾ ਸੰਪੂਰਨ ਸਿੰਘ ਜੀ ਬਲਾਸਪੁਰੀਏ ਨੇ ਕੀਤੀ। ਸੰਤ ਸੰਪੂਰਨ ਸਿੰਘ ਜੀ ਦੀ ਨਿਗਰਾਨੀ ਹੇਠ ਡੇਰਾ ਸੰਤਗੜ੍ਹ ਜੀ ਤੋਂ ਵੀ ਸਿੰਘ ਭੇਜੇ ਗਏ ਸਨ। ਜੋ ਡੇਰੇ ਤੋਂ ਸਿੰਘ ਗਏ, ਇਨ੍ਹਾਂ ਦੇ ਨਾਂ ਸੰਤ ਮੇਹਰ ਸਿੰਘ ਜੀ, ਸੰਤ ਇੰਦਰ ਸਿੰਘ ਜੀ, ਸੰਤ ਕੱਕਾ ਸਿੰਘ ਜੀ, ਸੰਤ ਸੁੱਚਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਲਿਖਾਰੀ ਦਾ ਛੋਟਾ ਭਰਾ ਹੋਰ ਵੀ ਬਹੁਤ ਸਾਰੇ ਸਿੰਘ ਭੇਜੇ ਸਨ। ਮਸਲਨ ਜਥੇਦਾਰ ਨਰਾਇਣ ਸਿੰਘ ਜੀ ਗੱਤਕਈ, ਜਥੇਦਾਰ ਜੀ ਦੇ ਸੇਵਕ ਹਰੀ ਸਿੰਘ ਜੀ ਸ਼ਹੀਦ, ਭਾਈ ਗੁਰਮੁਖ ਸਿੰਘ ਜੀ, ਭਾਈ ਮੋਹਨ ਸਿੰਘ ਜੀ ਡੇਰੇ ਵਾਲੇ, ਸੰਤ ਗਿਆਨ ਸਿੰਘ ਜੀ, ਕੁਝ ਸਮੇਂ ਬਾਅਦ ਬਾਬਾ ਸੰਪੂਰਨ ਸਿੰਘ ਜੀ ਸਰੀਰਕ ਬਿਆਧੀ ਪੈਦਾ ਹੋਣ ਕਰਕੇ ਬੀਮਾਰ ਹੋ ਗਏ। ਬਾਬਾ ਜੀ ਦੇ ਅਸਥਾਨ ਦੀ ਮਹੰਤੀ ਸੰਤ ਮੇਹਰ ਸਿੰਘ ਜੀ ਨੂੰ ਦਿੱਤੀ ਗਈ, ਜਿਸ ਸੰਤ ਨੇ ਬਾਬਾ ਜੀ ਦੇ ਅਸਥਾਨ ਨੂੰ ਬਰਬਾਦ ਕਰ ਦਿੱਤਾ, ਸੋ ਵੀ ਕਿਤੇ ਜਾ ਕੇ ਮਰ ਗਿਆ।

ਮੇਹਰ ਸਿੰਘ ਜੀ ਤੋਂ ਉਪਰੰਤ ਬਿਲਾਸਪੁਰ ਬਾਬਾ ਜੀ ਦੇ ਅਸਥਾਨ ਨੂੰ ਜੋ ਗੈਰ ਅਬਾਦ ਪਿਆ ਸੀ, ਸੰਤ ਨਿਰੰਜਨ ਜੀ, ਜੋ ਕਿ ਬਾਬਾ ਜੀ ਦੇ ਸੇਵਕ ਸਨ, ਫਿਰ ਦੋਬਾਰਾ ਆਬਾਦ ਕੀਤਾ। ਇਨ੍ਹਾਂ ਤੋਂ ਅਨੰਦਗੜ੍ਹ ਜੀ ਦੀ ਸੇਵਾ ਸੰਤ ਮਹਾਰਾਜ ਜੀ ਦੀ ਰਾਏ ਅਨੁਸਾਰ ਭਾਈ ਸੇਵਾ ਸਿੰਘ ਨੂੰ ਸੌਂਪੀ ਗਈ। ਡੇਰੇ ਦੇ ਸਿੰਘ ਵੀ ਭਾਈ ਸੇਵਾ ਸਿੰਘ ਜੀ ਨਾਲ ਮਿਲ ਕੇ ਸੇਵਾ ਕਰਦੇ ਰਹੇ। ਸੰਤਾਂ ਦੀ ਭਾਈ ਸੇਵਾ ਸਿੰਘ ਜੀ ਨੂੰ ਇਹ ਪੱਕੀ ਹਦਾਇਤ ਸੀ ਕਿ ਗੁਰੂ ਕਾ ਲੰਗਰ ਅਤੁੱਟ ਚੱਲੇ। ਲੰਗਰ ਵਿਚ ਕਿਸੇ ਕਿਸਮ ਦੀ ਕਮੀ ਨਾ ਆਉਣ ਦਿਉ, ਫਿਰ ਇਮਾਰਤ ਦੀ ਸੇਵਾ ਆਪਣੇ ਆਪ ਹੀ ਹੁੰਦੀ ਜਾਏਗੀ। ਭਾਈ ਸੇਵਾ ਸਿੰਘ ਜੀ ਨੇ ਸੰਤਾਂ ਦਾ ਐਸਾ ਬਚਨ ਮੰਨਿਆ ਕਿ ਗੁਰੂ ਕੇ ਲੰਗਰ ਵਿਚ ਕਦੇ ਤੋਟ ਨਹੀਂ ਆਉਣ ਦਿਤੀ। ਭਾਵੇਂ ਵੀ ਭਾਈ ਸੇਵਾ ਸਿੰਘ ਜੀ ਸੰਤ ਬਾਬੇ ਘਨ੍ਹੀਆ ਸਿੰਘ ਜੀ ਦੇ ਸ਼ਬਦ ਉਪਦੇਸ਼ੀ ਸਨ। ਬਾਬੇ

ਸੇਵਾ ਸਿੰਘ ਜੀ ਦਾ ਪਿੰਡ ਝਿੱਕਾ ਲਧਾਣਾ ਹੈ ਅਤੇ ਗੁਰੂ ਘਰ ਦੇ ਅਨਿੰਨ ਸੇਵਕ ਹਨ। ਪਰ ਇਸ ਗੁਰਦਵਾਰੇ ਦੀ ਸੇਵਾ ਸੰਤ ਮਹਾਰਾਜ ਜੀ ਦੇ ਬਚਨ ਨਾਲ ਕੀਤੀ। ਸੰਤ ਲੰਗਰ ਵਾਸਤੇ ਅੰਨ ਦਾਣਾ ਵੀ ਘਲਦੇ ਰਹੇ। ਸੰਤ ਮਹਾਰਾਜ ਜੀ ਪਾਠਾਂ ਦੀਆਂ ਮਾਇਆ, ਅਖੰਡ ਪਾਠਾਂ ਦੀ ਮਾਇਆ ਅਨੰਦਗੜ੍ਹ ਘੱਲ ਦਿਆਂ ਕਰਦੇ। ਬਲਕਿ ਹਜ਼ਾਰਾਂ ਦੀ ਗਿਣਤੀ ਅੰਦਰ ਕੱਠੀ ਮਾਇਆ ਵੀ ਸੇਵਾ ਸਿੰਘ ਜੀ ਦੇ ਹਵਾਲੇ ਕਰ ਦੇਂਦੇ। ਦਾਸ ਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਅਨੰਦਗੜ੍ਹ ਗੁਰਦਵਾਰੇ ਪਰ ਲੈਂਟਰ ਪੈਣਾ ਸੀ ਸੰਤ ਸੇਵਾ ਸਿੰਘ ਜੀ ਪਾਸੋਂ ਮਾਇਆ ਘੁੰਡ ਕੱਢ ਗਈ, ਭਾਵ ਸੇਵਾ ਸਿੰਘ ਜੀ ਪਾਸ ਪੈਸਾ ਨਾ ਰਿਹਾ, ਤਾਂ ਸੰਤਾਂ ਨੇ ਨੌਂ ਹਜ਼ਾਰ ਰੁਪਿਆ ਕੱਠਾ ਦੇ ਕੇ ਲੈਂਟਰ ਪਵਾਇਆ। ਇਕ ਵਾਰੀ ਤੇਰਾਂ ਹਜ਼ਾਰ ਦਿੱਤਾ। ਗੱਲ ਕੀ ਜਦੋਂ ਵੀ ਸੰਤ ਸੇਵਾ ਸਿੰਘ ਜੀ ਨੂੰ ਮਾਇਆ ਦੀ ਲੋੜ ਪੈਂਦੀ, ਸੰਤਾਂ ਦੇ ਪਾਸੋਂ ਲੈ ਜਾਂਦੇ। ਇਸ ਢੰਗ ਨਾਲ ਅਨੰਦਗੜ੍ਹ ਸਾਹਿਬ ਦੀ ਠੇਰੀ ਵੀ ਪੱਕੀ ਤਰ੍ਹਾਂ ਆਲੇ-ਦੁਆਲੇ ਤੋਂ ਢੱਕੀ ਗਈ। ਗੁਰਦੁਆਰਾ ਸਾਹਿਬ ਵੀ ਮੁਕੰਮਲ ਹੋ ਗਿਆ। ਅਨੇਕਾਂ ਮਕਾਨ ਤੇ ਸਰਾਵਾਂ ਆਦਿਕ ਸੰਤ ਸੇਵਾ ਸਿੰਘ ਜੀ ਨੇ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਫਿਰ ਤਾਂ ਸਤਿਗੁਰੂ ਜੀ ਦੀ ਕ੍ਰਿਪਾ-ਭਰਿਆ ਹੱਥ ਸੰਤ ਸੇਵਾ ਸਿੰਘ ਜੀ ਦੇ ਸਿਰ ਪਰ ਭਰਪੂਰ ਹੋ ਗਿਆ। ਸਿੱਖ ਜਗਤ ਵਿਚ ਸੰਤ ਸੇਵਾ ਸਿੰਘ ਜੀ ਦੀਆਂ ਸੇਵਾਵਾਂ ਪ੍ਰਗਟ ਹੋ ਗਈਆਂ ਅਤੇ ਗੁਰੂ ਦੀਆਂ ਸੰਗਤਾਂ ਨੇ ਸੰਤ ਸੇਵਾ ਸਿੰਘ ਜੀ ਦਾ ਗੁਰਦਵਾਰਿਆਂ ਦੀ ਸੇਵਾ ਵਿਚ ਮਾਇਆ ਕਰਕੇ, ਤਨ ਕਰਕੇ ਬਹੁਤ ਹੱਥ ਵਟਾਇਆ, ਭਾਵ ਸੇਵਾ ਕੀਤੀ।

ਹੁਣ ਤਾਂ ਅਨੰਦਗੜ੍ਹ ਦੀ ਹੀ ਸੇਵਾ ਨਹੀਂ, ਬਲਕਿ ਕੀਰਤਪੁਰ ਸਾਹਿਬ ਵਿਚ ਗੁਰਦਵਾਰਿਆਂ ਦੀ ਸੇਵਾ ਕਰਾਈ ਅਤੇ ਗੁਰੂ ਕੇ ਲਾਹੌਰ ਗੁਰਦਵਾਰਿਆਂ ਦੀ ਸੇਵਾ ਅਤੇ ਜਿੱਥੇ ਕਲਗੀਧਰ ਨੇ ਵਿਆਹ ਸਮੇਂ ਬਰਛੇ ਮਾਰ ਕੇ ਪਾਣੀ ਕਢਿਆ, ਉਨ੍ਹਾਂ ਸਰੋਵਰਾਂ ਦੀ ਸੇਵਾ। ਜਿਥੇ ਸਤਿਗੁਰੂ ਦੇ ਘੋੜੇ ਨੇ ਪੌੜ ਮਾਰ ਕੇ ਪਾਣੀ ਕੱਢਿਆ, ਉਸ ਅਸਥਾਨ ਦੀ ਸੇਵਾ, ਸੇਹਰਾ ਸਾਹਿਬ ਗੁਰਦਵਾਰੇ ਦੀ ਸੇਵਾ, ਜਿਥੇ ਕਿ ਕਲਗੀਧਰ ਦੇ ਵਿਆਹ ਸਮੇਂ ਸੇਹਰਾ ਬੰਨ੍ਹਿਆ ਸੀ ਅਤੇ ਛੇਵੇਂ ਸਤਿਗੁਰੂ ਜੀ ਦੇ ਘੋੜੇ ਦੇ ਪਵਿੱਤਰ ਅਸਥਾਨ, ਜਿਥੇ ਕਿ ਸਤਿਗੁਰੂ ਦੇ ਘੋੜੇ ਨੇ ਸਰੀਰ ਤਿਆਗਣ ਕੀਤਾ ਹੈ। ਸੰਗਤਾਂ ਦੀ ਕਹਾਵਤ ਹੈ ਕਿ ਏਥੇ ਸਤਿਗੁਰੂ ਦੇ ਘੋੜੇ ਨੇ ਪਿੰਡਾ ਛਿਣਕਿਆ ਤਾਂ ਸਵਾ ਮਣ ਸਿੱਕਾ ਗੋਲੀਆਂ ਦਾ ਘੋੜੇ ਦੇ ਪਿੰਡੇ ਵਿਚੋਂ ਨਿਕਲਿਆ ਸੀ। ਕਿਉਂਕਿ ਸਤਿਗੁਰੂ ਦਲ ਭੰਜਨ ਸੂਰਮਾ ਸ੍ਰੀ ਕਰਤਾਰਪੁਰ ਸਾਹਿਬ ਜੀ ਮਹਾਨ ਜੁਧ ਕਰਕੇ ਇਸ ਰਸਤੇ ਕੀਰਤਪੁਰ ਸਾਹਿਬ ਨੂੰ ਆਏ ਸਨ। ਇਨ੍ਹਾਂ ਸਾਰੇ ਗੁਰਦਵਾਰਿਆਂ ਦੇ ਬਨਾਉਣ ਦੀ ਸੇਵਾ ਦਾ ਮਾਣ ਤੇ ਸੇਹਰਾ ਸੰਤ ਸੇਵਾ ਸਿੰਘ ਜੀ ਦੇ ਸਿਰ ਪਰ ਆਉਂਦਾ ਹੈ, ਜੋ ਕਿ ਅੱਜ-ਕਲ ਸੰਤ ਜੀ ਗੁਰੂ ਕੇ ਮਹਿਲਾਂ ਦੀ ਸੇਵਾ ਸ੍ਰੀ ਅੰਮ੍ਰਿਤਸਰ ਸਾਹਿਬ ਕਰਾ ਰਹੇ ਹਨ। ਇਹ ਹੈ ਮਹਾਂਪੁਰਸ਼ਾਂ ਦੇ ਬਚਨ ਮੰਨ ਕੇ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਹਾਸਲ ਕਰਨ ਦਾ ਫਲ। ਇਤੀ।

ਜਗਤ ਦੀ ਸਹਾਇਤਾ ਹਿੱਤ ਪੰਜ ਸਾਲ ਮੂਲ-ਮੰਤਰ ਦੇ ਪਾਠ ਕਰਾਉਣੇ

ਸਤਿਗੁਰੂ ਸੱਚੇ ਪਾਤਸ਼ਾਹ ਨੇ ਅਕਾਲੀ ਬਾਣੀ ਅੰਦਰ ਜਗਤ ਦੇ ਭਲੇ ਲਈ ਇਕ ਅਰਦਾਸ ਰੂਪ ਅਟੱਲ ਬਾਣੀ ਦੀ ਤੁਕ ਉਚਾਰਣ ਕੀਤੀ ਹੈ :-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।। ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।।
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ।। ਨਾਨਕ ਅਵਰ ਨ ਸੁਝਈ ਹਰਿ ਬਿਨੁ ਬਖਸਣਹਾਰੁ।। (ਪੰਨਾ ੮੫੩)

ਸਤਿਗੁਰੂ ਦੇ ਇਸ ਅਟੱਲ ਮਹਾਂਵਾਕ ਅਨੁਸਾਰ ਗੁਰੂ-ਘਰ ਦੇ ਪੂਰਨ ਪੁਰਖ ਵੀ ਆਪਣੀ ਜ਼ਿੰਦਗੀ ਵਿਚ ਸਦਾ ਵੱਸਦੇ ਜਗਤ ਦਾ ਭਲਾ ਲੋਚਦੇ ਰਹਿੰਦੇ ਹਨ। ਕਿਉਂਕਿ ਮਹਾਂਪੁਰਸ਼ਾਂ ਨੇ ਆਪਣਾ ਜੀਵਨ ਤਾਂ ਸਫਲ ਕਰ ਲਿਆ ਹੁੰਦਾ ਹੈ, ਪੂਰਨ ਮਹਾਂਪੁਰਸ਼ਾਂ ਨੇ ਆਪਣਾ ਮੁਕਤੀ ਰੂਪੀ ਕੰਮ ਕਰ ਲਿਆ ਹੁੰਦਾ ਹੈ। ਪਰ ਸੁਆਰਥੀ ਵਾਸਤੇ ਸਦਾ ਲੋਚਦੇ ਰਹਿੰਦੇ ਹਨ। ਯਥਾ ਸਾਸ਼ਤਰ ਦਾ ਕਥਨ ਹੈ :- *ਸਵੈ ਕਾਰਜਾ ਸਿਧਤੀ ਪਰਕਾਰਜਾ ਧਾਇਤੀ।।* ਦੇ ਅਨੁਸਾਰ

ਆਪਣੀ ਜ਼ਿੰਦਗੀ ਬਤੀਤ ਕਰਦੇ ਰਹਿੰਦੇ ਹਨ ਅਤੇ ਜੋ ਪਰਸਵਾਰਥੀ ਕਰਦੇ ਹਨ, ਉਸ ਵਿਚ ਵੀ ਕੋਲ ਰਹਿਣ ਵਾਲੇ ਜਗਿਆਸੂਆਂ ਦਾ ਭਲਾ ਲੋਚਦੇ ਹਨ। ਇਸ ਅਸੂਲ ਨੂੰ ਮੁਖ ਰਖਦਿਆਂ ਹੋਇਆਂ ਸੰਤ ਮਹਾਰਾਜ ਨੇ ਸੰਨ 1948 ਈਸਵੀ ਨੂੰ ਅਨੰਦਗੜ੍ਹ ਦੀ ਨਵੀਂ ਡਿਉੜੀ ਦੀ ਵੱਡੀ ਇਮਾਰਤ ਉਪਰ ਮੂਲ-ਮੰਤਰ ਦੀ ਵਰਨੀ ਹੋਲੇ-ਮਹੱਲੇ ਦੇ ਸਮੇਂ ਅਰੰਭ ਕਰ ਦਿਤੀ, ਜਿਸ ਦੀ ਵਿਧੀ ਇਸ ਪ੍ਰਕਾਰ ਸੀ :-

ਇਕਾਂਤ ਦੇਸੀ ਗਊ ਦੇ ਘੀ ਦੀ ਜੋਤ ਅਤੇ ਮਹਾਨ ਸਵੱਛ ਵਾਸ਼ਨਾਦਾਰ, ਜਿਸ ਵਿਚ 32 ਪਵਿੱਤਰ ਚੀਜ਼ਾਂ ਪਈਆਂ ਹੋਣ, ਕਸਤੂਰੀ ਕੇਸਰ ਆਦਿਕ ਤੇ ਗਊ ਦਾ ਘੀ ਪਾ ਕੇ ਸਨਿਘਧ ਕੀਤੇ ਤੇ ਧੂਪ ਦਾ ਹਵਨ ਅਰੰਭ ਕੀਤਾ ਗਿਆ। ਮੂਲ-ਮੰਤਰ ਦੇ ਪਾਠੀਆਂ ਦਾ ਪਹਿਲਾਂ ਮੂਲ-ਮੰਤਰ ਸ਼ੁਧ ਕਰਵਾਇਆ। ਪਾਠੀ ਸੂਬੇਦਾਰ ਉਜਾਗਰ ਸਿੰਘ ਜੀ, ਜਥੇਦਾਰ ਪ੍ਰੇਮ ਸਿੰਘ ਜੀ, ਸੰਤ ਜੁਗਿੰਦਰ ਸਿੰਘ ਜੀ ਵੀ ਪਾਠੀਆਂ ਵਿਚ ਸ਼ਾਮਲ ਹੋਏ ਸਨ। ਇਕ ਦੋ ਸਾਲ ਸੰਤ ਗਿਆਨ ਸਿੰਘ ਜੀ ਵੀ ਪਾਠੀਆਂ ਵਿਚ ਸ਼ਾਮਲ ਹੋਏ, ਮੂਲ-ਮੰਤਰ ਦੇ ਪਾਠੀ ਸੁਦੇ ਕੇਸੀ ਇਸ਼ਨਾਨ ਕਰਕੇ ਤੇ ਦਿਨ ਦੇ ਕਪੜੇ ਬਦਲੀ ਕਰਕੇ ਸਵੱਛ ਬਸਤਰ ਪਾ ਕੇ ਪਾਠ ਕਰਨ ਬੈਠਣਾ, ਇਹ ਪਾਠ ਲਗਾਤਾਰ ਵੈਸਾਖੀ ਤਕ ਹੁੰਦਾ ਰਹਿੰਦਾ। ਵਿਸਾਖੀ ਵਾਲੇ ਦਿਨ ਸਮਾਪਤੀ ਦਾ ਅਰਦਾਸਾ ਕਰਕੇ ਅਨੰਦਪੁਰ ਸਾਹਿਬ ਦੇ ਸਾਰੇ ਗੁਰਦਵਾਰਿਆਂ ਵਿਚ ਦੇਸੀ ਘੀ ਨਾਲ ਯੱਗ ਕੀਤੇ ਜਾਂਦੇ। ਇਸ ਤਰ੍ਹਾਂ ਦਾ ਸਿਮਰਨ ਸਾਧਨ ਤਕਰੀਬਨ ਪੰਜ ਛੇ ਸਾਲ ਹੁੰਦਾ ਰਿਹਾ। ਹਰ ਸਾਲ ਵਿਸਾਖੀ ਵਾਲੇ ਦਿਨ ਸਾਰੇ ਗੁਰਦਵਾਰੇ ਜੱਗ ਕਰਨੇ, ਇਹ ਜਪ ਤਪ ਤੇ ਯੱਗ ਕਰਨ ਦਾ ਮਕਸਦ ਸੀ ਸਾਰੇ ਦੇਸ਼ ਦਾ ਭਲਾ ਕਰਨਾ ਤੇ ਸਾਰੇ ਦੇਸ਼ ਵਿਚ ਸ਼ਾਂਤੀ ਤੇ ਸੁਖ ਵਰਤਣੀ ਅਤੇ ਜੰਗਾਂ-ਯੁਧਾਂ ਵਿਚ ਦੇਸ਼ ਦੀ ਚੜ੍ਹਦੀ ਕਲਾ ਰਹਿਣੀ ਅਤੇ ਸਿੰਘਾਂ ਦਾ ਮਨ-ਅਭਿਆਸ ਕਰਕੇ ਸਵੱਛ ਹੋਣਾ ਅਤੇ ਲੰਗਰ ਸੇਵਾ ਕਰਕੇ ਮਨ ਵਿਚ ਸੇਵਾ ਭਾਵਨਾ ਆਉਣ ਕਰਕੇ ਦਰ ਕਬੂਲ ਹੋਣਾ। ਲੰਗਰ ਦੀ ਸੇਵਾ ਸੰਤ ਸ਼ਾਦੀ ਸਿੰਘ ਜੀ ਕਰਿਆ ਕਰਦੇ ਸਨ। ਸੰਤ ਸ਼ਾਦੀ ਸਿੰਘ ਜੀ ਦਾ ਸਾਥੀ ਸੰਤ ਰਤਨ ਸਿੰਘ ਜੀ ਰੋਪੜ ਦੇ ਇਲਾਕੇ ਵਿਚੋਂ ਪ੍ਰਸ਼ਾਦੇ ਦੀ ਡਾਲੀ ਵੀ ਲਿਆਇਆ ਕਰਦਾ ਸੀ। ਮੂਲ-ਮੰਤਰ ਦੇ ਪਾਠੀਆਂ ਨੂੰ ਉਚੇਚੇ ਤੌਰ ਤੇ ਇਕ ਪੀਪਾ ਦੇਸੀ ਘੀ ਦਾ ਸੰਤ ਮਹਾਰਾਜ ਜੀ ਵਲੋਂ ਮਿਲਦਾ ਸੀ। ਇਸ ਮੂਲ-ਮੰਤਰ ਦੇ ਪਾਠ ਨੇ ਜਗਿਆਸੂਆਂ ਦਾ ਅਤੇ ਦੇਸ਼ ਦਾ ਭਲਾ ਕੀਤਾ ਸੀ, ਜਿਸ ਨੂੰ ਸਰਬੱਗ ਲੋਕ ਹੀ ਜਾਣ ਸਕਦੇ ਹਨ। ਫਿਰ ਬਾਬਾ ਭਾਜਾ ਸਿੰਘ ਜੀ ਮਸਤਾਨਿਆਂ ਦੀ ਆਗਿਆ ਨਾਲ ਇਸ ਪਾਠ ਦੀ ਸਮਾਪਤੀ ਹੋਈ ਸੀ। ਬਾਬਾ ਭਾਜਾ ਸਿੰਘ ਜੀ ਨੇ ਸੰਤਾਂ ਨੂੰ ਆਪਣੇ ਅਗੰਮੀ ਇਸ਼ਾਰੇ ਨਾਲ ਕਹਿ ਦਿੱਤਾ ਸੀ ਕਿ ਮਹਾਰਾਜ ਜੀਉ, ਹੁਣ ਜਪ ਤਪ ਬਹੁਤ ਹੋ ਗਿਆ ਹੈ। ਸੰਤਾਂ ਨੇ ਬਾਬਾ ਭਾਜਾ ਸਿੰਘ ਜੀ ਦਾ ਬਚਨ ਮੰਨ ਕੇ ਇਸ ਜਪ ਤਪ ਸਾਧਨ ਦੀ ਸਮਾਪਤੀ ਕਰ ਦਿਤੀ ਸੀ। ਇਤੀ।

ਸੰਤ ਸ਼ਾਦੀ ਸਿੰਘ ਜੀ ਦਾ ਸੰਤ ਮਹਾਰਾਜ ਜੀ ਨਾਲ ਮਿਲਾਪ

ਪਿੰਡ ਲੋਧੀ ਮਾਜਰਾ ਦਰਿਆ ਸਤਲੁਜ ਦੇ ਨਜ਼ਦੀਕ ਬੜੇ ਪ੍ਰੇਮੀਆਂ ਤੇ ਸਿਦਕੀ ਸਿੰਘਾਂ ਦਾ ਵੱਸਦਾ ਹੈ। ਭਾਵੇਂ ਵੀ ਸੈਣੀ ਬਰਾਦਰੀ ਨਾਲ ਤੁਅੱਲਕ ਰਖਦੇ ਹਨ, ਪਰ ਅੰਮ੍ਰਿਤਧਾਰੀ ਸਿੰਘਾਂ ਦੀ ਜਾਤ-ਪਾਤ ਨਾਲ ਕੋਈ ਸਾਂਝ ਨਹੀਂ। ਸਿੰਘਾਂ ਦੀ ਜਾਤ ਗੋਤ ਹੀ ਖਾਲਸਾ ਹੈ, ਕਿਉਂਕਿ ਸਤਿਗੁਰੂ ਕਲਗੀਧਰ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਜਾਤ-ਪਾਤ ਵਾਲਾ ਭਰਮ ਤੋੜ ਕੇ ਇਕ ਬਾਟੇ ਦੇ ਸਾਂਝੀਵਾਲ ਕਰ ਦਿੱਤੇ ਸਨ। ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਮਾਤਾ ਸਾਹਿਬ ਦੇਵਾਂ ਜੀ ਵਾਸੀ ਅਨੰਦਪੁਰ ਸਾਹਿਬ ਨਿਹਚੇ ਕਰਵਾ ਦਿਤੀ ਸੀ, ਕਿਸੇ ਸ਼ਾਇਰ ਨੇ ਖਾਲਸੇ ਦੀ ਜਾਤ-ਪਾਤ ਦਾ ਇਸ ਪ੍ਰਕਾਰ ਨਿਰਣਾ ਕੀਤਾ ਹੈ—

ਕਬਿੱਤ- "ਹਿੰਦ ਦੇ ਬਚਾਉਣ ਹਿਤ ਸ੍ਰੀ ਦਸਮੇਸ਼ ਜੀ ਨੇ ਪੂਰਬ ਵਿਸਾਖੀ ਤੇ ਇਕ ਦੀਵਾਨ ਲਾਇਆ ਸੀ।
ਜੱਟ ਜੜ੍ਹੋਂ ਪੁਟਿਆ ਖੱਤਰੀ ਖਪਾਇਆ ਖੂਹੇ, ਨਾਈਪੁਣਾ ਦੂਰ ਕਰ ਨਦੀ ਮੇਂ ਰੁੜ੍ਹਾਇਆ ਸੀ।
ਛੀਬੇਂ ਦੇ ਛਟਾਕ ਦੇ ਕੇ ਛੋਟੇ-ਛੋਟੇ ਟੋਟੇ ਕੀਤੇ, ਝੀਵਰ ਨੂੰ ਤੰਬੂ ਮੇਂ ਲਿਜਾ ਕੇ ਝਟਕਾਇਆ ਸੀ।

ਖਾਲਸਾ ਜੀ ਖਾਲਸੇ ਦੀ ਜਾਤ ਮਾਨੋ ਖਾਲਸਾ ਹੀ ਜਾਤੀ-ਪਾਤੀ ਵਾਲਾ ਭਰਮ ਮੇਟ ਕੇ ਵਖਾਇਆ ਸੀ।

ਕੈਸਾ ਖਾਲਸਾ ਸਾਜਿਆ ਹੈ?

ਕਬਿੱਤ- ਜਪੀ ਤਪੀ ਹਠੀ ਸੂਰਮਾ ਸੁਭਟ ਸਿੰਘ ਦੇ ਖੰਡੇ ਪ੍ਰਾਹੁਲ ਵਾਂਗ ਖੰਡਾ ਚਮਕਾਇਆ ਸੀ।
ਮੱਚੀ ਤਰਥੱਲੀ ਹਲੀ ਧਰਤ ਸਭ ਗਰਜ ਸੁਨ, ਜਾਬਰ ਜਰਵਾਣਾ ਜਿਸ ਜ਼ੋਰ ਸਿਉਂ ਨਿਵਾਇਆ ਸੀ।
ਦੀਨ ਰਖਵਾਲਾ ਬਾਲਾ ਵਾਲੇ ਜੋ ਅਕਾਲ ਸੰਦਾ, ਬੋਲ ਦਾ ਅਕਾਲ ਡਰ ਕਾਲ ਦਾ ਚੁਕਾਇਆ ਸੀ।
ਮਾਤਾ ਸਾਹਿਬ ਦੇਵਾਂ, ਪਿਤਾ ਗੋਬਿੰਦ ਮ੍ਰਿਗਿੰਦ ਮਿਲ, ਤੇਜ ਪ੍ਰਕਾਸ਼ ਹਿਤ ਖਾਲਸਾ ਸਜਾਇਆ ਸੀ।

ਇਸ ਲਈ ਇਸ ਲੋਧੀ ਮਾਜਰੇ ਪਿੰਡ ਵਿਚ ਸਾਰੇ ਹੀ ਸਿੰਘ ਵੱਸਦੇ ਹਨ। ਸਿੰਘਾਂ ਦੇ ਰਾਜ ਸਮੇਂ ਇਹ ਸ੍: ਤਾਰਾ ਸਿੰਘ ਜੀ ਗੈਬੇ ਦੀ ਰਿਆਸਤ ਸੀ, ਜਿਨ੍ਹਾਂ ਵਿਚ ਭਰਤ ਗੜ੍ਹੀਏ ਸਰਦਾਰ ਹਨ। ਇਸ ਲੋਧੀ ਮਾਜਰੇ ਪਿੰਡ ਦੇ ਪ੍ਰੇਮੀਆਂ ਦਾ ਪ੍ਰੇਮ ਦੇਖ ਕੇ ਸੰਤ ਬਾਬੇ ਅਤਰ ਸਿੰਘ ਜੀ ਮਸਤੂਆਣਿਆਂ ਨੇ ਵੀ ਦੀਵਾਨ ਸਜਾ ਕੇ ਅਤੇ ਅਲਾਹੀ ਕੀਰਤਨ ਦੁਆਰਾ ਇਸ ਇਲਾਕੇ ਨੂੰ ਨਿਹਾਲ ਕੀਤਾ ਸੀ ਅਤੇ ਬਾਬਾ ਜੀ ਪਾਸੋਂ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛੱਕ ਕੇ ਖਾਲਸੇ ਸਜੇ ਸਨ। ਇਨ੍ਹਾਂ ਗੁਰਮੁਖਾਂ ਦੇ ਦਾਸ ਨੇ ਵੀ ਦਰਸ਼ਨ ਕੀਤੇ ਸਨ। ਜੈਸੇ ਕਿ ਹਕੀਮ ਜੀ ਇਸ ਪਿੰਡ ਵਿਚ ਬਾਬਾ ਜੀ ਦੇ ਅੰਮ੍ਰਿਤਧਾਰੀ ਸਿੰਘ ਸਨ। ਜਿਸ ਧਰਤੀ ਨੂੰ ਇਸ ਪਿੰਡ ਵਿਚ ਬਾਬਾ ਜੀ ਨੇ ਪਵਿੱਤਰ ਕੀਤਾ ਸੀ, ਉਸ ਜਗ੍ਹਾ ਸੰਤ ਹਰੀ ਸਿੰਘ ਜੀ ਨੇ ਕੁਟੀਆ ਪਾਈ ਸੀ। ਅੱਜ-ਕਲ ਉਸ ਕੁਟੀਆਂ ਵਿਚ ਰਿਖੀ ਗੁਰਮੁਖ ਰਿਹਾਇਸ਼ ਰਖਦੇ ਹਨ। ਜਿਸ ਰਿਖੀ ਜੀ ਨੇ ਇਸ ਕੁਟੀਆ ਨੂੰ ਤਰਜੀਹ ਦਿਤੀ ਹੈ। ਰਿਖੀ ਜੀ ਬੜੇ ਨਿਰਇੱਛਤ ਹਨ। ਰਿਖੀ ਜੀ ਨੇ ਬਹੁਤ ਸਾਰੇ ਗੁਰਮੁਖਾਂ ਨੂੰ ਗੁਰਮੁਖੀ ਵਿਦਿਆ ਪੜ੍ਹਾ ਕੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣਾ ਦਿਤਾ ਹੈ ਅਤੇ ਸੰਤ ਮਹਾਰਾਜ ਜੀ ਇਸ ਪਿੰਡ ਵਿਚ ਪ੍ਰੇਮੀਆਂ ਦਾ ਪ੍ਰੇਮ ਦੇਖ ਕੇ ਤਿੰਨ ਚਾਰ ਵਾਰੀ ਗਏ ਹਨ ਤੇ ਇਸੇ ਕੁਟੀਆ ਵਿਚ ਆਸਣ ਰਖਦੇ ਰਹੇ ਹਨ। ਇਸ ਪਿੰਡ ਵਿਚ ਸ੍: ਸੁੰਦਰ ਸਿੰਘ ਜੀ, ਸੰਤ ਬਾਬੇ ਮਸਤੂਆਣਿਆਂ ਤੋਂ ਅੰਮ੍ਰਿਤ ਛੱਕ ਕੇ ਆਪਣਾ ਗ੍ਰਹਿਸਤੀ ਜੀਵਨ ਗੁਰਮਤਿ ਅਨੁਸਾਰ ਬਤੀਤ ਕਰ ਰਹੇ ਸਨ। ਜਿਨ੍ਹਾਂ ਦੀ ਅਰਧੰਗੀ ਪੁਰਾਤਨ ਨਾਮ ਵਾਲੀ ਰਾਮ ਆਸਰੀ ਸੀ, ਜਿਸ ਮਾਤਾ ਰਾਮ ਆਸਰੀ ਨੇ ਰਾਮ ਦਾ ਹੀ ਆਸਰਾ ਤੱਕਿਆ ਤੇ ਨਿਸ਼ਚਾ ਕੀਤਾ ਹੋਇਆ ਸੀ, ਜਿਥੇ ਸ੍: ਸੁੰਦਰ ਸਿੰਘ ਜੀ ਧਰਮ ਦੀ ਸਦਾ ਕ੍ਰਿਤ ਕਰਕੇ ਆਪਣੇ ਪਰਵਾਰ ਦੀ ਪਾਲਣਾ ਕਰਦੇ ਸਨ, ਉਥੇ ਮਾਤਾ ਰਾਮ ਆਸਰੀ ਜੀ ਵੀ ਧਰਮ ਕਿਰਤ ਵਿਚੋਂ ਵੰਡ ਛੱਕਦੇ ਸਨ ਅਤੇ ਆਏ ਸਾਧੂ ਸੰਤ ਅਭਿਆਗਤ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਸਤਿਗੁਰੂ ਜੀ ਨੇ ਮਿਹਰ ਕੀਤੀ ਕਿ ਸ਼ੁਭ ਸਮਾਂ ਆਉਣ ਤੋਂ ਇਸ ਦੰਪਤੀ ਦੇ ਘਰ ਵਿਚ ਹੋਣਹਾਰ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਗੁਰਦਵਾਰੇ ਜਾ ਕੇ ਸ਼ਾਦੀ ਸਿੰਘ ਰਖਵਾਇਆ। ਮਾਤਾ ਪਿਤਾ ਨੇ ਸ਼ਾਦੀ ਸਿੰਘ ਜੀ ਨੂੰ ਮੁਢਲੀ ਵਿਦਿਆ ਸਕੂਲ ਵਿਚ ਪ੍ਰਾਪਤ ਕਰਵਾਈ, ਹੋਣਹਾਰ ਮਾਪਿਆਂ ਦਾ ਬੱਚਾ ਬੜਾ ਲੰਬਾ ਸੋਹਣਾ ਕੱਦ ਵਾਲਾ ਗਭਰੂ ਨਿਕਲਿਆ। ਅਠਾਰਾਂ ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਹੋ ਗਿਆ, ਫੌਜ ਵਿਚ ਹੀ ਸਤਿਸੰਗ ਕਰਦਿਆਂ ਪ੍ਰਭੂ ਸਿਮਰਨ ਦੀ ਲਗਨ ਲਗ ਗਈ। ਜਦੋਂ ਨੌਕਰੀ ਤੋਂ ਰਿਟਾਇਰ ਹੋ ਕੇ ਆਪਣੇ ਪਿੰਡ ਆਇਆ, ਪਿੰਡ ਆ ਕੇ ਵੀ ਉਸ ਨਾਮ ਦੀ ਲਗਨ ਵਿਚ ਲੱਗੇ ਰਹਿੰਦੇ ਅਤੇ ਚਿੱਤ ਵਿਚ ਪੂਰਨ ਪੁਰਖ ਦੇ ਮਿਲਾਪ ਦੇ ਬਹੁਤ ਤੀਬਰ ਫੁਰਨੇ ਰਹਿੰਦੇ। ਉਸ ਤੀਬਰ ਫੁਰਨੇ ਅਨੁਸਾਰ ਅਕਾਲ ਪੁਰਖ ਨੇ ਮੇਹਰ ਕੀਤੀ ਕਿ ਪੂਰਨ ਸੰਤ ਬੜੇ ਬੀਤ ਰਾਗ ਸੇਵਾ ਆਤਮਾ ਦੇ ਬੋਧ ਵਾਲੇ ਬ੍ਰਿਕਤ ਮਹੰਤ ਕੇਸਰ ਸਿੰਘ ਜੀ ਦਾ ਮਿਲਾਪ ਹੋ ਗਿਆ। ਭਾਈ ਸ਼ਾਦੀ ਸਿੰਘ ਜੀ ਨੇ ਸੰਤ ਕੇਸਰ ਸਿੰਘ ਜੀ ਦਾ ਸਤਿਸੰਗ ਕਰਦਿਆਂ ਅਤੇ ਉਨ੍ਹਾਂ ਮਹਾਂਪੁਰਸ਼ਾਂ ਦੀ ਸੇਵਾ ਕਰਦਿਆਂ ਕੁਝ ਸਮਾਂ ਗੁਜ਼ਾਰਿਆ ਤੇ ਉਨ੍ਹਾਂ ਮਹਾਂਪੁਰਖਾਂ ਦੇ ਉਪਦੇਸ਼ ਅਨੁਸਾਰ ਲੱਗੇ ਸਿਮਰਨ ਤੇ ਸੇਵਾ ਕਰਨ। ਸੰਤ ਕੇਸਰ ਸਿੰਘ ਜੀ ਆਪਣੀ ਪ੍ਰਾਲਬਧ ਭੋਗ ਕੇ ਜੋਤੀ ਜੋਤ ਸਮਾ ਗਏ। ਸੰਤ ਸ਼ਾਦੀ ਸਿੰਘ ਜੀ ਨੂੰ ਜੋ ਸੇਵਾ ਦੀ ਲਗਨ ਲੱਗੀ ਹੋਈ ਸੀ, ਉਸ ਲਗਨ ਅਨੁਸਾਰ ਗੁਰਦੁਆਰਾ ਅਨੰਦਗੜ੍ਹ ਦੀ ਸੇਵਾ ਵਿਚ ਹਾਜ਼ਰ ਹੋ ਕੇ ਗੁਰਦੁਆਰਾ ਅਨੰਦਗੜ੍ਹ ਦੀ ਸੇਵਾ ਵਿਚ ਹੀ ਸੰਤ ਮਹਾਰਾਜ ਜੀ ਦੇ ਦਰਸ਼ਨ ਕੀਤੇ। ਸੰਤਾਂ ਦੇ ਦਰਸ਼ਨ ਕਰਦਿਆਂ ਹੀ ਮਨ ਸੰਤਾਂ ਦੇ ਪ੍ਰੇਮ ਵਿਚ ਬਿਧ ਗਿਆ। ਸੰਤ ਸ਼ਾਦੀ ਸਿੰਘ ਜੀ

ਹੁਣ ਸੰਤ ਮਹਾਰਾਜ ਜੀ ਦੇ ਬਚਨਾਂ ਦੇ ਅਧਿਕਾਰੀ ਹੋ ਗਏ।

ਇਕ ਦਿਨ ਸੰਤਾਂ ਨੇ ਆਪਣੇ ਪਾਸ ਬੁਲਾ ਕੇ ਬੜੇ ਪਿਆਰ ਨਾਲ ਕਿਹਾ ਕਿ ਸੰਤ ਸ਼ਾਦੀ ਸਿੰਘ ਜੀ! ਤੁਸੀਂ ਲੰਗਰ ਦੀ ਸੇਵਾ ਕਰਿਆ ਕਰੋ। ਸੰਤਾਂ ਦਾ ਬਚਨ ਮੰਨ ਕੇ ਸ਼ਾਦੀ ਸਿੰਘ ਜੀ ਲੰਗਰ ਦੀ ਸੇਵਾ ਵਿਚ ਲਗ ਗਏ। ਇਕ ਦਿਨ ਸੰਤ ਸੇਵਾ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀਉ! ਜੋ ਸਿੰਘ ਰੋਪੜ ਦੇ ਇਲਾਕੇ ਤੋਂ ਡਾਲੀ ਲੈ ਕੇ ਆਉਂਦਾ ਹੈ, ਸੋ ਇਸ ਇਲਾਕੇ ਦਾ ਅਣਜਾਨ ਹੈ, ਜੇ ਆਪ ਜੀ ਦਾ ਹੁਕਮ ਹੋਵੇ ਤਾਂ ਸੰਤ ਸ਼ਾਦੀ ਸਿੰਘ ਜੀ ਨੂੰ ਡਾਲੀ ਲਿਆਉਣ ਵਾਸਤੇ ਭੇਜ ਦਿਆ ਕਰੀਏ। ਕਿਉਂਕਿ ਸੰਤ ਸ਼ਾਦੀ ਸਿੰਘ ਜੀ ਇਸ ਇਲਾਕੇ ਦੇ ਹਨ, ਸਾਰੇ ਇਲਾਕੇ ਨੂੰ ਜਾਣਦੇ ਹਨ। ਭਾਵੇਂ ਵੀ ਸੰਤ ਮਹਾਰਾਜ ਜੀ ਦਾ ਮਨ ਡਾਲੀ ਮੰਗਣ ਦਾ ਨਹੀਂ ਸੀ, ਪਰ ਸੰਤ ਸੇਵਾ ਸਿੰਘ ਜੀ ਅਤੇ ਪਹਿਲੇ ਮਹਾਂਪੁਰਸ਼ ਜੋ ਅਨੰਦਗੜ੍ਹ ਦੀ ਸੇਵਾ ਕਰਾਉਂਦੇ ਸਨ, ਬਾਬਾ ਘਨ੍ਹਈਆ ਸਿੰਘ ਜੀ ਤੋਂ ਆਦਿ ਸਾਰਿਆਂ ਡਾਲੀ ਲਿਆਉਣ ਦੀ ਮਰਯਾਦਾ ਤੋਰੀ ਹੋਈ ਸੀ। ਉਸ ਅਨੁਸਾਰ ਸੰਤਾਂ ਨੇ ਸੰਤ ਸ਼ਾਦੀ ਸਿੰਘ ਜੀ ਨੂੰ ਕਹਿ ਦਿੱਤਾ ਕਿ ਚੰਗਾ ਸੰਤ ਸ਼ਾਦੀ ਸਿੰਘ ਜੀ, ਜਿਸ ਤਰ੍ਹਾਂ ਸੰਗਤ ਦਾ ਹੁਕਮ ਹੈ, ਉਸੇ ਤਰ੍ਹਾਂ ਸੇਵਾ ਕਰ ਲਵੋ। ਆਪ ਨੇ ਤਾਂ ਗੁਰੂ ਕੀ ਸੇਵਾ ਵਿਚ ਹੀ ਜਨਮ ਸਫਲਾ ਕਰਨਾ ਹੈ। ਸੇਵਾ ਸੰਗਤ ਦੇ ਬਚਨ ਵਿਚ ਕੀਤੀ ਹੋਈ ਸਫਲ ਹੈ। ਸੰਤ ਸ਼ਾਦੀ ਸਿੰਘ ਜੀ ਉਸੀ ਦਿਨ ਤੋਂ ਰੋਪੜ ਦੇ ਇਲਾਕੇ ਵਿਚੋਂ ਪ੍ਰਸ਼ਾਦਿਆਂ ਦੀ ਡਾਲੀ ਲਿਆਉਣ ਲੱਗ ਪਏ। ਫਿਰ ਤਾਂ ਇਕ ਰਸ ਬਾਰ੍ਹਾਂ ਤੇਰ੍ਹਾਂ ਸਾਲ ਡਾਲੀ ਲਿਆ ਕੇ ਗੁਰਦੁਆਰਾ ਅਨੰਦਗੜ੍ਹ ਵਿਖੇ ਗੁਰੂ ਕੇ ਲੰਗਰ ਵਿਚ ਸੰਗਤਾਂ ਨੂੰ ਛਕਾਉਂਦੇ ਰਹੇ। ਇਕ ਦਿਨ ਵੀ ਸੰਗਤ ਨੂੰ ਸ਼ਿਕਾਇਤ ਕਰਨ ਦਾ ਮੌਕਾ ਨਾ ਮਿਲਿਆ ਕਿ ਅੱਜ ਸੰਤ ਸ਼ਾਦੀ ਸਿੰਘ ਜੀ ਡਾਲੀ ਨਹੀਂ ਲਿਆਏ। ਭਾਵੇਂ ਅਨ੍ਹੇਰੀ ਵਗੇ ਜਾਂ ਮੀਂਹ ਪਵੇ ਜਾਂ ਮਹਾਨ ਜੇਠ ਹਾੜ੍ਹ ਦੀ ਧੁਪ ਹੋਵੇ ਜਾਂ ਪੋਹ ਮਾਘ ਦੀ ਅਤਿ ਤਿੱਖੀ ਸਰਦੀ ਹੋਵੇ, ਤਾਂ ਵੀ ਸੰਤ ਸ਼ਾਦੀ ਸਿੰਘ ਜੀ ਨੇ ਪ੍ਰਸ਼ਾਦਿਆਂ ਦੀ ਡਾਲੀ ਜ਼ਰੂਰ ਲਿਆ ਕੇ ਗੁਰੂ ਕੇ ਲੰਗਰ ਦੀ ਸੇਵਾ ਕਰਨੀ। ਹੁਣ ਤਾਂ ਰੋਪੜ ਦੇ ਨਗਰਾਂ ਵਿਚ ਸੰਤ ਸ਼ਾਦੀ ਸਿੰਘ ਜੀ ਦੀ ਪੜਤ ਬਹੁਤ ਪੈ ਗਈ, ਪ੍ਰੇਮੀ ਸੰਗਤਾਂ ਆਪਣੇ-ਆਪਣੇ ਪਿੰਡ ਦੇ ਪ੍ਰਸ਼ਾਦੇ ਸੰਤਾਂ ਦੇ ਆਉਣ ਤੋਂ ਪਹਿਲਾਂ ਹੀ ਆਪਣੇ ਪਿੰਡ ਦੇ ਗੁਰਦਵਾਰੇ ਜਮ੍ਹਾਂ ਕਰ ਲੈਂਦੇ ਹਨ। ਸੰਤ ਸ਼ਾਦੀ ਸਿੰਘ ਜੀ ਜਾ ਕੇ ਚੁਕ ਲਿਆਉਂਦੇ ਹਨ। ਰੇਲਵੇ ਵਾਲੇ ਗਾਰਡ ਟਿਕਟ ਚੈਕਰ ਅਤੇ ਗੇਟ ਬਾਬੂ ਸਭ ਸ਼ਰਧਾਲੂ ਹੋ ਗਏ। ਸੰਤਾਂ ਦਾ ਆਉਣਾ ਜਾਣਾ ਸੌਖਾ ਹੋ ਗਿਆ। ਬਲਕਿ ਹੁਣ ਬੱਸਾਂ ਵਾਲੇ ਡਰਾਈਵਰ ਤੇ ਕਲੀਂਡਰ ਸਭ ਸ਼ਰਧਾਲੂ ਹੋ ਗਏ। ਬੱਸਾਂ ਪਰ ਪ੍ਰਸ਼ਾਦੇ ਲਿਆਉਣੇ ਹੋਰ ਵੀ ਸੌਖੇ ਹੋ ਗਏ। ਕਿਉਂਕਿ ਬੱਸਾਂ ਵਾਲੀ ਰੋਡ ਅਨੰਦਗੜ੍ਹ ਸਾਹਿਬ ਦੇ ਨੇੜੇ ਪੈਂਦੀ ਸੀ। ਹੁਣ ਸਾਡੇ ਮੰਦੇ ਭਾਗਾਂ ਨੂੰ 1957 ਈਸਵੀ 13 ਨਵੰਬਰ ਮੁਤਾਬਕ 28 ਕੱਤਕ ਦਿਨ ਆ ਗਿਆ, ਜਿਸ ਦਿਨ ਕਰੋੜਾਂ ਸੂਰਜ ਚੰਦਰਮਾ ਦੇ ਪ੍ਰਕਾਸ਼ਕ ਸਾਡੇ ਕੋਲੋਂ ਅਲੋਪ ਕਰ ਲਏ। ਜਿਸ ਕਰੋੜਾਂ ਸੂਰਜਾਂ ਤੇ ਚੰਦਰਮਾ ਨੇ ਅੱਜ ਤਕ ਕਿਸੇ ਦੀ ਵੀ ਅਗਿਆਨਤਾ ਦਾ ਹਨੇਰਾ ਦੂਰ ਨਹੀਂ ਕੀਤਾ, ਪਰ ਮਹਾਂਪੁਰਸ਼ਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਜਗਿਆਸੂ ਜਨਾਂ ਦਾ ਅਗਿਆਨਤਾ ਦਾ ਹਨੇਰਾ ਦੂਰ ਕੀਤਾ ਸੀ, ਭਾਵ ਸੰਤ ਮਹਾਰਾਜ ਜੋਤੀ ਜੋਤ ਸਮਾ ਗਏ। ਸੰਤਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਡਾਲੀ ਦੀ ਸੇਵਾ ਸੰਤ ਸ਼ਾਦੀ ਸਿੰਘ ਜੀ ਪਾਸੋਂ ਅਨੇਕਾਂ ਬੇਨਤੀਆਂ ਤਰਲੇ ਕਰਕੇ ਸੰਤ ਰਤਨ ਸਿੰਘ ਜੀ ਨੇ ਸਾਂਭ ਲਈ। ਸੰਤ ਰਤਨ ਸਿੰਘ ਜੀ ਨੂੰ ਆਪਣੇ ਵਾਲੀ ਸਿੱਖਿਆ ਦੇ ਕੇ ਡਾਲੀ ਦੀ ਸੇਵਾ ਵਿਚ ਲਗਾ ਦਿਤਾ। ਆਪ ਗੁਰਮੁਖ ਸ਼ਾਦੀ ਸਿੰਘ ਜੀ ਵਿਹਲੇ ਮਹੰਤ ਹੋ ਕੇ ਨਹੀਂ ਬੈਠ ਗਏ, ਬਲਕਿ ਮਸਤ ਭਗਤ ਸਿੰਘ ਦੀ ਆਗਿਆ ਮੰਨ ਦੇ ਹੈਡ ਵਰਕਸ ਰੋਪੜ ਪੁਲ ਤੋਂ ਜੋ ਪਛਮ ਦੱਖਣ ਦੀ ਦਿਸ਼ਾ ਉਚੇ ਟਿੱਲੇ ਬੈਠ ਗਏ ਹਨ। ਸੰਤ ਸ਼ਾਦੀ ਸਿੰਘ ਜੀ ਦੇ ਨਾਲ ਸੰਤ ਹਰੀ ਸਿੰਘ ਜੀ ਵੀ ਇਨ੍ਹਾਂ ਦੇ ਨਾਲ ਹੀ ਬੈਠ ਗਏ। ਸੰਤ ਹਰੀ ਸਿੰਘ ਜੀ ਦੀ ਵਾਰਤਾ ਅੱਗੇ ਲਿਖਾਂਗਾ। ਮਸਤ ਭਗਤ ਸਿੰਘ ਜੀ ਦੇ ਹੁਕਮ ਨਾਲ ਏਥੇ ਗੁਰੂ ਕੇ ਉਚੇ ਨਿਸ਼ਾਨ ਝੁਲਾ ਦਿਤੇ। ਇਨ੍ਹਾਂ ਉਚੇ ਕੇਸਰੀ ਨਿਸ਼ਾਨਾਂ ਦੀ ਸ਼ਾਨ ਗੁਰੂ ਦਾ ਅਤੁੱਟ ਲੰਗਰ ਚਲਾ ਕੇ ਮਹਾਨ ਉਜਲ ਤੇ ਉਚੀ ਕੀਤੀ ਹੈ। ਮਸਤਾਂ ਦੇ ਹੁਕਮ ਕਰਕੇ ਹੀ ਏਥੇ ਇਕ ਖੂਹ ਦੀ ਸੇਵਾ ਕਾਮਯਾਬੀ ਨਾਲ ਸਿਰੇ ਚੜ੍ਹਾਈ ਹੈ। ਗੁਰੂ ਸਾਹਿਬ ਜੀ ਦਾ ਗੁਰਦੁਆਰਾ ਸਤਿਸੰਗ ਘਰ ਬੜੇ ਸੁੰਦਰ ਤਰੀਕੇ ਨਾਲ ਬਣਾਇਆ ਹੈ। ਸੰਗਤਾਂ ਵਾਸਤੇ ਰਿਹਾਇਸ਼ੀ ਬੁੰਗੇ ਵੀ

ਬਹੁਤ ਹਨ। ਸੰਤ ਹਰੀ ਸਿੰਘ ਜੀ ਨੇ ਆਪਣੀ ਰਿਹਾਇਸ਼ ਤੇ ਭਜਨ ਸਿਮਰਨ ਕਰਨ ਵਾਸਤੇ ਗੁਫਾ ਵੀ ਬਣਾਈ ਅਤੇ ਗੁਫਾ ਉਪਰ ਸੁੰਦਰ ਮਕਾਨ ਬਰਾਂਡੇ ਬਣਾ ਕੇ ਛੇਆ ਰੁੱਤਾਂ ਵਿਚ ਜੋ ਸੁਖਦਾਇਕ ਹੋਵੇ ਬਣਾਇਆ ਹੈ। ਗੁਰਦਵਾਰੇ ਦਾ ਨਾਮ ਹੈਡ ਦਰਬਾਰ ਕਰਕੇ ਰੱਖਿਆ ਹੈ, ਜੋ ਕਿ ਮਸਤ ਭਗਤ ਸਿੰਘ ਜੀ ਇਹ ਨਾਮ ਰੱਖ ਗਏ ਸਨ। ਹੁਣ ਤਾਂ ਸਤਿਗੁਰੂ ਜੀ ਨੇ ਸੰਤਾਂ ਦਾ ਐਸਾ ਪ੍ਰਤਾਪ ਵਧਾਇਆ ਹੈ ਕਿ ਦੁੱਧ ਦੇਣ ਵਾਲੀਆਂ ਮੱਝਾਂ ਗਊਆਂ ਬੈਲ ਵੀ ਕਾਫੀ ਹਨ। ਇਕ ਟਰੱਕ ਵੀ ਬਾਹਰੋਂ ਰਸਦਾਂ ਲਿਆਉਣ ਵਾਸਤੇ ਹੈ। ਸੰਤ ਹੱਥ ਸਖੀ ਵੰਡ ਕੇ ਛਕਣ ਵਾਲੇ ਮਿੱਠੇ ਬੋਲੇ, ਹਰ ਇਕ ਮਿਲਾਪੜੇ ਹਨ ਅਤੇ ਬਚਨ ਦੇ ਬਲੀ ਹਨ। ਜਿਸ ਨੂੰ ਬਚਨ ਕਰ ਦੇਂਦੇ ਹਨ, ਉਨ੍ਹਾਂ ਨੂੰ ਬਚਨ ਫਲੀ-ਭੂਤ ਹੋ ਜਾਂਦੇ ਹਨ। ਇਸ ਵਾਸਤੇ ਸੰਗਤ ਦਸਵੰਧ ਦੇ ਦਾਣੇ ਮਾਇਆ ਬਹੁਤ ਭੇਟ ਕਰਦੀ ਹੈ। ਸੰਤਾਂ ਦੇ ਲੰਗਰ ਦਾ ਪ੍ਰਤਾਪ ਦੇਖ ਕੇ ਕੁਝ ਜ਼ਮੀਨ ਵੀ ਕਸਟੋਡੀਅਨ ਨੇ ਪੱਕੀ ਕਰ ਦਿਤੀ ਹੈ। ਇਨ੍ਹਾਂ ਦਾ ਸੇਵਕ ਸੰਤ ਰਤਨ ਸਿੰਘ ਜੀ ਇਨ੍ਹਾਂ ਦੇ ਹੁਕਮ ਨਾਲ ਇਸ ਗੁਰਦਵਾਰੇ ਤੋਂ ਲਹਿੰਦੇ ਤਰਫ ਬੈਠ ਗਿਆ ਸੀ। ਉਸ ਜਗ੍ਹਾ ਦੀ ਕੁਝ ਜ਼ਮੀਨ ਲੰਗਰ ਦੇ ਨਾਮ ਕਰ ਦਿੱਤੀ ਹੈ। ਹੈੱਡ ਦਰਬਾਰ ਗੁਰਦਵਾਰੇ ਵਿਖੇ ਗੁਰੂ ਕਾ ਲੰਗਰ ਅਤੁੱਟ ਅੱਠੋ ਪਹਿਰ ਚਲਦਾ ਹੈ। ਸੰਤ ਸ਼ਾਦੀ ਸਿੰਘ ਜੀ ਵਿਚ ਇਕ ਮਹਾਨ ਵੱਡਾ ਗੁਣ ਹੈ ਕਿ ਸਤਿਪੁਰਸ਼ਾਂ ਦੇ ਬਚਨ ਨੂੰ ਕਮਾਉਣ ਦੀ ਕੋਸ਼ਿਸ਼ ਕਰਦੇ ਹਨ, ਜੈਸੇ ਕਿ ਹੈੱਡ ਦਰਬਾਰ ਗੁਰਦਵਾਰੇ ਦੇ ਵਿਚ ਖੂਹ ਲਗਵਾਉਣ ਬਾਬਤ ਹੈ। ਜਿਤਨੀ ਮਾਇਆ ਇਸ ਖੂਹ ਬਨਾਉਣ ਵਿਚ ਖਰਚ ਹੋਈ ਹੈ ਉਤਨੀ ਮਾਇਆ ਵਿਚ ਦੋ ਜਾਂ ਤਿੰਨ ਟਿਊਬਵੈਲ ਲੱਗ ਸਕਦੇ ਸਨ, ਪਰ ਏਧਰ ਧਿਆਨ ਹੀ ਨਹੀਂ ਦਿਤਾ। ਆਪਣਾ ਅਟੱਲ ਨਿਸ਼ਚਾ ਦਰਸਾਇਆ ਕਿ ਬਾਬੇ ਮਸਤਾਂ ਦਾ ਹੁਕਮ ਹੈ। ਅਸੀਂ ਤਾਂ ਮਹਾਂਪੁਰਸ਼ਾਂ ਦਾ ਬਚਨ ਮੰਨਣਾ ਹੈ। ਏਥੇ ਬੱਸ ਨਹੀਂ, ਇਕ ਖੂਹ ਪੌਂਗ ਡੈਮ ਤੋਂ ਉਪਰ ਪਹਾੜ ਵਿਚ ਭੋਲਾ ਅਸਥਾਨ ਕਰਕੇ ਦੱਸਿਆ ਹੈ। ਉਸ ਜਗ੍ਹਾ ਵਿਚ ਵੀ ਲਗਵਾ ਰਹੇ ਹਨ। ਉਸ ਖੂਹ ਲਾਉਣ ਦਾ ਵੀ ਮਸਤ ਭਗਤ ਸਿੰਘ ਜੀ ਦਾ ਹੁਕਮ ਪਾਲ ਰਹੇ ਹਨ। ਤਕਰੀਬਨ ਅੱਠ ਦਸ ਸਾਲ ਹੋ ਗਏ ਹਨ ਉਸ ਖੂਹ ਨੂੰ ਲਾਉਂਦਿਆਂ, ਅੱਜ ਤਕ ਮੁਕੰਮਲ ਨਹੀਂ ਹੋਇਆ। ਉਸ ਖੂਹ ਤੇ ਵੀ ਬਹੁਤ ਮਾਇਆ ਖਰਚ ਹੋਈ। ਐਸੇ ਸਤਿ ਬਚਨ ਤੇ ਮਹਾਂਪੁਰਸ਼ਾਂ ਦੇ ਬਚਨ ਮੰਨ ਕੇ ਉਦਾਰ-ਚਿੱਤ ਗੁਰਮਤਿ ਦੇ ਪਾਲਕ ਹਨ। ਦੂਰ-ਅੰਦੇਸ਼ੀ ਦੀ ਵਿਚਾਰ ਕਰਕੇ ਆਪਣਾ ਜਾਂ-ਨਸ਼ੀਨ ਭਾਈ ਖੁਸ਼ਾਲ ਸਿੰਘ ਜੀ ਨੂੰ ਹੁਣੇ ਹੀ ਚੁਣ ਕੇ ਸੰਗਤ ਵਿਚ ਮਹੰਤੀ ਦੀ ਦਸਤਾਰ ਦੇ ਦਿੱਤੀ, ਭਾਵੇਂ ਵੀ ਅਨਥੱਕ ਸੇਵਾ ਕਰਨ ਵਾਲੇ ਨੰਬਰਦਾਰ ਬਾਬੂ ਸਿੰਘ ਜੀ ਖੁਸ਼ ਵੀ ਸਨ। ਪਰ ਇੰਨੇ ਸਾਰੇ ਸੇਵਾਦਾਰਾਂ ਦੀ ਸਲਾਹ ਨਾਲ ਹੀ ਖੁਸ਼ਾਲ ਸਿੰਘ ਜੀ ਨੂੰ ਮਹੰਤੀ ਦੀ ਪੱਗ ਦਿੱਤੀ ਹੈ। ਹੈੱਡ ਦਰਬਾਰ ਗੁਰਦੁਆਰਾ ਬੜੀ ਚੜ੍ਹਦੀਆਂ ਕਲਾਂ ਵਿਚ ਲਿਜਾ ਰਹੇ ਹਨ। ਇਹ ਗੁਰਦੁਆਰਾ ਵੀ ਮਸਤਾਂ ਦੇ ਬਚਨ ਪਾਲਣ ਦਾ ਹੀ ਸਦਕਾ ਹੈ। ਗੁਰੂ ਮੇਹਰ ਕਰੇ, ਇਸ ਤਰ੍ਹਾਂ ਹੀ ਚੜ੍ਹਦੀਆਂ ਕਲਾਂ ਵਿਚ ਰਹਿਣ। ਇਤੀ।

ਸੰਤ ਹਰੀ ਸਿੰਘ ਜੀ ਲੋਧੀ ਮਾਜਰੀਏ ਦਾ ਸੰਤਾਂ ਨਾਲ ਮਿਲਾਪ

ਸੰਤ ਹਰੀ ਸਿੰਘ ਜੀ ਪਿੰਡ ਮਨੀ ਮਾਜਰੇ ਵਿਚ ਸ੍: ਬਸੰਤ ਸਿੰਘ ਜੀ ਦੇ ਘਰ ਵਿਚ ਪੈਦਾ ਹੋਏ। ਸ੍: ਬਸੰਤ ਸਿੰਘ ਜੀ ਮਨੀ ਮਾਜਰੇ ਦੇ ਰਿਆਸਤੀ ਘਰਾਣੇ ਵਿਚੋਂ ਸਨ। ਸ੍: ਬਸੰਤ ਸਿੰਘ ਜੀ ਨੇ ਆਪਣੇ ਸਪੁੱਤਰ ਹਰੀ ਸਿੰਘ ਜੀ ਨੂੰ ਮੁੱਢਲੀ ਵਿਦਿਆ ਸਕੂਲ ਵਿਚ ਦਿਲਾਈ ਸੀ। ਸੋਹਣਾ ਲੰਬਾ ਅਤੇ ਗੋਰਾ ਨਸ਼ੋਹ ਸਰੀਰ ਸੀ। ਕੁਝ ਸਮੇਂ ਲਈ ਰੁੜਕੀ ਸਫਰਮੈਨ ਫੌਜ ਵਿਚ ਭਰਤੀ ਹੋ ਕੇ ਨੌਕਰੀ ਵੀ ਕੀਤੀ ਸੀ। ਉਸ ਸਮੇਂ ਸਫਰਮੈਨ ਰਸਾਲੇ ਵਿਚ ਹੀ ਬਾਬਾ ਸ੍: ਮੱਘਰ ਸਿੰਘ ਜੀ ਰਾਮਗੜ੍ਹ ਭੁਲਰ ਤਹਿਸੀਲ ਜਗਰਾਉਂ ਵਾਲੇ ਸਨ। ਸੰਨ 1914 ਦੀ ਲੜਾਈ ਤੋਂ ਬਾਅਦ ਜਦੋਂ ਸੰਤ ਮੱਘਰ ਸਿੰਘ ਜੀ ਨੇ ਨਾਮ ਕਟਾ ਲਿਆ ਸੀ, ਉਸ ਸਮੇਂ ਬਾਬਿਆਂ ਦੇ ਨਾਲ ਦਸ ਬਾਰਾਂ ਸਿੰਘ ਵੀ ਨਾਮ ਕਟਾ ਕੇ ਸੰਤਾਂ ਨਾਲ ਆ ਗਏ ਸਨ ਅਤੇ ਸੰਤਾਂ ਦੇ ਕੀਰਤਨ ਦੇ ਇਹ ਸਾਰੇ ਆਸ਼ਕ ਸਨ। ਸੰਤ ਮੱਘਰ ਸਿੰਘ ਜੀ ਬਹੁਤ ਅਲਾਹੀ ਕੀਰਤਨ ਕਰਦੇ ਸਨ। ਜੋ ਵੀ ਸੰਤਾਂ ਦਾ ਕੀਰਤਨ ਸੁਣ ਲੈਂਦਾ ਸੋ ਸੰਤਾਂ ਦਾ ਆਸ਼ਕ ਬਣ ਜਾਂਦਾ। ਇਕ ਵਾਰ ਫਤਹਿਗੜ੍ਹ ਸਾਹਿਬ ਸਿੰਘ ਸਭਾ ਦੇ ਜੋੜ ਮੇਲੇ ਪਰ ਸੰਤ ਆਪਣੇ ਜੱਥੇ ਸਮੇਤ ਗਏ। ਉਸ ਸਮੇਂ ਫਤਹਿਗੜ੍ਹ ਜੋੜ ਮੇਲੇ ਦਾ ਬੰਦੋਬਸਤ

ਰਿਆਸਤ ਪਟਿਆਲੇ ਵਲੋਂ ਹੁੰਦਾ ਸੀ। ਬੜੇ ਦੀਵਾਨ ਦਾ ਪ੍ਰੋਗਰਾਮ ਵੀ ਪਟਿਆਲੇ ਦੇ ਆਲ੍ਹਾ ਅਫਸਰ ਹੀ ਕਰਿਆ ਕਰਦੇ ਸਨ। ਉਸੀ ਜੋੜ ਮੇਲੇ ਪਰ ਭਾਈ ਹੀਰਾ ਸਿੰਘ ਜੀ ਪ੍ਰਧਾਨ ਸਿੰਘ ਜੀ ਆਪਣੇ ਜੱਥੇ ਸਮੇਤ ਗਏ ਸਨ। ਭਾਈ ਹੀਰਾ ਸਿੰਘ ਜੀ ਦਾ ਕੀਰਤਨ ਵੀ ਉਸ ਸਮੇਂ ਸਿੱਖ ਜਗਤ ਵਿਚ ਬਹੁਤ ਮਸ਼ਹੂਰ ਸੀ। ਸੋ ਭਾਈ ਹੀਰਾ ਸਿੰਘ ਜੀ ਵੀ ਪਟਿਆਲੇ ਅਮੀਰ ਤਬਕੇ ਵਲੋਂ ਅਤੇ ਮੁਖੀ ਕਰਮਚਾਰੀਆਂ ਦੇ ਸੱਦੇ-ਪੱਤਰ ਪਰ ਫਤਹਿਗੜ੍ਹ ਸਾਹਿਬ ਸਿੰਘ ਸਭਾ ਪਰ ਗਏ ਹੋਏ ਸਨ। ਸਾਰੇ ਕਰਮਚਾਰੀਆਂ ਤੇ ਅਮੀਰਾਂ ਨੇ ਮਿਲ ਕੇ ਵਿਚਾਰ ਕੀਤੀ ਕਿ ਕੱਲ੍ਹ ਸ਼ਹੀਦੀ ਵਾਲੇ ਦਿਨ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਿਹੜਾ ਜੱਥਾ ਕਰੇਗਾ। ਸਾਰਿਆਂ ਦੀ ਵਿਚਾਰ ਸਲਾਹ ਐਸੇ ਹੋਈ ਕਿ ਸੰਤ ਮੱਘਰ ਸਿੰਘ ਜੀ ਦੇ ਜੱਥੇ ਨੂੰ ਪਹਿਲਾਂ ਹੀ ਟਾਈਮ ਦੇ ਦੇਣਾ ਕਰੋ, ਕਿਉਂਕਿ ਸੰਤ ਜੀ ਸਧਾਰਨ ਸਿੱਧਾ ਹੀ ਕੀਰਤਨ ਕਰਨਗੇ। ਬਾਰਾਂ ਸਲੋਕਾਂ ਤੋਂ ਭਾਈ ਹੀਰਾ ਸਿੰਘ ਜੀ ਨੂੰ ਸਮਾਂ ਦੇਣਾ ਕਰੋ। ਕਿਉਂਕਿ ਭਾਈ ਹੀਰਾ ਸਿੰਘ ਜੀ ਰਸ-ਭਿੰਨਾ ਕੀਰਤਨ ਰਾਗ ਰਾਗਨੀ ਗਾਇਨ ਕਰਕੇ ਸੰਗਤ ਨੂੰ ਸੁਣਾਉਣਗੇ। ਦਿਨ ਚੜ੍ਹੇ ਸਾਰੇ ਅਮੀਰ ਅਤੇ ਆਲ੍ਹਾ ਕਰਮਚਾਰੀ ਅਤੇ ਇਨ੍ਹਾਂ ਦਾ ਪਰਵਾਰ ਆ ਕੇ ਸੁਨਣਗੇ। ਇਹ ਟਾਈਮ ਨੀਯਤ ਕੀਤਾ ਹੋਇਆ, ਦੋਹਾਂ ਜਥਿਆਂ ਨੂੰ ਸੁਣਾ ਦਿੱਤਾ। ਸੰਤ ਆਪਣੇ ਜੱਥੇ ਸਮੇਤ ਇਸ਼ਨਾਨ ਕਰਕੇ ਸਟੇਜ ਪਰ ਆ ਗਏ ਅਤੇ ਵਾਜਾ ਖੋਲ੍ਹ ਕੇ ਕੀਰਤਨ ਕਰਨ ਲੱਗ ਪਏ।

ਸੰਤ ਜ਼ਿਆਦਾਤਰ ਨੇਤਰ ਮੀਟ ਕੇ ਕੀਰਤਨ ਕਰਿਆ ਕਰਦੇ ਸਨ। ਗੱਲ ਕੀ, ਤਿੰਨ ਵਜੇ ਤੋਂ ਕੀਰਤਨ ਅਰੰਭ ਕੀਤਾ, ਸੰਤਾਂ ਨੇ ਨੇਤਰ ਮੀਟ ਲਏ। ਹੁਣ ਤਾਂ ਸੰਤ ਅਲਾਹੀ ਰੰਗ ਵਿਚ ਜੁੜ ਗਏ। ਜੁੜਿਆਂ ਹੋਇਆਂ ਨੇ ਆਸਾ ਦੀ ਵਾਰ ਦੇ ਬਾਰਾਂ ਸਲੋਕ ਰਾਗ ਰਾਗਣੀਆਂ ਸਹਿਤ ਕਦੇ ਵਿਚ-ਵਿਚ ਸਿਧੀਆ ਧਾਰਨ ਵੀ ਸਾਰੀ ਸੰਗਤ ਤੋਂ ਪੜ੍ਹਿਆ ਕਰਦੇ। ਕਲਗੀਧਰ ਸਤਿਗੁਰੂ ਦੇ ਅਕਾਲ ਉਸਤਤ ਦੇ ਕਬਿੱਤ ਸੰਤਾਂ ਨੇ ਗਾਇਨ ਕੀਤੇ, ਸਾਰਾ ਅਕਾਸ਼ ਹੀ ਗੂੰਜ ਉਠਿਆ। ਮੰਨਣਾ ਕਰੋ ਕਿ ਅਕਾਸ਼ਾਂ ਵਿਚੋਂ ਦੇਵਤੇ ਆ ਕੇ ਸੰਤਾਂ ਦੇ ਕੀਰਤਨ ਵਿਚ ਬੋਲਦੇ ਹਨ। ਇਸ ਰਾਗ ਵਿਚ ਜਦੋਂ ਬਾਰਾਂ ਸਲੋਕਾਂ ਦਾ ਕੀਰਤਨ ਹੋ ਚੁਕਾ ਤਾਂ ਸੰਤਾਂ ਨੇ ਆਪਣਾ ਵਾਜਾ ਬੰਦ ਕਰਕੇ ਆਪਣੇ ਟਾਈਮ ਦੀ ਸਮਾਪਤੀ ਕਰਕੇ ਫਤਹਿ ਬੁਲਾਈ, ਨਾਲ ਹੀ ਸੰਤਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਭਾਈ ਹੀਰਾ ਸਿੰਘ ਜੀ ਆਉ ਸਟੇਜ ਪਰ ਬਕਾਇਆ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰੋ। ਉਸ ਸਮੇਂ ਅੱਜ-ਕਲ੍ਹ ਵਾਂਗੂੰ ਲਾਊਡ ਸਪੀਕਰ ਨਹੀਂ ਸਨ ਕਿ ਦੂਰ-ਦੂਰ ਤਕ ਸੰਗਤ ਸੁਣ ਸਕੇ। ਕਿਉਂਕਿ ਉਸ ਸਮੇਂ ਦੀਵਾਨ ਵਿਚ ਸੰਗਤ ਦੀ ਹਾਜ਼ਰੀ ਕਈ ਹਜ਼ਾਰਾਂ ਦੀ ਗਿਣਤੀ ਵਿਚ ਸੀ, ਸਾਰੀ ਸੰਗਤ ਨੂੰ ਭਾਈ ਹੀਰਾ ਸਿੰਘ ਜੀ ਦੀ ਅਵਾਜ਼ ਹੀ ਸੁਣ ਨਹੀਂ ਸਕਦੀ ਸੀ। ਸੰਤਾਂ ਨਾਲ ਇਕ ਰਸ ਬੋਲਣ ਤੋਂ ਜਵਾਨ ਫੌਜੀ ਤਕਰੀਬਨ ਵੀਹ ਸਿੰਘਾਂ ਦਾ ਜੱਥਾ ਸੀ। ਸੰਤਾਂ ਦੇ ਜਥੇ ਦੇ ਕੀਰਤਨ ਦੀ ਅਵਾਜ਼ ਮੀਲਾਂ ਤਕ ਸਾਫ ਸੁਣਾਈ ਦੇਂਦੀ ਸੀ। ਇਸ ਵਾਸਤੇ ਭਾਈ ਹੀਰਾ ਸਿੰਘ ਜੀ ਨੇ ਬੜੀ ਵਿਚਾਰ ਤੋਂ ਕੰਮ ਲਿਆ, ਜੋ ਕਿ ਦੀਵਾਨ ਵਿਚ ਸਰੋਤੇ ਹੋ ਕੇ ਸੰਤਾਂ ਦੇ ਕੀਰਤਨ ਦਾ ਰਸ ਮਾਣਦੇ ਸਨ। ਉਸ ਸਮੇਂ ਦੀਵਾਨ ਵਿਚ ਗਲ ਵਿਚ ਪੱਲਾ ਪਾ ਕੇ ਖੜੇ ਹੋ ਗਏ ਅਤੇ ਹੱਥ ਜੋੜ ਕੇ ਸੰਤਾਂ ਅੱਗੇ ਬੇਨਤੀ ਕਰਨ ਲੱਗੇ ਕਿ ਸੰਤ ਜੀ ਮੇਰੀ ਬੇਨਤੀ ਮੰਨੋ, ਹੁਣ ਮੈਨੂੰ ਕੀਰਤਨ ਕਰਨ ਨੂੰ ਲਾ ਕੇ ਬੇਰਸੀ ਨਾ ਕਰੋ। ਮੇਹਰ ਕਰੋ। ਸਾਰੀ ਸੰਗਤ ਦੀ ਬੇਨਤੀ ਮੰਨੋ। ਸਾਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਾ ਕੇ ਆਪ ਹੀ ਸੰਗਤ ਨੂੰ ਨਿਹਾਲ ਕਰੋ। ਬੱਸ ਫੇਰ ਕੀ ਸੀ, ਸੰਤਾਂ ਨੇ ਬਚਨ ਮੰਨਿਆ। ਦੋਬਾਰਾ ਮੋੜ ਨਹੀਂ ਕੀਤਾ। ਬੱਸ ਵਾਜਾ ਖੋਲ੍ਹਿਆ, ਨੇਤਰ ਮੀਟ ਲਏ। ਸਾਰਿਆਂ ਨੇ ਸਾਜ ਵਜਾਣੇ ਸ਼ੁਰੂ ਕਰ ਦਿੱਤੇ, ਸੰਤਾਂ ਦੇ ਨਾਮ-ਭਿੱਜੇ ਗਲੇ ਵਿਚੋਂ ਫਿਰ ਕੀਰਤਨ ਸ਼ੁਰੂ ਹੋ ਗਿਆ। ਸੰਗਤਾਂ ਉਸੀ ਸ਼ਾਂਤ ਰਸ ਵਿਚ ਜੁੜ ਗਈਆਂ ਅਤੇ ਕੀਰਤਨ ਸੁਣ-ਸੁਣ ਕੇ ਝੂਮਣ ਲਗ ਪਈਆਂ। ਇਸੇ ਰਸ ਵਿਚ ਕੀਰਤਨ ਕਰਦਿਆਂ ਨੌਂ ਵਜਾ ਦਿਤੇ। ਆਸਾ ਦੀ ਵਾਰ ਦੀ ਸਮਾਪਤੀ ਕਰਕੇ ਅਨੰਦ ਸਾਹਿਬ ਦੀਆਂ ਪੰਜ ਪੌੜੀਆਂ ਦਾ ਕੀਰਤਨ ਕਰਕੇ ਸਾਰੀ ਸੰਗਤ ਨੂੰ ਫਤਹਿ ਬੁਲਾਈ। ਹੁਣ ਅਰਦਾਸਾਂ ਕਰਕੇ ਸੁਬ੍ਹਾ ਦੇ ਦੀਵਾਨ ਦੀ ਸਮਾਪਤੀ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਫਿਰ ਸੰਗਤਾਂ ਨੇ ਜਲੂਸ ਦੀ ਤਿਆਰੀ ਕੀਤੀ, ਜੋ ਜਲੂਸ ਫਤਹਿਗੜ੍ਹ ਗੁਰਦਵਾਰੇ ਤੋਂ ਜੋਤੀ ਸਰੂਪ ਤਕ ਜਾਂਦਾ ਸੀ। ਜਿਸ ਜਲੂਸ ਦੇ ਅੱਗੇ ਮਹਾਰਾਜਾ ਪਟਿਆਲਾ ਦੋਨੋਂ ਬੈਂਡ ਜਿਨ੍ਹਾਂ ਦੀ ਪੁਸ਼ਾਕ ਰੰਗਦਾਰ ਜ਼ਰੀ ਨਾਲ ਕੱਢੀ

ਹੋਈ ਹੁੰਦੀ ਅਤੇ ਇਨ੍ਹਾਂ ਤੋਂ ਬਾਅਦ ਮਹਾਰਾਜਾ ਭੁਪਿੰਦਰ ਸਿੰਘ ਜੀ ਦੇ ਬਾਡੀਗਾਰਡ ਜਿਨ੍ਹਾਂ ਦੀ ਵਰਦੀ ਮਹਾਨ ਸਿਲਮ-ਮਿਤਾਰੇ ਨਾਲ ਕੱਢੀ ਹੋਈ ਅਤੇ ਸੋਨੇ ਦੀ ਜ਼ਰੀ ਨਾਲ ਵਰਦੀ ਤੇ ਮਹਾਨ ਵੇਲ ਬੂਟੇ ਪਾਏ ਹੁੰਦੇ ਸਨ। ਸਾਰੇ ਬਾਡੀਗਾਰਡ ਦਾ ਨੌਜਵਾਨ ਸਵਾ ਛੇ ਫੁੱਟ ਉਚੇ ਤੋਂ ਘੱਟ ਨਹੀਂ ਸੀ ਹੁੰਦਾ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸੋਨੇ ਦੀ ਹੀਰੇ ਮੋਤੀਆਂ ਦੀ ਜੜਤਕਾਰੀ ਪਾਲਕੀ ਉਪਰ ਛਤਰ ਤੇ ਗੁੰਬਜ਼ ਦੀ ਸੋਭਾ ਕੋਈ ਲਿਖਾਰੀ ਕਰ ਹੀ ਨਹੀਂ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਆਪ ਮਹਾਰਾਜਾ ਭੁਪਿੰਦਰ ਸਿੰਘ ਜੀ ਚੌਰ ਕਰਦੇ ਹੁੰਦੇ ਸਨ ਅਤੇ ਨੰਗੇ ਪੈਰੀਂ ਜੋਤੀ ਸਰੂਪ ਤਕ ਬੜੀ ਸ਼ਰਧਾ ਨਾਲ ਜਾਂਦੇ। ਫਿਰ ਜਲੂਸ ਦਾ ਅਰਦਾਸਾ ਕਰਕੇ ਸੰਗਤਾਂ ਆਪੋ ਆਪਣੇ ਘਰਾਂ ਨੂੰ ਚਲੇ ਗਈਆਂ। ਮੇਰਾ ਭਾਵ ਕਹਿਣ ਦਾ ਕਿ ਐਸੇ ਸੰਤ ਮੱਘਰ ਸਿੰਘ ਜੀ ਦੇ ਨਾਲ ਸੰਤ ਹਰੀ ਸਿੰਘ ਜੀ, ਕਾਫੀ ਸਮਾਂ ਸੰਗਤ ਕਰਦੇ ਰਹੇ ਸਨ। ਸੰਤ ਬਾਬਾ ਮਸਤੂਆਣੇ ਵਾਲਿਆਂ ਦੀ ਵੀ ਬਹੁਤ ਸਮਾਂ ਸੰਗਤ ਕੀਤੀ ਹੈ। ਸੰਤ ਬਾਬੇ ਮਸਤੂਆਣਿਆਂ ਨੂੰ ਲੋਧੀ ਮਾਜਰੇ ਲਿਆਉਣਾ ਸੰਤ ਹਰੀ ਸਿੰਘ ਜੀ ਦੇ ਹੀ ਪ੍ਰੇਮ ਦਾ ਸਦਕਾ ਸੀ। ਲੋਧੀ ਮਾਜਰੇ ਬਾਬਿਆਂ ਦੇ ਦੀਵਾਨ ਕਰਾਉਣੇ ਅਤੇ ਇਸ ਇਲਾਕੇ ਦੀਆਂ ਸੰਗਤਾਂ ਵਿਚ ਸਿੱਖੀ ਪ੍ਰਚਾਰ ਕਰਵਾ ਕੇ ਅੰਮ੍ਰਿਤ ਛਕਵਾਉਣਾ ਸੰਤ ਹਰੀ ਸਿੰਘ ਜੀ ਦੀ ਹੀ ਪ੍ਰੇਰਨਾ ਸੀ। ਸੰਤ ਬਾਬਿਆਂ ਦੇ ਜੋਤੀ ਜੋਤ ਸਮਾਉਣ ਤੋਂ ਉਪਰੰਤ ਸੰਤ ਨੰਦ ਸਿੰਘ ਜੀ ਦੁਆਰਾ ਸੰਤ ਹਰੀ ਸਿੰਘ ਜੀ ਨੂੰ ਸੰਤ ਮਹਾਰਾਜ ਜੀ ਦੀ ਸੰਗਤ ਹੋਈ ਸੀ। ਫਿਰ ਤਾਂ ਸੰਤਾਂ ਦਾ ਦਰਸ਼ਨ ਕਰਕੇ ਇਕ ਕਿਸਮ ਦਾ ਸੰਤਾਂ ਦਾ ਆਸ਼ਕ ਹੀ ਹੋ ਗਿਆ ਸੀ। ਫਿਰ ਤਾਂ ਸੰਤਾਂ ਦੇ ਨਾਲ ਹੀ ਰਿਹਾ। ਸੰਤਾਂ ਦਾ ਸਤਿਸੰਗ ਕਰਦਾ ਰਿਹਾ। ਕਦੇ-ਕਦੇ ਖਿਝ ਕੇ ਜਦੋਂ ਕਿ ਸੰਤ ਹਰੀ ਸਿੰਘ ਜੀ ਤੋਂ ਆਸ਼ੇ ਤੋਂ ਵਿਰੁੱਧ ਕੋਈ ਗੱਲ ਹੋ ਜਾਂਦੀ ਤਾਂ ਸੰਤ ਹਰੀ ਸਿੰਘ ਜੀ ਗਾਲ੍ਹੀ ਉਤਰ ਪੈਂਦੇ। ਸੰਤ ਮਹਾਰਾਜ ਜੀ ਖਿਮਾਂ ਦੇ ਘਰ ਖਿੜ-ਖਿੜਾ ਕੇ ਹੱਸੀ ਜਾਂਦੇ, ਇਸ ਦੀਆਂ ਗਾਲ੍ਹਾਂ ਦੀ ਪਰਵਾਹ ਨਾ ਕਰਦੇ, ਬੱਸ ਇਤਨਾ ਕਹਿ ਛੱਡਦੇ ਕਿ ਹੁਣ ਸੰਤ ਹਰੀ ਸਿੰਘ ਜੀ ਉਪਰ ਭੂਤ ਅਸਵਾਰ ਹੋ ਗਿਆ ਹੈ।

ਇਕ ਵਾਰ ਦੀ ਗੱਲ ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ। ਸੰਤ ਮਹਾਰਾਜ ਜੀ ਮਾਝੇ ਦਾ ਦੌਰਾ ਕਰ ਰਹੇ ਸਨ। ਆਪ ਜੀ ਨੂੰ ਮੋਹਨਪੁਰੇ ਤੋਂ ਸੰਤ ਰਤਨ ਸਿੰਘ ਜੀ ਨੌਰੰਗਾਬਾਦ ਲਿਜਾਣਾ ਚਾਹੁੰਦੇ ਸਨ। ਸੰਤ ਰਤਨ ਸਿੰਘ ਜੀ ਨੇ ਸੱਤ ਅੱਠ ਘੋੜੇ ਘੋੜੀਆਂ ਲਿਆਂਦੇ ਸੰਤਾਂ ਦੇ ਹੁਕਮ ਨਾਲ, ਜਿਸ ਨੂੰ ਕਹਿ ਗਏ ਉਹ ਅਸਵਾਰ ਹੋ ਗਿਆ। ਸੰਤ ਹਰੀ ਸਿੰਘ ਜੀ ਅਤੇ ਬੀਬੀ ਦਇਆ ਕੌਰ ਜੀ ਨੂੰ ਕੋਈ ਅਸਵਾਰੀ ਨਾ ਮਿਲੀ। ਸੰਤਾਂ ਨੇ ਹੁਕਮ ਕੀਤਾ ਕਿ ਤੁਸੀਂ ਦੋਨੋਂ ਮੋਟਰ ਰਸਤੇ ਸਿਧੇ ਸ੍ਰੀ ਅੰਮ੍ਰਿਤਸਰ ਸੰਧੂ ਬੱਸਾਂ ਵਾਲਿਆਂ ਦੇ ਘਰ ਚਲੇ ਜਾਣਾ, ਅਸੀਂ ਕਲ੍ਹ ਨੂੰ ਆ ਜਾਵਾਂਗੇ। ਬੱਸ ਇਹ ਕਹਿਣ ਦੀ ਦੇਰ ਸੀ ਕਿ ਸੰਤ ਹਰੀ ਸਿੰਘ ਜੀ ਤਾਂ ਗੁੱਸੇ ਵਿਚ ਲਾਲੋ-ਲਾਲ ਹੋ ਕੇ ਗਾਲ੍ਹੀ ਉਤਰ ਪਏ। ਇਕ ਪਾਸੇ ਸੰਤ ਹਰੀ ਸਿੰਘ ਜੀ ਗਾਲ੍ਹਾਂ ਦਿੰਦੇ, ਦੂਸਰੇ ਪਾਸੇ ਬੀਬੀ ਦਇਆ ਕੌਰ ਸੰਤਾਂ ਨੂੰ ਬੁਰਾ ਭਲਾ ਆਖਦੀ ਹੈ, ਸੰਤ ਮਹਾਰਾਜ ਦੋਨਾਂ ਦੇ ਐਸੇ ਗੀਤ ਸੁਣ-ਸੁਣ ਕੇ ਹੱਸੀ ਜਾਂਦੇ ਹਨ। ਹੁਣ ਸੰਤ ਤੁਰਨ ਲੱਗੇ। ਸੰਤ ਹਰੀ ਸਿੰਘ ਜੀ ਨੂੰ ਇਤਨਾ ਕੁ ਕਹਿ ਕੇ ਤੁਰ ਗਏ ਕਿ ਸੰਤ ਜੀ ਤੂੰ ਭਾਵੇਂ ਏਥੇ ਜਿਵੇਂ ਮਰਜ਼ੀ ਰਹਿ, ਕਹਿਕੇ ਨਾਲ ਹੀ ਹੱਸ ਕੇ ਤੁਰ ਪਏ। ਦੂਸਰੇ ਦਿਨ ਸੰਤ ਵੀ ਸ੍ਰੀ ਅੰਮ੍ਰਿਤਸਰ ਆ ਗਏ। ਫਿਰ ਉਹੀ ਦੋਨਾਂ ਨਾਲ ਮੇਲ ਤੇ ਖੁਸ਼ੀਆਂ ਕਰਨ ਲੱਗੇ। ਸੰਤਾਂ ਦੇ ਚਿੱਤ ਵਿਚ ਕਦੇ ਹਰਖ ਸ਼ੋਕ, ਮਾਨ-ਅਪਮਾਨ ਦਾ ਖਿਆਲ ਦਾ ਕਿਣਕਾ ਵੀ ਕਦੇ ਨਹੀ ਆਇਆ। ਉਸੀ ਤਰ੍ਹਾਂ ਬ੍ਰਹਮ-ਦ੍ਰਿਸ਼ਟੀ ਵਿਚ ਪਰਫੁਲਤ ਤੇ ਅਨੰਦ ਰਸ ਵਿਚ ਰਹਿੰਦੇ। ਜਦੋਂ ਸੰਤ ਜੀ ਮਹਾਰਾਜ ਜੋਤੀ ਜੋਤ ਸਮਾ ਗਏ, ਫਿਰ ਮਸਤ ਭਗਤ ਸਿੰਘ ਜੀ ਦੇ ਬਚਨ ਵਿਚ ਰੋਪੜ ਹੈੱਡ ਵਰਕਸ ਦੇ ਨੇੜੇ ਹੈੱਡ ਦਰਬਾਰ ਗੁਰਦੁਆਰਾ ਵਿਚ ਸੰਤ ਸ਼ਾਦੀ ਸਿੰਘ ਜੀ ਦੇ ਸਾਥੀ ਹੋ ਕੇ ਆਪਣੀ ਉਮਰ ਬਤੀਤ ਕਰਨ ਲੱਗੇ। ਸੰਤ ਸ਼ਾਦੀ ਸਿੰਘ ਜੀ ਨਾਲ ਗੁਰਦਵਾਰੇ ਦੀ ਸੇਵਾ ਵਿਚ ਸਲਾਹਕਾਰੀ ਬਣ ਕੇ ਤੇ ਸੰਗਤਾਂ ਸ਼ਰਧਾਲੂਆਂ ਕੋਲੋਂ ਮਾਇਆ ਲੈ ਕੇ ਗੁਰਦਵਾਰੇ ਦੀ ਸੇਵਾ ਵਿਖੇ ਲਾਉਂਦੇ ਰਹਿੰਦੇ, ਪਰ ਆਪਣੀ ਜਾਇਦਾਦ ਵੀ ਲੱਖਾਂ ਰੁਪਏ ਦੀ ਸੀ। ਉਸ ਵਿਚੋ ਹੈੱਡ ਦਰਬਾਰ ਗੁਰਦਵਾਰੇ ਦੀ ਸੇਵਾ ਵਿਚ ਕੋਈ ਮਾਇਆ ਨਹੀਂ ਲਾਈ। ਪਰ ਆਪ ਜੀ ਮਸਤਾਨੇ ਸਾਧੂਆਂ ਦੇ ਆਸ਼ਕ ਸਨ। ਇਕ ਮਸਤਾਨਾ ਸਾਧੂ ਕਾਲਰੇ ਸ੍: ਜਰਨੈਲ ਸਿੰਘ ਜੀ ਦੇ ਪਾਸ ਰਹਿੰਦਾ

ਹੈ। ਸ੍: ਜਰਨੈਲ ਸਿੰਘ ਜੀ ਦੇ ਪਾਸ ਆਮ ਮਸਤਾਨੇ ਰਿਹਾਇਸ਼ ਰੱਖਦੇ ਸਨ। ਪ੍ਰਸ਼ਾਦਾ ਛਕਦੇ ਸਨ ਅਤੇ ਇਹਨਾਂ ਨਾਲ ਕੰਮ-ਕਾਰ ਵਿਚ ਹੱਥ ਵੀ ਵਟਾਉਂਦੇ ਸਨ। ਸ੍: ਜਰਨੈਲ ਸਿੰਘ ਜੀ ਦੀ ਵਿਥਿਆ ਅੱਗੇ ਚਲ ਕੇ ਲਿਖਾਂਗਾ। ਏਥੇ ਸਿਰਫ ਇਤਨੀ ਗੱਲ ਹੈ ਕਿ ਜੋ ਮਸਤਾਨਾ ਐਸ ਸਮੇਂ ਸ੍: ਜਰਨੈਲ ਸਿੰਘ ਜੀ ਦੇ ਪਾਸ ਰਹਿੰਦਾ ਹੈ ਉਸ ਦਾ ਬਚਨ ਸੰਤ ਹਰੀ ਸਿੰਘ ਜੀ ਮੰਨਦੇ ਸਨ। ਉਸ ਮਸਤਾਨੇ ਨੇ ਸੰਤ ਹਰੀ ਸਿੰਘ ਜੀ ਨੂੰ ਹੁਕਮ ਕੀਤਾ ਕਿ ਤੂੰ ਇਤਨੀ ਵਰਾਸਤ ਰੱਖੀ ਬੈਠਾ ਹੈਂ, ਲਿਆ ਉਸ ਦਾ ਧਨ ਬੱਟ ਭਾਵ ਵੇਚ ਕੇ ਇਸ ਜਗ੍ਹਾ ਲਾ ਦੇ। ਉਸ ਮਸਤਾਨੇ ਦਾ ਬਚਨ ਮੰਨ ਕੇ ਤਕਰੀਬਨ ਡੇਢ ਲੱਖ ਕੋਈ ਪੌਣੇ ਦੋ ਲੱਖ ਦੀ ਆਪਣੀ ਜਾਇਦਾਦ ਵੇਚ ਕੇ ਸ੍: ਜਰਨੈਲ ਸਿੰਘ ਜੀ ਦੀ ਰਿਹਾਇਸ਼ਗਾਹ ਪਰ ਲਗਾ ਦਿਤੀ ਤੇ ਬੜੀ ਭਾਰੀ ਕੋਠੀ ਬਣਾ ਦਿਤੀ। ਉਸ ਕੋਠੀ ਦੇ ਬਣਾਉਂਣ ਉਪਰੰਤ ਫਿਰ ਸੰਤ ਹਰੀ ਸਿੰਘ ਜੀ ਛੇਤੀ ਹੀ ਸਰੀਰ ਛੱਡ ਗਏ। ਇਤੀ।

ਲੋਧੀ ਮਾਜਰੇ ਵਿਚ ਹੋਰ ਸਿੱਖਾਂ ਨੂੰ ਸੰਤਾਂ ਨੇ ਤਾਰਨਾ

ਲੋਧੀ ਮਾਜਰੇ ਪਿੰਡ ਵਿਚ ਸੰਤ ਮਹਾਰਾਜ ਜੀ ਤਿੰਨ-ਚਾਰ ਵਾਰੀ ਗਏ ਹਨ। ਇਕ ਵਾਰੀ ਸੰਤ ਹਰੀ ਸਿੰਘ ਜੀ ਬੇਨਤੀ ਕਰਕੇ ਅਤੇ ਪ੍ਰੇਰ ਕੇ ਲੈ ਗਏ ਸਨ। ਇਕ ਵਾਰੀ ਜਾਣ ਤੋਂ ਹੀ ਇਹ ਇਲਾਕਾ ਸਾਰਾ ਅਤੇ ਖਾਸ ਕਰਕੇ ਲੋਧੀ ਮਾਜਰਾ ਸੰਤਾਂ ਦਾ ਪ੍ਰੇਮੀ ਹੋ ਗਿਆ ਸੀ। ਇਸ ਨਗਰ ਵਿਚ ਇਕ ਹਕੀਮ ਜੀ ਜਿਸ ਦਾ ਨਾਮ ਯਾਦ ਨਹੀਂ ਹੈ, ਇਹ ਬਜ਼ੁਰਗ ਪੁਰਾਣੇ ਸਤਿਸੰਗੀ ਸਨ। ਇਨ੍ਹਾਂ ਦੀ ਸੰਤਾਂ ਪਰ ਅਤੁੱਟ ਸ਼ਰਧਾ ਸੀ, ਸੰਤਾਂ ਨੇ ਇਸ ਹਕੀਮ ਬਜ਼ੁਰਗ ਦੇ ਬਚਨ ਮੰਨ ਕੇ ਅਨੇਕਾਂ ਨੂੰ ਨਾਮ ਦਾ ਉਪਦੇਸ਼ ਦੇ ਕੇ ਤਾਰਿਆ, ਜੋ ਕਿ ਸਿੱਖੀ ਸਿਦਕ ਨੂੰ ਪੂਰਾ ਨਿਭਾਉਂਦੇ ਹੋਏ ਆਪਣੀ ਕ੍ਰਿਤ ਵਿਚੋਂ ਦਸਵੰਧ ਗੁਰੂ ਘਰ ਨੂੰ ਦੇ ਕੇ ਆਪਣੇ ਜਨਮ ਨੂੰ ਸਫਲਾ ਕਰਦੇ ਹਨ। ਇਸ ਪਿੰਡ ਵਿਚ ਇਕ ਭਾਈ ਬਲਵੰਤ ਸਿੰਘ ਜੀ ਹੈ, ਜਿਸ ਦਾ ਜੀਵਨ ਬੜਾ ਸਾਦਾ ਸੀ ਅਤੇ ਘਰ ਵਿਚ ਬਹੁਤ ਗਰੀਬੀ ਸੀ। ਇਸ ਨੂੰ ਆਪਣੇ ਵਿਆਹ ਹੋਣ ਦੀ ਕੋਈ ਆਸ ਹੀ ਨਹੀਂ ਸੀ। ਇਸ ਸੰਤਾਂ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਗੁਰੂ ਘਰ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਧਰਮ ਦੀ ਕ੍ਰਿਤ ਕਰਕੇ ਆਪਣੀ ਰੋਟੀ ਕਪੜੇ ਦਾ ਗੁਜ਼ਾਰਾ ਕਰਦਾ ਸੀ। ਇਸ ਦੀ ਧਰਮ ਦੀ ਕਿਰਤ ਸੀ ਭਾਂਡਿਆਂ ਨੂੰ ਕਲੀ ਕਰਨਾ ਅਤੇ ਟੁੱਟੇ-ਫੁੱਟੇ ਨੂੰ ਜੋੜ ਲੈਣਾ। ਇਸ ਕਿਸਮ ਦੀ ਭਾਂਡਿਆਂ ਦੀ ਸੇਵਾ ਗੁਰਦਵਾਰਿਆਂ ਵਿਚ ਬੜੇ ਚਾਅ ਨਾਲ ਕਰਦਾ। ਡੇਰੇ ਸੰਤਗੜ੍ਹ ਦੇ ਭਾਂਡੇ, ਗੁਰਦੁਆਰਾ ਡੁਮੇਲੀ ਤੇ ਰੋਪੜ ਆਦਿਕ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਗੱਲ ਕੀ ਜਿਸ ਗੁਰਦਵਾਰੇ ਵਿਚ ਭਾਂਡੇ ਕਲੀ ਕਰਨ ਦੀ ਸੇਵਾ ਮਿਲ ਜਾਵੇ, ਉਥੇ ਜਾ ਕੇ ਬੜੇ ਪ੍ਰੇਮ ਸਹਿਤ ਭਾਂਡੇ ਕਲੀ ਕਰਨ ਦੀ ਸੇਵਾ ਕਰਦਾ, ਜੋ ਵੀ ਕੁਝ ਕੋਈ ਦੇ ਦਿੰਦਾ ਸੋ ਕੁਝ ਲੈ ਕੇ ਹੀ ਪ੍ਰਸੰਨ ਰਹਿੰਦਾ। ਕਿਸੇ ਨਾਲ ਕੋਈ ਝਗੜਾ ਨਾ ਕਰਦਾ। ਸੰਤ ਮਹਾਰਾਜ ਜੀ ਨੇ ਇਸ ਭਾਈ ਬਲਵੰਤ ਸਿੰਘ ਜੀ ਦੀ ਸੇਵਾ ਤੱਕ ਕੇ ਨਦਰੋ-ਨਦਰ ਨਿਹਾਲ ਕਰ ਦਿੱਤਾ।

ਅੱਜ-ਕਲ੍ਹ ਬੜੀ ਵਿਰਾਸਤ ਦਾ ਮਾਲਕ ਬਣ ਗਿਆ ਹੈ ਅਤੇ ਵਿਆਹ ਵੀ ਚੰਗੇ ਘਰ ਚਲਣ ਵਾਲੀ ਬੀਬੀ ਨਾਲ ਹੋ ਗਿਆ ਹੈ ਅਤੇ ਗੁਰੂ ਨੇ ਕ੍ਰਿਪਾ ਕਰਕੇ ਪੁੱਤਰ ਧੀਆਂ ਕਰਕੇ ਵੀ ਸੁਖੀ ਕਰ ਦਿਤਾ ਹੈ। ਹੁਣ ਤਾਂ ਗੁਰਮੁਖਾਂ ਵਾਲੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਲੋਧੀ ਮਾਜਰੇ ਦੇ ਦੱਖਣ ਦੀ ਬਾਹੀ ਸਤਲੁਜ ਦਰਿਆ ਵਲ ਨੂੰ ਜੋ ਨਗਰ ਸੀ, ਉਸ ਨਗਰ ਦੇ ਪ੍ਰੇਮੀਆਂ ਨੇ ਵੀ ਸੰਤਾਂ ਦੇ ਸਤਿਸੰਗ ਤੋਂ ਬਹੁਤ ਲਾਭ ਉਠਾਇਆ ਹੈ। ਭਾਈ ਖੁਸ਼ਾਲ ਸਿੰਘ ਜੀ ਬਚਪਨ ਤੋਂ ਹੀ ਸੰਤਾਂ ਦੀ ਸੰਗਤ ਕਰਦੇ ਹਨ, ਭਾਵੇਂ ਵੀ ਨਹਿਰ ਦੇ ਮਹਿਕਮੇ ਵਿਚ ਮੇਟ-ਪੁਣੇ ਦੀ ਨੌਕਰੀ ਕਰਦੇ ਹਨ। ਦਸਵੀਂ ਜਮਾਤ ਪਾਸ ਹਨ, ਫਿਰ ਵੀ ਸੰਤਾਂ ਦਾ ਸੰਗ ਨਹੀਂ ਛੱਡਿਆ। ਭਾਈ ਖੁਸ਼ਾਲ ਸਿੰਘ ਜੀ ਨੂੰ ਸੰਤਾਂ ਦੇ ਸਤਿਸੰਗ ਦਾ ਚੰਗਾ ਰੰਗ ਚੜ੍ਹਿਆ ਹੈ। ਘਰ ਵਾਲੇ ਹੋਰ ਸਬੰਧੀ ਅਨੰਦ ਕਾਰਜ ਕਰਨ ਵਾਸਤੇ ਬਹੁਤ ਪ੍ਰੇਰ ਚੁਕੇ ਹਨ, ਪਰ ਭਾਈ ਖੁਸ਼ਾਲ ਸਿੰਘ ਜੀ ਨੇ ਵਿਆਹ ਨਹੀਂ ਕਰਵਾਇਆ। ਆਪਣੀ ਨੌਕਰੀ ਦੀ ਮਾਇਆ ਹੈਡ ਦਰਬਾਰ ਗੁਰਦਵਾਰੇ ਸੇਵਾ ਹਿਤ ਸੰਤ ਸ਼ਾਦੀ ਸਿੰਘ ਜੀ ਦੇ ਅਰਪਣ ਕਰ ਦਿੰਦੇ ਹਨ। ਇਸ ਰੋਪੜ ਦੇ ਇਲਾਕੇ ਵਿਚ ਪਿੰਡ ਫੂਲ ਜੋ ਰੋਪੜ ਤੋਂ

ਆਸਰੋਂ ਦੀ ਤਰਫ ਹੈ, ਇਸ ਨਗਰ ਵਿਚ ਵੀ ਸੰਤਾਂ ਨੇ ਚਰਨ ਪਾ ਕੇ ਅਨੇਕ ਪੁਰਸ਼ਾਂ ਨੂੰ ਤਾਰਿਆ। ਇਸ ਪਿੰਡ ਦੇ ਨੰਬਰਦਾਰ ਬਾਬੂ ਸਿੰਘ ਜੀ ਉਘੇ ਸੇਵਾਦਾਰਾਂ ਵਿਚੋਂ ਹਨ, ਜੋ ਤਨ ਮਨ ਕਰਕੇ ਸੰਤਾਂ ਦੇ ਸਤਿਸੰਗ ਦੀ ਸੇਵਾ ਕਰਦੇ ਸਨ, ਅੱਜ-ਕਲ੍ਹ ਬਾਬਾ ਸ਼ਾਦੀ ਸਿੰਘ ਜੀ ਦੇ ਗੁਰਦਵਾਰੇ ਹੈਡ ਦਰਬਾਰ ਦੀ ਸੇਵਾ ਮਨੋ-ਤਨੋ ਕਰਦੇ ਹਨ। ਗੁਰਦਵਾਰੇ ਵਾਸਤੇ ਸਿੰਘ ਜਿਤਨਾ ਵੀ ਦਸਵੰਧ ਵਗੈਰਾ ਦੀ ਉਗਰਾਹੀ ਹੁੰਦੀ, ਇਹ ਨੰਬਰਦਾਰ ਜੀ ਹੀ ਲੈ ਕੇ ਆਉਂਦੇ ਹਨ। ਹੋਰ ਵੀ ਜਿਥੇ ਕੋਈ ਸੇਵਾ ਕਰਨ ਦੀ ਜ਼ਰੂਰਤ ਹੁੰਦੀ ਹੈ, ਸੰਤ ਸ਼ਾਦੀ ਸਿੰਘ ਜੀ ਇਸ ਨੰਬਰਦਾਰ ਨੂੰ ਹੀ ਘੱਲਦੇ ਹਨ। ਕਿਉਂਕਿ ਨੰਬਰਦਾਰ ਜੀ ਨਿਰਇੱਛਤ ਸਨ। ਇਨ੍ਹਾਂ ਦੇ ਪੁੱਤਰ ਧੀਆਂ ਸਭ ਪੜ੍ਹ ਲਿਖ ਕੇ ਚੰਗੇ ਕਾਰੋਬਾਰੀ ਬਣ ਗਏ ਹਨ। ਲੜਕੇ ਚੰਗੀਆਂ ਨੌਕਰੀਆਂ ਪਰ ਹਨ। ਲੜਕੀਆਂ ਦੇ ਚੰਗੇ ਵਿਆਹ ਕਰ ਦਿਤੇ ਹਨ। ਆਪਣੇ ਘਰੀਂ ਚੰਗੀ ਤਰ੍ਹਾਂ ਸੁਖੀ ਤਰੀਕੇ ਨਾਲ ਵੱਸਦੀਆਂ ਹਨ। ਇਸ ਫੂਲ ਪਿੰਡ ਦਾ ਸੰਤ ਮਹਾਰਾਜ ਜੀ ਦਾ ਚੰਗਾ ਸ਼ਰਧਾਲੂ ਸ੍: ਸ਼ਮਸ਼ੇਰ ਸਿੰਘ ਜੀ ਅੱਜ-ਕਲ੍ਹ ਪੰਜਾਬ ਗੌਰਮਿੰਟ ਦੇ ਅਪਟੂਡੇਟ ਮਹਿਕਮੇ ਦੇ ਅੰਡਰ ਸੈਕਟਰੀ ਦੀ ਨੌਕਰੀ ਕਰਦੇ ਹਨ। ਬੜੇ ਠੰਢੇ ਮਿਜਾਜ਼ ਦੇ ਗੁਰਮੁਖ ਪਰਉਪਕਾਰੀ ਹਨ। ਹਰਾਮ ਦਾ ਧਨ ਵੱਢੀ ਆਦਿਕ ਨੂੰ ਲੈਣਾ ਤਾਂ ਕਿਸੇ ਪਾਸੇ ਰਿਹਾ, ਬਲਕਿ ਬਹੁਤ ਬੁਰਾ ਸਮਝਦੇ ਹਨ। ਨਿਤਨੇਮੀ ਪ੍ਰੇਮੀ ਹਨ। ਕਿਰਤ ਵਿਚੋਂ ਦਸਵੰਧ ਦੇ ਕੇ ਪ੍ਰਸੰਨ ਰਹਿੰਦੇ ਹਨ। ਸਰਕਾਰੀ ਕੰਮ ਬੜੀ ਈਮਾਨਦਾਰੀ ਨਾਲ ਆਪਣਾ ਫਰਜ਼ ਸਮਝ ਕੇ ਨਿਭਾਉਂਦੇ ਹਨ। ਇਨ੍ਹਾਂ ਨੂੰ ਸੰਤ ਮਹਾਰਾਜ ਜੀ ਦਾ ਸਤਿਸੰਗ ਸ਼ਿਮਲੇ ਹੋਇਆ, ਜੋ ਸੰਤਾਂ ਨੇ ਇਸ ਗੁਰਮੁਖ ਨੂੰ ਉਪਦੇਸ਼ ਦਿੱਤਾ ਸੀ, ਇਸ ਨੇ ਬੜੀ ਭਲੀ ਪ੍ਰਕਾਰ ਕਮਾਇਆ। ਆਪਣੇ ਘਰ ਚੰਡੀਗੜ੍ਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਖੇ ਹੋਏ ਹਨ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਹਜ਼ੂਰੀ ਵਿਚ ਨਿਤਨੇਮ ਕਰਕੇ, ਅਰਦਾਸ ਸੋਧ ਕੇ, ਮੁਖਵਾਕ ਲੈ ਕੇ, ਫਿਰ ਅੰਨ-ਜਲ ਕਰਕੇ ਟਾਈਮ ਸਿਰ ਦਫਤਰ ਜਾਂਦੇ ਹਨ। ਸ੍: ਸ਼ਮਸ਼ੇਰ ਸਿੰਘ ਜੀ ਦੇ ਘਰ ਤਿੰਨ ਧੀਆਂ ਹੀ ਸਨ। ਪੁੱਤਰ ਧੰਨ ਤੋਂ ਉਦਾਸ ਸਨ। ਇਕ ਦਿਨ ਸੰਤ ਮਹਾਰਾਜ ਜੀ ਦੇ ਪਾਸ ਪਤੀ-ਸਤੀ ਨੇ ਬੇਨਤੀ ਕੀਤੀ, ਗਰੀਬ-ਨਿਵਾਜ਼ ਜੀਉ, *'ਪੁੱਤੀਂ ਗੰਢ ਪਵਹਿ ਸੰਸਾਰ'* ਦੇ ਮਹਾਵਾਕ ਅਨੁਸਾਰ ਸਾਡੀ ਵੀ ਸੰਸਾਰ ਨਾਲ ਪੁੱਤਰ ਦੇ ਕਰਕੇ ਗੰਢ ਪਾ ਦੇਣਾ ਕਰੋ। ਉਸ ਸਮੇਂ ਸੰਤ ਮਹਾਰਾਜ ਬੜੇ ਪ੍ਰਸੰਨ ਸਨ। ਸੰਤਾਂ ਨੇ ਬੜੀ ਦਿਆਲਤਾ ਸਹਿਤ ਪ੍ਰਸੰਨ ਹੋ ਕੇ ਅੰਮ੍ਰਿਤ-ਮਈ ਆਪਣੀ ਰਸਨਾ ਤੋਂ ਬਚਨ ਕਹਿ ਕੇ ਇਹਨਾਂ ਦੀਆਂ ਝੋਲੀਆਂ ਭਰ ਦਿੱਤੀਆਂ। ਕਿਹਾ ਕਿ ਸਰਦਾਰ ਸ਼ਮਸ਼ੇਰ ਸਿੰਘ, ਸਾਹਿਬ ਗੁਰੂ ਨਾਨਕ ਦੇਵ ਜੀ ਤੁਹਾਨੂੰ ਇਕ ਪੁੱਤਰ ਬਖਸ਼ ਦੇਣਗੇ। ਜੋ ਸ਼ਮਸ਼ੇਰ ਸਿੰਘ ਜੀ ਦਾ ਪੁੱਤਰ ਅੱਜ ਵੀਹ ਇਕੀ ਸਾਲ ਦਾ ਹੋ ਕੇ ਹਾਈ ਕਲਾਸਾਂ ਵਿਚ ਪੜ੍ਹਦਾ ਹੈ। ਸ੍: ਸ਼ਮਸ਼ੇਰ ਸਿੰਘ ਜੀ ਦੇ ਪਿਤਾ ਜੀ ਨਹਿਰੀ ਓਵਰਸੀਅਰ ਸਨ ਅਤੇ ਦੁਬਾਰਾ ਕਨਾਲ ਪਰ ਬਹੁਤ ਦੇਰ ਤਕ ਓਵਰਸੀਅਰ ਦੀ ਡਿਊਟੀ ਨਿਭਾਉਂਦੇ ਰਹੇ ਹਨ ਅਤੇ ਸੰਤ ਮਹਾਰਾਜ ਅਤਰ ਸਿੰਘ ਜੀ ਸਾਹਿਬ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਕਰਦੇ ਰਹੇ ਹਨ।

ਇਸ ਵਾਸਤੇ ਇਹ ਸਾਰਾ ਘਰਾਣਾ ਹੀ ਗੁਰੂ-ਘਰ ਦਾ ਸਤਿਸੰਗੀ ਹੈ। ਸੰਤ ਪ੍ਰੇਮ ਸਿੰਘ ਜੀ ਦਾ ਪਿੰਡ ਰੋਪੜ ਦੇ ਨਜ਼ਦੀਕ ਹੈ। ਸ੍: ਪ੍ਰੇਮ ਸਿੰਘ ਜੀ ਦੀ ਪਤਨੀ ਬੀਬੀ ਭਜਨ ਕੌਰ ਮਹਾਨ ਸੰਤ ਦੇਵੀ ਸਾਧੂ ਸੁਭਾਵ ਵਾਲੀ ਹੈ। ਪ੍ਰੇਮ ਸਿੰਘ ਜੀ ਗੁਰੂ-ਘਰ ਦੇ ਬਹੁਤ ਸ਼ਰਧਾਲੂ ਹਨ ਅਤੇ ਸੰਤ ਸੇਵੀ ਹਨ। ਪਹਿਲੇ-ਪਹਿਲ ਡਰਾਫਸਮੈਨ ਨੌਕਰ ਹੋਏ। ਉਮਰ ਦਾ ਕਾਫੀ ਹਿੱਸਾ ਡਰਾਫਸਮੈਨੀ ਦੀ ਨੌਕਰੀ ਵਿਚ ਹੀ ਬਿਤਾਇਆ। ਪਰ ਇਸ ਥੋੜੀ ਤਨਖਾਹ ਅੰਦਰ ਹੀ ਸਿੱਖ ਸਾਧਾਂ ਨੂੰ ਹੀ ਪ੍ਰਸ਼ਾਦਾ ਪਾਣੀ ਛਕਾ ਕੇ ਖੁਸ਼ੀਆਂ ਮਾਣਦੇ ਸਨ। ਭਾਵੇਂ ਇਕ, ਦੋ, ਚਾਰ, ਸੱਤ, ਦੱਸ ਆ ਜਾਣ, ਸਾਰਿਆਂ ਦੀ ਸੇਵਾ ਕਰਦੇ ਹੀ ਪ੍ਰਸੰਨ ਰਹਿੰਦੇ ਸਨ। ਸਤਿਗੁਰੂ ਜੀ ਨੇ ਮੇਹਰ ਕੀਤੀ, ਜਦੋਂ ਕਿ ਸਿੱਧੂ ਸਾਹਿਬ ਚੀਫ ਇੰਜੀਨੀਅਰ ਸਨ ਤੇ ਸ੍: ਬੁਧ ਸਿੰਘ ਜੀ ਐਕਸ. ਈ. ਐਨ. ਨਹਿਰ ਮਹਿਕਮਾ ਡਾਇਰੈਕਟਰ ਸਨ। ਉਸ ਸਮੇਂ ਐਸ. ਡੀ. ਓ. ਦਾ ਇਮਤਿਹਾਨ ਦੇ ਕੇ ਪਾਸ ਹੋ ਗਏ। ਫਿਰ ਇਨ੍ਹਾਂ ਦੇ ਸਮੇਂ ਹੀ ਡੀ. ਐਮ. ਦੀ ਥੋੜੀ ਨੌਕਰੀ ਵਿਚ ਹੀ ਸਾਰੀ ਕਬੀਲਦਾਰੀ ਨੂੰ ਹੋਣਹਾਰ ਕਰ ਲਿਆ। ਇਕ ਪੁੱਤਰ ਸ੍: ਕਰਮ ਸਿੰਘ ਇਸ ਸਮੇਂ ਨਹਿਰੀ ਮਹਿਕਮੇ ਵਿਚ ਕਾਮਯਾਬ ਓਵਰਸੀਅਰ ਹੈ, ਦੂਜਾ ਪੁੱਤਰ ਮੋਟਰ ਮਕੈਨਿਕ ਬਣ ਕੇ ਕੈਨੇਡਾ ਚਲਾ ਗਿਆ, ਇਕ ਲੜਕੀ ਬੀ. ਏ ਕਰਕੇ ਸ਼ਾਦੀ-ਸ਼ੁਦਾ ਹੋ ਗਈ

ਹੈ। ਇਕ ਨੇ ਮਿਊਜ਼ਿਕ ਦੀ ਐਮ. ਏ. ਕਰ ਲਈ ਹੈ। ਇਕ ਲੜਕਾ ਬੀ. ਏ ਵਿਚ ਪੜ੍ਹਦਾ ਹੈ। ਇਸ ਦੰਪਤੀ ਵਿਚ ਸੰਤ ਮਹਾਰਾਜ ਜੀ ਦਾ ਅਥਾਹ ਪ੍ਰੇਮ ਸੀ, ਆਪਣੀ ਕ੍ਰਿਤ ਵਿਚੋਂ ਦਸਵੰਧ ਦਿੰਦੇ ਰਹੇ, ਹੁਣ ਜ਼ਿਆਦਾਤਰ ਹੈੱਡ ਦਰਬਾਰ ਗੁਰਦੁਆਰਾ ਸੰਤ ਸ਼ਾਦੀ ਸਿੰਘ ਨਾਲ ਜ਼ਿਆਦਾ ਪਿਆਰ ਰਖਦੇ ਹਨ ਅਤੇ ਦਸਵੰਧ ਵੀ ਦਿੰਦੇ ਹਨ। ਸੰਤ ਮਹਾਰਾਜ ਜੀ ਦੇ ਉਪਦੇਸ਼ ਨੂੰ ਕਮਾ ਕੇ ਸਦਾ ਪ੍ਰਸੰਨ ਰਹਿੰਦੇ ਹਨ। ਸੰਤਾਂ ਦੀ ਬਰਸੀ ਪਰ ਡੇਰੇ ਆ ਕੇ ਵੀ ਸੇਵਾ ਕਰਦੇ ਹਨ।

ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਜੀ ਨੇ ਸੰਤਾਂ ਦਾ ਪ੍ਰੇਮੀ ਹੋਣਾ

ਪਟਿਆਲੇ ਦਾ ਸਾਰਾ ਸਾਕਾ 1944 ਵਿਚ ਹੋਇਆ। ਮਹਾਰਾਜਾ ਪਟਿਆਲਾ ਅਧੀਰਾਜਾ ਭੂਪਿੰਦਰ ਸਿੰਘ ਜੀ ਮਹਾਨ ਪ੍ਰਤਾਪੀ ਮਹਾਰਾਜੇ ਸਨ। ਇਸ ਦੀਆਂ ਵਿਆਹੁਤੀਆਂ ਰਾਣੀਆਂ ਨੌਂ ਸਨ, ਕੋਈ ਤੇਰਾਂ ਵੀ ਆਖਦੇ ਸਨ। ਉਂਝ ਤਾਂ ਤਕਰੀਬਨ 360 ਦੇ ਕਰੀਬ ਰਾਣੀਆਂ ਹੀ ਸਦੌਂਦੀਆਂ ਸਨ। ਕੁਝ ਪਹਾੜਨਾਂ ਸਨ, ਕੁਝ ਜਗੀਰ ਦੇ ਲਾਲਚੀ ਪੁਰਸ਼ਾਂ ਨੇ ਆਪਣੀਆਂ ਉਂਝ ਹੀ ਧੀਆਂ ਮਹੱਲਾਂ ਵਿਚ ਰਾਣੀਆਂ ਬਣਾ ਕੇ ਭੇਜ ਛੱਡੀਆ ਸਨ। ਅਖੀਰ ਭੂਪਿੰਦਰ ਸਿੰਘ ਜੀ ਭੋਗਾਂ ਕਰਕੇ ਰੋਗੀ ਹੋ ਗਏ। ਜੈਸੇ ਕਿ ਗੁਰਬਾਣੀ ਦਾ ਅਟੱਲ ਦਰਗਾਹੀ ਹੁਕਮ ਹੈ :-

ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ।। ਊਚੰ ਤ ਨੀਚੰ ਨਾਨ੍ਹਾ ਸੁ ਮੂਚੰ।।
ਰਾਜੰ ਤ ਮਾਨੰ ਅਭਿਮਾਨੰ ਤ ਹੀਨੰ।। ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ।।
ਗੋਬਿੰਦ ਭਜਨ ਸਾਧ ਸੰਗਣੇ ਅਸਥਿਰੰ ਨਾਨਕ ਭਗਵੰਤ ਭਜਨਾਸਨੰ।। ੧੨।। (ਸਹਸਕ੍ਰਿਤੀ, ਪੰਨਾ ੧੩੫੪)

ਬੱਸ ਇਹ ਸੰਸਾਰ ਦੁੰਦ ਬਾਦ ਦਾ ਹੀ ਕਾਰਨ ਹੈ। ਇਕ ਸਾਧੂ ਦੀ ਸੰਗਤ, ਦੂਸਰਾ ਅਕਾਲ ਪੁਰਖ ਦਾ ਸਿਮਰਨ ਹੀ ਦੁੰਦ ਬਾਦ ਰਹਿਤ ਇਸਥਿਤ ਰੂਪ ਹੈ। ਇਸ ਦੁੰਦ ਬਾਦ ਸੰਸਾਰ ਵਿਚ ਜੀਵ ਪਿਛਲੇ ਕੀਤੇ ਕਰਮਾਂ ਅਨੁਸਾਰ ਸੁਖ-ਦੁਖ ਭੋਗਦਾ ਹੈ। ਕੋਈ ਸਕਾਮ ਕਰਮੀ ਰਾਜ ਦੀ ਇੱਛਾ ਕਰਕੇ ਕਠਿਨ ਤਪੱਸਿਆ ਕਰਦਾ ਹੈ। ਫਿਰ ਉਸ ਸਕਾਮ ਤਪੱਸਿਆ ਦਾ ਫਲ ਰਾਜਾ ਬਣ ਕੇ ਅਨੇਕਾਂ ਭੋਗਾਂ ਨੂੰ ਭੋਗ ਕੇ ਤੇ ਹੰਕਾਰੀ ਹੋ ਕੇ ਅਧੋਗਤੀ ਨੂੰ ਜਾਂਦਾ ਹੈ। ਜੈਸੇ ਕਿ ਗੁਰਬਾਣੀ ਦਾ ਅਟੱਲ ਹੁਕਮ ਹੈ :-

ਦਾਨ ਪਰਾ ਪੂਰਬੇਣ ਭੁੰਚੰਤੇ ਮਹੀਪਤੇ।। ਬਿਪਰੀਤ ਬੁਧੁੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।। ੨੪।।

ਇਸ ਬਾਣੀ ਤੋਂ ਪਤਾ ਲੱਗਦਾ ਹੈ ਕਿ ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਜੀ ਰਾਜ ਭੋਗ ਭੋਗਣ ਵਾਸਤੇ ਅਤੇ ਐਸ਼ ਕਰਨ ਹਿਤ ਹੀ ਸੰਸਾਰ ਵਿਚ ਆਇਆ ਸੀ। ਅਖੀਰ ਮਹਾਰਾਜਾ ਸਾਹਿਬ ਨੂੰ ਭੋਗਾਂ ਨੇ ਹੀ ਭੋਗ ਲਿਆ, ਯਥਾ ਕਿ :- *ਭੁਗਤਾ ਹੋਏ ਭੋਗ ਮੈ ਭੋਗੇ।। ਓੜਕ ਭੋਗੋ ਭੋਗਿਆ ਮੋਹਿ।।*

ਭਰਥਰੀ ਜੀ ਦੇ ਕਥਨ ਅਨੁਸਾਰ ਰਾਜਾ ਸਾਹਿਬ ਭੋਗਾਂ ਨੂੰ ਭੋਗਦਾ ਹੋਇਆ ਆਪ ਹੀ ਭੋਗਿਆ ਗਿਆ। ਅੰਤ ਨੂੰ ਇਤਨਾ ਬੁਰਾ ਰੋਗ ਲੱਗ ਗਿਆ, ਸਾਰਾ ਸਰੀਰ ਹੀ ਲਹੂ ਬਿਕਾਰ ਨਾਲ ਗਲ ਗਿਆ, ਭਾਵੇਂ ਵੀ ਜਰਮਨ ਦੇ ਡਾਕਟਰ ਅਤੇ ਇੰਗਲੈਂਡ ਦੇ ਡਾਕਟਰ ਹੋਰ ਵੱਡੇ-ਵੱਡੇ ਡਾਕਟਰ ਇਲਾਜ ਕਰਕੇ ਥੱਕ ਗਏ, ਲੇਕਿਨ ਕਿਸੇ ਵੈਦ ਹਕੀਮ ਡਾਕਟਰ ਤੋਂ ਰਾਜਾ ਸਾਹਿਬ ਸੁਖੀ ਨਾ ਹੋਏ। ਰੋਗ ਵੱਧਦਾ ਹੀ ਗਿਆ। ਅਖੀਰ ਧਰਮ-ਕਰਮ ਪਰ ਆ ਗਏ। ਮਸਤੂਆਣੇ ਸਾਧੂਆਂ ਦੇ ਜਥੇ ਨੇ ਵੀ ਅਖੰਡ ਪਾਠ ਕੀਤੇ, ਸੰਤ ਬਾਬੇ ਨੰਦ ਸਿੰਘ ਕਲੇਰਾਂ ਵਾਲਿਆਂ ਦੁਆਰਾ ਵੀ ਅਖੰਡ ਪਾਠ ਹੋਏ। ਪਰ ਮਹਾਰਾਜ ਦੇ ਸਰੀਰ ਨੂੰ ਕਿਸੇ ਢੰਗ ਦੁਆਰਾ ਵੀ ਅਰਾਮ ਨਾ ਆਇਆ। ਅਖੀਰ ਸੋ ਦਿਨ ਆ ਗਿਆ, ਜਿਹੜਾ ਦਿਨ ਦ੍ਰਿਸ਼ਟ-ਮਾਨ ਸਾਰੇ ਸੰਸਾਰ ਪਰ ਆਉਂਦਾ ਹੈ। ਭਾਵ ਮੌਤ ਦਾ ਦਿਨ। ਜੈਸੇ ਕਿ :-

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।।
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।। (ਸਲੋਕ ਮਹਲਾ ੯)

ਇਹ ਚਲਣ ਵਾਲਾ ਦਿਨ ਤਾਂ ਜਨਮ ਸਮੇਂ ਤੋਂ ਪਹਿਲਾਂ ਹੀ ਲਿਖਿਆ ਗਿਆ ਸੀ, ਇਹ ਦਿਨ ਟਲ ਨਹੀਂ ਸੀ

ਸਕਦਾ, ਨਾ ਕਿਸੇ ਤੋਂ ਟਲਿਆ ਹੈ, ਨਾ ਅੱਗੇ ਨੂੰ ਟਲੇਗਾ। ਉਸੀ ਦਿਨ ਘੜੀ ਪਲ ਨਿਮੇਖ ਵਿਚ ਜਮ ਲਾੜਾ ਆਉਂਦਾ ਹੈ। ਜੀਵ ਲਾੜੀ ਨੂੰ ਵਰ ਕੇ ਲੈ ਜਾਂਦਾ ਹੈ। ਜੈਸੇ ਕਿ :-

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ।। ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ।।
ਜਿੰਦੁ ਨਿਮਾਣੀ ਕਢੀਐ ਹਡਾਂ ਕੂ ਕੜਕਾਇ।। ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ।।
ਜਿੰਦੁ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ।। *(ਸਲੋਕ ਫਰੀਦ ਜੀ)*

ਅਖੀਰ ਮਹਾਰਾਜੇ ਦੀ ਜਿੰਦ ਰੂਪ ਵਹੁਟੀ ਨੂੰ ਮੌਤ ਲਾੜਾ ਵਰ ਕੇ ਲੈ ਗਿਆ ਇਸੇ ਰਾਜੇ ਨੂੰ ਹੀ ਨਹੀਂ ਬਲਕਿ ਸਾਰਿਆਂ ਨੂੰ ਇਸ ਤਰ੍ਹਾਂ ਹੀ ਲੈ ਜਾਂਦਾ ਹੈ। ਜੈਸੇ ਕਿ :—

ਜੋਗੀ ਜਤੀ ਬ੍ਰਹਮਚਾਰੀ ਵੱਡੇ-ਵੱਡੇ ਛਤਰਧਾਰੀ ਛਤਰ ਹੀ ਕੀ ਛਾਇਆ ਕਈ ਕੋਸਲੋ ਚਲਤ ਹੈ।
ਵੱਡੇ ਵੱਡੇ ਰਾਜਨ ਕੇ ਦਾਬਤ ਫਿਰਤ ਦੇਸ਼ ਵੱਡੇ ਵੱਡੇ ਰਾਜਨ ਕੇ ਦ੍ਰਪ ਕੋ ਦਲਤ ਹੈ।
ਮਾਨਸੇ ਮਹੀਪ ਔ ਦਲੀਪ ਜੈਸੇ ਛਤ੍ਰ ਧਾਰੀ ਵੱਡੇ ਅਭਿਮਾਨ ਭੁਜ ਦੰਡ ਕੋ ਕਰਤ ਹੈ।
ਦਾਰਾ ਸੇ ਦਲੀਪ ਦ੍ਰਜੋਧਨ ਸੇ ਮਾਨ ਧਾਰੀ ਭੋਗ ਭੋਗ ਭੂਮਿ ਅੰਤ ਭੂਮਿ ਮੈ ਮਿਲਤ ਹੈ।
ਤਥਾ— ਐਸੇ ਭਏ ਰਾਜਾ ਤੀਨ ਲੋਕ ਮੈ ਨਗਾਰਾ ਬਾਜਾ ਜਾ ਕੇ ਰਥ ਪਰੀਅਨ ਸੇ ਸਤੋ ਸਿੰਧ ਖਾਟੇ ਹੈ।
ਅਰਥ ਖਰਬ ਦਰਬ ਜਾ ਕੀ ਕੋਣ ਬਰਖਨ ਕੀ ਆਰਜਾ ਥੀ ਏਕ ਬਾਨ ਹਥ ਲੀਏ ਬੈਰੀ ਸਭ ਡਾਂਟੇ ਹੈ।
ਵੁਹ ਵੀ ਮਰ ਗਏ। ਵਾ ਕਾ ਨਾਮ ਹੀ ਨਾ ਲਏ ਕੋਊ ਕਾਹੂੰ ਕਾਹੂੰ ਸਿਮਰਤ ਪੁਰਾਨ ਮੇਂ ਆਤੇ ਹੈਂ।
ਤੂੰ ਜੋ ਕਹੇ ਮੇਰੀ ਮੇਰੀ ਤੇਰੀ ਨਾ ਭਈ ਸਹੀ ਤੇਰੇ ਜੈਸੇ ਕੰਗਲੇ ਹਜ਼ਾਰੋਂ ਕਾਲ ਕਾਟੇ ਹੈਂ।

ਸਿਆਣਿਆਂ ਦਾ ਕਥਨ ਹੈ ਕਿ ਇਸ ਲਈ ਤੂੰ ਮਾਣ ਨਾ ਕਰ ਕਿ ਮੈਂ ਉਚੇ ਮੁਰਾਤਬੇ ਵਾਲਾ ਰਾਜਾ ਵਜ਼ੀਰ ਅਥਵਾ ਹੋਰ ਕੋਈ ਖਾਨ ਮਲੂਕ ਸਿਕਦਾਰ ਚੌਧਰੀ ਹਾਂ, ਇਸ ਮਾਣ ਹੰਕਾਰ ਵਿਚ ਸ਼ਰਾਬਾਂ ਪੀਣੀਆਂ, ਕਬਾਬ ਖਾਣੇ, ਦੁਨੀਆਂ ਦੀਆਂ ਸੋਹਣੀਆਂ ਨਾਲ ਕਾਮਰਸ ਭੋਗਣੇ, ਇਕ ਦਿਨ ਦੁਖ ਰੂਪ ਹੋ ਜਾਂਦੇ ਹਨ। ਸਭ ਬੋਤਲਿ ਪਿਆਲੇ ਟੁੱਟ ਜਾਂਦੇ ਹਨ। ਯਥਾ ਕਿ :—

ਨਾ ਕਰ ਮਾਣ ਜੇ ਤੂੰ ਉਚੇ ਮਰਾਤਬੇ ਵਾਲਾ। ਨਸ਼ੇ ਜਵਾਨੀ ਵਿਚ ਨਾ ਤੂੰ ਹੋ ਮਤਵਾਲਾ।
ਇਸ ਦੁਨੀਆਂ ਦੇ ਵਿਚ ਰਹਿਣ ਵਾਲੀ ਸੈ ਨਹੀਂ ਕੋਈ ਕਾਇਮ।
ਇਕ ਇਕ ਕਰਕੇ ਟੁਟ ਜਾਸੀ, ਅੱਜ ਬੋਤਲ ਕੱਲ੍ਹ ਪਿਆਲਾ।

ਇਹ ਮੌਤ ਕਦੇ ਜੀਵ ਦੇ ਮਾਰਨ ਵਾਸਤੇ ਚੰਗੀ ਮੂਰਤਿ ਥਿਤ, ਵਾਰੁ, ਨਹੀ ਪੁਛਦੀ, ਰਾਜੇ ਰਾਣੇ ਚੱਕਰਵਰਤੀ ਅਮੀਰ-ਗਰੀਬ, ਇਕ ਢੰਗ ਨਾਲ ਹੀ ਸਾਰਿਆਂ ਨੂੰ ਖਤਮ ਕਰੀ ਜਾਂਦੀ ਹੈ। ਜਦੋਂ ਪਰਾਲਬਧ ਮੁੱਕ ਜਾਂਦੀ ਹੈ, ਸਵਾਸਾਂ ਦੀ ਪੂੰਜੀ ਮੁੱਕ ਜਾਂਦੀ ਹੈ। ਉਹ ਜ਼ਰੀਆ ਜਿਸ ਬਹਾਨੇ ਮੌਤ ਹੋਣੀ ਹੈ, ਉਹ ਜਗ੍ਹਾ (ਧਰਤੀ) ਆ ਜਾਂਦੀ ਹੈ। ਫੇਰ ਤਾਂ ਮਾਇਕੀ ਜੀਵਾਂ ਨੂੰ ਇਕ ਸਮਾਨ ਹੀ ਲੈ ਜਾਂਦੀ ਹੈ। ਜੈਸੇ ਕਿ :—

ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ।। ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ ਬਧੇ ਭਾਰ।।
ਇਕਨ੍ਹਾ ਹੋਈ ਸਾਖਤੀ ਇਕਨ੍ਹਾ ਹੋਈ ਸਾਰ।। ਲਸਕਰ ਸਣੈ ਦਮਾਮਿਆ ਛੁਟੇ ਬੰਕ ਦੁਆਰ।।
ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ।। ੧।। *(ਪੰਨਾ ੧੨੪੪)*

ਜੇ ਇਹ ਮਾਣ ਕਰੋ ਕਿ ਮੇਰੀ ਮਾਇਆ, ਮੇਰੀ ਰਾਜ ਧਰਤੀ, ਮੇਰਾ ਪ੍ਰਵਾਰ, ਮੇਰਾ ਰਾਜ, ਸਮਾਜ ਘੋੜੇ, ਹਾਥੀ, ਰਥ, ਬੱਘੀਆਂ, ਮੋਟਰਕਾਰਾਂ, ਹਵਾਈ ਜਹਾਜ਼, ਰਾਕਟ, ਸਦਾ ਰਹਿਣ ਵਾਲੀਆਂ ਵਸਤੂਆਂ ਨਾ ਅੱਜ ਤਕ ਕਿਸੇ ਵੱਡੇ-ਵੱਡੇ ਰਾਜਨ ਬਾਦਸ਼ਾਹ ਪਾਸ ਰਹੇ ਹਨ। ਦਸਮ ਪਿਤਾ ਫਰਮਾਉਂਦੇ ਹਨ। ਭਲਿਆ ਤੇਰੀ ਜੋ ਤੇਰੇ ਨਾਲ ਆਈ ਸੀ ਸੋ ਵੀ ਨਹੀਂ ਤੇਰੇ ਨਾਲ ਜਾਣੀ, ਤੂੰ ਇਹਨਾਂ ਵਸਤੂਆਂ ਦਾ ਹੰਕਾਰ ਕਰਕੇ ਵਾਹਿਗੁਰੂ ਦੀ ਭਗਤੀ ਨਾ ਛੱਡ ਬੈਠੀਂ। ਜੈਸੇ ਕਿ :

ਰਾਵਨ ਕੇ ਮਹ ਰਾਵਨ ਕੇ ਮਨ ਕੇ ਨਲ ਕੇ ਚਲਤੇ ਨ ਚਲੀ ਗੌ।।
ਕੋਜ ਦਲੀਪਤ ਕੌਰਵ ਕੇ ਨਹੀ ਸਾਥ ਦੀਉ ਰਘੁਨਾਥ ਬਲੀ ਸੋ।।

ਸੰਗ ਚਲੀ ਅਬ ਲੌ ਨਹੀ ਕਾਹੂੰ ਕੇ ਸਾਚ ਕਹੂੰ ਅਘ ਓਘ ਦਲੀ ਸੋ।।
ਚੇਤ ਰੇ ਚੇਤ ਅਚੇਤ ਮਹਾਪਸ ਕਾਹੂੰ ਸੰਗ ਚਲੀ ਨ ਹਲੀ ਹੋ।।
ਤਥਾ।। ਭੂਮ ਕੋ ਕਉਨ ਗਮਾਨ ਹੈ ਭੂਪਤ ਸੋ ਨਹੀ ਕਾਹੂ ਕੇ ਸੰਗ ਚਲੈ ਹੈ।।
ਹੈ ਛਲਵੰਤ ਬੜੀ ਬਸੁਧਾ ਯਾ ਕਾਹੂੰ ਕੀ ਹੈ, ਹੈ ਨ ਕਾਹੂੰ ਹਵੈ ਹੈ।
ਭੌਨ ਭੰਡਾਰ ਸਭੈ ਬਰਨਾਰ ਸੋ ਅੰਤ ਤੁਝੈ ਕਉ ਸਾਥ ਨ ਦੈ ਹੈ।
ਆਨ ਕੀ ਬਾਤ ਚਲਾਤ ਹੈ। ਕਾਹੈ ਨੋ ਸੰਗ ਕੀ ਦੇਹ ਨ ਸੰਗ ਸਿਧੈ ਹੈ।

ਭਾਵ ਕਿ *'ਇਕ ਦਿਨ ਚਲਿਉ ਜੁਆਰੀਆ ਦੋਇ ਹਥ ਝਾਰ।'* ਇਸੇ ਤਰ੍ਹਾਂ ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਜੀ ਵੀ ਮਰੇਗਾ, ਬਿਸਤਰ ਪਰ ਇਸ ਰਾਜ ਮਾਲ ਸਮਾਜ, ਰਾਣੀਆਂ ਦੇ ਹੁੰਦਿਆਂ ਹੈਰਾਨ ਪ੍ਰੇਸ਼ਾਨ ਹੋ ਕੇ ਰੱਬ ਦੇ ਪਿਆਰ ਵਾਲੇ ਮਹਾਂਪੁਰਸ਼ਾਂ ਪਾਸ ਜੋਦੜੀਆਂ ਤੇ ਅਰਜ਼ਾਂ ਬੇਨਤੀਆਂ ਲੇਲੜੀਆਂ ਕੱਢ ਕੱਢ ਕੇ ਆਖਦਾ ਹੈ ਕਿ ਐ ਰੱਬ, ਹੇ ਰੱਬ ਰੂਪ ਪਿਆਰੇ, ਮੇਰੇ ਕੋਲੋਂ ਸਾਰਾ ਰਾਜ ਸਮਾਜ ਭਾਗ ਲੈ ਲਵੋ, ਪਰ ਮੈਨੂੰ ਇਸ ਮਰਨ ਦੁੱਖ ਤੋਂ ਬਚਾ ਲਵੋ।

ਪਰ *'ਹੁਣ ਦੇ ਰਾਹੇ ਜੰਮਣ ਨਾਹੀ'* ਦੇ ਮਹਾਂਵਾਕ ਅਨੁਸਾਰ ਮਹਾਂਪੁਰਸ਼ ਵੀ ਚੁਪ ਹੀ ਵੱਟ ਗਏ। ਇਤਨਾ ਇਸ਼ਾਰਾ ਗੁਰਬਾਣੀ ਨੇ ਕਰ ਦਿੱਤਾ ਕਿ ਭਾਈ *'ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ।।'* ਹੁਣ ਤਾਂ ਇਹ ਦੁਖ ਸਹਾਰਣਾ ਹੀ ਪਵੇਗਾ, ਜਿਥੇ ਸਾਰੀ ਜ਼ਿੰਦਗੀ ਸੁਖ ਤੇ ਰਾਜ ਦੇ ਐਸ ਭੋਗੇ ਹਨ। ਹੁਣ ਉਥੇ ਇਹ ਦੁਖ ਵੀ ਭੋਗਣਾ ਪਵੇਗਾ। ਬੱਸ ਮਹਾਂਪੁਰਸ਼ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੇ ਇਹ ਅਖੀਰ ਦੇ ਬਚਨ ਸੁਣਕੇ ਹੁਣ ਰਾਜੇ ਦਾ ਭੌਰ ਵਜੂਦ ਵਿਚੋਂ ਉਡਾਰੀ ਮਾਰ ਗਿਆ। ਸੋ ਜੀਵ ਤਾਂ ਕੀਤੇ ਕਰਮਾਂ ਅਨੁਸਾਰ ਧਰਮ ਰਾਜ ਦੀ ਕਚਹਿਰੀ ਵਿਚ ਜਾ ਪੇਸ਼ੀਆਂ ਭੁਗਤਣ ਲੱਗਾ ਸਰੀਰ। ਸਬੰਧੀਆਂ ਨੇ ਅੰਤਮ ਸੰਸਕਾਰ ਕਰ ਦਿੱਤਾ। ਜੈਸੇ ਕਿ :—

ਜਿਮੀ ਪੁਛੇ ਅਕਾਸ਼ ਖੇਵਟ ਕਿਨ ਗਏ। ਜਾਲਨ ਗੋਰਾਂ ਨਾਲ ਉਲਾਮੇ ਜੀਅ ਸਹੇ।।

ਅਖੀਰ ਸਬੰਧੀਆਂ, ਪੁੱਤਰ, ਰਾਣੀਆਂ ਨੇ ਸੰਤਾਂ ਦੀਆਂ ਮੰਡਲੀਆਂ ਨੂੰ ਸੱਦੇ-ਪੱਤਰ ਦੇ ਕੇ ਅਖੰਡ ਪਾਠ ਆਰੰਭ ਕਰਾਏ। ਇਕੋਤਰ ਸੌ ਅਖੰਡ ਪਾਠ ਕਰਾਏ। ਕਪੜੇ, ਮਾਇਆ, ਗਹਿਣੇ, ਘੋੜੇ ਆਦਿ ਪੁੰਨ ਕੀਤੇ ਗਏ। ਅਖੀਰ ਰਾਜ-ਗੱਦੀ ਪਰ ਰਾਜੇ ਦੇ ਇਕ ਪੁੱਤਰ ਯਾਦਵਿੰਦਰ ਸਿੰਘ ਜੀ ਬਿਠਾਏ ਗਏ। ਦਸਤਾਰ-ਬੰਦੀ ਦੀਆਂ ਮਹਾਨ ਖੁਸ਼ੀਆਂ ਕੀਤੀਆਂ ਗਈਆਂ, ਖੁਸ਼ੀਆਂ ਦੇ ਅਖੰਡ ਪਾਠ ਵੀ ਕੀਤੇ, ਪਰ ਹਰ ਇਕ ਕਾਰਜ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ ਆਗਿਆ ਵਿਚ ਕੀਤੇ ਗਏ ਸਨ। ਕਿਉਂਕਿ ਰਾਜ ਮਾਤਾ ਤੇ ਹੁਣ ਦਾ ਰਾਜਾ ਯਾਦਵਿੰਦਰ ਸਿੰਘ ਜੀ ਬਾਬਿਆਂ ਪਰ ਬਹੁਤ ਸ਼ਰਧਾ ਰੱਖਦੇ ਸਨ। ਇਹ ਵਾਰਤਾ ਤਕਰੀਬਨ ਸੰਨ 1940 ਈਸਵੀਂ ਦੀ ਹੈ। ਇਸੇ ਸਾਲ ਦੀ ਗਰਮੀ ਦੀ ਰੁੱਤ ਆਈ, ਸੰਤ ਬਾਬਾ ਨੰਦ ਸਿੰਘ ਜੀ ਉਸ ਸਮੇਂ ਪੰਜੋਰ ਬਾਗ ਜੋ ਉਸ ਸਮੇਂ ਰਿਆਸਤ ਪਟਿਆਲਾ ਵਿਚ ਸੀ, ਗਰਮੀ ਦੇ ਬਚਾਅ ਕਾਰਨ ਅਤੇ ਰਾਜ ਮਾਤਾ ਤੇ ਮਹਾਰਾਜਾ ਪਟਿਆਲਾ ਦੀਆਂ ਬੇਨਤੀਆਂ ਮੰਨ ਕੇ ਇਸ ਬਾਗ ਵਿਚ ਰਿਹਾਇਸ਼ ਰਖਦੇ ਸਨ। ਹੁਣ ਰਾਜ ਮਾਤਾ ਨੇ ਆਪਣੇ ਰਾਜ ਪੁੱਤਰ ਦੀ ਦੂਸਰੀ ਸ਼ਾਦੀ ਕਰਨੀ ਚਾਹੀ। ਕਿਉਂਕਿ ਪਹਿਲੀ ਸ਼ਾਦੀ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਸਾਰੇ ਪਰਵਾਰ ਦੀ ਸਲਾਹ ਤੋਂ ਬਿਨਾਂ ਅਤੇ ਅਕਾਲੀ ਲੀਡਰਾਂ ਦੇ ਨਾਲ ਨਰਾਜ਼ ਹੋ ਕੇ ਇਕ ਹਿੰਦੂ ਰਾਜੇ ਦੀ ਲੜਕੀ ਨਾਲ ਆਪਣੇ ਪੁੱਤਰ ਦੀ ਸ਼ਾਦੀ ਕਰ ਦਿੱਤੀ ਸੀ, ਜੋ ਕਿ ਹਿੰਦੂ ਰਾਜਾ ਬੰਗਾਲ ਵਲ ਦੀ ਦਿਸ਼ਾ ਚੂਲੜ ਕਿਸੇ ਛੋਟੀ ਰਿਆਸਤ ਦਾ ਸੀ, ਉਸ ਰਾਜੇ ਨੇ ਪਹਿਲਾਂ ਰਾਜ ਮਹੱਲਾਂ ਵਿਚ ਕਾਲੀ ਦਾ ਮੰਦਰ ਬਣਵਾਇਆ ਸੀ, ਆਪਣੇ ਪੰਡਿਤ ਵੀ ਡੋਲੇ ਦੇ ਨਾਲ ਭੇਜੇ ਸਨ।

ਮੰਦਰ ਦੇ ਹੋਰ ਸੇਵਾਦਾਰ ਵੀ ਭੇਜੇ ਸਨ। ਇਸ ਰਾਣੀ ਦੇ ਇਕ ਲੜਕੀ ਹੋਈ, ਦੂਸਰੀ ਸ਼ਾਦੀ ਜੈਜਈ ਸਰਦਾਰ ਦੀ ਲੜਕੀ ਮਹਿੰਦਰ ਕੌਰ ਜੀ ਨਾਲ ਹੋਈ ਸੀ। ਸਰਦਾਰ ਅਕਾਲੀ ਲਹਿਰ ਦਾ ਹੀਰੋ ਸੀ ਅਤੇ ਮਾਸਟਰ ਤਾਰਾ ਸਿੰਘ ਜੀ ਦੀ ਸੱਜੀ ਬਾਂਹ ਸੀ। ਅਕਾਲੀ ਲਹਿਰ ਨਾਲ ਅਤੇ ਮਾਸਟਰ ਤਾਰਾ ਸਿੰਘ ਜੀ ਨਾਲ ਮਹਾਰਾਜਾ ਭੂਪਿੰਦਰ ਸਿੰਘ ਜੀ ਦਾ ਅੱਗੇ ਵਿਰੋਧ ਸੀ। ਜੈਜਈ ਸਰਦਾਰ ਨਾਲ ਪਹਿਲਾਂ ਹੀ ਰਾਜ ਮਾਤਾ ਦਾ ਗੱਠ-ਜੋੜ ਸੀ ਕਿ ਮੌਕਾ ਆਉਣ ਤੋਂ ਟਿੱਕੇ

ਦੀ ਸ਼ਾਦੀ ਤੇਰੀ ਲੜਕੀ ਨਾਲ ਕਰਾਂਗੀ ਅਤੇ ਤੈਨੂੰ ਜੇਲ੍ਹ ਵਿਚੋਂ ਰਿਹਾਅ ਕਰਕੇ ਸਾਰੀ ਜਾਇਦਾਦ ਵਾਪਸ ਕਰਾਂਗੀ। ਕਈ ਕੁ ਆਖਦੇ ਹਨ ਕਿ ਜੈਜਈ ਸਰਦਾਰ ਦੀ ਲੜਕੀ ਮਹਿੰਦਰ ਕੌਰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦੀ ਸੀ, ਟਿੱਕਾ ਸਾਹਿਬ ਜੀ ਵੀ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹਦੇ ਸਨ। ਉਸ ਕਾਲਜ ਵਿਚ ਦੋਨਾਂ ਦੇ ਆਪੋ ਵਿਚ ਬਚਨ ਹੋ ਗਏ ਸਨ। ਆਪੋ ਵਿਚੀਂ ਵਿਆਹ ਕਰਾਉਣ ਦੇ ਰਹੋ, ਵਿਚਾਰ ਕੁਝ ਵੀ ਹੋਵੇ।

ਇਨ੍ਹਾਂ ਦੋਨਾਂ ਦਾ ਅਕਾਲ-ਪੁਰਖ ਵਲੋਂ ਸੰਜੋਗ ਹੀ ਸੀ, ਹੁਣ ਸੰਤ ਬਾਬਾ ਨੰਦ ਸਿੰਘ ਜੀ ਦੀ ਆਗਿਆ ਅਨੁਸਾਰ ਵਿਆਹ ਦੇ ਦਿਨ ਰੱਖੇ ਗਏ। ਪਰ ਬਾਬਾ ਜੀ ਦੀ ਆਗਿਆ ਨਾਲ ਪਹਿਲਾਂ ਅੰਮ੍ਰਿਤ ਛਕਣਾ ਜ਼ਰੂਰੀ ਹੋ ਗਿਆ। ਬਾਬਾ ਨੰਦ ਸਿੰਘ ਜੀ ਦੀ ਆਗਿਆ ਨਾਲ ਪੰਜ ਪਿਆਰੇ ਬੁਲਾਏ ਗਏ। ਜਿਨ੍ਹਾਂ ਪੰਜਾਂ ਪਿਆਰਿਆਂ ਵਿਚ ਸੰਤ ਮਹਾਰਾਜ ਜੀ ਨੂੰ ਮੁਖੀ ਮੰਨਿਆ ਗਿਆ ਸੀ, ਪੰਜ ਪਿਆਰੇ ਇਕ ਸੰਤ ਮਹਾਰਾਜ ਜੀ, ਦੂਸਰੇ ਮਹੰਤ ਅਘੜ ਸਿੰਘ ਧਮਧਾਨ ਸਾਹਿਬ ਵਾਲਾ ਤੀਸਰੇ ਬਾਬਾ ਐਂਚਲ ਸਿੰਘ ਜੀ ਭਾਈ ਕੇ ਚੱਕਾਂ ਵਾਲੇ ਚੌਥੇ ਬਾਬਾ ਕਿਸ਼ਨ ਸਿੰਘ ਜੀ ਘੁਨਸਾ ਵਾਲੇ ਪੰਜਵੇਂ ਪੰਡਿਤ ਕ੍ਰਿਸ਼ਨ ਸਿੰਘ ਜੀ ਸਨ। ਰਾਜਾ ਸਾਹਿਬ ਦਾ ਸ਼ਾਦੀ ਚੈਲ ਪਹਾੜ ਵਿਚ ਹੋਈ ਸੀ, ਜੋ ਕਿ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਦੂਸਰਾ ਸ਼ਿਮਲਾ ਆਪਣੀ ਰਿਆਸਤ ਵਿਚ ਰਚਿਆ ਸੀ। ਇਸ ਵਿਆਹ ਦੇ ਸਮੇਂ ਸਾਧੂਆਂ ਦਾ ਬਹੁਤ ਇਕੱਠ ਸੀ, ਬਾਬੇ ਮਸਤੂਆਣੇ ਵਾਲਿਆਂ ਦਾ ਸਾਰਾ ਜੱਥਾ ਤੇਜਾ ਸਿੰਘ ਜੀ ਤੇ ਗ੍ਰੰਥੀ ਹਰਨਾਮ ਸਿੰਘ ਜੀ ਨੇ ਤੇ ਮਾਈ ਦਾ ਜੀਵਨ ਸਿੰਘ ਜੀ ਆਦਿ ਸਾਰੇ ਸਾਧੂ ਸਨ। ਸਾਰੇ ਸਾਧੂਆਂ ਦੇ ਚਿੱਤ ਵਿਚ ਸੀ ਕਿ ਮਹਾਰਾਜਾ ਯਾਦਵਿੰਦਰ ਸਿੰਘ ਜੀ ਸਾਡੇ ਕਲੇਰਾਂ ਵਾਲਿਆਂ ਦੇ ਸ਼ਰਧਾਲੂ ਹੋ ਕੇ ਉਨ੍ਹਾਂ ਦੇ ਹੁਕਮ ਵਿਚ ਅੰਮ੍ਰਿਤ ਛੱਕ ਰਹੇ ਸਨ।

ਹੁਣ ਚੈਲ ਦੀਵਾਨਖਾਨੇ ਵਿਚ ਪੰਜ ਪਾਠ ਆਰੰਭ ਕੀਤੇ ਗਏ। ਦਾਸ ਲਿਖਾਰੀ ਸੰਤਾਂ ਵਲੋਂ ਉਨ੍ਹਾਂ ਅਖੰਡ ਪਾਠਾਂ ਵਿਚ ਸ਼ਾਮਲ ਸੀ, ਹੋਰ ਸਾਰੇ ਪਾਠੀ ਸਾਰੇ ਸਾਧੂਆਂ ਵਲੋਂ ਸਨ। ਉਸ ਸਮੇਂ ਸੰਤ ਮਹਾਰਾਜ ਜੀ, ਦੂਸਰਾ ਸਿੰਘ ਜਥੇਦਾਰ ਨਰਾਇਣ ਸਿੰਘ ਜੀ ਵੀ ਸਨ। ਸਾਰੇ ਸਾਧੂਆਂ ਦੇ ਆਸਣ ਦੀਵਾਨਖਾਨੇ ਦੇ ਕਮਰਿਆਂ ਵਿਚ ਹੀ ਸਨ। ਪਰ ਸੰਤ ਮਹਾਰਾਜ ਜੀ ਦਾ ਆਸਣ ਡਾਕਟਰ ਨਿਰੰਜਨ ਸਿੰਘ ਜੀ ਦੀ ਕੋਠੀ ਸੀ। ਇਹ ਡਾਕਟਰ ਨਿਰੰਜਨ ਸਿੰਘ ਬਹੁਤ ਸਿਆਸੀ ਬਿਰਤੀ ਵਾਲਾ ਬੰਦਾ ਸੀ। ਪਟਿਆਲੇ ਰਾਜ ਘਰਾਣੇ ਦੀ ਸਾਰੀ ਸਿਆਸਤ ਤੇ ਹਰ ਕੰਮ ਇਸ ਡਾਕਟਰ ਦੀ ਸਲਾਹ ਨਾਲ ਹੀ ਹੋਇਆ ਕਰਦੇ। ਇਹ ਸਿਆਸੀ ਆਦਮੀ ਸੀ ਅਤੇ ਸੰਤ ਸੇਵੀ ਬਿਲਕੁਲ ਨਹੀਂ ਸੀ। ਇਸ ਦੀ ਕੋਠੀ ਅੱਜ ਤਕ ਨਾ ਕੋਈ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੋਇਆ ਹੈ, ਨਾ ਕੋਈ ਸਾਧੂ ਇਸ ਦੀ ਕੋਠੀ ਆਇਆ ਹੈ। ਜਦੋਂ ਸੰਤ ਮਹਾਰਾਜ ਜੀ ਦਾ ਜਥੇਦਾਰ ਸਮੇਤ ਇਸ ਦੀ ਕੋਠੀ ਆਸਣ ਲਾਇਆ ਸੀ ਤਾਂ ਇਸ ਨੇ ਬੜੇ ਹੰਕਾਰ ਵਿਚ ਕਿਹਾ ਸੀ ਕਿ ਸੰਤ ਜੀ ਅੱਜ ਪਹਿਲਾ ਦਿਨ ਹੈ ਕਿ ਆਪ ਜੈਸੇ ਸ਼ੈਤਾਨ ਬਿਰਤੀ ਵਾਲੇ ਦੇ ਘਰ ਸਾਡਾ ਆਸਣ ਲਗਿਆ ਹੈ। ਇਹ ਨਾਜ਼ਕ ਉਤਰ ਸੁਣ ਕੇ ਹੀ ਡਾਕਟਰ ਨਿਰੰਜਨ ਸਿੰਘ ਜੀ ਹੱਥ ਜੋੜਨ ਲਗ ਪਏ ਅਤੇ ਦਾਸ ਬਣ ਗਏ। ਹੁਣ ਸਾਰੀ ਗੱਲ ਸੰਤਾਂ ਨੂੰ ਪੁਛ ਕੇ ਹੀ ਕਰਦਾ ਹੈ। ਤੀਸਰੇ ਦਿਨ ਅਠਤਾਲੀ ਘੰਟਿਆਂ ਤੋਂ ਬਾਅਦ ਪੰਜ ਅਖੰਡ ਪਾਠਾਂ ਦੀ ਸਮਾਪਤੀ ਹੋਣੀ ਸੀ।

ਉਸ ਦਿਨ ਮਹਾਰਾਜਾ ਸਾਹਿਬ ਨੂੰ ਅੰਮ੍ਰਿਤ ਛਕਾਣਾ ਸੀ, ਮਹਾਰਾਜਾ ਸਾਹਿਬ ਨੂੰ ਅੰਮ੍ਰਿਤ ਛਕਾਣ ਦੀ ਤੀਬਰ ਇੱਛਾ ਬਾਬਾ ਮਸਤੂਆਣੇ ਵਾਲਿਆਂ ਦੇ ਜਥੇ ਦੀ ਸੀ, ਪਰ ਬਾਬਾ ਨੰਦ ਸਿੰਘ ਜੀ ਦੇ ਹੁਕਮ ਅਨੁਸਾਰ ਸੀ। ਹੁਣ ਉਸ ਦਿਨ ਦਾ ਪ੍ਰੋਗਰਾਮ ਡਾਕਟਰ ਨਿਰੰਜਨ ਸਿੰਘ ਜੀ ਦੇ ਨਾਲ ਰਾਜ ਮਾਤਾ ਆਦਿਕ ਨੇ ਸੈਟ ਕੀਤਾ, ਡਾਕਟਰ ਨਿਰੰਜਨ ਸਿੰਘ ਜੀ ਨੇ ਪ੍ਰੋਗਰਾਮ ਉਲੀਕ ਕੇ ਸੁਣਾ ਦਿਤਾ ਕਿ ਅੰਮ੍ਰਿਤ ਵੇਲੇ ਚਾਰ ਵਜੇ ਤੋਂ ਨੌਂ ਵਜੇ ਤਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਮਸਤੂਆਣੀਆਂ ਦਾ ਜੱਥਾ ਕਰੇਗਾ ਅਤੇ ਆਸਾ ਜੀ ਦੀ ਵਾਰ ਦਾ ਕੀਰਤਨ ਪਹਿਲੋਂ ਗ੍ਰਾਉਂਡ ਵਿਚ ਬੜੇ ਖੁਲ੍ਹੇ ਮੈਦਾਨ ਵਿਚ ਹੋਵੇਗਾ। ਸਾਢੇ ਨੌਂ ਵਜੇ ਅਖੰਡ ਪਾਠਾਂ ਦੇ ਭੋਗ ਦੇ ਸਲੋਕ ਪੜ੍ਹੇ ਜਾਣਗੇ ਅਤੇ ਸਾਢੇ ਗਿਆਰਾਂ ਵਜੇ ਸਾਰੀ ਸਮਾਪਤੀ ਹੋਵੇਗੀ, ਅੰਮ੍ਰਿਤ ਛਕਾਉਣ ਦਾ ਪ੍ਰੋਗਰਾਮ ਗੁਪਤ ਰੱਖ ਲਿਆ। ਅੰਮ੍ਰਿਤ ਛਕਾਉਣ ਦਾ ਪ੍ਰੋਗਰਾਮ ਜਾਂ ਛਕਾਉਣ ਵਾਲਿਆਂ ਨੂੰ ਦੱਸਿਆ ਗਿਆ ਜਾਂ ਛਕਣ ਵਾਲਿਆਂ ਨੂੰ ਦੱਸਿਆ ਗਿਆ।

ਹੁਣ ਅੰਮ੍ਰਿਤ ਵੇਲਾ ਹੋਇਆ ਮਸਤੂਆਣੀਆਂ ਦਾ ਜਥਾ ਆਸਾ ਦੀ ਵਾਰ ਦਾ ਕੀਰਤਨ ਕਰਨ ਉਪਰ ਪਹਿਲੋਂ ਗ੍ਰਾਉਂਡ ਵਿਚ ਜਿਥੇ ਕਿ ਬੜਾ ਸੁੰਦਰ ਪੰਡਾਲ ਬਣਿਆ ਹੋਇਆ ਸੀ, ਕਰਨ ਚਲੇ ਗਏ। ਠੀਕ ਸੱਤ ਵਜੇ ਅੰਮ੍ਰਿਤ ਤਿਆਰ ਕਰਨ ਹਿਤ ਪੰਜ ਪਿਆਰੇ ਤੇ ਛੇਵਾਂ ਗ੍ਰੰਥੀ ਸਾਹਿਬ ਤੇ ਪਹਿਰੇਦਾਰ ਨੀਯਤ ਜਗ੍ਹਾ ਪਰ ਚਲੇ ਗਏ। ਅੰਮ੍ਰਿਤ ਤੱਕਣ ਵਾਲੇ ਮਹਾਰਾਜਾ ਸਾਹਿਬ ਅਤੇ ਦੋ ਹੋਰ ਰਾਜਾ ਜੀ ਦੇ ਸਾਥੀ ਨੀਯਤ ਜਗ੍ਹਾ ਪਰ ਹਾਜ਼ਰ ਹੋ ਗਏ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਪਹਿਲਾਂ ਪੰਜਾਂ ਪਿਆਰਿਆਂ ਦੀ ਸੁਧਾਈ ਦਾ ਅਰਦਾਸਾ ਸੋਧਿਆ ਗਿਆ, ਫਿਰ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੁਖਵਾਕ ਲਿਆ ਤੇ ਅਗਰ ਭਾਵ ਵਿਚ ਸਵੱਛ ਕੰਬਲ ਵਿਛਾਇਆ ਗਿਆ, ਕੰਬਲ ਉਪਰ ਪੱਥਰ ਦਾ ਕੁੰਡਾ ਰਖਿਆ ਗਿਆ, ਕੁੰਡੇ ਉਪਰ ਲੋਹੇ ਦਾ ਬਾਣਾ ਰੱਖਿਆ ਗਿਆ, ਫਿਰ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕਰਨ ਹਿਤ ਸਵੱਛ ਪਾਣੀ ਪਾਇਆ ਅਤੇ ਪੰਜਾਂ ਪਿਆਰਿਆਂ ਨੇ ਪਤਾਸੇ ਪਾਏ।

ਫਿਰ ਬਾਟੇ ਦੇ ਚੋਹੀਂ ਪਾਸੇ ਪੰਜ ਪਿਆਰ ਬੀਰ ਆਸਣ ਲਾ ਕੇ ਇਸਥਿਤ ਹੋ ਗਏ। ਜਪੁਜੀ ਸਾਹਿਬ ਸੰਤ ਮਹਾਰਾਜ ਜੀ ਨੇ ਪੜ੍ਹਿਆ, ਜਾਪ ਸਾਹਿਬ ਮਹੰਤ ਅਘੜ ਸਿੰਘ ਜੀ ਨੇ ਪੜ੍ਹਿਆ, ਸਵੱਯੇ ਸੰਤ ਕਿਸ਼ਨ ਸਿੰਘ ਜੀ ਨੇ ਪੜ੍ਹੇ, ਪੰਜ ਪਿਆਰੇ ਨੰਬਰਵਾਰ ਆਪੋ ਆਪਣੀ ਬਾਣੀ ਪੜ੍ਹਦੇ ਰਹੇ, ਅੰਮ੍ਰਿਤ ਤੱਕਣ ਵਾਲੇ ਸਤਿਗੁਰੂ ਜੀ ਦੀ ਹਜ਼ੂਰੀ ਬੜੇ ਸਤਿਕਾਰ ਨਾਲ ਖੜੇ ਕੇ ਵਾਹਿਗੁੰਰੂ ਦਾ ਜਾਪ ਕਰਦੇ ਰਹੇ। ਸਾਰੀਆਂ ਬਾਣੀਆਂ ਪੜ੍ਹ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰ ਲਿਆ। ਸੰਤਾਂ ਨੇ ਅੰਮ੍ਰਿਤ ਦੇ ਬਾਟੇ ਦੀ ਤਿਆਰੀ ਦਾ ਅਰਦਾਸਾ ਕੀਤਾ, ਹੁਣ ਸਾਰੇ ਗੁਰੂ ਮਹਾਰਾਜ ਜੀ ਨੂੰ ਨਮਸ਼ਕਾਰ ਕਰਕੇ ਬੈਠ ਗਏ। ਫਿਰ ਮੁਖਵਾਕ ਲਿਆ, ਇਸ ਤੋਂ ਉਪਰੰਤ ਫਿਰ ਪੰਜਾਂ ਪਿਆਰਿਆਂ ਦੇ ਜਥੇਦਾਰ ਸੰਤਾਂ ਨੇ ਮਹਾਰਾਜਾ ਸਮੇਤ ਅੰਮ੍ਰਿਤ ਛਕਣ ਵਾਲਿਆਂ ਨੂੰ ਪ੍ਰੇੜ੍ਹਤਾ ਕਰਨ ਵਾਸਤੇ ਪੁੱਛ-ਗਿੱਛ ਕੀਤੀ।

ਜਦੋਂ ਅੰਮ੍ਰਿਤ ਛਕਣ ਵਾਲੇ ਪੂਰਨ ਅਧਿਕਾਰੀ ਪੱਕੇ ਸਮਝੇ ਤਾਂ ਫਿਰ ਪੰਜਾਂ ਪਿਆਰਿਆਂ ਨੇ ਵਾਰੋ-ਵਾਰੀ ਅੰਮ੍ਰਿਤ ਦੇ ਚੁਲ੍ਹੇ ਮੁਖ ਵਿਚ ਪਾਏ ਅਤੇ ਹਰ ਚੁਲ੍ਹੇ ਨਾਲ 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੁਲਵਾਈ ਜਾਂਦੇ ਸਨ। ਫਿਰ ਏਸੇ ਢੰਗ ਨਾਲ ਪੰਜ ਚੁਲੇ ਸੀਸ ਵਿਚ ਪਾਏ ਗਏ। ਇਸ ਤਰ੍ਹਾਂ ਗੁਰੂ ਕੀ ਮਰਯਾਦਾ ਅਨੁਸਾਰ ਮਹਾਰਾਜਾ ਜੀ ਨੂੰ ਤੇ ਰਾਜਾ ਜੀ ਦੇ ਸਾਥੀਆਂ ਨੂੰ ਅੰਮ੍ਰਿਤ ਛਕਾ ਕੇ ਅਰਦਾਸਾ ਸੋਧਿਆ ਤੇ ਮੁਖ ਵਾਕ ਲਿਆ ਗਿਆ:

ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ।।
ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ।। ੧।।
ਪ੍ਰਭ ਜੀਉ ਤੂ ਮੇਰੋ ਸਾਹਿਬ ਦਾਤਾ।। ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ।। ਰਹਾਉ।।
ਸਤਿਗੁਰਿ ਨਾਮੁ ਨਿਧਾਨੁ ਦਿੜ੍ਹਾਇਆ ਚਿੰਤਾ ਸਗਲ ਬਿਨਾਸੀ।।
ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ।। ੨।।
ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗਰਿ ਅਪੁਨੈ ਰਾਖੇ।।
ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ।। ੩।।
ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ।।
ਨਾਲਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ।। ੪।। *(ਸੋਰਠਿ ਮਹਲਾ ੫, ਪੰਨਾ ੬੧੫)*

ਮੁਖਵਾਕ ਤੋਂ ਬਾਅਦ ਸੰਤਾਂ ਨੇ ਗੁਰ ਮਰਯਾਦਾ ਅਨੁਸਾਰ ਪੰਜ ਕੱਕਾਰਾਂ ਦੀ ਰਹਿਤ ਰਖਣ ਦਾ ਉਪਦੇਸ਼ ਦਿੱਤਾ ਅਤੇ ਚਾਰ ਬਜਰ ਗੁਰਹਿਤਾਂ ਨਾ ਕਰਨ ਦਾ ਦ੍ਰਿੜ੍ਹ ਉਪਦੇਸ਼ ਦਿੱਤਾ। ਜਦੋਂ ਪੰਜਾਂ ਬਾਣੀਆਂ ਦਾ ਅੰਮ੍ਰਿਤ ਵੇਲੇ ਪੜ੍ਹਨ ਦਾ ਉਪਦੇਸ਼ ਦਿੱਤਾ ਮੂਲ-ਮੰਤਰ ਤੇ ਗੁਰ ਮੰਤਰ ਦਾ ਉਪਦੇਸ਼ ਦਿੱਤਾ ਪੂਜਾ ਅਕਾਲ ਪੁਰਖ ਦੀ, ਕਰਨ ਦਾ ਉਪਦੇਸ਼ ਦਿੱਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਤਖਤ ਮਾਲਕ ਦਸਾਂ ਗੁਰੂਆਂ ਦਾ ਸਰੂਪ ਨਿਸ਼ਚੇ ਕਰਕੇ ਪੂਜਾ ਕਰਨੀ ਅਤੇ ਦਸਵੰਧ ਦੇਣ ਦਾ ਹੁਕਮ ਕੀਤਾ। ਮੀਣੇ ਧੀਰਮਲੀਏ ਰਾਮ ਰਾਈਏ ਮਸੰਦ ਸਿਰ ਗੁੰਮੇ, ਨੜੀ ਮਾਰ, ਕੁੜੀ ਮਾਰ ਨਾਲ ਨਾ ਮਿਲਵਰਤਣ ਦਾ ਉਪਦੇਸ਼ ਦਿੱਤਾ। ਪਿਤਾ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਦੇਵਾਂ ਕੌਰ ਜੀ ਦ੍ਰਿੜ੍ਹ

ਕਰਵਾਇਆ ਅਤੇ ਵਾਸੀ ਅਨੰਦਪੁਰ ਸਾਹਿਬ ਜੀ ਦੇ ਜਨਮ ਕੇਸਗੜ੍ਹ ਸਾਹਿਬ ਜੀ ਤੇ ਨਾਨਕੇ ਗੁਰੂ ਕੇ ਲਾਹੌਰ ਨਿਸ਼ਚੇ ਕਰਵਾਏ।

ਹੁਣ ਕੜਾਹ ਪ੍ਰਸ਼ਾਦਿ ਛੱਕ ਛੱਕਾ ਕੇ ਤੇ ਵਰਤਾ ਕੇ ਪੰਜ ਪਿਆਰੇ ਬਾਹਰ ਆ ਕੇ ਹੀ ਖੜੇ ਸਨ। ਉਧਰੋਂ ਮਸਤੂਆਣੀਆਂ ਦਾ ਜਥਾ ਆਸਾ ਜੀ ਦੀ ਵਾਰ ਦੀ ਸਮਾਪਤੀ ਕਰਕੇ ਆ ਗਿਆ। ਜਦੋਂ ਸੰਤ ਤੇਜਾ ਸਿੰਘ ਜੀ ਨੇ ਡਾਕਟਰ ਨਿਰੰਜਨ ਸਿੰਘ ਜੀ ਤੋਂ ਪੁਛਿਆ ਕਿ ਮਹਾਰਾਜਾ ਸਾਹਿਬ ਅੰਮ੍ਰਿਤ ਛਕਾਉਣ ਦਾ ਕਦ ਪ੍ਰੋਗਰਾਮ ਹੈ ਤਾਂ ਡਾਕਟਰ ਜੀ ਨੇ ਉਤਰ ਦਿੱਤਾ, ਸੰਤਾਂ ਵਲ ਇਸ਼ਾਰਾ ਕਰਕੇ ਕਿਉਂਕਿ ਅਜੇ ਤਕ ਪੰਜਾਂ ਪਿਆਰਿਆਂ ਨੇ ਪੰਜਾਂ ਪਿਆਰਿਆਂ ਵਾਲੇ ਪੁਸ਼ਾਕੇ ਲਾਹੇ ਨਹੀਂ ਸਨ। ਇਸ ਕਰਕੇ ਡਾਕਟਰ ਜੀ ਨੇ ਆਖਿਆ ਸੰਤ ਜੀ ਆਹ ਦੇਖੋ ਸੰਤ ਮਹਾਰਾਜ ਰਾਜੇ ਨੂੰ ਅੰਮ੍ਰਿਤ ਛਕਾ ਕੇ ਆ ਕੇ ਖੜੇ ਹਨ। ਬਸ ਸੰਤ ਤੇਜਾ ਸਿੰਘ ਜੀ ਸੁਣਦੇਸਾਰ ਹੀ ਬਹੁਤ ਉਦਾਸ ਜਿਹਾ ਹੋ ਗਿਆ ਅਖੀਰ ਚੈਲੇ ਤੋਂ ਸਭ ਸਾਧੂ ਵਿਦਾ ਹੋ ਕੇ ਆਪੋ ਆਪਣੇ ਅਸਥਾਨਾਂ ਨੂੰ ਆ ਗਏ। ਸੰਤ ਮਹਾਰਾਜ ਬਾਬਾ ਨੰਦ ਸਿੰਘ ਜੀ ਨੂੰ ਪੰਜੋਰ ਬਾਗ ਵਿਚ ਮਿਲੇ ਅਤੇ ਦੋਨਾਂ ਮਹਾਂਪੁਰਸ਼ਾਂ ਨੇ ਮਿਲ ਕੇ ਬਹੁਤ ਪਰਮਾਰਥ ਦੀਆਂ ਵਿਚਾਰਾਂ ਕੀਤੀਆਂ ਫਿਰ ਬਾਬਾ ਨੰਦ ਸਿੰਘ ਜੀ ਤੋਂ ਛੁਟੀਆਂ ਲੈ ਕੇ ਸੰਤ ਡੇਰੇ ਆ ਗਏ। ਇਤੀ।

ਰਾਜ ਮਾਤਾ ਨੇ ਪੰਜਾਂ ਪਿਆਰਿਆਂ ਤੋਂ ਇਕ-ਇਕ ਸਹਿਜ ਪਾਠ ਕਰਵਾਉਣਾ

ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਜੀ ਦੀ ਮਾਤਾ ਨੇ ਦ੍ਰਿੜ੍ਹ ਸੰਕਲਪ ਕੀਤਾ ਕਿ ਜਿਨ੍ਹਾਂ ਪੰਜਾਂ ਪਿਆਰਿਆਂ ਨੇ ਮੇਰੇ ਪੁੱਤਰ ਨੂੰ ਅੰਮ੍ਰਿਤ ਛਕਾਇਆ ਹੇ। ਉਨ੍ਹਾਂ ਪੰਜਾਂ ਪਿਆਰਿਆਂ ਦੁਆਰਾ ਇਕ-ਇਕ ਸਹਜ ਪਾਠ ਕਰਵਾ ਕੇ ਉਨ੍ਹਾਂ ਪੰਜਾਂ ਪਿਆਰਿਆਂ ਦੇ ਬਸਤਰਾਂ ਕਰਕੇ ਅਤੇ ਮਾਇਆ ਕਰਕੇ ਹੋਰ ਪਦਾਰਥਾਂ ਕਰਕੇ ਸੇਵਾ ਕਰੀਏ। ਸਾਰੇ ਪੰਜਾਂ ਪਿਆਰਿਆਂ ਦੇ ਅਸਥਾਨਾਂ ਨੂੰ ਪਤ੍ਰਕਾ ਲਿਖ ਕੇ ਇਕ-ਇਕ ਪਾਠੀ ਮੰਗਾਇਆ। ਇਸੇ ਤਰ੍ਹਾਂ ਦੀ ਪਤਰਕਾ ਡੇਰੇ ਸੰਤਗੜ੍ਹ ਸੰਤ ਮਹਾਰਾਜ ਜੀ ਦੇ ਨਾਮ ਪਰ ਪਾਈ। ਸੰਤਾਂ ਨੇ ਚਿੱਠੀ ਪੜ੍ਹ ਕੇ ਦਾਸ ਕੋਲੋਂ ਉੱਤਰ ਲਿਖਵਾ ਦਿੱਤਾ ਕਿ ਅਸੀਂ ਪਾਠ ਡੇਰੇ ਦੀ ਤਰਫੋਂ ਬਹੁਤ ਘੱਟ ਕਰਦੇ ਹਾਂ ਜੇ ਕਿਤੇ ਮੌਕਾ ਐਸਾ ਬਣ ਹੀ ਜਾਏ ਕਿਸੇ ਪ੍ਰੇਮੀ ਦੇ ਪਾਠ ਕਰਨ ਦਾ ਤਾਂ ਪਾਠ ਦੀ ਮਾਇਆ ਨਾ ਤਾਂ ਸਾਡਾ ਗ੍ਰੰਥੀ ਗ੍ਰਹਿਣ ਕਰਦਾ ਹੈ ਨਾ ਹੀ ਪਾਠਾਂ ਦੀ ਮਾਇਆ ਅਸੀਂ ਲੰਗਰ ਵਿਚ ਪਾਉਂਦੇ ਹਾਂ, ਨਾ ਹੀ ਸਾਡੇ ਪਾਸ ਮਾਇਆ ਲੈ ਕੇ ਪਾਠ ਕਰਨ ਵਾਲਾ ਗ੍ਰੰਥੀ ਹੈ। ਹਾਂ ਕਿਸੇ ਪ੍ਰੇਮੀ ਦਾ ਸਿਦਕ ਪ੍ਰੇਮ ਦੇਖ ਕੇ ਪਾਠ ਕਰਵਾ ਵੀ ਦਿੰਦੇ ਹਾਂ।

ਇਸ ਤਰ੍ਹਾਂ ਸੰਤਾਂ ਦੀ ਚਿੱਠੀ ਦਾ ਉੱਤਰ ਦਸਾਂ ਦਿਨਾਂ ਦੇ ਅੰਦਰ-ਅੰਦਰ ਫਿਰ ਰਾਜ ਮਾਤਾ ਵਲੋਂ ਸੰਤਾਂ ਦੇ ਨਾਮ ਡੇਰੇ ਨੂੰ ਆ ਗਿਆ ਕਿ ਅਸੀਂ ਪ੍ਰੇਮ ਤੇ ਸਿਦਕ ਸਹਿਤ ਹੀ ਪਾਠ ਕਰਾਉਣਾ ਚਾਹੁੰਦੇ ਹਾਂ। ਆਪ ਜੀ ਆਪਣਾ ਪਾਠੀ ਜ਼ਰੂਰ ਘਲੋ। ਮੋਤੀ ਬਾਗ ਦਾ ਸਾਰਾ ਹਵਾਲਾ ਲਿਖ ਦਿੱਤਾ ਕਿ ਸਾਡੇ ਮਹਿਲਾਂ ਦਾ ਬਜ਼ੁਰਗ ਗ੍ਰੰਥੀ ਜੀ ਨੂੰ ਆਪ ਜੀ ਦਾ ਗ੍ਰੰਥੀ ਜੀ ਮਿਲੇ ਇਸ ਪਰ ਸੰਤ ਮਹਾਰਾਜ ਜੀ ਨੇ ਦਾਸ ਲਿਖਾਰੀ ਨੂੰ ਪਟਿਆਲੇ ਮੋਤੀ ਬਾਗ ਵਿਖੇ ਘਲਿਆ ਪਰ ਦਾਸ ਨੂੰ ਬਹੁਤ ਪ੍ਰੇਮ ਨਾਲ ਸਮਝਾਇਆ ਕਿ ਕਿਸੇ ਕਿਸਮ ਦਾ ਉਨ੍ਹਾਂ ਪਰ ਕੋਈ ਸਵਾਲ ਨਹੀਂ ਕਰਨਾ ਕਿ ਮੈਨੂੰ ਘੀ ਦੇਵੋ ਜਾਂ ਬਦਾਮ ਆਦਿ ਭਾਵ ਕਿਸੇ ਵੀ ਕਿਸਮ ਦੀ ਮੰਗ ਨਹੀਂ ਕਰਨੀ। ਸੰਤ ਮਹਾਰਾਜ ਜੀ ਨੇ ਮਹਾਨ ਕ੍ਰਿਪਾ ਕਰਕੇ ਇਕ ਕਿਲੋ ਬਦਾਮ ਗਿਰੀ ਦਾਸ ਨੂੰ ਦਿਤੀ ਅਤੇ ਪਿਸਤਾ ਆਦਿ ਵੀ ਦਿੱਤਾ ਪੰਜਾਹ ਰੁਪਏ ਵੀ ਦਿੱਤੇ। ਹੁਕਮ ਕੀਤਾ ਕਿ ਕਿਸੇ ਕਿਸਮ ਦੇ ਖਰਚ ਤੋਂ ਤੰਗ ਨਹੀਂ ਰਹਿਣਾ, ਸਾਬਣ ਤੇਲ ਤਕ ਆਪਣਾ ਵਰਤਣਾ ਜੋ ਪਾਠ ਦਾ ਚੜਾਵਾ ਚੜ੍ਹੇ ਅਥਵਾ ਰਾਜ ਮਾਤਾ ਦੇਵੇ ਸੋ ਲੈ ਕੇ ਨਹੀਂ ਆਉਣਾ।

ਇਸ ਤਰ੍ਹਾਂ ਦੀ ਸਾਰੀ ਸਿੱਖਿਆ ਦੇ ਕੇ ਦਾਸ ਨੂੰ ਪਟਿਆਲੇ ਪਾਠ ਕਰਨ ਹਿੱਤ ਘੱਲ ਦਿੱਤਾ। ਉਸ ਸਮੇਂ ਦਾਸ ਭਰ ਜਵਾਨੀ ਵਿਚ ਸੀ। ਦਾਸ ਨੇ ਰਾਜ ਮਹਿਲਾਂ ਦੇ ਬਜ਼ੁਰਗ ਗ੍ਰੰਥੀ ਜੀ ਨੂੰ ਜਾ ਰਿਪੋਟ ਦਿੱਤੀ ਕਿ ਮੈਂ ਸੰਤ ਮਹਾਰਾਜ ਜੀ ਜਵਾਲਾ ਸਿੰਘ ਸਾਹਿਬ ਜੀ ਦੇ ਡੇਰੇ ਸੰਤਗੜ੍ਹ ਹਰਖੋਵਾਲ ਤੋਂ ਆਇਆ ਹਾਂ ਜੋ ਕਿ ਰਾਜ ਮਹਿਲਾਂ ਵਿਚੋਂ ਸਹਿਜ ਪਾਠ

ਕਰਾਉਣ ਦਾ ਬਿਨੇ ਪੱਤਰ ਗਿਆ ਸੀ, ਉਸ ਬਿਨੇ ਪੱਤਰ ਦੀ ਬਿਨਾ ਪਰ ਸੰਤਾਂ ਨੇ ਦਾਸ ਨੂੰ ਭੇਜਿਆ ਹੈ। ਦਾਸ ਨੂੰ ਬਜ਼ੁਰਗ ਗ੍ਰੰਥੀ ਜੀ ਨੇ ਬਹੁਤ ਡਰਾਇਆ ਕਿ ਤੇਰੇ ਜੈਸੇ ਨੌਜਵਾਨ ਛੋਕਰੇ ਰਾਜ ਮਹਲਾਂ ਵਿਚ ਪਾਠ ਨਹੀਂ ਕਰ ਸਕਦੇ। ਏਥੇ ਰਾਜ ਮਹਿਲਾਂ ਤੋਂ ਬਦਨਾਮ ਹੋ ਕੇ ਤੇ ਆਪਣੇ ਮਹਾਂਪੁਰਸ਼ਾਂ ਨੂੰ ਕਰਵਾ ਕੇ ਚਲੇ ਜਾਂਦੇ ਹਨ। ਦਾਸ ਨੇ ਬਜ਼ੁਰਗ ਗ੍ਰੰਥੀ ਪਾਸ ਬੜੀ ਨਿੰਮਰਤਾ ਤੇ ਬੇਨਤੀ ਸਹਿਤ ਕਿਹਾ, ਕਿ ਬਾਬਾ ਜੀ ਆਪ ਜੀ ਕੋਈ ਫਿਕਰ ਨਾ ਕਰੋ ਜਿਨ੍ਹਾਂ ਮਹਾਂਪੁਰਸ਼ਾਂ ਨੇ ਆਪਣੇ ਹੁਕਮ ਵਿਚ ਏਥੇ ਘਲਿਆ ਹੈ ਸੋ ਮਹਾਂਪੁਰਸ਼ ਦਾਸ ਨੂੰ ਏਨਾ ਦੋਸ਼ਾਂ ਤੇ ਬਦਨਾਮੀਆਂ ਤੋਂ ਕ੍ਰਿਪਾ ਭਰਿਆ ਹੱਥ ਦੇ ਕੇ ਰੱਖ ਲੇਣਗੇ। ਆਪ ਜੀ ਰਾਜ ਮਾਤਾ ਨੂੰ ਦਾਸ ਦੇ ਆਉਣ ਦਾ ਦਸ ਦੇਣਾ ਕਰੋ। ਸੋ ਗ੍ਰੰਥੀ ਬਜ਼ੁਰਗ ਨੇ ਮੇਰੀ ਬੇਨਤੀ ਭਰੇ ਸ਼ਬਦ ਸੁਣ ਕੇ ਰਾਜ ਮਾਤਾ ਨੂੰ ਇਤਲਾਹ ਦੇ ਦਿਤੀ ਕਿ ਹਰਖੋਵਾਲ ਵਾਲੇ ਸੰਤਾਂ ਦਾ ਗ੍ਰੰਥੀ ਨੌਜਵਾਨ ਆਪ ਜੀ ਦੇ ਸੱਦੇ ਪਰ ਆ ਗਿਆ ਹੈ।

ਰਾਜ ਮਾਤਾ ਦੇ ਹੁਕਮ ਨਾਲ ਦਾਸ ਦਾ ਆਸਣ ਇਕ ਚੰਗੇ ਸੋਹਣੇ ਮਕਾਨ ਵਿਚ ਲਗਾ ਦਿੱਤਾ। ਰਾਤ ਦੇ ਅੱਠ ਵਜੇ ਖਬਰ ਆਈ ਕਿ ਅੰਮ੍ਰਿਤ ਵੇਲੇ ਅੱਠ ਵਜੇ ਪਾਠ ਪ੍ਰਾਰੰਭ ਕੀਤਾ ਜਾਏਗਾ। ਰਾਤ ਸੁਖ ਨਾਲ ਭੋਜਨ ਸੋਧ ਕੇ ਨਿਤਨੇਮ ਕਰਕੇ ਦਾਸ ਅੱਠ ਵਜੇ ਪਾਠ ਦੀ ਪ੍ਰਾਰੰਭੀ ਵਾਸਤੇ ਤਿਆਰ ਬਰ ਤਿਆਰ ਸੀ। ਦਾਸ ਪੌਣੇ ਅੱਠ ਵਜੇ ਉਸ ਭਵਨ ਵਿਚ ਇਕ ਰਾਜ ਕਰਮਚਾਰੀ ਲੈ ਗਿਆ, ਮੇਰੇ ਜਾਂਦੇ ਨੂੰ ਪਾਠ ਪ੍ਰਾਰੰਭ ਦੀ ਸਭ ਤਿਆਰੀ ਸੀ ਭਾਵ ਧੂਪ ਵਗੈਰਾ ਧੁਖਾਈ ਹੋਈ ਸੀ ਅਤੇ ਕੜਾਹ ਪ੍ਰਸ਼ਾਦਿ ਸਤਿਗੁਰੂ ਜੀ ਦੀ ਹਜ਼ੂਰੀ ਹਾਜ਼ਰ ਹੋ ਗਿਆ ਸੀ। ਰਾਜਾ ਜੀ ਤੇ ਰਾਜ ਮਾਤਾ ਪਾਠ ਦੇ ਅਰਦਾਸੇ ਸਮੇਂ ਆ ਹਾਜ਼ਰ ਹੋਏ। ਹੁਣ ਅਰਦਾਸਾ ਦਾਸ ਨੇ ਹੀ ਕੀਤਾ ਫਿਰ ਮੁਖਵਾਕ ਲਿਆ ਸਾਰਿਆਂ ਦੀ ਆਗਿਆ ਨਾਲ ਦਾਸ ਨੇ ਪਾਠ ਸ਼ੁਰੂ ਕੀਤਾ, ਸਾਰਾ ਜਪੁਜੀ ਸਾਹਿਬ ਸਾਰਿਆਂ ਪ੍ਰੇਮ ਸਹਿਤ ਸੁਣਿਆ ਫਿਰ ਬਜ਼ੁਰਗ ਗ੍ਰੰਥੀ ਜੀ ਨੇ ਕੜਾਹ ਪ੍ਰਸ਼ਾਦਿ ਵਰਤਾ ਦਿੱਤਾ। ਰਾਜ ਮਹਿਲਾਂ ਵਲੋਂ ਦਾਸ ਨੂੰ ਦੋਨੋਂ ਵਕਤ ਇਕ-ਇਕ ਗਿਲਾਸ ਦੁੱਧ ਦਾ ਮਿਲ ਜਾਂਦਾ ਅਤੇ ਦੋਨੋਂ ਵਕਤ ਬੜੇ ਸੁਵੱਛ ਖਾਣੇ ਦਾ ਥਾਲ ਮਿਲ ਜਾਂਦਾ। ਪਹਿਲੇ ਦਿਨ ਹੀ ਦਾਸ ਨਾਲ ਇਕ ਕੌਤਕ ਵਰਤਿਆ ਜਿਸ ਕਰਕੇ ਮੇਰੇ ਤੋਂ ਪਹਿਲਾਂ ਪਾਠੀ ਬਦਨਾਮ ਹੋ ਕੇ ਚਲੇ ਜਾਂਦੇ ਸਨ।

ਸੋ ਕੌਤਕ ਇਹ ਸੀ ਕਿ ਜਿਸ ਮੰਦਰ ਵਿਚ ਪਾਠ ਦਾਸ ਕਰ ਰਿਹਾ ਸੀ ਉਸ ਦੀਆਂ ਚਿਕਾਂ ਸੁਟੀਆਂ ਹੋਈਆਂ ਸਨ। ਚਿਕਾਂ ਦਰਵਾਜ਼ਿਆਂ ਨੂੰ ਵੀ ਸਨ। ਅਤੇ ਤਾਕੀਆਂ ਨੂੰ ਵੀ ਸਨ। ਉਸ ਮੰਦਰ ਤੋਂ ਬਾਹਰ ਬਰਾਂਠੇ ਵਿਚ ਰਾਜ ਮਹਿਲਾਂ ਦੀਆਂ ਨੌਜਵਾਨ ਰੂਪ ਨਾਲ ਭਰੀਆ ਅਤੇ ਸੁੰਦਰ ਬਸਤ੍ਰਾਂ ਤੇ ਗਹਿਣੇ ਆਦਿਕ ਸਾਰੇ ਸ਼ਿੰਗਾਰ ਲਾ ਕੇ ਪਾਠ ਸੁਣਨ ਦੇ ਬਹਾਨੇ ਆ ਬੈਠੀਆਂ ਅਤੇ ਉਨ੍ਹਾਂ ਨੇ ਮਹਾਨ ਹਾਸ ਰਸ ਪੈਦਾ ਕੀਤਾ। ਦਾਸ ਮਹਾਂਪੁਰਸ਼ਾਂ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧਿਆਨੀ ਹੋ ਕੇ ਇਕ ਰਸ ਉੱਚੀ ਅਵਾਜ਼ ਨਾਲ ਪਾਠ ਕਰਦਾ ਰਿਹਾ। ਇਕ ਕਾਮ ਦਾ ਜਲਾਉ ਅਤੇ ਕਾਮ ਦੇਵ ਦਾਸ ਪਰ ਭਰਪੂਰ ਹਮਲਾ ਸੀ, ਜਿਸ ਕਾਮ ਦੇ ਹਮਲੇ ਤੋਂ ਮਹਾਂਪੁਰਸ਼ਾਂ ਨੇ ਹੱਥ ਦੇ ਕੇ ਬਚਾ ਲਿਆ। ਦਾਸ ਨੇ ਇਕ ਵਾਰੀ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਧਿਆਨ ਤੋਂ ਉਚਾਟ ਹੋ ਕੇ ਆਪਣੇ ਨੇਤਰ ਇੰਦਰੇ ਦੁਆਰਾ ਇਸ ਕਾਮ ਦੀ ਫੌਜ ਨੂੰ ਇਕ ਵਾਰੀ ਵੀ ਭਰਪੂਰ ਨਿਗ੍ਹਾ ਨਾਲ ਨਹੀਂ ਤਕਿਆ। ਦਾਸ ਨੇ ਚਾਰ ਘੰਟੇ ਪਾਠ ਕੀਤਾ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਦੀ ਸੇਵਾ ਕਰਕੇ ਆਪਣੇ ਆਸਣ ਪਰ ਜਾ ਕੇ ਬਿਰਾਜ ਗਿਆ। ਰਿਹਾਇਸ਼ ਦੇ ਸਮੇਂ ਬਜ਼ੁਰਗ ਗ੍ਰੰਥੀ ਨੇ ਬੇਨਤੀ ਕੀਤੀ ਕਿ ਬਾਬਾ ਜੀਉ ਇਕ ਵਾਰੀ ਦਾਸ ਨੂੰ ਰਾਜ ਮਾਤਾ ਦੇ ਦਰਸ਼ਨ ਕਰਵਾ ਦੇਵੋ। ਪਹਿਲਾਂ ਤਾਂ ਬਾਬਾ ਜੀ ਨਾ ਮੰਨਣ ਅਖੀਰ ਮੰਨਣਾ ਹੀ ਪਿਆ। ਬਾਬਾ ਜੀ ਰਾਜ ਮਾਤਾ ਨੂੰ ਮੇਰੇ ਪਾਸ ਲੈ ਆਏ। ਮੈਂਨੇ ਇਕੱਲੇ ਹੋ ਕੇ ਰਾਜ ਮਾਤਾ ਪਾਸ ਬੇਨਤੀ ਕੀਤੀ ਕਿ ਮਾਤਾ ਜੀਉ ਦਾਸ ਦੇ ਪਾਠ ਨੂੰ ਆਪ ਜੀ ਦੇ ਮਹਿਲਾਂ ਦੀਆਂ ਬੀਬੀਆਂ ਜਾਂ ਕੋਈ ਸਰੋਤਾ ਲੱਖ ਵਾਰੀ ਸੁਣੇ ਦਾਸ ਉੱਚੀ ਅਵਾਜ਼ ਨਾਲ ਸ਼ੌਂਕ ਨਾਲ ਸੁਣਾਵੇਗਾ। ਪਰ ਅਜ ਦੀ ਤਰ੍ਹਾਂ ਸਰੋਤੇ ਪਾਠ ਸੁਣਨ ਵਾਸਤੇ ਨਹੀਂ ਆਉਣੇ ਚਾਹੀਦੇ। ਰਾਜ ਮਾਤਾ ਨੂੰ ਬੀਬੀਆਂ ਦੀ ਹਾਸ ਰਸ ਦੀ ਚੰਚਲਤਾ ਸਾਰੀ ਗੱਲ ਦੱਸੀ। ਦਾਸ ਦੇ ਦਸਦਿਆਂ ਨੇਤਰਾਂ ਵਿਚ ਵੈਰਾਗ ਦਾ ਜਲ ਵੀ ਆ ਗਿਆ। ਦਾਸ ਨੇ ਆਖਿਆ ਕਿ ਐਸਾ ਪਾਠ ਦਾ ਸੁਣਨਾ ਅਧੋਗਤੀ ਨੂੰ ਲੈ ਜਾਂਦਾ ਹੈ ਅਤੇ ਪਾਠੀ ਵੀ ਅਧੋਗਤੀ ਨੂੰ ਚਲੇ ਜਾਂਦੇ ਹਨ।

ਦਾਸ ਨੂੰ ਰਾਜ ਮਾਤਾ ਨੇ ਬਹੁਤ ਧੀਰਜ ਵੀ ਦਿੱਤਾ ਅਤੇ ਆਪਣੀ ਗੋਦ ਵਿਚ ਲੈ ਕੇ ਪਿਆਰ ਵੀ ਦਿੱਤਾ ਅਤੇ ਦਾਸ ਨੂੰ ਤਸੱਲੀ ਕਰਾਈ ਕਿ ਅੱਗੇ ਵਾਸਤੇ ਐਸਾ ਕਦੇ ਵੀ ਨਹੀਂ ਹੋਏਗਾ। ਰਾਜ ਮਾਤਾ ਆਪਣੇ ਮਹਿਲਾਂ ਵਿਚ ਗਈ ਅਤੇ ਰਣਵਾਸ ਨੂੰ ਆਪਣੇ ਪਾਸ ਬੁਲਾ ਕੇ ਤਾੜਨਾ ਕੀਤੀ ਕਿ ਅੱਜ ਤੋਂ ਕਿਸੇ ਦੀ ਵੀ ਮੈਨੂੰ ਰਿਪੋਟ ਮਿਲੀ ਕਿ ਅੱਜ ਪਾਠ ਭਵਨ ਵਿਚ ਜਾ ਕੇ ਚੰਚਲਤਾ ਕੀਤੀ ਹੈ। ਮੈਂ ਉਸ ਨੂੰ ਸਖਤ ਸਜ਼ਾ ਦੇ ਕੇ ਮਹਲਾਂ ਤੋਂ ਕੱਢ ਦੇਵਾਂਗੀ। ਉਸ ਦਿਨ ਤੋਂ ਸਦਾ ਵਾਸਤੇ ਪਾਠ ਕਰਨ ਵਾਲਿਆਂ ਨੂੰ ਸ਼ਾਂਤੀ ਤੇ ਸੁੱਖ ਹੋ ਗਿਆ।

ਹੁਣ ਦਾਸ ਨੇ ਦਸ ਦਿਨ ਬੜੀ ਸ਼ਾਂਤੀ ਤੇ ਸੁੱਖ ਆਰਾਮ ਨਾਲ ਪਾਠ ਕੀਤਾ। ਦਸਵੇਂ ਦਿਨ ਰਾਜ ਮਾਤਾ ਤੇ ਰਾਜਾ ਜੀ ਹੋਰ ਸਰੋਤੇ ਜਨ ਭੋਗ ਦੇ ਸਲੋਕ ਸੁਣਨ ਵਾਸਤੇ ਆਏ। ਰਾਜ ਮਾਤਾ ਵਲੋਂ ਪਾਠ ਦੀ ਸਮਾਪਤੀ ਦੀ ਖੁਸ਼ੀ ਵਿਚ ਮਾਇਆ ਇਕ ਲਫਾਫੇ ਵਿਚ ਅਤੇ ਕਪੜੇ ਭੇਂਟ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਹੁਤ ਕੀਮਤੀ ਰੁਮਾਲੇ ਭੇਂਟ ਕੀਤੇ। ਨੌਵੇਂ ਸਲੋਕ ਦਾਸ ਨੇ ਪ੍ਰੇਮ ਸਹਿਤ ਪੜ੍ਹੇ ਮੁੰਦਾਵਣੀ ਮਹਲਾ ਪੰਜਵਾਂ ਤੇ ਸਲੋਕ ਤੇਰਾ ਕੀਤਾ ਜਾਤੋ ਨਾਹੀ ਤੋਂ ਉਪਰੰਤ ਰਾਗ ਮਾਲਾ ਪੜ੍ਹੀ, ਪੰਜ ਪਉੜੀਆਂ ਜਪੁਜੀ ਸਾਹਿਬ ਦੀਆਂ ਅਤੇ ਪੰਜ ਪਉੜੀਆਂ ਅਨੰਦ ਸਾਹਿਬ ਦੀਆਂ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਰੁਮਾਲਾ ਸਜਾਇਆ। ਦਾਸ ਨੇ ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ਆਦਿ ਸਲੋਕ ਬੜੀ ਸੁਰ ਨਾਲ ਪੜ੍ਹੇ। ਉਪਰੰਤ ਅਰਦਾਸਾ ਕੀਤਾ, ਸਾਰਿਆਂ ਸ਼ਰਧਾ ਸਹਿਤ ਨਮਸ਼ਕਾਰ ਕੀਤੀ ਉਪਰੰਤ ਫਤਿਹ ਬੁਲਾ ਕੇ ਤੇ ਜੈਕਾਰਾ ਗਜਾ ਕੇ ਬੈਠ ਗਏ। ਬੜੀ ਸ਼ਰਧਾ ਸਹਿਤ ਮੁਖਵਾਕ ਸੁਣਿਆ।

ਕੋਈ ਜਨੁ ਹਰਿ ਸਿਉ ਦੇਵੈ ਜੋਰਿ।।
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ।। ੧।। ਰਹਾਉ।। *(ਜੈਤਸਰੀ ਮਹਲਾ ੫, ਪੰਨਾ ੭੦੧)*

ਇਹ ਮਹਾਂਵਾਕ ਸੁਣ ਕੇ ਸਾਰੇ ਪ੍ਰਸੰਨ ਹੋ ਗਏ। ਕੜਾਹ ਪ੍ਰਸ਼ਾਦਿ ਵਰਤਾ ਦਿੱਤਾ। ਸਭ ਸੰਗਤ ਆਪੋ ਆਪਣੇ ਘਰ ਚਲੀ ਗਈ। ਦਾਸ ਵੀ ਆਪਣੇ ਆਸਣ ਪਰ ਆਇਆ। ਪਰ ਚੜ੍ਹਾਵੇ ਦੀ ਸਾਰੀ ਪੂਜਾ ਬਸਤਰ ਵਗੈਰਾ ਸਤਿਗੁਰੂ ਦੀ ਹਜ਼ੂਰੀ ਹੀ ਛਡ ਆਇਆ। ਬਾਬਾ ਗ੍ਰੰਥੀ ਜੀ ਸਾਰੀ ਪੂਜਾ ਬਸਤਰ ਮੇਰੇ ਪਾਸ ਲੈ ਆਏ। ਦਾਸ ਨੇ ਬਾਬਾ ਜੀ ਨੂੰ ਬੜੀ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਬਾਬਾ ਜੀ, ਬਾਬਾ ਜੀ ਦਾਸ ਨੇ ਇਹ ਪੂਜਾ ਬਸਤਰ ਨਹੀਂ ਲੈ ਕੇ ਜਾਣੇ, ਦਾਸ ਨੂੰ ਮਹਾਂਪੁਰਸ਼ਾਂ ਵਲੋਂ ਇਹ ਪੂਜਾ ਬਸਤਰ ਲੈ ਕੇ ਰਾਜ ਮਾਤਾ ਪਾਸ ਚਲਾ ਗਿਆ ਅਤੇ ਸਾਰੀ ਗੱਲ ਬਾਤ ਦੱਸੀ ਕਿ ਪਾਠੀ ਸਿੰਘ ਪੂਜਾ ਬਸਤਰ ਨਹੀਂ ਲੈ ਕੇ ਜਾਂਦਾ। ਇਹ ਸੁਣ ਕੇ ਰਾਜ ਮਾਤਾ ਤੇ ਰਾਜਾ ਜੀ, ਦਾਸ ਪਾਸ ਸਾਰੇ ਬਸਤਰ ਤੇ ਮਾਇਆ ਲੈ ਕੇ ਆਏ। ਦਾਸ ਨੇ ਬਹੁਤ ਨਿੰਮਰਤਾ ਸਹਿਤ ਬੇਨਤੀ ਕੀਤੀ "ਕਿ ਐ ਮਾਤਾ ਜੀਉ ਦਾਸ ਨੂੰ ਸੰਤ ਮਹਾਰਾਜ ਜੀ ਵਲੋਂ ਕੋਈ ਵੀ ਵਸਤੂ ਤੇ ਮਾਇਆ ਲੈ ਕੇ ਡੇਰੇ ਜਾਣ ਦਾ ਹੁਕਮ ਨਹੀਂ। ਕਿਉਂਕਿ ਡੇਰੇ ਵਿਚ ਪਾਠਾਂ ਦੀ ਮਾਇਆ ਲੰਗਰ ਵਿਚ ਨਹੀਂ ਵਰਤੀ ਜਾਂਦੀ ਅਤੇ ਆਪ ਜੀ ਨੂੰ ਵੀ ਲਿਖ ਭੇਜਿਆ ਸੀ ਕਿ ਅਸੀਂ ਮਾਇਆ ਵਾਸਤੇ ਪਾਠ ਨਹੀਂ ਕਰਦੇ ਨਾ ਹੀ ਪਾਠੀ ਮਾਇਆ ਵਾਸਤੇ ਪਾਠ ਕਰਦੇ ਹਨ। ਰਾਜਾ ਜੀ ਨੇ ਦਾਸ ਨੂੰ ਆਖਿਆ ਕਿ ਪਾਠੀ ਜੀ ਤੁਸੀਂ ਪਾਠ ਕੀਤਾ ਹੈ ਤੁਸੀਂ ਮਾਇਆ ਤੇ ਬਸਤਰ ਲੈ ਲਵੋ। ਦਾਸ ਨੇ ਆਖਿਆ ਰਾਜਾ ਜੀਉ ਮੈਂ ਪਾਠ ਆਪਣੇ ਆਪ ਕਰਨ ਨਹੀਂ ਆਇਆ। ਮੈਂ ਮਹਾਂਪੁਰਸ਼ਾਂ ਦੇ ਹੁਕਮ ਵਿਚ ਜੋ ਦਾਸ ਨੂੰ ਮਹਾਂਪੁਰਸ਼ਾਂ ਹੁਕਮ ਕੀਤਾ ਹੈ ਦਾਸ ਨੇ ਉਨ੍ਹਾਂ ਮਹਾਂਪੁਰਸ਼ਾਂ ਦੇ ਹੁਕਮ ਦੀ ਪਾਲਣਾ ਕਰਨੀ ਹੈ। ਜਿਸ ਤਰ੍ਹਾਂ ਰਾਜਾ ਜੀਉ ਆਪ ਜੀ ਦੇ ਹੁਕਮ ਵਿਚ ਕੋਈ ਆਪ ਜੀ ਦਾ ਕਰਮਚਾਰੀ ਕਿਸੇ ਕੰਮ ਵਾਸਤੇ ਜਾਂਦਾ ਹੈ ਸੋ ਕਰਮਚਾਰੀ ਉਤਨੇ ਦੇਰ ਵਿਚ ਹੀ ਕੰਮ ਕਰਦਾ ਜਿਤਨਾ ਕਿ ਆਪ ਜੀ ਵਲੋਂ ਹੁਕਮ ਹੋਵੇ। ਜੋ ਕਰਮਚਾਰੀ ਆਪ ਜੀ ਦੇ ਹੁਕਮ ਤੋਂ ਆਪਣੀ ਮੱਤ ਵਰਤ ਕੇ ਹੋਰ ਤਰ੍ਹਾਂ ਨਾਲ ਕੰਮ ਕਰ ਆਵੇ ਸੋ ਕਰਮਚਾਰੀ ਆਪ ਜੀ ਵਲੋਂ ਸਜ਼ਾ ਦਾ ਭਾਗੀ ਬਣਦਾ ਹੈ। ਏਸੇ ਤਰ੍ਹਾਂ ਸਾਡੀ ਹਾਲਤ ਹੈ। ਅਸੀਂ ਵੀ ਆਪਣੀ ਮਨ ਮਤ ਕਰਕੇ ਮਹਾਂਪੁਰਸ਼ਾਂ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦੇ।

ਇਸ ਤਰ੍ਹਾਂ ਦੀ ਦਾਸ ਨਾਲ ਗੱਲਬਾਤ ਕਰਕੇ ਮਹਾਰਾਜਾ ਸਾਹਿਬ ਅਤੇ ਰਾਜ ਮਾਤਾ ਆਪਣੇ ਮਹਲ ਵਿਚ ਚਲੇ

ਗਏ। ਦਾਸ ਉਸ ਸਮੇਂ ਪਟਿਆਲੇ ਤੋਂ ਚਲ ਕੇ ਡੇਰੇ ਆ ਗਿਆ। ਸੰਤ ਮਹਾਰਾਜ ਜੀ ਬਹੁਤ ਖੁਸ਼ ਹੋਏ ਅਤੇ ਭੁਜਾ ਵਿਚ ਫੜ ਕੇ ਪਿਆਰ ਵੀ ਦਿੱਤਾ, ਨਾਲ ਹੀ ਗੁਜ਼ਰ ਚੁਕੀ ਵਾਰਤਾ ਦਾਸ ਨੂੰ ਯਾਦ ਕਰਾਈ ਕਿ ਜੋਧ ਸਿੰਘ ਕਿਸੇ ਸਮੇਂ ਰਾਜਾਸਾਂਸੀ ਬਾਰੇ ਤੋਂ ਕਿਹਾ ਸੀ ਕਿ ਸੰਤ ਜੀਉ ਜੇ ਆਪ ਜੀ ਸਾਨੂੰ ਇਸ ਮਾਇਆਧਾਰੀ ਲੋਕਾਂ ਦੇ ਮਹੱਲਾਂ ਵਿਚ ਨਾਲ ਨਹੀਂ ਲਿਜਾ ਸਕੇ ਤੇ ਸੱਚਖੰਡ ਕਿਵੇਂ ਲਜਾਓਗੇ। ਅਸੀਂ ਤੈਨੂੰ ਕਿਹਾ ਸੀ ਕਿ ਅਸੀਂ ਤੈਨੂੰ ਇਕ ਵਾਰ ਐਸੇ ਰਾਜ ਮਹਲ ਦਿਖਾਵਾਂਗੇ ਜਿਹੜੇ ਮਹਲ ਇਨ੍ਹਾਂ ਰਾਜਾਸਾਂਸੀ ਦੇ ਮਹਲਾਂ ਨਾਲੋਂ ਕਈ ਗੁਣਾਂ ਜ਼ਿਆਦਾ ਸੋਹਣੇ ਹੋਣਗੇ। ਉਸ ਬਚਨ ਅਨੁਸਾਰ ਅਸੀਂ ਤੈਨੂੰ ਇਨ੍ਹਾਂ ਰਾਜ ਘਰਾਣੇ ਦੇ ਮਹੱਲਾਂ ਵਿਚ ਪਾਠ ਕਰਨ ਹਿੱਤ ਭੇਜਿਆ। ਰਾਜਾਸਾਂਸੀ ਤਾਂ ਇਕ ਘੰਟਾ ਹੀ ਰਹਿਣਾ ਸੀ ਪਰ ਇਨ੍ਹਾਂ ਰਾਜ ਮਹੱਲਾਂ ਵਿਚ ਜੋ ਉਨ੍ਹਾਂ ਨਾਲੋਂ ਦਸ ਗੁਣਾਂ (ਪਟਿਆਲਾ) ਨੂੰ ਦਸ ਦਿਨ ਕੱਟ ਆਇਆ ਹੈਂ ਹੁਣ ਤੂੰ ਦਸ ਇਨ੍ਹਾਂ ਰਾਜ ਮਹੱਲਾਂ ਵਿਚ ਕਿੰਨਾਂ ਕੁ ਸੁੱਖ ਦੇਖਿਆ ਹੈ। ਦਾਸ ਨੇ ਆਖਿਆ ਗਰੀਬ-ਨਿਵਾਜ਼ ਜੀਉ ਮੈਂ ਤਾਂ ਉਨ੍ਹਾਂ ਰਾਜ ਮਹੱਲਾਂ ਵਿਚ ਦਸ ਦਿਨ ਕੈਦੀ ਦੀ ਨਿਆਈਂ ਕੱਟ ਕੇ ਆਇਆ ਹਾਂ ਅਤੇ ਅਰਦਾਸ ਕਰਕੇ ਆਇਆ ਹਾਂ ਕਿ ਸਤਿਗੁਰੂ ਇਨ੍ਹਾਂ ਮਹੱਲਾਂ ਵਿਚ ਮੁੜ ਦਾਸ ਨੂੰ ਰਹਿਣ ਦਾ ਮੌਕਾ ਨਾ ਦੇਵੀਂ। ਗੱਲ ਕੀ ਰਾਜ ਮਾਤਾ ਤੇ ਮਹਾਰਾਜਾ ਸਾਹਿਬ ਨੇ ਪਾਠ ਦੀ ਪੂਜਾ ਦੀ ਅਤੇ ਬਸਤਰ ਡਾਕ ਰਾਹੀਂ ਡੇਰੇ ਨੂੰ ਘੱਲ ਦਿੱਤੇ। ਸੰਤ ਮਹਾਰਾਜ ਜੀ ਨੇ ਸੋ ਪਾਠ ਦੀ ਪੂਜਾ ਤੇ ਬਸਤਰ ਵਾਪਸ ਮੋੜ ਦਿੱਤੇ। ਫਿਰ ਰਾਜ ਮਾਤਾ ਨੇ ਇਕ ਆਪਣੇ ਕਰਮਚਾਰੀ ਦੇ ਹੱਥੀਂ ਚਿੱਠੀ ਅਤੇ ਮਾਇਆ ਬਸਤਰ ਭੇਜੇ। ਫਿਰ ਸੰਤਾਂ ਨੇ ਚਿੱਠੀ ਪੜ੍ਹ ਕੇ ਜਿਸ ਚਿੱਠੀ ਵਿਚ ਬਹੁਤ ਬੇਨਤੀਆਂ ਸਨ ਕਿ ਇਹ ਤੁਛ ਭੇਟਾ ਸਾਡੀ ਮਨਜ਼ੂਰ ਕਰੋ। ਇਹ ਬੇਨਤੀਆਂ ਪੜ੍ਹ ਕੇ ਉਸੀ ਸਮੇਂ ਮਾਇਆ ਤਖਤ ਆਨੰਦਪੁਰ ਸਾਹਿਬ ਘੱਲ ਦਿੱਤੀ ਅਤੇ ਬਸਤਰ ਸਾਰੇ ਸੇਵਾਦਾਰਾਂ ਵਿਚ ਲੋੜ ਅਨੁਸਾਰ ਦੇ ਦਿੱਤੇ। ਉਸੀ ਦਿਨ ਤੋਂ ਰਾਜਾ ਸਾਹਿਬ ਦੇ ਚਿੱਤ ਵਿਚ ਸੰਤਾਂ ਦੇ ਦਰਸ਼ਨ ਕਰਨ ਦੀ ਕਾਫੀ ਖਿੱਚ ਪੈਦਾ ਹੋ ਗਈ। ਲੋਚਦਾ ਰਿਹਾ ਕਿ ਕੋਈ ਸਮਾਂ ਮਿਲੇ ਤਾਂ ਮੈਂ ਦਾਸ ਬਣ ਕੇ ਸੰਤਾਂ ਦਾ ਦਰਸ਼ਨ ਕਰਾਂ। ਇਤੀ।

ਹਰਮੋਏ ਪਿੰਡ ਵਾਲੇ ਮਸਤਾਂ ਦਾ ਹਾਲ

ਸੰਤ ਮਹਾਰਾਜ ਜੀ ਦਾ ਮਸਤ ਫਕੀਰਾਂ ਨਾਲ ਬਹੁਤ ਪਿਆਰ ਤੇ ਸਬੰਧ ਸੀ। ਜਦੋਂ ਸੰਤ ਪਲਟਨ ਵਿਚ ਪਸ਼ੌਰ ਹਾਜ਼ਰ ਨੌਕਰੀ ਕਰਦੇ ਸਨ। ਉਸ ਸਮੇਂ ਪਸ਼ੌਰ ਵਿਚ ਮਹਾਨ ਮਸਤ ਫਕੀਰ ਕਾਨ੍ਹ ਦਾਸ ਜੀ ਦਿਗੰਬਰ ਭਾਵ ਨਗਨ ਹੀ ਰਹਿਆ ਕਰਦੇ ਸਨ। ਉਸ ਸਮੇਂ ਕਾਨ੍ਹ ਦਾਸ ਜੀ ਨਾਲ ਸੰਤਾਂ ਦਾ ਅਤੀ ਪਿਆਰ ਸੀ। ਇਹ ਸਾਰੀ ਵਾਰਤਾ ਪਿਛੇ ਨੌਕਰੀ ਦੇ ਪ੍ਰਸੰਗ ਵਿਚ ਕਹਿ ਆਇਆ ਹਾਂ। ਜਦੋਂ ਸੰਤ ਫੌਜ ਵਿਚੋਂ ਨਾਮ ਕਟਾ ਕੇ ਏਧਰ ਦੇਸ਼ ਵਿਚ ਆ ਗਏ ਤਾਂ ਸੰਤਾਂ ਦਾ ਪਿਆਰ ਬਾਣ ਬਟਨਾ ਜੋ ਲੁਧਿਆਨੇ ਵਿਚ ਸੀ ਉਨ੍ਹਾਂ ਮਸਤਾਂ ਨਾਲ ਬਹੁਤ ਪਿਆਰ ਰਿਹਾ ਅਤੇ ਬਧੋਸ਼ੀ ਵਾਲੇ ਬਾਬੇ ਬੀਰਮ ਦਾਸ ਨਾਲ ਵੀ ਬਹੁਤ ਪਿਆਰ ਰਿਹਾ। ਇਨ੍ਹਾਂ ਦਾ ਹਵਾਲਾ ਪਿਛੇ ਦੇ ਆਇਆ ਹਾਂ। ਜਦੋਂ ਸੰਤਾ ਨੇ ਡੇਰਾ ਆਬਾਦ ਕਰ ਲਿਆ ਤਾਂ ਪੰਜ ਸੱਤ ਮਸਤਾਨੇ ਨਾਲ ਆਪ ਹੀ ਰਿਹਾ ਕਰਦੇ। ਸੰਤਾਂ ਦਾ ਪਿਆਰ ਟਾਂਡੇ ਵਾਲੇ ਬੂਟਾ ਰਾਮ ਨਾਲ ਵੀ ਬਹੁਤ ਸੀ। ਫਿਰ ਸੰਤ ਦਿਹਾਣੇ ਪਿੰਡ ਵਿਚ ਇਕ ਮਸਤ ਬਦੇਹ ਰਿਹਾ ਕਰਦੇ ਉਸ ਪਾਸ ਵੀ ਬਹੁਤ ਜਾਇਆ ਕਰਦੇ ਸਨ। ਇਸ ਮਸਤ ਨੂੰ ਸੰਤ ਮਸਤਾਂ ਦੇ ਬਾਦਸ਼ਾਹ ਕਿਹਾ ਕਰਦੇ ਸਨ। ਇਨ੍ਹਾਂ ਦੇ ਬੋਲਚਾਲ ਸਾਰੇ ਬਾਦਸ਼ਾਹਾਂ ਵਰਗੇ ਸਨ। ਇਹ ਆਪਣੀ ਵਾਰਤਾਲਾਪ ਵਿਚ ਬਾਦਸ਼ਾਹਾਂ ਵਾਗੂੰ ਹੁਕਮ ਕਰਦੇ ਸਨ। ਵਾਰਤਾ ਅਲਾਪ ਕਿਸੇ ਦਾ ਨਾਮ ਲੈ ਕੇ ਉਹ ਫਲਾਨਿਆਂ ਤੈ ਆਹ ਕੰਮ ਠੀਕ ਨਹੀਂ ਕੀਤਾ ਉਏ ਤੈਨੂੰ ਫਲਾਨਾ ਹੁਕਮ ਕੀਤਾ ਸੀ, ਉਸ ਹੁਕਮ ਨੂੰ ਠੀਕ ਨਹੀਂ ਵਜਾਇਆ। ਆਪਣੇ ਸਿਰ ਪਰ ਲੋਹੇ ਦਾ ਛਤਰ ਵੀ ਰਖਦੇ ਸਨ। ਬੜੇ-ਬੜੇ ਜੱਜਾਂ ਦੇ ਦਫਤਰਾਂ ਵਿਚ ਚਲੇ ਜਾਂਦੇ ਸਨ। ਕੋਈ ਉਨ੍ਹਾਂ ਨੂੰ ਰੋਕ ਨਹੀਂ ਸੀ ਸਕਦਾ। ਬਲਕਿ ਇਉਂ ਹੁਕਮ ਕਰਦੇ ਰਹਿੰਦੇ ਸਨ। ਗੁਪਤ ਤੌਰ ਤੇ ਉਹ ਫਲਾਨਿਆਂ ਤੂੰ ਫਲਾਨੀ ਜਗ੍ਹਾ ਜਾ ਉਥੇ ਹਮਲਾ ਹੋਣ ਵਾਲਾ ਹੈ, ਤੋਪ ਦੇ ਗੋਲੇ ਆਉਣ ਵਾਲੇ ਹਨ। ਲਾਹੌਰੀ ਦਰਵਾਜ਼ੇ ਜਾਓ, ਸਰਹਿੰਦੀ ਦਰਵਾਜ਼ੇ ਜਾਓ, ਫਗਵਾੜੇ ਦਰਵਾਜ਼ੇ ਛੇਤੀ ਪਹੁੰਚੋ, ਹੁਣ ਇਟਲੀ ਵਿਚ ਫੌਜਾਂ ਜ਼ਿਆਦਾ

ਜਮ੍ਹਾਂ ਹੋ ਗਈਆਂ ਹਨ।

ਹੁਣ ਬਰਲਨ ਪਰ ਫੌਜਾਂ ਦਾ ਝੁਕਾਓ ਹੈ। ਗਲ ਕੀ ਸੰਨ 1942 ਦੀ ਜੰਗ ਬਾਬਤ ਏਥੇ ਬੈਠੇ ਹੀ ਗੱਲਾਂ ਕਰਦੇ ਰਹਿੰਦੇ ਸਨ। ਫਿਰ ਗਵਰਮਿੰਟ ਨੇ ਆਪਣਾ ਪੁਲਿਸ ਇੰਸਪਕੈਟਰ ਇਨ੍ਹਾਂ ਦੇ ਪਾਸ ਸੇਵਾਦਾਰ ਛੱਡ ਦਿੱਤਾ ਸੀ, ਕਿ ਇਨ੍ਹਾਂ ਦੀ ਹਰ ਟਾਈਮ ਦੀ ਡਾਇਰੀ ਸਾਨੂੰ ਦੇਣਾ ਕਰ।

ਅੱਖੀਂ ਦੇਖੀ ਵਾਰਤਾ

ਜਦੋਂ ਪਿਸ਼ੌਰ ਦੇ ਇਲਾਕੇ ਵਿਚ (ਯਕਸਤਾਨ) ਭਾਵ ਜਮਰੌਦ ਦੇ ਕਿਲ੍ਹੇ ਪਠਾਣਾਂ ਨੇ ਬਗਾਵਤ ਕਰ ਦਿੱਤੀ ਸੀ ਅਤੇ ਰਾਵਲ ਪਿੰਡੀ ਬ੍ਰਗੇਡ ਸਾਰਾ ਅੱਗੇ ਨੂੰ ਮੂਵ ਕਰ ਗਿਆ ਉਸ ਸਮੇਂ ਹਿੰਦੂਆਂ ਪਰ ਕਾਫੀ ਜ਼ੁਲਮ ਹੋ ਰਹੇ ਸਨ। ਫਿਰ ਫੌਜ ਨੇ ਜਾਂ ਬਗਾਵਤ ਦਬ ਲਈ, ਇਲਾਕੇ ਵਿਚ ਸ਼ਾਂਤੀ ਹੋ ਗਈ। ਉਸ ਸਮੇਂ ਇਕ ਅਪਟੂਡੇਟ ਭਾਵ ਕਰਜਨ ਫੈਸ਼ਨ ਪਾ ਕੇ ਇਸ ਮਸਤਾਨੇ ਪਾਸ ਆਇਆ ਅਤੇ ਨਮਸ਼ਕਾਰ ਕੀਤੀ। ਮਸਤਾਂ ਨੇ ਇਸ ਪਾਸੋਂ ਪੁੱਛ ਗਿੱਛ ਕੀਤੀ ਕਿ ਤੂੰ ਕੌਣ ਹੈ ਕਿਥੋਂ ਆਇਆ ਹੈਂ। ਜਦੋਂ ਅਪਟੂਡੇਟ ਨੇ ਦੱਸਿਆ ਕਿ ਦਾਸ ਉਸ ਯਕਸਤਾਨ ਤੋਂ ਆਇਆ ਹੈ। ਇਹ ਸੁਣਦੇਸਾਰ ਮਸਤ ਇਸਨੂੰ ਬਹੁਤ ਗਾਲ੍ਹਾਂ ਦੇ ਕੇ ਕਹਿਣ ਲੱਗੇ ਕਿ ਤੂੰ ਉਥੇ ਸੁੱਤਾ ਪਿਆ ਰਹਿੰਦਾ ਹੈਂ। ਉਥੇ ਗਰੀਬਾਂ ਬੇਹਥਿਆਰਾਂ ਪਰ ਏਨੇ ਵੱਡੇ ਜ਼ੁਲਮ ਹੋਏ ਹਨ। ਉਸਦਾ ਕੌਣ ਜੁਆਬ ਦੇਵੇਗਾ। ਤੈਂ ਸਾਨੂੰ ਬਗਾਵਤ ਹੋਣ ਤੋਂ ਪਹਿਲਾਂ ਖਬਰ ਕਿਉਂ ਨਾ ਦਿਤੀ। ਤੇਰਾ ਉਸ ਜਗ੍ਹਾ ਤੋਂ ਰਾਜ ਖੋਹ ਲਵਾਂਗੇ।

ਫਿਰ ਤੂੰ ਖਾਲੀ ਹੋ ਕੇ ਰੋਵੇਂਗਾ ਤਾਂ ਉਸ ਅਪਟੂਡੇਟ ਨੇ ਬਹੁਤ ਮਿੰਨਤਾਂ ਕੀਤੀਆਂ ਅਤੇ ਬੇਨਤੀਆਂ ਕੀਤੀਆਂ ਤਾਂ ਫਿਰ ਮਸਤਾਂ ਨੇ ਉਸ ਨੂੰ ਮੁਆਫ ਕਰਕੇ ਉਸੀ ਜਗ੍ਹਾ ਘੱਲ ਦਿੱਤਾ ਅਤੇ ਤਾੜਨਾ ਕੀਤੀ ਕਿ ਅਗੇ ਵਾਸਤੇ ਸੁਸਤੀ ਨਹੀਂ ਕਰਨੀ। ਸੋ ਅਪਟੂਡੇਟ ਮੁਆਫੀ ਮੰਗ ਕੇ ਆਪਣੇ ਪੂਰਨ ਅਧਿਕਾਰ ਲੈ ਕੇ ਚਲਾ ਗਿਆ। ਸੰਤ ਬਾਬਾ ਫੱਤੂ ਜੋ ਸ: ਜਰਨੈਲ ਸਿੰਘ ਕਾਲਰੀਏ ਦੇ ਖੂਹ ਪਰ ਰਿਹਾ ਕਰਦੇ ਸਨ। ਉਨ੍ਹਾਂ ਨਾਲ ਵੀ ਬੜਾ ਪਿਆਰ ਸੀ ਇਸੇ ਤਰ੍ਹਾਂ ਬਿਣਗਾਂ ਵਾਲੇ ਸ: ਜਗਤ ਸਿੰਘ ਦੇ ਘਰ ਇਕ ਮਸਤ ਰਾਜਾ ਜੀ ਕਰਕੇ ਰਹਿੰਦੇ ਸਨ। ਉਨ੍ਹਾਂ ਨਾਲ ਵੀ ਸੰਤਾਂ ਦਾ ਬਹੁਤ ਪਿਆਰ ਸੀ। ਲਾਹੌਰ ਵਿਚ ਦੋ ਤਿੰਨ ਮਸਤ ਸਨ। ਮੁਸਲਮਾਨੀ ਮੱਤ ਅੰਦਰ ਜਦੋਂ ਸੰਤ ਲਾਹੌਰ ਜਾਂਦੇ ਉਨ੍ਹਾਂ ਮਸਤਾਂ ਨੂੰ ਜ਼ਰੂਰ ਮਿਲਦੇ। ਮਸਤ ਭਗਤ ਸਿੰਘ ਜੀ ਨਾਲ ਬਹੁਤ ਪਿਆਰ ਸੀ। ਮਸਤ ਭਗਤ ਸਿੰਘ ਜੀ ਪੰਜ ਜਨਮਾਂ ਤੋਂ ਜਤੀ ਮੰਨਦੇ ਸਨ। ਮਸਤ ਭਾਜ਼ਾ ਸਿੰਘ ਜੀ ਆਨੰਦਪੁਰੀਆਂ ਨਾਲ ਬੜਾ ਪਿਆਰ ਸੀ। ਇਕ ਅੰਬਾਲਾ ਜੀ. ਟੀ. ਰੋਡ ਦੇ ਨੇੜੇ ਰਹਿੰਦੇ ਸਨ। ਸੋ ਵੀ ਅਗੰਮਪੁਰ ਦੇ ਵਾਸੀ ਸਨ। ਬਡਾਲਾ ਜੋ ਗੁਰੂ ਕੇ ਜੰਡਿਆਲੇ ਦੇ ਕੋਲ ਹੈ। ਏਥੇ ਵੀ ਇਕ ਮਸਤ ਬਿਰਤੀ ਮਹਾਂਪੁਰਸ਼ ਮਸਤ ਸਨ। ਜਦੋਂ ਵੀ ਸੰਤ ਅੰਮ੍ਰਿਤਸਰ ਇਲਾਕੇ ਜਾਂਦੇ ਇਨ੍ਹਾਂ ਮਸਤਾਂ ਪਾਸ ਜ਼ਰੂਰ ਜਾਂਦੇ। ਇਕ ਕਾਫੀ ਸਮੇਂ ਤੋਂ ਡੁਮੇਲੀ ਵਿਚ ਮਸਤ ਗਿਆਨ ਚੰਦ ਸਨ। ਉਨ੍ਹਾਂ ਮਸਤਾਂ ਦਾ ਬਚਨ ਮੰਨ ਕੇ ਹੀ ਅਖੀਰ ਦੇ ਦਿਨ ਤਕਰੀਬਨ ਦੋ ਮਹੀਨੇ ਰਹਿ ਕੇ ਸਰੀਰ ਡੁਮੇਲੀ ਹੀ ਤਿਆਗਨ ਕੀਤਾ। ਉਸ ਸਮੇਂ ਅੰਦਰ ਪੰਜ ਸੱਤ ਮਸਤ ਸੰਤਾਂ ਦੇ ਨਾਲ ਹੀ ਰਿਹਾ ਕਰਦੇ ਸਨ। ਭਾਵ ਇਨ੍ਹਾਂ ਸਾਰੇ ਮਸਤਾਂ ਨਾਲ ਸੰਤਾਂ ਦਾ ਪਿਆਰ ਸੀ। ਆਪ ਚਲਕੇ ਵੀ ਇਨ੍ਹਾਂ ਪਾਸ ਜਾਂਦੇ ਸਨ। ਇਕ ਮਸਤ ਬਿਹਾਰ ਇਲਾਕੇ ਵਿਚ ਪਟਨੇ ਸਾਹਿਬ ਤੋਂ 30 ਮੀਲ ਰਾਜ ਗਿਰੀ ਨਾਮ ਅਸਥਾਨ ਪਰ ਸਨ। ਉਨ੍ਹਾਂ ਮਸਤਾਂ ਨਾਲ ਵੀ ਸੰਤਾਂ ਦਾ ਬਹੁਤ ਪਿਆਰ ਸੀ। ਇਸਦੀ ਵਾਰਤਾ ਅੱਗੇ ਜਾ ਕੇ ਲਿਖਾਂਗਾ। ਭਾਵ ਕੀ ਸ੍ਹਾਰੇ ਮਸਤਾਨਿਆਂ ਨਾਲ ਪਿਆਰ ਸੀ ਅਤੇ ਆਪ ਉਨ੍ਹਾਂ ਦੇ ਪਾਸ ਜਾ ਕੇ ਸਾਰੇ ਮਸਤਾਨਿਆਂ ਨੂੰ ਸਤਿਕਾਰਦੇ ਸਨ। ਪਰ ਡੇਰੇ ਤੋਂ ਤਕਰੀਬਨ ਦੋ ਮੀਲ ਦੇ ਫਾਸਲੇ ਤੇ ਹਰਮੋਏ ਪਿੰਡ ਵਿਚ ਇਕ ਮੁਸਲਮਾਨ ਮਸਤਾਨਾ ਫਕੀਰ ਸੀ ਅਤੇ ਸਦਾ ਹੀ ਦਿਗੰਬਰ ਨੰਗਾ ਰਹਿੰਦਾ ਸੀ। ਇਸ ਮਸਤ ਦਾ ਜਨਮ ਨਗਰ ਪੱਟੀ (ਬੋਹਨ) ਕਰਕੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸੀ। ਜੋ ਪੱਟੀ ਹੁਸ਼ਿਆਰਪੁਰ ਸਿੱਧੇ ਰਸਤੇ ਛੇ ਕੁ ਮੀਲ ਹੈ। ਇਨ੍ਹਾਂ ਮਸਤਾਂ ਦਾ ਨਾਮ ਹਸਨ ਮੁਹੰਮਦ ਸੀ। ਜ਼ਿਆਦਾ ਤਰ ਹਰਮੋਇਆਂ ਪਿੰਡ ਤੋਂ ਪੱਛਮ ਦੀ ਦਿਸ਼ਾ ਰਿਹਾ ਕਰਦੇ ਸਨ। ਜਿਸਨੂੰ ਮਾਈ ਦੀ ਜਾਮਨ ਕਰਕੇ ਲੋਕ ਬੁਲਾਉਂਦੇ ਸਨ।

ਇਹ ਮਾਈ ਸੰਤਾਂ ਪਾਸ ਆਇਆ ਕਰਦੀ ਸੀ। ਸੋ ਮਾਈ ਇਨ੍ਹਾਂ ਮਸਤਾਂ ਨੂੰ ਆਪਣੇ ਘਰ ਪੁੱਤਰ ਲੈਣ ਵਾਸਤੇ ਬਹੁਤ ਜ਼ਿਆਦਾ ਕਿਹਾ ਕਰਦੀ ਸੀ। ਮਸਤਾਂ ਨੇ ਮਾਈ ਨੂੰ ਬਹੁਤ ਵਰਜਿਆ ਕਿ ਤੂੰ ਸਾਡੇ ਪਾਸ ਨਾ ਆਇਆ ਕਰ ਅਤੇ ਸਾਨੂੰ ਪੁੱਤਰ ਲੈਣ ਵਾਸਤੇ ਦੁਖੀ ਨਾ ਕਰਿਆ ਕਰ। ਇਹ ਗਾਲਾਂ ਵੀ ਬਹੁਤ ਦਿਆ ਕਰਦੇ ਸਨ। ਗਾਲਾਂ ਆਮ ਲੋਕਾਂ ਨੂੰ ਦੇਣੀਆਂ ਇਨ੍ਹਾਂ ਦਾ ਰੋਜ਼ ਦਾ ਸ਼ੁਗਲ ਸੀ ਅਤੇ ਇੱਛਾ ਵਾਲੇ ਲੋਕਾਂ ਦੇ ਡੰਡੇ ਵੀ ਮਾਰਿਆ ਕਰਦੇ ਸਨ। ਜਦੋਂ ਇਹ ਮਾਈ ਮਸਤਾਂ ਤੋਂ ਪੁੱਤਰ ਦੀ ਮੰਗ ਕਰਨ ਤੋਂ ਨਾ ਹਟੀ ਤਾਂ ਮਸਤਾਂ ਨੇ ਇਸਦੇ ਸਿਰ ਵਿਚ ਚੰਗਾ ਸੋਟਾ ਮਾਰਿਆ ਤੇ ਮਾਰ ਦਿੱਤਾ। ਫਿਰ ਮਸਤਾਂ ਨੂੰ ਇਸ ਦੇ ਮਾਰਨ ਕਾਰਨ ਕੈਦ ਹੋ ਗਈ। ਕੁਝ ਸਮਾਂ ਲਾਹੌਰ ਜੇਲ੍ਹ ਵਿਚ ਰਹੇ।

ਫਿਰ ਲਾਹੌਰ ਜੇਲ੍ਹ ਵਿਚੋਂ ਆ ਕੇ ਪਿੰਡ ਰਾਜਪੁਰ ਭਾਈਆਂ ਦੇ ਡੱਬਰ ਵਿਚ ਆ ਆਸਣ ਲਾਏ। ਜੋ ਡੱਬਰ ਰਾਜਪੁਰ ਭਾਈਆਂ ਤੋਂ ਉਤਰ ਦਿਸ਼ਾ ਸੀ। ਏਥੇ ਕਿਹਾ ਕਰਦੇ ਸਨ ਕਿ ਰਾਜਪੁਰ ਭਾਈਆਂ ਲਾਹੌਰ ਬਣ ਜਾਏਗਾ ਤੇ ਬਡਲੇ ਨੂੰ ਅੱਗ ਲਗੇਗੀ। ਬਡਲੇ ਪਿੰਡ ਨੂੰ ਸੰਨ 47 ਦੀ ਅਦਲਾ-ਬਦਲੀ ਵਿਚ ਅੱਗ ਲਾ ਕੇ ਲੂਹਿਆ ਗਿਆ ਅਤੇ ਰਾਜਪੁਰ ਭਾਈਆਂ ਵਿਚ ਫੋਕਲ ਪੁਆਇੰਟ ਬਣਾ ਕੇ ਲਾਹੌਰ ਬਣ ਗਿਆ ਹੈ। ਰਾਜਪੁਰ ਭਾਈਆਂ ਦੇ ਨੰਬਰਦਾਰ ਸ: ਬਚਿਤਰ ਸਿੰਘ ਤੇ ਸ: ਦਲੀਪ ਸਿੰਘ ਜੀ ਦਾ ਪੋਤਾ ਬੀਮਾਰ ਹੋ ਗਿਆ ਸੀ ਜਿਸ ਬੀਮਾਰੀ ਨੂੰ ਸਭ ਡਾਕਟਰਾਂ ਤੇ ਹਕੀਮਾਂ ਨੇ ਜੁਵਾਬ ਦੇ ਦਿੱਤਾ ਸੀ ਹਾਰ ਕੇ ਇਸ ਮਸਤ ਦੀ ਚਰਨੀ ਆ ਪਏ। ਪਹਿਲਾਂ ਗਾਲ੍ਹਾਂ ਗੰਦੀਆਂ ਦਿੱਤੀਆਂ। ਫਿਰ ਸੋਟੇ ਮਾਰੇ ਸ: ਦਲੀਪ ਸਿੰਘ ਨੇ ਬਹੁਤ ਹੱਠ ਕਰਕੇ ਸੇਵਾ ਕੀਤੀ।

ਅਖੀਰ ਖੁਸ਼ ਹੋ ਕੇ ਮਸਤਾਂ ਨੇ ਕਹਿ ਦਿੱਤਾ। ਜਾਓ ਨੰਬਰਦਾਰ ਜੀ ਤੇਰਾ ਪੋਤਾ ਰਾਜ਼ੀ ਹੋ ਜਾਏ ਸੋ ਅਜ ਲੜਕਾ ਰਾਜ਼ੀ ਖੁਸ਼ੀ ਬੱਚੇ ਬੱਚੀਆਂ ਵਾਲਾ ਹੋ ਗਿਆ ਹੈ। ਹੋਰ ਦੇਸ਼ ਵਿਚੋਂ ਕਵਾਲੀਏ ਆ ਕੇ ਮਾਰਫਤ ਗਾਇਆ ਕਰਦੇ ਸਨ। ਲਾਹੌਰ ਵਿਚ ਮਲੇਰ ਕੋਟਲੇ ਤੋਂ ਲਖਨਊ ਤੋਂ ਬੰਬੇ ਕਲਕੱਤੇ ਤੋਂ ਵੇਸਵਾ ਆ ਕੇ ਨਾਚ ਤੇ ਗੈਨ ਕਰਿਆ ਕਰਦੀਆਂ ਸਨ। ਇਸ ਤਰ੍ਹਾਂ ਇਨ੍ਹਾਂ ਦੀਆਂ ਬਹੁਤ ਕਰਾਮਾਤਾਂ ਜਗਤ ਪ੍ਰਸਿੱਧ ਸਨ। ਏਨੀ ਰੂਹਾਨੀਅਤ ਤਾਕਤ ਵਾਲੇ ਹੋਣ ਕਰਕੇ ਵੀ ਸੰਤ ਮਹਾਰਾਜ ਜੀ ਇਸ ਮਸਤ ਪਾਸ ਨਹੀਂ ਸਨ ਜਾਂਦੇ। ਇਕ ਦਿਨ ਬਾਬਾ ਬਿਸ਼ਨ ਸਿੰਘ ਜੀ ਨੰਗਲ ਖੁਰਦ ਵਾਲਿਆਂ ਨੇ ਸੰਤਾਂ ਨੂੰ ਪੁੱਛਿਆਂ ਕਿ ਮਹਾਰਾਜ ਜੀਉ ਆਪ ਜੀ ਨੇ ਆਲ ਇੰਡੀਆ ਦੇ ਮਸਤ ਨਹੀਂ ਛੱਡੇ ਸਾਰਿਆਂ ਪਾਸ ਚੰਗੀ ਧਾਈ ਕਰਕੇ ਪ੍ਰੇਮ ਸਹਿਤ ਜਾਂਦੇ ਹੋ ਪਰ ਜੋ ਇਹ ਮਸਤਾਨਾ ਹਰਮੇਏ ਪਿੰਡ ਮਾਈ ਦੀ ਜਾਮਨ ਹੇਠ ਰਹਿੰਦਾ ਹੈ। ਇਸ ਪਾਸ ਕਦੇ ਨਹੀਂ ਗਏ। ਇਹ ਕੀ ਕਾਰਨ ਹੈ। ਸੰਤਾਂ ਨੇ ਬਾਬਾ ਬਿਸ਼ਨ ਸਿੰਘ ਜੀ ਨੂੰ ਉੱਤਰ ਦਿੱਤਾ ਸੀ ਕਿ ਕਦੇ ਤੁਹਾਨੂੰ ਦੱਸਾਂਗੇ। ਅਜੇ ਦੱਸਣ ਦਾ ਸਮਾਂ ਨਹੀਂ ਆਇਆ। ਫਿਰ ਸੰਤ ਸੰਨ 1946 ਦੇ ਹੋਲੇ ਦੇ ਦਿਨਾਂ ਵਿਚ ਹਜ਼ੂਰ ਸਾਹਿਬ ਸੱਚਖੰਡ ਨਦੇੜ ਗਏ ਅਤੇ ਹੀਰਾ ਘਾਟ ਗਦਾਵਰੀ ਦੇ ਕੰਢੇ ਆਸਣ ਲਾ ਕੇ ਬੈਠ ਗਏ ਨਾਲ ਥੋੜ੍ਹੇ ਜਿਹੇ ਸਿੰਘ ਵੀ ਸਨ ਸੇਵਾ ਕਰਨ ਵਾਸਤੇ ਏਥੇ ਹੀਰਾ ਘਾਟ ਅਸਥਾਨ ਪਰ ਰਹਿੰਦਿਆਂ ਬਹੁਤ ਕਠਨ ਤਪੱਸਿਆ ਕੀਤੀ। ਪਹਿਲੇ ਹਫਤੇ ਚਾਰ ਪਹਿਰ ਬੈਠੇ ਰਹੇ। ਚਾਰ ਪਹਿਰਾਂ ਬਾਅਦ ਜਵੈਣ ਰਿੰਨ ਕੇ ਕੋਈ ਡੇਜ਼ ਪਾਅ ਪਾਣੀ ਫਿੱਕਾ ਹੀ ਪੀਣਾ ਦੂਸਰੇ ਹਫਤੇ ਅੱਠ ਪਹਿਰ ਹੀ ਚੌਕੜਾ ਮਾਰ ਕੇ ਅਤੇ ਨੇਤਰ ਮੂੰਦ ਕੇ ਬੈਠੇ ਰਹਿੰਦੇ। ਅੱਠਾਂ ਪਹਿਰਾਂ ਤੋਂ ਉਪਰੰਤ ਯੁਖਸ਼ਮ ਅਹਾਰ ਛਕ ਕੇ ਅਤੇ ਜਵੈਣ ਦਾ ਰਿੱਝਾ ਹੋਇਆ ਪਾਣੀ ਜ਼ਰੂਰ ਪੀਂਦੇ। ਇਕ ਮੀਲ ਗੁਦਾਵਰੀ ਦੇ ਕੰਢੇ ਫਿਰਕੇ ਸੈਰ ਜ਼ਰੂਰ ਕਰਨੀ। ਤੀਸਰੇ ਚੌਥੇ ਹਫਤੇ ਤਾਂ ਹਦ ਹੀ ਮੁਕਾ ਦਿੱਤੀ। ਸੋਲਾਂ ਪਹਿਰ ਹੀ ਬੈਠੇ ਰਹੇ ਅਤੇ ਸਮਾਧੀ ਵਿਚ ਸਥਿਤ ਰਹੇ।

ਇਸ ਸਮੇਂ ਚਿਹਰੇ ਦਾ ਜਲਾਲ ਚੜ੍ਹਦੇ ਸੂਰਜ ਦੀ ਨਿਆਈਂ ਹੋ ਗਿਆ ਸੀ। ਅਣਜਾਣ ਪੁਰਸ਼ ਸੰਤਾਂ ਦੀ ਤਪੱਸਿਆ ਦੇਖ ਕੇ ਹੈਰਾਨ ਵੀ ਸਨ ਅਤੇ ਭੈ ਭੀਤ ਹੋ ਜਾਂਦੇ ਅਤੇ ਸੋਚਨ ਲਗਦੇ ਕਿ ਕੀ ਕਾਰਨ ਹੈ ਸੰਤ ਇਤਨੀ ਕਠਨ ਤਪੱਸਿਆ ਕਰਦੇ ਹਨ। ਜੋ ਸੇਵਾਦਾਰ ਹਨ ਉਨ੍ਹਾਂ ਨੂੰ ਵੀ ਕਿਸੇ ਗੱਲ ਦਾ ਪਤਾ ਨਹੀਂ ਕਿ ਸੰਤ ਕਿਉਂ ਇਤਨੀ ਕਠਨ ਤਪੱਸਿਆ ਕਰਦੇ ਹਨ। ਤੀਸਰਾ ਹਫਤਾ ਪੂਰਾ ਹੋਇਆ ਸੰਤ ਸਮਾਧੀ ਤੋਂ ਉਥਾਨ ਹੋਏ ਅਤੇ ਜਵੈਣ ਦਾ ਕੜਿਆ ਹੋਇਆ ਪਾਣੀ ਪੀਤਾ ਅਤੇ ਗੁਦਾਵਰੀ ਦੇ ਕੰਢੇ ਟਹਲਨ ਚਲੇ ਗਏ। ਇਕ ਘੰਟੇ ਤੋਂ ਬਾਅਦ ਫਿਰ ਸੰਤ

ਸਮਾਧੀ ਇਸਥਿਤ ਹੋ ਕੇ ਬੈਠ ਗਏ। ਹਫਤਾ ਭਰ ਹੀ ਸਮਾਧੀ ਵਿਚ ਬੈਠੇ ਰਹੇ। ਹਫਤੇ ਤੋਂ ਬਾਅਦ ਜਦੋਂ ਸੰਤਾਂ ਦੀ ਸਮਾਧੀ ਖੁੱਲ੍ਹੀ ਉਸ ਸਮੇਂ ਸੰਤਾਂ ਦੇ ਨੇਤਰਾਂ ਦਾ ਜਲਾਲ ਅਤੇ ਚਿਹਰੇ ਵਲ ਕੋਈ ਇਕ ਟਕ ਨਿਗ੍ਹਾ ਕਰਕੇ ਦੇਖ ਨਹੀਂ ਸਕਦਾ ਸੀ। ਜੋ ਹੀਰਾ ਘਾਟ ਦਾ ਅਸਥਾਨ ਸੀ ਉਸ ਵਿਚ ਵੀ ਸੰਤਾਂ ਦੇ ਜਲਾਲ ਤੇ ਨੂਰ ਦਾ ਪ੍ਰਭਾਵ ਪੈ ਚੁੱਕਾ ਸੀ।

ਇਤਨੀ ਕਠਨ ਤਪੱਸਿਆ ਨੂੰ ਤਕ ਕੇ ਨਾਲ ਦੇ ਸੇਵਾਦਾਰ ਸਿੰਘ ਵੀ ਹੈਰਾਨ ਸਨ ਅਤੇ ਸੰਤ ਮਹਾਰਾਜ ਜੀ ਦੇ ਹੁਕਮ ਅਨੁਸਾਰ ਅੱਠੋ ਪਹਿਰ ਭਜਨ ਸਿਮਰਨ ਕਰਦੇ ਆਪਸ ਵਿਚ ਵੀ ਕੋਈ ਗੱਲ ਬਾਤ ਨਹੀਂ ਸੀ ਕਰਦੇ। ਜੋ ਸੇਵਾਦਾਰ ਇਥੇ ਝਾੜੂ ਬਹਾਰੀ ਦੀ ਸੇਵਾ ਕਰਦੇ। ਨਾਮ ਬਾਣੀ ਪੜ੍ਹਦੇ ਜੋ ਵਿਹਾਰ ਦੀ ਗੱਲ ਹੁੰਦੀ ਇਕ ਦੂਜੇ ਦੇ ਕੋਲ ਜਾ ਕੇ ਬੜੀ ਸਹਿਜੇ ਆਵਾਜ਼ ਨਾਲ ਸਮਝਾ ਦੇਂਦੇ ਅਤੇ ਲੰਗਰ ਆਦਿਕ ਦੀ ਸੇਵਾ ਵੀ ਇਸੇ ਤਰੀਕੇ ਨਾਲ ਸ਼ਾਂਤੀ ਪੂਰਬਕ ਕਰਦੇ। ਸਾਰੇ ਸੇਵਾਦਾਰ ਵੀ ਅਲਪ ਅਹਾਰੀ ਹੋ ਗਏ।

ਹੁਣ ਸੰਤ ਪੰਜਵੇਂ ਹਫਤੇ ਵਿਚ ਸਮਾਧੀ ਵਿਚ ਇਸਥਿਤ ਹੋਏ। ਇਹ ਹਫਤਾ ਇਸੇ ਤਰ੍ਹਾਂ ਸਮਾਧੀ ਵਿਚ ਬੈਠਿਆਂ ਬੀਤ ਗਿਆ। ਸੇਵਾਦਾਰਾਂ ਦਾ ਖਿਆਲ ਸੀ ਕਿ ਸੰਤ ਹਫਤਾ ਪੂਰਾ ਹੋਏ ਤੋਂ ਸਮਾਧੀ ਖੋਲ੍ਹਨਗੇ। ਪਰ ਸੰਤਾਂ ਦੀ ਸਮਾਧੀ ਨਾ ਖੁੱਲ੍ਹੀ। ਇਹ ਦੇਖ ਕੇ ਸੇਵਾਦਾਰ ਕੁਝ ਔਖੇ ਹੋ ਗਏ। ਸੋਚਾਂ ਵਿਚ ਪੈ ਗਏ ਕਿ ਕੀ ਕਾਰਨ ਹਫਤੇ ਬਾਅਦ ਵੀ ਸਮਾਧੀ ਨਹੀਂ ਖੁਲ੍ਹੀ। ਹੁੰਣ ਤਾਂ ਹਫਤੇ ਤੋਂ ਬਾਅਦ ਇਕ ਦਿਨ ਬੀਤ ਗਿਆ, ਦੂਸਰਾ ਦਿਨ ਏਸੇ ਤਰ੍ਹਾਂ ਪੂਰਾ ਹੋਇਆ ਜਦੋਂ ਤੀਸਰਾ ਦਿਨ ਆਇਆ ਤਾਂ ਸੇਵਾਦਾਰ ਸਿੰਘ ਉਦਾਸ ਹੋ ਗਏ ਅਤੇ ਘਾਬਰੇ ਵੀ ਬਹੁਤ। ਹੁਣ ਸੰਤਾਂ ਨੇ ਪੂਰੇ ਦਸਵੇਂ ਦਿਨ ਤੋਂ ਬਾਅਦ ਸਮਾਧੀ ਖੋਲ੍ਹੀ। ਸੇਵਾਦਾਰਾਂ ਵਾਸਤੇ ਤਾਂ ਸੂਰਜ ਹੀ ਚੜ੍ਹ ਗਿਆ। ਸਾਰੇ ਸੇਵਾਦਾਰ ਕਵਲ ਵਾਂਗੂੰ ਤਕ ਕੇ ਖਿੜ ਗਏ। ਜਿਵੇਂ ਸੂਰਜ ਨੂੰ ਦੇਖ ਕੇ ਚੱਕਵਾ ਚੱਕਵੀ ਪ੍ਰਸੰਨ ਹੁੰਦੇ ਹਨ ਤੈਸੇ ਹੀ ਸਿੱਖ ਸੇਵਾਦਾਰ ਪ੍ਰਸੰਨ ਹੋਏ। ਸਿੱਖ ਸੇਵਾਦਾਰਾਂ ਨਾਲ ਬੜੇ ਖੁਸ਼ ਹੋ ਕੇ ਬਚਨ ਬਿਲਾਸ ਕਰਨ ਲਗ ਪਏ।

ਸੇਵਾਦਾਰਾਂ ਦੇ ਚਿੱਤ ਵਿਚ ਇਹ ਬੜੀ ਚਿੰਤਾ ਸੀ ਕਿ ਸੰਤ ਮਹਾਰਾਜ ਜੀ ਹੁਣ ਸਮਾਧੀ ਇਸਥਿਤ ਹੋਏ ਤਾਂ ਪਤਾ ਨਹੀਂ ਕਿ ਕਿਤਨੇ ਕੁ ਦਿਨ ਬੈਠੇ ਰਹਿਣ। ਸੇਵਾਦਾਰਾਂ ਦੇ ਪੁਛਣ ਤੋਂ ਕਿ ਗਰੀਬ-ਨਿਵਾਜ਼ ਹੁਣ ਤਾਂ ਸਮਾਧੀ ਵਿਚ ਨਹੀਂ ਬੈਠਣਾ। ਸਾਰੇ ਸਿੰਘ ਦੇਖ ਕੇ ਹੈਰਾਨ ਸਨ ਕਿ ਸੰਤਾਂ ਦੀ ਆਵਾਜ਼ ਵਿਚ ਕੋਈ ਫਰਕ ਨਹੀਂ ਆਇਆ ਅਤੇ ਸਰੀਰ ਵੀ ਮਾੜਾ ਨਹੀਂ ਹੋਇਆ। ਦਸਵੇਂ ਦਿਨ ਜਵੈਣ ਪਾਣੀ ਪੀਤਾ ਸੋ ਵੀ ਫਿਕਾ। ਜਵੈਣ ਦਾ ਪਾਣੀ ਪੀ ਕੇ ਉਸੇ ਤਰ੍ਹਾਂ ਰਾਵੀ ਵਲ ਟਹਲਨ ਚਲੇ ਗਏ। ਇਕ ਘੰਟਾ ਢਲਾਈ ਕਰਕੇ ਆ ਗਏ। ਫਿਰ ਪਲੰਘ ਪਰ ਬਿਰਾਜੇ ਤੇ ਸੇਵਾਦਾਰਾਂ ਨੇ ਚਾਪੀ ਕਰਨ ਦੀ ਭਾਵ ਘੁਟਣ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਸੇਵਾਦਾਰ ਨੂੰ ਇਹ ਸ਼ਕਤੀ ਪੁੱਛਣ ਦੀ ਨਹੀਂ ਪਈ ਕਿ ਹਜ਼ੂਰ ਨੇ ਇਤਨੀ ਕਠਨ ਤਪੱਸਿਆ ਕਿਉਂ ਕੀਤੀ। ਤੀਸਰੇ ਦਿਨ ਹਜ਼ੂਰ ਨੇ ਬਾਬਾ ਬਿਸ਼ਨ ਸਿੰਘ ਜੀ ਨੂੰ ਚਿੱਠੀ ਪਾਈ ਕਿ ਬਾਬਾ ਜੀਉ ਆਪ ਜੀ ਪਿੰਡ ਹਰਮੋਈ ਜਾ ਕੇ ਪਤਾ ਕਰੋ ਕਿ ਮਸਤਾਨੇ ਦਾ ਕੀ ਹਾਲ ਹੈ। ਜਦੋਂ ਸੰਤ ਜੀ ਦੀ ਚਿੱਠੀ ਸੰਤ ਬਿਸ਼ਨ ਸਿੰਘ ਜੀ ਪਾਸ ਛੋਟੇ ਨੰਗਲ ਪੁੱਜੀ ਉਸੀ ਸਮੇਂ ਬਾਬਾ ਬਿਸ਼ਨ ਸਿੰਘ ਜੀ ਹਰਮੋਈ ਪੁੱਜੇ। ਹਰਮੋਈ ਕੀ ਤੱਕਿਆ ਕਿ ਮਸਤਾਂ ਦੀ ਜਗ੍ਹਾ ਪੂਰ ਮੁਜਰੇ ਹੋ ਰਹੇ ਹਨ। ਕਵਾਲੀਆਂ ਹੋ ਰਹੀਆਂ ਹਨ ਬੇਅੰਤ ਦੁਨੀਆਂ ਦਾ ਇਕੱਠ ਹੈ। ਸੰਤ ਬਿਸ਼ਨ ਸਿੰਘ ਜੀ ਨੇ ਮਸਤਾਂ ਦੇ ਇਕ ਗੂੜੇ ਸੇਵਕ ਸ਼ਰਧਾਲੂ ਨੂੰ ਪੁਛਿਆ ਕਿ ਮਸਤਾਂ ਦਾ ਕੀ ਕਾਰਨ ਹੋਇਆ ਹੈ। ਉਸ ਮਸਤਾਂ ਦੇ ਸ਼ਰਧਾਲੂ ਨੇ ਕਿਹਾ ਕਿ ਮੈਂ ਹਰ ਟਾਈਮ ਮਸਤਾਂ ਦੀ ਹਜ਼ੂਰੀ ਸੇਵਾ ਵਿਚ ਰਿਹਾ ਹਾਂ। ਮਸਤਾਂ ਨੂੰ ਕੋਈ ਬੀਮਾਰੀ ਨਹੀਂ ਆਈ ਕੋਈ ਬੁਖਾਰ ਆਦਿਕ ਵੀ ਨਹੀਂ ਸੀ ਹਾਂ ਮਰਨ ਤੋਂ ਤਿੰਨ ਦਿਨ ਪਹਿਲਾਂ ਬਹੁਤ ਦੁਹਾਈ ਪਾਉਂਦਾ ਰਿਹਾ ਅਤੇ ਨੱਠ-ਨੱਠ ਕੇ ਡੇਰੇ ਸੰਤਗੜ੍ਹ ਵਲ ਨੂੰ ਜਾਂਦਾ ਰਿਹਾ। ਦੂਰ ਤਕ ਜਾਵੇ ਫਿਰ ਵਾਪਿਸ ਮੁੜ ਆਵੇ। ਦੁਹਾਈ ਦੇਣ ਦੇ ਸ਼ਬਦ ਸਨ: ਹੇ ਮਹਾਰਾਜ ਜਵਾਲਾ ਸਿੰਘ ਜੀ ਰੱਖ ਲਵੋ ਮੈਂ ਭੁਲ ਗਿਆ ਭੁਲ ਗਿਆ ਫੇਰ ਐਸੀ ਗਲਤੀ ਕਦੇ ਨਹੀਂ ਹੋਵੇਗੀ। ਬਸ ਤਿੰਨ ਦਿਨ ਇਹ ਹੀ ਦੁਹਾਈ ਦੇਂਦਾ ਹੋਇਆ ਖਤਮ ਹੋ ਗਿਆ। ਬਾਬਾ ਬਿਸ਼ਨ ਸਿੰਘ ਜੀ ਇਹ ਸੁਣ ਕੇ ਬੜੇ ਹੈਰਾਨ ਹੋਏ ਅਤੇ ਚਿੱਠੀ ਰਾਹੀਂ ਸਾਰੀ ਗੱਲ ਬਾਤ ਸੰਤਾਂ ਨੂੰ ਲਿਖ ਕੇ ਦੱਸਿਆ ਕਿ ਮਸਤਾਨਾ ਇਹ ਹਾਲਤ ਹੋ ਕੇ ਮਰਿਆ। ਪਰ ਆਪ ਜੀ ਕਿਰਪਾ

ਕਰਕੇ ਦਸੋ ਕਿ ਇਹ ਕੀ ਕਾਰਨ ਹੋਇਆ ਹੈ। ਸੰਤਾਂ ਨੇ ਉੱਤਰ ਦਿੱਤਾ ਕਿ ਦੇਸ਼ ਆ ਕੇ ਸਾਰੀ ਗੱਲ ਦੱਸਾਂਗੇ। ਇਹ ਗੱਲ ਬਾਤ ਚਿੱਠੀਆਂ ਰਾਹੀਂ ਦੱਸਣ ਵਾਲੀ ਨਹੀਂ। ਹੁਣ ਸੰਤ ਮਹਾਰਾਜ ਢਾਈ ਮਹੀਨੇ ਤੋਂ ਬਾਅਦ ਦੇਸ਼ ਆ ਕੇ ਡੇਰੇ ਆਏ। ਜਦੋਂ ਸੰਤ ਬਿਸ਼ਨ ਸਿੰਘ ਜੀ ਨੂੰ ਪਤਾ ਲੱਗਾ ਕਿ ਸੰਤ ਡੇਰੇ ਆ ਗਏ ਹਨ ਤਾਂ ਇਕ ਦਮ ਸੰਤ ਬਿਸ਼ਨ ਸਿੰਘ ਜੀ ਡੇਰੇ ਸੰਤ ਜੀ ਪਾਸ ਆਏ ਅਤੇ ਪਿਆਰ ਭਰੀ ਗੱਲ-ਬਾਤ ਚਲਾਈ।

ਸੰਤ ਮਹਾਰਾਜ ਜੀ ਅਤੇ ਬਾਬਾ ਬਿਸ਼ਨ ਸਿੰਘ ਜੀ ਦੀ ਮਸਤਾਂ ਬਾਰੇ ਗੱਲਬਾਤ

ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਸੰਤਾਂ ਨੂੰ ਮਸਤਾਂ ਬਾਰੇ ਪੁੱਛਿਆ ਕਿ ਮਹਾਰਾਜ ਜੀਉ ਹਰਮੋਏ ਵਾਲੇ ਮਸਤਾਂ ਦਾ ਕੀ ਕਾਰਨ ਹੋਇਆ ਹੈ? ਸੰਤ ਮਹਾਰਾਜ ਜੀ ਨੇ ਦੱਸਿਆ ਕਿ ਸੰਤ ਬਿਸ਼ਨ ਸਿੰਘ ਜੀ ਅਕਾਲ ਪੁਰਖ ਵਾਹਿਗੁਰੂ ਦੇ ਨਾਲ ਜੋ ਅਭੇਦ ਰੂਪ ਮਹਾਂਪੁਰਸ਼ ਸਰਬੱਗ ਪੂਰਨ ਰੂਹਾਨੀਅਤ ਵਾਲੇ ਅਤੇ ਗਿਆਨ ਵਿਗਿਆਨ ਮਾਰਫਤ ਜਾਣੂ ਆਪਣੀ ਅਗੰਮੀ ਕੌਂਸਲ ਕਰਦੇ ਭਾਵ ਆਪਣਾ ਇਕੱਠ ਕਰਦੇ ਅਤੇ ਸੂਖਸ਼ਮ ਸਰੀਰਾਂ ਨਾਲ ਅਤੇ ਆਪਣੀ ਅੰਤਰ ਮੁਖ ਵਿਰਤੀ ਨਾਲ ਤੇ ਦਿੱਬ-ਦ੍ਰਿਸ਼ਟੀ ਨਾਲ ਉਸ ਅਗੰਮੀ ਇਕੱਠ ਵਿਚ ਜਾਤ-ਪਾਤ ਭਿੰਨ ਭੇਦ ਨਹੀਂ ਹੁੰਦੇ। ਉਸ ਮੰਜ਼ਲ ਦੇ ਮਹਾਂਪੁਰਸ਼ ਹੀ ਉਸ ਇਕੱਠ ਵਿਚ ਸ਼ਾਮਲ ਹੁੰਦੇ ਹਨ। ਉਸ ਮਹਾਂਪੁਰਸ਼ਾਂ ਦੇ ਇਕੱਠ ਵਿਚ ਉਹ ਮਹਾਂਪੁਰਸ਼ ਹੀ ਸ਼ਾਮਲ ਹੋ ਸਕਦਾ ਹੈ ਜੋ ਉਸ ਇਕੱਠ ਦੀਆਂ ਗੱਲਾਂ ਦਾ ਅਸਥੂਲ ਸੰਸਾਰ ਵਿਚ ਕੋਈ ਭੇਦ ਨਾ ਦੱਸੇ। ਅਸੀਂ ਤੁਹਾਡੇ ਪਾਸ ਤਾਂ ਇਹ ਗੁਪਤ ਗੱਲ ਪ੍ਰਗਟ ਕਰਦੇ ਹਾਂ ਕਿ ਤੁਸੀਂ ਵੀ ਮਹਾਂਪੁਰਸ਼ ਹੋ। ਇਸ ਗੱਲ ਨੂੰ ਆਪਣੇ ਪਾਸ ਹੀ ਰੱਖੋਗੇ। ਅਕਾਲ ਪੁਰਖ ਦੇ ਪਿਆਰਿਆਂ ਜਿਨ੍ਹਾਂ ਦੀ ਅਕਾਲ ਪੁਰਖ ਨਾਲ ਅਭੇਦਤਾ ਹੈ ਜਿਨ੍ਹਾਂ ਦੀ ਭਗਵਾਨ ਦੀ ਦਰਗਾਹ ਵਿਚ ਚਲਦੀ ਹੈ। ਉਨ੍ਹਾਂ ਗੁਰਮੁਖਾਂ ਦਾ ਗੁਪਤ ਤੌਰ ਤੇ ਰੂਹਾਨੀਅਤ ਦੇ ਮੰਡਲ ਵਿਚ ਕੁਝ ਸੰਸਾਰ ਦੇ ਮਸਲੇ ਪੇਸ਼ ਹੋਏ। ਜਿਨ੍ਹਾਂ ਵਿਚ ਇਕ ਮਸਲਾ ਸੀ ਦੇਸ਼ ਦੀ ਵੰਡ ਦਾ। ਕਿਉਂਕਿ ਭਾਰਤ ਦੇਸ਼ ਦੇ ਆਗੂਆਂ ਦੀ ਦ੍ਵੈਤ ਬੁੱਧੀ ਹੋਣ ਦੇ ਕਾਰਨ ਭਾਰਤ ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਜਾਣਾ ਲਾਜ਼ਮੀ ਸੀ। ਇਕ ਮੁਸਲਮਾਨੀ ਹਿੱਸਾ ਅਤੇ ਦੂਜਾ ਹਿੰਦੂ ਹਿੱਸਾ। ਮੁਸਲਮਾਨੀ ਹਿੱਸੇ ਦੇ ਮੁਖੀ ਲੀਡਰ ਜਿਨਾਹ ਬਣ ਗਿਆ। ਹਿੰਦੂ ਹਿੱਸੇ ਦਾ ਲੀਡਰ ਮਹਾਤਮਾ ਗਾਂਧੀ ਜੀ ਬਣ ਗਏ। ਭਾਵੇਂ ਵੀ ਮਿਸਟਰ ਜਿਨਾਹ ਤੇ ਮਹਾਤਮਾ ਗਾਂਧੀ ਜੀ ਤੇ ਇਨ੍ਹਾਂ ਦੇ ਸਾਥੀ ਲੀਡਰ ਮੋਤੀ ਲਾਲ ਨਹਿਰੂ ਜਵਾਹਰ ਲਾਲ ਨਹਿਰੂ ਦਾ ਪਿਤਾ ਅਤੇ ਜਵਾਹਰ ਲਾਲ ਨਹਿਰੂ, ਰਾਜਿੰਦਰ ਪ੍ਰਸ਼ਾਦ, ਰਾਜ ਗੁਪਾਲ ਆਚਾਰੀਆ ਤੇ ਪਟੇਲ ਆਦਿਕ ਜੋ ਸਾਰੇ ਹਿੰਦੂ ਲੀਡਰ ਸਨ ਇਨ੍ਹਾਂ ਦੀ ਹਿੰਦੂ ਪੱਖ ਦ੍ਰਿੜ੍ਹਤਾ ਨੂੰ ਤਕ ਕੇ ਮਿਸਟਰ ਜਿਨਾਹ ਨੇ ਮੁਸਲਮਾਨੀ ਪੱਖ ਨੂੰ ਆਪਣੇ ਮਨ ਵਿਚ ਪੱਕਾ ਕਰਕੇ ਬਿਠਾ ਲਿਆ ਸੀ। ਇਸ ਵਾਸਤੇ ਮੁਸਲਮਾਨੀ ਮੱਤ ਆਪਣੇ ਮੱਤ ਦਾ ਕੱਟੜ ਤੇ ਮੁਤੱਸਬੀ ਹੋਣ ਦੇ ਕਾਰਨ ਮੁਸਲਮਾਨੀ ਮਜ਼ਹਬ ਦੇ ਨਾਮ ਪਰ ਸਾਰੇ ਹੀ ਬਹੁ ਗਿਣਤੀ ਵਿਚ ਇਕੱਠੇ ਹੋ ਗਏ ਅਤੇ ਆਪਣੇ ਵਾਸਤੇ ਭਾਰਤ ਦੇਸ਼ ਵਿਚੋਂ ਮੁਸਲਮਾਨੀ ਖਿੱਤਾ ਅਲੈਹਦਾ ਕਰਨ ਵਿਚ ਧਾਰੀ ਹੋ ਗਏ ਅਤੇ ਆਪਣਾ ਮੁਖ ਲੀਡਰ ਮਿਸਟਰ ਜਿਨਾਹ ਨੂੰ ਮੰਨ ਲਿਆ ਅਤੇ ਇਹ ਵੀ ਲਾਜ਼ਮੀ ਹੋ ਗਿਆ ਕਿ ਅੰਗਰੇਜ ਭਾਰਤ ਛੱਡ ਜਾਣਗੇ ਨਾ ਛਡਣਗੇ ਤਾਂ ਨੁਕਸਾਨ ਖਾ ਕੇ ਛੱਡ ਜਾਣਗੇ। ਭਾਵ ਅੰਗਰੇਜ਼ ਨੂੰ ਲਾਜ਼ਮੀ ਭਾਰਤ ਛਡਣਾ ਪਏਗਾ। ਇਸ ਵਾਸਤੇ ਦੇਸ਼ ਦੀ ਵੰਡ ਲਾਜ਼ਮੀ ਹੋ ਜਾਏਗੀ। ਉਸ ਸਬੰਧੀ ਉਨ੍ਹਾਂ ਅਗੰਮੀ ਲੋਕਾਂ ਵਿਚ ਵਿਚਾਰ ਹੋਈ ਕਿ ਭਾਰਤ ਦੇਸ਼ ਦੀ ਅਗਰ ਵੰਡ ਹੋਵੇ ਤਾਂ ਇਸ ਦੀ ਕਿਹੜੀ ਹਦ ਹੋਣੀ ਚਾਹੀਦੀ ਹੈ ? ਇਸ ਮਸਤਾਨੇ ਦੀ ਪਹਿਲੀ ਰਾਏ ਲਈ ਗਈ ਤਾਂ ਇਸਨੇ ਕਿਹਾ ਕਿ ਜਮਨਾ ਦਰਿਆ ਦੀ ਹਦ ਲਾਜ਼ਮੀ ਹੋਣੀ ਚਾਹੀਦੀ ਹੈ।

ਫਿਰ ਸਾਡੀ ਰਾਏ ਲਈ ਗਈ, ਅਸੀਂ ਆਪਣੀ ਰਾਏ ਬੜੇ ਪਿਆਰ ਵਿਚ ਮਿੱਠੇ ਬਚਨਾਂ ਨਾਲ ਦਿੱਤੀ ਕਿ ਭਾਵੇਂ ਭਾਰਤ ਦੇਸ਼ ਵਿਚ ਵੱਡੀਆਂ ਦੋ ਹੀ ਕੌਮਾਂ ਦਿਖਾਈ ਦਿੰਦੀਆਂ ਹਨ ਹਿੰਦੂ ਤੇ ਮੁਸਲਮਾਨ। ਹਿੰਦੂ ਸਦੀਆਂ ਤੋਂ ਹਜ਼ਾਰਾਂ ਵਰ੍ਹਿਆਂ ਤੋਂ ਭਾਰਤ ਵਿਚ ਦਿੱਲੀ ਦੇ ਤਖਤ ਤੇ ਬੈਠ ਕੇ ਰਾਜ ਕਰਦੇ ਰਹੇ ਹਨ। ਗੰਧਾਰ ਆਦਿਕ ਸ਼ਹਿਰ, ਜੋਜਨ ਕੰਧਾਰੀ ਦੇ ਨਾਮ ਪਰ ਆਬਾਦ ਹਨ ਤੇ ਪਾਂਡਵਾਂ ਦੀਆਂ ਪਹਾੜੀਆਂ ਅਜ ਤਕ ਦਸਦੀਆਂ ਹਨ ਕਿ ਇਥੇ ਹਿੰਦੂਆਂ

ਦਾ ਰਾਜ ਸੀ। ਪਸ਼ੌਰ ਵਿਚ ਪੰਜ ਤੀਰਥ ਆਦਿਕ ਦੱਸਦੇ ਹਨ ਕਿ ਏਥੇ ਹਿੰਦੂਆਂ ਦਾ ਰਾਜ ਸੀ। ਪਰ ਕਿਸੇ ਇਤਿਹਾਸ ਵਿਚੋਂ ਕਿਸੇ ਲਿਖਤ ਵਿਚੋਂ ਇਹ ਬਦਬੂ ਨਹੀਂ ਆਉਂਦੀ ਕਿ ਕਿਸੇ ਹਿੰਦੂ ਰਾਜੇ ਕਿਸੇ ਇਲਾਕੇ ਦੀ ਵੰਡ ਸਮਝ ਕੇ ਜਾਂ ਕਿਸੇ ਇਲਾਕੇ ਵਿਚ ਆਪਣੇ ਨਾਲੋਂ ਮਜ਼ਹਬੀ ਸਮਝ ਕੇ ਉਸ ਪਰ ਹਮਲੇ ਕੀਤੇ ਹੋਣ ਜਾਂ ਉਨ੍ਹਾਂ ਦੇ ਧਰਮ ਵਿਚ ਧੱਕਾ ਕੀਤਾ ਹੋਵੇ ਜਾਂ ਆਪਣੀ ਪਰਜਾ ਦੀ ਬਹੂ ਬੇਟੀ ਦੀ ਇੱਜ਼ਤ ਲੁੱਟੀ ਹੋਵੇ ਅਤੇ ਜ਼ੋਰ ਜ਼ੁਲਮ ਨਾਲ ਉਸ ਬਹੂ ਬੇਟੀ ਨੂੰ ਆਪਣੇ ਘਰ ਵਸਾਇਆ ਹੋਵੇ ਜਾਂ ਇਨਸਾਨਾਂ ਦੇ ਬੱਚੇ ਬੱਚੀਆਂ ਨੂੰ ਪਸ਼ੂਆਂ ਵਾਂਗ ਵੇਚਿਆ ਹੋਵੇ। ਸਾਡੇ ਭਰਾਵਾਂ ਮੁਸਲਮਾਨਾਂ ਦਾ ਰਾਜ ਤਕਰੀਬਨ 700 ਵਰ੍ਹੇ ਤੋਂ ਭਾਰਤ ਪਰ ਹੋਇਆ ਹੈ। ਇਸ ਸਮੇਂ ਵਿਚ ਇਸ ਮੱਤ ਦੇ ਰਾਜਿਆਂ ਨੇ ਭਾਰਤ ਵਿਚ ਜ਼ੋਰ ਜ਼ੁਲਮ ਕਰਨ ਦੀ ਅਤਿ ਕਰ ਦਿੱਤੀ। ਧਰਤੀ ਪਰ ਹਾਹਾਕਾਰ ਮਚ ਗਈ। ਖਲਕਤ ਰੋ ਉਠੀ:

ਜ਼ੁਲਮ ਬਦ ਸੇਖ ਮੁਗਲ ਪਠਾਨ। ਜਾਲਮ ਭਏ ਜਬੀ ਬਲਵਾਨ।
ਹਿੰਦਨ ਕੋ ਦੁਖ ਦਯੋ ਮੁਹਾਏ। ਦੇਵਨ ਕੇ ਮੰਦਰ ਗਿਰਵਾਏ।
ਘੋਰ ਨਾਥ ਸੇ ਔਘੜ ਸਾਧੂ। ਪੰਡਿਤ ਦੱਤ ਸੁਮਤਿ ਅਗਾਧੂ।
ਮਰਵਾ ਚੀਲਨ ਕੋ ਖਲਵਾਏ। ਕੇਚਿਤ ਮੇਖੈਂ ਠੋਕ ਸੁਕਾਏ।
ਕੇਚਿਤ ਕੱਚੇ ਚੰਮ ਮੜਾਏ। ਕੇਚਿਤ ਕੁਤਿਓ ਸੇ ਤੜਵਾਏ।
ਤੁਰਕ ਹੋਨਾ ਜਿਨੈ ਨਾ ਮਾਨਿਓ। ਤਿਨ ਤਿਨ ਕੋ ਅਤਿ ਦੈ ਦੁਖ ਗਨਿਓ।
ਜਗ ਹਵਨ ਕੋਈ ਕਰਨ ਨਾ ਪਾਏ। ਕਰੇ ਜੋ ਦੁਹਿ ਦੁਖ ਦੇਤ ਮਰਾਏ।
ਸੁੰਦਰ ਪਿਖੈ ਜਾਹਿ ਕੀ ਤਰਨੀ। ਪਕਰ ਕਰੈਂ ਬਲ ਸੋ ਨਿਜ ਘਰਨੀ।
ਕਾਜ਼ੀ ਰਿਸ਼ਵਤ ਲੈ ਕਰ ਸਾਰੇ। ਸਾਚੇ ਕੋ ਝੂਠ ਕਰ ਡਾਰੈ।

ਇਹ ਜ਼ੁਲਮ ਤੱਕ ਕੇ :—

ਧਰਮ ਰਿਹਾ ਨਾ ਧਰਤੀ ਤੇ ਥਲ ਕੰਬਿਆ, ਆਇਆ ਜ਼ਲਜ਼ਲਾ ਸਾਰਾ ਸੰਸਾਰ ਕੰਬਿਆ।
ਪੁਜੀਆਂ ਅਰਸ਼ਾਂ ਤੇ ਕੂਕਾਂ ਮਖਲੂਕ ਦੀਆਂ, ਜ਼ਿਮੀ ਕੰਬੀ ਨਾ ਕੇਵਲ ਅਸਮਾਨ ਕੰਬਿਆ।
ਐਨੀ ਪਾਪਾਂ ਗੁਨਾਹਾਂ ਦੀ ਅਤਿ ਹੋਈ, ਤਕ ਤਕ ਕੇ ਪਾਪੀ ਸ਼ੈਤਾਨ ਕੰਬਿਆ।
ਦੇਵੀ ਦੇਵਤੇ ਪੀਰ ਫਕੀਰ ਕੰਬੇ, ਸਾਰੇ ਕੰਬਦੇ ਤਕ ਭਗਵਾਨ ਕੰਬਿਆ।
ਹਾਲਤ ਲੋਕ ਪਰਲੋਕ ਦੀ ਦੇਖ ਭੈੜੀ, ਰੱਬ ਨੇ ਭੇਜਿਆ ਤੇ ਨਾਨਕ ਸ਼ਾਹ ਆਇਆ।
ਏਸ ਭਵਜਲੋਂ ਡੁਬਦਿਆਂ ਤਾਰਨੇ ਲਈ, ਬਣ ਕੇ ਸੱਚਾ ਤੇ ਸੁੱਚਾ ਮਲਾਹ ਆਇਆ।

ਇਕੋ ਸਰੂਪ ਨਹੀਂ ਬਲਕਿ ਦਸ ਸਰੂਪ ਧਾਰ ਕੇ ਅਨੇਕਾਂ ਸ਼ਹਾਦਤਾਂ ਤੇ ਕੁਰਬਾਨੀਆਂ ਕੀਤੀਆਂ। ਪਹਿਲੀ ਕੁਰਬਾਨੀ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਲਈ ਗਈ। ਦੂਸਰੀ ਗੁਪਤ ਤੌਰ ਤੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ, ਤੀਸਰੀ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ। ਫਿਰ ਮਾਤਾ ਗੁਜਰੀ ਜੀ ਦੀ ਵੀ ਆਹੂਤੀ ਏਸ ਜ਼ੁਲਮ ਦੀ ਅੱਗ ਵਿਚ ਹੋਈ। ਚਾਰ ਸਾਹਿਬਜ਼ਾਦੇ- ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹ ਸਿੰਘ ਜੀ ਵੀ ਇਸੇ ਜ਼ੁਲਮ ਦੀ ਭੱਠੀ ਨੂੰ ਠੰਢੀ ਕਰਨ ਵਾਸਤੇ ਕੁਰਬਾਨੀ ਦੇ ਕੇ ਅਕਾਲ ਪੁਰਖ ਦੀਆਂ ਖੁਸ਼ੀਆਂ ਲਈਆਂ ਹਜ਼ਾਰਾਂ ਲੱਖਾਂ ਹੀ ਨਿਰਬਾਨ ਇੱਛਾ ਤੋਂ ਰਹਿਤ ਸਿੱਖਾਂ ਨੇ ਇਕੋ-ਇਕ ਇਸ ਜ਼ੁਲਮ ਦੀ ਭੱਠੀ ਨੂੰ ਠੰਢਾ ਕਰਨ ਹਿਤ ਕੁਰਬਾਨੀਆਂ ਦਿੱਤੀਆਂ। ਅਸੀਂ ਕਿਹਾ, ਹੁਣ ਜਦੋਂ ਅੰਗਰੇਜ਼ ਭਾਰਤ ਛੱਡ ਕੇ ਆਪਣੇ ਦੇਸ਼ ਜਾਣ ਵਾਸਤੇ ਤਿਆਰ ਸਨ ਤਾਂ ਦੇਸ਼ ਦੇ ਦੋ ਹਿੱਸੇ ਬਣ ਕੇ ਦੋ ਕੌਮਾਂ ਨੂੰ ਹੀ ਦੇਣਾ ਚਾਹੁੰਦੇ ਹੋ।

ਸਾਹਿਬ ਹਸਨ ਮੁਹੰਮਦ ਸਾਹਿਬ ਜੀ ਨੇ ਸਾਰੀ ਮੁਸਲਮਾਨੀ ਵਾਸਤੇ ਮੰਗ ਕਰ ਲਈ ਕਿ ਦਰਿਆਵੇ ਜਮਨਾ ਤਕ ਪਾਕਿਸਤਾਨ ਦੀ ਹੱਦ ਹੋਵੇਗੀ। ਜਮਨਾ ਤੋਂ ਦੂਸਰੀ ਤਰਫ ਸਾਰਾ ਹਿੰਦੁਸਤਾਨ ਹਿੰਦੂਆਂ ਦੀ ਹੱਦ ਹੋਵੇਗੀ, ਤਾਂ ਤੀਸਰੀ ਕੌਮ (ਮਜ਼ਹਬ) ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਅਤੇ ਖਾਲਸੇ ਨੂੰ ਕਿਹੜੀ ਧਰਤੀ

ਦੇਵੋਗੇ ਕਿ ਇਹ ਸੂਰਬੀਰਾਂ ਦੀ ਤੇ ਸ਼ਹੀਦਾਂ ਦੀ ਕੌਮ ਨੂੰ ਵੀ ਕੋਈ ਰਹਿਣ ਵਾਸਤੇ ਕੋਈ ਧਰਤੀ ਦੇਵੋਗੇ ਕਿ ਨਹੀਂ? ਜਿਸ ਧਰਤੀ ਪਰ ਇਸ ਕੌਮ ਦਾ ਮੱਕਾ ਭਾਵ ਨਨਕਾਣਾ ਸਾਹਿਬ ਤੇ ਮਦੀਨਾ ਕਰਤਾਰਪੁਰ ਸਾਹਿਬ ਹੈ ਅਤੇ ਅਨੰਦਪੁਰ, ਪਵਿੱਤਰ ਅਸਥਾਨ ਗੋਲਡਨ ਟੈਂਪਲ ਭਾਵ ਹਰਿਮੰਦਰ ਸਾਹਿਬ, ਅਕਾਲ ਤਖਤ, ਕੇਸਗੜ੍ਹ, ਦਮਦਮਾ ਸਾਹਿਬ, ਸਾਬੋ ਦੀ ਤਲਵੰਡੀ, ਸੁਲਤਾਨਪੁਰ, ਮੁਕਤਸਰ ਸਾਹਿਬ ਸਾਰਿਆਂ ਤੋਂ ਇਸ ਕੌਮ ਨੂੰ ਵਾਂਝਿਆਂ ਰੱਖਿਆ ਜਾਏਗਾ।

ਇਹ ਕਦੇ ਨਹੀਂ ਹੋ ਸਕੇਗਾ, ਜਦੋਂ ਸੰਤ ਬਿਸ਼ਨ ਸਿੰਘ ਜੀ ਨੇ ਉਨ੍ਹਾਂ ਰੱਬੀ ਮਹਾਂਪੁਰਸ਼ਾਂ ਸਾਹਮਣੇ ਇਹ ਪੱਖ ਰੱਖਿਆ ਤਾਂ ਸਾਰੇ ਮਹਾਂਪੁਰਸ਼ ਬਧੌਸ਼ੀ ਵਾਲੇ ਬੀਰਮ ਦਾਸ ਤੋਂ ਆਦਿ ਨੇ ਆਪਣੀ-ਆਪਣੀ ਰਾਏ ਸਾਡੀ ਵਾਲੀ ਰਾਏ ਨਾਲ ਪੱਕੀ ਤਰ੍ਹਾਂ ਜੁੜ ਗਏ। ਪਰ ਇਹ ਦੋ-ਪੱਖੀ ਰਾਏ ਅਕਾਲ ਪੁਰਖ ਦੇ ਪੇਸ਼ ਹੋਈ। ਅਕਾਲ ਪੁਰਖ ਨੇ ਉੱਤਰ ਦਿੱਤਾ, ਜਿਸ ਦੀ ਤਪੱਸਿਆ ਜੋਹਦ ਜ਼ਿਆਦਾ ਬਲ ਵਾਲਾ ਹੋਵੇਗਾ ਉਸ ਦੀ ਰਾਏ ਮੰਨੀ ਜਾਏਗੀ। ਇਕ ਪਾਸੇ ਦੇ ਪੱਖ ਦਾ ਮੁਖੀ ਬੀਰਮ ਦਾਸ ਜੀ ਨੂੰ ਥਾਪਿਆ ਗਿਆ, ਦੂਸਰੇ ਪਾਸੇ ਦੇ ਪੱਖ ਦਾ ਮੁਖੀ ਤਾਂ ਸੀ ਹੀ ਹਸਨ ਮੁਹੰਮਦ ਸਾਹਿਬ ਜੀ। ਜਦੋਂ ਤਪੱਸਿਆ ਜੋਹਦ ਦਾ ਜਾਇਜਾ ਲਿਆ ਗਿਆ ਤਾਂ ਹਸਨ ਮੁਹੰਮਦ ਸਾਹਿਬ ਜੀ ਦੀ ਤਪੱਸਿਆ ਦਾ ਪ੍ਰਤਾਪ ਪ੍ਰਭਾਵ ਜ਼ਿਆਦਾ ਤੇਜ਼ ਵਾਲਾ ਨਿਕਲਿਆ। ਤਿੰਨ ਵਾਰੀ ਇਸ ਬਾਰੇ ਰੱਬੀ ਮੀਟਿੰਗਾਂ ਹੋਈਆਂ, ਪਰ ਹਸਨ ਮੁਹੰਮਦ ਸਾਹਿਬ ਆਪਣੀ ਤਪੱਸਿਆ ਦੀ ਤਾਕਤ ਨਾਲ ਆਪਣਾ ਪੱਲੜਾ ਭਾਰੀ ਕਰ ਦਿੰਦੇ ਅਤੇ ਕੋਈ ਠੀਕ ਸਹੀ ਫੈਸਲਾ ਨਹੀਂ ਸੀ ਹੋਣ ਦੇਂਦੇ।

ਫਿਰ ਹਾਰ ਕੇ ਬਾਬਾ ਬੀਰਮ ਦਾਸ ਜੀ ਤੋਂ ਆਦਿ ਸਾਰੇ ਰੱਬੀ ਪੁਰਸ਼ਾਂ ਨੇ ਮੇਰੀ ਸੇਵਾ ਲਾਈ ਕਿ ਇਸ ਤਪੱਸਿਆ ਦੀ ਤਾਕਤ ਨੂੰ ਹੁਣ ਤੁਸੀਂ ਹੀ ਭਾਰਾ ਕਰ ਸਕਦੇ ਹੋ ਫਿਰ ਮੈਂ ਸਾਰੇ ਮਹਾਂਪੁਰਸ਼ਾਂ ਦੇ ਹੁਕਮ ਨੂੰ ਮੰਨ ਲਿਆ। ਅਸੀਂ ਫਿਰ ਅੰਤਰ-ਧਿਆਨ ਹੋ ਕੇ ਤੱਕਿਆ ਕਿ ਭਾਰਤ ਵਿਚ ਕਿਹੜੀ ਪਵਿੱਤਰ ਧਰਤੀ ਹੈ ਜਿਥੇ ਸਾਰੇ ਮੁਲਕ ਦੇ ਭਲੇ ਲਈ ਕਠਨ ਤਪੱਸਿਆ ਕੀਤੀ ਜਾਏ। ਸਾਨੂੰ ਸਾਰੀਆਂ ਧਰਤੀਆਂ ਵਿਚੋਂ ਇਸ ਸੱਚਖੰਡ ਹਜ਼ੂਰ ਸਾਹਿਬ ਦੀ ਧਰਤੀ ਜਿਥੇ ਕਿ ਸਤਿਗੁਰੂ ਕਲਗੀਧਰ ਦੀ ਅੰਤਮਗਾਹ ਹੈ। ਇਹ ਧਰਤੀ ਪਵਿੱਤਰ ਦਿਖਾਈ ਦਿੱਤੀ।

ਫਿਰ ਇਸ ਪਵਿੱਤਰ ਅਸਥਾਨ ਪਰ ਸਤਿਗੁਰੂ ਕਲਗੀਧਰ ਦੀ ਓਟ ਲੈ ਕੇ ਅਤੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀਉ, ਆਪ ਜੀ ਨੇ ਇਸ ਧਰਤੀ ਪਰ ਦੁਨੀਆਂ ਦੇ ਭਲੇ ਲਈ ਤਪੱਸਿਆ ਕੀਤੀ ਸੀ। ਹੁਣ ਸਾਨੂੰ ਹੁਕਮ ਲੱਗਾ ਹੈ ਕਿ ਦੁਨੀਆਂ ਦੇ ਭਲੇ ਲਈ ਤੁਸੀਂ ਤਪੱਸਿਆ ਕਰੋ। ਦਾਸ ਆਪ ਜੀ ਦਾ ਓਟ ਆਸਰਾ ਲੈ ਕੇ ਤਪੱਸਿਆ ਕਰਨ ਲੱਗਾ ਹੈ। ਆਪ ਜੀ ਨੇ ਅੰਗ ਸੰਗ ਸਹਾਇਤਾ ਕਰਨੀ। ਫਿਰ ਗੁਰੂ ਜੀ ਦੇ ਹੁਕਮ ਨਾਲ ਅਸੀਂ ਹੀਰਾ ਘਾਟ ਕਠਨ ਤਪੱਸਿਆ ਦਾ ਜੋਹਦ ਪ੍ਰਾਰੰਭ ਕਰ ਦਿੱਤਾ। ਤੀਹ ਦਿਨ ਤਪੱਸਿਆ ਕਰਨ ਤਕ ਇਸ ਮਸਤਾਨੇ ਨੂੰ ਕੋਈ ਵੀ ਕਿਸੇ ਤਰ੍ਹਾਂ ਦੀ ਖਬਰ ਤਕ ਨਹੀਂ ਹੋਈ ਤੇ ਤੀਹਵੇਂ ਦਿਨ ਇਸ ਮਸਤਾਨੇ ਨੂੰ ਕੁਝ-ਕੁਝ ਪਤਾ ਲੱਗਾ। ਪੈਂਤੀਵੇਂ ਦਿਨ ਤਾਂ ਸਾਡੀ ਤਪੱਸਿਆ ਦਾ ਜ਼ੋਰ ਇਸ ਪਰ ਚੜ੍ਹ ਗਿਆ। ਫਿਰ ਤਾਂ ਇਹ ਮਸਤਾਨਾ ਲੱਗਾ ਮਿੰਨਤਾ ਕਰਨ। ਅਠੱਤੀਵੇਂ ਦਿਨ ਤਾਂ ਅੰਤਰ-ਆਤਮੇ ਸਾਡੇ ਪਾਸ ਚਲ ਕੇ ਹੀਰਾ ਘਾਟ ਆਇਆ ਅਤੇ ਲੱਗਾ ਜੋਦੜੀਆਂ ਕਰਨ, ਮਿੰਨਤਾਂ ਕਰਨ।

ਅਸੀਂ ਫਿਰ ਇਸ ਨੂੰ ਉੱਤਰ ਦਿੱਤਾ ਕਿ ਜੋ ਸਾਰੇ ਮਹਾਂਪੁਰਸ਼ਾਂ ਦੀ ਰੱਬੀ ਕੌਂਸਲ ਹੈ ਉਹ ਜੋ ਫੈਸਲਾ ਕਰੇ, ਦਾਸ ਨੂੰ ਮਨਜ਼ੂਰ ਹੈ। ਪਰ ਸਾਰੇ ਰੱਬੀ ਮਹਾਂਪੁਰਸ਼ਾਂ ਦੇ ਇਸ ਮਸਤਾਨੇ ਤੋਂ ਉਲਟ ਮਤਾ ਪਾਸ ਕਰ ਚੁੱਕੇ ਸਨ। ਇਸ ਵਾਸਤੇ ਹੋਰ ਕੁਝ ਨਹੀਂ ਸੀ ਹੋ ਸਕਦਾ। ਜਦੋਂ ਮੈਂ ਇਹ ਤੀਸਰਾ ਪੱਖ ਰੱਬੀ ਮਹਾਂਪੁਰਸ਼ਾਂ ਦੇ ਪੇਸ਼ ਕੀਤਾ ਸੀ ਤਾਂ ਇਹ ਮਸਤ ਬਹੁਤ ਮੁਤੱਸਬੀ ਖਿਆਲਾਂ ਨਾਲ ਸਾਡੇ ਨਾਲ ਵਰਤਿਆ ਸੀ। ਬਲਕਿ ਆਪਣੀ ਜੋਗ ਕਲਾ ਕ੍ਰਿਤੀ ਨਾਲ ਤਿੰਨ ਵਾਰੀ ਡੇਰੇ ਸੰਤਗੜ੍ਹ ਵਿਚ ਅੱਗ ਵੀ ਲਾਈ ਸੀ, ਪਰ ਸਤਿਗੁਰੂ ਜੀ ਨੇ ਆਪਣੀ ਮੇਹਰ ਨਾਲ ਕੋਈ ਨੁਕਸਾਨ ਨਹੀਂ ਹੋਣ ਦਿੱਤਾ। ਇਸ ਵਾਸਤੇ ਇਹ ਮੁਸਲਮਾਨ ਕੱਟੜ ਮੁਸਲਮਾਨੀ ਮੁਤੱਸਬੀ ਖਿਆਲਾਂ ਦਾ ਸੀ, ਪੂਰਨ ਬ੍ਰਹਮ-ਦ੍ਰਿਸ਼ਟੀ ਦੇ ਪ੍ਰਪੱਕ ਨਿਸ਼ਚੇ ਵਾਲਾ ਨਹੀਂ ਸੀ। ਇਸ ਵਾਸਤੇ ਅਸੀਂ ਇਸ ਦੀ ਸੰਗਤ ਨਹੀਂ ਸੀ ਕਰਦੇ। ਸਾਡੀ ਸੰਗਤ ਪੂਰਨ ਸਮ-ਦ੍ਰਿਸ਼ਟੀ

ਤੇ ਬ੍ਰਹਮ-ਦ੍ਰਿਸ਼ਟੀ ਵਾਲਿਆਂ ਨਾਲ ਹੀ ਸੀ। ਫਿਰ ਰੱਬੀ ਕੌਂਸਲ ਦੇ ਮਹਾਂਪੁਰਸ਼ਾਂ ਨੇ ਪਾਕਿਸਤਾਨ ਦੀ ਹੱਦ ਰਾਵੀ ਰੱਖ ਦਿੱਤੀ ਸੀ। ਹੁਣ ਹਿੰਦੁਸਤਾਨ ਦੇ ਲੀਡਰਾਂ ਨੇ ਖੁਦਗਰਜ਼ੀ ਤੇ ਆਪਣੀ ਕੌਮ ਦੇ ਭਲੇ ਲਈ ਆਪਣੇ ਵਿਚ ਕਲਕੱਤਾ ਲੈਣ ਲਈ ਲਾਹੌਰ ਪਾਕਿਸਤਾਨ ਨੂੰ ਦੇ ਦਿੱਤਾ।

ਸੰਤ ਮਹਾਰਾਜ ਜੀ ਦਾ ਪਹਿਲੀ ਵਾਰ ਸ਼ਿਮਲੇ ਜਾਣਾ

ਸੰਨ 47 ਦੀ ਅਦਲਾ-ਬਦਲੀ ਹੋ ਗਈ। ਪਾਕਿਸਤਾਨ ਵਿਚੋਂ ਜਿੰਨੇ ਵੀ ਹਿੰਦੂ ਸਿੱਖ ਖਾਸ ਕਰਕੇ ਈਸਟ ਪੰਜਾਬ ਆਉਂਣਾ ਚਾਹੁੰਦੇ ਸਨ, ਸੋ ਆ ਗਏ। ਜਿਤਨੇ ਹਿੰਦੁਸਤਾਨ ਖਾਸ ਕਰਕੇ ਈਸਟ ਪੰਜਾਬ ਵਿਚੋਂ ਪਾਕਿਸਤਾਨ ਜਾਣਾ ਚਾਹੁੰਦੇ ਸਨ ਸੋ ਚਲੇ ਗਏ। ਹਿੰਦੁਸਤਾਨ ਦੇ ਕਰਤਾ-ਧਰਤਾ ਭਾਵ ਜਿਨ੍ਹਾਂ ਨੇ ਹਿੰਦੁਸਤਾਨ ਦਾ ਰਾਜ ਭਾਗ ਸਾਂਭਿਆ ਸੀ ਮਿਸਟਰ ਨਹਿਰੂ ਤੋਂ ਆਦਿ ਜੋ ਪਾਕਿਸਤਾਨ ਤੋਂ ਹਿੰਦੂ ਸਿੱਖ ਆਏ ਸਨ ਉਨ੍ਹਾਂ ਨੂੰ ਵਸਾਉਣ ਦੇ ਕੰਮ ਵਿਚ ਬੜੇ ਜ਼ੋਰ-ਸ਼ੋਰ ਨਾਲ ਲੱਗੇ ਹੋਏ ਸਨ। ਇਨ੍ਹਾਂ ਸਾਰਿਆਂ ਦਾ ਧਿਆਨ ਇਸ ਕੰਮ ਵਿਚ ਲੱਗਾ ਹੋਇਆ ਸੀ। ਪਾਕਿਸਤਾਨ ਦੀ ਅੰਦਰ ਦੀ ਸਿਆਸੀ ਚਾਲ ਵਲ ਕਿਸੇ ਵੀ ਲੀਡਰ ਦਾ ਧਿਆਨ ਨਹੀਂ ਸੀ। ਇਸ ਤੋਂ ਫਾਇਦਾ ਉਠਾਉਣ ਲਈ ਪਾਕਿਸਤਾਨ ਨੇ ਕਬਾਇਲੀਆਂ ਦੇ ਬਹਾਨੇ ਆਪਣੀ ਫੌਜ ਨੂੰ ਖੁਲ੍ਹੇ ਬਸਤਰ ਪਵਾ ਕੇ ਅਤੇ ਕਬਾਇਲੀਆਂ ਨੂੰ ਲੁੱਟ ਦਾ ਲਾਲਚ ਦੇ ਕੇ ਕਸ਼ਮੀਰ ਪਰ ਹਮਲਾ ਕਰ ਦਿੱਤਾ। ਕਿਉਂਕਿ ਕਸ਼ਮੀਰ ਅਜੇ ਤਕ ਸੁਤੰਤਰ ਰਾਜ ਕਰਦਾ ਸੀ ਅਤੇ ਸੁਤੰਤਰ ਰਾਜ ਕਰਨਾ ਚਾਹੁੰਦਾ ਸੀ, ਕਸ਼ਮੀਰ ਦੇ ਮੁਖੀ ਕਰਮਚਾਰੀ ਅੰਤਰਗਤੀ ਪਾਕਿਸਤਾਨ ਨਾਲ ਮਿਲ ਚੁਕੇ ਸਨ। ਸੋ ਹਿੰਦੂ ਰਾਜੇ ਦੇ ਰਾਜ ਨੂੰ ਨਹੀਂ ਸਨ ਚਾਹੁੰਦੇ।

ਜਦੋਂ ਇਸ ਢੰਗ ਨਾਲ ਅਤੇ ਸੋਚੀ-ਸਮਝੀ ਸਿਆਸਤ ਅਨੁਸਾਰ ਕਸ਼ਮੀਰ ਪਰ ਹਮਲਾ ਹੋਇਆ। ਹਿੰਦੁਸਤਾਨ ਕਸ਼ਮੀਰ ਨੂੰ ਖੁਲ੍ਹੇ ਢੰਗ ਨਾਲ ਮਦਦ ਨਹੀਂ ਸੀ ਦੇ ਸਕਦਾ। ਕਿਉਂਕਿ ਜੇ ਹਿੰਦੁਸਤਾਨ ਆਪਣੀਆਂ ਫੌਜਾਂ ਭੇਜ ਕੇ ਤੇ ਜੰਗੀ ਸਮਾਨ ਭੇਜ ਕੇ ਕਸ਼ਮੀਰ ਦੀ ਮਦਦ ਕਰਦਾ ਤਾਂ ਦੋ ਬੜੀਆਂ ਤਾਕਤਾ ਇੰਗਲੈਂਡ ਵਾਲੇ ਤੇ ਅਮਰੀਕਾ ਵਾਲੇ ਇਸ ਬਹਾਨੇ ਨਾਲ ਪਾਕਿਸਤਾਨ ਦੀ ਮਦਦ ਕਰਨ ਹਿਤ ਆ ਜਾਂਦੇ ਅਤੇ ਹਿੰਦੁਸਤਾਨ ਦੀ ਅਜ਼ਾਦੀ ਫਿਰ ਖਤਮ ਹੋ ਜਾਂਦੀ। ਹਿੰਦੁਸਤਾਨ ਪਰ ਅਮਰੀਕਾ ਜਾਂ ਇੰਗਲੈਂਡ ਦਾ ਕਬਜ਼ਾ ਹੋ ਜਾਂਦਾ। ਇਸ ਗੱਲ ਨੂੰ ਮੁੱਖ ਰੱਖ ਕੇ ਜਦੋਂ ਮਹਾਰਾਜਾ ਹਰੀ ਸਿੰਘ ਜੀ ਨੇ ਆਪਣੀ ਮਦਦ ਦੀ ਮੰਗ ਕੀਤੀ ਤਾਂ ਹਿੰਦੁਸਤਾਨ ਨੇ ਮਹਾਰਾਜਾ ਪਟਿਆਲਾ ਨੂੰ ਆਗਿਆ ਕੀਤੀ ਕਿ ਤੁਸੀਂ ਆਪਣੀ ਫੌਜ ਭੇਜ ਕੇ ਕਸ਼ਮੀਰ ਦੀ ਮਦਦ ਕਰੋ। ਕਿਉਂਕਿ ਉਸ ਸਮੇਂ ਮਹਾਰਾਜਾ ਪਟਿਆਲਾ ਦੀ ਰਿਆਸਤ ਵੀ ਸੁਤੰਤਰ ਸੀ। ਪਟਿਆਲਾ ਨੇ ਆਪਣੀ ਵਲੋਂ ਆਪਣੀਆਂ ਫੌਜਾਂ ਭੇਜ ਕੇ ਕਸ਼ਮੀਰ ਦੀ ਮਦਦ ਕੀਤੀ।

ਪਹਿਲਾਂ ਪਟਿਆਲਾ ਕਸ਼ਮੀਰ ਦੀ ਮਦਦ ਲਈ ਗਿਆ, ਜਿਸ ਨੇ ਕਸ਼ਮੀਰ ਦੀ ਡਟ ਕੇ ਮਦਦ ਕੀਤੀ। ਕਬਾਇਲੀਆਂ ਅਤੇ ਪਾਕਿਸਤਾਨ ਦੀ ਖੁਲ੍ਹੇ ਕਪੜਿਆਂ ਵਾਲੀ ਫੌਜ ਦਾ ਮੂੰਹ ਭੰਨ ਕੇ ਸ੍ਰੀ ਨਗਰ ਦੇ ਨੇੜੇ ਤੋਂ ਧੱਕ ਕੇ ਬਾਰਾਮੂਲੇ ਤੋਂ ਅੱਗੇ ਲੈ ਗਏ। ਇਤਨੇ ਨੂੰ ਹਿੰਦੁਸਤਾਨ ਨੇ ਵੀ ਪਟਿਆਲੇ ਫੌਜ ਨਾਲ ਮਿਲ ਕੇ ਸ: ਪ੍ਰੀਤਮ ਸਿੰਘ ਜੀ ਬ੍ਰਗੇਡੀਅਰ ਦੀ ਨਿਗਰਾਨੀ ਹੇਠ ਕੁਝ ਫੌਜ ਤੇ ਅਸਲਾ ਭੇਜ ਕੇ ਮਦਦ ਕੀਤੀ। ਜਿਸ ਵਿਚ ਫਸਟ ਗਿਆਰਾਂ ਭਾਵ ਚੌਦਾਂ ਸਿੰਘ ਸੂਰਬੀਰਾਂ ਦੀ ਪਲਟਨ ਵੀ ਸੀ। ਜਿਸ ਪਲਟਨ ਵਿਚ ਸ: ਨੰਦ ਸਿੰਘ ਜੀ ਵੀ. ਸੀ. ਭਾਵ ਇਕ ਵਿਕਟੋਰੀਆ ਤਗਮੇ ਵਾਲੇ ਸੂਰਬੀਰ ਸਨ। ਜੋ ਸੂਰਬੀਰ ਉੜੀ ਅਸਥਾਨ ਦੇ ਮੋੜ ਤੇ ਸ਼ਹੀਦ ਹੋ ਗਿਆ। ਮੁਲਕ ਨੂੰ ਆਜ਼ਾਦ ਕਰਾਉਣ ਹਿਤ ਇਸ ਦੇ ਨਾਲ ਹੋਰ ਵੀ ਬਹੁਤ ਸ਼ਹੀਦ ਹੋਏ।

ਸ: ਪ੍ਰੀਤਮ ਸਿੰਘ ਬ੍ਰਗੇਡੀਅਰ ਨੇ ਇਸ ਇਲਾਕੇ ਦੇ ਸਿੰਘ ਜੋ ਕਬਾਇਲੀਆਂ ਦੇ ਮਾਰੇ ਹੋਏ ਬਹੁਤ ਦੁਖੀ ਨੰਗੇ ਤੇ ਭੁੱਖੇ ਤੇ ਦੁੱਖ ਦਰਦ ਕਰਕੇ ਹਵਾਈ ਅੱਡੇ ਬਣਵਾ ਕੇ ਹਵਾਈ ਜਹਾਜ਼ ਦੇ ਉਤਰਨ ਦੇ ਬੰਦੋਬਸਤ ਕਰਕੇ ਲਿਆ, ਜਿਸ ਤੇ ਇਨ੍ਹਾਂ ਫੌਜਾਂ ਨੂੰ ਤੇ ਉਜੜੇ ਹੋਏ ਸ਼ਰਨਾਰਥੀਆਂ ਨੂੰ ਅੰਨ ਕਪੜੇ ਦੀ ਮਦਦ ਦੇ ਸਕੇ। ਇਨ੍ਹਾਂ ਮਰਦੇ ਜਵਾਨ ਲੋਕਾਂ

ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਕਾਇਮ ਰੱਖਦਿਆਂ ਹੋਇਆਂ ਪਾਕਿਸਤਾਨ ਦੀ ਕਬਾਇਲੀ ਫੌਜ ਦਾ ਆਪਣੀ ਤਾਕਤ ਤੋਂ ਵੱਧ ਮੁਕਾਬਲਾ ਕਰਕੇ ਆਪਣੇ ਧਰਮ ਨੂੰ ਤੇ ਆਪਣੀਆਂ ਬਹੂ-ਬੇਟੀਆਂ ਦੀ ਇਜ਼ਤ ਨੂੰ ਬਰਕਰਾਰ ਰੱਖਿਆ ਤੇ ਗੁਰੂ ਗੋਬਿੰਦ ਸਿੰਘ ਜੀ ਅਗੰਮੀ ਖਿੱਚ ਦੇ ਖਿੱਚੇ ਹੋਏ ਸ਼ਿਮਲੇ ਵਿਚ ਗਏ। ਸੰਤ ਸ਼ਿਮਲੇ ਵਿਚ ਗਰਮੀਆਂ ਦੀ ਤਪਸ਼ ਤੋਂ ਬਚਣ ਵਾਸਤੇ ਨਹੀਂ ਗਏ, ਬਲਕਿ ਆਪਣੇ ਦੇਸ਼ ਦੀ ਰੱਖਿਆ ਵਾਸਤੇ ਗਏ। ਸ਼ਿਮਲੇ ਕਿਸੇ ਸਰਦਾਰ ਦੀ ਕੋਠੀ ਜਿਸ ਵਿਚ ਜ਼ਿੰਦਗੀ ਦੇ ਅਨੇਕਾਂ ਸੁੱਖ ਹੋਣ ਉਸ ਕੋਠੀ ਵਿਚ ਨਹੀਂ ਗਏ, ਨਾ ਹੀ ਪਟਿਆਲਾ ਹਾਊਸ ਅਤੇ ਨਾ ਹੀ ਨਾਭਾ ਹਾਊਸ ਦੀਆਂ ਕੋਠੀਆਂ ਵਿਚ ਗਏ। ਪਟਿਆਲਾ ਹਾਊਸ ਦੇ ਨੀਚੇ ਡੂੰਘੀ ਖੱਡ ਵਿਚ ਜਿਸ ਦਾ ਨਾਮ ਖਲੀਣੀ ਕਰਕੇ ਸੀ ਉਸ ਖੱਡ ਦੇ ਨੇੜੇ ਕੁਝ ਮਕਾਨ ਬਣਿਆ ਹੋਇਆ ਸੀ। ਉਸ ਮਕਾਨ ਵਿਚ ਆਸਣ ਲਾ ਕੇ ਬੈਠ ਗਏ।

ਸੰਤਾਂ ਨਾਲ ਉਸ ਸਮੇਂ ਬਾਬਾ ਦੀਦਾਰ ਸਿੰਘ ਜੀ, ਬਾਬਾ ਗਜਨ ਸਿੰਘ ਜੀ, ਸੂਬੇਦਾਰ ਉਜਾਗਰ ਸਿੰਘ ਜੀ ਤੇ ਸੰਤ ਮਹਿੰਦਰ ਸਿੰਘ ਜੀ ਸਨ। ਇਨ੍ਹਾਂ ਸਾਥੀ ਸਿੰਘਾਂ ਦਾ ਪ੍ਰਸ਼ਾਦਿ ਪਾਣੀ ਦਾ ਪ੍ਰਬੰਧ ਪਹਿਲਾਂ ਜਾਂਦਿਆਂ ਹੀ ਕਰ ਦਿੱਤਾ ਸੀ। ਆਪ ਹਜ਼ੂਰ ਚਾਲੀ ਦਿਨ ਧਰਮ ਰੱਖਿਆ ਵਾਸਤੇ ਤਪੱਸਿਆ ਕਰਨ ਹਿਤ ਬੈਠ ਗਏ। ਆਪ ਹਜ਼ੂਰ ਕੁਝ ਵੀ ਅੰਨ ਜਲ ਨਹੀਂ ਸੀ ਕਰਦੇ। ਹਾਂ ਅੱਠਾਂ ਪਹਿਰਾਂ ਵਿਚ ਇਕ ਵਾਰੀ ਟਹਿਲ ਆਉਂਦੇ ਸਨ। ਕਿਸੇ ਨਾਲ ਵੀ ਕੋਈ ਗੱਲਬਾਤ ਨਹੀਂ ਸਨ ਕਰਦੇ। ਦਸਾਂ ਦਿਨਾਂ ਤੋਂ ਬਾਅਦ ਸਾਰੇ ਸ਼ਿਮਲੇ ਵਿਚ ਸੰਤਾਂ ਦੀ ਇਸ ਤਪੱਸਿਆ ਦਾ ਪ੍ਰਭਾਵ ਪ੍ਰਤਾਪ ਸਾਰਿਆਂ ਦੇ ਦਿਲਾਂ ਪਰ ਛਾ ਗਿਆ। ਬੜੇ-ਬੜੇ ਅਫਸਰ, ਬੜੇ-ਬੜੇ ਅਮੀਰ ਤੇ ਗਰੀਬ ਕਿਰਤੀ, ਸੰਤਾਂ ਦੇ ਦਰਸ਼ਨ ਦੇ ਚਾਹਵਾਨ ਹੋ ਗਏ। ਪਰਿਵਾਰਾਂ ਸਮੇਤ ਜਦੋਂ ਵੀ ਕਿਸੇ ਨੂੰ ਸਮਾਂ ਮਿਲਦਾ ਇਕ ਵਾਰੀ ਖਲੀਣੀ ਦਰਸ਼ਨ ਦੀ ਖਿੱਚ ਕਰਕੇ ਜ਼ਰੂਰ ਆਉਂਦੇ। ਨਮਸ਼ਕਾਰ ਕਰਕੇ ਵਾਪਸ ਮੁੜ ਜਾਂਦੇ। ਜ਼ਿਆਦਾਤਰ ਦਰਸ਼ਨ ਅਭਿਲਾਸ਼ੀ ਤੇ ਪ੍ਰੇਮੀ ਅਤੇ ਗੁਰਸਿੱਖ ਸਿਦਕ ਰੱਖਣ ਵਲ ਨੀਚੇ ਲਿਖ ਰਿਹਾ ਹਾਂ, ਜਿਨ੍ਹਾਂ ਨੇ ਚਾਲੀ ਦਿਨਾਂ ਤੋਂ ਬਾਅਦ ਸੰਤਾਂ ਤੋਂ ਸਿੱਖੀ ਉਪਦੇਸ਼ ਲੈ ਕੇ ਆਪਣੀ ਜ਼ਿੰਦਗੀ ਨੂੰ ਸਫਲ ਬਣਾਇਆ। ਦਸਵੰਧ ਦੇ ਕੇ ਆਪਣੀ ਕਿਰਤ ਕਮਾਈ ਨੂੰ ਸਫਲ ਵੀ ਕੀਤਾ:

ਸ: ਬਾਬਾ ਕੁੰਦਨ ਸਿੰਘ ਜੀ, ਸ: ਕੁਲਵੰਤ ਸਿੰਘ ਜੀ ਤੇ ਸ: ਰਾਮ ਸਿੰਘ ਜੀ ਟੇਲਰਿੰਗ ਸ਼ਿਮਲਾ ਲੋਇਅਰ ਬਜ਼ਾਰ, ਸ: ਗੁਰਬਚਨ ਸਿੰਘ ਜੀ ਕਾਹਲੋਂ, ਸ: ਸ਼ਮਸ਼ੇਰ ਸਿੰਘ ਜੀ ਪਿੰਡ ਫੂਲ, ਸ: ਮੋਹਨ ਸਿੰਘ ਜੀ ਮਹਿਕਮਾ ਜ਼ਰਾਇਤ, ਸ: ਹਰਨਾਮ ਸਿੰਘ ਜੀ ਸਾਨੀ, ਐਗਰੀਕਲਚਰ ਸੁਪਰਡੈਂਟ, ਸ: ਰਘਬੀਰ ਸਿੰਘ ਜੀ, ਸ: ਦਲਜੀਤ ਸਿੰਘ ਜੀ, ਸ: ਬਲਵੰਤ ਸਿੰਘ ਜੀ, ਸ: ਜੋਗਿੰਦਰ ਸਿੰਘ ਜੀ ਏ. ਐਸ. ਐਸ. ਟੀ. ਫਾਇਰ ਬਰਗੇਡ ਸ਼ਿਮਲਾ, ਬਾਅਦ ਵਿਚ ਸ: ਅਜੀਤ ਸਿੰਘ ਜੀ ਤਾਰਾ ਦੇਵੀ ਵਾਲੇ, ਫਿਰ ਬਾਅਦ ਵਿਚ ਸ: ਜੀਵਨ ਸਿੰਘ ਜੀ ਕਲਰਕ ਦੇ ਘਰ ਸ਼ਿਮਲੇ ਵਿਚ ਰਿਹਾ ਕਰਦੇ ਸਨ।

ਇਸ ਦੇ ਘਰ ਹੀ ਸ: ਜਗਤ ਸਿੰਘ ਜੀ ਚੱਢਾ ਗੋਤ ਦੇ ਸੱਜਣ ਦਾ ਮਿਲਾਪ ਹੋਇਆ। ਉਸ ਸਮੇਂ ਹੀ ਸ: ਸੰਤ ਪ੍ਰਕਾਸ ਸਿੰਘ ਜੀ ਆਈ. ਜੀ. ਦਾ ਮਿਲਾਪ ਹੋਇਆ। ਇਸੇ ਸਮੇਂ ਸ: ਗਿਆਨ ਸਿੰਘ ਰਾੜੇ ਵਾਲਿਆਂ ਦਾ ਮਿਲਾਪ ਹੋਇਆ। ਇਸ ਸਮੇਂ ਸ: ਸੰਤੋਖ ਸਿੰਘ ਜੀ ਰਈਸ ਪਟਿਆਲੇ ਵਾਲੇ ਨਾਲ ਮਿਲਾਪ ਹੋਇਆ। ਇਸੇ ਸਮੇਂ ਸ: ਕਰਤਾਰ ਸਿੰਘ ਜੀ ਸ਼ੈਸ਼ਨ ਜੱਜ ਜਾਮਾਂ ਰਾਹੀਆਂ ਵਾਲੇ ਮਿਲੇ ਸਨ। ਭਾਵੇਂ ਸ: ਕਰਤਾਰ ਸਿੰਘ ਜੀ ਸੰਤਾਂ ਨੂੰ ਪਹਿਲਾਂ ਵੀ ਮਿਲਦੇ ਰਹੇ ਸਨ। ਇਨ੍ਹਾਂ ਸਾਰਿਆਂ ਗੁਰਮੁਖਾਂ ਨੇ ਸੰਤ ਮਹਾਰਾਜ ਜੀ ਦਾ ਸਤਿਸੰਗ ਕਰਕੇ ਲਾਭ ਉਠਾਇਆ।

ਸੰਤ ਮਹਾਰਾਜ ਜੀ ਦੀ ਚਾਲੀ ਦਿਨ ਦੀ ਕਠਨ ਤਪੱਸਿਆ ਦਾ ਅਖੀਰਲਾ ਦਿਨ ਐਤਵਾਰ ਸੀ। ਐਤਵਾਰ ਦੇ ਅੰਮ੍ਰਿਤ ਵੇਲੇ ਦੀ ਰੇਡਿਉ ਖਬਰ ਵਿਚ ਮਿਸਟਰ ਜਿਨਾਹ ਦੇ ਮਰਨ ਦੀ ਖਬਰ ਸਾਰੇ ਸੰਸਾਰ ਵਿਚ ਆ ਗਈ। ਪਾਕਿਸਤਾਨ ਵਿਚ ਮਾਤਮੀ ਸਫ ਵਿਸ਼ ਗਈ ਅਤੇ ਸਾਰੇ ਝੰਡੇ ਨੀਵੇਂ ਕੀਤੇ ਗਏ। ਅਮਰੀਕਾ ਅਤੇ ਇੰਗਲੈਂਡ ਦੇ ਪ੍ਰੋਗਰਾਮ ਜੋ ਹਿੰਦੁਸਤਾਨ ਵਿਚ ਗੜਬੜ ਪਾ ਕੇ ਹਿੰਦੁਸਤਾਨ ਦੀ ਆਜ਼ਾਦੀ ਨੂੰ ਮਿੱਟੀ ਵਿਚ ਮਿਲਾਣ ਵਾਲੇ ਸਨ, ਧਰੇ-ਧਰਾਏ ਰਹਿ ਗਏ। ਹਿੰਦੁਸਤਾਨ ਵਿਚ ਸੂਝਵਾਨ ਲੋਕਾਂ ਵਿਚ ਖੁਸ਼ੀਆਂ ਦੀ ਹੱਦ ਨਾ ਰਹੀ। ਹੁਣ ਇਹ ਸਾਰੇ ਪ੍ਰੇਮੀ

ਸੱਜਣ ਅੰਮ੍ਰਿਤ ਵੇਲੇ ਹੀ ਪਰਿਵਾਰਾਂ ਸਮੇਤ ਖਲੀਣੀ ਜਗ੍ਹਾ ਵਿਚ ਸੰਤਾਂ ਦੇ ਦਰਸ਼ਨ ਹਿਤ ਪਹੁੰਚ ਗਏ। ਸੰਤ ਮਹਾਰਾਜ ਅੱਜ ਅੰਮ੍ਰਿਤ ਵੇਲੇ ਹੀ ਸਮਾਧੀ ਤੋਂ ਉਥਾਨ ਹੋ ਕੇ ਆਪਣੇ ਆਸਣ ਤੋਂ ਉਠ ਕੇ ਜਦੋਂ ਬਾਹਰ ਆਏ, ਉਸ ਸਮੇਂ ਪ੍ਰੇਮੀ ਸੰਗਤਾਂ ਦਾ ਇਕੱਠ ਬਹੁਤ ਹੋ ਚੁੱਕਾ ਸੀ। ਜਦੋਂ ਸੰਤਾਂ ਦੇ ਦਰਸ਼ਨ ਪ੍ਰੇਮੀ ਸੰਗਤਾਂ ਨੇ ਕੀਤੇ ਤਾਂ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਸੰਤਾਂ ਦਾ ਸਤਿਕਾਰ ਕੀਤਾ ਅਤੇ ਸੰਤਾਂ ਨੂੰ ਨਮਸ਼ਕਾਰਾਂ ਕੀਤੀਆਂ। ਸੰਗਤਾਂ ਦੇ ਮਨ ਖੁਸ਼ੀਆਂ ਦੇ ਭਰੇ ਹੋਏ ਰਹਿ ਨਾ ਸਕੇ। ਸਾਰਿਆਂ ਨੇ ਉੱਚੀ ਆਵਾਜ਼ਾਂ ਨਾਲ ਕਿਹਾ ਕਿ ਜੋ ਸੰਤਾਂ ਚਾਲੀ ਦਿਨ ਕਠਨ ਤਪੱਸਿਆ ਕੀਤੀ ਹੈ। ਇਹ ਹਿੰਦੁਸਤਾਨ ਸਿਰ ਜੋ ਮਹਾਨ ਕਠਨ ਦੁਖਦਾਈ ਬਲਾ ਸੀ, ਜੋ ਹਿੰਦੁਸਤਾਨ ਦੀ ਆਜ਼ਾਦੀ ਨੂੰ ਮਿੱਟੀ ਵਿਚ ਮਿਲਾ ਦੇਣ ਵਾਲੀ ਸੀ, ਸੋ ਖਤਮ ਕੀਤੀ ਹੈ। ਕਿਉਂਕਿ ਇਸ ਸਾਰੇ ਪ੍ਰੋਗਰਾਮਾਂ ਦਾ ਜੋ ਮੁਖੀ ਡਿਕਟੇਟਰ ਮਿਸਟਰ ਜਿਨਾਹ ਸੀ, ਅੱਜ ਉਸ ਸਮੇਂ ਹੀ ਮਰ ਗਿਆ ਹੈ, ਜਿਸ ਸਮੇਂ ਸੰਤ ਮਹਾਰਾਜ ਜੀ ਨੇ ਆਪਣੀ ਕਠਨ ਤਪੱਸਿਆ ਦੀ ਸਮਾਪਤੀ ਕੀਤੀ ਹੈ। ਇਸ ਤੋਂ ਉਪਰੰਤ ਸੰਤ ਮਹਾਰਾਜ ਜੀ, ਸ੍ਰ: ਜੀਵਨ ਸਿੰਘ ਜੀ ਕਲਰਕ ਜੋ ਆਪਣੀ ਪਤਨੀ ਸਮੇਤ ਬਹੁਤ ਪ੍ਰੇਮੀ ਸਨ, ਉਸ ਪ੍ਰੇਮੀ ਦੇ ਘਰ ਆਸਣ ਲਾਏ ਸਨ। ਉਸ ਘਰ ਨੂੰ ਕੁਝ ਸਮੇਂ ਲਈ ਬੈਕੁੰਠ ਬਣਾ ਦਿੱਤਾ। ਇਸ ਘਰ ਵਿਚ ਹੀ ਦੋਨੋਂ ਵਕਤ ਸਤਿਸੰਗ ਲੱਗਾ। ਸਾਰੇ ਗੁਰਮੁਖਾਂ ਦੀਆਂ ਬੇਨਤੀਆਂ ਸੁਣ ਕੇ ਸਾਰਿਆਂ ਦੀਆਂ ਮਨੋਕਾਮਨਾ ਪੂਰੀਆਂ ਕੀਤੀਆਂ ਅਤੇ ਗੁਰਮਤਿ ਉਪਦੇਸ਼ ਦੇ ਕੇ ਸਾਰਿਆਂ ਨੂੰ ਗੁਰਮਤਿ ਨਾਲ ਜੋੜਿਆ।

ਹੁਣ ਸੰਤ ਮਹਾਰਾਜ ਇਨ੍ਹਾਂ ਸਾਰੇ ਪ੍ਰੇਮੀਆਂ ਦੇ ਦਿਲਾਂ ਦੇ ਪਾਤਿਸ਼ਾਹ ਬਣ ਗਏ। ਇਨ੍ਹਾਂ ਗੁਰਮੁਖਾਂ ਦੇ ਮਨਾਂ ਵਿਚ ਵੱਸਣ ਲੱਗੇ। ਸਾਰੇ ਹੀ ਹਰ ਸਮੇਂ ਸੰਤਾਂ ਨੂੰ ਚਕੋਰ ਦੀ ਨਿਆਈਂ ਚਿਤਵਦੇ ਰਹਿੰਦੇ, ਜਿਵੇਂ ਚਕੋਰ ਚੰਦ ਨੂੰ ਚਿਤਵਦਾ ਹੈ, ਜਿਵੇਂ ਚੱਕਵਾ ਚੱਕਵੀ ਸੂਰਜ ਨੂੰ ਚਿਤਵਦੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਇਹ ਪ੍ਰੇਮੀ ਸੰਤਾਂ ਨੂੰ ਯਾਦ ਕਰਦੇ ਰਹਿੰਦੇ। ਜਿਤਨਾ ਸਮਾਂ ਘਰ ਰੋਟੀ ਖਾਣੀ ਹੋਵੇ ਅਤੇ ਸਰਕਾਰੀ ਦਫਤਰ ਦਾ ਕੰਮ ਕਰਨਾ ਹੋਵੇ ਉਤਨਾ ਸਮਾਂ ਹੀ ਸੰਤਾਂ ਤੋਂ ਵਿਛੜ ਕੇ ਰਹਿੰਦੇ, ਕਈ ਸੱਜਣ ਤਾਂ ਰਾਤ ਨੂੰ ਵੀ ਸੰਤਾਂ ਦੀ ਹਜ਼ੂਰੀ ਆਰਾਮ ਕਰਦੇ ਅਤੇ ਸਵੇਰੇ ਸ਼ਾਮ ਸੇਵਾ ਕਰਦੇ ਰਹਿੰਦੇ।

ਹੁਣ ਕੁਝ ਸਮੇਂ ਤੋਂ ਬਾਅਦ ਜਦੋਂ ਸੰਤ ਸ਼ਿਮਲੇ ਤੋਂ ਵਾਪਸ ਆਏ, ਪੰਜਾਬ ਨੂੰ ਤੁਰੇ, ਉਹ ਸਮਾਂ ਤਾਂ ਬਹੁਤ ਵਿਛੋੜੇ ਦਾ ਦ੍ਰਿਸ਼ ਬਣ ਗਿਆ ਸੀ। ਰੱਜ-ਰੱਜ ਮਾਈ ਭਾਈ ਨੇ ਵੈਰਾਗ ਕੀਤਾ। ਸੰਤਾਂ ਕੋਲੋਂ ਪ੍ਰੇਮ ਭਰੇ ਬਚਨਾਂ ਨਾਲ ਅਖਵਾ ਲਿਆ ਕਿ ਆਉਂਦੇ ਸਾਲ ਗੁਰੂ ਜੀ ਦੀ ਕਿਰਪਾ ਨਾਲ ਫੇਰ ਸੰਗਤਾਂ ਦੇ ਦਰਸ਼ਨ ਕਰਾਂਗੇ। ਹੁਣ ਹਜ਼ੂਰ ਸ਼ਿਮਲੇ ਤੋਂ ਚਲ ਕੇ ਪੰਜਾਬ ਡੇਰੇ ਸੰਤਗੜ੍ਹ ਆ ਗਏ। ਇਤੀ।

ਸੰਤ ਮਹਾਰਾਜ ਜੀ ਦੀ ਰਾਵਲਪਿੰਡੀ ਦੀ ਸਾਖੀ
ਸ੍ਰ: ਜਗਤ ਸਿੰਘ ਚੱਢਾ ਦੀ ਜ਼ਬਾਨੀ

ਸੰਤ ਮਹਾਰਾਜ ਦੀ ਪਲਟਨ ਰਾਵਲਪਿੰਡੀ ਨਿਵਾਸ ਰੱਖਦੀ ਸੀ। ਸੰਤ ਮਹਾਰਾਜ ਜੀ ਉਸ ਸਮੇਂ ਸੰਤ ਬਾਬਾ ਆਯਾ ਸਿੰਘ ਸਾਹਿਬ ਜੀ ਤੋਂ ਰੂਹਾਨੀਅਤ ਦੀ ਮਹਾਨ ਬਖਸ਼ਿਸ਼ ਲੈ ਕੇ ਅਜੇ ਤਕਰੀਬਨ ਸਾਲ ਕੁ ਹੋਇਆ ਸੀ। ਆਪ ਜੀ ਆਪਣੇ ਗੁਰਦੇਵ ਦੀ ਜੋ ਬਖਸ਼ਿਸ਼ ਹੋਈ ਉਸ ਦੀ ਮਹਾਨ ਕਠਨ ਕਮਾਈ ਕਰਦੇ ਸਨ। ਪੋਹ ਮਾਘ ਦੀਆਂ ਸਰਦੀਆਂ ਵਿੱਚ ਬਾਹਰ ਹੀ ਨਗਲ ਇਕ ਬ੍ਰਿਛ ਦੇ ਨੀਚੇ ਸਮਾਧੀ ਇਸਥਿਤ ਰਹਿੰਦੇ। ਜੇਠ ਹਾੜ ਤੇ ਸਾਰਾ ਚਮਾਸਾ ਬਾਹਰ ਹੀ ਆਪਣੇ ਸਿਰ ਪਰ ਝੱਲਦੇ ਸਨ ਅਤੇ ਮਹਾਨ ਅਲਪ ਅਹਾਰੀ ਰਹਿੰਦੇ ਸਨ। ਇਹ ਮਹਾਨ ਤਪੱਸਿਆ ਤੱਕ ਕੇ ਸ੍ਰ: ਤਾਰਾ ਸਿੰਘ ਜੀ ਜੋ ਕਿ ਉਸ ਸਮੇਂ ਹਲਵਾਈ ਦੀ ਦੁਕਾਨ ਲਾਲ ਕੁੜਤੀ ਵਿਚ ਰਹਿੰਦੇ ਸਨ, ਜੋ ਲਾਲ ਕੁੜਤੀ ਬਜ਼ਾਰ ਖਾਸ ਫੌਜੀਆਂ ਵਾਸਤੇ ਫੌਜ ਦੇ ਨੇੜੇ ਹੀ ਸਿਵਲੀਅਨ ਨੇ ਰਚਿਆ ਹੁੰਦਾ ਸੀ। ਇਸ ਬਾਜ਼ਾਰ ਵਿਚ ਜ਼ਿਆਦਾਤਰ ਸਿਵਲੀਅਨ ਫਾਲਵਰ ਭਾਵ ਫੌਜ ਦੀ ਸੇਵਾ ਕਰਨ ਵਾਲੇ ਹੀ ਰਿਹਾ ਕਰਦੇ ਹਨ। ਭਾਈ ਤਾਰਾ ਸਿੰਘ ਜੀ ਦੀ ਪਤਨੀ ਪਾਸ ਪੈਸਾ ਜੀ ਬਹੁਤ-ਬਹੁਤ ਸਾਧ ਸੇਵੀ ਸਨ। ਇਸ ਪਤੀ ਪਤਨੀ ਨੇ ਉਦੋਂ ਜਦੋਂ ਕਿ ਸੰਤ ਤਪੱਸਿਆ ਕਰਦੇ ਸਨ,

ਨਿਰੰਕਾਰ ਹੋ ਕੇ ਬੜੀ ਨਿਰਮਤਾ ਨਾਲ ਸੇਵਾ ਕਰਿਆ ਕਰਦੇ ਸਨ। ਘਰ ਵਿਚ ਭਾਵੇਂ ਵੀ ਗਰੀਬੀ ਸੀ ਪਰ ਫਿਰ ਵੀ ਉਸ ਸਮੇਂ ਸੰਤਾਂ ਦੀ ਅਤੁੱਟ ਸੇਵਾ ਕਰਦੇ ਸਨ। ਗਰੀਬੀ ਦਾ ਕਾਰਨ ਇਕ ਹੀ ਸੀ ਕਿ ਭਾਈ ਤਾਰਾ ਸਿੰਘ ਜੀ ਦਾ ਪਰਿਵਾਰ ਗੁਰੂ ਕਿਰਪਾ ਨਾਲ ਕਾਫੀ ਸੀ ਅਤੇ ਕਮਾਈ ਕਰਨ ਵਾਲਾ ਇਕ ਹੀ ਭਾਈ ਤਾਰਾ ਸਿੰਘ ਸੀ। ਪਰਿਵਾਰ ਚਾਰ ਪੁੱਤਰ, ਭਾਈ ਹਰੀ ਸਿੰਘ ਜੀ, ਭਾਈ ਅਮਰੀਕ ਸਿੰਘ ਜੀ, ਭਾਈ ਬੁੱਧ ਸਿੰਘ ਜੀ, ਭਾਈ ਮੇਲਾ ਸਿੰਘ ਜੀ ਅਤੇ ਇਕ ਲੜਕੀ ਸੀ। ਇਹ ਸਾਰੇ ਹੀ ਬੱਚੇ ਛੋਟੀ ਉਮਰ ਦੇ ਸਨ। ਸਕੂਲ ਵਿਚ ਅਜੇ ਮੁਢਲੀ ਵਿਦਿਆ ਹਾਸਲ ਕਰਦੇ ਸਨ। ਭਾਈ ਤਾਰਾ ਸਿੰਘ ਜੀ ਅਤੇ ਭਾਈ ਸਾਹਿਬ ਜੀ ਦੀ ਪਤਨੀ ਮੈਨਾ ਜੀ ਸੰਤਾਂ ਦੀ ਸੇਵਾ ਤਨ ਮਨ ਨਾਲ ਕਰਦੇ ਸਨ।

ਜਦੋਂ ਸੰਤ ਮਹਾਰਾਜ ਜੀ ਸੰਨ ਚੌਦਾਂ ਵਾਂਗ ਲੜਾਈ ਨੂੰ ਫਰਾਂਸ ਜਾਣ ਲੱਗੇ ਸਨ ਤਾਂ ਭਾਈ ਤਾਰਾ ਸਿੰਘ ਜੀ ਤੇ ਮਾਈ ਮੈਨਾ ਜੀ ਸੰਤਾਂ ਦੇ ਵਿਛੋੜੇ ਦੇ ਕਾਰਨ ਬਹੁਤ ਦੁਖੀ ਸਨ। ਸਾਰੀ ਰਾਤ ਗੁਰੂ ਨਾਨਕ ਦੇਵ ਜੀ ਅੱਗੇ ਅਰਜ਼ਾਂ ਕਰਦੇ ਸਨ ਕਿ ਸਤਿਗੁਰੂ ਸਾਨੂੰ ਸੰਤਾਂ ਦਾ ਵਿਛੋੜਾ ਦੁਖਦਾਈ ਨਾ ਹੋਵੇ। ਇਕ ਦਿਨ ਇਸ ਪਤੀ ਸਤੀ ਦੇ ਪ੍ਰੇਮ ਦੀ ਖਿੱਚ ਕਰਕੇ ਇਨ੍ਹਾਂ ਦੇ ਘਰ ਕੱਚੇ ਜਿਹੇ ਕੋਠੇ ਵਿਚ ਚਲ ਕੇ ਗਏ। ਇਸ ਜੋੜੇ ਦੀ ਖੁਸ਼ੀ ਦੀ ਹੱਦ ਨਾ ਰਹੀ। ਗੱਦ-ਗੱਦ ਹੋ ਕੇ ਰੋਮਾਂਚ ਹੋ ਗਏ ਤੇ ਬਾਣੀ ਰੁਕ ਗਈ। ਇਤਨੀ ਖੁਸ਼ੀ ਹੋਈ ਕਿ ਸੰਤਾਂ ਨੂੰ ਬਿਠਾਉਣ ਲਈ ਜਗ੍ਹਾ ਹੀ ਭੁਲ ਗਏ। ਜੈਸੇ ਕਿ ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ ਕਿ :

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ ਬੁਧਿ ਕੀ ਨ ਬੁਧਿ ਰਹੀ,ਮਤਿ ਮੈ ਨ ਮਤਿ ਹੈ।।

ਐਸੀ ਦਿਸ਼ਾ ਹੋ ਗਈ। ਭਾਈ ਤਾਰਾ ਸਿੰਘ ਜੀ ਦਾ ਵੱਡਾ ਲੜਕਾ ਹਰੀ ਸਿੰਘ ਜੀ ਬਾਰਾਂ ਕੁ ਸਾਲਾ ਦਾ ਸੀ ਅਤੇ ਬੜਾ ਹੋਣਹਾਰ ਸੀ। ਉਸ ਨੇ ਘਰ ਵਿਚ ਜੋ ਮੰਜਾ ਸੀ ਸੋ ਡਾਹ ਕੇ ਵਿਸ਼ਾ ਕੇ ਸੰਤਾਂ ਦੇ ਚਰਨਾਂ ਪਰ ਮੱਥਾ ਟੇਕ ਕੇ ਹੱਥ ਜੋੜ ਕੇ ਖਲੋ ਗਿਆ। ਉਸ ਕਾਕੇ ਦਾ ਇਸ ਕਿਸਮ ਦਾ ਇਸ਼ਾਰਾ ਤੱਕ ਕੇ ਸੰਤ ਮੰਜੇ ਪਰ ਬੈਠ ਗਏ। ਫਿਰ ਕੁਝ ਸਮੇਂ ਤੋਂ ਉਪਰੰਤ ਪਤੀ ਸਤੀ ਨੂੰ ਸੁਰਤ ਆਈ ਤਾਂ ਫਿਰ ਬਹੁਤ ਪ੍ਰੇਮ ਸਹਿਤ ਸੰਤਾਂ ਦੇ ਚਰਨ ਧੋ ਕੇ ਚਰਨਾਮ੍ਰਿਤ ਲੈ ਕੇ ਆਪ ਛਕਿਆ ਤੇ ਪਰਿਵਾਰ ਨੂੰ ਛਕਾਇਆ। ਸੰਤਾਂ ਦਾ ਚਰਨਾਮ੍ਰਿਤ ਆਪਣੀਆਂ ਅੱਖਾਂ ਪਰ ਪਾ ਲੇਂਦੇ ਹਨ। ਮਸਤਕ ਪਰ ਲੈਂਦੇ ਹਨ। ਆਪਣੇ ਸਾਰੇ ਘਰ ਵਿਚ ਛਿੜਕਿਆ, ਨਾਲ ਹੀ ਨਾਲ ਇਹ ਤੁਕਾਂ ਪੜ੍ਹਦੇ ਹਨ :

ਚਰਨ ਸਾਧ ਕੇ ਧੋਇ ਧੋਇ ਪੀਉ।। ਅਰਪਿ ਸਾਧ ਕਉ ਅਪਨਾ ਜੀਉ।।
ਸਾਧ ਕੀ ਧੂਰਿ ਕਰਹੁ ਇਸਨਾਨੁ।। ਸਾਧ ਊਪਰਿ ਜਾਈਐ ਕੁਰਬਾਨੁ।।
ਸਾਧ ਸੇਵਾ ਵਡਭਾਗੀ ਪਾਈਐ।। ਸਾਧਸੰਗਿ ਹਰਿ ਕੀਰਤਨੁ ਗਾਈਐ।।
ਅਨਿਕ ਬਿਘਨ ਤੇ ਸਾਧੂ ਰਾਖੈ।। ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ।।
ਓਟ ਗਹੀ ਸੰਤਹ ਦਰਿ ਆਇਆ।। ਸਰਬ ਸੂਖ ਨਾਨਕ ਤਿਹ ਪਾਇਆ।। ੬।। *(ਸੁਖਮਨੀ ਸਾਹਿਬ, ਪੰਨਾ ੨੮੩)*

ਹੁਣ ਸਾਰੇ ਪਰਿਵਾਰ ਨੇ ਰੱਜ-ਰੱਜ ਕੇ ਸੇਵਾ ਕੀਤੀ। ਖਾਸ ਕਰਕੇ ਪਤੀ ਸਤੀ ਭਾਈ ਤਾਰਾ ਸਿੰਘ ਤੇ ਬੀਬੀ ਮੈਨਾ ਜੀ ਨੇ ਤਾਂ ਸ਼ਰਧਾ ਪ੍ਰੇਮ ਦੀ ਸੇਵਾ ਦੀ ਹਦ ਮੁਕਾ ਦਿੱਤੀ। ਹੁਣ ਸੰਤਾਂ ਨੇ ਖੁਸ਼ ਹੋ ਕੇ ਉਪਦੇਸ਼ ਦਿੱਤਾ ਸਾਰੇ ਪਰਿਵਾਰ ਨੂੰ ਆਪਣੇ ਪਾਸ ਬਿਠਾ ਕੇ ਭਾਈ ਤਾਰਾ ਸਿੰਘ ਜੀ ਨੂੰ ਸੰਬੋਧਨ ਕਰਦਿਆਂ ਭਾਈ ਤਾਰਾ ਸਿੰਘ ਜੀ ਸਰੀਰ ਸਾਰਿਆਂ ਦੇ ਸਦਾ ਰਹਿਣ ਵਾਲੇ ਨਹੀਂ, ਨਾ ਪਿਛੇ ਰਹੇ ਹਨ, ਨਾ ਰਹਿਣੇ ਹਨ, ਨਾ ਅੱਗੇ ਨੂੰ ਰਹਿਣਗੇ। ਗੱਲ ਕੀ ਅਵਤਾਰਾਂ ਦੇ ਤੇ ਚੱਕਰਵਰਤੀ ਰਾਜਿਆਂ ਦੇ ਸਰੀਰ ਵੀ ਸਦਾ ਰਹਿੰਦੇ ਨਹੀਂ। ਜੈਸੇ ਕਿ ਕਲਗੀਧਰ ਪਿਤਾ ਆਪਣੀ ਪਵਿੱਤਰ ਬਾਣੀ ਵਿੱਚ ਫਰਮਾਉਂਦੇ ਹਨ :

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ ਰਾਮਚੰਦ੍ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।। ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤਿ ਸਮੂਹਨ ਕੇ ਹੁਇ ਹੁਇ ਬਿਤਏ ਹੈਂ।। ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ।। ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ।। ਜੋਗੀ ਜਤੀ ਬ੍ਰਹਮਚਾਰੀ

ਬਡੇ ਬਡੇ ਛਤ੍ਰਧਾਰੀ ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ।। ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ ਬਡੇ ਬਡੇ ਰਾਜਨ ਕੇ ਦ੍ਰਪ ਕੌ ਦਲਤ ਹੈ।। ਮਾਨ ਸੇ ਮਹੀਪ ਔ ਦਿਲੀਪ ਕੈਸੇ ਛੱਤ੍ਰਧਾਰੀ ਬਡੋ ਅਭਿਮਾਨ ਭੁਜ ਦੰਡ ਕੌ ਕਰਤ ਹੈ।। ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ ਭੋਗ ਭੋਗ ਭੂੰਮ ਅੰਤ ਭੂੰਮ ਮੈ ਮਿਲਤ ਹੈ।। ੮।। *(ਅਕਾਲ ਉਸਤਤਿ)*

ਭਾਵ ਕਿ— ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ।। *(ਬਿਲਾਵਲ ਕਬੀਰ ਜੀ, ਪੰਨਾ ੮੫੫)*

ਚਲੰਤ ਬ੍ਰਿਖਾਸਨੇ ਮੂਲ ਸਾਖਾ।। ਚਲੰਤੀ ਬ੍ਰਹਮਾ ਜਿਨੇ ਬੇਦ ਭਾਖਾ।।
ਚਲੰਤੀ ਨਾਰੀ ਬਹੁ ਰੂਪਵੰਤੀ।। ਚਲੰਤੀ ਰਾਜਾ ਬਹੁ ਛਤ੍ਰ ਦਲੰਤੀ।।
ਚਲੰਤੀ ਮੇਰੂ ਬਹੁ ਸੋਭਤ ਮੰਦਰੰ।। ਚਲੰਤ ਤਾਰਾ ਰਵਿ ਚੰਦ ਸਗਲੰ।।
ਸਤ ਪੁਰਖ ਵਾਕਯੰ ਨਹ ਚਲੰਤੀ ਧਰਮੰ।।

ਸੰਤ ਮਹਾਰਾਜ ਜੀ ਨੇ ਸਾਰੇ ਸੰਸਾਰ ਦੇ ਪਿਆਰ ਨੂੰ ਸਦਾ ਨਾ ਰਹਿਣ ਵਾਲਾ ਦੱਸ ਕੇ ਭਾਈ ਤਾਰਾ ਸਿੰਘ ਜੀ ਤੇ ਬੀਬੀ ਮੈਨਾ ਜੀ ਦਾ ਪ੍ਰੇਮ ਸਦਾ ਰਹਿਣ ਵਾਲੇ ਪਰਮੇਸ਼ਰ ਵਿਚ ਲਾ ਕੇ ਨਿਹਾਲ ਕੀਤਾ ਅਤੇ ਆਖਿਆ ਕਿ ਸਤਿਗੁਰ ਤੁਹਾਨੂੰ ਮਾਇਆ ਵਲੋਂ ਵੀ ਸੁਖੀ ਕਰ ਦੇਣਗੇ। ਸੋ ਸਤਿਗੁਰੂ ਜੀ ਦੀ ਕਿਰਪਾ ਨਾਲ ਅਤੇ ਸੰਤਾਂ ਦੇ ਬਚਨਾਂ ਨਾਲ ਭਾਈ ਤਾਰਾ ਸਿੰਘ ਜੀ ਤੇ ਬੀਬੀ ਮੈਨਾ ਜੀ ਦੇ ਪੁੱਤਰ ਸ: ਹਰੀ ਸਿੰਘ ਜੀ, ਸ: ਅਮਰੀਕ ਸਿੰਘ ਜੀ, ਸ: ਬੁੱਧ ਸਿੰਘ ਜੀ, ਸ: ਮੇਲਾ ਸਿੰਘ ਜੀ, ਬਹੁਤ ਮਾਇਆਧਾਰੀ ਠੇਕੇਦਾਰ ਹਨ ਅਤੇ ਗੁਰਬਾਣੀ ਦੇ ਪ੍ਰੇਮੀ ਹਨ। ਗੁਰੂ ਘਰ ਨੂੰ ਦਸਵੰਧ ਦੇ ਕੇ ਆਪਣੀ ਕ੍ਰਿਤ ਕਮਾਈ ਸਫਲ ਕਰਦੇ ਹਨ। ਇਤੀ।

ਸਰਦਾਰ ਜਗਤ ਸਿੰਘ ਜੀ ਚੱਢਾ ਦਾ ਸੰਤਾਂ ਨਾਲ ਮਿਲਾਪ

ਸ: ਜਗਤ ਸਿੰਘ ਜੀ ਚੱਢਾ ਰਾਵਲਪਿੰਡੀ ਜੋ ਕਿ ਪਾਕਿਸਤਾਨ ਵਿਚ ਹੈ, ਉਸ ਸ਼ਹਿਰ ਦੇ ਵਸਨੀਕ ਹਨ। ਭਾਈ ਤਾਰਾ ਸਿੰਘ ਜੀ ਦੀ ਸਾਖੀ ਚੱਢਾ ਜੀ ਨੇ ਹੀ ਦੱਸੀ ਸੀ। ਪਹਿਲੇ ਪਹਿਲ ਚੱਢਾ ਜੀ ਨੂੰ ਵੀ ਭਾਈ ਤਾਰਾ ਸਿੰਘ ਜੀ ਦੁਆਰਾ ਸੰਤਾਂ ਦੇ ਦਰਸ਼ਨ ਹੋਏ ਸਨ। ਪਾਕਿਸਤਾਨ ਬਣਨ ਉਪਰੰਤ ਚੱਢਾ ਜੀ ਦਿੱਲੀ ਜੋ ਭਾਰਤ ਦਾ ਸੈਂਟਰ ਤੇ ਰਾਜਧਾਨੀ ਹੈ, ਆ ਵੱਸੇ ਸਨ। ਸ: ਜਗਤ ਸਿੰਘ ਜੀ ਚੱਢੇ ਦਾ ਪਿਤਾ ਭਾਈ ਜਵਾਲਾ ਸਿੰਘ ਚੱਢਾ ਸਨ, ਜੋ ਕਿ ਨਾਮ ਬਾਣੀ ਦੇ ਬਹੁਤ ਪ੍ਰੇਮੀ ਤੇ ਸਾਧੂ ਸੇਵੀ ਸਨ। ਸ: ਜਗਤ ਸਿੰਘ ਜੀ ਚੱਢਾ ਭਾਵੇਂ ਵੱਸਦੇ ਦਿੱਲੀ ਸਨ। ਆਪਣਾ ਕੁਝ ਬਿਜਨਸ ਦਾ ਕਾਰੋਬਾਰ ਕਰਕੇ ਗੁਜ਼ਾਰਾ ਕਰਦੇ ਸਨ ਅਤੇ ਆਪਣੇ ਪਰਿਵਾਰ ਦੀ ਪਾਲਣਾ ਕਰਦੇ ਸਨ। ਸ: ਚੱਢਾ ਜੀ ਦੇ ਚਾਰ ਪੁੱਤਰ ਬੜੇ ਹੋਣਹਾਰ ਸਨ। ਸ: ਪ੍ਰਹਿਲਾਦ ਸਿੰਘ ਜੀ, ਸ: ਕੁਲਵੰਤ ਸਿੰਘ ਜੀ, ਸ: ਜਗਮੋਹਨ ਸਿੰਘ ਜੀ, ਸ: ਬਲਜੀਤ ਸਿੰਘ ਜੀ ਅਤੇ ਸ: ਹਰਨਾਮ ਸਿੰਘ ਜੀ ਭਰਾ ਹੈ। ਸ: ਚੱਢਾ ਜੀ ਨੇ ਆਪਣੀ ਕ੍ਰਿਤ ਕਰਕੇ ਸ਼ਿਮਲੇ ਵਿਚ ਕੁਝ ਪਲਾਟ ਖਰੀਦਿਆਂ ਤੇ ਕੁਝ ਰਿਹਾਇਸ਼ੀ ਜਗ੍ਹਾ ਵੀ ਬਣਾਈ ਹੈ। ਚੰਗਾ ਸੁਖੀ ਜੀਵਨ ਬਤੀਤ ਕਰ ਰਿਹਾ ਹੈ। ਪਰ ਚਿੱਤ ਵਿਚ ਸੰਤਾਂ ਦੇ ਦਰਸ਼ਨ ਦੀ ਪਿਛਲੀ ਰਾਵਲਪਿੰਡੀ ਵਾਲੀ ਯਾਦ ਆਉਂਦੀ ਰਹਿੰਦੀ ਤੇ ਹਿਰਦੇ ਨੂੰ ਟੁੰਬਦੀ ਰਹਿੰਦੀ। ਵਾਹਿਗੁਰੂ ਅੱਗੇ ਅਰਦਾਸ ਕਰਦੇ ਰਹਿੰਦੇ ਕਿ ਸਤਿਗੁਰੂ ਜੇ ਤੂੰ ਮੇਹਰ ਕਰੇਂ ਤਾਂ ਦਾਸ ਆਪ ਜੀ ਦਾ ਅਤੀ ਸ਼ੁਕਰਾਨਾ ਕਰੇਗਾ। ਸੋ ਚੱਢਾ ਜੀ ਦੇ ਅਰਦਾਸਾਂ ਕਰਦਿਆਂ ਨੂੰ ਸਤਿਗੁਰੂ ਨੇ ਸੰਤਾਂ ਦੇ ਦਰਸ਼ਨ ਦਾ ਦਿਨ ਲੈ ਹੀ ਆਉਂਦਾ। ਸੰਤ ਮਹਾਰਾਜ ਜੀ ਦੂਸਰੇ ਸਾਲ ਸ਼ਿਮਲੇ ਦੀਆਂ ਸੰਗਤਾਂ ਦੀ ਪ੍ਰੇਮ ਡੋਰੀ ਨਾਲ ਖਿੱਚੇ ਹੋਏ ਸ਼ਿਮਲੇ ਗਏ ਅਤੇ ਸ: ਜੀਵਨ ਸਿੰਘ ਜੀ ਕਲਰਕ ਦੇ ਘਰ ਆਸਣ ਜਾ ਲਾਏ। ਸ਼ਿਮਲੇ ਦੀਆਂ ਸੰਗਤਾਂ ਨੂੰ ਜਦੋਂ ਸੰਤਾਂ ਦਾ ਸ਼ਿਮਲੇ ਆਉਣ ਦਾ ਪਤਾ ਲੱਗਾ ਤਾਂ ਫਿਰ ਕੀ ਸੀ ਕਿ ਸੰਗਤਾਂ ਨੇ ਸੰਤਾਂ ਦੇ ਦਰਸ਼ਨ ਕਰਨ ਹਿਤ ਵਹੀਰਾਂ ਦੇ ਵਹੀਰ ਚਲ ਪਏ। ਸੁਬ੍ਹਾ ਸ਼ਾਮ ਸੰਤਾਂ ਪਾਸ ਸੰਗਤਾਂ ਦਾ ਕਾਫੀ ਇਕੱਠ ਰਹਿੰਦਾ। ਸੰਤਾਂ ਦੇ ਗੁਰਮਤਿ ਦੇ ਮਿੱਠੇ-ਮਿੱਠੇ ਬਚਨ ਸੁਣ ਕੇ ਮਨ ਬਹੁਤ ਆਨੰਦ ਹੁੰਦੇ ਅਤੇ ਗੁਰਮਤਿ ਦੇ ਉਪਦੇਸ਼ ਲੈ ਕੇ ਆਪਣੇ ਜੀਵਨ ਨੂੰ ਸਫਲ ਕਰਦੇ।

ਹੁਣ ਤਾਂ ਸ: ਜੀਵਨ ਸਿੰਘ ਦਾ ਘਰ ਬੈਕੁੰਠ ਬਣ ਗਿਆ। ਇਹ ਸਾਰੇ ਸੱਜਣ ਆਪੋ ਵਿਚ ਪਿਆਰ ਭਰੇ ਬਚਨ

ਕਰਦੇ ਰਹਿੰਦੇ। ਇਕ ਕੋਲੋਂ ਹੀ ਗੁਰਬਾਣੀ ਦਾ ਖੋਜੀ ਗੁਰਬਾਣੀ ਅਨੁਸਾਰ ਕਹਿ ਦੇਂਦਾ ਹੈ, ਬਈ ਜੀਵਨ ਸਿੰਘ ਦਾ ਘਰ ਬੈਕੁੰਠ ਬਣੇ ਕਿਉਂ ਨਾ, ਕਿਉਂਕਿ ਗੁਰਬਾਣੀ ਦੁਆਰਾ ਸਤਿਗੁਰ ਜੀ ਨੇ ਫੁਰਮਾਇਆ ਹੈ ਕਿ ਜਿਥੇ ਸੰਤ ਬੈਠਦੇ ਹਨ, ਆਪਣੇ ਚਰਨ ਰੱਖਦੇ ਹਨ ਅਤੇ ਆਪਣੀ ਸ਼ੁਭ ਰਸਨਾ ਦੁਆਰਾ ਕਲਜੁਗੀ ਜੀਵਾਂ ਨੂੰ ਜਗਤ ਤੋਂ ਉਧਾਰ ਕਰਨ ਵਾਲਾ ਉਪਦੇਸ਼ ਦੇਂਦੇ ਹਨ, ਸੋ ਥਾਨ ਹੁੰਦੇ ਹੀ ਬੈਕੁੰਠ ਹਨ। ਜੈਸੇ ਕਿ :

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ।। ੧।। ਰਹਾਉ।। (ਪੰਨਾ ੧੨੦੮)

ਤਥਾ—ਕਹੁ ਕਬੀਰ ਇਹ ਕਹੀਐ ਕਾਹਿ।। ਸਾਧਸੰਗਤਿ ਬੈਕੁੰਠੈ ਆਹਿ।। (ਪੰਨਾ ੩੨੫)

ਇਸ ਤਰ੍ਹਾਂ ਦੇ ਸੰਗਤਾਂ ਕੋਲੋਂ ਬਚਨ ਸੁਣ ਕੇ ਸ: ਚੱਢਾ ਜੀ ਦੇ ਵੀ ਚਿੱਤ ਵਿਚ ਸ਼ੁਭ ਫੁਰਨਾ ਹੋਇਆ ਕਿ ਐਸੇ ਗੁਰਮੁਖ ਸੰਤਾਂ ਦਾ ਮੈ ਵੀ ਦਰਸ਼ਨ ਕਰਾਂ। ਸ: ਚੱਢਾ ਜੀ ਨੇ ਆਪਣੀ ਸੋ਼ਸ਼ਟ ਪਤਨੀ ਜੀ ਨੂੰ ਵੀ ਨਾਲ ਲਿਆ, ਕੁਝ ਫਲ ਆਦਿਕ ਭੇਜਟ ਦੇਣ ਵਾਸਤੇ ਵੀ ਲੈਣੇ ਕੀਤੇ। ਇਹ ਪਤੀ ਪਤਨੀ ਦੀ ਪਿਆਰ ਭਰੀ ਜੋੜੀ ਸ: ਜੀਵਨ ਸਿੰਘ ਜੀ ਦੇ ਘਰ ਵਲ ਚਾਂਈਂ ਚਾਂਈਂ ਸੰਤਾਂ ਦੇ ਦਰਸ਼ਨਾਂ ਨੂੰ ਚਲ ਪਈ। ਜਦੋਂ ਸ: ਜੀਵਨ ਸਿੰਘ ਜੀ ਦੇ ਘਰ ਦੇ ਨੇੜੇ ਅੱਪੜੇ, ਆਉਣ ਜਾਣ ਵਾਲੀਆਂ ਸੰਗਤਾਂ ਦੇ ਦਰਸ਼ਨ ਤੱਕੇ, ਹਰ ਜੀਵ ਜੋ ਸੰਤਾਂ ਦਾ ਦਰਸ਼ਨ ਕਰਕੇ ਆਇਆ ਹੈ, ਸੋ ਵੀ ਖੁਸ਼ੀ ਨਾਲ ਭਰਿਆ ਦਿਖਾਈ ਦਿੰਦਾ ਹੈ ਅਤੇ ਜੋ ਜਾ ਰਿਹਾ ਹੈ ਸੋ ਵੀ ਪ੍ਰਸੰਨ ਚਿਤ ਦਿਖਾਈ ਦੇ ਰਿਹਾ ਹੈ।

ਹੁਣ ਚੱਢਾ ਜੀ ਜਦੋਂ ਆਪਣੀ ਪਤਨੀ ਸਮੇਤ ਇਸ ਘਰ ਦਾ ਦਰਵਾਜ਼ਾ ਵੜੇ ਤਾਂ ਅੱਗੇ ਕੀ ਤੱਕਿਆ ਕਿ ਇਹ ਤਾਂ 35 ਸਿੱਖ ਵਾਲੇ ਸੰਤ ਜਵਾਲਾ ਸਿੰਘ ਜੀ ਹਨ, ਜਿਨ੍ਹਾਂ ਦੀ ਯਾਦ ਤੇ ਦਰਸ਼ਨ ਦੀ ਅਭਿਲਾਸ਼ ਸੰਨ 1917 ਤੋਂ ਦਾਸ ਦੇ ਹਿਰਦੇ ਵਿਚ ਵੱਸ ਰਹੀ ਸੀ। ਘਰ ਦਾ ਦਰਵਾਜ਼ਾ ਵੜਦੇਸਾਰ ਜਦੋਂ ਸੰਤਾਂ ਦੇ ਦਰਸ਼ਨ ਕੀਤੇ, ਮਹਾਨ ਖੁਸ਼ੀ ਧਾਰ ਕੇ ਖਲੋ ਗਏ। ਹੁਣ ਆਪਣੀ ਸੋ਼ਸ਼ਟ ਪਤਨੀ ਨੂੰ ਪਿਆਰ ਨਾਲ ਆਖਦੇ ਹਨ, ਭਲੀਏ, ਤੱਕਨੀ ਹੈਂ? ਪਤਨੀ ਨੇ ਕਿਹਾ, ਜੀ ਹਾਂ। ***ਚੱਢਾ ਜੀ***— ਭਲੀਏ ਕੀ ਤੱਕਿਆ ਸੂ? ***ਪਤਨੀ***— ਸਰਦਾਰ ਜੀਉ ਆਪ ਕਿਰਪਾ ਕਰਕੇ ਮੇਰੇ ਕੋ ਯਾਦ ਕਰਾ ਦੇਣਾ। ***ਚੱਢਾ ਜੀ***— ਸਭੱਦ੍ਰੇ ਇਹ ਸੰਤ 35 ਸਿੱਖ ਵਾਲੇ ਤਪੱਸਵੀ ਹਨ, ਜਿਨ੍ਹਾਂ ਦੇ ਆਪਾਂ ਰਾਵਲਪਿੰਡੀ ਦਰਸ਼ਨ ਕਰਦੇ ਹੁੰਦੇ ਸਾਂ। ***ਪਤਨੀ***— ਹਾਂ ਹਾਂ ਜੀ, ਹੁਣ ਮੈਨੂੰ ਡਾਢਾ ਯਾਦ ਆ ਗਿਆ। ਹੁਣ ਇਹ ਪਤੀ ਸਤੀ ਦਾ ਜੋੜਾ ਅਤਿ ਖੁਸ਼ੀ ਨਾਲ ਭਰਿਆ ਹੋਇਆ ਅੱਗੇ ਵਧਿਆ ਤੇ ਚੱਢਾ ਜੀ ਡੰਡਵੱਤ ਢਹਿ ਪਿਆ ਤੇ ਗੱਦ-ਗੱਦ ਹੋ ਗਿਆ ਅਤੇ ਚਿੱਤ ਦਾ ਪਿਆਰ ਅੱਖਾਂ ਥਾਣੀ ਪਾਣੀ ਹੋ ਕੇ ਵਗ ਤੁਰਿਆ। ਏਸੇ ਤਰ੍ਹਾਂ ਵੈਰਾਗ ਦੇ ਪਾਣੀ ਨਾਲ ਸੰਤਾਂ ਦੇ ਚਰਨ ਧੋ ਦਿੱਤੇ। ਹੁਣ ਸੰਤਾਂ ਨੇ ਖਿੜ-ਖਿੜਾ ਕੇ ਹੱਸ ਕੇ ਆ ਚੱਢਾ ਜੀ ਨੂੰ ਆਪਣੇ ਹਸਤ ਕਮਲਾਂ ਨਾਲ ਚੁੱਕ ਕੇ ਬਹੁਤ ਪਿਆਰ ਭਰੇ ਬਚਨਾਂ ਨਾਲ ਸਤਿਕਾਰਿਆ। ਚੱਢਾ ਜੀ ਦੀ ਸਿੰਘਣੀ ਨੇ ਵੀ ਪਿਆਰ ਭਰੀ ਨਮਸ਼ਕਾਰ ਕੀਤੀ।

ਹੁਣ ਚੱਢਾ ਜੀ ਨੇ ਰਾਵਲਪਿੰਡੀ ਤੋਂ ਲੈ ਕੇ ਅੱਜ ਤਕ ਦੀ ਆਪਣੀ ਹੱਡ-ਬੀਤੀ ਸੰਤਾਂ ਨੂੰ ਬੜੇ ਪਿਆਰ ਭਰੇ ਸ਼ਬਦਾਂ ਨਾਲ ਸੁਣਾਈ। ਹੁਣ ਸੰਤਾਂ ਨੇ ਪਤੀ ਸਤੀ ਨੂੰ ਬਹੁਤ ਧੀਰਜ ਦਿੱਤੀ ਅਤੇ ਉਪਦੇਸ਼ ਦੇ ਕੇ ਨਿਹਾਲ ਕੀਤਾ। ਸਰਦਾਰ ਜਗਤ ਸਿੰਘ ਦਾ ਹੋਰ ਸਾਰਾ ਪਰਿਵਾਰ ਦਿੱਲੀ ਕਰੋਲ ਬਾਗ ਵਿਖੇ ਨਿਵਾਸ ਰੱਖਦਾ ਸੀ। ਜਦੋਂ ਸੰਤ ਦਿੱਲੀ ਗਏ ਤਾਂ ਚੱਢਾ ਜੀ ਨੇ ਸੰਤਾਂ ਨੂੰ ਬੇਨਤੀ ਕੀਤੀ ਅਤੇ ਆਪਣੇ ਘਰ ਵਿਚ ਲੈ ਗਏ। ਆਪਣੇ ਭਰਾ ਸ: ਹਰਨਾਮ ਸਿੰਘ ਜੀ ਨੂੰ ਸੰਤਾਂ ਦੇ ਚਰਨੀਂ ਲਾਇਆ ਅਤੇ ਆਪਣੇ ਪੁੱਤਰ ਪ੍ਰਹਿਲਾਦ ਸਿੰਘ ਜੀ ਤੇ ਕੁਲਵੰਤ ਸਿੰਘ ਜੀ, ਜਗਮੋਹਨ ਸਿੰਘ ਜੀ, ਬਲਜੀਤ ਸਿੰਘ ਜੀ ਨੂੰ ਚਰਨੀਂ ਲਾਇਆ ਅਤੇ ਆਪਣੇ ਕਾਰੋਬਾਰ ਲਈ ਬੇਨਤੀ ਕੀਤੀ। ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅਤੇ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ। ਕੀਰਤਨ ਦੀ ਸਮਾਪਤੀ ਸਮੇਂ ਕੜਾਹ ਪ੍ਰਸ਼ਾਦਿ ਹਜ਼ੂਰੀ ਵਿਚ ਲਿਆ ਕੇ ਅਨਵਿਸਟਮੈਂਟ ਕੰਪਨੀ ਦੀ ਅਰਦਾਸ ਕਰਵਾਈ। ਸੰਤ ਮਹਾਰਾਜ ਜੀ ਨੇ ਆਪਣੇ ਹਸਤ-ਕਮਲਾਂ ਨਾਲ ਉਸ ਕੰਪਨੀ ਦਾ ਉਦਘਾਟਨ ਕੀਤਾ। ਅੱਜ ਤਕ ਜਗਤ ਅਨਵਿਸਟਮਿੰਟ ਕੰਪਨੀ ਕਰੋਲ ਬਾਗ ਗੁਰਦੁਆਰਾ ਰੋਡ ਪਰ ਬੜੀ ਪੱਧਰ ਤੇ ਚਲ ਰਹੀ ਹੈ, ਜਿਸਦੇ ਭਾਈਵਾਲ ਸ: ਹਰਨਾਮ ਸਿੰਘ ਜੀ, ਸ: ਪ੍ਰਹਿਲਾਦ ਸਿੰਘ ਜੀ, ਸ: ਕੁਲਵੰਤ ਸਿੰਘ ਜੀ ਆਦਿ ਸਾਰਾ ਪਰਿਵਾਰ ਹੀ ਹੈ।

ਸ: ਚੱਢਾ ਜੀ ਦੀ ਸਪੁੱਤਰੀ ਜਸਵੀਰ ਕੌਰ ਪ੍ਰਾਲਬਧ ਅਨੁਸਾਰ ਸਰੀਰਕ ਬਿਆਧੀ ਨਾਲ ਬਿਮਾਰ ਹੋ ਗਈ। ਬੀਮਾਰ ਹੀ ਅਤੀ ਜ਼ਿਆਦਾ ਹੋ ਗਈ। ਸਰੀਰ ਅਤੀ ਕਮਜ਼ੋਰ ਹੋ ਗਿਆ। ਗੋਰੇ ਰੰਗ ਤੋਂ ਸਾਰੇ ਸਰੀਰ ਦਾ ਰੰਗ ਕਾਲਾ ਹੋ ਗਿਆ। ਸਿਰਫ ਹੱਡੀਆਂ ਦੀ ਮੁੱਠ ਰਹਿ ਗਈ। ਇਸ ਬੀਬੀ ਦੀ ਬੀਮਾਰੀ ਨੂੰ ਤੱਕ ਕੇ ਸਾਰਾ ਪਰਿਵਾਰ ਹੀ ਉਦਾਸ ਹੋ ਗਿਆ। ਡਾਕਟਰ ਵੀ ਇਸ ਬੀਮਾਰੀ ਨੂੰ ਲਾਇਲਾਜ ਕਰਨ ਲਗ ਪਏ। ਕਈ ਅੱਛੇ ਤੋਂ ਅੱਛੇ ਡਾਕਟਰ ਬਦਲੀ ਕੀਤੇ। ਪਰ ਬੀਬੀ ਦੀ ਬੀਮਾਰੀ ਨੂੰ ਕੋਈ ਮੋੜ ਨਹੀਂ ਹੋਇਆ। ਸੰਨ 1950 ਦੀਆਂ ਗਰਮੀਆਂ ਵਿਚ ਸੰਤ ਸ਼ਿਮਲੇ ਗਏ ਅਤੇ ਚੱਢਾ ਜੀ ਬੇਨਤੀ ਕਰਕੇ ਸੰਤਾਂ ਨੂੰ ਆਪਣੇ ਘਰ ਲੈ ਗਏ ਅਤੇ ਬੀਬੀ ਜਸਵੀਰ ਨੂੰ ਸੰਤਾਂ ਦੀ ਚਰਨੀਂ ਲਾਇਆ। ਸਾਰਿਆਂ ਨੇ ਮਿਲ ਕੇ ਬੇਨਤੀਆਂ ਕੀਤੀਆਂ ਕਿ ਗਰੀਬ-ਨਿਵਾਜ਼ ਦੁੱਖ ਭੰਜਨ ਜੀਉ, ਆਪ ਕਿਰਪਾ ਕਰੋ ਇਸ ਬੱਚੀ ਨੂੰ ਆਰਾਮ ਆ ਜਾਵੇ। ਸੰਤਾਂ ਨੇ ਬੇਨਤੀਆਂ ਸੁਣ ਕੇ ਇਸ ਬੱਚੀ ਤੇ ਤਰਸ ਤੇ ਰਹਿਮ ਕੀਤਾ। ਉਸ ਸਮੇਂ ਆਪਣੇ ਗੜਵੇ ਵਿਚੋਂ ਇਕ ਬੋਤਲ ਜਲ ਦੀ ਦਿੱਤੀ ਅਤੇ ਹੁਕਮ ਕੀਤਾ ਕਿ ਇਹ ਜਲ ਪੰਦਰਾਂ ਦਿਨ ਅੰਮ੍ਰਿਤ ਵੇਲੇ ਇਸ ਬੱਚੀ ਨੂੰ ਪਿਲਾਓ। ਗੁਰੂ ਭਲਾ ਕਰੇਗਾ। ਸੰਤਾਂ ਦਾ ਬਚਨ ਮੰਨ ਕੇ ਪੰਦਰਾਂ ਦਿਨ ਇਹ ਅੰਮ੍ਰਿਤ ਜਲ ਬੱਚੀ ਜਸਵੀਰ ਨੂੰ ਪਿਲਾਇਆ। ਪਹਿਲੇ ਦਿਨ ਤੋਂ ਹੀ ਬੀਬੀ ਨੂੰ ਆਰਾਮ ਆਉਣਾ ਸ਼ੁਰੂ ਹੋ ਗਿਆ। ਅੰਨ ਖਾਣ ਲਗ ਪਈ। ਦਿਨ-ਬਾ-ਦਿਨ ਸਰੀਰ ਤੰਦਰੁਸਤ ਤੇ ਬਲ ਵਾਲਾ ਹੋਣ ਲੱਗ ਗਿਆ। ਪੰਦਰਾਂ ਦਿਨਾਂ ਵਿਚ ਬਿਲਕੁਲ ਸਰੀਰ ਅਰੋਗ ਹੋ ਗਿਆ। ਹੁਣ ਸਤਿਗੁਰ ਜੀ ਦੀ ਕਿਰਪਾ ਨਾਲ ਪੰਜਾਬੀ ਬਾਗ ਵਿਚ ਸਾਰਿਆਂ ਨੇ ਕੋਠੀਆਂ ਪਾਈਆਂ ਹੋਈਆਂ ਹਨ ਅਤੇ ਚੰਗੇ ਸੁੱਖ ਵਿਚ ਜ਼ਿੰਦਗੀ ਦੇ ਦਿਨ ਪੂਰੇ ਕਰ ਰਹੇ ਹਨ। ਸ: ਹਰਨਾਮ ਸਿੰਘ ਜੀ ਸਾਨੀ ਐਗਰੀਕਲਚਰ ਵਿਚ ਜੋ ਨੌਕਰੀ ਕਰਦੇ ਸਨ ਇਨ੍ਹਾਂ ਨੇ ਸੰਤਾਂ ਪਾਸ ਬੇਨਤੀ ਕੀਤੀ ਕਿ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਾਓ ਧੰਨਵਾਦੀ ਹੋਵਾਂਗਾ।

ਸ: ਹਰਨਾਮ ਸਿੰਘ ਜੀ ਬੜੇ ਪਿਆਰ ਵਾਲੇ ਅਤੇ ਗੁਰਸਿੱਖੀ ਚਲਨ ਵਾਲੇ ਨਿਤਨੇਮੀ ਤੇ ਸਿਮਰਨ ਦੇ ਸੌਂਕ ਵਾਲੇ ਸੰਤ ਸੇਵਾ ਸੁਭਾਵ ਵਾਲੇ ਸਨ। ਸੰਤਾਂ ਦੇ ਦਰਸ਼ਨ ਕਰਕੇ ਤੇ ਸੰਤਾਂ ਦੇ ਬਚਨ ਬਿਲਾਸ ਸੁਣ ਕੇ ਮਨੋਂ ਤਨੋਂ ਸੰਤਾਂ ਦੇ ਪ੍ਰੇਮੀ ਹੋ ਗਏ ਸਨ ਅਤੇ ਸਰਦਾਰ ਜੀ ਦੀ ਪਤਨੀ ਵੀ ਬੜੇ ਨਿੱਘੇ ਸੁਭਾਅ ਦੀ ਤੇ ਗੁਰਸਿੱਖ ਸੇਵੀ ਸੀ। ਜਦੋਂ ਕੁਝ ਸਮਾਂ ਪ੍ਰੇਮ ਤੇ ਸਿਦਕ ਵਿਚ ਸੰਤਾਂ ਦੀ ਸੇਵਾ ਕਰਦਿਆਂ ਹੋਇਆ ਤਾਂ ਸਰਦਾਰ ਜੀ ਦੇ ਚਿੱਤ ਵਿਚ ਇਕ ਦ੍ਰਿੜ੍ਹ ਫੁਰਨਾ ਹੋ ਗਿਆ ਕਿ ਸੰਤੋ, ਮਹਾਂਪੁਰਸ਼ੋ, ਗੁਰਮੁਖੋ, ਗੁਰੂ ਵਾਲਿਓ ਸਜਣੋ ਦਾਸ ਦੀ ਬੇਨਤੀ ਹੈ ਕਿ ਆਪ ਜੀ ਨੇ ਦਸਮ ਪਿਤਾ ਕਲਗੀਧਰ ਦਾਤਾ ਦੇ ਪ੍ਰਤੱਖ ਦਰਸ਼ਨ ਕੀਤੇ ਹਨ। ਜੇ ਆਪ ਜੀ ਨੇ ਦਰਸ਼ਨ ਕੀਤੇ ਹਨ ਤਾਂ ਦਾਸ ਨੂੰ ਵੀ ਦਰਸ਼ਨ ਕਰਵਾ ਦੇਵੋ। ਇਹ ਕਰਕੇ ਸਰਦਾਰ ਸਾਹਿਬ ਦੇ ਦੋਵੇਂ ਹੱਥ ਜੁੜ ਗਏ ਅਤੇ ਛਪਾਲ ਹੀ ਸੰਤਾਂ ਦੇ ਚਰਨਾਂ ਪਰ ਸੀਸ ਰੱਖ ਕੇ ਡੰਡਵੰਤ ਢਹਿ ਪਿਆ ਅਤੇ ਰੋ-ਰੋ ਕੇ ਲੱਗਾ ਅਰਜ਼ਾਂ ਕਰਨ।

ਇਹ ਦ੍ਰਿਸ਼ ਤਕਰੀਬਨ ਪੰਜ ਮਿੰਟ ਬਣਿਆ ਰਿਹਾ। ਸੰਤਾਂ ਨੇ ਆਪਣਾ ਕਿਰਪਾ ਭਰਿਆ ਹੱਥ ਸੀਸ ਪਰ ਰੱਖਿਆ ਅਤੇ ਧੀਰਜ ਦੇ ਕੇ ਚਰਨਾਂ ਉੱਪਰੋਂ ਉਠਾਇਆ ਅਤੇ ਆਖਿਆ ਸਰਦਾਰ ਜੀਉ ਗੁਰੂ ਭਲਾ ਕਰੇਗਾ ਤੇਰੇ ਸਿਦਕ ਤੇ ਪ੍ਰੇਮ ਨੂੰ ਭਾਗ ਲਾਏਗਾ। ਇਸ ਪ੍ਰਕਾਰ ਸਿਦਕ ਤੇ ਪ੍ਰੇਮ ਸਹਿਤ ਸੰਤਾਂ ਦੇ ਦਰਸ਼ਨ ਕੀਤੇ ਅਤੇ ਸੰਤਾਂ ਦੇ ਅੰਮ੍ਰਿਤ ਮਈ ਬਚਨ ਸੁਣ-ਸੁਣ ਕੇ ਆਪਣੇ ਤਪਦੇ ਮਨ ਨੂੰ ਸ਼ਾਂਤ ਕੀਤਾ। ਅਜ ਸਰਦਾਰ ਜੀ ਸੰਤਾਂ ਦੇ ਕੁਝ ਅਨੁਭਵੀ ਬਚਨ ਸੁਣ ਕੇ ਆਪਣੀ ਕੋਠੀ ਨੂੰ ਚਲਾ ਗਿਆ। ਦੂਸਰੇ ਦਿਨ ਵੀ ਆਪਣੇ ਸਰਕਾਰੀ ਕੰਮ ਤੋਂ ਵਿਹਲੇ ਹੋ ਕੇ ਬੜੇ ਪ੍ਰੇਮ ਭਰੇ ਹਿਰਦੇ ਨਾਲ ਸੰਤਾਂ ਦੇ ਦਰਸ਼ਨ ਨੂੰ ਆਇਆ।

ਸੰਤਾਂ ਦੇ ਚਰਨਾਂ ਪਰ ਨਿੰਮਰਤਾ ਧਾਰ ਕੇ ਪ੍ਰੇਮ ਸਹਿਤ ਨਮਸ਼ਕਾਰ ਕੀਤੀ। ਸੰਤਾਂ ਦੀ ਆਗਿਆ ਪਾ ਕੇ ਜੋਗ ਜਗ੍ਹਾ ਪਰ ਬੈਠ ਗਏ ਅਤੇ ਲੱਗਾ ਪ੍ਰੇਮ ਭਰੇ ਹਿਰਦੇ ਨਾਲ ਸੰਤਾਂ ਦੇ ਬਚਨ ਸੁਣਨ। ਜਦ ਤਕ ਸੰਤ ਬਚਨ ਕਰਦੇ ਰਹੇ ਉਦੋਂ ਤਕ ਪਿਆਰ ਭਰੇ ਭਜਨ ਪ੍ਰੇਮ ਸਹਿਤ ਸੁਣਦਾ ਰਿਹਾ। ਫਿਰ ਸੰਧਿਆ ਦਾ ਸਮਾਂ ਹੋਇਆ। ਸੰਤ ਮਹਿੰਦਰ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਰਹਰਾਸਿ ਪੜ੍ਹੀ ਸਾਰੇ ਸਰੋਤੇ ਜਨਾਂ ਨੇ ਇਕ ਮਨ ਹੋ ਕੇ ਰਹਰਾਸਿ ਸੁਣੀ ਉਪਰੰਤ ਆਰਤੀ ਦਾ ਕੀਰਤਨ

ਮਿਲਕੇ ਕੀਤਾ। ਫਿਰ ਤਕਰੀਬਨ ਇਕ ਘੰਟਾ ਕੀਰਤਨ ਤੇ ਵਖਿਆਨ ਹੋਏ। ਫਿਰ ਦੀਵਾਨ ਦੀ ਸਮਾਪਤੀ ਦੀ ਅਰਦਾਸ ਕਰਕੇ ਸੰਗਤਾਂ ਤੇ ਸ਼ਰਧਾਲੂ ਸੰਤਾਂ ਤੋਂ ਆਗਿਆ ਲੈ ਕੇ ਸੰਤਾਂ ਨੂੰ ਨਮਸ਼ਕਾਰ ਕਰਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ।

ਸਰਦਾਰ ਸਾਨੀ ਜੀ ਵੀ ਆਪਣੀ ਕੋਠੀ ਚਲੇ ਗਏ। ਹੁਣ ਸਮਾਂ ਬਣਿਆ, ਸਭ ਪ੍ਰੇਮੀ ਜਨ ਸਰਕਾਰੀ ਡਿਊਟੀ ਤੋਂ ਵਿਹਲੇ ਹੋ ਕੇ ਸੰਤਾਂ ਦੀ ਹਜ਼ੂਰੀ ਆ ਹਾਜ਼ਰੀ ਭਰੀ। ਅੱਧੇ ਘੰਟੇ ਵਿਚ ਹੀ ਸ੍: ਜੀਵਨ ਸਿੰਘ ਜੀ ਦਾ ਘਰ ਸਤਿਸੰਗ ਘਰ ਬਣ ਗਿਆ। ਉਸ ਸਮੇਂ ਸੰਤ ਮਹਾਰਾਜ ਜੀ ਇਕ ਸੁੰਦਰ ਪਲੰਘ ਪਰ ਜਿਸ ਉੱਪਰ ਬਹੁਤ ਸੁੰਦਰ ਵਛਾਈ ਕੀਤੀ ਹੋਈ ਸੀ। ਬਿਰਾਜਮਾਨ ਸਨ। ਸਾਰੇ ਪ੍ਰੇਮੀ ਜਨ ਸੰਤਾਂ ਦੇ ਪਲੰਘ ਦੇ ਚੌਗਿਰਦੇ ਬੈਠੇ ਮਗਨ ਇੱਛਾ ਵਿਚ ਹਨ ਕਿ ਸੰਤ ਮਹਾਰਾਜ ਆਪਣੀ ਰਸਨਾਂ ਤੋਂ ਕੁਝ ਅੰਮ੍ਰਿਤਮਈ ਬਚਨ ਕਹਿਣ ਤੇ ਅਸੀਂ ਸਤਿਸੰਗੀ ਬਣਕੇ ਸੁਣੀਏ ਅਤੇ ਸੁਣਕੇ ਮਨ ਨੂੰ ਸਤਿਗੁਰੂ ਦੇ ਚਰਨਾਂ ਨਾਲ ਜੋੜੀਏ। ਇਤਨੇ ਨੂੰ ਸ੍: ਹਰਨਾਮ ਸਿੰਘ ਜੀ ਸਾਨੀਆ ਗਏ ਅਤੇ ਬੜੇ ਪ੍ਰੇਮ ਤੇ ਸਿਦਕ ਨਾਲ ਸੰਤਾਂ ਦੇ ਚਰਨਾਂ ਪਰ ਨਮਸ਼ਕਾਰ ਕੀਤੀ ਅਤੇ ਹੱਥ ਜੋੜ ਕੇ ਖਲੋ ਗਏ। ਸੰਤਾਂ ਨੇ ਆਖਿਆ ਸਰਦਾਰ ਜੀ ਬੈਠੋ। ਸਰਦਾਰ ਜੀ ਅਜੇ ਵੀ ਖੜੇ ਹੀ ਹਨ।

ਸੰਤਾਂ ਨੇ ਸਰਦਾਰ ਜੀ ਦਾ ਮਨ ਇੱਛਾ ਨਾਲ ਭਰਿਆ ਹੋਇਆ ਭਾਫਿਆ ਅਤੇ ਆਖਿਆ ਸਰਦਾਰ ਜੀ ਆਪਣੀ ਇੱਛਾ ਪ੍ਰਗਟ ਕਰ ਦੇਵੋ। ਸਰਦਾਰ ਨੇ ਬੜੀ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਦਾਸ ਨੇ ਬੇਨਤੀ ਕੀਤੀ ਸੀ ਕਿ ਦਾਸ ਨੂੰ ਦਸਮ ਗੁਰੂ ਕਲਗੀਧਰ ਦੇ ਦਰਸ਼ਨ ਕਰਾ ਦੇਵੋ। ਸੰਤਾਂ ਨੇ ਆਖਿਆ ਸਰਦਾਰ ਜੀ ਬੈਠੋ ਅਤੇ ਸੁਣੋ। ਸਰਦਾਰ ਨੇ ਸੰਤਾਂ ਦਾ ਬਚਨ ਮੰਨਿਆ ਅਤੇ ਚੌਂਕੜਾ ਮਾਰ ਕੇ ਚਿੱਤ ਇਕਾਗਰ ਕਰਕੇ ਸਰੋਤਾ ਬਣਕੇ ਬੈਠ ਗਿਆ। ਸੰਤ ਮਹਾਰਾਜ ਜੀ ਦਾ ਹਰਨਾਮ ਸਿੰਘ ਦੇ ਪਰਥਾਏ ਸਾਰੀ ਸੰਗਤ ਨੂੰ ਉਪਦੇਸ਼: ਸਰਦਾਰ ਜੀ ਨੂੰ ਸੰਬੋਧਨ ਕਰਦੇ ਹੋਏ: ਸਰਦਾਰ ਜੀ ਸਤਿਗੁਰੂ ਕਲਗੀਧਰ ਜੀ ਆਪਣੇ ਦਰਸ਼ਨ ਦੇਣ ਹਿੱਤ ਸੰਗਤ ਨੂੰ ਇੰਝ ਕਿਹਾ ਕਿ ਗੁਰ ਖਾਲਸਾ ਜੀਉ, ਸਾਡੇ ਤਿੰਨ ਸਰੂਪ ਹਨ। ਸਾਡੇ ਤਿੰਨਾਂ ਸਰੂਪਾਂ ਦੇ ਦਰਸ਼ਨ ਦਾ ਫਲ ਇਕ ਸਮਾਨ ਹੈ। ਜਾਂ ਕਹੋ ਕਿ ਇਕ ਨਾਲੋਂ ਦੂਸਰੇ ਦਾ ਅਧਿਕ ਫਲ ਹੈ ਦੂਸਰੇ ਨਾਲੋਂ ਪਹਿਲੇ ਦਾ ਅਧਿਕ ਫਲ ਹੈ। ਸੋ ਤਿੰਨ ਸਰੂਪ ਸਾਡੇ ਸੁਣਨਾ ਕਰੋ।

ਸਤਿਗੁਰੂ ਕਲਗੀਧਰ ਦੇ ਤਿੰਨ ਸਰੂਪ

ਏਕ ਰੂਪ ਤਿਹ ਤੇ ਪਰੇ ਨੇਤਿ ਨੇਤਿ ਜਿਹ ਨਿਗਮ ਉਚਰੈ।

ਸਾਡਾ ਸਰੂਪ ਤਿੰਨ ਗੁਣਾਂ ਤੋਂ ਰਹਿਤ ਹੈ। ਜਿਸ ਬੰਦ ਨਾ ਇਤੀ ਕਾਰਜਾ ਨਾ ਇਤੀ ਕਾਰਨਾਂ ਉਚਾਰਨ ਕਰਦੇ ਹਨ ਭਾਵ ਸੋ ਸਾਡਾ ਨਿਰਗੁਨ ਸਰੂਪ ਕਾਰਜ ਕਾਰਨ ਤੋਂ ਰਹਿਤ ਹੈ। ਯਥਾ।

ਸੂਛਮ ਤੇ ਸੂਛਮ ਕਰ ਚੀਨੋ ਬ੍ਰਿਧਨ ਬ੍ਰਿਧ ਬਤਾਏ।। *(ਰਾਗੁ ਬਿਲਾਵਲੁ ਪਾਤਿ: ੧੦)*

ਦੂਸਰਾ ਸਰੂਪ:— ਦੂਸਰ ਸਰੂਪ ਗੁਰੂ ਗ੍ਰੰਥ ਜੀ ਜਾਨਹੁ।। ਆਪਨ ਅੰਗ ਮੇਰੇ ਕਰ ਮਾਨੋ।।
ਜੋ ਮੁਝ ਸਾਥ ਚਾਹੈ ਕਹ ਬਾਤ।। ਪਹਿਲਾ ਗ੍ਰੰਥ ਬਿਚਾਰਹਿ ਸਾਥ।।

ਦੋਹਰਾ।। ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਹਰਿ ਅਵਤਾਰ।। ਜਗ ਮਗ ਜੋਤਿ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ।।

ਤਥਾ।। ਦਸ ਸਰੂਪ ਗੁਰ ਏਕ ਸਮਧੋ ਜਾਨੈ ਸੋ ਮੇਰਾ।। ਇਕ ਦਸਮੋ ਗੁਰ ਗ੍ਰੰਥ ਜੀ ਬਾਣੀ ਸਤਿਗੁਰ ਹੇਰਾ।।

ਸੋਰਠਿ।। ਸ੍ਰੀ ਗੁਰੂ ਗ੍ਰਿੰਥ ਮਹਾਨ ਪ੍ਰਗਟ ਬੋਧ ਬਧ ਮਾਨੀਏ।। ਸ੍ਰੀ ਗੁਰੂ ਕਹਬੋ ਬਖਾਨ ਸਰੂਪ ਭਵ ਸੇਤ ਇਹ।। ੨੬।।

ਸਤਿਗੁਰੂ ਜੀ ਦਾ ਤੀਸਰਾ ਰੂਪ:— ਤੀਸਰ ਰੂਪ ਸਿੰਘ ਹੈ ਮੋਰ।। ਜੋ ਗੁਰਬਾਣੀ ਰਤਾ ਨਿਸ ਭੋਰ।।
ਵਿਸਵਾਸ ਪ੍ਰੀਤ ਗੁਰ ਸਬਦ ਜੋ ਧਰੇ।। ਗੁਰ ਕਾ ਦਰਸ਼ਨ ਨਿਤ ਉਠ ਕਰੇ।।
ਗੁਰਦਵਾਰ ਕਾ ਦਰਸ਼ਨ ਕਰੇ।। ਪਰ ਦਾਰਾ ਕਾ ਤਿਆਗਨ ਕਰੇ।।
ਗੁਰਸਿਖ ਸੇਵ ਕਰੇ ਚਿਤ ਲਾਏ।। ਆਪਾ ਮੰਨ ਕਾ ਸਗਲ ਮਿਟਾਏ।।

ਇਹ ਤਿੰਨ ਸਰੂਪ ਕਲਗੀਧਰ ਨੇ ਆਪਣੇ ਕਥਨ ਕੀਤੇ ਹਨ—

ਸਤਿਗੁਰੂ ਜੀ ਦਾ ਦੂਸਰਾ ਹੁਕਮ ਆਪਣੇ ਦਰਸ਼ਨ ਲਈ।

ਦਰਸ਼ਨ ਖਾਲਸੇ ਦਾ—ਜੋ ਗੁਰੂ ਸਾਹਿਬ ਜੀ ਸਰੀਰ ਰੂਪ ਹੈ।

ਪਰਚਾ ਸ਼ਬਦ ਦਾ—ਜੋ ਗੁਰੂ ਸਾਹਿਬ ਜੀ ਦਾ ਮਨ ਹੈ।

ਪੂਜਾ ਅਕਾਲ ਪੁਰਖ ਦੀ—ਜੋ ਗੁਰੂ ਜੋਤ ਸਰੂਪ ਹੈ।

ਗੁਰੂ ਸਿੱਖਾਂ ਨੇ ਸਤਿਗੁਰੂ ਅਗੇ ਬੇਨਤੀ ਕੀਤੀ, ਕਿ ਕਲਗੀਧਰ ਪਿਤਾ ਜੀਉ ! ਜਿਸ ਸਿੱਖ ਪਰ ਆਪ ਜੀ ਪ੍ਰਸੰਨ ਹੁੰਦੇ ਹੋ ਉਸ ਸਿੱਖ ਨੂੰ ਕਿਸ ਵਸਤੂ ਦੀ ਬਖਸ਼ਿਸ਼ ਕਰ ਦੇਂਦੇ ਹੋ।

ਉੱਤਰ:— ਸਤਿਗੁਰ ਖਾਲਸਾ ਜੀਉ ਜਿਸ ਉੱਪਰ ਮੇਰੀ ਅਤੀ ਪ੍ਰਸੰਨਤਾ ਹੋਵੇ ਉਸ ਸਿੱਖ ਦੇ ਘਰ ਪੰਜ ਸਿੰਘ ਰਹਿਤ ਬਹਿਤ ਵਾਲੇ ਤੇ ਨੇਮੀ ਪ੍ਰੇਮੀ ਭੇਜ ਦੇਂਦੇ ਹਾਂ। ਕਿਉਂਕਿ ਐਸੇ ਪੰਜ ਸਿੰਘ ਮੇਰਾ ਹੀ ਸਰੂਪ ਹਨ। ਜੋ ਵੀ ਸਿੱਖ ਇੱਛਾ ਕਰਦਾ ਹੈ ਸੋ ਮੈਂ ਪੰਜਾਂ ਸਿੰਘਾਂ ਦੁਆਰਾ ਪੂਰੀ ਕਰ ਦਿੰਦਾ ਹਾਂ।

ਯਥਾ: ਪਹੁੰਚ ਮਹਿਨਿਤ ਬਰਤਤ ਮੈਂ ਹੌਂ ਪੰਚ ਮਿਲਹਿ ਸੇ ਪੀਰਨ ਪੀਰ।।

ਤਥਾ: ਅਹੈ ਗੁਰੂ ਖਾਲਸਾ, ਗੁਰੂ ਖਾਲਸਾ ਹੋਇ।। ਗੁਰੂ ਘਰ ਦੀ ਮਰਜਾਦਾ ਪੰਚੋ।।
ਪੰਚਹੁ ਪਹੁਲਸੁ ਪੂਰਬ ਪੀਨ।। ਹੋਇ ਤਨ ਖਾਈਆ ਬਖਸੈ ਪੰਚੋ।।
ਪਹੁਲਦੇਂ ਮਿਲ ਪੰਚ ਪ੍ਰਬੀਨ।। ਲਖੋ ਪੰਚ ਕੀ ਵਡ ਵਡਿਆਈ।।
ਪੰਚੋ ਕਰੈ ਸੋ ਨਿਹਫਲ ਨ ਚੀਨ।। ਭੋਜਨ ਛਾਦਨ ਪੰਚਨ ਅਰਪੈ।।
ਅਰਜ਼ ਕਰੈ ਤਿਨ ਬਾਂਛਤ ਲੀਨ।। ਸਿੰਘ ਰਹਤ ਵੰਤ ਪੰਚ ਜੋ ਮਿਲਹਿ।।
ਮਮ ਸਰੂਪ ਸੋ ਦੇਖੋ ਭਲਹਿ।। ਮਨੋ ਕਾਮਨਾ ਤਿਨ ਤੇ ਪਰਾਪਤ।।
ਸਰਧਾ ਧਰੇ ਚਿਤ ਦੁਖ ਖਾਪਤ।। ਸਿਖ ਪੰਚ ਮੈਂ ਮੇਰੋ ਵਾਸਾ।।
ਪੂਰਨ ਕਰੋ ਧਰੋ ਜੋ ਆਸਾ।।

ਸਿੱਖਾਂ ਨੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਐਸੇ ਰਹਿਤ ਬਹਿਤ ਵਾਲੇ ਪੰਜ ਸਿੰਘ ਜੇ ਨਾ ਮਿਲਣ ਤਾਂ ਫਿਰ ਕੀ ਹੁਕਮ ਹੈ। ***ਗੁਰੂ ਜੀ ਦਾ ਉੱਤਰ:***- ਫਿਰ ਸੰਗਤ ਜੀਉ ਚਾਰ ਸਿੰਘ ਆਪਣੇ ਘਰ ਵਿਚ ਲਜਾ ਕੇ ਸੇਵਾ ਕਰਕੇ ਮਨੋ ਕਾਮਨਾ ਪੂਰਨ ਕਰ ਲਵੋ। ਸੰਗਤ ਕੇ ਸਨਿੰਮਰ ਬੇਨਤੀ ਕੀਤੀ, ਪਤਿਤ ਪਾਵਨ ਜੀਉ ਜੇ ਚਾਰ ਸਿੰਘ ਵੀ ਐਸੇ ਨਾ ਮਿਲਣ ਫਿਰ ਕੀ ਹੁਕਮ ਹੈ। ਫਿਰ ਸਤਿਗੁਰੂ ਜੀ ਨੇ ਕਿਹਾ ਖਾਲਸਾ ਸੰਗਤ ਜੀ ਫਿਰ ਤਿੰਨ ਸਿੱਖ ਲਜਾ ਕੇ ਸੇਵਾ ਕਰਕੇ ਆਪਣੇ ਘਰ ਨੂੰ ਪਵਿੱਤਰ ਕਰਕੇ ਆਪਣੇ ਮੰਨ ਬਾਛਤ ਫਲ ਪ੍ਰਾਪਤ ਕਰ ਲਵੋ। ਸੰਗਤ ਨੇ ਕਿਹਾ ਦਾਤਾਰ ਜੀਉ ਜੇ ਤਿੰਨ ਸਿੱਖ ਵੀ ਐਸੇ ਨਾ ਮਿਲਣ ਤਾਂ ਫਿਰ ਕੀ ਕਰਨਾ ਚਾਹੀਦਾ ਹੈ। ਸਤਿਗੁਰੂ ਜੀ ਮਹਾਨ ਕਿਰਪਾ ਕਰਕੇ ਆਖਿਆ ਕਿ ਹਜ਼ੂਰ ਕਈ ਐਸੀਆਂ ਜਗ੍ਹਾ ਹਨ ਜਿਥੇ ਦੋ ਸਿੰਘ ਵੀ ਨਹੀਂ ਮਿਲ ਸਕਦੇ।

ਫਿਰ ਵੀ ਕੋਈ ਸਾਡੇ ਉਧਾਰ ਹੋਣ ਸਾਧਨ ਹੈ। ਸਤਿਗੁਰੂ ਜੀ ਨੇ ਮਹਾਨ ਪ੍ਰਸੰਨ ਹੋ ਕੇ ਕਿਹਾ, ਕਿ ਖਾਲਸਾ ਜੀ ਫਿਰ ਸ਼ਰਧਾ ਪ੍ਰੇਮ ਸਿਦਕ ਨਾਲ ਇਕ ਸਿੰਘ ਨੂੰ ਹੀ ਘਰ ਲਜਾ ਕੇ ਗੁਰੂ ਸਰੂਪ ਸਮਝ ਕੇ ਸੇਵਾ ਕਰਕੇ ਮਨ ਇਛਤ ਫਲ ਪ੍ਰਾਪਤ ਕਰ ਸਕਦਾ ਹੈ। ਸੰਗਤ ਨੇ ਫਿਰ ਬੜੀ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ ਜੇ ਇਕ ਸਿੰਘ ਵੀ ਐਸਾ ਰਹਿਤ ਬਹਿਤ ਨਾ ਮਿਲੇ। ਕੋਈ ਐਸੀ ਜਗ੍ਹਾ ਹੋਵੇ ਜਿਥੇ ਕੋਈ ਦੂਸਰਾ ਸਿੰਘ ਨਜ਼ਰੀ ਨਾ ਆਵੇ ਫਿਰ ਤੇਰਾ ਸਿੱਖ ਆਪ ਜੀ ਨੂੰ ਪ੍ਰਸੰਨ ਕਰਨ ਹਿਤ ਅਤੇ ਮਨੋਂਕਾਮਨਾ ਲੈਣ ਹਿਤ ਕੀ ਕਰੇ। ਤਾਂ ਕਲਗੀਧਰ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਖਾਲਸਾ ਸੰਗਤ ਜੀ ਫਿਰ ਆਪ ਹੀ ਸਿੰਘ ਰਹਿਤ ਬਹਿਤ ਨੂੰ ਰਖਦਾ ਹੋਇਆ ਅੰਮ੍ਰਿਤ ਵੇਲੇ ਉਠੇ ਪਵਿੱਤਰ ਹੋ ਕੇ ਇਸ਼ਨਾਨ ਕਰੇ। ਫਿਰ ਜਪੁਜੀ ਸਾਹਿਬ ਪੜ੍ਹਕੇ ਸ਼ਬਦ ਸੁਰਤ ਦਾ ਮੇਲ ਕਰਕੇ ਅਭਿਆਸ ਕਰੇ ਫਿਰ ਨਿਤਨੇਮ ਦੀ ਬਾਣੀ ਪ੍ਰੇਮ ਨਾਲ ਪੜ੍ਹੇ ਉਸ ਤੋਂ ਉਪਰੰਤ ਜੋ ਇੱਛਾ ਹੋਵੇ ਅਰਦਾਸ ਕਰੇ। ਸੋ ਵੀ

ਮੈਂ ਉਸ ਸਿੱਖ ਦੀ ਅਭਿਲਾਖਾ ਪੂਰੀ ਕਰ ਦੇਂਦਾ ਹਾਂ। ਜੋ ਉਸ ਸਿੱਖ ਨੇ ਮੇਰੇ ਦਰਸ਼ਨ ਕਰਨੇ ਹੋਣ ਤਾਂ ਆਪਣਾ ਚਿਹਰਾ ਹੀ ਸ਼ੀਸ਼ੇ ਵਿਚ ਤਕ ਲਵੇ। ਸੋ ਵੀ ਮੇਰਾ ਹੀ ਦਰਸ਼ਨ ਹੈ।

ਸ: ਸਾਨੀ ਜੀ ਦਾ ਪ੍ਰਸ਼ਨ: ਮਹਾਰਾਜ ਜੀਉ ਜੋ ਆਪ ਜੀ ਨੇ ਸਤਿ ਚਿੱਤ ਅਨੰਦ ਸਰੂਪ ਤਿੰਨਾਂ ਗੁਣਾਂ ਤੋਂ ਪਰੇ ਜੋ ਕਲਗੀਧਰ ਜੀ ਦਾ ਸਰੂਪ ਕਿਹਾ ਹੈ। ਉਸ ਦੀ ਪ੍ਰਾਪਤੀ ਕੈਸੇ ਹੁੰਦੀ ਹੈ। ***ਸੰਤ ਮਹਾਰਾਜ ਜੀ ਦਾ ਉੱਤਰ:*** ਹੇ ਸਾਨੀ ਜੀ ਗੁਰੂ ਕੇ ਸ਼ਬਦ ਵਿਚ ਦ੍ਰਿੜ੍ਹ ਵਿਸ਼ਵਾਸ ਧਾਰ ਕੇ ਜਿਸ ਤਰ੍ਹਾਂ ਜੁਗਤੀ ਮਰਯਾਦਾ ਅਨੁਸਾਰ ਗੁਰੂ ਦੱਸੇ ਉਸ ਢੰਗ ਨਾਲ ਅਭਿਆਸ ਕਰੇ। ਅਭਿਆਸ ਕਰਦਿਆਂ ਕਰਦਿਆਂ ਸਤਿ ਚਿੱਤ ਅਨੰਦ ਵਾਲੀ ਅਵਸਥਾ ਆ ਜਾਂਦੀ ਹੈ।

ਪ੍ਰਸ਼ਨ ਸਾਹਨੀ ਦਾ: ਗਰੀਬ-ਨਿਵਾਜ਼ ਜੀਉ ਉਹ ਕਿਹੜੀ ਜੁਗਤੀ ਮਰਯਾਦਾ ਹੈ ਜਿਸ ਦਾ ਅਭਿਆਸ ਕਰਨੇ ਤੋਂ ਉਹ ਅਵਸਥਾ ਪ੍ਰਾਪਤ ਹੋ ਜਾਵੇ।

ਸੰਤਾਂ ਦਾ ਉੱਤਰ: ਪਹਿਲਾਂ ਬੈਖਰੀ ਬਾਣੀ ਦੁਆਰਾ ਤ੍ਰਿਕੁਟੀ ਵਿਚ ਧਿਆਨ ਰਖਕੇ ਇਤਨਾ ਜ਼ਬਰਦਸਤ ਅਭਿਆਸ ਕਰੇ ਕਿ ਬੈਖਰੀ ਬਾਣੀ ਥਕ ਕੇ ਰਹਿ ਜਾਵੇ। ਆਪਣੇ ਆਪ ਕੰਠ ਵਿਚ ਮੱਧਮਾ ਬਾਣੀ ਦੁਆਰਾ ਜਾਪ ਸ਼ੁਰੂ ਹੋ ਜਾਵੇ। ਫਿਰ ਮੱਧਮਾ ਬਾਣੀ ਦਾ ਇਤਨਾ ਪਰਬਲ ਜਾਪ ਕਰੇ ਕਿ ਮੱਧਮਾ ਬਾਣੀ ਵੀ ਰਹਿ ਜਾਵੇ। ਆਪਣੇ ਆਪ ਪਸੰਤੀ ਬਾਣੀ ਹਿਰਦੇ ਦੇ ਜਾਪ ਨੂੰ ਵੀ ਛਡ ਕੇ ਪਰਾ ਬਾਣੀ ਵਿਚ ਜੋ ਕਿ ਨਾਭੀ ਦੀ ਬਾਣੀ ਹੈ ਉਸ ਵਿਚ ਜਾਪ ਚਲਿਆ ਜਾਂਦਾ ਹੈ। ਨਾਭੀ ਵਿਚ ਜੋ ਕੁੰਡਲਨੀ ਹੈ। ਉਸ ਗੁਰੂ ਕਾ ਸ਼ਬਦ ਸੁਲਝਾ ਦੇਂਦਾ ਹੈ। ਇਸ ਜਾਪ ਸਹਿਤ ਜੋ ਤ੍ਰਿਕੁਟੀ ਦਾ ਧਿਆਨ ਹੈ। ਜਿਸ ਤ੍ਰਿਕੁਟੀ ਨੂੰ ਮਹਾਂਪੁਰਸ਼ਾਂ ਨੇ ਭਰਵੱਟਿਆਂ ਦੇ ਵਿਚ ਜੋ ਅਸਥਾਨ ਹੈ ਉਸਨੂੰ ਮੰਨਿਆ ਹੈ। ਇਸ ਜਾਪ ਦੇ ਧਿਆਨ ਦੁਆਰਾ ਤ੍ਰਿਕੁਟੀ ਦਾ ਦਰਵਾਜ਼ਾ ਖੁੱਲ੍ਹ ਜਾਣਾ ਮੰਨਿਆ ਹੈ। ਇਸ ਢੰਗ ਨਾਲ ਅਵਸਥਾ ਬਣੀ ਹੋਈ ਤੇ ਸਮਾਧੀ ਲੱਗੀ ਹੋਈ ਕਦੇ ਟੁਟਦੀ ਨਹੀਂ।

ਦੂਸਰਾ ਢੰਗ: ਵਾਹਿਗੁਰੂ ਮੰਤਰ ਜੀ ੧ਓ ਦਾ ਸ੍ਵਾਸਾਂ ਨਾਲ ਸਿਮਰਨ ਕਰਨਾ ਮੰਨਿਆ ਹੈ। ਇਸਦੀ ਜੁਗਤੀ ਧਿਆਨ ਤ੍ਰਿਕੁਟੀ ਵਿਚ ਰੱਖਣਾ ਹੈ। ਜਦੋਂ ਸ੍ਵਾਸ ਨੀਚੇ ਨੂੰ ਜਾਵੇ ਤਾਂ ਵਾਹੇ ਸ਼ਬਦ ਨੂੰ ਉਸ ਸ੍ਵਾਸ ਨਾਲ ਮਿਲਾ ਕੇ ਹਿਰਦੇ ਵਿਚਦੀ ਸ੍ਵਾਸ ਨਾਭੀ ਤਕ ਲਜਾਣਾ ਕਰੋ। ਫਿਰ ਗੁ ਸ਼ਬਦ ਨੂੰ ਹਿਰਦੇ ਵਿਚੋਂ ਚੁੱਕ ਕੇ ਰੂ ਸ਼ਬਦ ਨੂੰ ਤ੍ਰਿਕੁਟੀ ਰਾਹੀਂ ਦਸਮੇਂ ਦੁਆਰ ਵਿਚ ਮਾਰਨਾ। ਇਸ ਢੰਗ ਨਾਲ ਵੀ ਤ੍ਰਿਕੁਟੀ ਖੁੱਲ੍ਹ ਜਾਂਦੀ ਹੈ। ਇਸ ਤਰ੍ਹਾਂ ਹੀ ੧ਓ ਦਾ ਜਾਪ ਵੀ ਕਰ ਲਵੇ ਤਾਂ ਵੀ ਤ੍ਰਿਕੁਟੀ ਖੁੱਲ੍ਹ ਜਾਂਦੀ ਹੈ ਅਤੇ ਕਠਨ ਜੋਗ ਨਾਲ ਵੀ ਦਸਮ ਦੁਆਰ ਵਿਚ ਚਲਿਆ ਜਾਂਦਾ ਹੈ। ਪਰ ਕਠਨ ਯੋਗ ਕਲਜੁਗ ਦਾ ਸਾਧਨ ਨਹੀਂ। ਸੋ ਕਠਨ ਜੋ ਪਿਛਲੇ ਪ੍ਰਸੰਗ ਵਿਚ ਕਹਿ ਆਏ ਹਾਂ।

ਪ੍ਰਸ਼ਨ ਸ੍ ਸਾਨੀ: ਤ੍ਰਿਕੁਟੀ ਖੁੱਲ੍ਹਣ ਉਪਰੰਤ ਕੁਝ ਪ੍ਰਕਾਸ਼ ਮਾਲੂੰਮ ਕਰਦਾ ਹੈ। ਪਹਿਲਾਂ ਕੁਝ ਲਾਲ ਰੰਗ ਦਾ ਫਿਰ ਕੁਝ ਸਫੈਦ ਰੰਗ ਦਾ। ਉਸ ਤੋਂ ਉਪਰੰਤ ਐਸਾ ਪ੍ਰਕਾਸ਼ ਨਿਸ਼ਚੇ ਕਰਦਾ ਹੈ ਜਿਸ ਪ੍ਰਕਾਸ਼ ਦੇ ਸਾਹਮਣੇ ਅਨੇਕਾਂ ਸੂਰਜ ਤੇ ਚੰਦਰਮਾਂ ਦਾ ਪ੍ਰਕਾਸ਼ ਵੀ ਮਧਮ ਹੁੰਦਾ ਹੈ। ਸੋ ਉਹ ਪ੍ਰਕਾਸ਼ ਸੂਰਜ ਦੇ ਪ੍ਰਕਾਸ਼ ਵਾਂਗ ਤੀਛਨ ਨਹੀਂ ਹੁੰਦਾ। ਉਹ ਤਾਂ ਮਿੱਠਾ-ਮਿੱਠਾ ਅੰਮ੍ਰਿਤਮਈ ਹੁੰਦਾ ਹੈ। ਇਸ ਤੋਂ ਉਪਰੰਤ ਦਸਮ ਦੁਆਰ ਦੇ ਮਿੱਠੇ-ਮਿੱਠੇ ਵਾਜੇ ਸੁਣਾਈ ਦਿੰਦੇ ਹਨ। ਜਿਨ੍ਹਾਂ ਨੂੰ ਪੰਜ ਸ਼ਬਦ ਤਾਂਤੀ ਵਿਚ ਚਮਕਾ ਘਨਕਾਂਸੀ ਕੋ ਜਾਨ ਆਦਿ ਦੀ ਅਵਾਜ਼। ਸੁਖਰ ਸਵਾਸਾਂ ਨਾਲ ਵਜਣ ਵਾਲੇ ਬੀਨ ਬੰਸਰੀ ਆਦਿ ਦੀ ਆਵਾਜ਼ ਪੰਜ ਪ੍ਰਕਾਰ ਦੇ ਮੰਨੇ ਹਨ। ਪਰ ਜੋਗੀ ਜਨ ਅਤੇ ਕਈ ਮਹਾਂਪੁਰਸ਼ਾਂ ਤਿੰਨਾਂ ਵਾਜਿਆਂ ਨੂੰ ਦਸ ਪ੍ਰਕਾਰ ਦਾ ਵੀ ਮੰਨਦੇ ਹਨ।

ਯਥਾ:— ਪ੍ਰਿਥਮੇ ਪਵਰ ਗੁੰਜਾਰ ਸੰਖ ਧੁਨ ਦੁਤੀ ਕਹਿਜੈ।। ਤ੍ਰਿਤੀ ਬਜੈ ਮਿਰਦੰਗ ਚਤੁਰਥ ਤਾਲ ਸੁਨਿਜੈ।।
ਪੰਚਮ ਘੰਟਾ ਨਾਦ ਖਸ਼ਟ ਬੀਨਾ ਧੁਨਿ ਹੋਈ।। ਸਪਤਮ ਬਾਜੈ ਭੇਰਿ ਅਸ੍ਰਮੰ ਦੁੰਦਭਿ ਸੋਈ।।
ਨਵਮੈ ਗੁਰਜ ਸਮੁੰਦ੍ ਕੀ ਦਸਮ ਮੇਘ ਘੋਖਹਿ ਗੁਨੈ।। ਸੁੰਦ੍ ਅਨਹਦ ਸਬਦ ਕੋ ਦਸ ਪ੍ਰਕਾਰ ਜੋਗੀ ਸੁਨੈ।।

ਪੰਜ ਸ਼ਬਦ ਅਨਾਹਦ ਵੀ ਇਨ੍ਹਾਂ ਦੇ ਅੰਤਰਗਤਿ ਹੈਨ।

ਨਾਦ ਸ਼ਬਦ ਦੀ ਵਿਚਾਰ: ਨਾਦ ਦਾ ਅਰਥ ਧੁਨੀ ਹੈ। ਅਵਾਜ਼ ਸ਼ਬਦ ਆਦਿ ਹਨ। ਨਾਦ ਦੋ ਤਰ੍ਹਾਂ ਦਾ ਹੁੰਦਾ ਹੈ।

(੧) ਆਹਤ (੨) ਅਨਾਹਤ।

(੧) ਆਹਤ: ਜੋ ਕਿਸੇ ਮੇਲ ਜਾਂ ਚੋਟ ਆਦਿ ਤੋਂ ਪੈਦਾ ਹੋਣ ਅਗੇ ਆਹਤ ਸ਼ਬਦ ਤਿੰਨ ਤਰ੍ਹਾਂ ਦਾ ਹੈ। (੧) ਪ੍ਰਾਣੀ ਭਾਵ (੨) ਆਪ੍ਰਾਣੀਭਵ (੩) ਉਭੇ ਸੰਭਵ ਜੈਸੇ ਕਿ (੧) ਗਲੇ ਦੀ ਆਵਾਜ਼ (੨) ਅਪ੍ਰਾਣ ਭਵ ਸਾਜ਼ਾਂ ਦੀ ਆਵਾਜ਼ (੩) ਉਭੇ ਸੰਭਵ ਫੂਕ ਮਾਰਨ ਵਾਲੇ ਸਾਜ਼ਾਂ ਦੀ ਆਵਾਜ਼ ਪੁਨਾ।

(੨) ਅਨਾਹਤ: ਉਹ ਸ਼ਬਦ ਹਨ, ਜਿਨ੍ਹਾਂ ਨੂੰ ਗੁਰਬਾਣੀ ਦੁਆਰਾ ਦਰਸਾਇਆ ਗਿਆ ਹੈ। ਯਥਾ:

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ।।

ਇਹ ਗੁਰੂ ਦੇ ਸ਼ਬਦ ਦਾ ਅਭਿਆਸ ਕਰਨ ਤੋਂ ਇਕਾਗਰਤਾ ਦਾ ਸੁਤੇ ਪ੍ਰਕਾਸ਼ ਜਾ ਅਨਭਵੀ ਸ਼ਬਦ ਹੈ। ਜੋ ਨਾਮ ਅਭਿਆਸ ਦੀ ਮਹਾਨਤਾ ਤੋਂ ਪੈਦਾ ਹੁੰਦਾ ਹੈ। ਇਹ ਅਨੁਭਵ ਕਰਦਾ ਹੈ। ਸੁਧੋਹੰ ਬੁਧਹੰ ਨਿਰਬਕਾਰੋਹੰ ਆਦਿ ਪਰੰਤੂ ਇਹ ਉਹ ਨਾਦ ਨਹੀਂ ਜੋ ਜੋਗੀ ਜਾਂ ਰਾਧਾ ਸ੍ਵਾਮੀ ਮੱਤ ਵਾਲੇ ਆਖਦੇ ਹਨ ਭਾਲਦੇ ਹਨ। ਇਨ੍ਹਾਂ ਬਾਬਤ ਤਾਂ ਗੁਰੂ ਸਾਹਿਬ ਜੀ ਲਿਖਦੇ ਹਨ।

ਤਥਾ— ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।। ਜੂਠਨ ਨਾਦੀ ਜੂਠ ਨ ਵੇਦੀ।।

ਇਨ੍ਹਾਂ ਨਾਦਾਂ ਦੇ ਸੁਣਨੇ ਕਰਕੇ ਤੇ ਬੇਦ ਆਦਿਕ ਪੜ੍ਹਨੇ ਕਰਕੇ ਵਿਸ਼ੇ ਵਕਾਰਾਂ ਦੀ ਜੂਝ ਨਹੀਂ ਜਾਂਦੀ। ਦੋਵੇਂ ਮੱਤ ਫੋਕਟ ਧਰਮੀ ਹਨ।

ਗੁਰੂ ਮਤ: ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ।।
ਪੁਨਾ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ।। *(ਸਿਰੀਰਾਗੁ ਮਹਲਾ: ੨)*

ਤਥਾ: ਨਾਦ ਬੇਦ ਸਭ ਗੁਰਬਾਣੀ।।

ਇਹ ਜੋ ਜੋਗੀ ਮੱਤ ਦੇ ਅਤੇ ਰਾਧਾ ਸ੍ਵਾਮੀ ਮੱਤ ਦੇ ਸ਼ਬਦ ਸੁਨਣੇ ਹਨ ਇਹ ਤਿੰਨ ਗੁਣਾਂ ਵਿਚ ਹਨ ਤਿੰਨ ਗੁਣ ਨਾਸ਼ ਰੂਪ ਹਨ।

ਯਥਾ: ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ।। *(ਪੰਨਾ ੮੫੨)*
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ।।
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ।। *(ਸਾਰਗ ਮਹਲਾ ੫, ਪੰਨਾ ੧੨੦੪)*

ਸ੍: ਸਾਨੀ ਦਾ ਪ੍ਰਸ਼ਨ: ਸੰਤ ਮਹਾਰਾਜ ਜੀਉ ਜੋਗੀ ਜਨ ਦਸ ਅਨਾਹਦ ਸ਼ਬਦ ਕੈਸੇ ਸੁਣਦੇ ਹਨ। ਜੋ ਆਪ ਜੀ ਸੁੰਦਰ ਜੀ ਦੁਆਰਾ ਕਥਨ ਕੀਤਾ ਹੈ।

ਸੰਤਾਂ ਦਾ ਉੱਤਰ: ਸੰਤ ਮਹਾਰਾਜ ਇਸ ਪ੍ਰਸ਼ਨ ਨੂੰ ਇਸ ਲਈ ਹੱਲ ਕਰਦੇ ਹਨ। ਕਿਉਂਕਿ ਸੰਤਾਂ ਨੇ ਪੂਰਨ ਹੱਠ ਜੋਗ ਜੋਗੀਆਂ ਵਾਲਾ ਤਕਰੀਬਨ ਚਾਰ ਸਾਲ ਕੀਤਾ ਸੀ। ਇਸ ਵਾਸਤੇ ਸੰਤਾਂ ਦੁਆਰਾ ਇਹ ਨਿਰਨਾ ਵੀ ਸੁਣੋ। ਜੋਗੀ ਜਨਾਂ ਨੂੰ ਅਨਾਹਦ ਸ਼ਬਦ ਉਸ ਸਮੇਂ ਹੁੰਦਾ ਹੈ ਜਦੋਂ ਜੋਗੀ ਪ੍ਰਾਣਾਯਾਮ ਦ੍ਵਾਰਾ ਜੋਗੀ ਪ੍ਰਾਣ ਰੋਕਦੇ ਰੋਕਦੇ ਅਨਾਹਦ ਚੱਕ੍ ਤਕ ਪੁੱਜ ਜਾਂਦੇ ਹਨ। ਉਥੇ ਹੁੰਦੇ ਹੋਏ ਬ੍ਰਹਮ ਗ੍ਰੰਥੀ ਚੀਰ ਅਗਾਂਹ ਤੁਰਦੇ ਹਨ। ਤਦ ਨਾਦ ਦਾ ਆਰੰਭ ਹੁੰਦਾ ਹੈ। ਇਹ ਪਹਿਲਾ ਦਰਜਾ ਹੈ।

ਇਥੇ ਰਹਿਣਿਆਂ ਦੀ ਮਿੱਠੀ ਛਣਕਾਰ ਸੁਣਾਈ ਦਿੰਦੀ ਹੈ। ਜਦੋਂ ਜੋਗੀ ਵਿਸੁਧੀ ਚੱਕ੍ ਵਿਚ ਪੁੱਜ ਕੇ ਵਿਸ਼ਨ ਗ੍ਰੰਥੀ ਨੂੰ ਚੀਰ ਕੇ ਅਤੀ ਸੂਨ (ਸੰਘ ਵਿਚਲੇ ਪੁਲਾੜ) ਵਿਚ ਜਾਂਦਾ ਹੈ ਤਾਂ ਦੂਜਾ ਦਰਜਾ ਹਾਸਲ ਹੁੰਦਾ ਹੈ। ਇਹ ਅਸਥਾਨ ਮਾਇਆ ਰਹਿਤ ਹੈ। ਇਥੇ ਪੁਜ ਕੇ ਆਤਮਾ ਮਾਇਆ ਅਤੀਤ ਹੋ ਜਾਂਦਾ ਹੈ ਅਤੇ ਇਥੇ ਭੇਰੀ ਦੀ ਆਵਾਜ਼ ਸੁਣਾਈ ਦੇਂਦੀ ਹੈ। ਜਦੋਂ ਭਰਵਟਿਆਂ ਦੇ ਵਿਚਕਾਰ ਪੁੱਜਦਾ ਹੈ ਤਾਂ ਤੀਜਾ ਦਰਜਾ ਪ੍ਰਾਪਤ ਹੁੰਦਾ ਹੈ। ਇਥੇ ਢੋਲ ਦੀ ਆਵਾਜ਼ ਸੁਣਾਈ ਦਿੰਦੀ ਹੈ। ਜਦੋਂ ਪ੍ਰਾਣ ਆਗਿਆ ਚੱਕ੍ ਵਿਚ ਦੀ ਰੁਦ੍ ਗ੍ਰੰਥੀ ਨੂੰ ਚੀਰ ਕੇ ਅਗਾਂਹ ਦੇ ਅਸਥਾਨ

ਵਿਚ ਪੁਜਦੇ ਹਨ ਤਾਂ ਚੌਥਾ ਦਰਜਾ ਆ ਜਾਂਦਾ ਹੈ। ਏਥੇ ਵੀਣਾ ਦੀ ਆਵਾਜ਼ ਸੁਣਾਈ ਦਿੰਦੀ ਹੈ। ਅਸਲ ਗੱਲ ਇਹ ਹੈ ਕਿ ਨਾਦ ਕੇਵਲ ਮਨ ਰੂਪੀ ਹਰਨ ਨੂੰ ਪਕੜਨ ਵਾਸਤੇ ਹੈ ਨਹੀਂ ਤਾਂ ਜੋ ਕੁਝ ਵੀ ਆਵਾਜ਼ ਦੀ ਸ਼ਕਲ ਵਿਚ ਸੁਣਾਈ ਦਿੰਦਾ ਹੈ ਉਹ ਸਭ ਮਾਇਆ ਦਾ ਹੀ ਸਰੂਪ ਹੈ। ਗੁਰਮਤਿ ਵਿਚ ਜੋ ਪਿੱਛੇ ਕਹਿ ਆਏ ਹਾਂ ਕਿ ਨਾਮ ਦੀ ਮਸਤੀ ਦੇਹ ਅਧਿਆਸ ਨੂੰ ਤਿਆਗ ਕੇ ਅਤੇ ਸੂਖਮ ਸਰੀਰ ਦੇ ਸਘਟਨ ਦਾ ਅੰਤ ਭਾਵ ਤਿਆਗਨ ਕਰਕੇ ਅਤੇ ਕਾਰਨ ਸਰੀਰ ਦਾ ਅਨੰਦ ਲੰਘ ਕੇ ਭਾਵ ਜਾਗ੍ਰਤ ਸੁਪਨ ਸਖੋਪਤੀ ਦੀ ਅਵਸਥਾ ਨੂੰ ਲੰਘ ਕੇ ਤੁਰੀਯਾ ਅਵਸਥਾ ਵਿਚ ਮਸਤੀ ਦਾ ਅਨੰਦ ਮਾਨਣਾ ਹੀ ਗੁਰਮਤਿ ਹੈ। ਨਾਮ ਦਾ ਐਸਾ ਸਿਮਰਨ ਬਣ ਜਾਵੇ ਜੈਸਾ ਕਿ ਭਾਈ ਗੁਰਦਾਸ ਜੀ ਅਪਣੀ ਬਾਣੀ ਦੁਆਰਾ ਉਦਾਹਰਣ ਦੇ ਕੇ ਸਮਝਾਇਆ। ਯਥਾ:

ਕਛੂ ਅੰਡਾ ਸੇਵਦਾ ਜਲ ਬਾਹਰਿ ਧਰਿ ਧਿਆਨੁ ਧਰੰਦਾ।। ਕੂੰਜ ਕਰੇਂਦੀ ਸਿਮਰਣੋ ਪੂਰਣ ਬਚਾ ਹੋਇ ਉਡੰਦਾ।।

ਐਸੇ ਸਿਮਰਨ ਦੀ ਮਸਤੀ ਸਾਰੇ ਅਮਲਾਂ ਨਾਲੋਂ ਗ੍ਹਾੜੀ ਮਸਤੀ ਅਤੇ ਅਠੋ ਪਹਿਰ ਵਿਚ ਮਸਤੀ ਚੜ੍ਹੀ ਰਹਿੰਦੀ ਹੈ। ਇਸ ਅਵਸਥਾ ਵਿਚ ਵਿਸ਼ੇ ਅਨੰਦ ਕਦੇ ਫੁਰਦਾ ਹੀ ਨਹੀਂ ਇਹ ਨਾਮ ਖੁਮਾਰੀ ਮਸਤੀ ਆਉਂਦੀ ਤਦ ਹੈ ਜਦੋਂ ਸੰਸਾਰੀ ਰਸ ਖਤਮ ਹੋ ਜਾਂਦੇ ਹਨ।

ਯਥਾ:— ਰਾਰਾ ਰਸੁ ਨਿਰਸ ਕਰਿ ਜਾਨਿਆ।। ਹੋਇ ਨਿਰਸ ਸੁ ਰਸੁ ਪਹਿਚਾਨਿਆ।।
ਇਹ ਰਸ ਛਾਡੇ ਉਹ ਰਸੁ ਆਵਾ।। ਉਹ ਰਸੁ ਪੀਆ ਇਹ ਰਸੁ ਨਹੀ ਭਾਵਾ।। (ਪੰਨਾ ੩੪੨)

ਇਸ ਨਾਮ ਦੇ ਰਸ ਦੀ ਮਸਤੀ ਅੰਦਰ ਤਿੰਨਾਂ ਲੋਕਾਂ ਦਾ ਹੀ ਰਸ ਹੇਚ ਹੈ। ਭਾਵ ਖਤਮ ਹੋ ਜਾਂਦੇ ਹਨ।

ਯਥਾ:— ਮਧਰਾ ਭੰਗ ਅਫੀਮ ਉੱਤਰ ਜਾਇ ਪ੍ਰਭਾਤ। ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ।

ਜੈਸੇ ਭਾਈ ਰਾਮ ਕੁਇਰ ਸਾਹਿਬ ਜੀ ਦੀ ਅਵਸਥਾ ਸੀ। ਜੈਸੇ ਕਿ ਸੰਤ ਬਧੌਸ਼ੀ ਵਾਲੇ ਬੀਰਮ ਦਾਸ ਜੀ ਸਨ ਜੈਸੇ ਕਿ ਪਸ਼ੌਰ ਵਾਲੇ ਬਾਬਾ ਕਾਨ੍ਹ ਜੀ ਸਨ। ਜੈਸੇ ਕਿ ਬਾਬਾ ਬੂਟਾ ਰਾਮ ਜੀ ਟਾਂਡੇ ਵਾਲੇ ਸਨ। ਇਹ ਅਵਸਥਾ ਸਤਿਗੁਰੂ ਸਰੂਪ ਜੀ ਦੀ ਹੈ।

ਇਨ੍ਹਾਂ ਲੋਕਾਂ ਦੀ ਦ੍ਰਿਸ਼ਟੀ:— ਜਿਤ ਵਲ ਦੇਖਾਂ ਤਿਤ ਵਲ ਸਾਹੀ।। ਜਿਉਂ ਹਰਫਾਂ ਦੇ ਅੰਦਰ ਸਾਹੀ।।
ਜਿਤ ਵਲ ਦੇਖਾਂ ਤਿਤ ਵਲ ਤੂੰ।। ਜਿਓਂ ਬਸਤ੍ਰ ਮੈਂ ਇਕੋ ਤੂੰ।।
ਤਥਾ— ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ।। (ਪੰਨਾ ੧੩੫੦)

ਸਾਨੀ ਜੀ ਨੇ ਸਭ ਕੁਝ ਸੁਣ ਕੇ ਸਨਿੰਮਰ ਬੇਨਤੀ ਕੀਤੀ ਕਿ ਮਹਾਰਾਜ ਆਪ ਜੀ ਬਹੁਤ ਗਰੀਬ-ਨਿਵਾਜ਼ੀ ਕੀਤੀ ਹੈ। ਇਹ ਸਾਰੇ ਨਿਰਨੇ ਆਪ ਜੀ ਨੇ ਖੋਲ੍ਹ ਕੇ ਸੁਣਾਏ ਹਨ। ਪਰ ਇਕ ਤੀਬਰ ਇੱਛਾ ਦਾਸ ਦੇ ਚਿੱਤ ਵਿਚ ਹੈ ਕਿ ਪ੍ਰਤੱਖ ਗੁਰੂ ਗੋਬਿੰਦ ਸਿੰਘ ਜੀ ਦਾ ਦਰਸ਼ਨ ਕਰਾਂ। ਸੰਤ ਮਹਾਰਾਜ ਨੇ ਕਿਹਾ ਸਾਨੀ ਜੀ ਜਦੋਂ ਸਤਿਗੁਰੂ ਜੀ ਦਾ ਤੈਨੂੰ ਦਰਸ਼ਨ ਹੋਇਆ ਤਾਂ ਆਪ ਜੀ ਨੇ ਪਛਾਣ ਨਹੀਂ ਸਕਣਾ। ਨਾ ਹੀ ਤੂੰ ਕਦਰ ਕਰਨੀ ਹੈ। ਅੱਛਾ ਚੰਗਾ ਕਿਸੇ ਦਿਨ ਕਲਗੀਧਰ ਇਹ ਇੱਛਾ ਵੀ ਤੇਰੀ ਪੂਰੀ ਕਰ ਦੇਣਗੇ।

ਹੁਣ ਸ਼ਾਮ ਹੋ ਗਈ ਸੰਤ ਮਹਿੰਦਰ ਸਿੰਘ ਜੀ ਨੇ ਰਹਰਾਸਿ ਦਾ ਪਾਠ ਬਹੁਤ ਪ੍ਰੇਮ ਸਹਿਤ ਸੁਣਾਇਆ ਅਤੇ ਰਹਰਾਸਿ ਤੋਂ ਉਪਰੰਤ ਆਰਤੀ ਦਾ ਕੀਰਤਨ ਕੀਤਾ ਫਿਰ ਇਕ ਸ਼ਬਦ ਦੀ ਵਿਆਖਿਆ ਕਰਕੇ ਦੀਵਾਨ ਦੀ ਸਮਾਪਤੀ ਦਾ ਅਰਦਾਸਾ ਕਰਕੇ ਸਾਰਿਆਂ ਨੇ ਨਮਸ਼ਕਾਰਾਂ ਕੀਤੀਆਂ। ਸੰਤਾਂ ਦੀ ਆਗਿਆ ਪ੍ਰਾਪਤ ਕਰਕੇ ਸੰਗਤਾਂ ਆਪੋ ਆਪਣੇ ਘਰਾਂ ਵਿਚ ਚਲੀਆਂ ਗਈਆਂ। ਸੰਤ ਮਹਾਰਾਜ ਸਮੇਤ ਸਾਰੇ ਸਾਧੂਆਂ ਨੇ ਪ੍ਰਸ਼ਾਦ ਪਾਣੀ ਛੱਕਿਆ। ਆਪੋ ਆਪਣੇ ਆਸਣਾਂ ਪਰ ਬਿਰਾਜ ਗਏ। ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਤੋਂ ਜਾਗ ਕੇ ਸਾਰੀ ਸੰਗਤ ਨੇ ਸੌਚ ਇਸ਼ਨਾਨ ਕੀਤੇ। ਆਪੋ ਆਪਣੇ ਨਿਤਨੇਮਾਂ ਵਿਚ ਤੇ ਸਿਮਰਨ ਵਿਚ ਜੁੜ ਗਏ। ਸੰਤ ਮਹਾਰਾਜ ਆਪਣੇ ਸਤਿ ਚਿੱਤ ਅਨੰਦ ਸ੍ਵੈ-ਆਤਮਾ ਦੀ ਸਮਾਧੀ ਵਿਚ ਜੁੜ ਗਏ। ਸੂਰਜ ਨਿਕਲਣ ਤੋਂ ਸੰਤਾਂ ਦੀ ਸਮਾਧੀ ਖੁੱਲ੍ਹੀ ਅਤੇ ਜਲ ਪਾਣੀ

ਛਕ ਕੇ ਪਹਾੜ ਦੀ ਸੈਰ ਕਰਨ ਚਲੇ ਗਏ। ਫਿਰ ਤਿੰਨ ਚਾਰ ਘੰਟੇ ਸੈਰ ਕਰਕੇ ਆਪਣੇ ਆਸਣ ਪਰ ਆ ਬਿਰਾਜੇ ਫਿਰ ਦੁਪਹਿਰ ਦਾ ਭੋਜਨ ਛਕਿਆ ਫਿਰ ਅਰਾਮ ਕੀਤਾ ਅਤੇ ਸ਼ਾਮਾਂ ਦੇ ਵੇਲੇ ਫਿਰ ਸੰਗਤ ਜੁੜ ਗਈ।

ਫਿਰ ਸਤਿਸੰਗ ਸ਼ੁਰੂ ਹੋ ਗਿਆ। ਏਸੇ ਤਰ੍ਹਾਂ ਤਕਰੀਬਨ ਜਦੋਂ ਇਕ ਹਫਤਾ ਹੋਇਆ ਤਾਂ ਦੁਪਹਿਰ ਦੇ ਸਮੇਂ ਜਦੋਂ ਕਿ ਸਰਦਾਰ ਸਾਨੀ ਦੀ ਦੁਪਹਿਰ ਦਾ ਪ੍ਰਸ਼ਾਦਾ ਛਕਣ ਵਾਸਤੇ ਆਪਣੇ ਪਰਿਵਾਰ ਸਮੇਤ ਆਪਣੇ ਮੇਜ ਪਰ ਬੈਠੇ ਹੀ ਸਨ ਖਾਣਾ ਸ਼ੁਰੂ ਨਹੀਂ ਸੀ ਕੀਤਾ ਕੀ ਤੱਕਦੇ ਹਨ, ਕਿ ਇਕ ਨਿਹੰਗ ਸਿੰਘ ਸਾਹਿਬ ਜੀ ਚੜ੍ਹਦੀ ਜਵਾਨੀ ਤਕਰੀਬਨ ਪੰਚੀ ਕੁ ਸਾਲ ਦੀ ਉਮਰਾ ਵਿਚ ਸਰਦਾਰ ਦੀ ਕੋਠੀ ਵਿਚ ਭਰਵੀਂ ਆਵਾਜ਼ ਨਾਲ ਜੈਕਾਰੇ ਛੱਡਦੇ ਆ ਵੜੇ। ਜਦੋਂ ਸਰਦਾਰ ਜੀ ਤੇ ਸਰਦਾਰਨੀ ਸਾਹਿਬ ਨੇ ਆਪਣੇ ਪਰਿਵਾਰ ਸਮੇਤ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਤਾਂ ਮਹਾਨ ਹੈਰਾਨ ਹੋ ਗਏ ਅਤੇ ਸਿੰਘ ਸਾਹਿਬ ਜੀ ਦੀ ਜਵਾਨੀ ਵਲ ਅਤੇ ਸੁੰਦਰਤਾ ਵਲ ਅਤੇ ਸੀਸ ਉੱਪਰ ਜੋ ਸਿੰਘ ਸਾਹਿਬ ਨੇ ਰੁਮਾਲਾ ਸਜਾਇਆ ਹੋਇਆ ਹੈ ਅਤੇ ਦਸਤਾਰ ਉੱਪਰ ਜੋ ਚੰਦ ਤੋੜੇ ਤੇ ਚਕ੍ਰ ਸਜੇ ਹੋਏ ਹਨ। ਗਲੇ ਵਿਚ ਸ੍ਰੀ ਸਾਹਿਬ ਤੇ ਕਮਰਕਸੇ ਵਿਚ ਹੋਰ ਸ਼ਸ਼ਤਰ ਸਜੇ ਹੋਏ ਹਨ। ਚਰਨਾਂ ਵਿਚ ਮਹਾਨ ਸੁੰਦਰ ਬੂਟ ਅਤੇ ਗੋਡਿਆਂ ਤਕ ਪੱਟੀਆਂ ਸਜੀਆਂ ਹੋਈਆਂ ਹਨ। ਇਸ ਪਰਿਵਾਰ ਨੇ ਐਸੇ ਭੇਸ ਵਾਲਾ ਸਿੰਘ ਸਾਹਿਬ ਅਜ ਪਹਿਲੀ ਵਾਰ ਹੀ ਤਕਿਆ। ਇਨ੍ਹਾਂ ਦੇ ਬੱਚੇ ਤਾਂ ਭੈ ਭੀਤ ਹੋਏ ਬੈਠੇ ਹਨ। ਆਪ ਪਤੀ ਸਤੀ ਹੈਰਾਨੀ ਵਿਚ ਡੁੱਬੇ ਹਨ। ਨਾ ਹੀ ਉੱਠ ਕੇ ਫਤਹਿ ਬੁਲਾਈ ਅਤੇ ਨਾ ਹੀ ਕੋਈ ਜੀ ਆਇਆਂ ਕਿਹਾ। ਹੋਰ ਜਲ ਪਾਣੀ ਤੇ ਪ੍ਰਸ਼ਾਦ ਪਾਣੀ ਨੂੰ ਤਾਂ ਕੀ ਪੁਛਣਾ ਸੀ।

ਇਸ ਅਨੋਖੇ ਸਿੰਘ ਸਾਹਿਬ ਨੇ ਸਰਦਾਰ ਦੀ ਕੋਠੀ ਦੀ ਪਰਕਰਮਾਂ ਜੈਕਾਰਿਆਂ ਦੀਆਂ ਗੂੰਜਾਂ ਵਿਚ ਕੀਤੀਆਂ ਅਖੀਰ ਗੱਜ ਕੇ ਫਤਹਿ ਬੁਲਾਈ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਗਜਾ ਕੇ ਜੈਕਾਰੇ ਛੱਡ ਕੇ ਆਪਣੇ ਰਸਤੇ ਲਗੇ। ਇਹ ਸਰਦਾਰ ਓਦਾਂ ਦੇ ਓਦਾਂ ਹੀ ਰਹਿ ਗਏ। ਜਦੋਂ ਸ਼ਾਮਾਂ ਹੋਈਆਂ ਸੰਤਾਂ ਦੇ ਦਰਸ਼ਨ ਵਾਸਤੇ ਗਏ। ਦੋਨਾਂ ਪਤੀ ਸਤੀ ਨੇ ਸੰਤਾਂ ਦੇ ਚਰਨਾਂ ਤੇ ਮੱਥਾਂ ਟੇਕ ਕੇ ਹੱਥ ਜੋੜ ਕੇ ਸੰਤਾਂ ਵਲ ਤਕਿਆ ਤਾਂ ਸੰਤਾਂ ਇਨ੍ਹਾਂ ਵਲ ਤਕ ਕੇ ਖਿੜ ਖਿੜਾ ਕੇ ਹੱਸ ਪਏ। ਸੰਤਾਂ ਦੇ ਖਿੜ ਖਿੜਾ ਹੱਸਣ ਤੋਂ ਇਹ ਜੋੜਾ ਹੋਰ ਵੀ ਹੈਰਾਨ ਹੋਇਆ ਅਤੇ ਸੰਤਾਂ ਪਾਸੋਂ ਖਿੜ ਖਿੜਾ ਕੇ ਹੱਸਣ ਦਾ ਕਾਰਨ ਪੁਛਿਆ। ਸੰਤਾਂ ਨੇ ਫਿਰ ਹੱਸ ਕੇ ਕਿਹਾ, ਕਿ ਸਰਦਾਰ ਜੀ ਕਲਗੀਧਰ ਜੀ ਦੇ ਦਰਸ਼ਨਾਂ ਤੋਂ ਲਾਭ ਉਠਾਇਆ ਕਿ ਨਹੀਂ। ਸਰਦਾਰ ਜੀ ਆਖਿਆ ਹਜ਼ੂਰ ਕਲਗੀਧਰ ਦੇ ਕਦ ਦਰਸ਼ਨ ਹੋਏ ਹਨ ਅਤੇ ਕਦੋਂ ਲਾਭ ਉਠਾਉਂਦੇ। ਮਹਾਂਪੁਰਸ਼ਾਂ ਨੇ ਬੜੇ ਮਿੱਠੇ ਸ਼ਬਦਾਂ ਵਿਚ ਆਖਿਆ ਕਿ ਜੋ ਨਿਹੰਗ ਸਿੰਘ ਜੀ ਆਪ ਦੀ ਕੋਠੀ ਦੁਪਹਿਰ ਦਾ ਖਾਣਾ ਖਾਣ ਸਮੇਂ ਗਏ ਸਨ ਸੋ ਕਲਗੀਧਰ ਪਿਤਾ ਸਨ। ਤੁਹਾਡੇ ਲੋਕਾਂ ਦੀਆਂ ਅਜੇ ਉਹ ਅੱਖਾਂ ਨਹੀਂ ਹਨ ਜੋ ਕਲਗੀਧਰ ਦਾ ਦਰਸ਼ਨ ਕਰਕੇ ਲਾਭ ਉਠਾ ਸਕਣ। ਅਜੇ ਬਾਣੀ ਪੜ੍ਹੋ ਸਿਮਰਨ ਕਰੋ ਅਤੇ ਸਤਿਸੰਗ ਕਰੋ ਤਾਂ ਫਿਰ ਉਹੀ ਲਾਭ ਪ੍ਰਾਪਤ ਹੋਵੇਗਾ ਜੋ ਕਲਗੀਧਰ ਦੇ ਦਰਸ਼ਨ ਤੋਂ ਹੋਣਾ ਹੈ। ਸਰਦਾਰ ਸਾਨੀ ਨੇ ਸੰਤਾਂ ਤੋਂ ਸੁਣ ਕੇ ਇਕ ਵਾਰੀ ਤਾਂ ਮਹਾਨ ਰੋਣਾ ਕੀਤਾ। ਸੰਤਾਂ ਨੇ ਬਹੁਤ ਧੀਰਜ ਦੇ ਕੇ ਸਰਦਾਰ ਨੂੰ ਸਿਮਰਨ ਵਿਚ ਲਾ ਦਿੱਤਾ। ਇਤੀ।

ਸੋਹਨ ਸਿੰਘ ਜੀ ਕੋਹਲੀ ਨੂੰ ਪੁੱਤਰ ਦੀ ਦਾਤ

ਸ਼ਿਮਲੇ ਵਿਖੇ ਸੰਜੋਲੀ ਅਸਥਾਨ ਵਿਖੇ ਸ੍ਰ: ਸੋਹਨ ਸਿੰਘ ਜੀ ਰਿਹਾ ਕਰਦੇ ਸਨ ਅਤੇ ਸਰਕਾਰੀ ਦਫਤਰਾਂ ਵਿਚ ਕੰਮ ਕਾਰ ਕਰਕੇ ਆਪਣੀ ਉਪਜੀਵਕਾ ਹਾਸਲ ਕਰਕੇ ਪਰਿਵਾਰ ਦਾ ਨਿਰਬਾਹ ਕਰਿਆ ਕਰਦੇ ਸਨ। ਬਾਣੀ ਦੇ ਪ੍ਰੇਮੀ ਤੇ ਸਤਿਸੰਗੀ ਸਨ। ਸਾਧੂ ਸੇਵਾ ਦਾ ਬਹੁਤ ਸੁਭਾਅ ਸੀ। ਘਰ ਵਾਲੀ ਵੀ ਪ੍ਰੇਮਣ ਅਤੇ ਸਾਧੂ ਸੇਵੀ ਸਨ। ਇਕ ਦਿਨ ਬੜੇ ਉਦਾਸ ਚਿੱਤ ਹੋ ਕੇ ਦੰਪਤੀ ਨੇ ਬੜੀ ਸ਼ਰਧਾ ਨਾਲ ਸੰਤਾਂ ਦੇ ਦਰਸ਼ਨ ਆ ਕੀਤੇ। ਸ੍ਰ: ਜੀਵਨ ਸਿੰਘ ਜੀ ਦੇ ਘਰ ਵਿਖੇ ਬੜੀ ਨਿੰਮਰਤਾ ਨਾਲ ਫਲ ਪ੍ਰਸ਼ਾਦਿ ਸੰਤਾਂ ਦੇ ਅੱਗੇ ਰਖ ਕੇ ਚਰਨ ਪਰ ਨਮਸ਼ਕਾਰ ਕੀਤੀ। ਫਿਰ ਬੜੇ ਵੈਰਾਗ ਵਿਚ ਹੱਥ ਜੋੜ ਕੇ ਸੰਤਾਂ ਦੇ ਸਨਮੁਖ ਬੈਠ ਗਏ।

ਹੁਣ ਸੰਤਾਂ ਨੇ ਇਸ ਪਤੀ ਸਤੀ ਨੂੰ ਉਦਾਸੀ ਦਾ ਕਰਨ ਪੁਛਿਆ। ਇਨ੍ਹਾਂ ਨੇ ਵੈਰਾਗ ਵਿਚ ਨਾਲ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਇਸ ਮੇਰੀ ਅਰਧੰਗੀ ਦੀ ਪੈਦਾਇਸ਼ ਵਿਚ ਬਹੁਤ ਖਾਮੀ ਹੈ। ਸੰਤਾਂ ਨੇ ਪੁਛਿਆ ਕਿ ਬੀਬੀ ਦੇ ਪੈਦਾਇਸ਼ ਕਰਨ ਵਿਚ ਕੀ ਖਾਮੀ ਹੈ ਤਾਂ ਸ੍: ਸੋਹਨ ਸਿੰਘ ਜੀ ਨੇ ਬੇਨਤੀ ਕੀਤੀ ਕਿ ਹਜ਼ੂਰ ਆਪਣੀ ਇਸਤਰੀ ਵਲ ਇਸ਼ਾਰਾ ਕਰਕੇ ਕਿ ਇਹਨਾਂ ਦੇ ਲੜਕੀਆਂ ਦੀ ਪੈਦਾਇਸ਼ ਠੀਕ ਸਹੀ ਹੁੰਦੀ ਹੈ ਪਰ ਲੜਕੇ ਪੇਟ ਵਿਚ ਗਲ ਕੇ ਝੜ ਜਾਂਦੇ ਹਨ। ਇਸ ਮਹਾਨ ਦੁਖ ਕਰਕੇ ਉਦਾਸ ਹਾਂ। ਸੰਤਾਂ ਨੇ ਪ੍ਰਸੰਨ ਹੋ ਕੇ ਇਕ ਸੇਬ ਦਾ ਫਲ ਬੀਬੀ ਦੀ ਝੋਲੀ ਪਾ ਕੇ ਆਖਿਆ, ਕਿ ਲੈ ਆਹ ਇਕ ਲੜਕਾ ਤੁਹਾਨੂੰ ਦੇਂਦੇ ਹਾਂ। ਇਸ ਫਲ ਨੂੰ ਬੀਬੀ ਖਾ ਲਵੇ। ਗੁਰੂ ਭਲਾ ਕਰੇਗਾ। ਨਾਲ ਹੀ ਇਕ ਸ਼ਬਦ ਬੀਬੀ ਨੂੰ ਦਸ ਦਿੱਤਾ। ਕਿ ਇਸ ਸ਼ਬਦ ਦਾ ਜਾਪ ਵੀ ਜੋਤ ਜਗਾ ਕੇ ਧੂਪ ਕੋਲ ਰਖਕੇ ਕਰਨਾ। ਕੇਸੀ ਇਸ਼ਨਾਨ ਕਰਕੇ ਕੱਪੜੇ ਨਵੇਂ ਬਦਲ ਕੇ ਚੜਦੇ ਵਲ ਮੂੰਹ ਕਰਕੇ ਇਕ ਘੰਟਾ ਸ਼ਬਦ ਦਾ ਜਾਪ ਕਰਨਾ:

ੴ ਸਤਿਗੁਰ ਪ੍ਰਸਾਦਿ।।

ਸੂਕੇ ਹਰੇ ਕੀਏ ਖਿਨ ਮਾਹੇ।। ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ।। ੧।।
ਕਾਟੇ ਕਸਟ ਪੂਰੇ ਗੁਰਦੇਵ।। ਸੇਵਕ ਕਉ ਦੀਨੀ ਅਪੁਨੀ ਸੇਵ।। ੧।। ਰਹਾਉ।।
ਮਿਟਿ ਗਈ ਚਿੰਤ ਪੁਨੀ ਮਨ ਆਸਾ।। ਕਰੀ ਦਇਆ ਸਤਿਗੁਰਿ ਗੁਣ ਤਾਸਾ।। ੨।।
ਦੁਖ ਨਾਠੇ ਸੁਖ ਆਇ ਸਮਾਏ।। ਢੀਲ ਨ ਪਰੀ ਜਾ ਗੁਰਿ ਫੁਰਮਾਏ।। ੩।।
ਇਛ ਪੁਨੀ ਪੂਰੇ ਗੁਰ ਮਿਲੇ।। ਨਾਨਕ ਤੇ ਜਨ ਸੁਫਲ ਫਲੇ।। ੪।। ਨਮਹ।। *(ਗਉੜੀ ਮਹਲਾ ੫, ਪੰਨਾ ੧੯੧)*

ਫਿਰ ਪਾਠ ਨਿਤਨੇਮ ਤੋਂ ਨਿਯਮ ਨਾਲ ਕਰਨਾ। ਸੋ ਸ੍: ਸੋਹਨ ਸਿੰਘ ਜੀ ਕੋਹਲੀ ਦੀ ਸਿੰਘਣੀ ਨੇ ਸੰਤਾਂ ਦੇ ਬਚਨ ਪਰ ਸਿਦਕ ਧਾਰ ਪਾਠ ਕੀਤਾ ਤੇ ਸਮੇਂ ਸਿਰ ਪੁੱਤਰ ਨੇ ਜਨਮ ਲਿਆ ਅਤੇ ਪਰਿਵਾਰ ਵਿਚ ਖੁਸ਼ੀਆਂ ਪ੍ਰਗਟ ਹੋਈਆਂ। ਸੋ ਸਤਿਗੁਰੂ ਜੀ ਦੀ ਕਿਰਪਾ ਨਾਲ ਸਰਦਾਰ ਸਾਹਿਬ ਦੇ ਘਰ ਵਿਚ ਹੋਣਹਾਰ ਪੁੱਤਰ ਉਮਰ ਦਰਾਜ਼ ਮਾਤਾ ਪਿਤਾ ਦੇ ਹਿਰਦੇ ਵਿਚ ਠੰਢ ਪਾਉਣ ਵਾਲਾ ਅਤੇ ਜਦੋਂ ਉਹ ਪੁੱਤਰ ਨੂੰ ਤਕਦੇ ਹਨ ਤਾਂ ਸੰਤ ਮਹਾਰਾਜ ਜੀ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਅਤੇ ਪਤੀ ਸਤੀ ਦਾ ਚਿੱਤ ਸੰਤਾਂ ਦੇ ਸ਼ੁਕਰਾਨੇ ਵਜੋਂ ਝੁਕ ਜਾਂਦਾ ਹੈ।

ਸੰਤ ਗੁਰਬਖਸ਼ ਸਿੰਘ ਜੀ ਲਾਂਗਰੀ

ਸੰਤ ਗੁਰਬਖਸ਼ ਸਿੰਘ ਜੀ ਪਿੰਡ ਪੰਜੋਲਾ ਪੰਜੋਲੀ ਦੋ ਇਕੱਠੇ ਨਾਮਾਂ ਨਾਲ ਮਸ਼ਹੂਰ ਹਨ। ਪਰ ਸੰਤਾਂ ਦਾ ਪਿੰਡ ਪੰਜੋਲੀ ਇਸ ਸਮੇਂ ਰੋਪੜ ਤਹਿਸੀਲ ਵਿਚ ਹੈ। ਸੰਤਾਂ ਦੇ ਪਿਤਾ ਸ੍: ਵਰਿਆਮ ਸਿੰਘ ਜੀ ਤੇ ਮਾਤਾ ਜਿਉਣੀ ਜੀ ਹਨ। ਸੰਤਾਂ ਦੀ ਕੁਲ ਮਹਾਨ ਉੱਚੀ ਹੈ। ਕਿਉਂਕਿ ਸੰਤਾਂ ਦੇ ਛੇਵੇਂ ਪੀੜੀ ਦੇ ਗੁਰਮੁਖ ਧਰਮ ਰੱਖ ਕੇ ਜੱਗ ਕੁੰਡ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਜਦੋਂ ਸਤਿਗੁਰੂ ਨੇ ਦਸ ਲੱਖ ਦਿੱਲੀ ਦੀ ਫੌਜ ਤੇ ਜੋ ਸਤਿਗੁਰੂ ਨੂੰ ਫੜਨ ਆਈ ਸੀ ਅਤੇ ਚਮਕੌਰ ਸਾਹਿਬ ਘੇਰਾ ਪਾਇਆ ਸੀ ਤੋਂ ਇਲਾਵਾ ਜੋ ਇਨ੍ਹਾਂ ਅਨੰਦਪੁਰ ਸਾਹਿਬ ਦੇ ਜੰਗ ਤੋਂ ਜੋ ਪਹਾੜੀ ਰਾਜਿਆਂ ਦੀ ਫੌਜ ਤੇ ਸ਼ਾਹੀ ਫੌਜ ਬਚੀ ਹੋਈ ਸੀ। ਸੋ ਉਹ ਵੀ ਚਮਕੌਰ ਸਾਹਿਬ ਦੱਸ ਲੱਖ ਨਾਲ ਆ ਮਿਲੀ ਸੀ। ਇਨ੍ਹਾਂ ਸਾਰੀਆਂ ਫੌਜਾਂ ਨਾਲ ਸਤਿਗੁਰੂ ਦੇ ਸੈਂਤੀ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਸੈਂਤੀ ਸਿੰਘਾਂ ਵਿਚੋਂ ਇਕ ਸਿੰਘ ਇਨ੍ਹਾਂ ਦਾ ਵਡੇਰਾ ਸੀ। ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ। ਭਾਈ ਮਹਿਤਾਬ ਸਿੰਘ ਜੀ ਰੋਪੜ ਤੇ ਭਾਈ ਖੜਕ ਸਿੰਘ ਜੀ ਰੋਪੜ ਦਾ ਸੀ। ਇਨ੍ਹਾਂ ਦੋਨਾਂ ਵਿਚੋਂ ਇਕ ਇਨ੍ਹਾਂ ਦਾ ਵਡੇਰਾ ਸੀ। ਮੇਰਾ ਕਹਿਣ ਤੋਂ ਭਾਵ ਹੈ ਕਿ ਇਨ੍ਹਾਂ ਦੀ ਪਵਿੱਤਰ ਸ਼ਹੀਦਾਂ ਦੀ ਕੁਲ ਹੈ। ਇਨ੍ਹਾਂ ਦੇ ਪਿਤਾ ਤੋਂ ਪਹਿਲਿਆਂ ਨੇ ਆਪਣੇ ਪਿੰਡ ਵਿਚ ਆਪਣੇ ਘਰਾਂ ਦੇ ਨੇੜੇ ਸ਼ਹੀਦਾਂ ਦੀ ਜਗ੍ਹਾ ਬਣਾਈ ਹੋਈ ਸੀ। ਜਿਸਨੂੰ ਕਿ ਚਾਰ ਪੀੜੀਆਂ ਤੋਂ ਪੂਜਦੇ ਆਉਂਦੇ ਸਨ। ਪਰ ਸੰਤ ਗੁਰਬਖਸ਼ ਸਿੰਘ ਦਾ ਚਾਚਾ ਇਨ੍ਹਾਂ ਸ਼ਹੀਦਾਂ ਦਾ ਪੂਜਾ ਕਰਨ ਤੋਂ ਮੁਨਕਰ ਹੋ ਗਿਆ। ਬਲਕਿ ਨਾਸਤਕ ਹੋ ਗਿਆ। ਇਨ੍ਹਾਂ ਸ਼ਹੀਦਾਂ ਦੀ ਜੋ ਪਵਿੱਤਰ ਜਗ੍ਹਾ ਪੂਜਾ ਵਾਸਤੇ ਬਣਾਈ ਸੀ ਉਸ ਦੀ ਬੇਅਦਬੀ ਕਰਨ ਲਗ ਗਿਆ। ਬਲਕਿ ਇਉਂ ਆਖਣ ਲੱਗਾ ਕਿ ਮੈਂ ਦੇਖਾਂਗਾ ਸ਼ਹੀਦ

ਮੇਰੀ ਲੱਤ ਭੰਨ ਦੇਣਗੇ। ਇਕ ਦਿਨ ਐਸਾ ਆਇਆ ਕਿ ਇਸ ਦੇ ਪੁੱਤਰ ਜਗਤੇ ਵਿਚ ਸ਼ਹੀਦਾਂ ਦੀ ਪੌਣ ਆ ਗਈ। ਭਾਵ ਜਗਤੇ ਨੂੰ ਫੜ ਲਿਆ ਹੁਣ ਜਗਤੇ ਨੇ ਬੋਲ ਬੋਲ ਕੇ ਦਸਿਆ ਕਿ ਤੁਸੀਂ ਏਨੀਆਂ ਗਲਤੀਆਂ ਕੀਤੀਆਂ ਹਨ। ਇਤਨੀਆਂ ਬੇਅਦਬੀਆਂ ਕੀਤੀਆਂ ਹਨ। ਅਸੀਂ ਤੁਹਾਡਾ ਆਹ ਕੁਝ ਨੁਕਸਾਨ ਕੀਤਾ ਹੈ। ਇਉਂ ਵੀ ਕਿਹਾ ਕਿ ਹੁਣ ਲੈ ਤੇਰੀ ਲੱਤ ਭੰਨ ਦੇਈਏ। ਅਸੀਂ ਤੁਹਾਡੇ ਵਡੇਰੇ ਚਮਕੌਰ ਦੀ ਘੜੀ ਵਿਚ ਸ਼ਹੀਦ ਹੋਣ ਵਾਲੇ ਹਾਂ ਤੁਸੀਂ ਸਾਡੀ ਕੁਰਬਾਨੀ ਦੀ ਇਹ ਕਦਰ ਕਰਦੇ ਹੋ? ਕਿ ਸਾਡੀ ਜਗ੍ਹਾ ਦੀ ਬੇਅਦਬੀ ਕਰਦੇ ਹੋ ਅਤੇ ਧੂਪ ਦੀਪ ਨਹੀਂ ਕਰ ਸਕਦੇ।

ਫਿਰ ਸਾਰਿਆਂ ਨੇ ਮਿਲ ਕੇ ਤੇ ਚਾਚੇ ਨੇ ਮਨੌਤ ਮੰਨੀ ਅਤੇ ਪਵਿੱਤਰ ਜਗ੍ਹਾ 'ਬੜੇ ਅੱਛੇ ਤਰੀਕੇ ਨਾਲ ਬਣਾਈ ਅਤੇ ਉਸ ਜਗ੍ਹਾ ਦਾ ਪੂਜਨ ਕਰਨ ਲੱਗੇ ਤਾਂ ਪਰਿਵਾਰ ਵਿਚ ਹਰ ਤਰ੍ਹਾਂ ਦਾ ਸੁਖ ਹੋਇਆ। ਸੰਤ ਗੁਰਬਖਸ਼ ਸਿੰਘ ਜੀ ਨੇ ਸਜਦੇ ਪੁਜਦੇ ਘਰਾਣੇ ਵਿਚ ਜਨਮ ਲਿਆ। ਇਹ ਮਾਤਾ ਪਿਤਾ ਦੇ ਘਰ ਤਿੰਨ ਪੁੱਤਰ ਹਨ। ਬੜੇ ਭਰਾ ਦਾ ਨਾਮ ਬਾਬੂ ਸਿੰਘ ਤੇ ਛੋਟੇ ਦਾ ਨਾਮ ਜੋਧਾ ਸਿੰਘ ਜੀ ਹੈ। ਜਦੋਂ ਸੰਤ ਗੁਰਬਖਸ਼ ਸਿੰਘ ਜੀ ਜੁਵਾ ਅਵਸਥਾ ਵਿਚ ਹੋਏ ਤਾਂ ਮਾਤਾ ਪਿਤਾ ਜੀ ਨੇ ਚਾਂਈਂ ਚਾਂਈਂ ਵਿਆਹ ਵੀ ਕਰ ਦਿੱਤਾ ਪਰ ਦੇਵਨੇਤ ਨਾਲ ਵਿਆਹੀ ਹੋਈ ਪਤਨੀ ਛੇਤੀ ਹੀ ਮਰ ਗਈ। ਸੰਤਾਂ ਦੇ ਪਿੰਡ ਬਾਬਾ ਦਲੀਪ ਸਿੰਘ ਜੀ ਭਗਵੇਂ ਕਪੜੇ ਵਾਲੇ ਨਿਰਮਲੇ ਸੰਤ ਆਇਆ ਕਰਦੇ ਸਨ ਤੇ ਕਾਫੀ ਦਿਨ ਰਹਿ ਕੇ ਸੰਗਤਾਂ ਨੂੰ ਉਪਦੇਸ਼ ਦਿਆ ਕਰਦੇ ਸਨ। ਉਸ ਬਾਬਾ ਦਲੀਪ ਸਿੰਘ ਜੀ ਦੀ ਸੰਗਤ ਪਹਿਲਾਂ ਗੁਰਬਖਸ਼ ਸਿੰਘ ਜੀ ਨੂੰ ਹੋਈ। ਉਨ੍ਹਾਂ ਦੇ ਕੋਲ ਰਹਿ ਕੇ ਉਨਾਂ ਦੀ ਸੇਵਾ ਤਨੋਂ ਮਨੋਂ ਕਰਿਆ ਕਰਦੇ ਸਨ।

ਇਕ ਦਿਨ ਜਦੋਂ ਕਿ ਭਾਗਾਂ ਦੀ ਰਾਤੀ ਦਾ ਉਦੈ ਹੋਣ ਦਾ ਸਮਾਂ ਆਇਆ ਤਾਂ ਗੁਰਬਖਸ਼ ਸਿੰਘ ਜੀ ਭੱਠਾ ਸਾਹਿਬ ਗੁਰਦੁਆਰਾ ਜੋ ਕਿ ਕਲਗੀਧਰ ਦਾਤਾਰ ਨੇ ਆਪਣੀ ਚਰਨ ਛੋਹ ਨਾਲ ਪਵਿੱਤਰ ਕੀਤਾ ਹੈ ਉਸ ਗੁਰਦਵਾਰੇ ਵਿਚ ਹਮੇਸ਼ਾਂ ਹੀ ਰੋਜ਼ ਦਰ ਰੋਜ਼ ਸਤਿਸੰਗ ਹੁੰਦਾ ਰਹਿੰਦਾ ਹੈ। ਅਜੇ ਉਸ ਗੁਰਦਵਾਰੇ ਦੇ ਸਤਿਸੰਗ ਵਿਚ ਭਾਈ ਰਾਮ ਸਿੰਘ ਜੀ ਯੂ.ਪੀ. ਵਾਲਿਆਂ ਦਾ ਕੀਰਤਨ ਰਸ-ਭਿੰਨਾ ਹੋ ਰਿਹਾ ਸੀ। ਆਪ ਜੀ ਰੋਜ਼ ਹੀ ਭਾਈ ਸਾਹਿਬ ਜੀ ਦੇ ਕੀਰਤਨ ਨੂੰ ਪ੍ਰੇਮ ਵਿਚ ਬਿਰਤੀ ਲਾ ਕੇ ਸੁਣਦੇ ਰਹਿੰਦੇ ਸਨ। ਕੀਰਤਨ ਸੁਣਦਿਆਂ ਸੁਣਦਿਆਂ ਇਤਨਾ ਵੈਰਾਗ ਚਿੱਤ ਵਿਚ ਪੈਦਾ ਹੋਇਆ ਕਿ ਇਸ ਕੀਰਤਨੀ ਜਥੇ ਦੇ ਨਾਲ ਰਹਿ ਕੇ ਹੀ ਇਨ੍ਹਾਂ ਦੀ ਸੇਵਾ ਦਾ ਆਨੰਦ ਮਾਣਿਆ ਕਰਨ ਅਤੇ ਹਮੇਸ਼ਾਂ ਹੀ ਇਨ੍ਹਾਂ ਦਾ ਕੀਰਤਨ ਸੁਣਿਆ ਕਰਨ। ਕੀਰਤਨ ਤਾਂ ਭਾਈ ਰਾਮ ਸਿੰਘ ਜੀ ਦਾ ਜੱਥਾ ਬਹੁਤ ਰਸ-ਭਿੰਨਾ ਕਰਦਾ ਸੀ। ਸਰੋਤੇ ਜਨਾਂ ਨੂੰ ਸੁਣ ਕੇ ਬਹੁਤ ਆਨੰਦ ਆਉਂਦਾ ਹੈ। ਪਰ ਗ੍ਰਿਹਸਤੀ ਹੋਣ ਦੇ ਨਾਤੇ ਆਪਣੇ ਕੀਰਤਨ ਦੇ ਸਰੋਤੇ ਸੰਤ ਗੁਰਬਖਸ਼ ਸਿੰਘ ਜੀ ਵਰਗੇ ਨੂੰ ਆਪਣੇ ਨਾਲ ਨਹੀਂ ਸੀ ਰੱਖ ਸਕਦੇ।

ਇਸ ਲਈ ਭਾਈ ਰਾਮ ਸਿੰਘ ਜੀ ਨੂੰ ਗੁਰਬਖਸ਼ ਸਿੰਘ ਤੋਂ ਪਿੱਛਾ ਛੁਡਾਉਣਾ ਔਖਾ ਹੋ ਗਿਆ। ਇਸ ਹੀ ਸਤਿਸੰਗ ਵਿਚ ਸੰਤ ਹਰੀ ਸਿੰਘ ਜੀ ਲੋਧੀ ਮਾਜਰੀਏ ਕੀਰਤਨ ਦੇ ਆਨੰਦ ਮਾਣਦੇ ਹੁੰਦੇ ਸਨ। ਸੰਤ ਗੁਰਬਖਸ਼ ਸਿੰਘ ਜੀ ਦਾ ਰਾਗੀ ਸਿੰਘ ਦੇ ਜਥੇ ਨਾਲ ਪ੍ਰੇਮ ਹੋ ਜਾਣ ਦਾ ਮਾਮਲਾ ਸੰਤ ਹਰੀ ਸਿੰਘ ਜੀ ਪਾਸ ਗਿਆ। ਸੰਤ ਹਰੀ ਸਿੰਘ ਨੇ ਗੁਰਬਖਸ਼ ਸਿੰਘ ਜੀ ਨੂੰ ਬੜੇ ਪਿਆਰ ਨਾਲ ਸਮਝਾਇਆ ਕਿ ਪ੍ਰੇਮੀਆ ਜੇ ਤੂੰ ਆਪਣੀ ਜ਼ਿੰਦਗੀ ਦਾ ਪੂਰਨ ਲਾਭ ਉਠਾਉਣਾ ਹੈ ਤਾਂ ਪੂਰਨ ਪੁਰਖਾਂ ਦਾ ਸੰਗ ਕਰ। ਪੂਰਨ ਪੁਰਖ ਤੇਰੇ ਮਨੁੱਖਾ ਜਨਮ ਨੂੰ ਸਫਲਾ ਕਰ ਦੇਣਗੇ। ਪੂਰਬਲੇ ਭਾਗਾਂ ਦੁਆਰਾ ਤੇ ਸੰਤ ਹਰੀ ਸਿੰਘ ਜੀ ਦੇ ਬਚਨ ਪਰ ਗੁਰਬਖਸ਼ ਸਿੰਘ ਜੀ ਨੂੰ ਚੰਗਾ ਨਿਸ਼ਚਾ ਹੋਇਆ। ਰੋਪੜ ਤੋਂ ਹੀ ਸੰਤ ਹਰੀ ਸਿੰਘ ਜੀ ਨਾਲ ਫਤਹਿਗੜ੍ਹ ਸਾਹਿਬ ੨੩ ਪੋਹ ਵਾਲੇ ਛੋਟਿਆਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਪਰ ਆ ਗਿਆ। ਏਥੇ ਸ਼ਹੀਦੀ ਪੁਰਬ ਪਰ ਹੀ ਸੰਤ ਮਹਾਰਾਜ ਜੀ ਦੇ ਦਰਸ਼ਨ ਕੀਤੇ ਅਤੇ ਸੰਤ ਹਰੀ ਸਿੰਘ ਜੀ ਨੇ ਬੇਨਤੀ ਕੀਤੀ ਸੰਤਾਂ ਦੇ ਚਰਨੀ ਲਾ ਦਿੱਤਾ।

ਹੁਣ ਸੰਤਾਂ ਨੇ ਹੁਕਮ ਕੀਤਾ ਕਿ ਹੋਲੇ ਮਹੱਲੇ ਦੇ ਸਮੇਂ ਆਨੰਦਪੁਰ ਸਾਹਿਬ ਆ ਕੇ ਸਾਨੂੰ ਮਿਲੇ। ਫਤਹਿਗੜ੍ਹ ਸਾਹਿਬ ਤੋਂ ਸੰਤ ਹਰੀ ਸਿੰਘ ਜੀ ਨਾਲ ਹੀ ਲੋਧੀ ਮਾਜਰੇ ਆ ਗਿਆ। ਇਹ ਦੋ ਢਾਈ ਮਹੀਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਦੀ ਖਿੱਚ ਵਿਚ ਬੜੀ ਮੁਸ਼ਕਲ ਨਾਲ ਬਤੀਤ ਕੀਤੇ। ਜਦੋਂ ਸੰਨ ੧੯੪੭ ਦਾ ਹੋਲਾ ਆਇਆ ਤਾਂ ਗੁਰਬਖਸ਼

ਸਿੰਘ ਜੀ ਵੀ ਸੰਤ ਮਹਾਰਾਜ ਜੀ ਦੇ ਪ੍ਰੇਮ ਭਰੀ ਖਿੱਚ ਵਿਚ ਆਨੰਦਪੁਰ ਸਾਹਿਬ ਪਹੁੰਚ ਗਏ।

ਸੰਤ ਗੁਰਬਖਸ਼ ਸਿੰਘ ਜੀ ਪੂਰਬਲੇ ਭਾਗਾਂ ਦੁਆਰਾ ਅੰਦਰੋਂ ਸਿਆਣੇ ਸਨ। ਉਸ ਅੰਦਰ ਦੀ ਸਿਆਣਪ ਨੇ ਇਕ ਸ਼ੁਭ ਫੁਰਨਾ ਪੈਦਾ ਕੀਤਾ ਕਿ ਜੇ ਸੰਤ ਪੂਰਨ ਪੁਰਖ ਹੋਣਗੇ ਅਤੇ ਪੂਰਨ ਬ੍ਰਹਮ ਗਿਆਨੀ ਗੁਰੂ ਨਾਨਕ ਸਾਹਿਬ ਦਾ ਰੂਪ ਹਨ ਤਾਂ ਆਹ ਚੀਜ਼ (ਭਾਵ ਕੋਈ ਗੁਪਤ ਵਸਤੂ ਆਪਣੇ ਮਨ ਵਿਚ ਨਿਸ਼ਚਾ ਕਰ ਲਿਆ) ਆਪ ਮੰਗ ਕੇ ਲੈ ਲੈਣ ਤਾਂ ਮੈਂ ਦਾਸ ਆਪਣਾ ਗੁਰੂ ਮੰਨ ਕੇ ਪੂਜਾ ਕਰਾਂਗਾ ਤੇ ਤਨ ਮਨ ਸਭ ਕੁਝ ਜ਼ਿੰਦਗੀ ਅਰਪਨ ਕਰ ਦੇਵਾਂਗਾ। ਸੰਤ ਮਹਾਰਾਜ ਜੀ ਸੰਤ ਗੁਰਬਖਸ਼ ਸਿੰਘ ਜੀ ਦਾ ਇਹ ਸ਼ੁਭ ਫੁਰਨਾ ਸਮਝ ਕੇ ਪੂਰਾ ਕਰ ਦਿੱਤਾ। ਜਦੋਂ ਗੁਰਬਖਸ਼ ਸਿੰਘ ਜੀ ਦਾ ਫੁਰਨਾ ਪੂਰਾ ਹੋਇਆ ਤਾਂ ਗੱਦ-ਗੱਦ ਹੋ ਗਿਆ ਅਤੇ ਆਪਣਾ ਆਪ ਸੰਤਾਂ ਦੇ ਅਰਪਨ ਕਰ ਦਿੱਤਾ।

ਹੁਣ ਸੰਤਾਂ ਨੇ ਹੁਕਮ ਕੀਤਾ ਕਿ ਗੁਰਬਖਸ਼ ਸਿੰਘ ਜੀ ਤੁਸੀਂ ਡੁਮੇਲੀ ਚਲੇ ਜਾਓ। ਸੰਤ ਗੁਰਬਖਸ਼ ਸਿੰਘ ਜੀ ਸੰਤਾਂ ਦਾ ਹੁਕਮ ਮੰਨ ਕੇ ਡੁਮੇਲੀ ਆ ਗਏ ਅਤੇ ਆ ਮਸਤਾਂ ਨੂੰ ਮੱਥਾ ਟੇਕਿਆ। ਮਸਤ ਆਉਂਦਿਆਂ ਨੂੰ ਹੀ ਕਹਿਣ ਲੱਗ ਪਏ ਕਿ ਸੰਤ ਜੀ ਤੇਰੇ ਕੰਮ ਸੰਤ ਮਹਾਰਾਜ ਜੀ ਨੇ ਕਰ ਦਿੱਤੇ ਹਨ ਤੂੰ ਹੁਣ ਹਰਖੋਵਾਲ ਜਾ ਕੇ ਸੰਤਾਂ ਦੇ ਹੁਕਮ ਵਿਚ ਸੇਵਾ ਕਰਨਾ ਕਰ। ਡੁਮੇਲੀ ਤੋਂ ਮਸਤਾਂ ਦੀ ਆਗਿਆ ਲੈ ਕੇ ਡੇਰੇ ਆ ਗਿਆ। ਡੇਰੇ ਆ ਕੇ ਪਹਿਲਾਂ ਕੁਝ ਸਮਾਂ ਗੁਰੂ ਕੇ ਮਾਲ-ਖਾਨੇ ਦੀ ਸੇਵਾ ਕੀਤੀ। ਫਿਰ ਸੰਤ ਮਹਾਰਾਜ ਜੀ ਦੇ ਹੁਕਮ ਨਾਲ ਲੰਗਰ ਦੀ ਸੇਵਾ ਕਰਨ ਲਗ ਪਏ। ਲੰਗਰ ਦੀ ਸੇਵਾ ਗੁਰੂ ਕਿਰਪਾ ਨਾਲ ਇਸ ਢੰਗ ਨਾਲ ਕਰਦੇ ਹਨ। ਰਾਮ ਦ੍ਵੈਤ ਦ੍ਰਿਸ਼ਟੀ ਤੋਂ ਰਹਿਤ ਹੋ ਕੇ ਸਾਰਿਆਂ ਨਾਲ ਸਮਦ੍ਰਿਸ਼ਟੀ ਵਰਤਦੇ ਹਨ। ਹਰ ਇਕ ਸੇਵਾਦਾਰ ਅਤੇ ਯਾਤਰੂ ਸੰਤ ਗੁਰਬਖਸ਼ ਸਿੰਘ ਜੀ ਦੀ ਸੇਵਾ ਤੋਂ ਪ੍ਰਸੰਨ ਹੁੰਦੇ ਹਨ। ਜਿਨ੍ਹਾਂ ਦੀ ਅੱਠੋ ਪਹਿਰ ਹੀ ਸੇਵਾ ਸਿਮਰਨ ਵਿਚ ਹੀ ਸੁਰਤਿ ਜੰਮੀ ਹੋਈ ਹੈ ਅਤੇ ਪ੍ਰੇਮਾ ਭਗਤੀ ਤੇ ਸੇਵਾ ਭਗਤੀ ਨੂੰ ਹੀ ਮੁਖ ਰੱਖਿਆ ਹੋਇਆ ਹੈ ਅਤੇ ਮਾਈ ਭਾਈ ਸਰਬਤ ਸੰਗਤਾਂ ਸੰਤ ਗੁਰਬਖਸ਼ ਸਿੰਘ ਜੀ ਪਰ ਚੰਗੀ ਸ਼ਰਧਾ ਰੱਖਦੇ ਹਨ। ਸੰਤ ਦਲੀਪ ਸਿੰਘ ਜੀ ਭਗਵੇਂ ਕਪੜੇ ਵਾਲੇ ਨਿਰਮਲੇ ਸੰਤਾਂ ਨੇ ਜਿਸ ਤਰ੍ਹਾਂ ਸੰਤਾਂ ਦੀ ਪਿੰਡ ਹੁੰਦਿਆਂ ਸੇਵਾ ਕੀਤੀ ਸੀ ਉਹ ਗੁਰਬਖਸ਼ ਸਿੰਘ ਦੇ ਵੱਡੇ ਭਰਾ ਬਾਬੂ ਸਿੰਘ ਨੂੰ ਕਹਿਣ ਲੱਗੇ ਕਿ ਗੁਰਬਖਸ਼ ਸਿੰਘ ਨੂੰ ਹਰਖੋਵਾਲ ਤੋਂ ਲੈ ਕੇ ਆਓ, ਉਹ ਮੇਰਾ ਸੇਵਕ ਹੈ। ਸੰਤ ਜਵਾਲਾ ਸਿੰਘ ਜੀ ਤਾਂ ਸਿਰਫ ਰਿਧੀਆਂ ਸਿਧੀਆਂ ਵਾਲੇ ਹੀ ਹਨ। ਉਹ ਕਲਿਆਨ ਨਹੀਂ ਕਰ ਸਕਣਗੇ। ਬਾਬੂ ਸਿੰਘ ਨੇ ਕਿਹਾ ਜੇ ਤੁਸੀਂ ਐਡੇ ਵੱਡੇ ਹੋ ਤਾਂ ਆਪ ਹੀ ਉਨ੍ਹਾਂ ਕੋਲੋਂ ਮੰਗ ਲਵੋ। ਗੁਰੂ ਮਿਹਰ ਕਰਕੇ ਇਹ ਜ਼ਿੰਦਗੀ ਇਸੇ ਤਰ੍ਹਾਂ ਨਿਭ ਜਾਵੇਗੀ ਤੇ ਜਨਮ ਹੀਰੇ ਦੀ ਨਿਆਈਂ ਸ਼ੁਧ ਹੋ ਜਾਵੇ। ਯਥਾ ਕਿ:

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ।। ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ।। ੧੫੩।।

ਇਕ ਵਾਰੀ ਗੁਰਬਖਸ਼ ਸਿੰਘ ਜੀ ਨੂੰ ਡੇਰੇ ਉਨ੍ਹਾਂ ਸ਼ਹੀਦਾਂ ਦੀ ਪੌਣ ਆਈ। ਫਿਰ ਜੋ ਗਲਤੀਆਂ ਸਾਹ ਕੱਢ ਕੇ ਸਾਰਿਆਂ ਨੂੰ ਸੁਖੀ ਕੀਤਾ। ਹੁਣ ਸੰਤ ਆਨੰਦਪੁਰ ਵਿਚ ਹਨ।

ਭਾਈ ਮੇਹਰ ਸਿੰਘ ਨਿਹੰਗ ਸਿੰਘ ਜੀ

ਭਾਈ ਮੇਹਰ ਸਿੰਘ ਨਿਹੰਗ ਸਾਹਿਬ ਜੀ ਪਿੰਡ ਨਜ਼ਾਮਪੁਰ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਜੀ ਦੇ ਜੰਮਪਲ ਹਨ। ਆਪ ਜੀ ਦੇ ਪਿਤਾ ਦਾ ਨਾਮ ਸ੍: ਚਤਰ ਸਿੰਘ ਕਰਕੇ ਸੀ ਅਤੇ ਝੀਵਰ ਜ਼ਾਤੀ ਵਿਚੋਂ ਸਨ। ਪਰ ਅੰਮ੍ਰਿਤ ਛਕਣ ਕਰਕੇ ਖਾਲਸੇ ਦੀ ਪਿਛਲੀ ਕੋਈ ਜ਼ਾਤ ਪਾਤ ਨਹੀਂ ਰਹਿੰਦੀ। ਅੰਮ੍ਰਿਤਧਾਰੀ ਖਾ,ਸੇ ਦੀ ਜ਼ਾਤ ਪਾਤ ਖਾਲਸਾ ਹੀ ਹੈ ਜੈਸਾ ਕਿ:

ਹਿੰਦ ਦੇ ਬਚੌਣ ਹਿਤ ਸ੍ਰੀ ਦਸਮੇਸ਼ ਜੀ ਨੇ, ਪੁਰਬ ਵੈਸਾਖੀ ਤੇ ਦੀਵਾਨ ਇਕ ਲਾਇਆ ਸੀ।
ਜੱਟ ਜਝੌਂ ਪੁਟਿਆ ਤੇ ਖੱਤਰੀ ਖਪਾਇਆ ਖੁਹੇ, ਨਾਈ ਪੁਣਾ ਦੂਰ ਕਰਿ ਨਦੀ ਮੇਂ ਰੁੜਾਇਆ ਸੀ।
ਛੀਂਬੇ ਦੇ ਛਟਕ ਦੇ ਛੋਟੇ ਛੋਟੇ ਟੋਟੇ ਕੀਤੇ, ਝੀਵਰ ਨੂੰ ਤੰਬੂ ਹੀ ਲਿਜਾ ਕੇ ਝਟਕਾਇਆ ਸੀ।
ਖਾਲਸਾ ਜੀ ਖਾਲਸੇ ਦੀ ਜ਼ਾਤ ਮਾਨੋਂ ਖਾਲਸਾ ਹੀ, ਜਾਤੀ ਪਾਤੀ ਵਾਲਾ ਭਰਮ ਤੋੜ ਕੇ ਵਖਾਇਆ ਸੀ।

ਕਿਉਂਕਿ ਜਦੋਂ ਚੜ੍ਹਦੀ ਜਵਾਨੀ ਭਾਈ ਮੇਹਰ ਸਿੰਘ ਜੀ ਪਰ ਆਈ ਅਤੇ ਗੁਰੂ ਘਰ ਦਾ ਮਨ ਵਿਚ ਬਹੁਤ ਪ੍ਰੇਮ ਪੈਦਾ ਹੋਇਆ ਭਾਵੇਂ ਵੀ ਇਸ ਨਗਰ ਵਿਚ ਬਹੁਤ ਗੁਰਦਵਾਰੇ ਹਨ ਪਰ ਭਾਈ ਹਿੰਦਾਲ ਜੀ ਦਾ ਬਹੁਤ ਵੱਡਾ ਗੁਰਦੁਆਰਾ ਸੀ ਜੋ ਹੁਣ ਉਦਾਸੀਆਂ ਦੀ ਧਰਮਸਾਲਾ ਬਣ ਕੇ ਰਹਿ ਗਿਆ ਹੈ। ਭਾਈ ਹਿੰਦਾਲ ਜੀ ਨੇ ਤੀਸਰੇ ਸਤਿਗੁਰੂ ਅਮਰ ਦਾਸ ਜੀ ਦੇ ਲੰਗਰ ਦੀ ਮਹਾਨ ਸੇਵਾ ਕਰਕੇ ਬਖਸ਼ਿਸ਼ ਲਈ ਸੀ ਅਤੇ ਸਤਿਗੁਰੂ ਰਾਮਦਾਸ ਸਾਹਿਬ ਦੀ ਸੇਵਾ ਕਰਕੇ ਪ੍ਰਸੰਨ ਕਰ ਲਿਆ ਸੀ। ਪਿੰਡ ਜੰਡਿਆਲਾ ਵਿਚ ਬੈਠ ਕੇ ਹੀ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਸਿੱਖੀ ਪੰਥ ਦਾ ਬੜਾ ਸੰਚਾਲਨ ਹੋਇਆ ਹੈ ਅਤੇ ਲੰਗਰ ਅਤੁੱਟ ਚਲਦਾ ਸੀ।

ਪਰ ਇਸ ਦੀ ਪੰਜਵੀਂ ਪੀੜ੍ਹੀ ਭਗਤ ਨਰੰਜਨੀਆ ਕਰਕੇ ਨਾਮ ਦਾ ਵਿਗੜ ਕੇ ਤਿਗੜਰਿਆ ਆਪਣੇ ਘਰ ਵਿਚ ਨੀਚ ਜਾਤ ਦੀ ਇਸਤਰੀ ਜੋ ਬਦਚਲਨ ਸੀ ਵਸਾ ਲਈ ਜਿਸਨੇ ਫਿਰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਤਤ ਖਾਲਸੇ ਦਾ ਅਤੀ ਵੈਰੀ ਬਣ ਕੇ ਸੀ. ਆਈ. ਡੀ. ਕਰ ਕੇ ਸਿੰਘਾਂ ਜੀਂਦਿਆਂ ਨੂੰ ਫੜਾ-ਫੜਾ ਕੇ ਖਾਨ ਬਹਾਦਰ ਸੂਬੇ ਤੇ ਜ਼ਕਰੀਆ ਖਾਨ ਤੇ ਮੀਰ ਮੰਨੂੰ ਕੋਲੋਂ ਇਨਾਮ ਲੈਂਦਾ ਰਿਹਾ। ਬਲਕਿ ਸਿੰਘਾਂ ਦੇ ਸੀਸ ਕਤਲ ਕਰਕੇ ਸੂਬੇ ਦੇ ਪੇਸ਼ ਕਰਕੇ ਇਨਾਮ ਲੈਂਦਾ ਰਿਹਾ। ਸਿੰਘਾਂ ਨੇ ਇਨ੍ਹਾਂ ਦੁਸ਼ਟਾਂ ਨੂੰ ਗੁਰੂ ਘਰ ਦੇ ਵੈਰੀ ਤੇ ਨਿੰਦਕ ਸਮਝ ਕੇ ਤਿਆਗ ਛਡਿਆ ਸੀ। ਇਸ ਕਰਕੇ ਹੀ ਭਾਈ ਮੇਹਰ ਸਿੰਘ ਜੀ ਦੇ ਦਿਲ ਵਿਚ ਇਨ੍ਹਾਂ ਤੋਂ ਬਹੁਤ ਨਫਰਤ ਸੀ। ਇਸ ਕਰਕੇ ਦੀਵਾਲੀ ਦੇ ਮੇਲੇ ਪਰ ਜਾ ਕੇ ਬੁੱਢੇ ਦਲ ਦੇ ਜੱਥੇਦਾਰ ਸਾਹਿਬ ਸਿੰਘ ਜੀ ਪਾਸ ਬੇਨਤੀ ਕਰਕੇ ਗੁਰੂ ਦੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਅਤੇ ਜੱਥੇਦਾਰ ਬਾਬਾ ਸਾਹਿਬ ਸਿੰਘ ਜੀ ਛਿਆਨਵੇਂ ਕਰੋੜੀ ਤੋਂ ਫਰਲਾ ਲੈ ਕੇ ਫਰਲੇ ਵਾਲੇ ਸੂਰਬੀਰ ਸਿੰਘ ਸਜ ਗਏ।

ਐਸੇ ਸਿੰਘ ਸਜੇ ਆਪਣਾ ਤਨ ਮਨ ਧਨ ਬੁੱਢੇ ਦਲ ਨੂੰ ਹੀ ਸੌਂਪ ਦਿੱਤਾ। ਜੁਵਾ ਅਵਸਥਾ ਵਿਚ ਬੁੱਢੇ ਦਲ ਨਾਲ ਰਹਿ ਕੇ ਤਨ ਮਨ ਨਾਲ ਬਹੁਤ ਸੇਵਾ ਕੀਤੀ। ਹਜ਼ੂਰ ਸਾਹਿਬ ਸੱਚਖੰਡ ਨਾਦੇੜ ਦੱਖਣ ਦੀ ਦੋ ਵਾਰ ਪੈਦਲ ਤੁਰਕੇ ਯਾਤਰਾ ਕੀਤੀ। ਆਪ ਜੀ ਦਾਸ ਨੂੰ ਦੱਸਿਆ ਕਰਦੇ ਸਨ ਕਿ ਅਸੀਂ ਦੋ ਸਿੰਘ ਹਜ਼ੂਰ ਸਾਹਿਬ ਦੀ ਪੈਦਲ ਯਾਤਰਾ ਸਮੇਂ ਰਸਤਾ ਭੁਲ ਕੇ ਗਾੜ੍ਹੇ ਜੰਗਲ ਵਿਚ ਚਲੇ ਗਏ। ਤਿੰਨ ਦਿਨ ਜੰਗਲ ਦਾ ਹੀ ਸਫਰ ਕੀਤਾ, ਤਿੰਨ ਦਿਨ ਕੋਈ ਅੰਨ ਵਗੈਰਾ ਹੱਥ ਨਹੀਂ ਆਇਆ। ਤਿੰਨ ਦਿਨ ਹੀ ਖਾਲਸਾ ਕੜਾਕੇ ਰਹਿਕੇ ਪਾਤਸ਼ਾਹੀ ਭੋਗਦਾ ਰਿਹਾ। ਤੀਸਰੇ ਦਿਨ ਸ਼ਾਮ ਨੂੰ ਫਿਰ ਜੰਗਲ ਵਿਚ ਹੀ ਰਾਤ ਪੈਣ ਲਗੀ ਸੀ ਕਿ ਸਾਡੇ ਇਕ ਫਲਦਾਰ ਦਰਖਤ ਨਜ਼ਰੀ ਪਿਆ। ਉਸ ਬ੍ਰਿਛ ਨੂੰ ਪੀਲੇ ਰੰਗ ਦੀਆਂ ਫਲੀਆਂ ਦੇਖਣ ਵਿਚ ਆਈਆਂ। ਜਦੋਂ ਅਸੀਂ ਤੋੜ ਕੇ ਖਾਨ ਵਾਸਤੇ ਮੂੰਹ ਵਿਚ ਪਾਈਆਂ ਤਾਂ ਖਾਣ ਵਿਚ ਬਹੁਤ ਮਿੱਠੀਆਂ ਤੇ ਸੁਆਦ ਲੱਗੀਆਂ। ਫੇਰ ਕਿਹੜੀ ਗੱਲ ਸੀ ਸਾਡਾ ਮਨ ਖੁਸ਼ੀ ਨਾਲ ਭਰ ਗਿਆ ਅਤੇ ਰੱਜ ਰੱਜ ਖਾਂਦੀਆਂ। ਅਸੀਂ ਫਲੀਆਂ ਰੱਜ ਕੇ ਖਾ ਕੇ ਸੌ ਗਏ ਅੱਸੇ ਸੁੱਤੇ ਤਿੰਨ ਦਿਨ ਉਸਦੇ ਘੋਰ ਨਸ਼ੇ ਵਿਚ ਸਰੀਰ ਦੀ ਕੋਈ ਸੁਧ ਨਾ ਰਹੀ। ਤੀਸਰੇ ਦਿਨ ਵੀ ਸਾਨੂੰ ਕੋਈ ਸੁਧ ਨਹੀਂ ਸੀ ਹੋਈ, ਪਰ ਵਾਹਿਗੁਰੂ ਅੰਤਰਜਾਮੀ ਜੋ ਕਿ ਸਰਬੱਗ ਸਮਰਥ ਹੈ ਘਟਾਂ ਘਟਾਂ ਵਿਚ ਵਸਣ ਵਾਲਾ ਹੈ ਉਸ ਮਾਲਕ ਨੇ ਇਸੇ ਇਲਾਕੇ ਦਾ ਵਸਨੀਕ ਏਧਰ ਸਾਡੇ ਪਾਸ ਲੈ ਆਂਦਾ। ਉਸ ਬੰਦੇ ਨੇ ਸਾਨੂੰ ਇਸ ਬੇਹੋਸ਼ੀ ਦੀ ਹਾਲਤ ਵਿਚ ਤਕਿਆ ਅਤੇ ਜਾਣ ਗਿਆ ਕਿ ਇਨ੍ਹਾਂ ਨੇ ਇਸ ਬ੍ਰਿਛ ਦੇ ਇਸ ਫਲੀਆਂ ਰੂਪੀ ਫਲ ਖਾਂਦੇ ਹਨ। ਜਿਸ ਕਰਕੇ ਬੇਹੋਸ਼ ਹੋ ਗਏ ਹਨ। ਉਸ ਪੁਰਸ਼ ਨੇ ਇਨ੍ਹਾਂ ਦੇ ਮੁਖ ਵਿਚ ਪਾਣੀ ਆਦਿ ਪਾ ਕੇ ਹੋਸ਼ ਵਿਚ ਲਿਆਂਦਾ ਅਤੇ ਸਾਰੀ ਗੱਲਬਾਤ ਸੁਣ ਸੁਣਾ ਕੇ ਆਪਣੇ ਪਿੰਡ ਲੈ ਆਂਦਾ ਜੋ ਉਸ ਜਗ੍ਹਾ ਤੋਂ ਤਕਰੀਬਨ ਪੰਜ ਕੁ ਕੋਹ ਹੈ। ਆਪਣੇ ਪਿੰਡ ਰੱਖ ਕੇ ਸੇਵਾ ਕੀਤੀ। ਜਦੋਂ ਚੰਗੀ ਸੇਹਤ ਹੋ ਗਈ। ਫਿਰ ਉਸ ਨੇ ਸਹੀ ਰਸਤੇ ਪਾ ਦਿੱਤੇ। ਸਿੰਘ ਸਾਹਿਬ ਜੀ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੂੰ ਫਲੀਆਂ ਖਾਂਦੀਆਂ ਦਾ ਇਹ ਗੁਣ ਹੋਇਆ ਕਿ ਸਾਡੇ ਕੇਸ ਸਫੈਦ ਨਹੀਂ ਹੋਏ ਅਤੇ ਦੰਦ ਉਸੇ ਤਰ੍ਹਾਂ ਬਿਲਕੁਲ ਸਹੀ ਹਨ। ਦੂਸਰੇ ਕਦੇ ਵੀ ਸਾਨੂੰ ਬੁਢੇਪਾ ਮਹਿਸੂਸ ਨਹੀਂ ਹੋਇਆ ਐਸ ਸਮੇਂ ਸਿੰਘ ਸਾਹਿਬ ਦੀ ਉਮਰ ਤਕਰੀਬਨ ਸੌ ਸਾਲ ਤੋਂ ਉਪਰ ਹੈ। ਆਪ ਜੀ ਬੁੱਢੇ ਦਲ ਦੇ ਵੱਡੇ ਅੰਨਿਨ ਸੇਵਕਾਂ ਵਿਚੋਂ ਹਨ। ਹਿਰਦੇ ਦੇ ਬੜੇ ਗੰਭੀਰ ਅਤੇ ਚੁੱਪ ਕੀਤੇ ਹਨ। ਭਾਵੇਂ ਵੀ ਲੱਖ ਨੇਤਰਾ ਸਿੰਘ ਜੀ ਹਨ ਪਰ ਇਕ

ਨੇਤਰ ਹੀ ਸਿੰਘ ਸਾਹਿਬ ਦਾ ਠੀਕ ਲੱਖ ਨੇਤਰ ਹੀ ਹਨ। ਜਦੋਂ ਬੁੱਢੇ ਦਲ ਵਿਚੋਂ ਕੋਈ ਵਸਤੂ ਦੀ ਚੋਰੀ ਹੋ ਜਾਵੇ ਜਾਂ ਘੋੜਾ ਆਦਿਕ ਚੋਰੀ ਹੋ ਜਾਵੇ ਤਾਂ ਉਸ ਵਸਤੂ ਨੂੰ ਬੁੱਢੇ ਦਲ ਵਿਚ ਲਿਆ ਕੇ ਪ੍ਰਗਟ ਕਰਨਾ ਇਨ੍ਹਾਂ ਦੀ ਹੀ ਸੇਵਾ ਲੱਗਦੀ ਸੀ। ਇਹ ਬੁੱਢੇ ਦਲ ਦੇ ਸੀ. ਆਈ ਡੀ. ਵਾਲੇ ਸਨ।

ਬਲਕਿ ਤੱਤ ਖਾਲਸੇ ਸਮੇਂ ਇਕ ਬਿਜੜਾ ਸਿੰਘ ਜੀ ਹੋਏ ਹਨ ਜੋ ਤੱਤ ਖਾਲਸੇ ਨੂੰ ਉਸ ਸਮੇਂ ਦੀ ਸਰਕਾਰ ਵੀ ਡਾਇਰੀ ਲਿਆ ਕੇ ਦਿੰਦਾ ਸੀ। ਇਸ ਤਰ੍ਹਾਂ ਹੀ ਇਹ ਸਿੰਘ ਸਾਹਿਬ ਬੁੱਢੇ ਦਲ ਦੇ ਸੇਵਾਦਾਰ ਸਨ। ਤਕਰੀਬਨ ਸੱਤਰ ਸਾਲ ਦੀ ਉਮਰ ਵਿਚ ਸ਼ੁਭ ਫੁਰਨਾ ਹੋਇਆ ਕਿ ਮਨੀਮਾਜਰੇ ਵਿਚ ਜੋ ਗੁਰਦੁਆਰਾ ਕੂਹਣੀ ਸਾਹਿਬ (ਬਗੀਚਾ ਸਾਹਿਬ) ਹੋਰ ਆਬਾਦ ਹੈ ਇਸ ਨੂੰ ਆਬਾਦ ਕੀਤਾ ਜਾਵੇ। ਇਸ ਇੱਛਾ ਵਿਚ ਡੇਰੇ ਸੰਤਗੜ੍ਹ ਵਿਖੇ ਸੰਤ ਮਹਾਰਾਜ ਜੀ ਦੇ ਪਾਸ ਆ ਠਹਿਰੇ ਅਤੇ ਦਾਸ ਲਿਖਾਰੀ ਦੇ ਕੋਲ ਮੂਲ-ਮੰਤਰ ਵਾਲੇ ਚਬਾਰੇ ਦੇ ਨੀਚੇ ਜੋ ਕੁਟੀਆ ਹੈ ਇਸ ਵਿਚ ਸਾਡੇ ਦੋਨਾਂ ਦੇ ਆਸਣ ਸਨ। ਅਸੀਂ ਪੰਜ ਸਾਲ ਇਕੱਠੇ ਰਹੇ ਸਾਂ ਪਰ ਦਾਸ ਕੋਲ ਕਦੇ ਵੀ ਇਕ ਵਾਰੀ ਵੀ ਪ੍ਰਗਟ ਨਹੀਂ ਕੀਤਾ ਕਿ ਮੈਂ ਸੰਤਾਂ ਨੂੰ ਉਸ ਇਲਾਕੇ ਵਿਚ ਲੈ ਜਾਣ ਦੀ ਇੱਛਾ ਰੱਖਦਾ ਹਾਂ। ਪਰ ਸੰਤਾਂ ਨੂੰ ਗਾਹੇ ਬਗਾਹੇ ਇਕਾਂਤ ਵਿਚ ਪ੍ਰੇਰਦਾ ਰਹਿੰਦਾ ਕਿ ਪੰਜੌਰ ਵਾਲਾ ਪਹਾੜ ਹੈ ਇਹ ਪਹਾੜ ਸੋਹਲਨ ਕੰਡਾ ਘਾਟ ਸ਼ਿਮਲੇ ਨੂੰ ਜਾ ਲਗਦਾ ਹੈ। ਇਸ ਪਹਾੜ ਵਿਚ ਗੁਪਤ ਫੌਜਾਂ ਰਹਿ ਕੇ ਤਪੱਸਿਆ ਕਰਦੇ ਹਨ। ਆਪ ਜੀ ਦਾ ਉਨ੍ਹਾਂ ਗੁਪਤ ਫੌਜਾਂ ਨਾਲ ਮਿਲਾਪ ਹੋਣਾ ਜ਼ਰੂਰੀ ਹੈ।

ਇਕ ਦਿਨ ਸਮਾਂ ਆਇਆ ਸੰਤ ਮਹਾਰਾਜ ਜੀ ਉਧਰ ਜਾਣ ਵਾਸਤੇ ਤਿਆਰ ਹੋ ਗਏ। ਸੰਤ ਮਹਾਰਾਜ ਬਾਬਾ ਗਜਨ ਸਿੰਘ ਜੀ ਭੇ ਬਾਬੂ ਸੁਜਾਨ ਸਿੰਘ ਜੀ ਨੂੰ ਨਾਲ ਲੈ ਕੇ ਸੰਨ ੧੯੪੫ ਵਿਚ ਉਸ ਧਰਤੀ ਨੂੰ ਜਾ ਭਾਗ ਲਾਏ। ਆਪਣੇ ਆਸਣ ਲਾਉਣ ਵਾਸਤੇ ਰੇਲਵੇ ਲਾਇਨ ਜੋ ਕਿ ਕਾਲਕਾ ਨੂੰ ਜਾਂਦੀ ਸੀ ਉਸ ਨੂੰ ਲੰਘ ਕੇ ਮਨਸਾ ਦੇਵੀ ਦੇ ਮੰਦਰ ਦੇ ਨੇੜੇ ਦੱਖਣ ਦੀ ਦਿਸ਼ਾ ਕੁਝ ਪੁਰਾਣੀਆਂ ਮੜੀਆਂ ਹੋਣ ਨਾ ਮਲੂੰਮ ਸੋ ਮੜੀਆਂ ਸ਼ਹੀਦਾਂ ਦੀਆਂ ਹਨ ਜਾਂ ਸਤੀਆਂ ਦੀਆਂ ਹਨ। ਉਨ੍ਹਾਂ ਮੜੀਆਂ ਵਿਚੋਂ ਜੋ ਕੁਝ ਚੰਗੀ ਤੇ ਵੱਡੀ ਸੀ ਉਸ ਵਿਚ ਆਸਣ ਲਾ ਲਏ। ਸੰਤਾਂ ਦਾ ਬਹੁਤ ਵੱਡਾ ਆਦੇਸ਼ ਹੈ ਕਿ ਕਿਸੇ ਅਗੇ ਕਿਸੇ ਵਸਤੂ ਵਾਸਤੇ ਹੱਥ ਨਹੀਂ ਕਰਨਾ। ਭਾਵ ਕਿਸੇ ਪਾਸ ਕਿਸੇ ਵਸਤੂ ਦਾ ਸਵਾਲ ਨਹੀਂ ਕਰਨਾ। ਇਸ ਨਿਸ਼ਾਨੇ ਨੂੰ ਮੁਖ ਰੱਖਦਿਆਂ ਹੋਇਆਂ ਕਿਸੇ ਪਿੰਡ ਕਸਬੇ ਵਿਚ ਆਪ ਨੇ ਰੋਟੀ ਵਾਸਤੇ ਕੋਈ ਮੰਗ ਨਹੀਂ ਕੀਤੀ। ਇਕ ਸੰਤੋਖ ਨੂੰ ਹੀ ਮੁਖ ਰੱਖਿਆ, ਜਦੋਂ ਅੱਠ ਪਹਿਰ ਭੁੱਖ ਦਾ ਕੁਝ ਸੰਕਲਪ ਹੋਵੇ ਤਾਂ ਉਸ ਹੀ ਧਰਤੀ ਵਿਚੋਂ ਕੁਝ ਪਾਣੀ ਵਾਲਾ ਘਾਹ ਪੱਤਾ ਤੋੜ ਲੈਣ ਉਸ ਨੂੰ ਰਿੰਨ ਕੇ ਸਾਰੇ ਖਾ ਲੈਣ। ਗੁਰਮਤਿ ਅੰਦਰ ਸੰਤੋਖ ਹੀ ਸਾਰੇ ਸਾਧਨਾਂ ਦਾ ਮੁਖ ਸਾਧਨ ਹੈ। ਕਿਉਂਕਿ ਗੁਰੂ ਜੀ ਨੇ ਬਾਣੀ ਵਿਚ ਫੁਰਮਾਇਆ ਹੈ। ਧਰਮ ਦਇਆ ਦਾ ਪੁੱਤਰ ਹੈ। ਸੰਤੋਖ ਇਸ ਧਰਮ ਨੂੰ ਠੀਕ ਇਸਥਿਤ ਰਖਦਾ ਦਇਆ ਕਾ ਪੁੱਤਰ।।

ਧੌਲੁ ਧਰਮੁ ਦਇਆ ਕਾ ਪੂਤੁ।। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।। *(ਜਪੁ ਜੀ ਸਾਹਿਬ)*

ਜੋ ਸਬਰੀ ਸੰਤੋਖੀ ਹੁੰਦੇ ਹਨ ਰੱਬ ਉਨ੍ਹਾਂ ਦੀ ਬੁਕਲੇ ਹੁੰਦਾ ਹੈ ਅਤੇ ਰੱਬ ਦੇ ਕੋਲ ਹੀ ਵਸਦੇ ਹੁੰਦੇ ਹਨ।

ਯਥਾ: ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ।। ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ।। ੧੧੬।।
ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ।।
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ।। ੧੧੭।। *(ਪੰਨਾ ੧੩੮੪)*

ਸਬਰ ਸੰਤੋਖ ਹੀ ਹੈ ਜੋ ਪੁਰਸ਼ ਨੂੰ ਇਕ ਤੁੱਛ ਨਾਲ ਰੂਪ ਜੀਵ ਤੋਂ ਵਧਾ ਕੇ ਈਸ਼ਵਰ ਰੂਪ ਦਰਿਆ ਬਣਾ ਦਿੰਦਾ ਹੈ। ਇਸ ਢੰਗ ਨਾਲ ਜਗਿਆਸੂਆਂ ਨੂੰ ਸਿੱਖਿਆ ਦੇਣ ਹਿਤ ਸੱਤ ਦਿਨ ਨਿਭਾਏ। ਸੱਤਵੇਂ ਦਿਨ ਤੋਂ ਬਾਅਦ ਨਿਅੰਤ ਪ੍ਰੇਰਕ ਵਾਹਿਗੁਰੂ ਨੇ ਸੰਗਤਾਂ ਨੂੰ ਪ੍ਰੇਰ ਦਿੱਤਾ। ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ ਤੇ ਕੁਝ ਨਾ ਕੁਝ ਰਸਦ ਪਾਣੀ ਆਉਣਾ ਸ਼ੁਰੂ ਹੋ ਗਿਆ। ਸੰਤ ਮਹਾਰਾਜ ਇਥੇ ਤਕਰੀਬਨ ਤਿੰਨ ਕੁ ਮਹੀਨੇ ਰਹੇ, ਏਥੇ ਹੀ ਜੋ ਇਸ ਪਹਾੜ ਵਿਚ ਗੁਪਤ ਫੌਜਾਂ ਰਹਿੰਦੀਆਂ ਸਨ ਗਾਹੇ ਬਗਾਹੇ ਆ ਕੇ ਸੰਤਾਂ ਨੂੰ ਆ ਕੇ ਮਿਲਦੀਆਂ ਰਹਿੰਦੀਆਂ। ਕਦੇ ਆਪ ਸੈਰ ਦੇ

ਬਹਾਨੇ ਉਧਰ ਪਹਾੜ ਪਰ ਚਲੇ ਜਾਂਦੇ। ਉਸ ਸਮੇਂ ਵੀ ਕੋਈ ਨਾ ਕੋਈ ਗੁਪਤ ਫੌਜ ਮਿਲਦੀ ਰਹਿੰਦੀ। ਸੰਤਾਂ ਨਾਲ ਪ੍ਰਸ਼ਨ ਉੱਤਰ ਕਰਕੇ ਚਲੇ ਜਾਂਦੇ।

ਇਕ ਦਿਨ ਸਵੇਰੇ ਦਾ ਹੀ ਅਜੇ ਵੇਲਾ ਸੀ ਇਕ ਮਹਾਨ ਜਹੀਫ (ਭਾਵ ਬੁੱਢਾ ਬਜ਼ੁਰਗ ਇਉਂ ਮਾਲੂੰਮ ਹੁੰਦਾ ਸੀ ਕਿ ਦੋ ਸਾਲ ਤੋਂ ਉਥੇ ਹੀ ਹੋਵੇਗਾ ਸੋ ਆਇਆ ਸੰਤ ਦੂਰੋਂ ਦੇਖ ਕੇ ਪਹਿਲਾਂ ਹੀ ਆਪਣੇ ਆਸਣ ਉਪਰੋਂ ਉੱਠ ਖੜੇ ਹੋਏ। ਸੰਤਾਂ ਨੇ ਅਗੇ ਵਧ ਕੇ ਬਜ਼ੁਰਗ ਦੇ ਚਰਨਾਂ ਪਰ ਨਮਸ਼ਕਾਰ ਕਰਨ ਦੀ ਕੋਸ਼ਿਸ਼ ਕੀਤੀ। ਓਧਰੋਂ ਜੋ ਬਜ਼ੁਰਗ ਸੰਤਾਂ ਦੇ ਚਰਨ ਪਰ ਢਹਿ ਪਿਆ। ਸੰਤਾਂ ਨੇ ਇਸ ਬਜ਼ੁਰਗ ਦਾ ਸੀਸ ਆਪਣੇ ਹੱਥਾਂ ਪਰ ਲੈ ਲਿਆ ਅਤੇ ਭੁਜਾ ਤੋਂ ਫੜ ਕੇ ਬੜੇ ਪ੍ਰੇਮ ਸਹਿਤ ਆਪਣੇ ਆਸਣ ਪਰ ਬਿਠਾ ਲਿਆ। ਫਿਰ ਪੌਣਾ ਕੁ ਘੰਟਾ ਕੁਝ ਬਚਨਾਂ ਦੁਆਰਾ ਖਿਆਲ ਤਬਾਦਲਾ ਕੀਤੇ। ਇਤਨੇ ਨੂੰ ਸੋ ਬਜ਼ੁਰਗ ਬੜੀ ਖੁਸ਼ੀ ਖੁਸ਼ੀ ਵਾਪਸ ਦੀ ਨਿੰਮਰਤਾ ਸਹਿਤ ਨਮਸ਼ਕਾਰ ਕਰਕੇ ਚਲਾ ਗਿਆ।

ਕੁਝ ਦੂਰ ਜਾਂਦਾ ਦਿਖਾਈ ਦਿੰਦਾ ਰਿਹਾ ਫਿਰ ਤਾਂ ਗੁਪਤ ਹੀ ਹੋ ਗਿਆ। ਓਧਰ ਸੇਵਾਦਾਰ ਜਲ ਪਾਣੀ ਤਿਆਰ ਕਰਦੇ ਰਹਿ ਗਏ ਕਿ ਮਹਾਂਪੁਰਸ਼ ਆਏ ਹਨ। ਕੁਝ ਪ੍ਰਸ਼ਾਦ ਪਾਣੀ ਛਕਾਵਾਂਗੇ। ਸਾਰਿਆਂ ਦੀਆਂ ਆਸਾਂ ਚਿੱਤ ਵਿਚ ਹੀ ਰਹਿ ਗਈਆਂ। ਕੀ ਤਕਿਆ ਕਿ ਬਜ਼ੁਰਗ ਮਹਾਂਪੁਰਸ਼ਾਂ ਨੇ ਪ੍ਰਸ਼ਾਦਿ ਪਾਣੀ ਤੋਂ ਬਿਨਾਂ ਹੀ ਭੇਜ ਦਿੱਤਾ। ਸੰਤ ਮਹਾਰਾਜ ਹੱਸ ਕੇ ਕਹਿਣ ਲੱਗੇ, ਇਨ੍ਹਾਂ ਬਜ਼ੁਰਗਾਂ ਨੇ ਤੁਹਾਡਾ ਪ੍ਰਸ਼ਾਦਿ ਪਾਣੀ ਨਹੀਂ ਸੀ ਛਕਣਾ। ਇਹ ਲੋਕ ਤਾਂ ਪੌਣ ਅਹਾਰੀ ਜਾਂ ਨਿਰਅਹਾਰੀ ਹੀ ਰਹਿੰਦੇ ਹਨ ਅਤੇ ਵਾਹਿਗੁਰੂ ਦਾ ਸਿਮਰਨ ਅਤੇ ਵਾਹਿਗੁਰੂ ਦੀ ਯਾਦ ਵਿਚ ਤੇ ਰਜ਼ਾ ਵਿਚ ਵਿਚਰਦੇ ਰਹਿੰਦੇ ਹਨ। ਐਸੇ ਬਹੁਤ ਸਾਰੇ ਚਿਰਜੀਵੀ ਮਹਾਂਪੁਰਸ਼ ਇਨ੍ਹਾਂ ਪਹਾੜਾਂ ਵਿਚ ਰਹਿੰਦੇ ਹੋਏ ਬਦੇਹ ਮੁਕਤੀ ਦਾ ਆਨੰਦ ਮਾਣਦੇ ਹਨ।

ਸੰਤ ਮਹਾਰਾਜ ਜੀ ਦੇ ਸਰੀਰ ਵਿਚ ਬਿਆਧੀ ਦਾ ਆਉਣਾ

ਜੋ ਵੀ ਜੀਵ ਸੰਸਾਰ ਵਿਚ ਪੈਦਾ ਹੋਇਆ ਜਾਂ ਆਉਂਦਾ ਹੈ ਸੋ ਜੀਵ ਕਰਮ, ਕੁਕਰਮ, ਸੁਕਰਮ ਤਿੰਨਾਂ ਕਰਮਾਂ ਦੀ ਪਰਾਲਬਧ ਕਰਮ ਭੋਗਣ ਵਾਸਤੇ ਆਉਂਦਾ ਹੈ। ਇਨ੍ਹਾਂ ਤਿੰਨ ਕਿਸਮਾਂ ਦੇ ਕਰਮਾਂ ਦੁਆਰਾ ਹੀ ਦੁਖ ਸੁਖ ਦਾ ਚੋਲੜਾ ਪਹਿਣ ਕੇ ਪੁਰਸ਼ ਆਉਂਦਾ ਹੈ।

ਯਥਾ ਕਿ:— ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।।
ਪੁੰਨੀ ਪਾਪੀ ਆਖਣੁ ਨਾਹਿ।। ਕਰਿ ਕਰਿ ਕਰਣਾ ਲਿਖਿ ਲੈ ਜਾਹੁ।।
ਆਪੇ ਬੀਜਿ ਆਪੇ ਹੀ ਖਾਹੁ।। ਨਾਨਕ ਹੁਕਮੀ ਆਵਹੁ ਜਾਹੁ।। ੨੦।। (ਜਪੁ ਜੀ ਸਾਹਿਬ)

ਅਗਿਆਨੀ ਜੀਵ ਇਹ ਦੁਖ ਸੁਖ ਭੋਗਦੇ ਹੋਏ ਦੁਖੀ ਹੁੰਦੇ ਹਨ ਅਤੇ ਰੱਬ ਪਰ ਦੋਸ਼ ਦੇਂਦੇ ਹਨ ਕਿ ਰੱਬ ਨੇ ਸਾਨੂੰ ਦੁੱਖ ਦਿੱਤਾ ਹੈ। ਪਰ ਗਿਆਨਵਾਨ ਦੁਖ ਭੁਗਤਦੇ ਹੋਏ ਪ੍ਰਸੰਨ ਰਹਿੰਦੇ ਹਨ, ਕਿ ਇਹ ਜੋ ਕੁਝ ਵੀ ਹੋ ਰਿਹਾ ਹੈ, ਜੋ ਦੁੱਖ ਸੁੱਖ ਸਾਡੇ ਸਰੀਰ ਤੇ ਆਇਆ ਹੈ ਸੋ ਮੇਰੇ ਆਪਣੇ ਕੀਤੇ ਕਰਮਾਂ ਦਾ ਹੀ ਫਲ ਹੈ। ਵਾਹਿਗੁਰੂ ਇਹ ਦੁਖ ਭੁਗਤਾ ਕੇ ਮੇਰੇ ਕੀਤੇ ਕਰਮ ਕੱਟ ਰਿਹਾ ਹੈ। ਇਸ ਵਾਸਤੇ ਭਗਵਾਨ ਦੀ ਮੇਰੇ ਪਰ ਮਹਾਨ ਕਿਰਪਾ ਦਾ ਹੀ ਸਦਕਾ ਹੈ ਜੋ ਦਾਸ ਕਰਮਾਂ ਦੀ ਫਾਹੀ ਵਿਚੋਂ ਨਿਕਲ ਰਿਹਾ ਹੈ। ਗਿਆਨਵਾਨ ਨਿਸ਼ਚਾ ਕਰਦੇ ਹਨ ਕਿ ਇਹ ਦੁਖ ਭੁਖ ਉਸ ਪਰਮੇਸ਼ਰ ਦੀ ਦਾਤ ਹੈ। ਇਸ ਵਾਸਤੇ ਪ੍ਰਸੰਨ ਰਹਿੰਦੇ ਹਨ ਜੈਸੇ ਕਿ:

ਕੇਤਿਆ ਦੁਖ ਭੂਖ ਸਦ ਮਾਰ।। ਏਹਿ ਭਿ ਦਾਤਿ ਤੇਰੀ ਦਾਤਾਰ।।
ਬੰਦਿ ਖਲਾਸੀ ਭਾਣੈ ਹੋਇ।। ਹੋਰੁ ਆਖਿ ਨ ਸਕੈ ਕੋਇ।। (ਜਪੁ ਜੀ ਸਾਹਿਬ)

ਦੁੱਖ ਉਸ ਪਰਮੇਸ਼ਰ ਦੀ ਰਜ਼ਾ ਕਰਕੇ ਹੀ ਹੈ। ਇਹ ਬਿਰਤੀ ਗਿਆਨਵਾਨ ਦੀ। ਅਗਿਆਨੀ ਜੀਵ ਦੁਖੀ ਹੁੰਦਾ ਹੈ ਤੇ ਰੱਬ ਵਿੱਚ ਦੋਸ਼ ਕੱਢਦਾ ਹੈ। ਜੋ ਸੰਸਾਰ ਵਿਖੇ ਵਿਸ਼ੇਸ਼ ਅਵਤਾਰ ਜਾਂ ਨਿਤ ਅਵਤਾਰ ਆਉਂਦੇ ਹਨ ਸੋ ਆਪਣੇ

ਕਰਮਾਂ ਦੇ ਕੀਤੇ ਹੋਏ ਦੁਖ ਸੁਖ ਵਿਚ ਬੱਝੇ ਹੋਏ ਨਹੀਂ ਆਉਂਦੇ ਬਲਕਿ ਜੀਵਾਂ ਦੇ ਕੀਤੇ ਕਰਮਾਂ ਦੇ ਭੁਗਤਾਨ ਹਿਤ ਹੀ ਆਉਂਦੇ ਹਨ। ਪਾਪੀ ਪੁਰਸ਼ਾਂ ਦੇ ਪਾਪ ਕਰਮਾਂ ਨੂੰ ਭੁਗਤਾਨ ਵਾਸਤੇ ਅਤੇ ਪੁੰਨੀ ਜੀਵਾਂ ਦੇ ਪੁੰਨ ਦਾ ਫਲ ਭੁਗਤਾਨ ਵਾਸਤੇ ਆਉਂਦੇ ਹਨ। ਕਦੇ ਸਮਾਂ ਆਉਂਦਾ ਹੈ ਕਿ ਪੂਰਨ ਪੁਰਖ ਆਪਣੇ ਜਗਿਆਸੂਆਂ ਦੇ ਕੀਤੇ ਕਰਮਾਂ ਨੂੰ ਆਪਣੇ ਪੁਰ ਹੀ ਭੁਗਤ ਕੇ ਉਨ੍ਹਾਂ ਕਰਮਾਂ ਦਾ ਨਾਸ ਕਰ ਦੇਂਦੇ ਹਨ। ਜੈਸੇ ਕਿ ਭਾਈ ਭਗਤੂ ਜੀ ਨੇ ਅਖੀਰ ਦੇ ਸਮੇਂ ਸ਼ਰਧਾਲੂ ਸਿੱਖ ਬਰਾੜਾਂ ਦੇ ਕੀਤੇ ਕਰਮ ਆਪਣੇ ਸਰੀਰ ਪਰ ਜਲਾਬ ਆਦਿ ਬਿਆਧੀ ਲਾ ਕੇ ਭੁਗਤ ਲਏ ਸਨ। ਭਾਵ ਕੀ ਸੰਤ ਮਹਾਰਾਜ ਜੀ ਦੇ ਸਰੀਰ ਪਰ ਵੀ ਏਸੇ ਢੰਗ ਨਾਲ ਬਿਆਧੀ ਕਸ਼ਟ ਬਹੁਤ ਸਖਤ ਆਇਆ ਸੀ। ਡੇਰੇ ਸੰਤਗੜ੍ਹ ਜਦੋਂ ਪਤਾ ਲੱਗਾ ਤਾਂ ਸ੍ਰੀ ਜੱਗਾ ਸਿੰਘ ਜੀ ਦੀ ਇੱਛਾ ਅਨੁਸਾਰ ਸਾਰੇ ਡੇਰੇ ਵਾਲਿਆਂ ਨੇ ਸਲਾਹ ਕਰਕੇ ਸ੍ਰੀ ਮਾਨ ਜੀ ਨੂੰ ਸੰਤ ਮਹਾਰਾਜ ਜੀ ਦੀ ਸਾਰ ਲੈਣ ਵਾਸਤੇ ਘੱਲਿਆ। ਸਾਰੀ ਸੰਗਤ ਨੇ ਬੜੀ ਜ਼ੋਰਦਾਰ ਬੇਨਤੀ ਕੀਤੀ ਸੀ। ਸ੍ਰੀ ਮਾਨ ਜੀ ਦੇ ਪਾਸ ਕਿ ਡੇਰੇ ਆ ਕੇ ਸਾਰਿਆਂ ਨੂੰ ਤਸੱਲੀ ਕਰਾਇਓ ਕਿ ਸੰਤਾਂ ਦੇ ਸਰੀਰ ਵਿਚ ਕੀ ਰੋਗ ਹੈ ਅਤੇ ਕਿਤਨਾ ਕੁ ਰੋਗ ਹੈ। ਅਗਰ ਤੁਸਾਂ ਨੇ ਸੰਤਾਂ ਦੀ ਸੇਵਾ ਵਿਚ ਰਹਿਣਾ ਹੋਇਆ ਤਾਂ ਸੰਗਤ ਨੂੰ ਦਸ ਕੇ ਸੰਤਾਂ ਦੀ ਸੇਵਾ ਵਿਚ ਜਾ ਰਿਹੋ।

ਹੁਣ ਸ੍ਰੀ ਮਾਨ ਜੀ ਸੰਤਾਂ ਦੀ ਸੇਵਾ ਵਿਚ ਹੀ ਲੱਗ ਗਏ। ਪਿਛੇ ਸੰਗਤ ਨੂੰ ਭੁਲਾ ਹੀ ਦਿੱਤਾ। ਸੰਗਤ ਨੇ ਅੱਠ ਦਿਨ ਸ੍ਰੀਮਾਨ ਦੀ ਉਡੀਕ ਵਿਚ ਤੜਫਦਿਆਂ ਕੱਢੇ। ਜਦੋਂ ਸਾਰੀ ਸੰਗਤ ਨੂੰ ਨਿਸਚਾ ਹੋ ਗਿਆ ਕਿ ਸ੍ਰੀਮਾਨ ਨੇ ਸਾਰੀ ਸੰਗਤ ਦਾ ਬਚਨ ਭੁਲਾ ਦਿੱਤਾ ਹੈ। ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ। ਸਾਰੀ ਸੰਗਤ ਨੇ ਵਿਚਾਰ ਕੀਤੀ ਕਿ ਆਪ ਸਾਰੇ ਹੜਤਾਲ ਕਰ ਦੇਵੋ ਨਾ ਅੰਨ ਪਾਖੋ ਨਾ ਪਾਣੀ ਪੀਓ। ਅੱਜ ਇਹ ਮਤਾ ਪੱਕਾ ਹੋ ਗਿਆ। ਇਹ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ। ਅੰਮ੍ਰਿਤ ਵੇਲਾ ਹੋਇਆ ਸਾਰਿਆਂ ਨੇ ਸੌਚਾ ਇਸ਼ਨਾਨ ਸੋਧੇ। ਸ਼ਹੀਦੀ ਦੇਗਾਂ ਦੇ ਰਗੜੇ ਲਾਏ ਅਤੇ ਕੜਾਹ ਪ੍ਰਸ਼ਾਦਿ ਬੜੀ ਸਵੱਛ ਮਰਯਾਦਾ ਅਨੁਸਾਰ ਬਣਾ ਕੇ ਸ਼ਤਿਗੁਰੂ ਜੀ ਦੀ ਹਜ਼ੂਰੀ ਲੈ ਆਂਦਾ ਅਤੇ ਸ਼ਹੀਦੀ ਦੇਗ ਪੁਣ ਛਾਣ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਲੈ ਆਉਂਦੀ ਅਤੇ ਫਿਰ ਮਤਾ ਕੀਤਾ ਕਿ ਜੇ ਜੱਗਾ ਸਿੰਘ ਜੀ ਆ ਜਾਵੇ ਤਾਂ ਕੋਈ ਸਿੰਘ ਵੀ ਆਪਣੀ ਮੋਨ ਖੋਲ੍ਹ ਕੇ ਜੱਗਾ ਸਿੰਘ ਜੀ ਨਾਲ ਕੋਈ ਗੱਲਬਾਤ ਨਾ ਕਰੇ ਅਤੇ ਕਿਸੇ ਨੇ ਵੀ ਕਿਸੇ ਪ੍ਰਕਾਰ ਅੰਨ੍ਹ ਜਲ ਨਹੀਂ ਬਰਨਾ। ਜਿਤਨੀ ਦੇਰ ਆਪ ਆ ਕੇ ਦਰਸ਼ਨ ਨਾ ਦੇਣ।

ਦੋਨਾਂ ਦੇਗਾਂ ਦਾ ਅਰਦਾਸਾ ਸੋਧਿਆਂ ਗਿਆ ਆਪਣੇ ਆਸਣ ਪਰ ਬੈਠ ਕੇ ਸਿਮਰਨ ਕਰਨ ਲੱਗ ਪਏ। ਕਣਕ ਦੀ ਗਹਾਈ ਕਰਨ ਵਾਲੇ ਕਣਕ ਪਾਸ ਜਾ ਬੈਠੇ। ਲਾਂਗਰੀ ਵੀ ਸੇਵਾ ਵਿਚ ਲਗ ਗਏ। ਉਹ ਆਏ ਗਏ ਯਾਤਰੂਆਂ ਨੂੰ ਪ੍ਰਸ਼ਾਦਿ ਪਾਣੀ ਛਕਾਉਂਦੇ ਰਹੇ। ਉਸ ਤਰਫ ਸੰਤਾਂ ਨੇ ਅੰਮ੍ਰਿਤ ਵੇਲੇ ਹੀ ਸ੍ਰੀ ਮਾਨ ਜੀ ਨੂੰ ਡੇਰੇ ਨੂੰ ਹੁਕਮ ਦੇ ਕੇ ਘੱਲ ਦਿੱਤਾ। ਸ੍ਰੀ ਮਾਨ ਜੀ ਨੇ ਸੰਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ, ਆਪ ਜੀ ਡੇਰੇ ਨੂੰ ਕਿਰਪਾ ਕਰਕੇ ਚਲੋ। ਸੰਤਾਂ ਨੇ ਉੱਤਰ ਦਿੱਤਾ ਕਿ ਸਾਡਾ ਚਿੱਤ ਡੇਰੇ ਨੂੰ ਜਾਣ ਨੂੰ ਬਿਲਕੁਲ ਨਹੀਂ ਕਰਦਾ। ਤੂੰ ਡੇਰੇ ਨੂੰ ਜਾਣਾ ਕਰ। ਸ੍ਰੀ ਮਾਨ ਜੀ ਸੰਤਾਂ ਨੂੰ ਨਮਸ਼ਕਾਰ ਕਰਕੇ ਮੋਟਰ ਪਰ ਆ ਗਏ। ਸ੍ਰੀ ਮਾਨ ਦੇ ਤੁਰਨ ਤੋਂ ਛੇਤੀ ਬਾਅਦ ਹੀ ਕੋਲ ਦੀ ਸੰਗਤ ਨੂੰ ਕਿਹਾ ਕਿ ਸਾਡਾ ਏਥੇ ਬਹੁਤ ਚਿੱਤ ਉਦਾਸ ਹੋ ਗਿਆ ਹੈ, ਅਸੀਂ ਏਥੇ ਹੁਣ ਥੋੜੀ ਦੇਰ ਵੀ ਨਹੀਂ ਰਹਿ ਸਕਦੇ। ਇਕ ਦਮ ਸੰਤਾਂ ਤਿਆਰੀ ਕਰ ਲਈ। ਲੰਗਰ ਛਕਣ ਤੋਂ ਬਾਅਦ ਛੇਤੀ ਹੀ ਉਸ ਪਹਾੜੀ ਤੋਂ ਚਲ ਪਏ ਅਤੇ ਸ਼ਾਮ ਦੇ ਛੇ ਕੁ ਵਜੇ ਅੰਬਾਲਾ ਛਾਉਣੀ ਵਿਖੇ ਮਿਲਟਰੀ ਡੇਰੀ ਫਾਰਮ ਮੈਨੇਜਰ ਸ: ਮਾਨ ਸਿੰਘ ਜੀ ਪਾਸ ਆ ਗਏ। ਤਕਰੀਬਨ ਚਾਰ ਵਜੇ ਸ੍ਰੀ ਮਾਨ ਜੱਗਾ ਸਿੰਘ ਜੀ ਡੇਰੇ ਵਿਖੇ ਆ ਗਏ। ਡੇਰੇ ਵਿਚ ਆ ਕੇ ਜਦੋਂ ਸ੍ਰੀ ਮਾਨ ਜੀ ਨੇ ਡੇਰੇ ਵਾਲਿਆਂ ਦੀ ਹਾਲਤ ਭੱਕੀ ਤਾਂ ਬੜਾ ਪ੍ਰੇਸ਼ਾਨ ਹੋਇਆ। ਸੰਤ ਬਹਾਲ ਸਿੰਘ ਜੀ ਦਾ ਸ੍ਰੀ ਮਾਨ ਨਾਲ ਬੋਲਣਾ ਤਾਂ ਇਕ ਪਾਸੇ ਰਿਹਾ ਬਲਕਿ ਕੋਈ ਸਿੰਘ ਅੱਖ ਨਹੀਂ ਰਲਾਉਂਦਾ। ਸਿੰਘ ਕੌਣ-ਕੌਣ ਸਨ: ਸੰਤ ਗੁਰਬਚਨ ਸਿੰਘ ਜੀ ਘੋੜਿਆਂ ਵਾਲਾ, ਸੰਤ ਇੰਦਰ ਸਿੰਘ ਜੀ ਗੁਣੀਆ, ਦਾਸ ਲਿਖਾਰੀ, ਸੰਤ ਗੁਰਦਿਤ ਸਿੰਘ ਜੀ, ਸੰਤ ਸੁਚਾ ਸਿੰਘ ਜੀ, ਸੰਤ ਗਿਆਨ ਸਿੰਘ ਜੀ, ਛੋਟਾ ਸੰਤ ਨਿਰੰਜਨ ਸਿੰਘ ਜੀ (ਪ੍ਰੀਤੂ), ਸੰਤ ਕੱਕਾ ਸਿੰਘ ਜੀ, ਸੰਤ ਮੇਹਰ ਸਿੰਘ ਜੀ, ਹੋਰ

ਵੀ ਕਾਫੀ ਸਿੰਘ ਸਨ। ਸਾਰੇ ਸਿੰਘਾਂ ਵਿਚੋਂ ਸੰਤ ਗਿਆਨ ਸਿੰਘ ਢਿੱਲੇ ਪੈ ਗਏ। ਸੰਤ ਗਿਆਨ ਸਿੰਘ ਜੀ ਨੇ ਹੀ ਸਾਰੀ ਗੱਲ ਸ੍ਰੀ ਮਾਨ ਨੂੰ ਦੱਸ ਦਿੱਤੀ ਕਿ ਤੇਰੇ ਇਤਨੇ ਦਿਨ ਨਾ ਆਉਣ ਦੇ ਗੁੱਸੇ ਵਿਚ ਸਾਰੀ ਸੰਗਤ ਨੇ ਭੁਖ ਹੜਤਾਲ ਕੀਤੀ ਹੋਈ ਹੈ ਅਤੇ ਸਾਰਿਆਂ ਨੇ ਤੇਰੇ ਨਾਲ ਨਾਮਿਲਵਰਤਣ ਦਾ ਮਤਾ ਪਾਸ ਕਰ ਰੱਖਿਆ ਹੈ।

ਸ੍ਰੀ ਮਾਨ ਜੀ ਇਹ ਸੁਣ ਕੇ ਬਹੁਤ ਉਦਾਸ ਹੋ ਗਏ। ਉਸੀ ਸਮੇਂ ਡੁਮੇਲੀ ਸੰਤ ਬਾਬਾ ਦਲੀਪ ਸਿੰਘ ਜੀ ਪਾਸ ਜਾ ਬੇਨਤੀ ਕੀਤੀ ਤੇ ਡੇਰੇ ਦੀ ਸਾਰੀ ਹਾਲਤ ਕਹਿ ਸੁਣਾਈ। ਸੰਤ ਬਾਬਾ ਦਲੀਪ ਸਿੰਘ ਜੀ ਨੂੰ ਬੇਨਤੀ ਕਰਕੇ ਆਪਣੇ ਨਾਲ ਹੀ ਡੇਰੇ ਲੈ ਆਇਆ। ਸੰਤ ਦਲੀਪ ਸਿੰਘ ਜੀ ਨੇ ਸਾਰੇ ਡੇਰੇ ਦੀ ਸੰਗਤ ਨੂੰ ਇਕੱਤਰ ਕੀਤਾ ਅਤੇ ਸਾਰਿਆਂ ਨੂੰ ਸ਼ਾਂਤੀ-ਪੂਰਬਕ ਉਪਦੇਸ਼ ਦੇ ਕੇ ਆਪਣੇ ਨਾਲ ਸਹਿਮਤ ਕਰ ਲਿਆ। ਭੁਖ ਹੜਤਾਲ ਦੇ ਤੀਸਰੇ ਦਿਨ ਅੰਮ੍ਰਿਤ ਵੇਲੇ ਸੰਤ ਦਲੀਪ ਸਿੰਘ ਜੀ ਨੇ ਫਿਰ ਕੜਾਹ ਪ੍ਰਸ਼ਾਦਿ ਬਣਾਇਆ ਅਤੇ ਸ਼ਹੀਦੀ ਦੇਗ ਵੀ ਬਣਾਈ। ਬਾਬਾ ਜੀ ਨੇ ਆਪ ਅਰਦਾਸ ਕੀਤੀ ਕਿ ਧਰਮ ਪਿਤਾ ਸਤਿਗੁਰੂ ਜੀ, ਜੋ ਡੇਰੇ ਦੀ ਸੰਗਤ ਨੇ ਸੰਤਾਂ ਨੂੰ ਡੇਰੇ ਲਿਆਉਣ ਵਾਸਤੇ ਜਾਂ ਸ੍ਰੀ ਮਾਨ ਨੂੰ ਡੇਰੇ ਲਿਆਉਣ ਵਾਸਤੇ ਅਰਦਾਸ ਕਰਕੇ ਭੁਖ ਹੜਤਾਲ ਕੀਤੀ ਹੈ ਸੋ ਆਪ ਜੀ ਨੇ ਮੇਹਰ ਕਰਕੇ ਪੂਰੀ ਕਰ ਦਿੱਤੀ ਹੈ। ਸ੍ਰੀ ਮਾਨ ਜੀ ਸੰਤ ਮਹਾਰਾਜ ਜੀ ਦੀ ਸੁਖ ਸ਼ਾਂਤੀ ਲੈ ਕੇ ਡੇਰੇ ਆ ਗਿਆ।

ਹੁਣ ਆਪ ਜੀ ਮੇਹਰ ਕਿਰਪਾ ਕਰਕੇ ਸਾਡੇ ਡੇਰੇ ਵਾਲਿਆਂ ਨੂੰ ਭੁਖ ਹੜਤਾਲ ਖੋਲ੍ਹਣ ਦੀ ਆਗਿਆ ਦੇਣਾ ਕਰੋ ਅਤੇ ਸ੍ਰੀ ਮਾਨ ਜੀ ਨਾਲ ਮਿਲਵਰਤਣ ਦੀ ਆਗਿਆ ਦੇਣਾ ਕਰੋ। ਅਰਦਾਸ ਕਰਕੇ ਮੁਖ ਵਾਕ ਲੈ ਕੇ ਤੀਸਰੇ ਦਿਨ ਸਾਰੀ ਸੰਗਤ ਨੇ ਭੁੱਖ ਹੜਤਾਲ ਛੱਡ ਕੇ ਸਾਰੀਆਂ ਖੁਸ਼ੀਆਂ ਕੀਤੀਆਂ ਅਤੇ ਸ੍ਰੀ ਮਾਨ ਜੀ ਕੋਲੋਂ ਸੰਤਾਂ ਦੀ ਸੇਹਤ ਬਾਰੇ ਪੁੱਛ ਕੇ ਆਨੰਦ ਮਾਣਿਆ। ਬਾਬਾ ਸੰਤ ਮਹਾਰਾਜ ਜੀ ਸੱਤ ਦਿਨ ਅੰਬਾਲਾ ਛਾਉਣੀ ਕੱਟ ਕੇ ਫਿਰ ਡੁਮੇਲੀ ਸੰਤ ਦਲੀਪ ਸਿੰਘ ਜੀ ਪਾਸ ਕੁਝ ਦਿਨ ਰਹੇ। ਉਸ ਤੋਂ ਉਪਰੰਤ ਡੇਰੇ ਆ ਕੇ ਸਾਰੀ ਸੰਗਤ ਨੂੰ ਧੀਰਜ ਤੇ ਸ਼ਾਂਤੀ ਬਖਸ਼ਿਸ਼ ਕੀਤੀ ਅਤੇ ਸ੍ਰੀ ਮਾਨ ਜੀ ਨੂੰ ਆਖਿਆ ਕਿ ਜੋ ਸੰਗਤਾਂ ਨਾਲ ਬਚਨ ਕਰੀਦਾ ਹੈ ਉਸ ਦਾ ਖਿਆਲ ਰੱਖੀਦਾ ਹੈ। ਅੰਬਾਂ ਦਾ ਸਾਰਾ ਸੀਜਨ ਡੇਰੇ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਬਹੁਤ ਸਾਧੂ, ਵਿਦਵਾਨ, ਕਥਾ ਵਾਚਕ, ਤਪੱਸਵੀ ਬਰਕਿਤ ਡੇਰੇ ਅੰਬਾਂ ਦੇ ਸੀਜਨ ਵਿਚ ਆਏ। ਇਸ ਸਾਲ ਸੰਤ ਗੁਰਬਚਨ ਸਿੰਘ ਜੀ ਖਾਲਸਾ ਮੰਡਲੇਸ਼ਰ ਆਪਣੇ ਸਾਰੇ ਜਥੇ ਸਮੇਤ ਆਏ ਸਨ। ਸੰਗਤਾਂ ਨੇ ਰੱਜ-ਰੱਜ ਕੇ ਸੇਵਾ ਕੀਤੀ। ਵਿਦਾਇਗੀ ਸਮੇਂ ਸਾਰੇ ਜੱਥੇ ਨੂੰ ਚੋਲੇ, ਕਛਹਿਰੇ, ਦਸਤਾਰੇ ਸਮੇਤ ਬਸਤਰ ਵੀ ਭੇਟਾ ਕੀਤੇ। ਸੰਤ ਬਾਬਾ ਗੁਰਬਚਨ ਸਿੰਘ ਜੀ ਨੂੰ ਜੱਥੇ ਸਮੇਤ ਡੇਰੇ ਹੀ ਛੱਡ ਗਏ ਸਨ ਅਤੇ ਬੇਨਤੀ ਕਰ ਗਏ ਸਨ ਕਿ ਬਾਬਾ ਜੀਉ, ਇਕ ਮਹੀਨਾ ਹੋਰ ਦਰਸ਼ਨ ਦੇ ਕੇ ਤੇ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਿਓ। ਸੰਤ ਤਾਂ ਭਾਦੋਂ ਦੀ ਮੱਸਿਆ ਨੂੰ ਚਲੇ ਗਏ। ਬਾਬਾ ਗੁਰਬਚਨ ਸਿੰਘ ਜੀ ਨੇ ਦੂਸਰੇ ਦਿਨ ਹੀ ਚਾਲੇ ਪਾਉਣ ਦੇ ਕਮਰਕੱਸੇ ਕਰ ਲਏ। ਡੇਰੇ ਦੀ ਸੰਗਤ ਅਤੇ ਸੰਤ ਨੰਦ ਸਿੰਘ ਜੀ ਰਾਮਗੜ੍ਹੀਏ ਨੇ ਤੇ ਬਾਬਾ ਦੀਦਾਰ ਸਿੰਘ ਜੀ ਨੇ ਬਹੁਤ ਬੇਨਤੀ ਕੀਤੀ ਕਿ ਸੰਤਾਂ ਦੇ ਬਚਨ ਅਨੁਸਾਰ ਇਕ ਮਹੀਨਾ ਹੋਰ ਦਰਸ਼ਨ ਦੇਣਾ ਕਰੋ, ਪਰ ਬਾਬਾ ਗੁਰਬਚਨ ਸਿੰਘ ਜੀ ਨਾ ਮੰਨੇ। ਚਲੇ ਹੀ ਗਏ।

ਕੁਹਣੀ ਸਾਹਿਬ (ਬਗੀਚਾ ਸਾਹਿਬ) ਗੁਰਦੁਆਰਾ ਬਨਣਾ

ਸੰਤ ਮਹਾਰਾਜ ਜੀ ਨੇ ਏਧਰ ਮਾਝੇ ਵਿਚ ਹੀ ਭਾਦੋਂ ਦੀ ਮੱਸਿਆ ਕੀਤੀ ਅਤੇ ਕੱਤਕ ਦੀ ਦੀਵਾਲੀ ਕਰਕੇ ਡੇਰੇ ਆਏ, ਡੇਰੇ ਆ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਹਰ ਇਕ ਸੇਵਕ ਦੀ ਸੇਵਾ ਬਾਬਤ ਕਮੀ-ਪੇਸ਼ੀ, ਪੁੱਛ ਕੇ ਸਾਰਿਆਂ ਦੀ ਕਮੀ-ਪੇਸ਼ੀ ਨੂੰ ਪੂਰਾ ਕੀਤਾ ਅਤੇ ਸਾਰਿਆਂ ਦੇ ਪਰਮਾਰਥ ਨੂੰ ਪੁੱਛ ਕੇ ਤੇ ਸਾਰਿਆਂ ਦੀਆਂ ਸ਼ੰਕਾਂ ਦੂਰ ਕਰਕੇ ਦ੍ਰਿੜ੍ਹ ਵਿਸ਼ਵਾਸ ਦੁਆ ਕੇ ਆਪੋ ਆਪਣੀ ਬਿਰਤੀ ਵਿਚ ਫਿਰ ਲਾ ਦਿੱਤੇ।

ਹੁਣ ਡੇਰੇ ਤੋਂ ਸੰਤ ਇੰਦਰ ਸਿੰਘ ਜੀ, ਜਥੇਦਾਰ ਜਨਕ ਸਿੰਘ ਜੀ, ਸੰਤ ਨੱਥਾ ਸਿੰਘ ਜੀ, ਸੰਤ ਗੁਰਬਖਸ਼ ਸਿੰਘ ਜੀ, ਠਾਕਰ ਸੰਤ ਕੇਹਰ ਸਿੰਘ ਜੀ ਨੂੰ ਆਪਣੇ ਨਾਲ ਲਿਆ ਅਤੇ ਬੀਬੀ ਦਇਆ ਕੌਰ ਨੂੰ ਵੀ ਨਾਲ ਲਿਆ। ਹਜ਼ੂਰ

ਡੇਰੇ ਤੋਂ ਚਲ ਕੇ ਇਸ ਸੇਵਕਾਂ ਦੇ ਜੱਥੇ ਨੂੰ ਨਾਲ ਲੈ ਕੇ ਕੂਹਣੀ ਸਾਹਿਬ ਪਹੁੰਚ ਗਏ। ਦੂਸਰੇ ਦਿਨ ਹੀ ਛੰਨ ਬੰਨ੍ਹ ਕੇ ਮੂਲ-ਮੰਤਰ ਦਾ ਪਾਠ ਪ੍ਰਾਰੰਭ ਕਰ ਦਿੱਤਾ। ਗਊ ਦੇ ਘੀ ਦੀ ਨਿਰੰਜਨੀ ਜੋਤ ਅੱਠੇ ਪਹਿਰ ਜਗਦੀ ਰਹਿੰਦੀ। ਧੂਪ ਸਮੱਗਰੀ ਦਾ ਹਵਨ ਹੁੰਦਾ ਅਤੇ ਸ਼ੁਦੇ ਕੇਸੀ ਇਸ਼ਨਾਨ ਕਰਕੇ ਹਮੇਸ਼ਾਂ ਦੇ ਕਪੜੇ ਬਦਲ ਕੇ ਦੋ-ਦੋ ਘੰਟੇ ਦੀ ਰੋਲ ਰੱਖ ਕੇ ਇਕ ਰਸ ਮੂਲ-ਮੰਤਰ ਦਾ ਪਾਠ ਸਿੰਘ ਕਰਦੇ ਰਹਿੰਦੇ। ਅੰਨ ਪੂਰਨਾ ਦੇ ਵੀ ਮੰਦਰ ਦੇ ਬਰਾਂਡੇ ਵਿਚ ਆਸਣ ਹੁੰਦੇ ਅਤੇ ਲੰਗਰ ਵੀ ਗੁਰੂ ਦਾ ਚਲਦਾ ਰਹਿੰਦਾ। ਇਕ ਦਿਨ ਐਸਾ ਵੀ ਆਇਆ ਕਿ ਮੰਦਰ ਵਾਲੇ ਪੰਡਿਤ ਸੰਤਾਂ ਤੋਂ ਖਿਲਾਫ ਹੋ ਗਏ। ਪੰਡਿਤਾਂ ਦੇ ਦਿਲਾਂ ਵਿਚ ਸ਼ੱਕ ਪਾ ਦਿੱਤਾ ਕਿ ਸੰਤ ਮੰਦਰ ਪਰ ਹੀ ਕਬਜ਼ਾ ਕਰ ਲੈਣਗੇ। ਪਰ ਸੰਤਾਂ ਦੀ ਸ਼ਾਂਤੀ ਤੇ ਉਦਾਰਤਾ ਤੇ ਗਿਆਨ ਭਰੇ ਬਚਨਾਂ ਨੇ ਪੰਡਿਤਾਂ ਨੂੰ ਸ਼ਾਂਤੀ ਵੀ ਦੇ ਦਿਤੀ ਅਤੇ ਪੰਡਿਤਾਂ ਦਾ ਸ਼ੱਕ ਦੂਰ ਕਰ ਦਿੱਤਾ। ਪੰਡਿਤਾਂ ਨੂੰ ਪਰਪੱਕ ਨਿਸਚਾ ਹੋ ਗਿਆ ਕਿ ਸੰਤ ਤਾਂ ਰਾਮ ਸ੍ਵਰੂਪ ਹਨ। ਸਾਡੀ ਰੋਜ਼ੀ ਨੂੰ ਕਦੇ ਨਹੀਂ ਮਰਨਗੇ। ਸਦਾ ਸਾਡੀ ਰੱਖਿਆ ਵਿਚ ਹੀ ਰਹਿਣਗੇ।

ਹੁਣ ਛੇ ਮਹੀਨੇ ਲਗਾਤਾਰ ਮੂਲ-ਮੰਤਰ ਦਾ ਪਾਠ ਇਕ ਰਸ ਹੁੰਦਾ ਰਿਹਾ। ਪਰ ਇਹ ਜਪ ਤਪ ਮੂਲ-ਮੰਤਰ ਦਾ ਪਾਠ ਨਿਹੰਗ ਮੇਹਰ ਸਿੰਘ ਜੀ ਨੂੰ ਚੰਗਾ ਨਾ ਲੱਗਾ। ਭਾਵੇਂ ਵੀ ਸੰਤ ਮਹਾਰਾਜ ਇਸ ਗੁਰਦਵਾਰੇ ਇਹ ਜਪ ਤਪ ਮੂਲ-ਮੰਤਰ ਦਾ ਪਾਠ ਜਿਸ ਨੂੰ ਕਿ ਵਰਨੀ ਵੀ ਕਥਨ ਕੀਤੀ, ਬਹੁਤ ਦੇਰ ਤਕ ਕਰਾਉਣਾ ਚਾਹੁੰਦੇ ਸਨ, ਪਰ ਨਿਹੰਗ ਸਿੰਘ ਨੂੰ ਨਾ ਭਾਈ, ਇਤਨੇ ਸਮੇਂ ਅੰਦਰ ਮਨੀਮਾਜਰੇ ਦੇ ਜਗੀਰਦਾਰ ਪੰਡਿਤ ਕਰਤਾਰ ਸਿੰਘ ਜੀ ਤੇ ਹੋਰ ਆਲੇ-ਦੁਆਲੇ ਦੀਆਂ ਸੰਗਤਾਂ ਬਹੁਤ ਸ਼ਰਧਾਲੂ ਬਣ ਗਈਆਂ ਸਨ। ਚੰਡੀਗੜ੍ਹ ਦੇ ਸਰਕਾਰੀ ਕਰਮਚਾਰੀ ਜੋ ਸ਼ਿਮਲੇ ਵਿੱਚ ਸੰਤਾਂ ਦੇ ਪ੍ਰੇਮੀ ਸਨ, ਸੰਤਾਂ ਦੇ ਸਤਿਸੰਗ ਵਾਸਤੇ ਕੂਹਣੀ ਸਾਹਿਬ ਆਉਣ ਲੱਗ ਪਏ। ਏਥੇ ਹੀ ਸੰਤ ਵਿਸ਼ੇਸ਼ਰਾ ਸਿੰਘ ਪਟਿਆਲੇ ਦੇ ਕਰਮਚਾਰੀ ਨਾਜ਼ਮ ਵੀ ਸੰਤਾਂ ਦੇ ਚਰਨਾਂ ਵਿਚ ਆ ਕੇ ਸੰਤਾਂ ਦੇ ਸਤਿਸੰਗ ਦਾ ਲਾਭ ਉਠਾਉਂਦੇ।

ਹੁਣ ਗੁਰਦਵਾਰੇ ਦੀ ਤਰੱਕੀ ਸ਼ੁਰੂ ਹੋ ਗਈ। ਪਹਿਲਾਂ ਸੰਗਤਾਂ ਨੂੰ ਜੋ ਪਾਣੀ ਦੀ ਤੰਗੀ ਸੀ ਉਸ ਜਗ੍ਹਾ ਪੱਕੀ ਡਿੱਗੀ ਬਣਾ ਕੇ ਦੂਰ ਕੀਤੀ। ਫਿਰ ਬੜੇ ਅੰਬ ਥੱਲੇ ਰਸਤਾਂ ਵਸਤਾਂ ਨੂੰ ਰੱਖਣ ਵਾਸਤੇ ਮਕਾਨ ਬਣਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਹਿਤ ਸੁੰਦਰ ਮਕਾਨ ਤੇ ਉਸ ਦੇ ਅੱਗੇ ਸੁੰਦਰ ਬਰਾਂਡਾ ਬਣਾਇਆ। ਹੁਣ ਰੋਜ਼ ਨਿਯਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੋਣ ਲੱਗ ਪਏ ਅਤੇ ਸਤਿਸੰਗ ਚੰਗੇ ਢੰਗ ਨਾਲ ਹੋਣ ਲਗ ਪਿਆ। ਇਸ ਵੱਡੇ ਅੰਬ ਦੇ ਨੀਚੇ ਮਹਾਨ ਸਤਿਸੰਗ ਰੋਜ਼ ਹੁੰਦਾ ਹੈ। ਹੁਣ ਤਾਂ ਸੰਤਾਂ ਦਾ ਘੋੜਾ ਲੈ ਕੇ ਸੰਤ ਮੱਖਣ ਸਿੰਘ ਜੀ ਪਹੁੰਚ ਗਏ। ਮਗਰ ਹੀ ਘੋੜਿਆਂ ਵਾਲਾ ਕਰਮ ਸਿੰਘ ਜੀ ਵੀ ਪਹੁੰਚ ਗਿਆ। ਮਹਾਂਪੁਰਸ਼ਾਂ ਦੇ ਸਤਿਸੰਗ ਦਾ ਅਸਰ ਤੇ ਪ੍ਰਭਾਵ ਐਸਾ ਹੋਇਆ ਇਹ ਜੋ ਬੜਾ ਭਾਰੀ ਅੰਬ ਸੀ ਇਸ ਨੂੰ ਪੋਹ ਦੇ ਮਹੀਨੇ ਅੰਬ ਲਗ ਆਏ। ਮਾਘ ਦੇ ਅਖੀਰ ਪੱਕੇ ਅੰਬ ਝਾੜ ਕੇ ਸਾਰੀ ਸੰਗਤ ਨੂੰ ਵਰਤਾਏ, ਸਾਰੀ ਸੰਗਤ ਹੀ ਧੰਨ ਸੰਤ ਧੰਨ ਸੰਤ ਧੰਨ ਸੰਤ ਕਰਨ ਲਗ ਪਈ।

ਹੁਣ ਸੰਤਾਂ ਦੀ ਮਹਾਨ ਕੀਰਤੀ ਤੇ ਜੱਸ ਸੰਗਤਾਂ ਵਿਚ ਹੋਣ ਲੱਗ ਪਿਆ। ਸਤਿਗੁਰੂ ਜੀ ਨੇ ਮੇਹਰ ਕੀਤੀ ਕਿ ਗੁਰਦਵਾਰੇ ਦਾ ਨੀਂਹ-ਪੱਥਰ ਰੱਖ ਕੇ ਗੁਰਦੁਆਰਾ ਬਣਾ ਕੇ ਪੂਰਨ ਹੋ ਗਿਆ। ਗੁਰਦਵਾਰੇ ਦੀ ਦੱਖਣ ਵਾਲੀ ਦਿਸ਼ਾ ਇਕ ਡਬਲ ਸਟੋਰੀ ਰਿਹਾਇਸ਼ੀ ਮਕਾਨ ਬਰਾਂਡੇ ਸਹਿਤ ਬਣ ਗਿਆ, ਜਿਸ ਵਿਚ ਗਾਹੇ-ਬਗਾਹੇ ਸੰਤ ਮਹਾਰਾਜ ਜੀ ਵੀ ਆਸਣ ਰੱਖਦੇ ਸਨ। ਬਾਅਦ ਵਿਚ ਸੰਤ ਗਿਆਨ ਸਿੰਘ ਜੀ ਦਾ ਆਸਣ ਵੀ ਰਿਹਾ ਹੈ। ਮਨੀਮਾਜਰੇ ਦੇ ਜਗੀਰਦਾਰ ਸ੍: ਭੂਪਿੰਦਰ ਸਿੰਘ ਜੀ ਸੰਤਾਂ ਦੇ ਬਹੁਤ ਪ੍ਰੇਮੀ ਹੋ ਗਏ ਸਨ। ਸ੍: ਭੂਪਿੰਦਰ ਸਿੰਘ ਜੀ ਦੀ ਸਿੰਘਣੀ ਬੀਬੀ ਕਰਮ ਕੌਰ ਤਾਂ ਬਹੁਤ-ਬਹੁਤ ਸਾਦਿਕ ਹੋ ਗਏ ਸਨ। ਆਪਣੇ ਘਰ ਦੀ ਲੰਗਰ ਪਾਣੀ ਦੀ ਸੇਵਾ ਕਰਕੇ ਅਤੇ ਆਪਣੇ ਬੱਚਿਆਂ ਨੂੰ ਸਕੂਲ ਭੇਜ ਕੇ ਆਪ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੋ ਜਾਂਦੀ। ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੀ, ਸ਼ਾਮ ਨੂੰ ਜਾ ਕੇ ਫਿਰ ਆਪਣੇ ਪਰਿਵਾਰ ਨੂੰ ਸਾਂਭ ਲੈਂਦੀ। ਗੱਲ ਕੀ, ਗੁਰਦਵਾਰੇ ਦੀ ਤਰੱਕੀ ਵਾਸਤੇ ਸੰਤਾਂ ਨੇ ਤਕਰੀਬਨ ਚਾਰ ਪੰਜ ਏਕੜ ਜ਼ਮੀਨ ਗੁਰਦਵਾਰੇ ਦੇ ਨਾਮ ਲਵਾ ਦਿੱਤੀ, ਜਿਸ ਵਿਚ ਬਹੁਤ ਪੁਰਾਣੇ ਅੰਬਾਂ ਦੇ ਦਸ ਪੇੜ ਹਨ। ਜਦੋਂ ਕਿ ਨਿਹੰਗ ਮੇਹਰ ਸਿੰਘ ਮੂਲ-ਮੰਤਰ ਦੇ ਜਪ ਤਪ ਪਰ ਬਹੁਤ ਕਿੰਤੂ ਕਰਨ ਲਗ ਪਿਆ। ਫਿਰ ਸੰਤਾਂ

ਨੇ ਅਰਦਾਸਾ ਕਰਕੇ ਮੂਲ-ਮੰਤਰ ਬੰਦ ਕਰ ਦਿੱਤਾ। ਸਿੰਘਾਂ ਨੂੰ ਡੇਰੇ ਘੱਲ ਦਿੱਤਾ। ਆਪ ਗਰੀਬ ਠਾਕੁਰ ਗੁਰਬਖਸ਼ ਸਿੰਘ ਨੂੰ ਨਾਲ ਲੈ ਕੇ ਅਤੇ ਬੀਬੀ ਆਪਣਾ ਇਸਤਰੀਆਂ ਵਾਲਾ ਪੂਰਾ ਹਠ ਕਰਕੇ ਸੰਤਾਂ ਦੇ ਨਾਲ ਹੀ ਗੰਗਾ ਆ ਗਏ। ਗੰਗਾ ਦਾ ਪ੍ਰਸੰਗ- ਜੋ ਉਥੇ ਸੰਤਾਂ ਨੇ ਕੌਤਕ ਕੀਤਾ ਉਹ ਦਾਸ ਨੇ ਗੁਰਬਖਸ਼ ਸਿੰਘ ਦੀ ਕਥਾ ਵਿਚ ਮੁਕੰਮਲ ਲਿਖ ਦਿੱਤਾ ਹੈ।

ਹੁਣ ਏਥੇ ਕੱਲਾ ਮੇਹਰ ਸਿੰਘ ਜੀ ਨਿਹੰਗ ਜਾਂ ਗੜਗੱਜ ਸਿੰਘ ਜੀ ਨਿਹੰਗ ਹੀ ਰਿਹਾਇਸ਼ ਰੱਖਣ ਲਗ ਪਏ। ਹੁਣ ਏਸ ਗੁਰਦੁਆਰੇ ਦੀ ਤਰੱਕੀ ਏਥੇ ਹੀ ਰੁਕ ਗਈ। ਸੰਤਾਂ ਦੇ ਹੁੰਦਿਆਂ ਲੰਗਰ ਦੇ ਬਹੁਤ ਬਰਤਨ ਜਮ੍ਹਾਂ ਹੋ ਗਏ ਸਨ ਤੇ ਕਪੜਿਆਂ ਦੀਆਂ ਪੇਟੀਆਂ ਭਰ ਗਈਆਂ ਸਨ। ਰਜਾਈਆਂ ਤਲਾਈਆਂ, ਬਛਾਈਆਂ ਦੀਆਂ ਪੇਟੀਆਂ ਭਰ ਗਈਆਂ। ਜਦੋਂ ਕਿਸੇ ਬੰਦੇ ਪਰ ਮਾਇਆ ਪੈਂਦੀ ਹੈ, ਸੋ ਮਾਇਆ ਕਿਸੇ ਨੂੰ ਦੱਸ ਕੇ ਨਹੀਂ ਪੈਂਦੀ। ਆਪਣੇ ਜਾਣ ਤਾਂ ਇਹ ਇਨਸਾਨ ਆਪਣੇ ਸੁਖ ਵਾਸਤੇ ਮਾਇਕੀ ਕਰਮ ਕਰਦਾ ਹੈ। ਪਰ ਸੋ ਮਾਇਕੀ ਕਰਮ ਸੁੱਖਾਂ ਦੀ ਬਜਾਏ ਇਸ ਇਨਸਾਨ ਨੂੰ ਆਪਣੇ ਵਿਚ ਹੀ ਫਸਾ ਕੇ ਪ੍ਰਭੂ ਮਿਲਾਪ ਦੇ ਅਸਲੀ ਨਿਸ਼ਾਨੇ ਤੋਂ ਦੂਰ ਸੁੱਟ ਮਾਰਦਾ ਹੈ। ਯਥਾ :

ਭੂਲਿਓ ਮਨੁ ਮਾਇਆ ਉਰਝਾਇਓ।। ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।। ੧।। ਰਹਾਉ।।
ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ।। (ਪੰਨਾ ੭੦੨)

ਇਸੇ ਤਰ੍ਹਾਂ ਹੀ ਭਾਈ ਮੇਹਰ ਸਿੰਘ ਜੀ ਨੇ ਇਕ ਪੰਜਾਹ ਕੁ ਸਾਲ ਦੀ ਤ੍ਰੀਮਤ ਆਪਣੇ ਪਾਸ ਰੱਖ ਲਈ। ਉਸ ਦਾ ਪਤੀ ਮਰ ਚੁੱਕਾ ਸੀ। ਪਿਛੇ ਉਸ ਪਤੀ ਦਾ ਇਕ ਮੁੰਡਾ ਵੀ ਸੀ, ਜੋ ਛੱਡ ਆਈ ਸੀ। ਜੋ ਹੁਣ ਨੌਜਵਾਨ ਹੋ ਚੁੱਕਾ ਸੀ ਅਤੇ ਸ਼ਾਦੀ-ਸ਼ੁਦਾ ਹੋ ਗਿਆ ਸੀ। ਉਸ ਤ੍ਰੀਮਤ ਨੇ ਸਿੰਘ ਸਾਹਿਬ ਦੇ ਮੋਢਿਆਂ ਤੇ ਚੜ੍ਹ ਕੇ ਖਿੜਖਿਲੀ ਮਾਰਨੀ, ਸਿੰਘ ਸਾਹਿਬ ਨੂੰ ਆਪਣੇ ਅਨੁਸਾਰੀ ਕਰ ਲਿਆ। ਫਿਰ ਕੀ ਸੀ, ਜੋ ਕਪੜਾ ਭਾਂਡਾ ਸਾਰੇ ਦਾ ਸਾਰਾ ਇਸ ਗੁਰਦੁਆਰੇ ਤੋਂ ਖਤਮ ਹੋ ਗਿਆ। ਫਿਰ ਡੇਰਾ ਸੰਤਗੜ੍ਹ ਦੇ ਪ੍ਰਬੰਧਕਾਂ ਦੀ ਰਾਏ ਅਨੁਸਾਰ ਸੰਤ ਗਿਆਨ ਸਿੰਘ ਜੀ ਤੇ ਜੱਥੇਦਾਰ ਪ੍ਰੇਮ ਸਿੰਘ ਜੀ ਨੇ ਇਸ ਗੁਰਦੁਆਰੇ ਰਿਹਾਇਸ਼ ਰੱਖਣੀ ਸ਼ੁਰੂ ਕੀਤੀ। ਬੜੇ ਉਦਮ ਨਾਲ ਜੱਥੇਦਾਰ ਪ੍ਰੇਮ ਸਿੰਘ ਜੀ ਨੇ ਤੇ ਗਿਆਨ ਸਿੰਘ ਜੀ ਦੱਖਣ ਦੀ ਦ੍ਰਿਸ਼ਾ ਵਲ ਇਕ ਲੰਗਰ ਦਾ ਕਮਰਾ ਤੇ ਬਰਾਂਡਾ ਪਾਇਆ, ਜੋ ਕਿ ਸੰਗਤਾਂ ਨੂੰ ਬਹੁਤ ਸੁਖਦਾਇਕ ਹੈ। ਇਨ੍ਹਾਂ ਦੇ ਉਦਮ ਕਰਕੇ ਜੋ ਮਨੀਮਾਜਰੇ ਤੋਂ ਮਨਸਾ ਦੇਵੀ ਦੇ ਮੰਦਰ ਨੂੰ ਸੜਕ ਜਾਂਦੀ ਹੈ ਉਸ ਪਰ ਆਪਣੀ ਜ਼ਮੀਨ ਵਿਚ ਕਮਰੇ ਵੀ ਬਣਾਏ ਹਨ, ਜਿਨ੍ਹਾਂ ਵਿਚ ਕੋਈ ਨਾ ਕੋਈ ਕਿਰਾਏਦਾਰ ਅਟਕਿਆ ਰਹਿੰਦਾ ਹੈ। ਨਿਹੰਗ ਜੀ ਨੇ ਏਥੇ ਕੋਈ ਨਾ ਕੋਈ ਝਗੜਾ ਸ਼ੁਰੂ ਹੀ ਰਖਣਾ, ਇਸ ਕਰਕੇ ਇਥੋਂ ਉਦਾਸ ਹੋ ਕੇ ਜਥੇਦਾਰ ਪ੍ਰੇਮ ਸਿੰਘ ਇਥੋਂ ਚਲੇ ਗਏ।

ਹੁਣ ਚੰਡੀਗੜ੍ਹ ਤੋਂ ਜੋ ਸਰਹਿੰਦ ਨੂੰ ਰੋਡ ਜਾਂਦੀ ਹੈ, ਉਸ ਦੇ ਪੰਜ ਮੀਲ ਤੇ ਭਗਤ ਧੰਨਾ ਜੀ ਦੀ ਯਾਦਗਾਰ ਵਿਚ ਇਕ ਅਧਵਾਕੜ ਜਿਹਾ ਗੁਰਦੁਆਰਾ ਪਿਆ ਸੀ, ਜੋ ਕਿ ਸੰਤ ਈਸ਼ਰ ਸਿੰਘ ਜੀ ਬਾਬਾ ਮਸੂਤਆਣੀਆਂ ਦੇ ਸੇਵਕ ਨੇ ਬਨਾਉਣਾ ਸ਼ੁਰੂ ਕੀਤਾ ਸੀ, ਸੋ ਸੰਤ ਛੇਤੀ ਹੀ ਕਾਲਵਸ ਹੋ ਗਏ। ਹੁਣ ਉਸ ਗੁਰਦੁਆਰੇ ਨੂੰ ਜੱਥੇਦਾਰ ਪ੍ਰੇਮ ਸਿੰਘ ਜੀ ਨੇ ਉਥੇ ਰਹਿ ਕੇ ਤਰੱਕੀ ਦਿੱਤੀ ਹੈ। ਹੁਣ ਰੰਗ ਲੱਗੇ ਪਏ ਹਨ। ਸੰਤ ਗਿਆਨ ਸਿੰਘ ਸੰਨ 1970 ਵਿਚ ਚੜ੍ਹਾਈ ਕਰ ਗਏ। ਇਸ ਸਮੇਂ ਸੰਤਗੜ੍ਹ ਦੇ ਪ੍ਰਬੰਧਕਾਂ ਨੇ ਸੰਤ ਜੋਗਿੰਦਰ ਸਿੰਘ ਜੀ ਜੋ ਸੰਤ ਪਾਖਰ ਸਿੰਘ ਦੇ ਭਾਈ ਨੂੰ ਬੜੇ ਹੋਣਹਾਰ ਤੇ ਅਖੰਡ ਪਾਠੀ ਤੇ ਗੁਰੂ ਦੇ ਕੀਰਤਨੀਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਗਿਆਨੀ ਹਨ, ਇਨ੍ਹਾਂ ਨੂੰ ਗੁਰਦੁਆਰਾ ਕੂਹਣੀ ਸਾਹਿਬ ਜੀ ਦੇ ਮੁਖ ਸੇਵਾਦਾਰ ਥਾਪਿਆ ਹੈ। ਇਨ੍ਹਾਂ ਦਿਨਾਂ ਵਿਚ ਹੀ ਸੰਤਗੜ੍ਹ ਦੇ ਪ੍ਰਬੰਧਕਾਂ ਨੇ ਇਕ ਲੱਖ ਦੀ ਜ਼ਮੀਨ ਖਰੀਦ ਕੇ ਗੁਰਦੁਆਰੇ ਦੀ ਲੋਹ ਲੰਗਰ ਨਾਮ ਕਰਾ ਦਿੱਤੀ ਹੈ। ਸੰਤ ਜੋਗਿੰਦਰ ਸਿੰਘ ਜੀ ਚੰਗੇ ਸੁੱਚਜੇ ਢੰਗ ਨਾਲ ਸੇਵਾ ਕਰਦੇ ਹਨ ਤੇ ਗੁਰੂ ਲੰਗਰ ਜਾਰੀ ਰੱਖਦੇ ਹਨ। ਇਤੀ।

ਸ੍: ਬੰਤਾ ਸਿੰਘ ਜੀ ਫੋਟੋਗ੍ਰਾਫਰ ਦਾ ਮਿਲਾਪ ਅੰਤੇ ਵਰੋਸਾਉਣਾ ਇਹ ਵਰਤਾ 1927 ਦੀ ਹੈ

ਪਿੰਡ ਬੜੀਆਂ ਸੂਸਾਂ ਸੰਤ ਬਾਬਾ ਜਵਾਹਰ ਦਾਸ ਵਾਲੀਆਂ। ਬਾਬਾ ਜਵਾਹਰ ਦਾਸ ਜੀ ਉਦਾਸੀ ਮਹਾਂਪੁਰਸ਼ ਡੇਰਾ ਬਹਾਦਰਪੁਰ ਸ਼ਹਿਰ ਹੁਸ਼ਿਆਰਪੁਰ ਵਿਚ ਜੋ ਸਤਿਗੁਰੂ ਹਰਿ ਰਾਏ ਸਾਹਿਬ ਜੀ ਤੋਂ ਬਖਸ਼ਿਸ਼ ਲੈ ਕੇ ਬਾਬਾ ਚਰਨ ਸ਼ਾਹ ਜੀ 1733 ਵਿਚ ਆ ਕੇ ਇਸ ਜਗ੍ਹਾ ਨੂੰ ਭਾਗ ਲਾਏ ਹਨ ਅਤੇ ਮਹਾਨ ਸਿੱਖੀ ਦਾ ਪ੍ਰਚਾਰ ਕੀਤਾ ਹੈ ਅਤੇ ਗੁਰੂ ਦੇ ਅਤੁੱਟ ਲੰਗਰ ਚਲਾਏ ਹਨ। ਬਾਬਾ ਚਰਨ ਸ਼ਾਹ ਜੀ ਪੰਜਵੇਂ ਗੱਦੀਦਾਰ ਬਾਬਾ ਗੁਰਮੁਖ ਦਾਸ ਜੀ ਤੋਂ ਬਖਸ਼ਿਸ਼ਾਂ ਲੈ ਕੇ ਮਹਾਨ ਸਾਧਨ ਸਾਧ ਕੇ ਪੂਰਨ ਬ੍ਰਹਮ-ਗਿਆਨੀ ਦੀ ਅਵਸਥਾ ਵਿਚ ਲੀਨ ਹੋ ਗਏ ਸਨ।

ਜਦੋਂ ਬਾਬਾ ਜਵਾਹਰ ਦਾਸ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਸ਼ਰਧਾਲੂ ਸਿੱਖਾਂ ਨੇ ਬੇਨਤੀ ਕੀਤੀ ਸੀ ਕਿ ਗਰੀਬ-ਨਿਵਾਜ਼ ਜੀ ਦੇ ਜੋਤੀ ਜੋਤ ਸਮਾਉਣ ਪਰ ਸਾਨੂੰ ਕਿਵੇਂ ਪਤਾ ਲੱਗੇਗਾ ਕਿ ਆਪ ਜੀ ਸੱਚਖੰਡ ਵਿਚ ਜਿਉ ਪਾਣੀ ਸੰਗ ਪਾਣੀ ਰੂਪ ਹੋ ਗਏ ਹੋ, ਤਾਂ ਜਵਾਹਰ ਦਾਸ ਜੀ ਨੇ ਉੱਤਰ ਦਿੱਤਾ ਸੀ ਕਿ ਜਦੋਂ ਅਸੀਂ ਸੱਚਖੰਡ ਵਿਖੇ ਪਾਣੀ ਸੰਗ ਪਾਣੀ ਦੀ ਤਰ੍ਹਾਂ ਲੀਨ ਹੋਵਾਂਗੇ ਤਾਂ ਅਗੰਮੀ ਗੋਲਾ ਵੱਜੇਗਾ ਜੋ ਸਾਰੀ ਦੁਨੀਆਂ ਵਿਚ ਸੁਣਾਈ ਦੇਵੇਗਾ। ਸੋ ਮਹਾਂਪੁਰਸ਼ਾਂ ਦਾ ਬਚਨ ਸੱਤ ਹੋ ਗਿਆ। ਜਦੋਂ ਬਾਬਾ ਜੀ ਜੋਤੀ ਜੋਤ ਸਮਾਏ ਤਾਂ ਅਗੰਮੀ ਗੋਲਾ ਚੱਲਿਆ ਅਤੇ ਸਾਰੇ ਦੇਸ਼ਾਂ ਪ੍ਰਦੇਸ਼ਾਂ ਵਿਚ ਸੁਣਿਆ ਗਿਆ। ਏਸ ਪਿੰਡ ਵਿੱਚ ਇਕ ਉਤਕ੍ਰਿਟ ਕਰਮੀ ਸਰਦਾਰ ਬਹਾਦਰ ਸੂਬੇਦਾਰ ਜਵਾਲਾ ਸਿੰਘ ਜੀ 36 ਨੰਬਰ ਪਲਟਨ ਵਿਚੋਂ ਰਿਟਾਇਰ ਪਿਨਸ਼ਨਰ ਹੋਏ ਹਨ, ਜਿਨ੍ਹਾਂ ਨੇ ਸਾਹਿਬ ਮਹਾਰਾਜ ਬਾਬਾ ਕਰਮ ਸਿੰਘ ਜੀ ਤੋਂ ਮਹਾਨ ਬਖਸ਼ਿਸ਼ਾਂ ਤੇ ਵਰ ਲਏ ਸਨ।

ਇਸ ਸਰਦਾਰ ਬਹਾਦਰ ਜੀ ਦੇ ਘਰ ਵਿਚ ਵਾਹਿਗੁਰੂ ਦੀ ਬਖਸ਼ਿਸ਼ ਨਾਲ ਇਕ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਬੰਤਾ ਸਿੰਘ ਜੀ ਰੱਖਿਆ। ਭਾਵੇਂ ਵੀ ਸਰਦਾਰ ਬਹਾਦਰ ਜੀ ਦੀ ਹੋਰ ਪੁੱਤਰ ਤੇ ਔਲਾਦ ਵੀ ਸੀ, ਪਰ ਮੇਰਾ ਮਤਲਬ ਸਿਰਫ ਸ੍: ਬੰਤਾਂ ਸਿੰਘ ਨਾਲ ਹੀ ਹੈ। ਸ੍: ਬੰਤਾ ਸਿੰਘ ਜੀ ਨੇ ਆਪਣੇ ਪਿਤਾ ਜੀ ਦੇ ਕਿਰਪਾ ਦੇ ਪਾਤਰ ਹੋ ਕੇ ਸਕੂਲ ਦੀ ਬੜੀ ਉੱਚ ਵਿਦਿਆ ਹਾਸਲ ਕੀਤੀ। ਭਾਵ ਓਵਰਸੀਅਰ ਇੰਜੀਨੀਅਰ ਵਿਦਿਆ ਲੁਧਿਆਣਾ ਪ੍ਰਾਈਵੇਟ ਇੰਜੀਨੀਅਰ ਕਾਲਜ ਵਿਚ ਹਾਸਲ ਕੀਤੀ ਤੇ ਪੀ. ਡਬਲਯੂ. ਡੀ. ਵਿਚ ਸਰਵਿਸ ਕਰਨੀ ਸ਼ੁਰੂ ਕਰ ਦਿੱਤੀ ਸੀ। ਸ੍: ਸੰਤਾ ਸਿੰਘ ਜੀ ਦੇ ਅੰਤਹਕਰਨ ਵਿਚ ਸਿਮਰਨ ਤੇ ਗੁਰਸਿਖੀ ਦਾ ਬੀਜ ਸੂਖਸ਼ਮ ਹੋ ਕੇ ਪਿਆ, ਜੋ ਬੰਤਾ ਸਿੰਘ ਜੀ ਨੂੰ ਨੌਕਰੀ ਵਿਚ ਹੀ ਸਿਮਰਨ ਵਲ ਤੇ ਸਿੱਖੀ ਵਲ ਟੁੰਬਦਾ ਰਹਿੰਦਾ ਸੀ। ਮੇਰਾ ਭਾਵ ਸਿਮਰਨ ਵਲ ਕਾਫੀ ਫੁਰਨਾ ਜਾਂਦਾ ਸੀ ਤੇ ਨਿਤਨੇਮ ਬਾਣੀ ਸੁਖਮਨੀ ਸਾਹਿਬ ਪੜ੍ਹਦੇ ਰਹਿੰਦੇ ਸਨ। ਇਤਨੇ ਨੂੰ ਗੁਰੂ ਕੇ ਬਾਗ ਦਾ ਅੰਮ੍ਰਿਤਸਰ ਵਿਖੇ ਖਾਲਸੇ ਦਾ ਮੋਰਚਾ ਲਗ ਗਿਆ, ਜਿਸ ਵਿਚ ਬੀ. ਟੀ. ਸਾਹਿਬ ਸਿੰਘਾਂ ਪਰ ਬਹੁਤ ਸਖਤੀਆਂ ਕਰ ਰਿਹਾ ਸੀ।

ਸਿੰਘਾਂ ਦਾ ਇਹ ਮੋਰਚਾ ਲੱਗਾ ਸੁਣ ਕੇ ਅਤੇ ਮੋਰਚੇ ਦੇ ਹਾਲਾਤ ਪੜ੍ਹ ਕੇ ਸ੍: ਬੰਤਾ ਸਿੰਘ ਜੀ ਦੇ ਚਿੱਤ ਵਿਚ ਮਹਾਂ ਉਤਸ਼ਾਹ ਜਾਗਿਆ ਅਤੇ ਸਿੱਖੀ ਜਜ਼ਬਾਤਾਂ ਨੇ ਉਛਾਲੇ ਮਾਰੇ ਤੇ ਸਰਦਾਰ ਸਾਹਿਬ ਰਹਿ ਨਾ ਸਕੇ। ਨੌਕਰੀ ਨੂੰ ਲੱਤ ਮਾਰ ਕੇ ਭਾਵ ਤਿਆਗ ਕੇ ਗੁਰੂ ਕੇ ਬਾਗ ਮੋਰਚੇ ਵਿਚ ਜਾ ਕੇ ਕੈਦ ਹੋ ਗਏ, ਜੋ ਕਿ ਵੱਡੀਆਂ-ਵੱਡੀਆਂ ਜੇਲ੍ਹਾਂ ਵਿਚ ਰਹੇ। ਗੁਜਰਾਤ ਜੇਲ੍ਹ ਵਿਚ, ਅਟਕ ਕਿਲ੍ਹੇ ਦੀ ਜੇਲ੍ਹ ਵਿਚ ਤੇ ਮੁਲਤਾਨ ਜੇਲ੍ਹ ਦੇ ਕਸ਼ਟ ਵੀ ਝੱਲੇ। ਇਤਨੇ ਬੜੇ ਜੇਲ੍ਹਾਂ ਦੇ ਕਸ਼ਟ ਕਿਵੇਂ ਝੱਲੇ, ਇਕ ਸਤਿਗੁਰੂ ਤੇ ਸਤਿਗੁਰੂ ਦੀ ਬਾਣੀ ਦੇ ਆਸਰੇ ਇਹ ਜੇਲ੍ਹਾਂ ਦੇ ਕਸ਼ਟ ਇਸ ਕੋਮਲ ਜ਼ਿੰਦੜੀ ਤੇ ਚੜ੍ਹਦੀ ਜਵਾਨੀ ਤੇ ਓਵਰਸੀਅਰ ਦੇ ਵਿਦਿਆਰਥੀ ਮਲੂਕ ਜ਼ਿੰਦੜੀ ਮਿੱਠੇ ਕਰਕੇ ਝੱਲ ਲਏ। ਸ੍: ਬੰਤਾ ਸਿੰਘ ਜੀ ਦੇ ਚਿੱਤ ਵਿਚ ਮਹਾਨ ਵੈਰਾਗ ਤੇ ਸਿੱਖੀ ਦਾ ਤੇ ਸਿਮਰਨ ਦਾ ਉਤਸ਼ਾਹ ਬਣਿਆ ਰਹਿੰਦਾ। ਦਿਨ ਰਾਤ ਬਾਣੀ ਤੇ ਸਿਮਰਨ ਹੀ ਚਲਦਾ। ਇਸ ਜ਼ਿੰਦੜੀ ਨੂੰ ਪ੍ਰਬਲ ਬਲ ਦੇਣ ਵਾਸਤੇ ਤੇ ਦਾਸ ਮਨ ਨੂੰ ਪੱਕਾ ਤੇ ਅਤੀ ਭਰੋਸਾ ਦੇਣ ਵਾਸਤੇ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤੇ ਦਸਮ ਪਿਤਾ ਕਲਗੀਧਰ ਜੀ ਨੇ ਪ੍ਰਤੱਖ ਦਰਸ਼ਨ ਦੇ ਕੇ ਜੇਲ੍ਹ

ਦੇ ਦੁੱਖਾਂ ਨੂੰ ਦੂਰ ਕਰ ਦਿੱਤਾ। ਇਹ ਇਕ ਮਹਾਨ ਬਖਸ਼ਿਸ਼ ਹੋਈ ਕਿ ਸਿਮਰਨ ਦੀ ਚਿੱਤ ਵਿਚ ਪੱਕੀ ਲਟਕ ਲਗ ਗਈ। ਗੁਰੂ ਕੇ ਬਾਗ ਦਾ ਮੋਰਚਾ ਖਾਲਸੇ ਨੇ ਫਤਹਿ ਕਰ ਲਿਆ ਅਤੇ ਕੈਦੀ ਸਾਰੇ ਰਿਹਾਅ ਕੀਤੇ ਗਏ। ਸ੍ਰ: ਬੰਤਾ ਸਿੰਘ ਜੀ ਵੀ ਮੁਲਤਾਨ ਜੇਲ੍ਹ ਤੋਂ ਰਿਹਾਅ ਹੋ ਗਏ ਅਤੇ ਘਰ ਆ ਗਏ।

ਹੁਣ ਨੌਕਰੀ ਕਰਨ ਦੀ ਇੱਛਾ ਮਨ ਵਿਚੋਂ ਨਿਕਲ ਚੁੱਕੀ ਸੀ। ਇਕ ਸਿਮਰਨ ਦੀ ਹੀ ਇੱਛਾ ਰਹਿ ਗਈ ਸੀ। ਇਹ ਮਨ ਵਿਚ ਪੱਕਾ ਭਰੋਸਾ ਬੱਝ ਗਿਆ ਸੀ ਕਿ ਪੂਰਨ ਮਹਾਂਪੁਰਸ਼ਾਂ ਦੇ ਸਤਿਸੰਗ ਤੋਂ ਬਿਨਾਂ ਤੇ ਪੂਰਨ ਸੰਤਾਂ ਦੀ ਕਿਰਪਾ ਤੋਂ ਬਿਨਾਂ ਸਿਮਰਨ ਦੀ ਅਖੀਰ ਮੰਜ਼ਲ ਤਕ ਨਹੀਂ ਪਹੁੰਚ ਸਕਦਾ। ਇਸ ਇੱਛਾ ਦੁਆਰਾ ਹੁਸ਼ਿਆਰਪੁਰ ਵਿਚ ਸੰਤ ਹਰਨਾਮ ਦਾਸ ਜੀ ਦਾ ਸੰਗ ਪ੍ਰਾਪਤ ਹੋਇਆ। ਜਿਨ੍ਹਾਂ ਪਾਸੋਂ ਸਿਮਰਨ ਦੀਆਂ ਕਾਫੀ ਜਾਚਾਂ ਸਿੱਖੀਆਂ, ਪਰ ਮਨ ਨੂੰ ਤਸੱਲੀ ਤੇ ਸ਼ਾਂਤੀ ਨਹੀਂ ਆਈ। ਇਨ੍ਹਾਂ ਤੋਂ ਉਪਰੰਤ ਗਿ: ਅਜੀਤ ਸਿੰਘ ਜੀ ਦਾ ਸੰਗ ਪ੍ਰਾਪਤ ਹੋਇਆ। ਗਿ: ਅਜੀਤ ਸਿੰਘ ਜੀ ਪਿੰਡ ਭਦਿਆਣੇ ਦੇ ਰਹਿਣ ਵਾਲੇ ਜੱਟ ਘਰਾਣੇ ਵਿਚੋਂ ਸਨ। ਗਿਆਨੀ ਜੀ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨੀ ਸਨ, ਉਥੇ ਸਿਮਰਨ ਦੇ ਵੀ ਧਨੀ ਤੇ ਆਸ਼ਕ ਸਨ। ਗਿਆਨੀ ਜੀ ਨੇ ਸ੍ਰ: ਬੰਤਾ ਸਿੰਘ ਜੀ ਨਾਲ ਮਿੱਤਰਤਾ ਪਾਲੀ। ਗਿਆਨੀ ਜੀ ਨੇ ਮੇਰਾ ਆਪਣੇ ਪਿੰਡ ਆਉਣਾ ਤੇ ਸਾਰਾ ਖਰਚ ਕਰਕੇ ਏਥੇ ਸ਼ਹਿਰ ਵਿਚ ਰਹਿ ਕੇ ਸਤਿਸੰਗ ਦਾ ਲਾਭ ਲੈਣਾ ਤੱਕਿਆ ਤੇ ਮਹਿਸੂਸ ਕੀਤਾ ਕਿ ਸੰਤਾ ਸਿੰਘ ਇਸ ਢੰਗ ਨਾਲ ਕਦ ਬਸਰ ਕਰਦਾ ਰਹੇਗਾ। ਇਸ ਵਾਸਤੇ ਗਿਆਨੀ ਜੀ ਨੇ ਪਰੇਰ ਕੇ ਇਕ ਦੁਕਾਨ ਪਰ ਸੰਤਾ ਸਿੰਘ ਨੂੰ ਬਿਠਾ ਦਿੱਤਾ, ਜੋ ਦੁਕਾਨ ਗਿਆਨੀ ਜੀ ਦੀ ਆਪਣੀ ਸੀ ਅਤੇ ਗੁਰਦੁਆਰਾ ਸਿੰਘ ਸਭਾ ਦੇ ਨਾਲ ਸੀ।

ਹੁਣ ਇਸ ਸੰਗ ਨਾਲ ਸਤਿਸੰਗ ਦੇ ਦਿਨ ਗੁਜ਼ਰਦੇ ਗਏ। ਗਿਆਨੀ ਅਜੀਤ ਸਿੰਘ ਜੀ ਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਕਈ ਵਾਰੀ ਕੀਤੇ ਹੋਏ ਸਨ ਅਤੇ ਸੰਤਾਂ ਦੇ ਪਰਮਾਰਥ ਦੇ ਬਚਨ ਵੀ ਸੁਣੇ ਹੋਏ ਸਨ। ਸੋ ਗਿਆਨੀ ਜੀ ਕਈ ਵਾਰੀ ਸੰਤਾਂ ਦੇ ਬਚਨ ਵੀ ਸੁਣਾਉਂਦੇ ਤੇ ਸੁਣ ਕੇ ਮੇਰੇ ਚਿੱਤ ਵਿਚ ਦਰਸ਼ਨ ਕਰਨ ਦਾ ਫੁਰਨਾ ਵੀ ਹੋਣਾ; ਪਰ ਦਰਸ਼ਨ ਦਾ ਸਮਾਂ ਨਾ ਮਿਲਣਾ। ਬਾਣੀ ਵੀ ਪੜ੍ਹਨੀ ਤੇ ਸਿਮਰਨ ਵੀ ਕਰਨਾ। ਫਿਰ ਚਿੱਤ ਵਿਚ ਦ੍ਰਿੜ੍ਹ ਸਕੰਲਪ ਹੋ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਰਥ ਬੋਧ ਹੋਣਾ ਚਾਹੀਦਾ ਹੈ। ਇਸ ਸਮੇਂ ਦੇ ਦੌਰਾਨ ਹੀ ਗਿਆਨੀ ਬੀਰ ਸਿੰਘ ਜੀ ਦਾ ਮਿਲਾਪ ਹੋਇਆ। ਜੋ ਗਿ: ਬੀਰ ਸਿੰਘ ਜੀ ਪਰਮਾਰਥ ਦੇ ਲਗਨ ਵਾਲੇ ਸਨ ਅਤੇ ਅਭਿਆਸੀ ਵੀ ਸਨ। ਹੁਣ ਦਾਸ ਦਾ ਅਗੰਮੀ ਗਾਇਡ ਜੋ ਕਿ ਦਾਸ ਨੂੰ ਅਗੰਮੀ ਤੌਰ ਤੇ ਧਰਪਾਇਓ ਮਦਦ ਦੇ ਕੇ ਮੇਰੇ ਰਸਤੇ ਨੂੰ ਸਾਫ ਕਰੀ ਜਾਂਦਾ ਹੈ। ਇਸ ਪ੍ਰਸੰਗ ਵਿਚ ਲਿਖਾਰੀ ਦਾਸ ਪਦ ਸ੍ਰ: ਬੰਤਾ ਸਿੰਘ ਜੀ ਨੂੰ ਵਰਤ ਰਿਹਾ ਹੈ। ਹੁਣ ਦਾਸ ਨੂੰ ਗਿ: ਅਜੀਤ ਸਿੰਘ ਜੀ ਤੇ ਗਿ: ਬੀਰ ਸਿੰਘ ਜੀ ਦੁਅਰਾ ਸਾਰੀ ਬਾਣੀ ਦੀ ਸੰਥਿਆ ਅਰਥਾਂ ਸਮੇਤ ਪ੍ਰਾਪਤ ਹੋ ਗਈ। ਇਹ ਦੱਸਣ ਵਾਸਤੇ ਪਰਮਾਰਥ ਰਸਤਾ ਹੋਰ ਵੀ ਸੌਖਾ ਹੋ ਗਿਆ। ਗਿਆਨੀ ਬੀਰ ਸਿੰਘ ਜੀ ਦਾ ਕਾਰੋਬਾਰ ਜ਼ਿਆਦਾਤਰ ਕਸੂਰ ਵਿਚ ਸੀ ਅਤੇ ਕਸੂਰ ਵਿਚ ਹੀ ਜ਼ਿਆਦਾਤਰ ਰਹਿਣ ਲੱਗ ਪਏ।

ਇਕ ਦਿਨ ਦਾਸ ਨੂੰ ਮਿਲੇ ਤੇ ਇਕ ਮਾਮੂਲੀ ਦੁਕਾਨ ਪਰ ਬੈਠੇ ਨੂੰ ਤੱਕ ਕੇ ਜੋ ਦੁਕਾਨ ਕਾਪੀ, ਪਿਨਸਲ, ਦਵਾਤ ਆਦਿ ਵਸਤੂਆਂ ਦੀ ਸੀ, ਗਿਆਨੀ ਜੀ ਆਖਣ ਲੱਗੇ ਕਿ ਬੰਤਾ ਸਿੰਘ ਇਹ ਜੋ ਮਾਮੂਲੀ ਦੁਕਾਨ ਹੈ, ਜਿਸ ਦੁਆਰਾ ਦਿਨ ਵਿਚ ਸਿਰਫ ਚਾਰ ਆਨੇ ਤੋਂ ਵੱਧ ਅਮਦਨ ਨਹੀਂ, ਇਸ ਵਿਚ ਤੁਸੀਂ ਗੁਜ਼ਾਰਾ ਕਿਵੇਂ ਕਰੋਗੇ? ਇਸ ਵਾਸਤੇ ਆਪ ਜੀ ਕੋਈ ਠੋਸ ਕੰਮ-ਕਾਰ ਦੀ ਦੁਕਾਨ ਪਾਓ। ਦਾਸ ਨੇ ਆਖਿਆ ਕਿ ਮੇਰੇ ਪਾਸ ਇਤਨੀ ਪੂੰਜੀ ਨਹੀਂ; ਜੋ ਐਸੀ ਠੋਸ ਦੁਕਾਨ ਪਾਈ ਜਾਵੇ। ਗਿਆਨੀ ਜੀ ਨੇ ਆਖਿਆ ਕਿ ਆਪ ਜੀ ਫੋਟੋਗ੍ਰਾਫਰੀ ਦੀ ਦੁਕਾਨ ਕਰ ਲਵੋ। ਦਾਸ ਨੇ ਆਖਿਆ ਕਿ ਮੈਨੂੰ ਫੋਟੋਗ੍ਰਾਫਰੀ ਦਾ ਕੰਮ ਨਹੀਂ ਆਉਂਦਾ। ਗਿਆਨੀ ਜੀ ਨੇ ਆਖਿਆ ਕਿ ਆਪ ਜੀ ਮੇਰੇ ਪਾਸ ਕਸੂਰ ਆ ਜਾਓ, ਉਥੇ ਆਪ ਜੀ ਨੂੰ ਫੋਟੋਗ੍ਰਾਫਰੀ ਦਾ ਕੰਮ ਸਿਖਾਲ ਦੇਵਾਂਗੇ। ਗਿਆਨੀ ਜੀ ਦਾ ਬਚਨ ਮੰਨ ਕੇ ਦਾਸ ਕਸੂਰ ਗਿਆਨੀ ਜੀ ਪਾਸ ਚਲਾ ਗਿਆ ਅਤੇ ਫੋਟੋਗ੍ਰਾਫਰੀ ਦਾ ਕੰਮ ਸ਼ੁਰੂ ਕਰ ਦਿੱਤਾ। ਜਦੋਂ ਦਾਸ ਦਾ ਕੋਈ ਪੂਰਬਲਾ ਭਾਗ ਜਾਗਿਆ, *ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ।।* ਤਾਂ ਗਿਆਨੀ ਅਜੀਤ ਸਿੰਘ ਜੀ

ਨਾਲ ਮਿਲ ਕੇ ਡੇਰਾ ਸੰਤਗੜ੍ਹ ਵਿਖੇ ਦਾਸ ਛੋਟਾ ਕੈਮਰਾ ਲੈ ਕੇ ਆਇਆ ਸੀ। ਉਸ ਛੋਟੇ ਕੈਮਰੇ ਨਾਲ ਸੰਤਾਂ ਅੱਗੇ ਬਹੁਤ ਬੇਨਤੀਆਂ ਕਰਕੇ ਸੰਤਾਂ ਦੀ ਇਕ ਫੋਟੋ ਲਈ ਜੋ ਤਿਆਰ ਕਰਕੇ ਦਿਖਾਈ।

ਜਦੋਂ ਦਾਸ ਫੋਟੋ ਲੈ ਰਿਹਾ ਸੀ ਉਸ ਸਮੇਂ ਮਨ ਵਿਚ ਬਹੁਤ ਵਿਚਾਰਾਂ ਆ ਰਹੀਆਂ ਸਨ ਕਿ ਆਹ ਚੜ੍ਹਦੀ ਜਵਾਨੀ ਅਤੇ ਆਹ ਚੇਹਰੇ ਦਾ ਜਲਾਲ ਸ਼ਾਂਤੀ ਭਰਿਆ ਅਤੇ ਬਹੁਤ ਮਨੋਹਰ, ਮਨ ਨੂੰ ਬਹੁਤ ਆਪਣੇ ਵਲ ਖਿੱਚਣ ਵਾਲਾ ਵਗੈਰਾ ਪੂਰਨ ਮਹਾਂਪੁਰਸ਼ਾਂ ਤੋਂ ਇਹ ਗੁਣ ਹੋਰ ਕਿਸੇ ਵਿਚ ਨਹੀਂ ਹੋ ਸਕਦੇ। ਦਾਸ ਦਾ ਮਨ ਇਨ੍ਹਾਂ ਗੱਲਾਂ ਪਰ ਜੱਸ ਗਿਆ। ਹੁਣ ਫੋਟੋ ਤਿਆਰ ਕਰਕੇ ਸੰਤਾਂ ਨੂੰ ਦਿਖਾਇਆ, ਸੰਤਾਂ ਨੇ ਇਹ ਫੋਟੋ ਪਸੰਦ ਨਹੀਂ ਕੀਤਾ ਅਤੇ ਦਾਸ ਨੂੰ ਆਖਿਆ ਕਿ ਬੰਤਾ ਸਿੰਘ ਜੀ ਇਹ ਫੋਟੋ ਸਾਡੇ ਪਸੰਦ ਨਹੀਂ। ਇਕ ਹੋਰ ਫੋਟੋ ਆਪ ਜੀ ਨੂੰ ਬੁਲਾ ਕੇ ਖਿਚਾਵਾਂਗੇ। ਦਾਸ ਨੇ ਸਤਿ ਬਚਨ ਕਿਹਾ, ਸਾਲ ਕੁ ਤੋਂ ਬਾਅਦ ਸੋ ਫੋਟੋ ਖਿੱਚਣ ਸਮਾਂ ਵੀ ਮਹਾਂਪੁਰਸ਼ਾਂ ਨੇ ਮਹਾਨ ਕਿਰਪਾ ਕਰਕੇ ਬਖਸ਼ਿਸ਼ ਕੀਤਾ।

ਇਕ ਦਿਨ ਦਾਸ ਨੂੰ ਬੁਲਾਇਆ ਤੇ ਫੋਟੋ ਖਿੱਚਣ ਵਾਸਤੇ ਹੁਕਮ ਕੀਤਾ। ਫੋਟੋ ਖਿੱਚਣ ਦੀ ਤਿਆਰੀ ਕੀਤੀ ਗਈ। ਲੰਗਰ ਵਾਲੇ ਮਕਾਨ ਦੇ ਸਾਹਮਣੇ ਜੋ ਨਿੰਮ ਦਾ ਪੇੜ ਹੈ, ਇਸ ਪੇੜ ਦੇ ਸਾਹਮਣੇ ਸੰਤਾਂ ਦੀ ਪਹਿਲੀ ਗੁਫਾ ਸੀ, ਜਿਸ ਦੀ ਪੱਛਮ ਦੀ ਦਿਸ਼ਾ ਵਾਲੀ ਕੰਧ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਸੁੰਦਰ ਛੰਨ ਸੀ। ਇਸ ਤੰਨ ਦੇ ਬਾਹਰ-ਵਾਰ ਪੰਜ ਗ੍ਰੰਥੀ ਦੀ ਪੋਥੀ ਪ੍ਰਕਾਸ਼ ਕਰਕੇ ਉਸ ਪੋਥੀ ਦੀ ਤਾਬਿਆ ਆਪ ਹਜ਼ੂਰ ਬੈਠੇ ਅਤੇ ਆਪਣੇ ਖੱਬੇ ਪਾਸੇ ਬਾਬਾ ਈਸ਼ਰ ਸਿੰਘ ਜੀ ਨੂੰ ਬਿਠਾਇਆ ਤੇ ਆਪਣੇ ਸੱਜੇ ਪਾਸੇ ਬਾਬਾ ਕਾਹਨ ਦਾਸ ਜੀ ਨੂੰ ਬਿਠਾਇਆ। ਇਸ ਢੰਗ ਨਾਲ ਫੋਟੋ ਖਿਚਾਈ ਗਈ, ਦਾਸ ਫੋਟੋ ਦੇ ਖਿਚਦੇਸਾਰ ਹੀ ਸੰਤਾਂ ਪਰ ਇਤਨਾ ਆਸ਼ਕ ਹੋ ਗਿਆ ਕਿ ਤਨ ਮਨ ਧਨ ਹੀ ਸੰਤਾਂ ਨੂੰ ਸੌਂਪ ਦਿੱਤਾ। ਆਪਣੇ ਮਨ ਵਿਚ ਪੱਕਾ ਨਿਸ਼ਚਾ ਕਰ ਲਿਆ ਕਿ ਇਹ ਪੂਰਨ ਪੁਰਖ ਹਨ। ਇਹੀ ਮਹਾਂਪੁਰਸ਼ ਮੇਰਾ ਜਨਮ ਸਫਲ ਕਰਨਗੇ। ਮੇਰੇ ਮਨ ਉਸ ਸਮੇਂ ਸੰਤਾਂ ਦਾ ਸ਼ਾਂਤਮਈ ਜਲਾਲ ਤੱਕ ਕੇ ਭਰਪੂਰ ਹੋ ਗਿਆ। ਜਿਵੇਂ ਕਿ ਸਰਦ ਰੁੱਤ ਪੂਰਨਮਾਸ਼ੀ ਦੇ ਚੰਦਰਮਾਂ ਦਾ ਦਰਸ਼ਨ ਕਰਕੇ ਚਕੋਰ ਪ੍ਰਸੰਨ ਹੋ ਜਾਂਦਾ ਹੈ ਅਤੇ ਕੰਮੀਆਂ ਖਿੜ ਜਾਂਦੀਆਂ ਹਨ। ਐਸਾ ਜੱਸ ਦਾ ਮਨ ਖਿੜ ਗਿਆ, ਬਲਕਿ ਚੜ੍ਹਦੇ ਸੂਰਜ ਦੇ ਪ੍ਰਕਾਸ਼ ਨੂੰ ਤੱਕ ਕੇ ਜਿਵੇਂ ਕਵਲ ਖਿੜ ਜਾਂਦੇ ਹਨ। ਸੋ ਸੰਤਾਂ ਦੀ ਪਹਿਲੀ ਫੋਟੋ ਅਸੀਂ ਸਾਹਮਣੇ ਸਫੇ ਪਰ ਦੇ ਰਹੇ ਹਾਂ। ਦਾਸ ਨੂੰ ਇਹ ਫੋਟੋ ਦੇ ਕੇ ਸੰਤਾਂ ਨੇ ਹੁਕਮ ਦਿੱਤਾ ਸੀ ਕਿ ਸਾਡੀ ਫੋਟੋ ਦੁਕਾਨ ਤੋਂ ਬਾਹਰ ਨਹੀਂ ਲਾਉਣੀ। ਦਾਸ ਨੇ ਸਤਿਬਚਨ ਕਰਕੇ ਸੰਤਾਂ ਦਾ ਇਹ ਬਚਨ ਮੰਨ ਲਿਆ।

ਹੁਣ ਤਾਂ ਦਾਸ ਨੇ ਆਪਣੀ ਜ਼ਿੰਦਗੀ ਸੰਤਾਂ ਦੇ ਹੱਥ ਦੇ ਦਿੱਤੀ, ਹੁਣ ਜਦੋਂ ਕੋਈ ਸ਼ੰਕਾ ਹੋਣੀ ਦਾਸ ਨੇ ਡੇਰੇ ਸੰਤਾਂ ਦੇ ਚਰਨਾਂ ਵਿਚ ਆਉਣਾ ਤੇ ਨਮਸ਼ਕਾਰ ਕਰਨੀ, ਸ਼ਰਧਾ ਸਿਦਕ ਧਾਰ ਕੇ ਬੈਠ ਜਾਣਾ। ਆਪਣੀ ਸ਼ੰਕਾ ਕਹਿਣ ਦੀ ਲੋੜ ਨਾ ਪੈਣੀ, ਮਹਾਂਪੁਰਸ਼ਾਂ ਨੇ ਇਕ ਬਚਨ ਕਹਿ ਕੇ ਹੀ ਆਪਣੇ ਆਪ ਹੀ ਸ਼ੰਕਾ ਨਵਿਰਤ ਕਰ ਦੇਣੀ। ਉਸ ਸ਼ੰਕਾ ਨੂੰ ਦੂਰ ਕਰਕੇ ਸ਼ਾਂਤੀ ਲੈ ਕੇ ਆਪਣੇ ਘਰ ਚਲੇ ਜਾਣਾ। ਇਹ ਵਾਰਤਾ ਦਾਸ ਨਾਲ ਇਕ ਵਾਰੀ ਨਹੀਂ, ਬਲਕਿ ਹਰ ਵਾਰੀ ਹੀ ਦਾਸ ਪਰ ਏਸੇ ਤਰ੍ਹਾਂ ਕਿਰਪਾ ਕਰਦੇ ਸਨ। ਹੁਣ ਦਾਸ ਨੇ ਇਕ ਦੋ ਵਾਰੀ ਸੰਤਾਂ ਦੇ ਚਰਨਾਂ ਵਿਚ ਬੜੀ ਸ਼ਰਧਾ ਤੇ ਪ੍ਰੇਮ ਸਿਦਕ ਨਾਲ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ, ਕੁਝ ਨਾਮ ਜਪਣ ਦਾ ਅਭਿਆਸ ਕਰਨ ਦਾ ਤਰੀਕਾ ਢੰਗ ਦੱਸਣ ਦੀ ਕਿਰਪਾਲਤਾ ਕਰੋ। ਸੰਤਾਂ ਨੇ ਇਸ ਗੱਲ ਦਾ ਕੋਈ ਉੱਤਰ ਨਾ ਦੇਣਾ। ਕੋਈ ਐਸੀ ਗੱਲ ਕਰਕੇ ਟਾਲ ਛੱਡਣਾ। ਇਕ ਵਾਰੀ ਕਿਸੇ ਬੜੇ ਲਹਿਜ਼ੇ ਵਿੱਚ ਕਿਹਾ ਕਿ ਬੰਤਾ ਸਿੰਘ ਜੀ ਨਾਮ ਜਪਣ ਦਾ ਅਭਿਆਸ ਕਰਨ ਦਾ ਤੈਨੂੰ ਬਹੁਤ ਫਿਕਰ ਹੈ। ਸਾਨੂੰ ਤੇਰਾ ਕੋਈ ਫਿਕਰ ਨਹੀਂ, ਤੂੰ ਜਪੁ ਕਰਕੇ ਸਾਡਾ ਬਚਨ ਮੰਨੀ ਜਾ। ਅਭਿਆਸ ਤੇਰਾ ਆਪੇ ਹੋਈ ਜਾਏਗਾ। ਸੰਤਾਂ ਪਾਸੋਂ ਇਹ ਉੱਤਰ ਸੁਣ ਕੇ ਦਾਸ ਫਿਰ ਚੁਪ ਹੀ ਕਰ ਗਿਆ।

ਹੁਣ ਸੰਤਾਂ ਨੇ ਦਾਸ ਨੂੰ ਆਖਿਆ ਕਿ ਬੰਤਾ ਸਿੰਘ ਜੀ ਸਮਾਂ ਬੜਾ ਭਿਆਨਕ ਆਉਣ ਵਾਲਾ ਹੈ, ਤੂੰ ਆਪਣੇ ਪਰਿਵਾਰ ਦੇ ਸਮੇਤ ਰਵਾਲਸਰ ਤੋਂ 12 ਕੁ ਮੀਲ ਉਰ੍ਹੇ ਪਹਾੜ ਵਿਚ ਪਹਿਰਮੀ ਕਰਕੇ ਜਗ੍ਹਾ ਹੈ, ਜੋ ਕਿ ਬਹੁਤ ਨਮੇ ਕਸਬਾ ਹੈ, ਇਨ੍ਹਾਂ ਦੋਨਾਂ ਕਸਬਿਆਂ ਤੋਂ ਤਕਰੀਬਨ ਪਹਿਰਮੀ ਕਰਕੇ ਜਗ੍ਹਾ ਛੇ-ਛੇ ਮੀਲ ਹੈ। ਉਸ ਜਗ੍ਹਾ ਚਲੇ ਜਾਓ

ਅਤੇ ਕਣਕ ਦਾਣੇ ਦੇ ਟਰੱਕ ਹੋਰ ਦਾਲ, ਲੂਣ, ਮਿਰਚ, ਮਸਾਲਾ ਵਗੈਰਾ ਸਭ ਕੁਝ ਲੈ ਜਾਉ। ਦਾਸ ਨੇ ਬੇਨਤੀ ਕੀਤੀ ਹਜ਼ੂਰ ਇਤਨੀ ਕਣਕ ਕਿਥੋਂ ਲੈ ਕੇ ਜਾਵਾਂ। ਸੰਤਾਂ ਨੇ ਆਖਿਆ ਇਹ ਕਣਕ ਸਤਿਗੁਰੂ ਜੀ ਦੇ ਘਰੋਂ ਲੈ ਕੇ ਜਾਣੀ। ਉਥੇ ਪਹਾੜ ਵਿਚ ਜਾਣ ਦਾ ਹੁਕਮ ਵੀ ਅਕਾਲ ਪੁਰਖ ਵਲੋਂ ਹੀ ਹੈ, ਤੈਂ ਤਾਂ ਬਚਨ ਮੰਨ ਕੇ ਇਨ੍ਹਾਂ ਵਸਤੂਆਂ ਦਾ ਪਹਿਰੇਦਾਰ ਬਣ ਕੇ ਰਹਿਣਾ ਹੈ। ਦਾਸ ਨੇ ਸਤਿਬਚਨ ਕਿਹਾ। ਸੰਨ 1947 ਦੇ ਭਾਦੋਂ ਦੇ ਮਹੀਨੇ ਹਜ਼ੂਰ ਅਨੰਦਪੁਰ ਸਾਹਿਬ ਵਿਚ ਸਨ। ਪਾਕਿਸਤਾਨ ਤੋਂ ਬੇਘਰ ਲੁੱਟੇ-ਕਸੁੱਟੇ ਲੋਕ ਆ ਕੇ ਡੁਮੇਲੀ ਦੇ ਨਿਕਟਵਰਤੀ ਮੁਸਲਮਾਨਾਂ ਦੇ ਪਿੰਡਾਂ ਵਿਚ ਵੱਸ ਗਏ ਸਨ। ਜਦੋਂ ਏਧਰ ਪੂਰਬੀ ਪੰਜਾਬ ਦੇ ਮੁਸਲਮਾਨੀ ਪਿੰਡਾਂ ਦੇ ਲੋਕ ਉਜੜ-ਉਜੜ ਕੇ ਡਡੌਰ ਆਦਿ ਕੈਂਪਾਂ ਵਿਚ ਜਾ ਰਹੇ ਸਨ, ਉਸ ਸਮੇਂ ਦਾਸ ਲਿਖਾਰੀ ਨੇ ਤੇ ਡੁਮੇਲੀ ਵਾਲੇ ਸੰਤ ਬਾਬਾ ਦਲੀਪ ਸਿੰਘ ਜੀ ਮੁਸਲਮਾਨੀ ਪਿੰਡ ਗੁਜਰਾਤਾਂ, ਮੀਰਾਪੁਰ ਪਿੰਡਾਂ ਤੇ ਸਿੱਖ ਜੱਟਾਂ ਦਾ ਹਮਲਾ ਨਹੀਂ ਹੋਣ ਦਿੱਤਾ। ਇਹ ਮੁਸਲਮਾਨ ਕੈਂਪਾਂ ਵਿਚ ਜਾਣ ਸਮੇਂ ਕਣਕ ਤੋਂ ਆਦਿ ਫਾਲਤੂ ਸਮਾਨ ਸੰਤ ਦਲੀਪ ਸਿੰਘ ਜੀ ਦੇ ਕੁਟੀਆਂ ਰੂਪ ਗੁਰਦੁਆਰੇ ਵਿਚ ਛੱਡ ਗਏ ਸਨ। ਡੁਮੇਲੀ ਨਗਰ ਇਕ ਨਾਰਿਆਂ ਦਾ ਟੱਬਰ ਵੱਜਦਾ ਹੇ। ਕਰਤਾਰ ਸਿੰਘ ਤੇ ਰਘਬੀਰ ਸਿੰਘ ਵਗੈਰਾ ਜੋ ਕਮਿਊਨਿਸਟ ਖਿਆਲਾਂ ਦੇ ਸਨ, ਇਸ ਸਾਰੇ ਪਿੰਡਾਂ ਵਿਚ ਫਿਰ ਕੇ ਪਾਕਿਸਤਾਨ ਤੋਂ ਆਏ ਲੋਕਾਂ ਨੂੰ ਪਰੇਰ-ਪਰੇਰ ਕੇ ਰੋਜ਼ ਕੁਟੀਆ ਘੱਲ ਦੇਂਦੇ ਕਿ ਇਥੇ ਮੁਸਲਮਾਨਾਂ ਦਾ ਬਹੁਤ ਸਮਾਨ ਹੈ, ਤੁਸੀਂ ਸੰਤਾਂ ਤੋਂ ਲੈ ਕੇ ਆਓ।

ਹੁਣ ਇਤਨੇ ਪਾਕਿਸਤਾਨੀ ਆਏ ਕਿ ਸੰਤਾਂ ਦੀ ਕੁਟੀਆਂ ਤੋਂ ਸਭ ਸਮਾਨ ਮੁੱਕ ਗਿਆ। ਪਰ ਲੋਕ ਆਉਣੋਂ ਨਹੀਂ ਸੀ ਹਟਦੇ। ਸੰਤ ਇਨ੍ਹਾਂ ਲੋਕਾਂ ਦੀ ਰੋਜ਼ ਦੀ ਮੰਗ ਤੋਂ ਤੰਗ ਆ ਕੇ ਕੁਟੀਆ ਛੱਡ ਕੇ ਕਿਸੇ ਪਾਸੇ ਜਾਣ ਨੂੰ ਤਿਆਰ ਹੋ ਗਏ। ਸੰਤਾਂ ਦੇ ਛੱਡ ਕੇ ਨੱਠ ਜਾਣ ਦੀਆਂ ਤਾਰਾਂ ਗੁਪਤ ਅੰਤਰ-ਆਤਮੇ ਸੰਤ ਮਹਾਰਾਜ ਜੀ ਨੂੰ ਪਰੇਰ ਦਿੱਤਾ। ਇਕ ਦਮ ਸੰਤ ਅਨੰਦਪੁਰ ਤੋਂ ਟਰੱਕ ਪਰ ਰੋਪੜ ਆਏ। ਰੋਪੜੋਂ ਸ਼ਰਧਾਲੂ ਸਰਦਾਰਾਂ ਦੀ ਕਾਰ ਫੜੀ। ਇਕ ਦਮ ਕਾਰ ਪਰ ਅਸਵਾਰ ਹੋ ਕੇ ਸ਼ਾਮ ਚਾਰ ਵਜੇ ਡੁਮੇਲੀ ਆ ਗਏ। ਸੰਤ ਮਹਾਰਾਜ ਜੀ ਦਾ ਦਰਸ਼ਨ ਕਰਦੇਸਾਰ ਸਭ ਪ੍ਰਸੰਨ ਹੋ ਗਏ। ਸੰਤ ਡੁਮੇਲੀ ਵਾਲਿਆਂ ਨੇ ਡੇਰੇ ਤੋਂ ਚਲੇ ਜਾਣ ਦਾ ਆਪਣਾ ਪ੍ਰੋਗਰਾਮ ਸੰਤਾਂ ਨੂੰ ਦੱਸਿਆ। ਸੰਤ ਸੁਣ ਕੇ ਹੱਸ ਪਏ ਅਤੇ ਆਖਿਆ ਕਿ ਸਤਿਗੁਰੂ ਨੇ ਏਸੇ ਕਰਕੇ ਆਪ ਜੀ ਪਾਸ ਭੇਜਿਆ ਹੈ। ਆਪ ਜੀ ਨੂੰ ਇਥੋਂ ਜਾਣ ਦਾ ਹੁਕਮ ਨਹੀਂ ਹੈ। ਜਿਸ ਦੁਖ ਕਰਕੇ ਆਪ ਜੀ ਜਾਂਦੇ ਹੋ ਸੋ ਦੁਖ ਅਸੀਂ ਨਵਿਰਤ ਕਰਨ ਵਾਸਤੇ ਆਏ ਹਾਂ।

ਦੂਸਰਾ ਦਿਨ ਚੜ੍ਹਿਆ, ਸੰਤ ਦਲੀਪ ਸਿੰਘ ਜੀ ਦੀ ਕੁਟੀਆ ਵਿਚ ਜੋ ਕਣਕ ਸੀ ਸੋ ਸਾਰੀ ਦੀ ਸਾਰੀ ਦੋ ਟਰੱਕ ਭਰ ਕੇ ਸ੍ਰ: ਬੰਤਾ ਸਿੰਘ ਜੀ ਦੇ ਨਾਲ ਪਹਿਰਮ ਪਿੰਡ ਪਹਾੜ ਵਿਚ ਭੇਜ ਦਿੱਤੀ। ਹੋਰ ਘੀ ਆਦਿਕ ਸਭ ਸਮਾਨ ਭੇਜ ਦਿੱਤਾ। ਹੁਣ ਦਾਸ ਬੰਤਾ ਸਿੰਘ ਜੀ ਆਪਣੇ ਪਰਿਵਾਰ ਸਮੇਤ ਪਹਿਰਮੀ ਪਹਾੜ ਵਿਚ ਰਹਿਣ ਲਗ ਪਏ। ਕੁਝ ਮਹੀਨੇ ਤੋਂ ਬਾਅਦ ਬਾਬੂ ਕਾਨ੍ਹ ਸਿੰਘ ਜੀ ਵੀ ਸ੍ਰ: ਬੰਤਾ ਸਿੰਘ ਜੀ ਦੇ ਪਾਸ ਭੇਜ ਦਿੱਤੇ। ਸ੍ਰ: ਬੰਤਾ ਸਿੰਘ ਜੀ ਸੰਤ ਮਹਾਰਾਜ ਜੀ ਦਾ ਬਚਨ ਮੰਨ ਕੇ ਤਕਰੀਬਨ ਤਿੰਨ ਸਾਲ ਤੋਂ ਉਪਰ ਪਹਾੜ ਵਿਖੇ ਪਹਿਰਮੀ ਨਾਮੀ ਜਗ੍ਹਾ ਵਿਚ ਰਹੇ। ਇਕ ਦਿਨ ਸੰਨ 1948 ਖਤਮ ਹੋਣ ਵਾਲਾ ਸੀ ਤੇ ਸੰਤ ਆਪ ਪਹਾੜ ਵਿਖੇ ਪਹਿਰਮੀ ਅਸਥਾਨ ਪਰ ਗਏ। ਸ੍ਰ: ਬੰਤਾ ਸਿੰਘ ਜੀ ਦਾ ਬਚਨ ਮੰਨਣ ਰੂਪ ਸੇਵਾ ਤਕ ਕੇ ਪ੍ਰਸੰਨ ਹੋ ਗਏ ਅਤੇ ਬੰਤਾ ਸਿੰਘ ਜੀ ਤੁਸਾਂ ਨੇ ਦੋ ਤਿੰਨ ਵਾਰੀ ਸਾਡੇ ਪਾਸੋਂ ਸ਼ਬਦ ਅਭਿਆਸ ਕਰਨ ਬਾਰੇ ਮੰਗ ਕੀਤੀ ਸੀ। ***ਸ੍ਰ: ਬੰਤਾ ਸਿੰਘ ਜੀ—*** ਹਾਂ ਗਰੀਬ-ਨਿਵਾਜ਼ ਮੰਗ ਤਾਂ ਕੀਤੀ ਸੀ, ਪਰ ਆਪ ਜੀ ਵਲੋਂ ਮੇਹਰ ਦੀ ਦਾਤ ਨਹੀਂ ਹੋਈ। ਸੰਤ ਮਹਾਰਾਜ ਜੀ :

ਭਾਈ ਬੰਤਾ ਸਿੰਘ ਜੀ ਤੈਂਨੇ ਸਾਡਾ ਬਚਨ ਮੰਨਣ ਰੂਪ ਸੇਵਾ ਕੀਤੀ ਹੈ, ਅਸੀਂ ਤੁਹਾਡੀ ਜਗ੍ਹਾ ਸ਼ਬਦ ਸਿਮਰਨ ਦਾ ਅਭਿਆਸ ਕਰ ਦਿੱਤਾ ਹੈ। ਇਹ ਅਭਿਆਸ ਰੂਪੀ ਅਮਾਨਤ ਤੇਰੀ ਸਾਡੇ ਪਾਸ ਗੁਰੂ ਦੇ ਖਜ਼ਾਨੇ ਵਿਚ ਪਈ ਹੈ। ਸੋ ਅਮਾਨਤ ਤੂੰ ਹੁਣ ਸਾਡੇ ਤੋਂ ਲੈ ਲਵੋ। ਸੰਤਾਂ ਦੇ ਕਿਰਪਾ-ਭਰੇ ਬਚਨ ਬੰਤਾ ਸਿੰਘ ਜੀ ਸੁਣ ਕੇ ਬਹੁਤ ਨਿੰਮਰਤਾ ਵਿਚ ਆ ਗਿਆ ਤੇ ਚਰਨਾਂ ਪਰ ਢਹਿ ਪਿਆ। ਬਾਣੀ ਗੱਦ-ਗੱਦ ਹੋ ਗਈ। ਪ੍ਰਸੰਨਤਾ ਦਾ ਜਲ ਅੱਖਾਂ ਵਿਚੋਂ ਜਾ ਜਾ ਕੇ ਸੰਤ ਮਹਾਰਾਜ ਜੀ ਦੇ ਚਰਨ ਧੋ ਦਿੱਤੇ। ਸੰਤਾਂ ਨੇ ਕਿਰਪਾ ਭਰਿਆ ਹੱਥ ਸ੍ਰ: ਬੰਤਾ ਸਿੰਘ ਜੀ ਦੇ ਸੀਸ ਪਰ ਲਾ ਕੇ

ਧੀਰਜ ਦੇ ਕੇ ਸੀਸ ਉਪਰ ਚੁੱਕ ਲਿਆ, ਨਾਲ ਹੀ ਕਿਰਪਾ-ਭਰੀ ਦ੍ਰਿਸ਼ਟੀ ਨਾਲ ਤੱਕ ਕੇ ਸ੍ਰ: ਬੰਤਾ ਸਿੰਘ ਜੀ ਦੇ ਹਿਰਦੇ ਵਿਚ ਨਾਮ ਦਾ ਖਜ਼ਾਨਾ ਬਖਸ਼ ਦਿੱਤਾ, ਜੈਸਾ ਕਿ :

ਸਮਰਥ ਗੁਰੂ ਸਿਰਿ ਹਥੁ ਧਰ੍ਹਿਉ।। ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਹਿਉ।।
ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਭਰ੍ਹਿਉ।।
ਭਨਿ ਦਾਸ ਸੁ ਆਸ ਜਗਤ੍ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਹਿਉ।।
ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥ ਧਰ੍ਹਿਉ।। (ਪੰਨਾ ੧੪੦੦)

ਇਕ ਦਮ ਬੰਤਾ ਸਿੰਘ ਜੀ ਨੂੰ ਇਉਂ ਨਿਸ਼ਚਾ ਹੋ ਗਿਆ ਜਿਵੇਂ ਕਿ ਇਕ ਨਾਲਾ ਸਮੁੰਦਰ ਵਿਚ ਮਿਲ ਕੇ ਸਮੁੰਦਰ ਰੂਪ ਹੋ ਜਾਂਦਾ ਹੈ। ਇਉਂ ਭਾਸਣ ਲੱਗ ਗਿਆ ਕਿ ਨਿਸ਼ਚਾ ਰੂਪ ਬਿਰਤੀ ਹੋ ਗਈ, ਜਿਵੇਂ ਕਿ ਇਕ ਪਾਣੀ ਦਾ ਘੜਾ ਸਮੁੰਦਰ ਵਿਚ ਰੱਖ ਦਈਏ ਤੇ ਉਸ ਘੜੇ ਦੇ ਅੰਦਰ ਵੀ ਪਾਣੀ ਹੈ। ਉਸ ਘੜੇ ਦੇ ਆਲੇ-ਦੁਆਲੇ ਵੀ ਪਾਣੀ ਹੈ। ਹੁਣ ਬਿਰਤੀ ਦਾ ਕੋਈ ਸਵਾਲ ਹੀ ਨਹੀਂ ਰਿਹਾ। ਸ਼ਬਦੋਂ ਸ਼ਬਦ ਹੀ ਨਿਸਚੇ ਹੋ ਰਿਹਾ ਹੈ। ਇਸ ਸ਼ਬਦ ਬ੍ਰਹਮ ਵਿਚ ਹੀ ਅੱਠ ਪਹਿਰ ਲੀਨ ਰਿਹਾ। ਫਿਰ ਸੰਤਾਂ ਨੇ ਆਪ ਸ੍ਰ: ਬੰਤਾ ਸਿੰਘ ਜੀ ਨੂੰ ਕ੍ਰਿਆ ਕਰਨ ਵਾਸਤੇ ਉਠਾਇਆ। ਉਹ ਜੋ ਹਿਰਦੇ ਵਿਚ ਗੁਪਤ ਨਾਮ ਸੀ ਜੋ ਕਿ ਜੜ੍ਹ ਚੇਤਨ ਵਿਚ ਸੱਤਾ ਰੂਪ ਹੋ ਕੇ ਵਿਆਪਕ ਰੂਪ ਜਿਸ ਨੂੰ ਅਸਤੀ ਭਾਂਤੀ ਪ੍ਰਿਆ ਰੂਪ ਕਰਕੇ ਸ਼ਾਸਤ੍ਰ ਨੇ ਆਖਿਆ ਹੈ। ਸੋ ਗੁਰੂ ਕ੍ਰਿਪਾ ਨਾਲ ਹੀ ਪ੍ਰਕਾਸ਼ਦਾ ਹੈ। ਜੈਸੇ ਕਿ ਸਤਿਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ :

ਹਰਿ ਕੀਰਤਿ ਕਲਜੁਗਿ ਪਦੁ ਉਤਮੁ ਹਰਿ ਪਾਈਐ ਸਤਿਗੁਰ ਮਾਝਾ।।
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ।। ੧।। (ਪੰਨਾ ੬੯੭)

ਮਹਾਂਪੁਰਸ਼ਾਂ ਨੇ ਇਸ ਗੁਪਤ ਨਾਮ ਨੂੰ ਪ੍ਰਗਟ ਕਰ ਦਿਖਾਲ ਦਿੱਤਾ। ਇਹ ਨਾਮ ਰਸ ਜਿਨ੍ਹਾਂ ਨੂੰ ਗੁਰੂ ਦੁਆਰਾ ਪ੍ਰਾਪਤ ਹੋਇਆ ਹੈ, ਇਸ ਦਾ ਅਨੰਦ ਸੋ ਹੀ ਗੁਰਮੁਖ ਮਾਣਦੇ ਹਨ। ਗੂੰਗੇ ਦੇ ਮਠਿਆਈ ਖਾਣ ਵੇਤ ਹੋ ਜਾਂਦੇ ਹਨ। ਮੈਂ ਦਾਸ ਨੇ ਸ੍ਰ: ਬੰਤਾ ਸਿੰਘ ਦੇ ਨਿਕਟ ਹੋ ਕੇ ਤੱਕਿਆ ਹੈ :

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ।। ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ।। (ਪੰਨਾ ੪੭੩)

ਦੀ ਅਵਸਥਾ ਵਿਚ ਵਿਚਰ ਰਹੇ ਹਨ। ਆਪ ਜੀ ਦੀ ਕਬੀਲਦਾਰੀ ਮਹਾਰਾਜ ਜੀ ਦੀ ਕਿਰਪਾ ਨਾਲ ਆਪੋ ਆਪਣੀ ਜਗ੍ਹਾ ਸੁੱਖ ਆਨੰਦ ਨਾਲ ਹਨ। ਚਾਰ ਲੜਕੀਆਂ ਵਿਆਹ ਕੇ ਆਪੋ ਆਪਣੇ ਘਰੀਂ ਚੰਗੀਆਂ ਸੁਖੀ ਵੱਸਦੀਆਂ ਹਨ। ਵੱਡਾ ਲੜਕਾ ਗੁਲਾਬ ਸਿੰਘ ਜੀ ਫੋਟੋਗ੍ਰਾਫਰ ਦੀ ਦੁਕਾਨ ਆਪਣੇ ਪਿਤਾ ਦੀ ਜਗ੍ਹਾ ਕਰਦਾ ਹੈ। ਪਿਤਾ ਵਾਂਗ ਹੀ ਬਹੁਤ ਚੜ੍ਹਤ ਹੈ। ਆਪਣੇ ਚੰਗੇ ਸੌਖੇ ਗੁਜ਼ਾਰੇ ਵਿਚ ਹੈ। ਦੂਸਰਾ ਛੋਟਾ ਲੜਕਾ ਐਲ. ਸੀ. ਓ. ਸ੍ਰ: ਜਸਬੀਰ ਸਿੰਘ ਜੀ ਵਿਕਟੋਰੀਆ ਕਰਾਸ ਬਹਾਦਰ ਹਨ, ਸ੍ਰ: ਬੰਤਾ ਸਿੰਘ ਜੀ ਦੇ ਦੋਨੋਂ ਲੜਕੇ ਬੜੇ ਸਿੱਖੀ ਅਸੂਲ ਦੇ ਤੇ ਉਦਾਰ-ਚਿੱਤ ਹਨ ਅਤੇ ਅਸੂਗੀਸਪਤਾ ਤੋਂ ਬਚੇ ਹੋਏ ਹਨ। ਆਪ ਸਰਦਾਰ ਸਾਹਿਬ ਗੁਰਮੁਖਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।। ਦੀ ਅਵਸਥਾ ਵਿਚ ਆਪਣਾ ਜੀਵਨ ਬਤੀਤ ਕਰ ਰਹੇ ਹਨ। ਇਤੀ।

ਸੰਤ ਗਿਆਨੀ ਆਤਮਾ ਸਿੰਘ ਜੀ

ਥੋੜੀ ਥੋੜੀ ਜਗੀਰ ਦੇ ਮਾਲਕ ਤੇ ਵਿਰਾਸਤ ਦੇ ਮਾਲਕ ਕੁਝ ਜਗੀਰਦਾਰਾਂ ਰੰਧਾਵੇ ਜੱਟਾਂ ਦੇ ਘਰ ਪਿੰਡ ਬੀਬੀ ਦੀ ਪੰਡੋਰੀ ਵਿਚੋਂ ਆ ਕੇ ਹਰਖੋਵਾਲ ਵਿਚ ਵੱਸਦੇ ਹਨ। ਜਿਨ੍ਹਾਂ ਵਿਚੋਂ ਇਕ ਸ੍ਰ: ਜਵਾਲਾ ਸਿੰਘ ਜੀ ਵੀ ਵੱਸਦੇ ਹਨ। ਸ੍ਰ: ਜਵਾਲਾ ਸਿੰਘ ਜੀ ਦੀ ਪਤਨੀ ਮਾਈ ਮਾਲਾ ਤਾਂ ਸੁਦੀ ਹੀ ਭਗਤਨੀ ਹੈ। ਇਸ ਮਾਈ ਮਾਲਣ ਭਗਤਨੀ ਦੀ ਕੁੱਖੋਂ

ਛੇ ਬੱਚੇ ਪੈਦਾ ਹੋਏ ਹਨ। ਚਾਰ ਲੜਕੀਆਂ ਤੇ ਦੋ ਲੜਕੇ। ਵੱਡੀ ਲੜਕੀ ਗੁਰਦੇਵ ਕੌਰ ਬਹੁਤ ਜ਼ਿਆਦਾ ਸਤੋਗੁਣ ਅਤੇ ਸੰਤ ਮਹਾਰਾਜ ਜੀ ਦੀ ਬਚਨ ਪਾਲਕ ਹੋਈ ਹੈ। ਦੂਸਰੀ ਲੜਕੀ ਠਾਕੁਰ ਕੌਰ ਜੋ ਕਿ ਬੇਬੇ ਰਾਧੋ ਜੀ ਦੀ ਨਿਕਟ-ਵਰਤੀ ਸੇਵਾਦਾਰ ਹੋਈ ਹੈ। ਇਸੇ ਤਰ੍ਹਾਂ ਸਵਰਨ ਕੌਰ ਤੇ ਗਿਆਨ ਕੌਰ ਵੀ ਬੜੇ ਅੱਛੇ ਪਤੀਬਰਤਾ ਧਰਮ ਨੂੰ ਨਿਭਾਉਣ ਵਾਲੀਆਂ ਹੋਈਆਂ ਹਨ। ਸ੍: ਜਵਾਲਾ ਸਿੰਘ ਜੀ ਕਲਾਪੇ ਹੋਣ ਦੇ ਕਾਰਨ ਤੇ ਜ਼ਮੀਨ ਘੱਟ ਹੋਣ ਦੇ ਕਾਰਨ ਮਾਇਕੀ ਹਾਲਤ ਬਹੁਤ ਕਮਜ਼ੋਰ ਹੋ ਗਈ। ਜਦ ਤਕ ਯੁਵਾ ਅਵਸਥਾ ਰਹੀ ਤਦ ਤਕ ਊਠ ਰੱਖ ਕੇ ਭਾਰ ਬਰਦਾਰੀ ਕਰਕੇ ਭਾਵ ਇਸ ਪੱਧਰੇ ਦੇਸ਼ ਵਿਚੋਂ ਅਨੇਕ ਵਸਤੂਆਂ ਦੇ ਭਾਰ ਪਹਾੜ ਵਿਚ ਲੈ ਜਾਣੇ ਤੇ ਵੇਚ ਆਉਣੇ, ਫਿਰ ਪਹਾੜ ਤੋਂ ਕੋਈ ਪਹਾੜੀ ਚੀਜ਼ ਲੈ ਆਉਣੀ ਤੇ ਪੱਧਰੇ ਦੇਸ਼ ਵਿਚ ਵੇਚ ਦੇਣੀ ਜਾਂ ਵਿਉਪਾਰੀ ਸ਼ਾਹੂਕਾਰਾਂ ਦਾ ਬੋਝਾ ਪਹਾੜ ਵਿਖੇ ਲੈ ਜਾਣਾ ਜਾਂ ਪਹਾੜ ਵਿਚੋਂ ਵਪਾਰੀ ਲੋਕਾਂ ਦੇ ਬੋਝਾਂ ਊਠਾਂ ਪਰ ਏਧਰ ਲੈ ਆਉਣਾ। ਪਰ ਸਦਾ ਜਵਾਨੀ ਨਹੀਂ ਰਹਿੰਦੀ। ਬੁਢੇਪੇ ਵਿਚ ਇਹ ਭਾਰ-ਬਰਦਾਰੀ ਦਾ ਕੰਮ ਨਹੀਂ ਹੋ ਸਕਦਾ। ਇਨ੍ਹਾਂ ਕਾਰਨਾਂ ਦੁਆਰਾ ਸ੍: ਜਵਾਲਾ ਸਿੰਘ ਜੀ ਗਰੀਬੀ ਨੇ ਦਬਾ ਲਏ। ਗੱਲ ਕੀ ਕਿ ਗੁਰਬਾਣੀ ਅਨੁਸਾਰ ਜੀਵਨ ਦੀ ਹਾਲਤ ਇਹ ਹੋ ਗਈ ਕਿ :

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।। *(ਗਉੜੀ ਮਹਲਾ ੪, ਪੰਨਾ ੧੬੭)*

ਗੱਲ ਕੀ, ਕੋਈ ਪੂਰਬਲੇ ਭਾਗਾਂ ਦੁਆਰਾ ਮਾਤਾ ਮਾਲਣ ਸੰਤ ਮਹਾਰਾਜ ਜੀ ਦੇ ਚਰਨੀਂ ਪੈ ਗਈ। ਮਾਲਣ ਦੀ ਪੁੱਤਰੀ ਬੀਬੀ ਗੁਰਦੇਵ ਕੌਰ ਤੇ ਬੀਬੀ ਠਾਕੁਰ ਕੌਰ ਡੇਰੇ ਸੰਤਗੜ੍ਹ ਵਿਖੇ ਸੰਤ ਮਹਾਰਾਜ ਜੀ ਦੇ ਹੁਕਮ ਨਾਲ ਸੇਵਾ ਕਰਨ ਲੱਗ ਗਈ। ਭਾਂਡੇ ਮਾਂਜਨੇ, ਝਾੜੂ ਬਹਾਰੂ ਦੇਣਾ ਤੇ ਪਸ਼ੂਆਂ ਦਾ ਗੋਹਾ ਵਗੈਰਾ ਚੁੱਕਣਾ। ਇਤਨੇ ਨੂੰ ਬੀਬੀ ਗੁਰਦੇਵ ਕੌਰ ਵਿਆਹੁਣ ਦੇ ਜੋਗ ਹੋ ਗਈ। ਸੰਤ ਬਾਬੇ ਹੀਰਾ ਸਿੰਘ ਜੀ ਬਿਹਾਲੇ ਵਾਲੇ ਨੇ ਸੰਤਾਂ ਦੇ ਪਾਸ ਆਪਣੇ ਸੇਵਕ ਦੀ ਸ਼ਾਦੀ ਕਰਨ ਦੀ ਮੰਗ ਕੀਤੀ। ਜਿਸ ਦੀ ਕਿ ਸੰਤ ਮਹਾਰਾਜ ਜੀ ਨੇ ਮਨਜ਼ੂਰੀ ਦੇ ਦਿੱਤੀ। ਬੀਬੀ ਦਾ ਵਿਆਹ ਪੱਕਾ ਹੋ ਗਿਆ। ਦਿਨ ਮੁਕੱਰਰ ਕਰਕੇ ਬਾਬਾ ਹੀਰਾ ਸਿੰਘ ਜੀ ਨੂੰ ਸੱਦਾ-ਪੱਤਰ ਦੇ ਦਿੱਤਾ। ਬਾਬਾ ਹੀਰਾ ਸਿੰਘ ਜੀ ਆਪ ਗੱਡੀ ਬੈਲ ਪਰ ਬੈਠ ਕੇ ਆਪਣੇ ਨਾਲ ਭਾਈ ਰਾਮ ਸਿੰਘ ਜੀ ਤੇ ਭਾਈ ਰਾਮ ਸਿੰਘ ਜੀ ਦੇ ਛੋਟੇ ਭਾਈ ਜੋਗਿੰਦਰ ਸਿੰਘ ਜੀ ਨੂੰ ਲੈ ਆਏ।

ਹੁਣ ਡੇਰਾ ਸੰਤਗੜ੍ਹ ਦੇ ਗੁਰਦਵਾਰੇ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਭਾਈ ਜੋਗਿੰਦਰ ਸਿੰਘ ਜੀ ਤੇ ਬੀਬੀ ਗੁਰਦੇਵ ਕੌਰ ਦਾ ਆਨੰਦ ਕਾਰਜ ਹੋ ਗਿਆ। ਪਿੰਡ ਹਰਖੋਵਾਲ ਦੇ ਕੁਝ ਬੰਦਿਆਂ ਨੇ ਜੋ ਕਿ ਸ੍: ਮੰਗਲ ਸਿੰਘ ਜੀ ਤੇ ਸ੍: ਰਤਨ ਸਿੰਘ ਆਦਿ ਸਨ, ਇਨ੍ਹਾਂ ਨੇ ਸ੍: ਜਵਾਲਾ ਸਿੰਘ ਜੀ ਨੂੰ ਸਿਖਾਲ ਦੇ ਸੰਤਾਂ ਦੇ ਖਿਲਾਫ ਬਹੁਤ ਪ੍ਰਾਪੇਗੰਡਾ ਕੀਤਾ ਕਿ ਸੰਤ ਜੀ ਬਦੋਬਦੀ ਮੇਰੀ ਲੜਕੀ ਇਕ ਸਾਧ ਮੁੰਡੇ ਨਾਲ ਵਿਆਹੀ ਜਾਂਦੇ ਹਨ। ਇਹ ਪੰਚਾਇਤ ਬਣ ਕੇ ਡੇਰੇ ਸੰਤਾਂ ਪਾਸ ਆਏ। ਉਸ ਸਮੇਂ ਦਾਸ ਲਿਖਾਰੀ ਕੋਲ ਸੀ। ਸੰਤਾਂ ਨੇ ਦਾਸ ਨੂੰ ਹੁਕਮ ਕੀਤਾ ਕਿ ਜੋਧ ਸਿੰਘ ਇਨ੍ਹਾਂ ਪੰਚਾਇਤੀਆਂ ਨੂੰ ਬੀਬੀ ਗੁਰਦੇਵ ਕੌਰ ਪਾਸ ਲੈ ਜਾ। ਕੋਲ ਹੀ ਬੀਬੀ ਦੀ ਮਾਤਾ ਮਾਲਣ ਹੋਵੇਗੀ। ਇਹ ਪੰਚਾਇਤੀ ਮਾਵਾਂ ਧੀਆਂ ਨਾਲ ਗੱਲ ਕਰ ਲੈਣਗੇ। ਜਦੋਂ ਦਾਸ ਇਨ੍ਹਾਂ ਪੰਚਾਇਤੀਆਂ ਨੂੰ ਬੀਬੀ ਪਾਸ ਲੈ ਕੇ ਗਿਆ ਅਤੇ ਦਾਸ ਨੇ ਬੀਬੀ ਨੂੰ ਕਿਹਾ ਕਿ ਬੀਬੀ ਗੁਰਦੇਵ ਕੌਰ ਇਹ ਪੰਚਾਇਤ ਤੇਰੇ ਤਾਏ ਚਾਚਿਆਂ ਦੀ ਆਈ ਹੈ। ਇਹ ਆਖਦੇ ਹਨ ਕਿ ਬੀਬੀ ਦਾ ਵਿਆਹ ਸੰਤਾਂ ਨੇ ਜਬਰਨ ਕਰਿਆ ਹੈ। ਬੀਬੀ ਇਹ ਬਚਨ ਮੇਰੇ ਸੁਣਦੇਸਾਰ ਸ਼ੇਰ ਵਾਂਗ ਬਣ ਗਈ ਤੇ ਅਨੇਕਾਂ ਝਿੜਕਾਂ ਦੇ ਕੇ ਇਨ੍ਹਾਂ ਪੰਚਾਇਤੀਆਂ ਨੂੰ ਸ਼ਰਮਿੰਦਾ ਕਰਕੇ ਡੇਰੇ ਤੋਂ ਬਾਹਰ ਕੱਢ ਦਿੱਤਾ।

ਬੀਬੀ ਗੁਰਦੇਵ ਕੌਰ ਨੇ ਪਿੰਡ ਬਿਹਾਲੇ ਵਿਚ ਸ੍: ਜੋਗਿੰਦਰ ਸਿੰਘ ਜੀ ਦੇ ਘਰ ਸੁੱਖ ਦੀ ਜ਼ਿੰਦਗੀ ਬਤੀਤ ਕੀਤੀ ਸੀ। ਇਸ ਬੀਬੀ ਤੋਂ ਬਾਅਦ ਸੰਤ ਮਹਾਰਾਜ ਜੀ ਨੇ ਇਸ ਪਰਿਵਾਰ ਪਰ ਮਹਾਨ ਖੁਸ਼ੀਆਂ ਕਰਦਿਆਂ ਹੋਇਆਂ ਨੇ ਇਸ ਤੋਂ ਛੋਟੀ ਬੀਬੀ ਠਾਕੁਰ ਕੌਰ ਦੀ ਸ਼ਾਦੀ ਸੰਤ ਬਿਸ਼ਨ ਸਿੰਘ ਜੀ ਨੰਗਲ ਖੁਰਦ ਵਾਲਿਆਂ ਦੇ ਕਿਹੇ ਇਕ ਗੁਰਮੁਖ ਘਰਾਣੇ ਜੋ ਪਿੰਡ ਖੇੜੇ ਵਿਚ ਸੀ, ਜਿਸ ਦੀ ਭੈਣ ਪ੍ਰੀਤਮ ਕੌਰ ਪਿੰਡ ਮਣਾਈਆਂ ਵਿਚ ਗੁਰਮੁਖ ਪਿਆਰੇ ਭਾਈ ਮੇਹਰ ਸਿੰਘ ਨਾਲ ਵਿਆਹੀ ਹੋਈ ਸੀ ਅਤੇ ਇਨ੍ਹਾਂ ਦਾ ਵੱਡਾ ਭਰਾ ਸੰਤ ਗੁਲਜ਼ਾਰਾ ਸਿੰਘ ਜੀ ਸੰਤ ਬਾਬਾ ਬਿਸ਼ਨ ਸਿੰਘ ਜੀ

ਦਾ ਸੇਵਕ ਹੋ ਕੇ ਸੰਤਾਂ ਦੇ ਡੇਰੇ ਬਿਸ਼ਨਪੁਰੀ ਵਿਚ ਹੀ ਰਹਿੰਦਾ ਹੈ, ਉਸ ਦੇ ਛੋਟੇ ਭਰਾ ਸ: ਚਰਨ ਸਿੰਘ ਜੀ ਨੂੰ ਵਿਆਹ ਦਿੱਤੀ। ਉਸ ਸਮੇਂ ਦਾਸ ਦਾ ਭਰਾ ਈਸ਼ਰ ਸਿੰਘ ਜੀ ਕਿੰਗ ਫੌਜੀ ਸਕੂਲ ਵਿੱਚ ਪੰਜ ਸਾਲ ਪੜ੍ਹਕੇ ਫੌਜ ਵਿਚ ਭਰਤੀ ਹੋ ਗਿਆ। ਈਸ਼ਰ ਸਿੰਘ ਦਾ ਪ੍ਰੇਮ ਬੇਬੇ ਰਾਧੋ ਨਾਲ ਬਹੁਤ ਹੁੰਦਾ ਸੀ। ਇਸ ਕਰਕੇ ਬੇਬੇ ਰਾਧੋ ਈਸ਼ਰ ਸਿੰਘ ਪਰ ਬਹੁਤ ਕਿਰਪਾ ਕਰਦੇ ਸਨ।

ਜਦੋਂ ਵੀ ਇਨ੍ਹਾਂ ਲੜਕੀਆਂ ਦਾ ਵਿਆਹ ਸੰਤਾਂ ਨੇ ਕਰਨ ਵਾਸਤੇ ਆਰੰਭਣਾ ਉਸੀ ਸਮੇਂ ਬੇਬੇ ਰਾਧੋ ਨੇ ਸੰਤਾਂ ਪਾਸ ਬੇਨਤੀ ਕਰਨੀ ਕਿ ਮਹਾਰਾਜ ਜੀ ਕਿਰਪਾ ਕਰੋ ਮੇਰੇ ਈਸ਼ਰ ਸਿੰਘ ਦਾ ਵਿਆਹ ਜ਼ਰੂਰ ਕਰ ਦੇਵੋ। ਜਦੋਂ ਤੀਸਰੀ ਵਾਰੀ ਬੇਬੇ ਜੀ ਨੇ ਫਿਰ ਕਿਹਾ ਤਾਂ ਸੰਤ ਮਹਾਰਾਜ ਜੀ ਨੇ ਬੇਬੇ ਨੂੰ ਉੱਤਰ ਦਿੱਤਾ ਕਿ ਬੇਬੇ ਜੀ ਤੈਨੂੰ ਈਸ਼ਰ ਸਿੰਘ ਦਾ ਬਹੁਤ ਫਿਕਰ ਹੈ, ਸਾਨੂੰ ਕੋਈ ਫਿਕਰ ਨਹੀਂ। ਬੇਬੇ ਜੀ ਅਸੀਂ ਈਸ਼ਰ ਸਿੰਘ ਨੂੰ ਜ਼ਰੂਰ ਵਿਆਹਵਾਂਗੇ, ਜਿਥੇ ਈਸ਼ਰ ਸਿੰਘ ਦਾ ਸੰਯੋਗ ਢੁਕਦਾ ਹੋਵੇਗਾ। ਈਸ਼ਰ ਸਿੰਘ ਦੀ ਵਾਰਤਾ ਅੱਗੇ ਚਲ ਕੇ ਲਿਖਾਂਗਾ।

ਹੁਣ ਸਮਾਂ ਆਇਆ ਜੋ ਤੀਸਰੀ ਲੜਕੀ ਸਵਰਨ ਕੌਰ ਸੀ, ਉਸ ਦੀ ਸ਼ਾਦੀ ਬਾਬਾ ਉਦੈ ਸਿੰਘ ਜੀ ਮੁਖਣੀਆਣੇ ਵਾਲਿਆਂ ਦਾ ਬਚਨ ਮੰਨ ਕੇ ਬਾਬਾ ਜੀ ਦੇ ਭਤੀਜੇ ਨੰਬਰਦਾਰ ਦੀਦਾਰ ਸਿੰਘ ਜੀ ਨਾਲ ਕਰ ਦਿੱਤੀ। ਸ: ਜਵਾਲਾ ਸਿੰਘ ਜੀ ਹੁਣ ਡੇਰੇ ਆਪ ਵੀ ਸੇਵਾ ਕਰਨ ਲਗ ਪਏ। ਜਥੇਦਾਰ ਜਨਕ ਸਿੰਘ ਜੀ ਨਾਲ ਹਲ ਵਾਹੁਣ ਦੀ ਸੇਵਾ ਕਰਦੇ ਤੇ ਪੱਠੇ ਦੱਥੇ ਆਦਿਕ ਦੀ ਸੇਵਾ ਕਰਦੇ।

ਹੁਣ ਚੌਥੀ ਲੜਕੀ ਸੰਤ ਕੌਰ ਸਿੰਘ ਜੀ ਦੇ ਕਿਹੇ ਸੰਤ ਕੌਰ ਸਿੰਘ ਜੀ ਦੇ ਭਤੀਜੇ ਸ: ਕਰਤਾਰ ਸਿੰਘ ਡਾਲੋਵਾਲ ਹਲਕਾ ਮੁਕੇਰੀਆਂ ਨੂੰ ਵਿਆਹ ਦਿੱਤੀ। ਇਸ ਪ੍ਰਕਾਰ ਸੰਤ ਮਹਾਰਾਜ ਜੀ ਨੇ ਇਸ ਗਰੀਬ ਘਰਾਣੇ ਪਰ ਪਰਉਪਕਾਰ ਕੀਤਾ। ਹੁਣ ਸੁਣੋ ਸ: ਜਵਾਲਾ ਸਿੰਘ ਜੀ ਦੇ ਲੜਤਿਆਂ ਬਾਰੇ। ਇਨ੍ਹਾਂ ਦੀ ਜ਼ਿੰਦਗੀ ਹੋਣਹਾਰ ਅਤੇ ਸੁਖੀ ਕਰਨ ਵਾਸਤੇ ਵਿਦਿਆ ਪੜ੍ਹਨ ਲਈ ਸੰਤ ਦਲੀਪ ਸਿੰਘ ਜੀ ਵੈਦ ਰਾਜਯ ਡੁਮੇਲੀ ਦੇ ਚਰਨਾਂ ਵਿਚ ਭੇਜ ਦਿੱਤਾ।

ਸੰਤ ਆਤਮਾ ਸਿੰਘ ਜੀ ਨੇ ਗੁਰੂ ਘਰ ਦੀ ਵਿਦਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਲਿਆ। ਭਾਈ ਰਣਜੀਤ ਸਿੰਘ ਜੀ (ਜਗੀਰਦਾਰ) ਤਖੱਲਸ ਨੇ ਮੈਟ੍ਰਿਕ ਦੀ ਪੜ੍ਹਾਈ ਡੁਮੇਲੀ ਡੇਰੇ ਵਿਚ ਰਹਿੰਦਿਆਂ ਡੁਮੇਲੀ ਹਾਈ ਸਕੂਲ ਵਿਚ ਕਰ ਲਈ। ਫਿਰ ਸੰਤ ਮਹਾਰਾਜ ਜੀ ਨੇ ਸੰਤ ਆਤਮਾ ਸਿੰਘ ਜੀ ਨੂੰ ਪਿੰਡ ਬਿਲਾਸਪੁਰ ਸੰਤ ਸੰਪੂਰਨ ਸਿੰਘ ਜੀ ਵੇਦਾਂਤੀਆਂ ਪਾਸ ਭੇਜ ਦਿੱਤਾ। ਸੰਤ ਸੰਪੂਰਨ ਸਿੰਘ ਜੀ ਦੇ ਪਾਸ ਕੁਝ ਸਮਾਂ ਸੰਤ ਆਤਮਾ ਸਿੰਘ ਜੀ ਰਹੇ। ਸੰਤ ਆਤਮਾ ਸਿੰਘ ਜੀ ਦੇ ਪਿਤਾ ਸ: ਜਵਾਲਾ ਸਿੰਘ ਜੀ ਨੂੰ ਮਿਲਟਰੀ ਡੇਰੀ ਫਾਰਮ ਦੇ ਮੈਨੇਜਰ ਸ: ਮਾਨ ਸਿੰਘ ਜੀ ਜੋ ਕਿ ਸੰਤਾਂ ਦੇ ਅਨਿੰਨ ਸੇਵਕ ਸਨ, ਉਨ੍ਹਾਂ ਪਾਸ ਨੌਕਰ ਕਰਵਾ ਦਿੱਤਾ ਅਤੇ ਸੰਤ ਆਤਮਾ ਸਿੰਘ ਜੀ ਨੂੰ ਆਤਮਾ ਸਿੰਘ ਜੀ ਦਾ ਫੁਰਨਾ ਜਾਣ ਕੇ ਮੋਟਰ ਹੈਵੀ ਲਾਇਸੰਸ ਬਣਵਾ ਕੇ ਅੰਬਾਲੇ ਵਿਚ ਬੱਸ ਡਰਾਈਵਰ ਲਗਵਾ ਦਿੱਤਾ। ਇਥੇ ਆਤਮਾ ਸਿੰਘ ਜੀ ਤੋਂ ਬੱਸ ਐਕਸੀਡੈਂਟ ਹੋ ਗਿਆ, ਜਿਸ ਕਰਕੇ ਇਥੋਂ ਨੌਕਰੀ ਛੱਡਣੀ ਪਈ। ਇਸ ਤੋਂ ਬਾਅਦ ਵਰਪਾਲਾਂ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਸੰਤ ਮਹਾਰਾਜ ਜੀ ਦੇ ਪ੍ਰੇਮੀ ਮਾਇਆਧਾਰੀ ਪਰਿਵਾਰ ਦੇ ਸ: ਦਰਸ਼ਨ ਸਿੰਘ ਆਦਿ ਤਿੰਨ ਭਰਾ ਸਨ। ਉਨ੍ਹਾਂ ਪਾਸ ਵੀ ਇਕ ਮੋਟਰ ਸੀ। ਉਸ ਮੋਟਰ ਦਾ ਡਰਾਈਵਰ ਭਾਈ ਆਤਮਾ ਸਿੰਘ ਜੀ ਨੂੰ ਸੰਤਾਂ ਨੇ ਲਵਾ ਦਿੱਤਾ। ਇਥੋਂ ਹਟ ਕੇ ਵੀ ਫਿਰ ਸੰਧੂ ਬੱਸ ਵਾਲੇ ਸ: ਹਜ਼ਾਰਾ ਸਿੰਘ ਤੇ ਸ: ਬਸੰਤ ਸਿੰਘ ਜੀ ਸੰਤਾਂ ਦੇ ਪ੍ਰੇਮੀ ਸਨ, ਉਨ੍ਹਾਂ ਦੀ ਸੰਧੂ ਬੱਸ ਲਿਮਟਿਡ ਕੰਪਨੀ ਵਿਚ ਭਾਈ ਆਤਮਾ ਸਿੰਘ ਜੀ ਨੂੰ ਨੌਕਰੀ ਲਵਾ ਦਿੱਤਾ। ਇਸੇ ਸਮੇਂ ਦੇ ਦੌਰਾਨ ਆਪਣੇ ਪਿਤਾ ਨੂੰ ਭਾਈ ਆਤਮਾ ਸਿੰਘ ਅੰਬਾਲਾ ਛਾਉਣੀ ਡੇਰੀ ਫਾਰਮ ਵਿਚ ਮਿਲਣ ਆਏ। ਰਸਤੇ ਵਿਚ ਹੀ ਸੂਰਜ ਅੱਥ ਗਿਆ। ਉਸ ਸਮੇਂ ਅੰਬਾਲੇ ਵਿਚ ਦੋ ਚਾਰ ਬੰਦੇ ਮਾਰ ਦਿੱਤੇ ਸਨ। ਅੰਬਾਲਾ ਪੁਲੀਸ ਉਨ੍ਹਾਂ ਖੂਨਾਂ ਦੀ ਤਪਤੀਸ਼ ਵਿਚ ਸੀ। ਉਸ ਗਸ਼ਤੀ ਪੁਲਿਸ ਨੇ ਭਾਈ ਸਾਹਿਬ ਨੂੰ ਸ਼ੱਕ ਮੂਜਬ ਫੜ ਕੇ ਪੁਲਿਸ ਚੌਂਕੀ ਵਿਚ ਲੈ ਗਏ। ਰਾਤ ਸਮੇਂ ਭਾਈ ਸਾਹਿਬ ਤੇ ਕੁਟ-ਮਾਰ ਦੀ ਬਹੁਤ ਸਖਤੀ ਕੀਤੀ ਗਈ।

ਫਿਰ ਦੂਸਰੇ ਦਿਨ ਪੁਛ-ਤਾਸ਼ ਕਰਨ ਤੋਂ ਭਾਈ ਸਾਹਿਬ ਨੇ ਦੱਸਿਆ ਕਿ ਮੈ ਅੰਬਾਲਾ ਫਲਾਣੀ ਬੱਸ ਵਿਚ ਨੌਕਰੀ

ਕੀਤੀ ਹੈ। ਅੱਜ-ਕਲ੍ਹ ਅੰਮ੍ਰਿਤਸਰ ਸੰਧੂ ਬੱਸ ਵਿਚ ਡਰਾਈਵਰੀ ਦੀ ਨੌਕਰੀ ਕਰਦਾ ਹਾਂ। ਏਥੇ ਅੰਬਾਲੇ ਵਿਚ ਮੇਰੇ ਪਿਤਾ ਸ੍: ਜਵਾਲਾ ਸਿੰਘ ਮਿਲਟਰੀ ਡੇਰੀ ਫਾਰਮ ਵਿਚ ਮੈਨੇਜਰ ਸ੍: ਮਾਨ ਸਿੰਘ ਜੀ ਪਾਸ ਨੌਕਰ ਹਨ, ਜਿਨ੍ਹਾਂ ਨੂੰ ਕਿ ਮੈਂ ਮਿਲਣ ਵਾਸਤੇ ਆਇਆ ਹਾਂ। ਇਹ ਸਾਰੀ ਗੱਲਬਾਤ ਸੁਣ ਕੇ ਪੁਲਿਸ ਦਾ ਸ਼ੱਕ ਦੂਰ ਹੋ ਗਿਆ ਤੇ ਭਾਈ ਸਾਹਿਬ ਨੂੰ ਛੱਡ ਦਿੱਤਾ। ਫਿਰ ਆਪਣੇ ਪਿਤਾ ਨੂੰ ਮਿਲ ਕੇ ਸ੍ਰੀ ਅੰਮ੍ਰਿਤਸਰ ਆ ਗਿਆ। ਸੰਨ 1954 ਦੀ ਮੱਸਿਆ ਪਰ ਭਾਈ ਸਾਹਿਬ ਨੇ ਸੰਤਾਂ ਦੇ ਦਰਸ਼ਨ ਕੀਤੇ। ਸੰਤਾਂ ਦੇ ਪਾਸ ਪੁਲੀਸ ਦੇ ਕੁੱਟਣ ਆਦਿਕ ਦਾ ਜ਼ਿਕਰ ਚਲਿਆ ਅਤੇ ਸੰਤਾਂ ਦੇ ਚਰਨ ਵਿਚ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਨੌਕਰੀ ਤੋਂ ਮੇਰਾ ਚਿੱਤ ਉਦਾਸ ਹੋ ਗਿਆ ਹੈ। ਸੰਤਾਂ ਨੇ ਕਿਹਾ ਕਿ ਫਿਰ ਤੂੰ ਕੀ ਕਰਨਾ ਚਾਹੁੰਦਾ ਹੈ? ਭਾਈ ਸਾਹਿਬ ਨੇ ਆਖਿਆ ਕਿ ਹਜ਼ੂਰ ਜੋ ਮੇਰੇ ਭਲੇ ਵਾਸਤੇ ਆਪ ਜੀ ਦਾ ਹੁਕਮ ਹੋਵੇ ਸੋ ਮੈਂ ਦਾਸ ਕਰਾਂਗਾ। ਸੰਤ ਮਹਾਰਾਜ ਜੀ ਨੇ ਪ੍ਰਸੰਨ ਹੋ ਕੇ ਹੁਕਮ ਕੀਤਾ ਕਿ ਤੂੰ ਡੇਰੇ ਚੱਲ ਕੇ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਪੜ੍ਹਨ ਦੀ ਸੇਵਾ ਕਰਿਆ ਕਰ। ਕਿਉਂਕਿ ਜਿਸ ਅਸਥਾਨ ਗੁਰਦਵਾਰੇ ਅੰਦਰ ਸੁਖਮਨੀ ਸਾਹਿਬ ਨਿਤ ਪਾਠ ਹੋਵੇਗਾ, ਉਸ ਅਸਥਾਨ ਦੇ ਮਹਾਨ ਪ੍ਰਮਾਣੂ ਸ਼ੁਧ ਹੁੰਦੇ ਹਨ। ਇਸ ਤੋਂ ਸੰਤ ਮਹਾਰਾਜ ਜੀ ਪਹਾੜ ਸੋਲਨ ਗਏ। ਉਥੇ ਸੰਤਾਂ ਦੇ ਦਰਸ਼ਨ ਹਿਤ ਜਥੇਦਾਰ ਜਨਕ ਸਿੰਘ ਜੀ ਤੇ ਸੰਤ ਬਹਾਲ ਸਿੰਘ ਜੀ ਗਏ ਸਨ।

ਇਨ੍ਹਾਂ ਨੇ ਬੇਨਤੀ ਕਰਕੇ ਸੰਤ ਆਤਮਾ ਸਿੰਘ ਜੀ ਦੀ ਰਿਹਾਇਸ਼ ਤੇ ਹੋਰ ਡੇਰੇ ਦੀ ਸੇਵਾ ਕਰਨ ਦਾ ਹੁਕਮ ਵੀ ਸੰਤਾਂ ਪਾਸੋਂ ਲਵਾ ਲਿਆ। ਸੰਤ ਆਤਮਾ ਸਿੰਘ ਜੀ ਨੇ ਸੰਤ ਮਹਾਰਾਜ ਜੀ ਦਾ ਜੋ ਹੁਕਮ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਦਾ ਸੀ, ਗੁਰੂ ਕਿਰਪਾ ਨਾਲ ਉਸ ਹੁਕਮ ਨਿਭਾਉਣ ਦਾ ਕਮਾਲ ਸਿਦਕ ਰੱਖਿਆ। ਕਈ ਵਾਰੀ ਬੁਖਾਰ ਵੀ ਸਰੀਰ ਪਰ ਆਇਆ, ਪਰ ਇਕ ਵਾਰੀ ਸਖਤ ਟਾਈਫਾਈਡ ਇਕ ਮਹੀਨੇ ਤਕ ਰਿਹਾ। ਭਾਵੇਂ ਡਾਕਟਰ ਇਸ਼ਨਾਨ ਕਰਨ ਤੋਂ ਰੋਕਦੇ ਸਨ, ਪਰ ਸੰਤ ਆਤਮਾ ਸਿੰਘ ਨਿਯਮ ਨਾਲ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਨਿਯਮ ਪੂਰੀ ਤਰ੍ਹਾਂ ਨਿਭਾਂਦੇ ਰਹੇ।

ਹੁਣ ਭਾਂ ਗੁਰੂ ਦੀ ਕਿਰਪਾ ਨਾਲ ਗੁਰੂ ਸ਼ਬਦ ਦੀ ਵਿਆਖਿਆ ਬਹੁਤ ਸੁੰਦਰ ਕਰਦੇ ਹਨ। ਵੈਸੇ ਵੀ ਗੁਰੂ ਸ਼ਬਦ ਦੀ ਵਿਆਖਿਆ ਤੋਂ ਭਿੰਨ ਗੁਰਮਤਿ ਦੇ ਸਿਧਾਂਤ ਪਰ ਬਹੁਤ ਅੱਛਾ ਬੋਲਦੇ ਹਨ। ਸਾਰੇ ਇਲਾਕੇ ਵਿਚ ਦੂਰ-ਦੂਰ ਤਕ ਅਖੰਡ ਪਾਠਾਂ ਤੇ ਸਹਿਜ਼ ਪਾਠਾਂ ਤੇ ਅਨੰਦ ਕਾਰਜ ਪਰ ਸੰਤਾਂ ਦਾ ਦੂਸਰਾ ਭਰਾ ਭਾਈ ਰਣਜੀਤ ਸਿੰਘ ਜੀ ਬੜਾ ਚੰਗਾ ਅਖੰਡ ਪਾਠੀ ਹੈ। ਸੰਤ ਮਹਾਰਾਜ ਜੀ ਨੇ ਆਪਣੇ ਸੇਵਕ ਸ੍: ਅਮਰ ਸਿੰਘ ਜੀ ਸਿਆਲਕੋਟੀਏ ਦੀ ਲੜਕੀ ਬੀਬੀ ਭਜਨ ਕੌਰ ਦੀ ਸ਼ਾਦੀ ਭਾਈ ਰਣਜੀਤ ਸਿੰਘ ਜੀ ਨਾਲ ਕਰਕੇ ਇਕ ਚੰਗੇ ਗ੍ਰਿਹਸਤੀ ਬਣਾ ਦਿੱਤੇ ਹਨ। ਬੜੇ ਅੱਛੇ ਢੰਗ ਨਾਲ ਦੋਨੋਂ ਵੀਰ ਬੜੇ ਪਿਆਰ ਨਾਲ ਰਹਿੰਦੇ ਹੋਏ ਆਪਣੀ ਸੁਖੀ ਜ਼ਿੰਦਗੀ ਬਤੀਤ ਕਰਦੇ ਹਨ। ਇਤੀ।

ਦਾਸ ਲਿਖਾਰੀ ਗਿ: ਜੋਧ ਸਿੰਘ ਦਾ ਮੋਰਕਾ ਬੁਖਾਰ ਹਟਾਣਾ

ਸੰਤ ਮਹਾਰਾਜ ਜੀ ਰੇਰੂ ਸਾਹਿਬ ਜ਼ਿਲ੍ਹਾ ਲੁਧਿਆਣਾ ਪਿੰਡ ਗਾਮਪੁਰ ਵਿਖੇ ਆਪਣੇ ਪਿਆਰ ਵਾਲੇ ਬਾਬਾ ਅਤਰ ਸਿੰਘ ਜੀ ਦੀ ਬਰਸੀ ਪਰ ਗਏ ਹੋਏ ਸਨ। ਜਦੋਂ ਬਾਬਾ ਜੀ ਦੀ ਬਰਸੀ ਦਾ ਜੋੜ ਮੇਲਾ ਸਮਾਪਤ ਹੋਇਆ ਤਾਂ ਦਾਸ ਨੂੰ ਆਗਿਆ ਕੀਤੀ ਕਿ ਜੋਧ ਸਿੰਘ ਤੂੰ ਇਕ ਰਾਤ ਆਪਣੇ ਪਿੰਡ ਰਹਿ ਕੇ ਦੂਸਰੇ ਦਿਨ ਡੇਰੇ ਨੂੰ ਆ ਜਾਵੀਂ। ਦਾਸ ਨੇ ਸਤਿਬਚਨ ਕਹਿ ਕੇ ਨਮਸ਼ਕਾਰ ਕੀਤੀ ਅਤੇ ਪਿੰਡ ਕਟਾਣੇ ਸਾਹਿਬ ਚਲਾ ਗਿਆ। ਦਾਸ ਨੇ ਆਪਣੀ ਮਾਤਾ ਪਾਸ ਰਾਤ ਕੱਟੀ, ਪਰ ਰਾਤ ਨੂੰ ਸਾਡੇ ਪਿੰਡ ਦੇ ਦਰਜੀ ਸਿੱਖਾਂ ਨੂੰ ਪਤਾ ਲੱਗਾ ਕਿ ਜੋਧ ਸਿੰਘ ਸੰਤਾਂ ਪਾਸੋਂ ਤੀਸਰੇ ਸਾਲ ਆਪਣੀ ਮਾਤਾ ਜੀ ਨੂੰ ਮਿਲਣ ਵਾਸਤੇ ਆਇਆ ਹੈ। ਉਸੀ ਸਮੇਂ ਬਜ਼ੁਰਗ ਮਾਈ ਦਰਜੀਆਂ ਦੀ ਸਾਡੇ ਘਰ ਆ ਕੇ ਬੜੀ ਨਿੰਮਰਤਾ ਨਾਲ ਕਹਿ ਕਰਕੇ ਦਾਸ ਨੂੰ ਨਿਉਂਦਾ ਵਰਜ ਗਈ।

ਹੁਣ ਨਿਉਂਦੇ ਦਾ ਪ੍ਰਸ਼ਾਦਾ ਤਿਆਰ ਕਰਕੇ ਦਾਸ ਨੂੰ ਆਪਣੇ ਘਰ ਨਿਉਂਦਾ ਛਕਾਉਣ ਵਾਸਤੇ ਲੈ ਗਈ। ਪਰ ਮਾਈ ਦੇ ਦਿਲ ਵਿਚ ਬਹੁਤ ਕਪਟ ਸੀ। ਉਸ ਦੇ ਪੁੱਤਰ ਨੂੰ ਦੋ ਮਹੀਨੇ ਤੋਂ ਬੁਖਾਰ ਸੀ। ਉਸ ਮਾਈ ਨੇ ਕਿਸੇ ਮੰਤਰ ਵਾਲੇ

ਦੁਸਿਹਰੇ ਵਾਲਾ ਦਿਨ ਸੀ, ਇਸ ਵਾਸਤੇ ਬੀਬੀ ਦਾ ਡੋਲਾ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਡੂਮੇਲੀ ਤੋਂ ਵਿਦਾ ਕਰ ਦਿੱਤਾ ਸੀ। ਹੁਣ ਦੋਨੋਂ ਪਤੀ-ਸਤੀ ਸੰਤ ਮਹਾਰਾਜ ਜੀ ਤੋਂ ਉਪਦੇਸ਼ ਲੈ ਕੇ ਆਪਣੇ ਜਨਮ ਨੂੰ ਸਫਲ ਕੀਤਾ। ਇਸ ਜੋੜੇ ਦਾ ਜੀਵਨ ਪਹਿਲਾਂ ਤੋਂ ਹੀ ਇਕ ਰਸ ਰਿਹਾ ਹੈ ਅਤੇ ਪ੍ਰੇਮ ਦਾ ਜੀਵਨ ਬਤੀਤ ਕਰ ਰਹੇ ਹਨ। ਅਕਾਲ ਪੁਰਖ ਦੀ ਕਿਰਪਾ ਨਾਲ ਦੋ ਪੁੱਤਰ ਹਨ ਜੋ ਆਪੋ ਆਪਣੇ ਕਾਰੋਬਾਰ (ਨੌਕਰੀ) ਕਰਕੇ ਜੀਵਨ ਬਤੀਤ ਕਰਦੇ ਹਨ। ਆਪ ਈਸ਼ਰ ਸਿੰਘ ਜੀ ਨੈਬ ਸੂਬੇਦਾਰੀ ਪੈਨਸ਼ਨਰ ਹਨ ਅਤੇ ਧਰਮ ਦੀ ਕ੍ਰਿਤ ਕਰਦੇ ਹਨ ਅਤੇ ਦੋਨਾਂ ਦਾ ਗੁਰੂ ਕੀ ਬਾਣੀ ਦਾ ਨਿਯਮ ਜੀਵਨ ਹੈ ਅਤੇ ਨਾਮ ਵੀ ਜਪਦੇ ਹਨ ਤੇ ਆਏ ਅਤਿਥੀ ਦੀ ਸੇਵਾ ਵੀ ਕਰਦੇ ਹਨ ਅਤੇ ਯਥਾ-ਸ਼ਕਤ ਦਸਵੰਧ ਵੀ ਗੁਰੂ ਘਰ ਨੂੰ ਦੇ ਕੇ ਆਪਣੀ ਕਮਾਈ ਸਫਲ ਕਰਦੇ ਹਨ। ਇਤੀ।

ਪਿੰਡ ਦਾਦਾਂ ਜ਼ਿਲ੍ਹਾ ਲੁਧਿਆਣਾ ਵਿਖੇ ਸੰਤਾਂ ਦਾ ਜਾਣਾ ਤੇ ਬੀਬੀ ਬਚਨ ਕੌਰ ਨੂੰ ਤਾਰਨਾ

ਪਿੰਡ ਦਾਦਾਂ ਜ਼ਿਲ੍ਹਾ ਲੁਧਿਆਣਾ ਵਿਖੇ ਸੰਤ ਜਵਾਲਾ ਦਾਸ ਵੇਦਾਂਤੀ ਤੇ ਗੁਰਮਤਿ ਦੇ ਚੰਗੇ ਮਾਰਤੰਡ ਦੀ ਨਿਆਈ ਪ੍ਰਕਾਸ਼ਕ ਸਨ। ਜਿਨ੍ਹਾਂ ਦੇ ਪਾਸੋਂ ਬੇਅੰਤ ਸਾਧੂਆਂ ਨੇ ਤੇ ਸਦ ਗ੍ਰਿਹਸਤੀਆਂ ਨੇ ਵਿਦਿਆ ਲੈ ਕੇ ਆਪਣੇ ਜੀਵਨ ਨੂੰ ਸਫਲਾ ਕੀਤਾ ਹੈ। ਜਿਨ੍ਹਾਂ ਵਿਚੋਂ ਸ੍ਰ: ਦੇਵਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਚੰਗਾ ਬੋਧ ਹਾਸਲ ਕੀਤਾ ਸੀ ਅਤੇ ਸਾਰਕੁਤਾਵਲੀ ਤੇ ਭਾਵਰ ਸਿਮਰਤ ਆਦਿ ਛੋਟੇ ਗ੍ਰੰਥਾਂ ਦਾ ਵੀ ਬੋਧ ਹਾਸਲ ਕੀਤਾ ਸੀ। ਫਿਰ ਦੇਵਾ ਸਿੰਘ ਜੀ ਪਾਸੋਂ ਇਨ੍ਹਾਂ ਦੇ ਪੁੱਤਰ ਸ੍ਰ: ਜੀਵਨ ਸਿੰਘ ਜੀ, ਸ੍ਰ: ਬਖਤੌਰ ਸਿੰਘ ਜੀ ਤੇ ਹੋਰ ਬਹੁਤ ਸਾਰਿਆਂ ਨੇ ਵਿੱਦਿਆ ਹਾਸਲ ਕੀਤੀ।

ਸ੍ਰ: ਦੇਵਾ ਸਿੰਘ ਦੇ ਤਿੰਨ ਪੁੱਤਰ ਸਨ— ਸ੍ਰ: ਜੀਵਨ ਸਿੰਘ, ਸ੍ਰ: ਹਰਦਿਤ ਸਿੰਘ ਜੀ, ਸ੍ਰ: ਕਰਤਾਰ ਸਿੰਘ ਜੀ, ਤਿੰਨੇ ਹੀ ਆਪਣੀ ਕ੍ਰਿਤ ਛਕਣ ਵਾਲੇ ਤੇ ਤਮੋਗੁਣ ਵਿਰਤੀਆਂ ਤੋਂ ਰਹਿਤ ਸਨ। ਸ੍ਰ: ਜੀਵਨ ਸਿੰਘ ਦੇ ਘਰ ਦਾਸ ਦੀ ਭੈਣ ਇੰਦਰ ਕੌਰ ਹੈ, ਬੜੀ ਕ੍ਰਿਤਕਾਰੀ ਤੇ ਸ਼ਾਂਤੀ ਵਾਲੀ ਹੈ। ਸ੍ਰ: ਕਰਤਾਰ ਸਿੰਘ ਪਿੰਡ ਮੰਦਪੁਰ ਬੀਬੀ ਜਗੀਰ ਕੌਰ ਨਾਲ ਵਿਆਹਿਆ ਗਿਆ ਸੀ। ਏਸ ਪਤੀ-ਸਤੀ ਦਾ ਜੀਵਨ ਵੀ ਸਤੋਗੁਣ ਸੀ। ਸ੍ਰ: ਜੀਵਨ ਸਿੰਘ ਦੇ ਦੋ ਪੁੱਤਰ, ਦੋ ਸ਼ੁਭ ਭਾਗਾਂ ਵਾਲੀਆਂ ਪੁੱਤਰੀਆਂ ਹਨ। ਵੱਡੀ ਪੁੱਤਰੀ ਬੀਬੀ ਬਸੰਤ ਕੌਰ ਜੀ ਪਿੰਡ ਝਾਬੇਵਾਲ ਸ੍ਰ: ਬਲਦੇਵ ਸਿੰਘ ਨਾਲ ਵਿਆਹ ਦਿੱਤੀ। ਜੋ ਸ੍ਰ: ਬਲਦੇਵ ਸਿੰਘ ਬਹੁਤ ਅੱਛੇ ਗੁਰਮਤਿ ਖਿਆਲਾਂ ਦਾ ਅੰਮ੍ਰਿਤਧਾਰੀ ਸਿੰਘ ਹੈ। ਗੁਰਬਾਣੀ ਦਾ ਨਿਤਨੇਮੀ ਤੇ ਸ਼ਬਦ ਅਭਿਆਸੀ ਹੈ। ਦਾਸਾਂ ਨੂੰ ਆਪਣੇ ਪਿੰਡ ਝਾਬੇਵਾਲ ਬੁਲਾ ਗੁਰਮਤਿ ਦੀ ਕਥਾ ਤੇ ਸਤਿਸੰਗ ਕਰਵਾਉਂਦੇ ਰਹਿੰਦੇ ਹਨ। ਸ੍ਰ: ਜੀਵਨ ਸਿੰਘ ਜੀ ਦੀ ਦੂਸਰੀ ਲੜਕੀ ਸੁਭਾਗ ਬੀਬੀ ਬਚਨ ਕੌਰ ਜਿਸ ਨੇ ਆਪਣੇ ਬਾਬੇ ਸ੍ਰ: ਦੇਵਾ ਸਿੰਘ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਲਿਆ ਸੀ। ਦਾਸ ਲਿਖਾਰੀ ਦੀ ਭਾਣਜੀ ਹੋਣ ਦੇ ਨਾਤੇ ਦਾਸ ਤੋਂ ਵੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸ਼ੁਧ ਕਰਵਾ ਲਿਆ ਸੀ।

ਫਿਰ ਬਾਬਾ ਇੰਦਰ ਸਿੰਘ ਜੀ ਤੋਂ ਵੀ ਪਾਠ ਦੀ ਸੁਧਾਈ ਕਰਵਾ ਲਈ ਸੀ। ਬੀਬੀ ਜੀ ਪੰਜ ਬਾਣੀਆਂ ਦੇ ਨਿਤਨੇਮੀ ਹਨ। ਜਪੁਜੀ ਸਾਹਿਬ, ਜਾਪੁ ਸਾਹਿਬ, ਸੁਰਾਵਗ ਸੁਧ ਸਮੂਹ ਸਿਧਾਨ ਕੇ ਵਾਲੇ ਦਸ ਸ੍ਵੈਯੇ ਤੇ ਦੀਨਨ ਕੀ ਪ੍ਰਤਿਪਾਲ ਕਰਹਿ ਵਾਲੇ ਦਸ ਸ੍ਵੈਯੇ ਭਾਵ ਵੀਹ ਸਵੱਯੇ ਕੰਠ ਹਨ, ਅਨੰਦ ਸਾਹਿਬ, ਚੌਪਈ, ਸਾਰੀਆਂ ਬਾਣੀਆਂ ਕੰਠ ਹਨ। ਸੁਖਮਨੀ ਸਾਹਿਬ, ਆਸਾ ਦੀ ਵਾਰ ਕੰਠ ਹੈ। ਸੱਤੇ ਬਲਵੰਡ ਦੀ ਵਾਰ ਕੰਠ ਹੈ ਅਤੇ ਰਹਰਾਸਿ, ਆਰਤੀ, ਕੀਰਤਨ ਸੋਹਿਲਾ ਸਾਰੀਆਂ ਬਾਣੀਆਂ ਕੰਠ ਹਨ ਤੇ ਇਨ੍ਹਾਂ ਬਾਣੀਆਂ ਦੇ ਨਿਤਨੇਮੀ ਹਨ। ਸੰਨ 1947 ਵਿਚ ਬੀਬੀ ਬਚਨ ਦਾ ਵਿਆਹ ਹੋਇਆ, ਜਦੋਂ ਕਿ ਬੀਬੀ ਸੋਲਾਂ ਕੁ ਸਾਲਾ ਦੀ ਸੀ। ਪਿੰਡ ਖਡੂਰ ਜ਼ਿਲ੍ਹਾ ਲੁਧਿਆਣਾ ਤੋਂ ਸ੍ਰ: ਚਰਨ ਸਿੰਘ ਜੀ ਨੰਬਰਦਾਰ ਆਪਣੇ ਪੁੱਤਰ ਨੂੰ ਵਿਆਹੁਣ ਵਾਸਤੇ ਆਇਆ। ਬੀਬੀ ਦਾ ਵਚੋਲਾ ਬੀਬੀ ਦਾ ਵੱਡਾ ਫੁੱਫੜ ਸੀ। ਸੰਨ 47 ਵਿਚ ਹਰ ਚੀਜ਼ ਦਾ ਕੰਟਰੋਲ ਸੀ। ਹਰ ਚੀਜ਼ ਰਾਸ਼ਨ ਕਾਰਡਾਂ ਪਰ ਮਿਲਦੀ ਸੀ। ਕਪੜੇ ਦੇ ਆਦਿ

ਅਸੀਂ ਹੋਰ ਔਖੇ ਹੋਵਾਂਗੇ। ਸੰਤ ਮਹਾਰਾਜ ਜੀ ਨੇ ਕਿਹਾ, ਦੇਖ ਮਾਤਾ ਸਾਡੀ ਗੱਲ ਧਿਆਨ ਨਾਲ ਸੁਣ। ਜੇ ਹੁਣ ਤੂੰ ਜੋਧ ਸਿੰਘ ਨੂੰ ਘਰ ਲੈ ਜਾਵੇਂ ਤਾਂ ਖੇਤੀ ਹੀ ਕਰਾਵੇਂਗੀ। ਖੇਤੀ ਕਰਾਉਣ ਵਿਚ ਪਹਿਲਾਂ ਬੈਲਾਂ ਦੀ ਜੋੜੀ ਲਵੇਂਗੀ ਜੋ ਕਰਜ਼ਾ ਚੁੱਕ ਕੇ ਲਵੇਂਗੀ। ਸੋ ਕਰਜ਼ਾ ਤੁਹਾਡੇ ਪਾਸੋਂ ਸਾਰੀ ਜ਼ਿੰਦਗੀ ਨਹੀਂ ਲੱਥੇਗਾ। ਇਸ ਵਾਸਤੇ ਜੋਧ ਸਿੰਘ ਨੂੰ ਸਾਡੇ ਪਾਸ ਹੀ ਰਹਿਣ ਦੇ। ਜਲੰਧਰ ਪੜ੍ਹਨ ਵਾਲੇ ਤੇਰੇ ਮੁੰਡੇ ਨੂੰ ਅਸੀਂ ਪੜ੍ਹਾਉਣ ਦੇ ਜ਼ੁਮੇਵਾਂ ਬਣ ਜਾਂਦੇ ਹਾਂ ਅਤੇ ਤੁਸੀਂ ਪਤੀ-ਸਤੀ ਦੋਨੋਂ ਗੁਰਦਵਾਰੇ ਜੋ ਦੇਗਸਰ ਦਸਮ ਪਾਤਿਸ਼ਾਹ ਜੀ ਦਾ ਹੈ ਉਥੇ ਦਿਲ ਲਾ ਕੇ ਸੇਵਾ ਕਰੋ। ਗੁਰਦਵਾਰੇ ਵਾਲਿਆਂ ਪਾਸੋਂ ਕਿਸੇ ਚੀਜ਼ ਦੀ ਝਾਕ ਨਹੀਂ ਕਰਨੀ। ਭਾਵ ਰੋਟੀ ਤੱਕ ਵੀ ਨਹੀਂ ਮੰਗਣੀ। ਜੋ ਗੁਰਦਵਾਰੇ ਵਾਲੇ ਆਪ ਰੋਟੀ ਦੇਣ ਤਾਂ ਲੈ ਕੇ ਛਕ ਲੈਣੀ। ਰੋਟੀ ਨੂੰ ਨਾਂਹ ਨਹੀਂ ਕਰਨੀ, ਸਤਿਕਾਰ ਨਾਲ ਰੋਟੀ ਲੈ ਲੈਣੀ। ਇਹ ਸੰਤ ਮਹਾਰਾਜ ਜੀ ਦੀ ਸੁਮਤਿ ਮਾਤਾ ਜੀ ਨੇ ਆਪਣੇ ਭਲੇ ਦੀ ਸਮਝ ਕੇ ਮੰਨ ਲਈ। ਹੁਣ ਮਹੀਨੇ ਦੇ ਮਹੀਨੇ ਈਸ਼ਰ ਸਿੰਘ ਦੀ ਫੀਸ ਸੰਤ ਜੀ ਮਹਾਰਾਜ ਭੇਜਣ ਲਗ ਪਏ। ਜਦੋਂ ਸਾਲ ਬਾਅਦ ਗਰਮੀ ਦੀਆਂ ਛੁੱਟੀਆਂ ਹੁੰਦੀਆਂ ਤਾਂ ਈਸ਼ਰ ਸਿੰਘ ਡੇਰੇ ਆ ਜਾਂਦਾ ਤੇ ਸਾਲ ਭਰ ਦੇ ਕਪੜੇ ਵੀ ਸੰਤ ਸਿਲਾ ਦੇਂਦੇ। ਜਦੋਂ ਈਸ਼ਰ ਸਿੰਘ ਤਿੰਨ ਮਹੀਨੇ ਦੀ ਛੁੱਟੀ ਡੇਰੇ ਕੱਟਦਾ ਤਾਂ ਈਸ਼ਰ ਸਿੰਘ ਦਾ ਪਿਆਰ ਬੇਬੇ ਰਾਧੋ ਨਾਲ ਬਹੁਤ ਹੁੰਦਾ ਅਤੇ ਬੇਬੇ ਰਾਧੋ ਈਸ਼ਰ ਸਿੰਘ ਨਾਲ ਆਪਣੇ ਬੱਚਿਆਂ ਵਾਂਗ ਪਿਆਰ ਕਰਦੀ। ਈਸ਼ਰ ਸਿੰਘ ਵਿਚ ਦੋ ਤਿੰਨ ਗੁਣ ਸਨ, ਜਿਨ੍ਹਾਂ ਕਰਕੇ ਬੇਬੇ ਰਾਧੋ ਨੂੰ ਜ਼ਿਆਦਾ ਪਿਆਰਦਾ ਸੀ ਅਤੇ ਸਾਰੀ ਸੰਗਤ ਪਿਆਰ ਕਰਦੀ ਸੀ। ਇੱਕ ਤਾਂ ਮੁੰਡਪੁਣੇ ਦੀ ਚੰਚਲਤਾ ਨਹੀਂ ਸੀ, ਦੂਸਰਾ ਹਮੇਸ਼ਾਂ ਸੱਚ ਬੋਲਦਾ ਸੀ ਅਤੇ ਸੰਤੋਖੀ ਬਹੁਤ ਸੀ। ਅਮਾਨਤ ਵਿਚ ਖਿਆਨਤ ਕਰਨ ਵਾਲਾ ਨਹੀਂ ਸੀ ਅਤੇ ਮਿੱਠ-ਬੋਲੜਾ ਸੀ। ਸੰਤ ਮਹਾਰਾਜ ਜੀ ਖਾਸ ਕਰ ਅੰਬਾਂ ਦੀ ਰਾਖੀ ਈਸ਼ਰ ਸਿੰਘ ਤੋਂ ਕਰਾਇਆ ਕਰਦੇ ਸਨ। ਕਿਉਂਕਿ ਜਿਹੜਾ ਅੰਬਾਂ ਦੀ ਰਾਖੀ ਹੁੰਦਾ ਉਸਨੂੰ ਅੰਬਾਂ ਦਾ ਸੰਗਤ ਤੋਂ ਚੋਰੀ ਅੰਬ ਚੂਪਣਾ ਏਸ ਵਾਸਤੇ ਹਰਾਮ ਹੁੰਦਾ। ਜੋ ਵਰਤਾਰਾ ਸੰਗਤ ਵਿਚੋਂ ਮਿਲਦਾ ਉਹਨਾਂ ਅੰਬਾਂ ਨੂੰ ਹੀ ਚੂਪਦਾ। ਉਥੇ ਅੰਬਾਂ ਹੇਠਾਂ ਹੀ ਆਪਣੀ ਕਿਤਾਬ ਲੈ ਕੇ ਪੜ੍ਹੀ ਜਾਇਆ ਕਰਦਾ। ਇਹਨਾਂ ਗੁਣਾਂ ਕਰਕੇ ਈਸ਼ਰ ਸਿੰਘ ਪਰ ਸੰਤ ਮਹਾਰਾਜ ਜੀ ਤੇ ਸਾਰੀ ਸੰਗਤ ਪ੍ਰਸੰਨ ਹੁੰਦੀ। ਫਿਰ ਸੰਤਾਂ ਨੇ ਮਹਾਨ ਕਿਰਪਾ ਕਰਕੇ ਈਸ਼ਰ ਸਿੰਘ ਨੂੰ ਸ੍: ਕਰਤਾਰ ਸਿੰਘ ਜੀ ਨੂੰ ਜੋ ਬੀਬੀ ਦੀ ਪੰਡੋਰੀ ਵਾਲੇ ਬਾਬੇ ਨੰਦ ਸਿੰਘ ਦਾ ਪੁੱਤਰ ਸੀ ਅਤੇ ਸ੍ਰੀ ਮਾਨ ਜੱਗਾ ਸਿੰਘ ਦਾ ਭਾਣਜਾ ਪਿੰਡ ਖੁਰਦ ਤੋਂ ਸੀ, ਇਹਨਾਂ ਨੂੰ ਅੰਮ੍ਰਿਤ ਦਾ ਬਾਟਾ ਆਪ ਤਿਆਰ ਕਰਕੇ ਅੰਮ੍ਰਿਤ ਦੀ ਦਾਤ ਬਖਸ਼ੀ। ਜਿਸ ਅੰਮ੍ਰਿਤ ਛਕਣ ਪਰ ਈਸ਼ਰ ਸਿੰਘ ਦਾ ਬਹੁਤ ਵਿਸ਼ਵਾਸ ਹੈ।

ਹੁਣ ਈਸ਼ਰ ਸਿੰਘ ਜਲੰਧਰ ਸਕੂਲ ਵਿਚ ਪੰਜ ਸਾਲ ਦਾ ਕੋਰਸ ਕਰਕੇ ਤਿੰਨ ਸਿੱਖ ਸੈਂਟਰ ਵਿਚ ਭਰਤੀ ਹੋ ਗਿਆ। ਫਿਰ ਸਮੇਂ ਸਿਰ ਲੈਨ ਤੇ ਨੈਕ ਫਿਰ ਹੌਲਦਾਰ ਬਣ ਗਿਆ। ਬੇਬੇ ਰਾਧੋ ਜੀ ਤਾਂ ਜੋਤੀ ਜੋਤ ਸਮਾ ਗਏ ਸਨ। ਪਰ ਸਰਬੱਗ ਤ੍ਰਿਭਗ ਅੰਤਰਯਾਮੀ ਮਹਾਂਪੁਰਸ਼ਾਂ ਨੇ ਬੇਬੇ ਰਾਧੋ ਜੀ ਦਾ ਸਵਾਲ ਜੋ ਈਸ਼ਰ ਸਿੰਘ ਜੀ ਦਾ ਵਿਆਹ ਕਰਨ ਦਾ ਸੀ ਸੋ ਯਾਦ ਰੱਖਿਆ।

ਸੰਨ 1947 ਦੀ ਅਦਲਾ-ਬਦਲੀ ਵਿਚ ਜਦੋਂ ਕਿ ਸੰਤਾਂ ਦੇ ਸ਼ਰਧਾਲੂ ਸੇਵਕ ਸਿਆਲਕੋਟ ਜ਼ਿਲ੍ਹਾ ਪਿੰਡ ਜੋਜਿਆਂ ਵਾਲੇ ਈਸਟ ਪੰਜਾਬ ਵਿਚ ਆਏ ਤਾਂ ਕਰਮ ਸੰਜੋਗਾ ਦੇ ਗਿਆਤਾ ਮਹਾਂਪੁਰਸ਼ਾਂ ਨੇ ਆਪਣੇ ਅਨਿੰਨ ਸੇਵਕ ਭਾਈ ਬਹਾਲ ਸਿੰਘ ਜੀ ਦੀ ਵੱਡੀ ਪੁੱਤਰੀ ਬੀਬੀ ਸੁਰਜੀਤ ਕੌਰ ਜਿਸ ਨੂੰ ਕਿ ਦਾਤਾ ਨੇ ਡੇਰੇ ਵਿਚ ਅੰਮ੍ਰਿਤ ਦੀ ਦਾਤ ਬਖਸ਼ੀ ਸੀ, ਉਸ ਬੀਬੀ ਦੇ ਅਨੰਦ ਕਾਰਜ ਗਰੀਬ-ਨਿਵਾਜ਼ ਜੀ ਨੇ ਕੀਤੇ। ਬੀਬੀ ਦੇ ਸਾਰੇ ਪਰਿਵਾਰ ਨੂੰ ਡੂਮੇਲੀ ਬੁਲਾ ਕੇ ਅਤੇ ਇਧਰੋਂ ਦਾਸ ਲਿਖਾਰੀ ਨੂੰ ਤੇ ਈਸ਼ਰ ਸਿੰਘ ਨੂੰ ਡੂਮੇਲੀ ਬੁਲਾ ਕੇ ਅਤੇ ਸੰਤ ਮੰਡਲ ਵਿਚ ਭਾਵ ਸੰਤ ਦਲੀਪ ਸਿੰਘ ਵੈਦ ਰਾਜਬ ਸੰਤ ਨੰਦ ਸਿੰਘ ਜੀ ਰਾਮਗੜ੍ਹ ਭੁਲਰ, ਸੰਤ ਹਰੀ ਸਿੰਘ ਜੀ ਮੁਕੇਰੀਆਂ, ਸੰਤ ਕੌਰ ਸਿੰਘ ਜੀ ਡਾਲੋਵਾਲ, ਸੰਤ ਬਚਨ ਸਿੰਘ ਜੀ ਰਾਮਗੜ੍ਹ ਅਤੇ ਹੋਰ ਬਹੁਤ ਸਾਧੂ ਇਕੱਤਰ ਸਨ। ਸੰਤਾਂ ਦੀ ਕੁਟੀਆ ਵਾਲੇ ਗੁਰਦਵਾਰੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਰੇ ਦੀਵਾਨ ਅੰਦਰ ਅੰਮ੍ਰਿਤ ਵੇਲੇ ਚਾਰ ਵਜੇ ਪੂਰੇ ਗੁਰਮਤਿ ਅਨੁਸਾਰ ਅਨੰਦ ਕਾਰਜ ਦੀ ਰਸਮ ਪੂਰੀ ਕੀਤੀ।

ਹਜ਼ੂਰ ਇਸ ਢੰਗ ਨਾਲ ਦਾਸ ਨੂੰ ਇਹ ਬੁਖਾਰ ਦੀ ਬਲਾ ਚਿੰਮੜੀ ਸੀ।

ਫਿਰ ਸੰਤਾਂ ਨੇ ਸਾਰੇ ਡੇਰੇ ਦੇ ਸਾਧੂਆਂ ਨੂੰ ਇਕੱਤਰ ਕਰਕੇ ਉਪਦੇਸ਼ ਦਿੱਤਾ ਸੀ ਕਿ ਭਾਈ ਸਿੱਖੋ ਇਸ ਕਰਕੇ ਹੀ ਅਸੀਂ ਨਿਉਂਦੇ ਆਦਿਕ ਸਾਧਾਂ ਨੂੰ ਛਕਣੇ ਮਨ੍ਹਾ ਕੀਤੇ ਹਨ। ਕਿਸੇ ਸਾਧੂ ਨੂੰ ਕਿਸੇ ਪਿੰਡ ਵਿਚ ਨਿਉਂਦਾ ਖਾਣ ਵਾਸਤੇ ਨਹੀਂ ਭੇਜਦੇ। ਇਹ ਜੋ ਗੁਰੂ ਕੇ ਸਿੱਖ ਜਗਤ ਦੇ ਦੁਖਾਂ ਤੋਂ ਉਪਰਾਮ ਹੋ ਕੇ ਸਾਡੀ ਸ਼ਰਨ ਵਿਚ ਆਏ ਹਨ ਇਹ ਸਿੱਖ ਫਿਰ ਸੰਸਾਰੀ ਦੁੱਖਾਂ ਵਿਚ ਫਸ ਕੇ ਸਿਮਰਨ ਤੋਂ ਦੂਰ ਨਾ ਚਲੇ ਜਾਣ ਅਤੇ ਸਦਾ ਸਿਮਰਨ ਵਿਚ ਲੱਗ ਕੇ ਆਪਣੇ ਜਨਮ ਨੂੰ ਸਫਲ ਕਰ ਲੈਣ। ਸਾਧੂ ਦੀ ਸ਼ਰਨ ਵਿਚ ਆਇਆਂ ਇਹ ਲਾਭ ਹੁੰਦਾ ਹੈ। ਸਾਧੂ ਆਪਣੀ ਸਰਨ ਵਿਚ ਆਇਆਂ ਜਗਿਆਸੂਆਂ ਦੇ ਅਨੇਕ ਬਿਘਨ ਨਾਸ ਕਰਦੇ ਰਹਿੰਦੇ ਹਨ।

ਯਥਾ– ਸੰਤ ਮੰਡਲ ਕਾ ਨਿਹਚਲ ਆਸਨੁ।। ਸੰਤ ਮੰਡਲ ਮਹਿ ਪਾਪ ਬਿਨਾਸਨੁ।। (ਭੈਰਉ ਮ: ੫)

ਤਥਾ– ਕੋਟਿ ਕੋਟਿ ਅਘ ਕਾਟਨਹਾਰਾ।। ਦੁਖ ਦੂਰਿ ਕਰਨ ਜੀਅ ਕੇ ਦਾਤਾਰਾ।। (ਆਸਾ ਮਹਲਾ ੫) ਇਤੀ।

ਨੈਬ ਸੂਬੇਦਾਰ ਸ੍: ਈਸ਼ਰ ਸਿੰਘ ਪਿੰਡ ਕਟਾਣਾ ਪਰ ਆਪਣੀ ਕਿਰਪਾ ਕਰਨੀ

ਨੈਬ ਸੂਬੇਦਾਰ ਸ੍: ਈਸ਼ਰ ਸਿੰਘ ਦਾਸ ਲਿਖਾਰੀ ਦਾ ਸਹੋਦਰ ਭਰਾ ਹੈ। ਅਕਾਲ ਪੁਰਖ ਦੀ ਜੋ ਭਾਈ ਜੀਵ ਦੇ ਪ੍ਰਾਲਬਧ ਕਰਮ ਅਨੁਸਾਰ ਬਿਰਤੀ ਹੁੰਦੀ ਹੈ ਸੋ ਵਰਤ ਕੇ ਹੀ ਰਹਿੰਦੀ ਹੈ। ਉਸ ਭਾਈ ਬਾਬਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਮਹਾਨ ਸ਼ੁਭ ਉਪਦੇਸ਼ ਦਿੱਲੀ ਵਿਚ ਆਪਣੀ ਮਾਤਾ ਪ੍ਰਤੀ ਤੇ ਸੰਗਤ ਪ੍ਰਤੀ ਕੀਤਾ ਸੀ :–

ਗੁਰੁ ਦੁਖਤਿ ਪਿਖਿ ਨਿਜ ਮਾਤ ਕੇ ਦੈ ਧੀਰ ਭਾਖਥੋ ਐਸ ਹੈ।।
ਰਚਿ ਰਖੀ ਹੋਣੀ ਜੋ ਬਿਧਾਤਾ ਟਰਤ ਨ ਸੋ ਕੈਸ ਹੈ।।
ਅਵਤਾਰ ਪੀਰ ਪਿਗੰਮ੍ਹੇ ਕੇ ਸੀਸ ਚਦਿ ਇਹੁ ਨਾਚਤੀ।।
ਸੁਰ ਅਸੁਰ ਰਿਖਿ ਮੁਨਿ ਸਿਧਨ ਕੇ ਕਰਿ ਦਾਤ ਖੱਟੇ ਮਾਚਤੀ।। (ਸ੍ਰੀ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ)

ਮੇਰੇ ਕਹਿਣ ਦਾ ਭਾਵ ਹੈ ਕਿ ਦਾਸ ਗਰੀਬੀ ਦੇ ਕਾਰਨ ਅੱਠਵੀਂ ਜਮਾਤ ਵਿਚੋਂ ਪੜ੍ਹਦਾ–ਪੜ੍ਹਦਾ ਫੌਜ ਵਿਚ ਭਰਤੀ ਹੋ ਗਿਆ। ਉਸ ਸਮੇਂ ਈਸ਼ਰ ਸਿੰਘ ਪਹਿਲੀ ਜਮਾਤ ਵਿਚ ਦਾਖਲ ਹੋਇਆ ਸੀ। ਈਸ਼ਰ ਸਿੰਘ ਛੇ ਜਮਾਤਾਂ ਪਾਸ ਕਰਕੇ ਕਿੰਗਵੇ ਫੌਜੀ ਸਕੂਲ ਵਿਚ ਜਲੰਧਰ ਵਿਖੇ ਦਾਖਲ ਕਰਵਾ ਦਿੱਤਾ ਸੀ। ਜਿਸ ਸਕੂਲ ਵਿਚ ਫੌਜੀ ਮਿਨਸ਼ਨਰਾਂ ਦੇ ਲੜਕੇ ਦਾਖਲ ਹੁੰਦੇ ਸਨ। ਉਸ ਸਕੂਲ ਦੀ ਫੀਸ ਉਸ ਸਮੇਂ ੪ ਰੁ: ਹੁੰਦੀ ਸੀ। ਇਨ੍ਹਾਂ ਅੱਠਾਂ ਰੁਪਿਆਂ ਵਿਚ ਪੜ੍ਹਾਈ ਤੇ ਫੌਜੀ ਟਰੇਨਿੰਗ ਦਿੱਤੀ ਜਾਂਦੀ ਸੀ ਅਤੇ ਰੋਟੀ ਦਾ ਪ੍ਰਬੰਧ ਵੀ ਸਰਕਾਰ ਇਨ੍ਹਾਂ ਅੱਠਾਂ ਰੁਪਿਆਂ ਵਿਚ ਕਰਦੀ ਸੀ। ਦੋ ਸਾਲ ਤਾਂ ਦਾਸ ਆਪਣੀ ਨੌਕਰੀ ਵਿਚੋਂ ਈਸ਼ਰ ਸਿੰਘ ਦੀ ਫੀਸ ਭੇਜਦਾ ਰਿਹਾ।

ਦਾਸ ਦਾ ਕਰਮਾਂ ਦਾ ਗੇੜ ਐਸਾ ਹੋਇਆ ਕਿ ਦਾਸ ਨੂੰ ਨੌਕਰੀ ਛੱਡਣੀ ਪਈ। ਜਦੋਂ ਦਾਸ ਨੇ ਨੌਕਰੀ ਛੱਡ ਦਿੱਤੀ ਤਾਂ ਈਸ਼ਰ ਸਿੰਘ ਦੀ ਫੀਸ ਦਾ ਬਹੁਤ ਔਖਾ ਹੋ ਗਿਆ। ਇਕ ਪਾਸੇ ਕਰਮਾਂ ਦੀ ਖੇਡ ਗਰੀਬੀ ਦੀ ਤੰਗੀ ਵੀ ਸਖਤ ਤੰਗੀ। ਦੂਸਰੇ ਪਾਸੇ ਕਰਮਾਂ ਦਾ ਸ਼ੁਭ ਅੰਕੁਰ ਸਾਡੇ ਭਾਗਾਂ ਵਿਚ ਪੂਰਨ ਮਹਾਂਪੁਰਸ਼ਾਂ ਦਾ ਸਤਿਸੰਗ ਜਦੋਂ ਦਾਸ ਨੇ ਫੌਜ ਵਿਚੋਂ ਨਾਮ ਕਟਾਇਆ। ਇਕ ਮਹੀਨੇ ਦੇ ਬਾਅਦ ਹੀ ਸੰਤ ਮਹਾਰਾਜ ਜੀ ਦਾ ਦਾਸ ਨੂੰ ਸਤਿਸੰਗ ਪ੍ਰਾਪਤ ਹੋ ਗਿਆ। ਜਿਸ ਮਹਾਂਪੁਰਸ਼ਾਂ ਦੇ ਸੰਗ ਨੇ ਆਸਤੇ–ਆਸਤੇ ਸਾਡੇ ਹਰ ਕਰਮਾਂ ਵਿਚ ਤਬਦੀਲੀ ਲਿਆ ਦਿੱਤੀ।

ਸੋ ਸਾਰੀ ਦਿਸ਼ਾ ਦਾਸ ਆਪਣੇ ਪ੍ਰਸੰਗ ਵਿਚ ਕਹਿ ਆਇਆ ਹੈ। ਇਥੇ ਤਾਂ ਇਤਨਾ ਦੱਸਣਾ ਹੀ ਜ਼ਰੂਰੀ ਹੈ ਕਿ ਜਦੋਂ ਦਾਸ ਸੰਤਾਂ ਦੇ ਚਰਨਾਂ ਵਿਚ ਆਇਆ ਤਾਂ ਦਾਸ ਦੀ ਮਾਤਾ ਉੱਚ ਕਰਮਾਂ ਵਾਲੀ ਦਾਸ ਨੂੰ ਘਰ ਲੈ ਜਾਣ ਵਾਸਤੇ ਆਈ। ਸੰਤਾਂ ਪਾਸ ਮਾਤਾ ਨੇ ਬੇਨਤੀ ਕੀਤੀ ਕਿ ਗਰੀਬ–ਨਿਵਾਜ਼ ਘਰ ਵਿਚ ਗਰੀਬੀ ਬਹੁਤ ਹੈ। ਜੋ ਜੋਧ ਸਿੰਘ ਘਰ ਚਲਿਆ ਜਾਏ ਤਾਂ ਕੁਝ ਕਮਾਏ ਜਿਸ ਕਰਕੇ ਅਸੀਂ ਰੱਜ ਟੁੱਕਰ ਖਾਈਏ। ਇਕ ਲੜਕਾ ਮੇਰਾ ਜਲੰਧਰ ਸਕੂਲ ਵਿਚ ਪੜ੍ਹਦਾ ਹੈ ਉਸ ਨੂੰ ਫੀਸ ਆਦਿਕ ਦਾ ਔਖਾ ਹੈ। ਜੇ ਫੀਸ ਨਾ ਦਿੱਤੀ ਤਾਂ ਉਸ ਦਾ ਨਾਮ ਕੱਟ ਦੇਣਗੇ।

ਤੋਂ ਟੂਣਾ ਕਰਵਾ ਕੇ ਕਿੱਕਰ ਦੀਆਂ ਸੂਲਾਂ ਚੌਲਾਂ ਵਿਚ ਲਕੋ ਕੇ ਰੱਖ ਦਿੱਤੀਆਂ। ਦਾਸ ਅਨਭੋਲ ਹੀ ਚੌਲ ਛਕਣ ਲਗ ਗਿਆ। ਜਦੋਂ ਚਾਰ ਕੁ ਬੁਰਕੀਆਂ ਛੱਕੀਆਂ ਤਾਂ ਦਾਸ ਨੂੰ ਪੂਰਾ ਬੁਖਾਰ ਹੋ ਗਿਆ। ਭਾਵੇਂ ਦਾਸ ਨੂੰ ਬੁਖਾਰ ਹੋਇਆ ਤੱਕ ਕੇ ਦਾਸ ਦੀ ਮਾਤਾ ਨੇ ਦਾਸ ਨੂੰ ਰੋਕਿਆ ਕਿ ਪੁੱਤਰ ਬੁਖਾਰ ਹੋ ਗਿਆ ਹੈ ਤੂੰ ਨਾ ਜਾ। ਬੁਖਾਰ ਹਟੇ ਭੋਂ ਚਲਿਆ ਜਾਵੀਂ, ਪਰ ਦਾਸ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਮਾਤਾ ਜੀ ਸੰਤ ਮਹਾਰਾਜ ਜੀ ਦਾ ਹੁਕਮ ਹੈ ਇਕ ਰਾਤ ਤੋਂ ਵੱਧ ਪਿੰਡ ਨਹੀਂ ਰਹਿਣਾ। ਇਸ ਵਾਸਤੇ ਤੂੰ ਦਾਸ ਨੂੰ ਆਗਿਆ ਦੇ ਕਿ ਦਾਸ ਡੇਰੇ ਚਲਿਆ ਜਾਵੇ। ਮਾਤਾ ਜੀ ਨੇ ਵੈਰਾਗ ਕਰਕੇ ਆਗਿਆ ਦੇ ਦਿੱਤੀ। ਹੁਣ ਦਾਸ ਮਾਤਾ ਜੀ ਦੀ ਆਗਿਆ ਲੈ ਕੇ ਬੁਖਾਰ ਚੜ੍ਹੇ ਹੀ ਦੁਰਾਹੇ ਸਟੇਸ਼ਨ ਤੋਂ ਰੇਲ ਗੱਡੀ ਚੜ੍ਹਕੇ ਜਲੰਧਰ ਤੋਂ ਗੱਡੀ ਬਦਲੀ ਕਰਕੇ ਹੁਸ਼ਿਆਰਪੁਰ ਵਾਲੀ ਗੱਡੀ ਚੜ੍ਹ ਕੇ ਨਸਰਾਲੇ ਸਟੇਸ਼ਨ ਤੋਂ ਉਤਰ ਕੇ ਬੁਖਾਰ ਚੜ੍ਹੇ ਚੜ੍ਹਾਏ ਹੀ ਔਖਾ ਸੌਖਾ ਡੇਰੇ ਆ ਗਿਆ। ਮੇਰੇ ਆਉਂਦੇ ਸੰਤ ਮਾਝੇ ਦੇ ਦੌਰੇ ਪਰ ਸੰਗਤਾਂ ਨੂੰ ਤਾਰਨ ਹਿਤ ਚਲੇ ਗਏ। ਦਾਸ ਲੰਗਰ ਵਾਲੀ ਨਿੰਮ ਦੇ ਸਾਹਮਣੇ ਜੋ ਸੰਤ ਮਹਾਰਾਜ ਜੀ ਦੀ ਗੁਫਾ ਰੂਪ ਕੁਟੀਆ ਸੀ, ਉਸ ਗੁਫਾ ਪਰ ਚੜ੍ਹ ਕੇ ਲੰਬਾ ਪੈ ਗਿਆ। ਅੱਠ ਦਿਨ ਮਹਾਨ ਸਖਤ ਬੁਖਾਰ ਰਿਹਾ, ਦਾਸ ਨੂੰ ਬੁਖਾਰ ਵਿਚ ਕੋਈ ਸੁਰਤ ਨਹੀਂ ਸੀ। ਬੇਬੇ ਰਾਧੋ ਜੀ ਹੀ, ਜਦੋਂ ਚਿੱਤ ਵਿਚ ਫੁਰਨਾ ਹੁੰਦਾ ਦਾਸ ਦੇ ਮੂੰਹ ਵਿਚ ਪਾਣੀ ਪਾ ਜਾਂਦੀ, ਨਹੀਂ ਤਾਂ ਬੇਸੁਰਤ ਪਿਆ ਰਹਿੰਦਾ। ਦਸਵੇਂ ਕੁ ਦਿਨ ਸੰਤ ਮਾਝੇ ਦੇ ਦੌਰੇ ਤੋਂ ਜਦੋਂ ਵਾਪਸ ਆਏ ਤਾਂ ਆਉਂਦਿਆਂ ਨੇ ਹੀ ਬੇਬੇ ਰਾਧੋ ਤੋਂ ਪੁਛਿਆ ਕਿ ਬੇਬੇ ਜੋਧ ਸਿੰਘ ਕਿਥੇ ਹੈ? ਬੇਬੇ ਜੀ ਨੇ ਕਿਹਾ ਮਹਾਰਾਜ ਜੀ ਆਪ ਜੀ ਦੇ ਜਾਣ ਬਾਅਦ ਹੀ ਉਸੇ ਦਿਨ ਆ ਗਿਆ ਸੀ, ਪਰ ਬਹੁਤ ਬੁਖਾਰ ਚੜ੍ਹੇ ਵਿਚ ਆਇਆ। ਉਸੀ ਦਿਨ ਤੋਂ ਬੁਖਾਰ ਵਿਚ ਬੇਹੋਸ਼ ਪਿਆ ਹੈ। ਬੁਖਾਰ ਵਿਚ ਅੱਖਾਂ ਵੀ ਲਾਲ ਅਤੇ ਚੇਹਰਾ ਵੀ ਲਾਲ ਹੈ। ਕੋਈ ਸੁਰਤ ਨਹੀਂ। ਮੈਂ ਜਾ ਕੇ ਬੇਸੁਰਤ ਦੇ ਮੂੰਹ ਵਿਚ ਪਾਣੀ ਪਾ ਆਉਂਦੀ ਹਾਂ। ਬੇਬੇ ਜੀ ਅਸੀਂ ਅਜੇ ਦਸ ਦਿਨ ਮਾਝੇ ਵਿਚ ਹੋਰ ਰਹਿਣਾ ਸੀ, ਸਾਨੂੰ ਉਸ ਦੀ ਖਿੱਚ ਲੈ ਕੇ ਡੇਰੇ ਵਿਚ ਆਈ ਹੈ। ਚੱਲ ਦਿਖਾ ਕਿਥੇ ਹੈ? ਉਸਦਾ ਬੁਖਾਰ ਉਤਾਰੀਏ।

ਹੁਣ ਬੇਬੇ ਜੀ ਸੰਤਾਂ ਦੇ ਮੋਹਰੇ ਤੁਰ ਕੇ ਗੁਫਾ ਕੁਟੀਆ ਦੇ ਸਾਹਮਣੇ ਆ ਕੇ ਮੇਰੇ ਬੇਸੁਰਤ ਲੰਮੇ ਪਏ ਵਲ ਇਸ਼ਾਰਾ ਕਰਕੇ ਆਖਣ ਲੱਗੇ— ਮਹਾਰਾਜ ਜੀ, ਉਹ ਲੰਮਾ ਪਿਆ ਹੈ। ਸੰਤ ਮਹਾਰਾਜ ਜੀ ਨੇ ਮਹਾਨ ਕਿਰਪਾ ਕਰਦਿਆਂ ਹੋਇਆਂ ਦਾਸ ਦੀਆਂ ਦੋਨਾਂ ਭੁਜਾਂ ਆਪਣੇ ਕੰਵਲ ਜੈਸੇ ਹੱਥਾਂ ਨਾਲ ਫੜ ਕੇ ਧੂਹ ਕੇ ਗੁਫਾ ਤੋਂ ਬਾਹਰ ਲੈ ਆਂਦਾ ਅਤੇ ਆਪਣੀ ਅੰਮ੍ਰਿਤਮਈ ਰਸਨਾ ਨਾਲ ਮਿੱਠੇ ਜਿਹੇ ਬੋਲਾਂ ਨਾਲ ਕਿਹਾ, ਸਹੁਰਿਆਂ ਏਥੇ ਕਿਉਂ ਪਿਆ ਹੈਂ? ਬਾਹਰ ਕਿਉਂ ਨਹੀਂ ਨਿਕਲਦਾ। ਦਾਸ ਨੂੰ ਹੁਣ ਨਿੰਮ ਦੇ ਨੀਚੇ ਜ਼ਮੀਨ ਪਰ ਲੰਮਾ ਪਾ ਲਿਆ ਅਤੇ ਬੇਬੇ ਰਾਧੋ ਜੀ ਨੂੰ ਆਖਿਆ, ਭੈਣ ਰਾਧੋ ਲਿਆ ਲੰਗਰ ਵਿਚੋਂ ਕੁੰਡਾ ਸੋਟਾ। ਇਕ ਦਮ ਸੰਤ ਇੰਦਰ ਸਿੰਘ ਜੀ ਨੇ ਪੱਥਰ ਦਾ ਸੁਨਹਿਰਾ ਤੇ ਸੋਟਾ ਲੈ ਆਂਦਾ। ਆਪ ਗਰੀਬ-ਨਿਵਾਜ਼ ਜੀ ਨੇ ਪੰਜ ਇਸ਼ਨਾਨਾ ਕੀਤਾ। ਗੜਵਾ ਮਾਂਜ ਕੇ ਆਪ ਸਾਹਮਣੇ ਖੂਹ ਦਾ ਪਾਣੀ ਲੈ ਲਿਆ। ਆਪਣੀ ਜੇਬ ਵਿਚੋਂ ਪੰਜ ਬਦਾਮ ਕੱਢ ਕੇ ਸੁਨਹਿਰੇ ਵਿਚ ਪਾਏ। ਪੰਜ ਡੂਰੀ ਅਲੈਚੀ ਤੇ ਪੰਜ ਕਾਲੀਆਂ ਮਿਰਚਾਂ ਪਾ ਕੇ ਅਤੇ ਇਕ ਅੰਗੂਠੇ ਤੇ ਇਕ ਉਂਗਲੀ ਦੀ ਚੁਟਕੀ ਵਿਚ ਜਿਤਨਾ ਸੁੱਖਾ ਆਇਆ ਸੋ ਵੀ ਰਗੜੇ ਵਿਚ ਪਾਇਆ। ਹਜ਼ੂਰ ਆਪ ਇਨ੍ਹਾਂ ਚੀਜ਼ਾਂ ਦਾ ਰਗੜਾ ਲਾਉਣ ਲਗ ਪਏ। ਤਕਰੀਬਨ ਡੇਢ ਘੰਟਾ ਰਗੜਦੇ ਰਹੇ, ਚੁਪ ਕੀਤੇ ਹੀ ਬਾਣੀ ਪੜ੍ਹਦੇ ਰਹੇ। ਡੇਢ ਘੰਟੇ ਤੋਂ ਬਾਅਦ ਹਜ਼ੂਰ ਨੇ ਕਿਹਾ, ਮੁਖ ਵਿਚ ਚਮਚੇ ਭਰ-ਭਰ ਕੇ ਆਸਤੇ-ਆਸਤੇ ਪਿਲਾ ਦੇ। ਬੇਬੇ ਜੀ ਨੇ ਸੰਤ ਮਹਾਰਾਜ ਜੀ ਦਾ ਬਚਨ ਮੰਨ ਕੇ ਰਗੜੀ ਹੋਈ ਸ਼ਰਦਾਈ ਤਕਰੀਬਨ ਅੱਧੇ ਘੰਟੇ ਵਿਚ ਦਾਸ ਨੂੰ ਪਿਲਾ ਦਿੱਤੀ। ਜਿਵੇਂ-ਜਿਵੇਂ ਚਮਚਿਆਂ ਨਾਲ ਇਹ ਸ਼ਰਦਾਈ ਦਾਸ ਦੇ ਅੰਦਰ ਗਈ ਉਸੇ ਤਰ੍ਹਾਂ ਨਾਲ ਦੀ ਨਾਲ ਬੁਖਾਰ ਉਤਰਦਾ ਗਿਆ। ਏਧਰ ਸ਼ਰਦਾਈ ਮੁੱਕ ਗਈ, ਨਾਲ ਹੀ ਦਾਸ ਦਾ ਮੋਰਕਾ ਬੁਖਾਰ ਮੁੱਕ ਗਿਆ। ਦਾਸ ਥੋੜੇ ਦਿਨਾਂ ਤਕ ਚੰਗਾ ਤੰਦਰੁਸਤ ਹੋ ਗਿਆ। ਦਾਸ ਨੇ ਠੀਕ ਹੋ ਕੇ ਸੰਤਾਂ ਨੂੰ ਨਮਸ਼ਕਾਰ ਕਰਨ ਹਿਤ ਸੰਤਾਂ ਦੀ ਹਜ਼ੂਰੀ ਜਾ ਕੇ ਪ੍ਰੇਮ ਸਿਦਕ ਨਾਲ ਨਮਸ਼ਕਾਰ ਕੀਤੀ। ਦਾਸ ਨੂੰ ਮੁਸਕੜੀਏ ਹੱਸ ਕੇ ਸੰਤਾਂ ਨੇ ਪੁਛਿਆ, ਜੋਧ ਸਿੰਘ ਇਹ ਬੁਖਾਰ ਦੀ ਬਲਾ ਕਿਥੋਂ ਖਰੀਦੀ ਸੀ? ਦਾਸ ਨੇ ਉਸ ਛੀਬਣੇ ਦੇ ਨਿਉਂਦੇ ਛਕਣ ਦੀ ਕਹਾਣੀ ਸੁਣਾ ਦਿੱਤੀ ਕਿ

ਹਰ ਵਸਤੂ ਦੇ ਰਾਸ਼ਨ ਕਾਰਡ ਸਨ। ਉਸ ਸਮੇਂ ਬਹੁਤ ਮੁਸ਼ਕਲ ਨਾਲ ਵਿਆਹ ਦੀ ਸਮੱਗਰੀ ਇਕੱਠੀ ਕੀਤੀ ਸੀ। ਜੰਞ ਦੇ ਬੰਦੇ ਤਕਰੀਬਨ ਇਕ ਸੌ ਤੋਂ ਉਪਰ ਸਨ। ਉਸ ਸਮੇਂ ਮੋਟਰਾਂ ਬੱਸਾਂ ਨਹੀਂ ਸਨ। ਆਪਣੇ ਦੇਸੀ ਵਾਹਨ ਸਨ। ਪੰਜ ਰੱਥ ਤੇ ਛੇ ਬੈਲ ਗੱਡੀਆਂ, ਕੋਈ ਦਸ ਕੁ ਊਠ, ਚਾਰ ਪੰਜ ਘੋੜੇ ਘੋੜੀਆਂ ਸਨ। ਦੋ ਰਾਤਾਂ ਜੰਞ ਰਹੀ ਸੀ। ਜੰਞ ਦੀ ਸੇਵਾ ਤੇ ਰਿਹਾਇਸ਼ੀ ਜਗ੍ਹਾ ਬਹੁਤ ਅੱਛੀ ਦਿੱਤੀ ਗਈ ਸੀ। ਖਾਣ ਪੀਣ ਦੀ ਸੇਵਾ ਪੱਕੇ ਭੋਜਨ ਅਤੇ ਫਲ ਆਦਿਕ ਵੀ ਦਿਤੇ ਗਏ ਸਨ। ਚਾਹ ਪੀਣ ਵਾਲੇ ਨੂੰ ਚਾਹ, ਸ਼ਰਦਾਈ ਪੀਣ ਵਾਲੇ ਨੂੰ ਬਰਫਾਨੀ ਠੰਢੀਆਂ ਸ਼ਰਦਾਈਆਂ ਦਿੱਤੀਆਂ ਗਈਆਂ ਸਨ।

ਤੀਸਰੇ ਦਿਨ ਵਦੈਗੀ ਸਮੇਂ ਖੱਟ ਦੇ ਸੱਦੇ-ਪੱਤਰ ਪਰ ਸ੍: ਚਰਨ ਸਿੰਘ ਜੀ ਨਾ ਆਏ। ਆਪਣੀ ਮੰਗ ਪੇਸ਼ ਕਰ ਦਿੱਤੀ ਕਿ ਮੇਰੇ ਲੜਕੇ ਨੂੰ ਸੋਨੇ ਦਾ ਕੰਠਾ ਪਾਓ ਤੇ ਘੋੜੀਆਂ ਦੇਣਾ ਕਰੋ, 500 ਰੁਪਿਆਂ ਦਾਤ ਰੱਖੋ। ਹੋਰ ਸਾਰੇ ਮੇਰੇ ਭਾਈਚਾਰੇ ਤੇ ਜਵਾਈਆਂ ਭਾਈਆਂ ਦੀ ਮਨੌਂਤ ਕਰਕੇ ਵੱਡਿਆਂ ਕਰੋ ਤਾਂ ਮੈਂ ਖੱਟ ਪਰ ਆਵਾਂਗਾ। ਇਹ ਮੰਗ ਸਰਦਾਰਨੀ ਸੁਣ ਕੇ ਮੇਰੇ ਭਣੋਈਏ ਤੇ ਭਣੋਈਏ ਦੇ ਭਰਾਵਾਂ ਨੇ ਆਖਿਆ ਜੋ ਅਸੀਂ ਆਪਣੀ ਪਹਿਲੀ ਲੜਕੀ ਨੂੰ ਦਾਜ ਦਹੇਜ ਦਿੱਤਾ ਹੈ, ਜੋ ਉਨ੍ਹਾਂ ਦੀਆਂ ਵਡਿਆਈਆਂ ਕੀਤੀਆਂ ਹਨ, ਸੋ ਹੀ ਤੁਹਾਡੀਆਂ ਕਰਾਂਗੇ। ਪਰ ਸ੍: ਚਰਨ ਸਿੰਘ ਨਾ ਮੰਨਿਆ। ਫਿਰ ਦਾਦਾਂ ਵਾਲਿਆਂ ਵਿਚ ਗੁੱਸੇ ਦੀ ਲਹਿਰ ਪੈਦਾ ਹੋ ਗਈ।

ਇਨ੍ਹਾਂ ਸਾਰਿਆਂ ਨੇ ਮਿੱਥ ਲਿਆ ਕਿ ਜੰਞ ਨੂੰ ਕੁੱਟ ਮਾਰ ਕੇ ਇਥੋਂ ਕੱਢ ਦੇਈਏ। ਪਰ ਫਿਰ ਦਾਸ ਨੇ ਤੇ ਬੀਬੀ ਦੇ ਛੋਟੇ ਫੁਫੜ ਸ੍: ਸ਼ੇਰ ਸਿੰਘ ਜੀ ਨੇ ਵਿਚ ਪੈ ਕੇ ਸੁਲਾਹ ਕਰਾਈ। ਦਾਦਾਂ ਤੋਂ ਬੀਬੀ ਦੀ ਡੋਲੀ ਵਿਦਾ ਕਰ ਦਿੱਤੀ। ਪਰ ਸੌਹਰੇ ਘਰ ਵਿਚ ਸੱਸ ਦੀ ਮੁਖਤਿਆਰੀ ਸੀ। ਸੌਹਰੇ ਘਰ ਗਈ ਬੀਬੀ ਦਾ ਸੱਸ ਨੇ ਕੋਈ ਸਤਿਕਾਰ ਨਾ ਕੀਤਾ, ਬਲਕਿ ਕੋਈ ਸਗਨ ਨਹੀਂ ਮਨਾਇਆ। ਤੀਸਰੇ ਦਿਨ ਬੀਬੀ ਨੇ ਸੌਹਰੇ ਘਰ ਤੋਂ ਜਦੋਂ ਆਪਣੇ ਪੇਕੇ ਘਰ ਨੂੰ ਆਉਣਾ ਸੀ ਤਾਂ ਸੱਸ ਨੇ ਕਿਸੇ ਸਗਨ ਨਾਲ ਵਦੈਗੀ ਨਹੀਂ ਦਿੱਤੀ, ਬਲਕਿ ਹੈਂਕੜ ਵਿਚ ਬੀਬੀ ਨੂੰ ਇਹ ਗੱਲ ਕਹੀ ਕਿ ਪਹਿਲਾਂ ਤਾਂ ਤੂੰ ਆਪਣੇ ਭਰਾਵਾਂ ਨੂੰ ਜੋ ਤੈਨੂੰ ਲੈਣ ਆਏ ਹਨ ਜੁਆਬ ਦੇ ਦੇ ਅਤੇ ਸੌਹਰੇ ਘਰ ਤੋਂ ਹੀ ਨਾ ਜਾ। ਜੇ ਤੈਂ ਜਾਣਾ ਹੈ ਤਾਂ ਅੱਠਾਂ ਦਿਨਾਂ ਦੇ ਅੰਦਰ ਆਪਣੇ ਭਰਾ ਨੂੰ ਲੈ ਕੇ ਆ ਜਾਵੀਂ। ਮੇਰੇ ਪੁੱਤਰ ਨੇ ਤੈਨੂੰ ਲੈਣ ਵਾਸਤੇ ਨਹੀਂ ਆਉਣਾ। ਨੌਵੇਂ ਦਿਨ ਮੈਂ ਆਪਣਾ ਪੁੱਤਰ ਵਿਆਹ ਲਵਾਂਗੀ, ਤੂੰ ਫਿਰ ਆਪਣੇ ਪੇਕੇ ਘਰ ਹੀ ਰਵ੍ਹੀਂ।

ਪਰ ਬੀਬੀ ਅਜੇ ਛੋਟੀ ਉਮਰ ਦੀ ਭੋਲੀ ਬੱਚੀ ਸੀ। ਸੱਸ ਦੀਆਂ ਇਨ੍ਹਾਂ ਗੱਲਾਂ ਨੂੰ ਸੁਣ ਕੇ ਆਪਣੇ ਹਿਰਦੇ ਵਿਚ ਕੋਈ ਥਾਂ ਨਹੀਂ ਦਿੱਤੀ, ਬਲਕਿ ਸੌਹਰੇ ਘਰ ਤੋਂ ਨਫਰਤ ਲੈ ਕੇ ਪੇਕੇ ਘਰ ਆ ਗਈ। ਇਸੇ ਨਾਲ ਸੰਤ ਮਹਾਰਾਜ ਜੀ ਰੇਰੂ ਸਾਹਿਬ ਬਾਬਾ ਅਤਰ ਸਿੰਘ ਜੀ ਦੀ ਬਰਸੀ ਪਰ ਗਏ ਹੋਏ ਸਨ। ਬੀਬੀ ਆਪਣੇ ਨਾਨਕੇ ਘਰ ਆਪਣੀ ਨਾਨੀ ਪਾਸ ਗਈ ਹੋਈ ਸੀ। ਬੀਬੀ ਜੀ ਆਪਣੀ ਨਾਨੀ ਜੀ ਨਾਲ ਸੰਤਾਂ ਦੇ ਦਰਸ਼ਨ ਵਾਸਤੇ ਰੇਰੂ ਸਾਹਿਬ ਗਏ। ਨਾਨੀ ਦੋਹਤੀ ਨੇ ਸੰਤਾਂ ਦੇ ਚਰਨਾਂ ਪਰ ਮੱਥਾ ਟੇਕਿਆ ਅਤੇ ਪ੍ਰੇਮ ਦੇ ਭਰੇ ਹਿਰਦੇ ਨਾਲ ਸੰਤਾਂ ਦੇ ਸਨਮੁਖ ਬੈਠ ਗਈਆਂ।

ਸੰਤਾਂ ਦਾ ਧਿਆਨ ਨਾਨੀ ਦੋਹਤੀ ਦੇ ਪ੍ਰੇਮ ਨੇ ਆਪਣੇ ਵਲ ਖਿੱਚਿਆ, ਸੰਤਾਂ ਨੇ ਮਾਤਾ ਜੀ ਵਲ ਤੱਕ ਕੇ ਪੁੱਛਿਆ ਕਿ ਮਾਤਾ ਜੀ ਇਹ ਤੇਰੇ ਨਾਲ ਬੱਚੀ ਕੌਣ ਹੈ। ਮਾਤਾ ਦਾ ਹਿਰਦਾ ਬੜਾ ਕੋਮਲ ਤੇ ਨਰਮ ਸੀ। ਸੰਤਾਂ ਦੇ ਪੁੱਛਣ ਤੋਂ ਵੈਰਾਗ ਵਿਚ ਅੱਖਾਂ ਭਰ ਲਈਆਂ ਅਤੇ ਬੜੇ ਭਰੇ ਹਿਰਦੇ ਨਾਲ ਮੁਖੋਂ ਕਿਹਾ, ਪਤਿਤ ਪਾਵਨ ਜੀ, ਇਹ ਮੇਰੀ ਦੋਹਤੀ ਹੈ। ਸੰਤ ਮਹਾਰਾਜ ਜੀ ਬੜੇ ਜਲਾਲ ਵਿਚ ਤੇ ਖੁਸ਼ ਹੋ ਕੇ ਆਖਦੇ ਹਨ ਕਿ ਪੁੱਤਰ ਤੇਰਾ ਹੱਥ ਦੇਖੀਏ।

ਹੁਣ ਬੀਬੀ ਦਾ ਹੱਥ ਆਪਣੇ ਕਵਲ ਜੈਸੇ ਹੱਥਾਂ ਵਿਚ ਫੜ ਕੇ ਹੱਥ ਦੀਆਂ ਰੇਖਾਂ ਦੇਖਣ ਲਗ ਪਏ। ਬੀਬੀ ਦੇ ਹੱਥਾਂ ਦੀ ਰੇਖਾ ਦੇਖਣਾ ਤਾਂ ਇਕ ਐਵੀ ਸੰਸਾਰੀ ਪਰਚਾਵਾ ਸੀ, ਪਰ ਆਪਣੀ ਸਰਵਗਦਾ ਨਾਲ ਤੇ ਕਿਰਪਾ-ਦ੍ਰਿਸ਼ਟੀ ਨਾਲ ਤੱਕ ਕੇ ਅਟੱਲ ਬਚਨ ਆਖਿਆ ਕਿ ਬੀਬਾ ਤੇਰੇ ਕਰਮਾਂ ਵਿਚ ਵਿਆਹ ਤੇਰੇ ਇਤਨਾ ਹੀ ਹੈ। ਅੱਗੇ ਗ੍ਰਹਿਸਤ ਕਰਨ ਦਾ ਕਰਮ ਨਹੀਂ। ਮਾਤਾ ਜੀ ਨੇ ਫਿਰ ਬੀਬੀ ਜੀ ਵਾਸਤੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਕੋਈ ਬੀਬੀ ਵਾਸਤੇ ਆਸਰੇ ਦੀ ਬਖਸ਼ਿਸ਼ ਕਰੋ। ਸੰਤ ਮਹਾਰਾਜ ਜੀ ਨੇ ਪ੍ਰਸੰਨ ਹੋ ਕੇ ਬਖਸ਼ਿਸ਼ ਕੀਤੀ ਕਿ ਜ਼ਿਆਦਾ ਤੋਂ ਜ਼ਿਆਦਾ

ਬਾਣੀ ਕੰਠ ਕਰੋ ਅਤੇ ਪੰਜ ਜਪੁਜੀ ਸਾਹਿਬ ਦੇ ਪਾਠ, ਨਿਤਨੇਮ ਤੋਂ ਵੱਖਰੇ ਕਰਿਆ ਕਰ। ਸੰਤ ਮਹਾਰਾਜ ਜੀ ਦੇ ਪਰਮਾਰਥ ਦੇ ਇਹ ਬਚਨ ਹਿਰਦੇ ਵਿਚ ਬੈਠ ਗਏ, ਨਾਲ ਉਪਦੇਸ਼ ਦਿੱਤਾ ਕਿ ਘਰ ਦਾ ਕੰਮ ਜ਼ਿਆਦਾ ਤੋਂ ਜ਼ਿਆਦਾ ਕਰਨਾ। ਘਰ ਦੀ ਸੇਵਾ ਕਰਨ ਕਰਕੇ ਸਰੀਰ ਦੀ ਤੰਦਰੁਸਤੀ ਬਣੀ ਰਹਿੰਦੀ ਹੈ।

ਹੁਣ ਬੀਬੀ ਦਾ ਮਨ ਸੰਤਾਂ ਦੇ ਚਰਨਾਂ ਪਰ ਫਿਦਾ ਹੋ ਗਿਆ ਅਤੇ ਸੰਤਾਂ ਦੇ ਬਚਨਾਂ ਦੀ ਕਮਾਈ ਕਰਨ ਹਿਤ ਤੁਲ ਗਈ। ਨਿਤਨੇਮ ਤੋਂ ਅਲਹਿਦਾ ਜਪੁਜੀ ਸਾਹਿਬ ਦਾ ਪਾਠ ਜ਼ਿਆਦਾ ਤੋਂ ਜ਼ਿਆਦਾ ਕਰਨ ਦੀ ਇੱਛਾ ਵੱਧ ਗਈ। ਆਪਣੇ ਨਗਰ ਆ ਕੇ ਆਪਣੀ ਮਾਤਾ ਤੇ ਹੋਰ ਘਰ ਦੇ ਨੁਮਾਇੰਦਿਆਂ ਨੂੰ ਬੇਨਤੀ-ਪੂਰਬਕ ਕਹਿ ਦਿੱਤਾ ਕਿ ਮੈਨੂੰ ਦੱਸ ਦਿਆ ਕਰੋ, ਮੇਰੇ ਕੋਲੋਂ ਸੋ ਕੰਮ ਪੂਰਾ ਕੀਤਾ ਹੋਇਆ ਲਿਆ ਕਰੋ। ਮੈਨੂੰ ਬੁਲਾਉਣ ਦੀ ਇੱਛਾ ਨਾ ਰੱਖਿਆ ਕਰੋ, ਕਿਉਂਕਿ ਮੇਰੇ ਬੋਲਣ ਤੋਂ ਮੇਰਾ ਧਿਆਨ ਬਾਣੀ ਵਲ ਨਹੀਂ ਰਹਿੰਦਾ। ਕਪਾਹ ਚੁਗਣ ਦੇ ਵੇਲੇ ਬੀਬੀ ਜੀ ਨੇ ਖਾਸ ਆਪ ਕਪਾਹ ਚੁਗਣ ਵਾਸਤੇ ਜਾਣਾ। ਆਪਣੇ ਨਾਲ ਹੋਰ ਚੋਗੀਆਂ ਵੀ ਲੈ ਜਾਣੀਆਂ। ਬੀਬੀ ਜੀ ਨੇ ਕਿਸੇ ਨਾਲ ਕੋਈ ਆਮ ਗੱਲਬਾਤ ਵੀ ਨਹੀਂ ਕਰਨੀ ਤੇ ਹਾਸ-ਬਿਲਾਸ ਦੀ ਗੱਲ ਤਾਂ ਕੀ ਕਰਨੀ ਸੀ। ਗੱਲ ਕੀ, ਸਾਰਾ ਦਿਨ ਜਪੁਜੀ ਸਾਹਿਬ ਦੇ ਹੀ ਪਾਠ ਕਰੀ ਜਾਣੇ। ਅਖੀਰ ਰੋਜ਼ ਦੇ ਪੰਝੱਤਰ ਪਾਠ ਕਰਨਾ ਦਾ ਨਿਤ ਕਰਮ ਹੋ ਗਿਆ। ਘਰ ਵਾਲੇ ਮਾਤਾ ਪਿਤਾ ਸਬੰਧੀ ਕਾਫੀ ਫਿਕਰ ਵਿਚ ਹੋ ਗਏ ਕਿ ਬੀਬੀ ਇਤਨੀ ਬਾਣੀ ਪੜ੍ਹਦੀ ਹੈ ਕਿਤੇ ਬੀਬੀ ਨੂੰ ਗਰਮੀ ਖੁਸ਼ਕੀ ਨਾਲ ਹੋ ਜਾਵੇ। ਇਸ ਦੌਰਾਨ ਵਿਚ ਬੀਬੀ ਦੇ ਸੁਸਰਾਲ ਨੇ ਬੀਬੀ ਦੇ ਮਾਤਾ ਪਿਤਾ ਨੂੰ ਬਹੁਤ ਬੇਨਤੀ ਪੂਰਬਕ ਕਿਹਾ ਕਿ ਸਾਡੇ ਪਾਸੋਂ ਬਹੁਤ ਵੱਡੀ ਗਲਤੀ ਹੋਈ ਹੈ। ਸਾਡੀ ਗਲਤੀ ਨੂੰ ਮੁਆਫ ਕਰਦੇ ਹੋਏ ਬੀਬੀ ਦਾ ਮੁਕਲਾਵਾ ਦੇ ਕੇ ਸੌਹਰੇ ਘਰ ਤੋਰ ਦੇਵੋ। ਭਾਵੇਂ ਵੀ ਬੀਬੀ ਦੇ ਮਾਤਾ ਪਿਤਾ ਬੀਬੀ ਦੇ ਸੌਹਰਿਆਂ ਨਾਲ ਸਹਿਮਤ ਹੋ ਗਏ ਅਤੇ ਬੀਬੀ ਨੂੰ ਸੌਹਰੇ ਘਰ ਤੋਰਨ ਵਾਸਤੇ ਤਿਆਰ ਹੋ ਗਏ ਸਨ, ਪਰ ਬੀਬੀ ਨੇ ਸੰਤਾਂ ਦੇ ਬਚਨਾਂ ਨੂੰ ਅਟੱਲ ਮੰਨਦਿਆਂ ਹੋਇਆਂ ਸੌਹਰੇ ਘਰ ਜਾਣ ਤੋਂ ਪੱਕੀ ਤਰ੍ਹਾਂ ਜਵਾਬ ਦੇ ਦਿੱਤਾ। ਮੁੜ ਫੇਰ ਐਸੀ ਗੱਲਬਾਤ ਬੀਬੀ ਵਲੋਂ ਬਿਲਕੁਲ ਬੰਦ ਹੋ ਗਈ।

ਹੁਣ ਬੀਬੀ ਨੂੰ ਇਹ ਜਪ ਤਪ ਕਰਦਿਆਂ ਤਿੰਨ ਸਾਲ ਲੰਘ ਗਏ। ਬੀਬੀ ਦੀ ਇੱਛਾ ਨੂੰ ਸਮਝਦੇ ਹੋਏ ਸੰਤ ਮਹਾਰਾਜ ਜੀ ਨੇ ਆਪ ਦਾਸ ਨੂੰ ਹੁਕਮ ਕਰਕੇ ਕਿਹਾ ਕਿ ਬੀਬੀ ਬਚਨ ਦਾ ਕੀ ਹਾਲ ਹੈ? ਦਾਸ ਨੇ ਬੀਬੀ ਦਾ ਸਾਰਾ ਸਾਧਨ ਸੰਤਾਂ ਨੂੰ ਦੱਸਿਆ। ਫਿਰ ਆਪ ਹਜ਼ੂਰ ਗਰੀਬ-ਨਿਵਾਜ਼ ਗਰੀਬ-ਨਿਵਾਜ਼ੀ ਕਰਨ ਵਾਸਤੇ ਰਾਮਗੜ੍ਹ ਭੁਲਰ ਬਾਬਾ ਮੱਘਰ ਸਿੰਘ ਜੀ ਦੀ ਉੱਨਤੀ ਮੱਘਰ ਦੀ ਬਰਸੀ ਕਰਕੇ ਬਦੋਵਾਲ ਸਟੇਸ਼ਨ ਤੋਂ ਉਤਰ ਕੇ ਬੀਬੀ ਦੇ ਪਿੰਡ ਦਾਦਾਂ ਵਿਖੇ ਗਏ ਅਤੇ ਬੀਬੀ ਦੇ ਚਾਚਾ ਕਰਤਾਰ ਸਿੰਘ ਜੀ ਦੇ ਚੁਬਾਰੇ ਵਿਖੇ ਆਸਣ ਲਾਏ। ਸੰਤਾਂ ਦਾ ਦਰਸ਼ਨ ਕਰਕੇ ਬੀਬੀ ਗੱਦ-ਗੱਦ ਹੋ ਗਈ। ਸੰਤਾਂ ਨੇ ਕਿਰਪਾ ਭਰਿਆ ਹੱਥ ਕਮਲ ਬੀਬੀ ਦੇ ਸੀਸ ਪਰ ਰੱਖ ਉਠਾਇਆ ਤੇ ਨਦਰੋ-ਨਦਰ ਨਿਹਾਲ ਕੀਤਾ। ਸੰਤ ਮਹਾਰਾਜ ਜੀ ਦੇ ਚਰਨ ਧੋ ਕੇ ਸਾਰਿਆਂ ਨੇ ਚਰਨਾਮ੍ਰਿਤ ਲੈਣਾ ਕੀਤਾ। ਸੰਤ ਮੰਡਲੀ ਵਾਸਤੇ ਬੀਬੀ ਨੇ ਚਾਂਈਂ-ਚਾਂਈਂ ਭੋਜਨ ਤਿਆਰ ਕੀਤਾ। ਕੜਾਹ ਪ੍ਰਸ਼ਾਦਿ, ਚਾਵਲ, ਦਾਲ ਭਾਜੀਆਂ, ਸੰਤਾਂ ਵਾਸਤੇ ਖਾਸ ਜ਼ਿਮੀਕੰਦ ਦੀ ਸਬਜ਼ੀ ਤਿਆਰ ਕੀਤੀ। ਸੰਤ ਮਹਿੰਦਰ ਸਿੰਘ ਜੀ ਨੇ ਨਾਲ ਹੋ ਕੇ ਅਤੇ ਦਾਸ ਨੇ ਲੰਗਰ ਦੀ ਸੇਵਾ ਵਿਚ ਮਦਦ ਕੀਤੀ। ਭੋਜਨ ਤਿਆਰ ਹੋਣ ਤੇ ਸਾਰੀ ਸੰਤ ਮੰਡਲੀ ਨੂੰ ਘਰ ਲਿਆ ਕੇ ਭੋਜਨ ਛਕਾਇਆ ਅਤੇ ਸੰਤਾਂ ਨੂੰ ਸੰਤਾਂ ਦੇ ਆਸਣ ਪਰ ਹੀ ਥਾਲ ਪਰੋਸ ਕੇ ਸੰਤ ਮਹਿੰਦਰ ਸਿੰਘ ਜੀ ਤੇ ਬੀਬੀ ਜੀ ਲੈ ਗਏ ਤੇ ਬੜੇ ਸਤਿਕਾਰ ਅਦਬ ਸਹਿਤ ਭੋਜਨ ਛਕਾਇਆ।

ਹੁਣ ਰਾਤ ਦੇ ਸਮੇਂ ਜਦੋਂ ਸੰਤ ਆਪਣੇ ਪਲੰਘੇ ਪਰ ਬਿਰਾਜੇ ਤਾਂ ਸਿਦਕੀ ਪ੍ਰੇਮੀ ਸੰਤਾਂ ਦੀ ਚਾਪੀ ਕਰਨ ਲਗ ਪਏ। ਕੁਝ ਸਮੇਂ ਤੋਂ ਬਾਅਦ ਸੰਤਾਂ ਨੇ ਬੀਬੀ ਜੀ ਨੂੰ ਕਿਹਾ ਕਿ ਤੁਸੀਂ ਅਰਾਮ ਕਰੋ ਅਤੇ ਅੰਮ੍ਰਿਤ ਵੇਲੇ ਸੁਚੇ ਕੇਸੀਂ ਇਸ਼ਨਾਨ ਕਰਕੇ ਸਾਡੇ ਪਾਸ ਆਓ। ਬੀਬੀ ਬਚਨ ਮੰਨ ਕੇ ਉਥੇ ਹੀ ਟਿਕ ਗਈ। ਸਾਰੀ ਸੰਗਤ ਆਪੋ ਆਪਣੇ ਆਸਣ ਪਰ ਬਿਰਾਜ ਗਈ। ਅੰਮ੍ਰਿਤ ਵੇਲੇ ਦੇ ਤਿੰਨ ਵਜੇ ਸੰਤ ਜੰਗਲ ਦਿਸ਼ਾ ਗਏ ਅਤੇ ਦਾਤਨ ਕੁਰਲਾ ਕੀਤਾ। ਸੰਤ ਇਸ਼ਨਾਨ

ਕਰਕੇ ਆਪਣੇ ਆਸਣ ਪਰ ਸਮਾਧੀ ਇਸਥਿਤ ਹੋ ਗਏ। ਸਾਰੀ ਸੰਗਤ ਨੇ ਇਸ਼ਨਾਨ ਕੀਤੇ ਤੇ ਸਾਰੀ ਸੰਗਤ ਆਪੋ ਆਪਣੇ ਨਿਤਨੇਮ ਵਲ ਲੱਗ ਗਈ। ਬੀਬੀ ਨੇ ਵੀ ਇਸ਼ਨਾਨ ਕੀਤਾ, ਯਥਾ-ਸ਼ਕਤ ਭੇਟਾ ਲੈ ਕੇ ਸੰਤਾਂ ਦੇ ਨੇੜੇ ਹੀ ਆਪਣੀ ਬਾਣੀ ਦਾ ਨਿਤਨੇਮ ਕਰਨ ਲਗ ਪਈ।

ਹੁਣ ਜਦੋਂ ਛੇ ਕੁ ਵਜੇ ਤਾਂ ਸੰਤ ਸਮਾਧੀ ਤੋਂ ਉਥਾਨ ਹੋਏ ਅਤੇ ਮਹਾਨ ਕਿਰਪਾ ਕਰਦਿਆਂ ਬੀਬੀ ਨੂੰ ਆਪਣੇ ਪਾਸ ਬੁਲਾਇਆ, ਬੀਬੀ ਨੇ ਆ ਕਰਕੇ ਸਨਿੰਮਰ ਸ਼ਰਧਾ-ਪੂਰਬਕ ਭੇਟਾ ਰੱਖ ਕੇ ਮੱਥਾ ਟੇਕਿਆ ਅਤੇ ਸਨਮੁਖ ਹੱਥ ਜੋੜ ਕੇ ਬੈਠ ਗਈ। ਸੰਤਾਂ ਨੇ ਮਹਾਨ ਕਿਰਪਾ ਕਰਦੇ ਹੋਇਆਂ ਬੀਬੀ ਜੀ ਨੂੰ ਸ਼ਬਦ ਉਪਦੇਸ਼ ਦੇ ਕੇ ਨਾਮ ਬਾਣੀ ਦੇ ਅਭਿਆਸ ਲਾ ਕੇ ਨਿਹਾਲ ਕਰ ਦਿੱਤਾ, ਜੋ ਕਿ ਹੁਣ ਬੀਬੀ ਨਾਮ ਜਪਦੀ ਹੈ। ਸੰਤ ਮਹਾਰਾਜ ਜੀ ਦਾਦਾਂ ਤੋਂ ਵਿਦਾ ਹੋ ਕੇ ਡੇਰੇ ਆ ਗਏ। ਹੁਣ ਸੰਤਾਂ ਦੀ ਕਿਰਪਾ ਨਾਲ ਬੀਬੀ ਨਾਮ ਜਪਦੀ ਹੈ, ਬਾਣੀ ਪੜ੍ਹਦੀ ਹੈ। ਹੋਰ ਪਿੰਡ ਵਿਚ ਵੀ ਬਹੁਤ ਬੀਬੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੁਆਰਾ ਬਾਣੀ ਪੜ੍ਹਾ ਕੇ ਅਖੰਡ ਪਾਠਣਾਂ ਬਣਾ ਦਿੱਤਾ ਹੈ।

ਹੁਣ ਬੀਬੀ ਜੀ ਨੇ ਆਪਣੇ ਘਰ ਵਿਚ ਹੀ ਸਤਿਸੰਗ ਬਣਾ ਰੱਖਿਆ ਹੈ। ਇਕ ਘੰਟਾ ਗੁਰਬਾਣੀ ਦੀ ਕਥਾ ਟੀਕੇ ਪਰ ਕਰਦੇ ਰਹਿੰਦੇ ਹਨ ਜਾਂ ਗੁਰੂ ਜੀ ਦੇ ਇਤਿਹਾਸ ਦੀ ਕਥਾ ਕਰਦੇ ਰਹਿੰਦੇ ਹਨ, ਜਿਥੇ ਕਿ ਬਹੁਤ ਸਾਰੇ ਮਾਈ ਭਾਈ ਇਕੱਤਰ ਹੋ ਕੇ ਕਥਾ ਦਾ ਆਨੰਦ ਮਾਣਦੇ ਹਨ। ਬੀਬੀ ਜੀ ਆਪਣੇ ਬਜੁਰਗ ਮਾਤਾ ਪਿਤਾ ਦੀ ਸੇਵਾ ਆਪਣੇ ਨਾਲ ਰੱਖ ਕੇ ਕਰਦੇ ਹਨ। ਬੀਬੀ ਜੀ ਦੇ ਦੋ ਭਰਾ ਸ੍: ਬਚਨ ਸਿੰਘ ਜੀ ਬੀ. ਏ. ਅਤੇ ਸ੍: ਮਹਿੰਦਰ ਸਿੰਘ ਜੀ ਇਨ੍ਹਾਂ ਤੋਂ ਅਲਹਿਦਾ ਹੀ ਆਪਣਾ ਸੁਖੀ ਜੀਵਨ ਬਤੀਤ ਕਰਦੇ ਹਨ। ਇਤੀ।

ਸ੍: ਨਾਜ਼ਰ ਸਿੰਘ ਜੀ ਦਾਦਾਂ ਦੇ ਅਖੰਡ ਪਾਠ ਕਰਨਾ

ਸੰਨ 1946 ਵਿਖੇ ਬੀਬੀ ਦੇ ਵੱਡੇ ਭਰਾ ਸ੍: ਬਚਨ ਸਿੰਘ ਨੇ ਬੀ. ਏ. ਕੀਤੀ ਸੀ। ਮਾਤਾ ਪਿਤਾ ਅਤੇ ਹੋਰ ਘਰ ਦੇ ਸਬੰਧੀਆਂ ਦੀ ਮਹਾਨ ਵੱਡੀ ਸੱਧਰ ਸੀ ਕਿ ਅਸੀਂ ਮੇਹਨਤੀ ਜੱਟ ਜ਼ਿਮੀਦਾਰ ਆਪਣੇ ਪੁੱਤਰ ਨੂੰ ਵੀ ਬੀ. ਏ., ਐਲ. ਐਲ.ਬੀ. ਦਾ ਐਡਵੋਕੇਟ ਦਾ ਕੋਰਸ ਕਰਵਾ ਕੇ ਅਤੇ ਅੱਗੇ ਜੱਜ ਆਦਿਕ ਦਾ ਇਮਤਿਹਾਨ ਦਵਾ ਕੇ ਜੱਜ ਦੀ ਕੁਰਸੀ ਪਰ ਬੈਠਾਈਏ। ਪਰ ਜੋ ਕਰਮਾਂ ਦੀ ਗੁਪਤ ਗਤੀ ਹੈ ਇਸ ਨੂੰ ਕੋਈ ਲਗਪਗ ਜੀਵ ਨਹੀਂ ਜਾਣ ਸਕਦਾ। ਯਥਾ :

ਦਿਲ ਆਖਦਾ ਕਰਾਂ ਮੈਂ ਬਾਦਸ਼ਾਹੀ, ਕਰਮ ਆਖਦੇ ਕਰਾਂ ਫਕੀਰ ਤੈਨੂੰ।

ਪਰ ਜੋ ਕੁਝ ਕੀਤੇ ਕਰਮਾਂ ਦਾ ਲੇਖ ਲਿਖਿਆ ਗਿਆ ਉਸਨੂੰ ਮੇਟਣ ਵਾਸਤੇ ਕੋਈ ਵੀ ਸਮਰੱਥ ਨਹੀਂ, ਬਲਕਿ ਮਹਾਂਪੁਰਸ਼ ਅਟੱਲ ਇਹੀ ਸਿੱਖਿਆ ਦੇਂਦੇ ਹਨ ਕਿ ਆਪਣੇ ਕੀਤੇ ਕਰਮਾਂ ਦਾ ਫਲ ਉਸ ਵਾਹਿਗੁਰੂ ਦਾ ਭਾਣਾ ਮੰਨ ਕੇ ਭੋਗ ਲੈਣਾ ਕਰੋ। ਯਥਾ ਕਿ :

ਲਿਖਿਆ ਲੇਖ ਨਾ ਮਿਟਦਾ ਭਾਈ ਰੁਦਨ ਕੀਤੇ ਕਿਆ ਹੋਵੇ। ਹੁਕਮ ਸਾਹਿਬ ਦਾ ਮੰਨੇ ਨਾਹੀ ਜਨਮ ਅਕਾਰਥ ਖੋਵੇ।
ਸਾਹਿਬ ਆਪਣਾ ਭਾਣਾ ਕਰਦਾ ਭਾਵੇਂ ਹੱਸੇ ਭਾਵੇਂ ਰੋਵੇ। ਸੰਤ ਦਾਸ ਹੋਣੀ ਨਹੀਂ ਮਿਟਦੀ ਜੋ ਕਿਛ ਹੋਣੀ ਹੋਵੇ।

ਸ੍ਰੀ ਮਦ ਭਗਵਤ ਗੀਤਾ ਵਿਖੇ ਕ੍ਰਿਸ਼ਨ ਜੀ ਨੇ ਕਥਨ ਕੀਤਾ ਹੈ। ਯਥਾ :

ਅਵਸਧਮੇਵ ਭੋਗਤਬਿਅੰ ਕ੍ਰਿਤੰ ਕਰਮ ਸੁਭਾ ਸੁਭੰ।। ਨਾ ਭੁਗਤੰ ਖੀਯਤੇ ਕਰਮ ਕਲਪ ਕੋਟੀ ਸਤੇਰਪਿ।।

ਸ਼ੁਭ ਅਤੇ ਅਸ਼ੁਭ ਕੀਤੇ ਹੋਏ ਕਰਮ ਜ਼ਰੂਰ ਹੀ ਭੁਗਤਣੇ ਪੈਂਦੇ। ਬਿਨਾਂ ਭੋਗੇ ਤੋਂ (ਖੀਯਤੇ) ਨਾਸ ਨਹੀਂ ਹੁੰਦੇ, ਭਾਵੇਂ ਕਰੋੜਾਂ ਕਲਪ ਕਿਉਂ ਨਾ ਬੀਤ ਜਾਣ। ਸ਼ਾਸਤਰ ਦਾ ਕਥਨ ਹੈ :

ਗਿਆਨਨੋ ਅਗਿਆਨੀਨ ਸਸਚੈਵ ਸਮੈ ਪਰਾਰਬਧੇ ਕਰਮਣੀ।।

ਗੁਰਬਾਣੀ- ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।
ਜੈ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।। (ਪੰਨਾ ੪੩੩)

ਤਥਾ: ਸੁਖੁ ਦੁਖੁ ਪੁਰਬ ਜਨਮ ਕੇ ਕੀਏ।। ਸੋ ਜਾਣੈ ਜਿਨਿ ਦਾਤੈ ਦੀਏ।।
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ।। (ਪੰਨਾ ੧੦੩੦)

ਤਥਾ- ਦੋਸੁ ਨ ਦੀਜੈ ਕਾਹੂ ਲੋਗ।। ਜੋ ਕਮਾਵਨੁ ਸੋਈ ਭੋਗ।।
ਆਪਨ ਕਰਮ ਆਪੇ ਹੀ ਬੰਧ।। ਆਵਨੁ ਜਾਵਨੁ ਮਾਇਆ ਧੰਧੁ।। (ਪੰਨਾ ttt)

ਤਥਾ- ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ।। (ਪੰਨਾ ੭੦੫)

ਤਥਾ- ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।। (ਪੰਨਾ ੧੩੭੮)

ਮੇਰਾ ਭਾਵ ਕਹਿਣ ਦਾ ਹੈ ਕਿ ਏਹੀ ਕੁਦਰਤ ਸ੍ਰ: ਬਚਨ ਸਿੰਘ ਨਾਲ ਵਰਤੀ ਸੀ। ਸੰਨ 1947 ਵਿਚ ਕਾਕਾ ਬਚਨ ਸਿੰਘ ਨੂੰ ਲਾਹੌਰ ਯੂਨੀਵਰਸਿਟੀ ਲਾਅ ਇਨ ਕਾਲਜ ਵਿਚ ਬੀ. ਏ., ਐਲ. ਐਲ. ਬੀ. ਕਰਨ ਹਿਤ ਦਾਖਲ ਕਰਵਾ ਦਿੱਤਾ। ਸੰਨ 47 ਦੇ ਛੇਵੇਂ ਸਤਵੇਂ ਮਹੀਨੇ ਵਿਚ ਮਹਾਨ ਦ੍ਵੈਸ਼ ਤੇ ਈਰਖਾ ਦੀ ਅੱਗ ਭੜਕ ਉਠੀ, ਜਿਸ ਵਿਚ ਮੁਸਲਮਾਨਾਂ ਨੇ ਹਿੰਦੂਆਂ ਸਿੱਖਾਂ ਨੂੰ ਵੱਢਣਾ ਟੁੱਕਣਾ, ਮਾਰਨਾ ਸ਼ੁਰੂ ਕਰ ਦਿੱਤਾ। ਉਸ ਦੇ ਜਵਾਬ ਵਿਚ ਹਿੰਦੂਆਂ ਸਿੱਖਾਂ ਨੇ ਵੀ ਵੱਢਣਾ ਟੁੱਕਣਾ ਸ਼ੁਰੂ ਕਰ ਦਿੱਤਾ। ਇਹ ਮਹਾਨ ਜਹਾਲਤ ਭੈੜਾ ਜ਼ੁਲਮ ਪਹਿਲਾਂ ਜਿਹਲਮ, ਰਾਵਲਪਿੰਡੀ, ਜ਼ਿਲ੍ਹਾ ਹਜ਼ਾਰਾ ਪਿਸ਼ਾਵਰ, ਗੁਜਰਾਤ, ਗੁਜਰਾਂਵਾਲਾ, ਸਿਆਲਕੋਟ, ਲਾਹੌਰ ਆਦਿਕ ਇਲਾਕਿਆਂ ਵਿਖੇ ਸ਼ੁਰੂ ਹੋਇਆ। ਫਿਰ ਪੂਰਬੀ ਪੰਜਾਬ ਵਿਚ ਵੀ ਜ਼ੋਰ ਫੜ ਗਿਆ। ਉਸ ਸਮੇਂ ਅੰਦਰ ਲਾਹੌਰ ਵਿਖੇ ਇਕ ਲਾਹੌਰੀ ਮੁਸਲਮਾਨਾਂ ਦੇ ਮੁਹੱਲੇ ਨੂੰ ਅੱਗ ਲਾ ਦਿੱਤੀ ਗਈ। ਜਿਸ ਵਿਚ ਯੂਨੀਵਰਸਿਟੀ ਲਾ ਕਾਲਜ ਦੇ ਸਿੱਖ ਹਿੰਦੂ ਮੁੰਡੇ ਕਸੂਰਵਾਰ ਮੰਨ ਕੇ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤੇ ਗਏ, ਜਿਸ ਵਿਚ ਕਾਕਾ ਬਚਨ ਸਿੰਘ ਵੀ ਫੜਿਆ ਗਿਆ, ਤਕਰੀਬਨ ਤਿੰਨ ਚਾਰ ਮਹੀਨੇ ਜੇਲ੍ਹ ਦੇ ਤੰਬੂਆਂ ਵਿਚ ਕੈਦ ਰਹੇ। ਭਾਦੋਂ ਦਾ ਮਹੀਨਾ ਅਤੀ ਗਰਮੀ ਤੇ ਜੇਲ੍ਹ ਦਾ ਦੁੱਖ ਤੇ ਉਦਾਸੀ ਨੇ ਕਾਕਾ ਬਚਨ ਸਿੰਘ ਜੀ ਦੇ ਦਿਮਾਗ ਦਿਲ ਪਰ ਬਹੁਤ ਅਸਰ ਕਰ ਦਿੱਤਾ। ਲਾਹੌਰ ਦੀ ਜੇਲ੍ਹ ਵਿਚੋਂ ਰਿਹਾਅ ਹੋ ਕੇ ਆ ਗਿਆ।

ਫਿਰ ਸੰਨ 48 ਵਿਚ ਮਾਤਾ ਪਿਤਾ ਸਬੰਧੀਆਂ ਨੇ ਲਾਹੌਰ ਦੀ ਬਜਾਏ ਜੋ ਪੂਰਬੀ ਪੰਜਾਬ ਲਾ ਐਨ ਕਾਲਜ ਸੀ, ਉਸ ਵਿਚ ਵਕਾਲਤ ਦੀ ਪੜ੍ਹਾਈ ਕਰਨ ਹਿਤ ਕਾਕਾ ਬਚਨ ਸਿੰਘ ਨੂੰ ਦਾਖਲ ਹੋਣ ਵਾਸਤੇ ਕਿਹਾ ਗਿਆ। ਬਚਨ ਸਿੰਘ ਨੇ ਉੱਤਰ ਦਿੱਤਾ ਕਿ ਇਹ ਸਾਲ ਮੈਂ ਆਰਾਮ ਕਰਾਂਗਾ। ਘਰ ਵਾਲੇ ਬਚਨ ਸਿੰਘ ਦੀ ਇਸ ਗੱਲ ਨਾਲ ਸਹਿਮਤ ਹੋ ਗਏ। ਪਰ ਇਹ ਅੜਤਾਲੀਵਾਂ ਸਾਲ ਬਚਨ ਸਿੰਘ ਨੂੰ ਅਰਾਮ ਕਰਨ ਦੀ ਬਜਾਏ ਉਹ ਦੁਖਦਾਈ ਹੋ ਗਿਆ। ਭਾਵ ਦਿਲ ਦਿਮਾਗ ਵਹਿਮ ਵਿਚ ਬਦਲ ਕੇ ਸ਼ੁਦਾ (ਮਾਲੀ ਖੌਲੀਆ) ਭਾਵ ਦਿਮਾਗ ਕ੍ਰਿਕ ਹੋ ਗਿਆ। ਇਸ ਬੀਮਾਰੀ ਦਾ ਬਹੁਤ ਇਲਾਜ ਕਰਾਇਆ। ਇਲਾਜ ਕਰਾਉਣ ਕਰਕੇ ਕਿਤੇ ਪੈਰ ਨਾ ਲੱਗੇ, ਭਾਵ ਬੀਮਾਰੀ ਨੂੰ ਮੋੜ ਨਾ ਪਿਆ। ਬੀਮਾਰੀ ਜ਼ਿਆਦਾ ਤੋਂ ਜ਼ਿਆਦਾ ਵੱਧਦੀ ਹੀ ਗਈ। ਦੋ-ਦਫਾ ਛੇ-ਛੇ ਮਹੀਨੇ ਸ੍ਰੀ ਅੰਮ੍ਰਿਤਸਰ ਸਾਹਿਬ ਪਾਗਲਾਂ ਦੇ ਹਸਪਤਾਲ ਵੀ ਦਾਖਲ ਕਰਾ ਰੱਖਿਆ, ਪਰ ਬੀਮਾਰੀ ਨੂੰ ਕੋਈ ਮੋੜ ਨਾ ਪਿਆ। ਘਰ ਵਾਲੇ ਅਤੀ ਦੁਖੀ ਹੋ ਗਏ। ਦਾਸ ਲਿਖਾਰੀ ਦੇ ਚਿੱਤ ਵਿਚ ਸੀ ਕਿ ਜੇ ਕਾਕਾ ਬਚਨ ਸਿੰਘ ਦੇ ਮਾਤਾ ਪਿਤਾ ਸੰਤ ਮਹਾਰਾਜ ਜੀ ਦੇ ਚਰਨ ਫੜ ਲੈਣ ਅਤੇ ਸ਼ਰਧਾ ਭਾਵਨੀ ਨਿਮਰਤਾ ਧਾਰ ਕੇ ਬੇਨਤੀ ਕਰਨ, ਫਿਰ ਸੰਤ ਇਸ ਦੀ ਬੇਨਤੀ ਸੁਣ ਕੇ ਦ੍ਰਵੀ-ਭੂਤ ਹੋ ਜਾਣ ਅਤੇ ਮੇਹਰ ਕਿਰਪਾ ਦੀ ਦ੍ਰਿਸ਼ਟੀ ਨਾਲ ਕਾਕਾ ਬਚਨ ਸਿੰਘ ਨੂੰ ਤੱਕ ਕੇ ਨਿਹਾਲ ਕਰ ਦੇਣ।

ਦਾਸ ਦੀ ਇਸ ਗੱਲ ਪਰ ਘਰ ਵਾਲੇ ਨਾ ਆਏ, ਪਰ ਦਾਸ ਦੀ ਸੱਧਰ ਨਹੀਂ ਸੀ ਮੁੱਕੀ। ਸਾਡੀ ਭੈਣ ਦੇ ਘਰਾਂ ਵਿਚੋਂ ਅਤੇ ਪੜੋਸੀ ਤੇ ਭੈਣ ਜੀ ਦੇ ਜੇਠ ਦਾ ਪੋਤਰਾ ਸ੍ਰ: ਨਾਜ਼ਰ ਸਿੰਘ ਜੀ ਜੋ ਕਿ ਸ੍ਰ: ਦਸੌਂਦਾ ਸਿੰਘ ਜੀ ਗਰੇਵਾਲ ਵਕੀਲ ਦਾ ਮੁਨਸ਼ੀ ਸੀ, ਇਸ ਗੁਰਮੁਖ ਦੀ ਪ੍ਰਾਲਬਧ ਸੀ ਜਿਸ ਕਰਕੇ ਸੰਤਾਂ ਦਾ ਸ਼ਰਧਾਲੂ ਤੇ ਸਿਦਕੀ ਹੋ ਗਿਆ। ਸ੍ਰ: ਨਾਜ਼ਰ ਸਿੰਘ ਜੀ ਨੇ ਦਾਸ ਪਾਸ ਬੇਨਤੀ ਕੀਤੀ ਕਿ ਮੈਂ ਸਨਾਤਨੀ ਮਹਾਂਪੁਰਸ਼ਾਂ ਦੀ ਮਰਯਾਦਾ ਅਨੁਸਾਰ ਅਖੰਡ ਪਾਠ

ਕਰਾਉਣਾ ਚਾਹੁੰਦਾ ਹਾਂ ਅਤੇ ਅਖੰਡ ਪਾਠ ਵਿਖੇ ਸੰਤ ਮਹਾਰਾਜ ਜੀ ਦੇ ਚਰਨ ਆਪਣੇ ਘਰ ਵਿਚ ਪਵਾਉਣਾ ਚਾਹੁੰਦਾ ਹਾਂ। ਦਾਸ ਨੇ ਸੰਤ ਨੰਦ ਸਿੰਘ ਜੀ ਨੂੰ ਨਾਲ ਲੈ ਕੇ ਸੰਤਾਂ ਪਾਸ ਬੇਨਤੀ ਕਰਕੇ ਸ: ਨਾਜ਼ਰ ਸਿੰਘ ਜੀ ਦੇ ਅਖੰਡ ਪਾਠ ਕਰਵਾਉਣ ਮਨਾ ਲਏ। ਦਾਸ ਦੀ ਆਸ਼ਾ ਇਹ ਸੀ ਕਿ ਹਜ਼ੂਰ ਤਿੰਨ ਦਿਨ ਦਾਦੀਂ ਰਹਿ ਕੇ ਮੇਹਰ ਕਰਨਗੇ ਤੇ ਇਥੋਂ ਦੀ ਸੰਗਤ ਨੂੰ ਵੀ ਤਾਰਨਗੇ। ਪਰ *'ਬਿਨੁ ਭਾਗਾਂ ਕਿਛੁ ਪਾਈਐ ਨਾਹੀ'* ਮਹਾਂਵਾਕ ਦੇ ਅਨੁਸਾਰ ਕਿਸੇ ਨੇ ਵੀ ਲਾਭ ਨਾ ਲਿਆ।

ਹੁਣ ਸ: ਨਾਜ਼ਰ ਸਿੰਘ ਜੀ ਦੇ ਘਰ ਅਖੰਡ ਪਾਠ ਆਰੰਭ ਹੋ ਗਿਆ। ਤਿੰਨ ਦਿਨ ਗਰੀਬ-ਨਿਵਾਜ਼ ਦਾਦਾਂ ਵਿਚ ਰਹੇ, ਪਰ ਸ: ਨਾਜ਼ਰ ਸਿੰਘ ਤੋਂ ਬਿਨਾਂ ਕੋਈ ਵੀ ਲਾਭ ਨਾ ਲੈ ਸਕਿਆ। ਅਖੰਡ ਪਾਠ ਦੇ ਦੌਰਾਨ ਸ: ਨਾਜ਼ਰ ਸਿੰਘ ਜੀ ਨੂੰ ਨਾਮ ਉਪਦੇਸ਼ ਦੀ ਬਖਸ਼ਿਸ਼ ਕਰਕੇ ਨਿਹਾਲ ਕਰ ਦਿੱਤਾ ਸੁਆਰਥ ਤੇ ਪਰਮਾਰਥ ਦੇ ਸਾਰੇ ਵਿਘਨ ਦੂਰ ਕਰ ਦਿੱਤੇ। ਹੁਣ ਨਾਜ਼ਰ ਸਿੰਘ ਬਹੁਤ ਸੌਖਾ ਹੈ। ਇਕ ਨਾਜ਼ਰ ਸਿੰਘ ਦੀ ਭੈਣ ਗੰਠੀਏ ਦੀ ਬੀਮਾਰੀ ਕਾਰਨ ਬਹੁਤ ਦੁਖੀ ਸੀ। ਗੋਡੇ ਗਿੱਟੇ ਹੱਥ ਪੈਰਾਂ ਦੇ ਜੋੜ ਬਿਲਕੁਲ ਜੁੜ ਗਏ ਸਨ ਅਤੇ ਦਰਦਾਂ ਵੀ ਬਹੁਤ ਹੁੰਦੀਆਂ ਰਹਿੰਦੀਆਂ ਸਨ। ਉਸ ਬੀਬੀ ਨੇ ਬੜੀ ਸ਼ਰਧਾ ਨਾਲ ਸੰਤਾਂ ਦੇ ਦਰਸ਼ਨ ਕੀਤੇ ਅਤੇ ਦੁਖ ਦੂਰ ਕਰਨ ਦੀ ਬੇਨਤੀ ਕੀਤੀ। ਸੰਤਾਂ ਨੇ ਉੱਤਰ ਦਿੱਤਾ ਕਿ ਇਸ ਬੀਬੀ ਦਾ ਬਹੁਤ ਦੁਖਦਾਈ ਪਿਛਲੇ ਜਨਮ ਦਾ ਕਰਮ ਫਲ ਰੋਗ ਹੈ। ਪਹਿਲਾਂ ਤਾਂ ਇਹ ਮਿਟੇਗਾ ਨਹੀਂ, ਜੇ ਕਿਸੇ ਯਤਨ ਨਾਲ ਮਿਟਾਣ ਦੀ ਕੋਸ਼ਿਸ਼ ਕੀਤੀ ਤਾਂ ਫਿਰ ਜਨਮ ਧਾਰ ਕੇ ਇਹ ਕਰਮ ਦਾ ਫਲ ਭੁਗਤਣਾ ਪਵੇਗਾ ਤੇ ਬੀਬੀ ਨੇ ਵੈਰਾਗ ਵਿਚ ਰੋ ਕੇ ਬੇਨਤੀ ਕੀਤੀ ਕਿ ਮਹਾਰਾਜ ਜੀਉ ਮੈਂ ਦਰਦਾਂ (ਪੀੜਾਂ) ਕਰਕੇ ਬਹੁਤ ਦੁਖੀ ਹਾਂ। ਸੰਤਾਂ ਨੇ ਅੰਮ੍ਰਿਤਮਈ ਬਚਨਾਂ ਦੁਆਰਾ ਕਿਹਾ, ਪੁੱਤਰ ਅੱਜ ਤੋਂ ਇਸ ਬੀਮਾਰੀ ਦੀ ਪੀੜਾ ਦਰਦ ਨਹੀਂ ਹੋਵੇਗੀ।

ਜਦੋਂ ਸੰਤਾਂ ਮੇਹਰ ਕਿਰਪਾ ਕਰਕੇ ਇਸ ਬੱਚੀ ਨੂੰ ਇਹ ਬਚਨ ਕੀਤਾ ਉਸੀ ਦਿਨ ਪੀੜਾ ਦਰਦਾਂ ਹਟ ਗਈਆਂ। ਪਰ ਅੰਗ ਉਸੀ ਤਰ੍ਹਾਂ ਜੁੜੇ ਰਹੇ। ਬੀਬੀ ਦੀ ਜਾਨ ਪੀੜਾਂ ਦਰਦਾਂ ਤੋਂ ਸੌਖੀ ਹੋ ਗਈ। ਮੇਰੀ ਸੱਧਰ ਵਿਚ ਦੀ ਵਿਚ ਹੀ ਰਹੀ। ਕਾਕਾ ਬਚਨ ਸਿੰਘ ਦਾ ਕੋਈ ਮਾਤਾ ਪਿਤਾ ਸੰਬੰਧੀ ਸੰਤਾਂ ਪਾਸ ਸ਼ਰਧਾ ਧਾਰ ਕੇ ਤਾਂ ਕੀ ਆਉਣਾ ਸੀ ਵੈਸੇ ਵੀ ਕੋਈ ਨਹੀਂ ਆਇਆ। ਮੇਰੇ ਵਾਹਿਗੁਰੂ ਨੇ ਇਕ ਵਾਰੀ ਫਿਰ ਮੌਕਾ ਦਿੱਤਾ, ਦਾਸ ਪਖੋਵਾਲ ਤੋਂ ਸੰਤਾਂ ਮਹਾਰਾਜ ਜੀ ਨੂੰ ਫਿਰ ਬੇਨਤੀ ਕਰਕੇ ਦਾਦੀ ਲੈ ਗਿਆ। ਦਾਦੀ ਲਾਜ ਦਾ ਕਾਰਨ ਦਾਸ ਦਾ ਤੇ ਬੀਬੀ ਬਚਨ ਦਾ ਮੇਨ ਪੁਆਇੰਟ ਇਹੀ ਸੀ ਕਿ ਕਾਕਾ ਬਚਨ ਸਿੰਘ ਦੇ ਮਾਤਾ ਪਿਤਾ ਸ਼ਰਧਾ ਵਿਚ ਆ ਕੇ ਸੰਤਾਂ ਦੇ ਚਰਨ ਫੜ ਲੈਣ, ਜਿਸ ਕਰਕੇ ਸੰਤ ਕਿਰਪਾ-ਦ੍ਰਿਸ਼ਟੀ ਕਰ ਦੇਣ। ਏਸ ਘਰ ਦਾ ਇਹ ਦੁਖ ਕੱਟਿਆ ਜਾਵੇ। ਸੰਤ ਜੀ ਮਹਾਰਾਜ ਮਹਾਨ ਕ੍ਰਿਪਾ ਕਰਦੇ ਹੋਏ ਆਏ ਅਤੇ ਮੇਰੇ ਭਣੋਈਏ ਦੇ ਖੂਹ ਪਰ ਜੋ ਅਸਰੂਦਾ ਛਲਦਾਰ ਬਗੀਚੀ ਸੀ ਉਸ ਬਗੀਚੀ ਵਿਚ ਸੰਤਾਂ ਦੇ ਅਤੇ ਸਾਰੇ ਸਿੱਖ ਸੇਵਕਾਂ ਦੇ ਆਸਣ ਲਾਏ। ਬੀਬੀ ਬਚਨ ਕੌਰ ਨੇ ਲੰਗਰ ਪਾਣੀ ਦੀ ਸੇਵਾ ਸਾਰੀਆਂ ਬੀਬੀਆਂ ਨਾਲ ਲੈ ਕੇ ਬੜੇ ਚੰਗੇ ਢੰਗ ਨਾਲ ਨਿਭਾਈ। ਮਾਤਾ ਪਿਤਾ ਫੇਰ ਵੀ ਸ਼ਰਧਾ ਧਾਰ ਕੇ ਸੰਤਾਂ ਪਾਸ ਨਾ ਆਏ, ਹਾਂ ਜੋ ਘਰ ਦਾ ਚੌਧਰੀ ਮੇਰੇ ਭਣੋਈਏ ਤੋਂ ਛੋਟਾ ਸ: ਹਿਰਦੇ ਸਿੰਘ ਸੀ, ਸੰਤਾਂ ਪਾਸ ਆਏ ਅਤੇ ਬੇਨਤੀ ਕੀਤੀ ਕਿ ਸੰਤੋ ਮਹਾਂਪੁਰਸ਼ੋ ਇਸ ਕਾਕੇ ਬਚਨ ਪਰ ਮੇਹਰ ਕਿਰਪਾ ਕਰੋ। ਇਸ ਬੀਮਾਰੀ ਤੋਂ ਆਰਾਮ ਆ ਜਾਵੇ। ਸੰਤ ਇਨ੍ਹਾਂ ਦੀ ਬੇਨਤੀ ਸੁਣ ਕੇ ਕੋਈ ਦਸ ਕੁ ਮਿੰਟ ਨੇਤਰ ਮੀਟ ਕੇ ਚੁਪ ਕਰਕੇ ਸਮਾਧੀ ਇਸਥਿਤ ਹੋ ਗਏ। ਦਸਾਂ ਮਿੰਟਾਂ ਤੋਂ ਬਾਅਦ ਕੰਵਲ ਜੈਸੇ ਨੇਤਰ ਖੁੱਲ੍ਹੇ ਅਤੇ ਅੰਮ੍ਰਿਤਮਈ ਰਸਨਾ ਤੋਂ ਮਿੱਠਾ ਜਿਹਾ ਬਚਨ ਕੀਤਾ ਕਿ ਸਰਦਾਰ ਜੀ ਪਿਛਲੇ ਜਨਮ ਵਿਚ ਇਸ ਕਾਕੇ ਨੇ ਕਿਸੇ ਸਾਧੂ ਨੂੰ ਅਤੀ ਕਰਕੇ ਦੁੱਖ ਦਿੱਤਾ ਹੈ। ਇਸ ਕਰਕੇ ਇਸ ਨੂੰ ਇਹ ਕਰਮ ਰੋਗ ਲੱਗਾ ਹੈ। ਇਸ ਨੇ ਜੋ ਕੋਈ ਸਾਧੂ ਦੁਖਾਇਆ ਹੈ ਤੁਸੀਂ ਸਾਰੇ ਉਸ ਦੋਸ਼ ਸਹਿਤਮ ਸੀ। ਜਿਤਨੇ-ਜਿਤਨੇ ਸਹਿਮਤ ਸੀ ਉਤਨੇ-ਉਤਨੇ ਤੁਸੀਂ ਵੀ ਦੁਖੀ ਹੋ। ਸ: ਹਰਦਿਤ ਸਿੰਘ ਨੇ ਕਿਹਾ ਕਿ ਸੰਤੋਂ ਇਹ ਦੁੱਖ ਕੱਟ ਹੋਵੇਗਾ ਕਿ ਨਹੀਂ ਕੱਟ ਹੋਵੇਗਾ? ਜੇ ਤਾਂ ਸ: ਹਰਦਿਤ ਸਿੰਘ ਚਰਨ ਫੜ ਲੈਂਦਾ ਅਤੇ ਅਤੀ ਪ੍ਰੇਮ ਸ਼ਰਧਾ ਨਿੰਮਰਤਾ ਨਾਲ ਬੇਨਤੀ ਕਰਦਾ ਕਿ ਗਰੀਬ-ਨਿਵਾਜ਼ ਸੰਤ ਸਰਾਫੇ ਨੂੰ ਆਪ ਜੈਸੇ ਸੰਤ ਹੀ ਛੁਡਾ ਸਕਦੇ ਹਨ। ਕਿਉਂਕਿ ਗੁਰਬਾਣੀ ਦਾ ਅਟੁੱਟ ਹੁਕਮ ਹੈ :

ਸੰਤ ਕੈ ਦੂਖਨਿ ਆਰਜਾ ਘਟੈ।। ਸੰਤ ਕੈ ਦੂਖਨਿ ਜਮ ਭੈ ਨਹੀ ਛੂਟੈ।।
ਸੰਤ ਕੈ ਦੂਖਨਿ ਸੁਖੁ ਸਭੁ ਜਾਇ।। ਸੰਤ ਕੈ ਦੂਖਨਿ ਨਰਕ ਮਹਿ ਪਾਇ।।
ਸੰਤ ਕੈ ਦੂਖਨਿ ਮਤਿ ਹੋਇ ਮਲੀਨ।। ਸੰਤ ਕੈ ਦੂਖਨਿ ਸੋਭਾ ਤੇ ਹੀਨ।।
ਸੰਤ ਕੇ ਹਤੇ ਕਉ ਰਖੈ ਨ ਕੋਇ।। ਸੰਤ ਕੈ ਦੂਖਨਿ ਥਾਨ ਪ੍ਰਸਟੁ ਹੋਇ।।
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ।। ਨਾਨਕ ਸੰਤਸੰਗਿ ਨਿੰਦਕੁ ਭੀ ਤਰੈ।। ੧।। *(ਸੁਖਮਨੀ ਸਾਹਿਬ, ਪੰਨਾ ੨੭੯)*

ਜੇ ਤਾਂ ਸ: ਹਰਦਿਤ ਸਿੰਘ ਜੀ ਇਸ ਬਾਣੀ ਦੇ ਸਿਧਾਂਤ ਪਰ ਤੁੱਲ ਜਾਂਦੇ ਤਾਂ ਤੇ ਮੁਸ਼ਕਿਲ ਹੈ ਗੱਲ ਉਸੇ ਵਕਤ ਬਣ ਜਾਂਦੀ, ਪਰ ਪਰਾਲਬਧ ਤੋਂ ਬਿਨਾ ਐਸੀ ਸ਼ਰਧਾ ਕਿਸੇ-ਕਿਸੇ ਦੇ ਵਿਰਸੇ ਵਿਚ ਹੀ ਆਉਂਦੀ ਹੈ। ਫਿਰ ਵੀ ਸ: ਹਰਦਿਤ ਸਿੰਘ ਜੀ ਨੇ ਏਹੀ ਪੁਛਿਆ ਕਿ ਇਹ ਬੀਮਾਰੀ ਹਟੇਗੀ ਕਿ ਨਹੀਂ? ਫਿਰ ਸੰਤਾਂ ਨੇ ਕਿਹਾ ਕਿ ਕੁਝ ਸਮੇਂ ਬਾਅਦ ਕਰਮ ਫਲ ਭੁਗਤਿਆ ਜਾਏਗਾ। ਫਿਰ ਕਿਸੇ ਜ਼ਰੀਏ ਨਾਲ ਹਟ ਜਾਏਗੀ। ਚਲੋ ਇਤਨਾ ਕੁ ਮਹਾਂਪੁਰਸ਼ਾਂ ਦਾ ਬਚਨ ਹੋਣ ਤੋਂ ਹੀ ਕੁਝ ਪ੍ਰਸੰਨਤਾ ਹੋ ਗਈ। ਹੁਣ ਸੰਤ ਦਾਦਾਂ ਤੋਂ ਵਿਦਾ ਹੋ ਕੇ ਲੁਧਿਆਣਾ ਮਾਡਲ ਟਾਊਨ ਸ: ਗੁਰਬਖਸ਼ ਸਿੰਘ ਠੇਕੇਦਾਰ ਨੂੰ ਨਿਹਾਲ ਕਰਦੇ ਡੇਰੇ ਆ ਗਏ। ਇਤੀ।

ਸ: ਕਰਤਾਰ ਸਿੰਘ ਜੀ ਕਾਕਾ ਬਚਨ ਸਿੰਘ ਦੇ ਚਾਚੇ ਪਰ ਸੰਤਾਂ ਦੀ ਮੇਹਰ ਹੋਣੀ

ਜਦੋਂ ਸ: ਕਰਤਾਰ ਸਿੰਘ ਜੀ ਜੋ ਬੀਬੀ ਬਚਨ ਕੌਰ ਦੇ ਛੋਟੇ ਚਾਚਾ ਜੀ ਸਨ, ਇਸ ਨੇ ਸੰਤਾਂ ਦਾ ਬਚਨ ਕਾਕਾ ਬਚਨ ਸਿੰਘ ਜੀ ਬਾਬਤ ਸੁਣਿਆ ਕਿ ਬਚਨੇ ਨੇ ਪਿਛਲੇ ਜਨਮ ਵਿਚ ਕਿਸੇ ਸਾਧ ਨੂੰ ਦੁਖ ਦੇਣੇ ਕਰਕੇ ਇਹ ਪਾਗਲ-ਪੁਣੇ ਦੀ ਬੀਮਾਰੀ ਲੱਗੀ ਹੈ। ਉਸ ਗੱਲ ਦਾ ਨਿਰਣਾ ਕਰਾਉਣ ਵਾਸਤੇ ਕੁਰਾਲੀ ਵਾਲੇ ਰਾਜ ਜੋਤਸ਼ੀ ਪਾਸ ਭ੍ਰਿਗੂ ਕੁੰਡਲਨੀ ਦੁਆਰਾ ਪੁਛਣਾ ਕੀਤਾ ਕਿ ਇਸ ਕਾਕੇ ਨੂੰ ਬੀਮਾਰੀ ਕਿਉਂ ਲੱਗੀ ਹੈ ਅਤੇ ਇਹ ਬੀਮਾਰੀ ਹਟੇਗੀ ਕੈਸੇ।

ਉਸ ਜੋਤਸ਼ੀ ਪੰਡਿਤ ਦੇਵੀ ਦਿਆਲ ਜੀ ਨੇ ਆਪਣੇ ਜੋਤਸ਼ ਕੁੰਡਲਨੀ ਦੁਆਰਾ ਸੋਧ ਕੇ ਦੱਸਿਆ ਕਿ ਜਿਸ ਬੱਚੇ ਦੀ ਬਾਬਤ ਤੁਸੀਂ ਪੁੱਛ ਰਹੇ ਹੋ ਸੋ ਲੜਕਾ ਮਹਾਨ ਸੁਖ ਰੂਪ ਪੌੜੀਆਂ ਪਰ ਚੜ੍ਹਦਾ-ਚੜ੍ਹਦਾ ਰਸਾਤਲ ਵਿਚ ਗਿਰ ਗਿਆ। ਰਸਾਤਲ ਵਿਚ ਗਿਰਣ ਦਾ ਕਾਰਨ ਹੈ ਕਿ ਇਸ ਬੱਚੇ ਨੇ ਪਿਛਲੇ ਜਨਮ ਅੰਦਰ ਕਿਸੇ ਸਾਧੂ ਨੂੰ ਦੁਖਾਇਆ ਹੈ। ਇਸ ਕਰਕੇ ਇਸ ਬੱਚੇ ਨੂੰ ਅਸਾਧ ਰੋਗ ਲੱਗਿਆ ਹੈ, ਤੁਸੀਂ ਜੋ ਇਸ ਬੱਚੇ ਦੇ ਸਬੰਧੀ ਉਸ ਨੂੰ ਦੁਖਾਉਣ ਵਿਚ ਇਸ ਦੇ ਸਹਿਕਾਰੀ ਹੋ। ਫੇਰ ਸ: ਕਰਤਾਰ ਸਿੰਘ ਜੀ ਨੇ ਪੁੱਛਿਆ ਕਿ ਇਸ ਬੱਚੇ ਨੂੰ ਇਸ ਬੀਮਾਰੀ ਤੋਂ ਅਰਾਮ ਵੀ ਆਵੇਗਾ ਕਿ ਨਹੀਂ? ਜੋਤਸੀ ਨੇ ਕਿਹਾ ਕਿ ਇਸ ਬਿਮਾਰੀ ਤੋਂ ਕੋਈ ਪੂਰਨ ਸੰਤ ਮਹਾਂਪੁਰਸ਼ ਹੀ ਛੁਡਾ ਸਕਦੇ ਹਨ। ਕਿਸੇ ਪੂਰਨ ਸੰਤ ਦਾ ਪੱਲਾ ਫੜੋ ਤੇ ਸੇਵਾ ਕਰੋ ਤਾਂ ਸੰਤਾਂ ਦੀ ਕਿਰਪਾ ਦੁਆਰਾ ਆਰਾਮ ਆ ਸਕਦਾ ਹੈ। ਸ: ਕਰਤਾਰ ਸਿੰਘ ਜੀ ਨੇ ਜੋਤਸ਼ੀ ਨੂੰ ਆਖਿਆ ਕਿ ਅਸੀਂ ਸੰਤ ਹਰਖੋਵਾਲੀਏ ਬਾਬਾ ਜਵਾਲਾ ਸਿੰਘ ਜੀ ਦੇ ਚਰਨ ਫੜੇ ਹਨ। ਜੋਤਸ਼ੀ ਸ: ਕਰਤਾਰ ਸਿੰਘ ਤੋਂ ਸੰਤਾਂ ਦਾ ਨਾਮ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਆਪਣੇ ਆਸਣ ਪਰ ਬੈਠੇ ਨੇ ਹੀ ਸੰਤਾਂ ਨੂੰ ਨਮਸ਼ਕਾਰ ਕੀਤੀ ਅਤੇ ਆਖਿਆ, ਸਰਦਾਰ ਜੀ ਸੰਤ ਹਰਖੋਵਾਲੀਏ ਐਸੇ ਸਮੇਂ ਅਵਤਾਰ ਹਨ ਅਤੇ ਪੂਰਨ ਹਨ। ਜੇ ਤੁਸੀਂ ਉਨ੍ਹਾਂ ਦੀ ਚਰਨੀਂ ਲੱਗੇ ਰਹੋਗੇ ਤਾਂ ਤੁਹਾਡੇ ਲੜਕੇ ਨੂੰ ਜ਼ਰੂਰ ਆਰਾਮ ਆ ਜਾਏਗਾ ਅਤੇ ਤੁਹਾਡਾ ਵੀ ਭਲਾ ਹੋ ਜਾਏਗਾ।

ਸ: ਕਰਤਾਰ ਸਿੰਘ ਖੁਸ਼ੀ-ਖੁਸ਼ੀ ਚੱਲ ਕੇ ਆਪਣੇ ਘਰ ਆ ਗਿਆ। ਪਰ ਜੋਤਸ਼ੀ ਦੇ ਬਚਨ ਸੁਣ ਕੇ ਸ: ਕਰਤਾਰ ਸਿੰਘ ਜੀ ਦਾ ਮਨ ਸੰਤਾਂ ਪਰ ਦ੍ਰਿੜ੍ਹ-ਵਿਸ਼ਵਾਸ਼ ਵਾਲਾ ਹੋ ਗਿਆ ਅਤੇ ਨਿਸ਼ਚਾ ਕਰ ਲਿਆ ਕਿ ਮੇਰੇ ਭਤੀਜੇ ਬਚਨ ਨੂੰ ਜ਼ਰੂਰ ਸੰਤਾਂ ਦੇ ਬਚਨ ਨਾਲ ਕੁਝ ਸਮੇਂ ਉਪਰੰਤ ਆਰਾਮ ਆ ਜਾਏਗਾ।

ਹੁਣ ਸੰਨ 40 ਦਾ ਹੋਲਾ ਆਇਆ। ਸ: ਕਰਤਾਰ ਸਿੰਘ ਜੀ ਵੀ ਸ਼ਰਧਾ ਸਿਦਕ ਧਾਰ ਕੇ ਹੋਲੇ ਮਹੱਲੇ ਗਏ ਕਿ ਇਸ ਵਾਰ ਸੰਤਾਂ ਤੋਂ ਆਪਣ ਭਲੇ ਲਈ ਕੁਝ ਬਖਸ਼ਿਸ਼ ਲੈ ਕੇ ਆਉਣੀ ਹੈ। ਅਨੰਦਪੁਰ ਸਾਹਿਬ ਆ ਕਰਕੇ ਸਾਰੇ

ਗੁਰਦਵਾਰਿਆਂ ਦੇ ਸ਼ਰਧਾ ਨਾਲ ਦਰਸ਼ਨ ਕੀਤੇ, ਫਿਰ ਰਾਗੀ ਬਾਗ ਜਿਥੇ ਸੰਤ ਮਹਾਰਾਜ ਜੀ ਦੇ ਆਸਣ ਸੀ ਉਸ ਅਸਥਾਨ ਪਰ ਆ ਗਿਆ। ਜੋ ਸੰਤਾਂ ਨੇ ਗੁਰੂ ਕਾ ਲੰਗਰ ਸੰਗਤਾਂ ਵਾਸਤੇ ਲਾਇਆ ਹੋਇਆ ਸੀ ਉਸ ਲੰਗਰ ਵਿਚ ਬੜੇ ਪ੍ਰੇਮ ਨਾਲ ਤਿੰਨ ਦਿਨ ਸੇਵਾ ਕੀਤੀ, ਫਿਰ ਮਹੱਲਾ ਨਿਕਲਣ ਤੋਂ ਬਾਅਦ ਸ਼ਾਮ ਵੇਲੇ ਦਾਸ ਲਿਖਾਰੀ ਦੁਆਰਾ ਸੰਤਾਂ ਪਾਸ ਬੇਨਤੀ ਕੀਤੀ।

ਸ੍: ਕਰਤਾਰ ਸਿੰਘ ਜੀ ਨੇ ਕਿਹਾ, ਮਹਾਰਾਜ ਜੀਉ ! ਜਿਸ ਉਪਦੇਸ਼ ਦੁਆਰਾ ਮੇਰਾ ਭਲਾ ਹੋ ਜਾਏ ਸੋ ਉਪਦੇਸ਼ ਦਾਸ ਨੂੰ ਦੇਣਾ ਕਰੋ। ਦੂਸਰੀ ਬੇਨਤੀ ਅਸੀਂ ਸੁਣਦੇ ਹਾਂ ਕਿ ਸੰਨ 47 ਦੀ ਤਰ੍ਹਾਂ ਅਥਵਾ ਉਸ ਤੋਂ ਵੀ ਜ਼ਿਆਦਾ ਭਿਆਨਕ ਦੇਸ਼ ਚਾਲ ਹੋਣ ਦਾ ਖਤਰਾ ਹੈ। ਸਾਨੂੰ ਐਸਾ ਕੋਈ ਟਿਕਾਣਾ ਦੱਸੋ ਜਿਸ ਕਰਕੇ ਇਸ ਭਿਆਨਕ ਸਮੇਂ ਤੋਂ ਬਚ ਜਾਈਏ। ਸੰਤਾਂ ਨੇ ਸੋਚ ਵਿਚਾਰ ਕੇ ਆਖਿਆ ਕਿ ਕਲ ਅੰਮ੍ਰਿਤ ਵੇਲੇ ਆਨੰਦਗੜ੍ਹ ਦੀ ਡਿਉੜੀ ਵਿਖੇ ਕੜਾਹ ਪ੍ਰਸ਼ਾਦਿ ਕਰਵਾਓ। ਫਿਰ ਮੁਖਵਾਕ ਲਵਾਂਗੇ, ਫਿਰ ਕੋਈ ਬਚਨ ਦੇਵਾਂਗੇ। ਇਹ ਰਾਤ ਇਥੇ ਹੀ ਰਾਗੀਆਂ ਦੇ ਬਾਗ ਵਿਚ ਸੁਖ ਨਾਲ ਸੌਂ ਕੇ ਬੇਨਤੀ ਕੀਤੀ। ਸ੍: ਕਰਤਾਰ ਸਿੰਘ ਜੀ ਨੇ ਸੰਤ ਗਿਆਨ ਸਿੰਘ ਜੀ ਨੂੰ ਕੜਾਹ ਪ੍ਰਸ਼ਾਦਿ ਦੀ ਰਸਦ ਵਾਸਤੇ ਮਾਇਆ ਦੇ ਦਿੱਤੀ। ਅੰਮ੍ਰਿਤ ਵੇਲੇ ਸੰਤ ਗਿਆਨ ਸਿੰਘ ਜੀ ਨੇ ਬਿਧੀ ਪੂਰਵਕ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲੈ ਆਉਂਦਾ। ਇਤਨੇ ਨੂੰ ਸੰਤ ਵੀ ਡਿਉੜੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਪਣੀ ਸੰਤ ਮੰਡਲੀ ਸਮੇਤ ਆ ਗਏ। ਪਹਿਲਾਂ ਆ ਕੇ ਪੰਜ ਸ਼ਬਦਾਂ ਦਾ ਕੀਰਤਨ ਕੀਤਾ, ਫਿਰ ਸ੍: ਕਰਤਾਰ ਸਿੰਘ ਜੀ ਦੀ ਅਰਦਾਸ ਕਰਵਾਈ। ਸਾਰੀ ਸੰਗਤ ਨੇ ਨਮਸ਼ਕਾਰ ਕੀਤੀ ਤੇ ਜੈਕਾਰਾ ਬੁਲਾ ਕੇ ਤੇ ਫਤਹਿ ਬੁਲਾ ਕੇ ਬੈਠ ਗਏ। ਫਿਰ ਦਾਸ ਲਿਖਾਰੀ ਨੂੰ ਹੁਕਮ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰੇ ਇਕੱਤਰ ਕਰਕੇ ਅਤੇ ਸਤਿਗੁਰੂ ਦਾ ਧਿਆਨ ਧਰ ਕੇ ਤੇ ਮੂਲ-ਮੰਤਰ ਪੜ੍ਹ ਕੇ ਮੁਖਵਾਕ ਲੈਣਾ ਕਰ। ਦਾਸ ਨੇ ਇਸੇ ਢੰਗ ਨਾਲ ਮੁਖਵਾਕ ਲਿਆ :

ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ।। ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਪਾਇਆ।।
ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ।। ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ।। ੨।।
ਪਉੜੀ।। ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ।। ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ।।
ਨਿਰਮਲ ਭਏ ਸਰੀਰ ਜਨ ਪੂਰੀ ਨਾਇਆ।। ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ।।
ਤਰੇ ਕੁਟੰਬ ਸੰਗਿ ਲੋਗ ਕੁਲ ਬਥਾਇਆ।। ੧੮।। (ਵਾਰ ਜੈਤਸਰੀ, ਪੰਨਾ ੭੦੬)

ਹੁਣ ਸੰਤ ਮਹਾਰਾਜ ਜੀ ਨੇ ਸ੍: ਕਰਤਾਰ ਸਿੰਘ ਜੀ ਨੂੰ ਸੁਖੀ ਹੋਣ ਦਾ ਉਪਦੇਸ਼ ਇਸ ਸ਼ਬਦ ਦੇ ਅਨੁਸਾਰ ਦਿੱਤਾ। ਭਾਈ ਕਰਤਾਰ ਸਿੰਘ ਜੀ, ਸਤਿਗੁਰੂ ਹੁਕਮ ਲਾਉਂਦੇ ਹਨ ਕਿ ਵਾਹਿਗੁਰੂ ਸਿਮਰਨ ਕਰੋ ਅਤੇ ਜੀਵਾਂ ਪਰ ਦਇਆ ਕਰੋ। ਜਿਸ ਕਰਕੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਫਿਰ ਇਸ ਅਸੂਲ ਗੁਰਮਤਿ ਅਨੁਸਾਰ ਸ਼ੁਧ ਹੋਣ ਤਾਂ ਇਸ ਨੂੰ ਕੋਈ ਮਾਇਕੀ ਦੁਖ ਨਹੀਂ ਬਿਆਪਦਾ। ਜਿਸ ਦੇ ਅਸੂਲ ਚੰਗੇ ਨਹੀਂ, ਫੇਰ ਇਹ ਭਾਵੇਂ ਕਿਤੇ ਵੀ ਜਾ ਕੇ ਲੁਕ ਜਾਵੇ ਤਾਂ ਵੀ ਦੁਖ ਰੂਪ ਅਗਨੀ ਤੋਂ ਬਚ ਨਹੀਂ ਸਕਦਾ। ਜਿਸ ਦੇ ਅਸੂਲ ਸਤੋਗੁਣੀ ਤੇ ਚੰਗੇ ਹਨ ਤਾਂ ਵਾਹਿਗੁਰੂ ਇਸ ਨੂੰ ਬਲਦੀ ਅੱਗ ਵਿਚੋਂ ਵੀ ਰੱਖ ਲਵੇਗਾ। ਅਸੂਲ: ਕੁਸੰਗਤ ਭਾਵ ਬੁਰੇ ਦੀ ਸੰਗਤ ਨਹੀਂ ਕਰਨੀ। ਬੁਰੇ ਦੀ ਸੰਗਤ ਬੁਰਿਆਈਆਂ ਨਾਲੋਂ ਬਹੁਤ ਦੁਖਦਾਈ ਹੈ। ਜੈਸੇ ਅੱਗ ਨਾਲੋਂ ਅੱਗ ਵਿਚ ਗਰਮ ਹੋਇਆ ਲੋਹਾ ਜ਼ਿਆਦਾ ਦੁਖਦਾਈ ਹੈ ਤੈਸੇ ਹੀ ਬੁਰੀਆਂ ਨਾਲੋਂ ਬੁਰੇ ਦੀ ਸੰਗਤ ਬਹੁਤ ਦੁਖਦਾਈ ਹੈ। ਇਸੇ ਵਾਸਤੇ ਸਿਆਣਿਆਂ ਪੁਰਸ਼ਾਂ ਨੇ ਬੁਰੇ ਦੀ ਸੰਗਤ ਤੋਂ ਇਸ ਜੀਵ ਨੂੰ ਰੋਕਿਆਂ ਹੈ। ਯਥਾ :

ਸਿੰਘਨ ਕੇ ਬਨ ਮਹਿ ਬਸੀਐ ਜਲ ਮਹਿ ਧਸੀਐ ਤੰਦੂਆ ਗਹਿ ਲੀਜੈ।।
ਕਾਨ ਕੰਜੂਰਾ ਕਾਨ ਧਿਸਾਇਕੈ ਸਾਪ ਕੇ ਮੁਖ ਮਹਿ ਆਂਗੁਰੀ ਦੀਜੈ।।
ਗਿਰ ਸੇ ਗਿਰੀਐ ਬਿਜ ਸੇ ਮਰੀਐ ਆਰੀ ਕੇ ਘਾਉ ਤਉ ਅਨੇਕ ਸਹੀਜੈ।।

ਏਤੇ ਕਸ਼ਟ ਤੋਂ ਅਨੇਕ ਸਹੀਜੈ ਪਰ ਮੂਰਖ ਮਿਤ੍ ਕੋ ਸੰਗ ਨਾਕੀਜੈ।।
ਤਥਾ।। ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ।।
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।। ੧੩੧।।
ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ।। ਸਾਕਤ ਕਾਗੀ ਕਾਂਬਰੀ ਧੋਏ ਹੋਇ ਨ ਸੇਤੁ।। ੧੦੦।।
ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।। ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ।। ੮੮।।

ਕਬੀਰ ਜੀ ਆਖਦੇ ਹਨ, ਸਾਕਤ ਨਾਲੋਂ ਸੂਰ ਭਲਾ ਹੈ, ਕਿਉਂਕਿ ਸੂਰ ਕੁਝ ਭਲਾ ਕੰਮ ਕਰਦਾ ਹੈ ਕਿ ਗੰਦਗੀ ਤੋਂ ਪਿੰਡ ਨੂੰ ਸਾਫ ਕਰਦਾ ਹੈ। ਯਥਾ :—

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ।। ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ।। ੧੪੩।।

ਇਸੇ ਵਾਸਤੇ ਸ੍: ਕਰਤਾਰ ਸਿੰਘ ਸਾਕਤ ਨਿਗੁਰੇ ਦੀ ਸੰਗਤ ਨਾ ਕਰੋ। ਕਿਰਤ ਕਰਕੇ ਵੰਡ ਛਕੋ। ਸ਼ਰਾਬ ਆਦਿਕ ਕੋਈ ਵੀ ਅਮਲ ਨਾ ਕਰੋ, ਹੰਕਾਰ ਨਾ ਕਰੋ, ਨਾਮ ਜਪੋ, ਫਿਰ ਤੁਹਾਡਾ ਗੁਰੂ ਰਾਖਾ ਹੋਵੇਗਾ ਅਤੇ ਤੁਹਾਡੇ ਲੜਕੇ ਨੂੰ ਵੀ ਅਰਾਮ ਆ ਜਾਏਗਾ। ਸ੍: ਕਰਤਾਰ ਸਿੰਘ ਜੀ ਸੰਤਾਂ ਪਾਸੋਂ ਆਪਣੇ ਉਧਰਨ ਦਾ ਉਪਦੇਸ਼ ਲੈ ਕੇ ਆਪਣੇ ਪਿੰਡ ਦਾਦਾਂ ਵਿਖੇ ਆ ਗਿਆ। ਸੰਤਾਂ ਦੇ ਉਪਦੇਸ਼ ਨੂੰ ਐਸਾ ਦ੍ਰਿੜ੍ਹ ਕਰਕੇ ਆਪਣੇ ਹਿਰਦੇ ਵਿਚ ਧਾਰਨ ਕੀਤਾ ਕਦੇ ਵੀ ਉਸ ਉਪਦੇਸ਼ ਤੋਂ ਉਲਟ ਨਾ ਚਲਿਆ। ਸ਼ਰਾਬ ਆਦਿਕ ਅਮਲਾਂ ਦਾ ਸਾਰੇ ਇਕ ਵਾਰ ਹੀ ਤਿਆਗਣ ਕਰ ਦਿੱਤਾ ਅਤੇ ਕਦੇ ਵੀ ਕੁਸੰਗਤ ਵਿਚ ਪੈਰ ਨਹੀਂ ਪਾਇਆ ਅਤੇ ਨਾ ਹੀ ਕਿਸੇ ਦੀ ਨਿੰਦਿਆ, ਉਸਤਤੀ ਕੀਤੀ, ਪਰ ਤੀਰਥਾਂ ਪਰ ਜਾਣ ਦਾ ਉਤਸ਼ਾਹ ਬਣਿਆ ਰਿਹਾ। ਇਕ ਵਾਰੀ ਪਹੋਏ ਦੇ ਤੀਰਥ ਨੂੰ ਜਾਣ ਦੀ ਸਲਾਹ ਆਪਣੇ ਸਾਥੀਆਂ ਨਾਲ ਕਰ ਲਈ। ਆਪਣੇ ਸਾਥੀਆਂ ਨੂੰ ਅੰਮ੍ਰਿਤ ਵੇਲੇ ਸਾਈਕਲਾਂ ਪਰ ਤੋਰ ਦਿੱਤਾ। ਆਪਣੇ ਸਾਥੀਆਂ ਨੂੰ ਕਿਹਾ ਕਿ ਮੈਂ ਥੋੜਾ ਜਿਹਾ ਕੰਮ ਦੁਪਹਿਰ ਤਕ ਕਰਕੇ ਛੇਤੀ ਹੀ ਤੁਹਾਡੇ ਨਾਲ ਮਿਲ ਜਾਵਾਂਗਾ। ਸੋ ਐਸਾ ਹੀ ਹੋਇਆ। ਸ੍: ਕਰਤਾਰ ਸਿੰਘ ਦੇ ਸਾਥੀ ਨਾਭੇ ਵਾਲੀ ਨਹਿਰ ਦੀ ਪਟੜੀ-ਪਟੜੀ ਪਹੋਏ ਨੂੰ ਚਲ ਪਏ। ਆਪ ਲੁਧਿਆਣੇ ਕੋਈ ਆਪਣਾ-ਵਿਹਾਰ ਕਰਕੇ ਘਰ ਆਇਆ। ਰੋਟੀ ਖਾਧੀ ਅਤੇ ਪ੍ਰਸੰਨ ਹੋ ਕੇ ਆਪਣਾ ਸਾਈਕਲ ਲੈ ਕੇ ਅਸਵਰ ਹੋ ਕੇ ਨਾਭੇ ਵਾਲੀ ਨਹਿਰ ਆਪਣਾ ਸਾਈਕਲ ਪਾ ਲਿਆ।

ਸ਼ਾਮ ਦੇ ਤਕਰੀਬਨ ਪੰਜ ਵਜੇ ਆਪਣੇ ਸਾਥੀਆਂ ਨੂੰ ਜਾ ਮਿਲਿਆ। ਨਾਭੇ ਦੇ ਬਰਾਬਰ ਜਾ ਕੇ ਸਾਰੇ ਮਿਲ ਕੇ ਖੁਸ਼ ਹੋਏ ਤੇ ਅਰਾਮ ਕਰਨ ਹਿਤ ਸਾਰੇ ਖਲੋ ਗਏ ਅਤੇ ਬ੍ਰਿਛ ਦੇ ਛਾਵੇਂ ਬੈਠ ਗਏ। ਕੁਝ ਸਮੇਂ ਅੰਦਰ ਹੀ ਸ੍: ਕਰਤਾਰ ਸਿੰਘ ਦੇ ਪੇਟ ਵੱਖੀ ਵਿਚ ਦਰਦ ਪੈਦਾ ਹੋਇਆ ਨਲਕੇ ਤੋਂ ਪਾਣੀ ਪੀਤਾ, ਪਰ ਦਰਦ ਮੱਠਾ ਨਹੀਂ ਹੋਇਆ। ਫਿਰ ਜੰਗਲ ਦਿਸ਼ਾ ਗਿਆ। ਹੱਥ ਪਾਣੀ ਕੀਤਾ, ਪਰ ਦਰਦ ਮੱਠਾ ਨਾ ਹੋਇਆ। ਦਰਦ ਜ਼ਿਆਦਾ ਤੋਂ ਜ਼ਿਆਦਾ ਹੀ ਹੁੰਦਾ ਗਿਆ। ਸਾਥੀਆਂ ਨੇ ਨਾਭਾ ਸ਼ਹਿਰ ਵਿਚ ਡਾਕਟਰ ਦੀ ਭਾਲ ਕਰਕੇ ਡਾਕਟਰ ਲਿਆ ਕੇ ਸਰਦਾਰ ਕਰਤਾਰ ਸਿੰਘ ਨੂੰ ਦਿਖਾਇਆ। ਡਾਕਟਰ ਨੇ ਅਣਜਾਣਪੁਣੇ ਵਿਚ ਬੀਮਾਰ ਦੇ ਮੁਖ ਪਰ ਦਵਾਈ ਨੂੰ ਬੋਲ ਕੇ ਸੁਣਾ ਦਿੱਤਾ ਕਿ ਇਸ ਮਰੀਜ਼ ਨੂੰ ਸ਼ਰਾਬ ਬਰਾਂਡੀ ਜਾਂ ਰੰਮ ਦੇਣਾ ਕਰੋ।

ਜਦੋਂ ਸ੍: ਕਰਤਾਰ ਸਿੰਘ ਨੇ ਸੁਣਿਆ ਕਿ ਮੇਰੇ ਵਾਸਤੇ ਦਵਾਈ ਸ਼ਰਾਬ ਆਖਦਾ ਹੈ, ਉਸੀ ਸਮੇਂ ਸਾਥੀਆਂ ਨੂੰ ਕਿਹਾ ਕਿ ਸਾਥੀਓ, ਮੈਂ ਮਹਾਂਪੁਰਸ਼ਾਂ ਦਾ ਬਚਨ ਮੰਨ ਕੇ ਸ਼ਰਾਬ ਦਾ ਤਿਆਗਣ ਕੀਤਾ ਹੋਇਆ ਹੈ, ਮੈਂ ਮਰ ਜਾਵਾਂਗਾ ਪਰ ਮੇਰੇ ਜਿਉਂਦੇ ਜੀਅ ਮੇਰੇ ਮੂੰਹ ਵਿਚ ਸ਼ਰਾਬ ਨਾ ਪਾਇਓ। ਮੇਰੀ ਬੇਬਸੀ ਵਿਚ ਜੇ ਤੁਸਾਂ ਡਾਕਟਰਾਂ ਆਦਿਕ ਦੇ ਕਹੇ ਮੇਰੇ ਮੂੰਹ ਵਿਚ ਸ਼ਰਾਬ ਪਾ ਦਿੱਤੀ ਤਾਂ ਉਸ ਪਾਪ ਦੇ ਭਾਗੀ ਤੁਸੀਂ ਹੋਵੋਗੇ। ਡਾਕਟਰ ਨੇ ਮਰੀਜ਼ ਦਾ ਇਹ ਬਚਨ ਸੁਣ ਕੇ ਕਿਹਾ ਕਿ ਅੱਛਾ ਮੈਂ ਆਪਣੀ ਦੁਕਾਨ ਚੋਂ ਜਾ ਕੇ ਹੋਰ ਦਵਾਈ ਦਿੰਦਾ ਹਾਂ। ਜਦੋਂ ਕਰਤਾਰ ਦੇ ਸਾਥੀ ਡਾਕਟਰ ਨਾਲ ਜਾ ਕੇ ਦਵਾਈ ਲੈ ਕੇ ਆਏ, ਸ੍: ਕਰਤਾਰ ਸਿੰਘ ਨੇ ਡਾਕਟਰ ਦੀ ਸੋ ਦਵਾਈ ਵੀ ਨਾ ਪੀਤੀ, ਆਖਿਆ ਕਿ ਇਸ ਵਿਚ ਵੀ ਦਵਾਈ ਦੇ ਬਹਾਨੇ ਸ਼ਰਾਬ ਨਾ ਪਾ ਦਿੱਤੀ ਹੋਵੇ।

ਭਾਵ ਕੀ ਮਹਾਂਪੁਰਸ਼ਾਂ ਦੇ ਬਚਨਾਂ ਪਰ ਇਤਨਾ ਵਿਸ਼ਵਾਸ ਰੱਖਦਿਆਂ ਹੋਇਆਂ ਅਤੇ ਮਹਾਂਪੁਰਸ਼ਾਂ ਨੂੰ ਆਪਣੇ ਅੰਗ-ਸੰਗ ਨਿਸ਼ਚੇ ਕਰਦਿਆਂ ਹੋਇਆਂ ਅਤੇ ਸੰਤਾਂ ਦੇ ਬਚਨਾਂ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਰਾਤ ਦੇ ਅੱਠ ਵਜੇ ਆਪਣਾ ਸਰੀਰ ਤਿਆਗਣ ਕਰ ਗਏ। ਰਾਤ ਨੌਂ ਵਜੇ ਨਾਭੇ ਦੇ ਥਾਣੇ ਵਿਖੇ ਸਾਥੀਆਂ ਨੇ ਰਿਪੋਰਟ ਦਿੱਤੀ। ਥਾਣੇਦਾਰ ਨੂੰ ਸਾਰੀ ਗੱਲ ਦਸ ਦਿੱਤੀ ਕਿ ਇਸ ਪ੍ਰਕਾਰ ਦਰਦ ਹੋਇਆ ਅਤੇ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਦ੍ਰਿੜ੍ਹ ਮੰਨਦਾ ਹੋਇਆ ਡਾਕਟਰ ਦੀ ਦਵਾਈ ਅਤੇ ਜੋ ਡਾਕਟਰ ਨੇ ਦਵਾਈ ਸ਼ਰਾਬ ਤਜਵੀਜ਼ ਕੀਤੀ ਸੀ ਨਹੀਂ ਖਾਧੀ ਅਤੇ ਸਰੀਰ ਤਿਆਗਣ ਕਰ ਗਏ। ਥਾਣੇਦਾਰ ਸਿੱਖ ਗੁਰਮੁਖ ਸੀ, ਉਸ ਦੇ ਦਿਨ ਪਰ ਇਸ ਜ਼ਿੰਦਗੀ ਦਾ ਬੜਾ ਅਸਰ ਹੋਇਆ ਅਤੇ ਕਰਤਾਰ ਦੇ ਸਾਥੀਆਂ ਨੂੰ ਨੇਕ ਸਲਾਹ ਦਿੱਤੀ ਕਿ ਤੁਸੀਂ ਹੁਣ ਇਸ ਦੇ ਮੁਰਦਾ ਸਰੀਰ ਨੂੰ ਰਾਤੋ-ਰਾਤ ਲੈ ਜਾਓ।

ਇਥੇ ਦਿਨ ਚੜ੍ਹ ਗਿਆ ਤਾਂ ਮੁਰਦਾ ਸਰੀਰ ਦਿਨ ਚੜ੍ਹੇ ਖਰਾਬ ਹੋਵੇਗਾ। ਪੋਸਟ ਮਾਰਟਮ ਕਰਨਗੇ, ਬੇਹਤਰ ਹੈ ਤੁਸੀਂ ਲੈ ਜਾਓ। ਸਾਥੀਆਂ ਨੇ ਕਿਹਾ ਅਸੀਂ ਪ੍ਰਦੇਸੀ ਹਾਂ, ਕਿਸੇ ਨੂੰ ਜਾਣਦੇ ਨਹੀਂ, ਕਿਵੇਂ ਲਿਜਾਈਏ? ਥਾਣੇਦਾਰ ਨੇ ਹੋਰ ਮਿਹਰਵਾਨਗੀ ਕੀਤੀ ਇਕ ਟਰੱਕ ਵਾਲੇ ਨੂੰ ਬੁਲਾਇਆ ਤੇ ਹੁਕਮ ਕੀਤਾ ਕਿ ਇਸ ਸਰਦਾਰ ਦੀ ਲੋਥ ਨੂੰ ਇਸ ਪਿੰਡ ਪਹੁੰਚਾ ਕੇ ਆ ਕੇ ਇਨ੍ਹਾਂ ਸਾਥੀਆਂ ਨੂੰ ਨਾਲ ਲੈ ਜਾ। ਟਰੱਕ ਵਾਲੇ ਨੂੰ ਹੁਕਮ ਦਿੱਤਾ, ਦੇਖੀਂ ਇਸ ਦੇ ਘਰਦਿਆਂ ਨੂੰ ਕਿਰਾਏ ਵਾਸਤੇ ਤੰਗ ਨਾ ਕਰੀਂ। ਜੇ ਤੈਨੂੰ ਕਿਰਾਇਆ ਨਾ ਮਿਲਿਆ ਤਾਂ ਤੂੰ ਆ ਕੇ ਮੇਰੇ ਪਾਸੋਂ ਲੈ ਲਵੀਂ।

ਹੁਣ ਸ੍ਰ: ਕਰਤਾਰ ਸਿੰਘ ਦਾ ਸਰੀਰ ਟਰੱਕ ਵਿਚ ਸਾਥੀਆਂ ਨੇ ਰੱਖਿਆ। ਆਪ ਵੀ ਟਰੱਕ ਵਿਚ ਬੈਠ ਗਏ। ਜਿਸ ਦਿਨ ਦੇ ਬਾਰਾਂ ਵਜੇ ਸ੍ਰ: ਕਰਤਾਰ ਸਿੰਘ ਘਰੋਂ ਤੁਰਿਆ ਸੀ, ਬਾਰਾਂ ਘੰਟਿਆਂ ਬਾਅਦ ਰਾਤ ਦੇ ਬਾਰਾਂ ਵਜੇ ਮੁਰਦਾ ਸਰੀਰ ਘਰ ਆ ਗਿਆ। ਮਹਾਂਪੁਰਸ਼ਾਂ ਦਾ ਬਚਨ ਮੰਨ ਕੇ ਆਪਣਾ ਜੀਵਨ ਸਫਲਾ ਕਰ ਲਿਆ। ਦੂਸਰਾ ਸੰਤਾਂ ਦਾ ਬਚਨ ਜੋ ਕਾਕਾ ਬਚਨ ਬਾਰੇ ਕਿਹਾ ਸੀ ਸੋ ਕੁਝ ਸਮੇਂ ਤੋਂ ਬਾਅਦ ਡਾਕਟਰ ਗੁਰਮੁਖ ਸਿੰਘ ਦੇ ਇਲਾਜ ਨਾਲ ਰਾਜ਼ੀ ਹੋ ਗਿਆ। ਜੋ ਕਿ ਹੁਣ ਆਪਣੇ ਘਰ ਵਿਚ ਰਹਿ ਕੇ ਅਤੇ ਲੁਧਿਆਣੇ ਹਸਪਤਾਲ ਵਿਚ ਨੌਕਰੀ ਕਰਦਾ ਹੋਇਆ ਆਪਣਾ ਸੁਖੀ ਜੀਵਨ ਬਤੀਤ ਕਰਦਾ ਹੈ। ਸ੍ਰ: ਬਚਨ ਸਿੰਘ ਦਾ ਇਕ ਲੜਕਾ ਬੀ. ਏ. ਕਰਕੇ ਇੰਗਲੈਂਡ ਚਲਾ ਗਿਆ, ਜਿਸ ਦਾ ਨਾਮ ਜਸਵੰਤ ਹੈ, ਦੂਸਰਾ ਲੜਕਾ ਘਰ ਖੇਤੀ ਕਰਦਾ ਹੈ। ਆਪਣੀ ਇਸਤਰੀ ਸੁਰਜੀਤ ਸਮੇਤ ਸੁਖੀ ਜੀਵਨ ਬਤੀਤ ਕਰਦੇ ਹਨ। ਇਤੀ।

ਸੰਤ ਮਹਾਰਾਜ ਜੀ ਦੀ ਭਾਰਤ ਦੇਸ਼ ਦੀ ਫੇਰੀ

ਸੰਨ 1950 ਈ: ਦੀ ਦੀਵਾਲੀ ਕਰਕੇ ਆਪਣੇ ਸਾਧੂ ਮੰਡਲ ਅਤੇ ਸਿੱਖ ਸੇਵਕਾਂ ਨੂੰ ਨਾਲ ਲੈ ਕੇ ਦੇਸ਼ ਰਟਨ ਕਰਨ ਹਿਤ ਪਹਿਲਾਂ ਦਿੱਲੀ ਆਏ। ਬੀਬੀ ਬਲਵੰਤ ਕੌਰ ਡਾਕਟਰ ਜੋਸ਼ ਨਰੈਣ ਸਿੰਘ ਜੀ ਦੀ ਪੁੱਤਰੀ ਸਨ, ਉਸ ਦੀ ਕੋਠੀ ਤਿੰਨ ਚਾਰ ਦਿਨ ਸਤਿਸੰਗ ਹੁੰਦਾ ਰਿਹਾ। ਮਹਾਂਪੁਰਸ਼ ਦੇਸ਼ ਰਟਨ ਕਿਉਂ ਕਰਦੇ ਹਨ। ਵਿਦਵਾਨਾਂ ਦਾ ਇਹ ਸੱਚਾ ਕਹਿਣਾ ਹੈ ਕਿ ਮਹਾਂਪੁਰਸ਼ਾਂ ਦਾ ਤੇ ਬੱਦਲ ਦਾ ਇਕੋ ਸੁਭਾਅ ਹੁੰਦਾ ਹੈ। ਬੱਦਲ ਵੀ ਆਪਣੀ ਬੱਦਲ-ਚਾਲ ਕਰਦਾ ਹੋਇਆ ਥਾਂ-ਥਾਂ ਬਾਰਸ਼ ਕਰਦਾ ਹੋਇਆ ਧਰਤੀ ਨੂੰ ਹਰੀ-ਭਰੀ ਕਰਕੇ ਤੇ ਪਰਉਪਕਾਰ ਕਰਦਾ ਅੰਮ੍ਰਿਤਮਈ ਉਪਦੇਸ਼ ਦੇ ਕੇ ਜੀਵਾਂ ਨੂੰ ਸ਼ੁਭ-ਗੁਣਾਂ ਨਾਲ ਹਰੇ-ਭਰੇ ਕਰਕੇ ਸੁਖੀ ਕਰਦੇ ਫਿਰਦੇ ਹਨ। ਜੋ ਗੰਗਾ ਆਦਿਕ ਅੱਠ ਹੱਠ ਤੀਰਥ ਹਨ। ਇਹ ਜੜ੍ਹ ਤੀਰਥ ਮੰਨੇ ਹਨ ਅਤੇ ਇਕ ਕੇਸ ਤੀਰਥ ਮੰਨੇ ਹਨ। ਪਰ ਮਹਾਂਪੁਰਸ਼ ਜੰਗਮ ਤੀਰਥ ਹਨ, ਭਾਵ ਤੁਰਦੇ-ਫਿਰਦੇ ਤੀਰਥ ਹਨ। ਹਰ ਦੇਸੀ ਤੀਰਥ ਹਨ। ਯਥਾ :

ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਨਾ।। ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਨਾ।।
ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਨਾ।। ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਨਾ।।
ਗੁਰ ਤੀਰਥੁ ਦਰੀਅਉ ਹੈ ਪਸੂ ਪਰੇਤ ਕਰੈ ਪਰਬੀਨਾ।। ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਨਾ।।
ਗੁਰਮੁਖਿ ਮਨ ਅਪਤੀਜੁ ਪਤੀਨਾ।। ੨੦।। *(ਭਾਈ ਗੁਰਦਾਸ ਜੀ, ੨੬/੨੦)*

ਤਥਾ- ਸਤਿਗੁਰੁ ਤੀਰਥੁ ਜਾਣੀਐ ਅਠਸਠਿ ਤੀਰਥ ਸਰਣੀ ਆਏ।
ਸਤਿਗੁਰੁ ਦੇਉ ਅਭੇਉ ਹੈ ਹੋਰੁ ਦੇਵ ਗੁਰੁ ਸੇਵ ਤਰਾਏ।
ਸਤਿਗੁਰੁ ਪਾਰਸਿ ਪਰਸਿਐ ਲਖ ਪਾਰਸ ਪਾ ਖਾਕੁ ਸੁਹਾਏ।
ਸਤਿਗੁਰੁ ਪੂਰਾ ਪਾਰਿਜਾਤੁ ਪਾਰਜਾਤ ਲਖ ਸਫਲ ਧਿਆਏ।
ਸੁਖ ਸਾਗਰੁ ਸਤਿਗੁਰ ਪੁਰਖੁ ਰਤਨ ਪਦਾਰਥ ਸਿਖ ਸੁਣਾਏ।
ਚਿੰਤਾਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ।।
ਵਿਣੁ ਸਤਿਗੁਰ ਸਭਿ ਦੂਜੈ ਭਾਏ।। ੧੫।। *(ਭਾਈ ਗੁਰਦਾਸ ਜੀ, ੧੫/੩)*

ਤੀਰਥ ਅਰਥ ਪਵਿੱਤਰ ਦਾ ਹੈ। ਸੰਤ ਪੂਰਨ ਬ੍ਰਹਮ-ਗਿਆਨੀ ਹੁੰਦੇ ਹੋਏ ਗੁਰੂ ਸਰੂਪ ਪਵਿੱਤਰ ਤੀਰਥ ਹੁੰਦੇ ਹਨ। ਇਨ੍ਹਾਂ ਉਦਾਹਰਣਾਂ ਦੁਆਰਾ ਸਿੱਧ ਹੋਇਆ ਕਿ ਸੰਤ ਮਹਾਰਾਜ ਜੀ, ਜਿਨ੍ਹਾਂ ਦਾ ਸਾਰੀਆਂ ਸੰਪਰਦਾਵਾਂ, ਪੂਰਨ ਬ੍ਰਹਮ ਗਿਆਨੀ ਸੰਤ ਦਾ ਸਤਿਕਾਰ ਕਰਦੀਆਂ ਸਨ। ਸੋ ਸੰਤ ਮਹਾਰਾਜ ਜੀ ਨੇ ਆਪਣੇ ਪਵਿੱਤਰ ਬਚਨਾਂ ਨਾਲ ਧਰਤੀ ਦਾ ਗਮਨ ਕਰਕੇ ਆਪਣੀ ਸ਼ੁਭ ਰਸਨਾ ਦੁਆਰਾ ਗੁਰਮਤਿ ਦਾ ਸ਼ੁਭ ਉਪਦੇਸ਼ ਦੇ ਕੇ ਜੀਵਾਂ ਨੂੰ ਪਵਿੱਤਰ ਕਰਕੇ ਕੁਲਜੁਗ ਵਿੱਚ ਸੰਸਾਰ ਸਮੁੰਦਰ ਵਿਚੋਂ ਤਾਰਨ ਦੀ ਅਭਿਲਾਸ਼ਾ ਕਰਕੇ ਦੇਸ਼ ਰਟਨ ਸ਼ੁਰੂ ਕੀਤਾ ਹੈ।

ਪਹਿਲੇ ਦਿੱਲੀ ਵਿਚ ਜਾਣਾ

ਆਪ ਹਜ਼ੂਰ ਸੰਤ ਮੰਡਲੀ ਦੁਆਰਾ ਜਿਥੇ ਸੰਤਾਂ ਦੀ ਦਾਸ ਸੰਤ ਮੰਡਲੀ ਲਿਖਦਾ ਹੈ ਉਥੇ ਸੰਤਾਂ ਨਾਲ ਪੰਜ ਸੱਤ ਸਾਧੂ ਹਮੇਸ਼ਾ ਨਾਲ ਰਹਿੰਦੇ ਸਨ। ਮਸਲਨ ਬਾਬਾ ਬਿਸ਼ਨ ਸਿੰਘ ਜੀ ਨੰਗਲ ਖੁਰਦ, ਸੰਤ ਦਲੀਪ ਸਿੰਘ ਜੋ ਸੁੰਨੀ ਸੰਤ ਪਰਦਮਨ ਸਿੰਘ ਜੀ ਪੱਟੀ, ਸੰਤ ਨਗੀਨਾ ਸਿੰਘ ਜੀ ਜੈਤੇਵਾਲੀ, ਜਥੇਦਾਰ ਨਰੈਣ ਸਿੰਘ ਜੀ, ਸੰਤ ਨੰਦ ਸਿੰਘ ਜੀ ਰਾਮਗੜ੍ਹ ਭੁੱਨਰ ਤਹਿਸੀਲ ਜਗਰਾਉਂ ਆਦਿ ਅਤੇ ਸੇਵਾਦਾਰ ਇਨ੍ਹਾਂ ਤੋਂ ਅਲਹਿਦਾ ਹੁੰਦੇ। ਇਸ ਸੰਤ ਮੰਡਲੀ ਵਿਚ ਬਾਬਾ ਸੁੰਦਰ ਦਾਸ ਜੀ ਅਤੇ ਬੀਬੀ ਦਯਾ ਕੌਰ ਦਾ ਨਾਮ ਖਾਸ ਵਰਨਣ-ਯੋਗ ਹਨ। ਇਨ੍ਹਾਂ ਸਾਰੇ ਪੰਦਰਾਂ ਅਠਾਰਾਂ ਬੰਦਿਆਂ ਸਮੇਤ ਸੰਤ ਮਹਾਰਾਜ ਜੀ ਦਿੱਲੀ ਵਿਖੇ ਸ੍: ਗੁਰਚਰਨ ਸਿੰਘ ਜੀ ਸੈਨੀ ਬਿਜਲੀ ਲਾਉਣ ਦੇ ਠੇਕੇਦਾਰ ਉਸ ਦੇ ਸੱਦੇ ਪਰ ਉਸ ਗ੍ਰਹਿ ਵਿਖੇ ਹਜ਼ੂਰ ਨੇ ਦਰਸ਼ਨ ਦਿੱਤੇ। ਦੂਸਰੇ ਦਿਨ ਠੇਕੇਦਾਰ ਜੀ ਦੇ ਘਰ ਅਖੰਡ ਪਾਠ ਪ੍ਰਾਰੰਭ ਕੀਤਾ। ਅਖੰਡ ਪਾਠ ਦੇ ਹੁੰਦਿਆਂ ਦੋਨੋਂ ਵਕਤ ਖੂਬ ਸਤਿਸੰਗ ਹੁੰਦਾ ਰਿਹਾ। ਕੀਰਤਨ ਕਥਾ ਦੁਆਰਾ ਸੰਗਤਾਂ ਨਿਹਾਲ ਹੁੰਦੀਆਂ ਰਹੀਆਂ। ਇਸ ਅਖੰਡ ਪਾਠ ਵਿਚ ਸੰਤ ਹਰੀ ਸਿੰਘ ਜੀ ਮੁਕੇਰੀਆਂ ਵਾਲੇ ਜਥੇ ਸਮੇਤ ਸ਼ਾਮਲ ਸਨ। ਦਾਸ ਵੀ ਇਸ ਫੇਰੀ ਵਿਚ ਸ਼ਾਮਲ ਸੀ। ਇਹ ਅਖੰਡ ਪਾਠ ਸ੍: ਗੁਰਚਰਨ ਸਿੰਘ ਜੀ ਨੇ ਆਪਣਾ ਦੂਸਰਾ ਵਿਆਹ ਕਰਾਉਣ ਕਰਕੇ ਕੀਤਾ ਸੀ, ਕਿਉਂਕਿ ਸਰਦਾਰ ਜੀ ਦੀ ਪਹਿਲੀ ਸ਼ਾਦੀ ਜੋ ਬੀਬੀ ਹਰਨਾਮ ਕੌਰ ਲਾਡੋਵਾਲੀ ਰੋਡ ਪਰ ਰਹਿਣ ਵਾਲੇ ਸਨ ਉਸਦੀ ਭੈਣ ਦੇ ਨਾਲ ਸੀ। ਉਸ ਬੀਬੀ ਦੇ ਬਹੁਤ ਯਤਨ ਕਰਨ ਤੋਂ ਔਲਾਦ ਨਹੀਂ ਹੋਈ। ਇਸ ਵਾਸਤੇ ਇਸ ਦੀ ਇਜਾਜ਼ਤ ਨਾਲ ਔਲਾਦ ਦੀ ਇੱਛਾ ਵਿਚ ਦੂਸਰੀ ਸ਼ਾਦੀ ਹੋਈ ਸੀ।

ਹੁਣ ਗੁਰੂ ਕਿਰਪਾ ਨਾਲ ਅਖੰਡ ਪਾਠ ਦੀ ਨਿਰਵਿਘਨ ਸਮਾਪਤੀ ਹੋਈ। ਫਿਰ ਆਰਤੀ ਘੀ ਦੇ ਦੀਵੇ ਬਾਲ ਕੇ ਕੀਤੀ ਗਈ, ਫਿਰ ਅਰਦਾਸਾ ਕੀਤਾ, ਉਪਰੰਤ ਮੁਖਵਾਕ ਲੈ ਕੇ ਮੁਖਵਾਕ ਦੀ ਕਥਾ ਦਾਸ ਨੇ ਕੀਤੀ। ਕਥਾ ਤੋਂ ਉਪਰੰਤ ਸੰਤ ਹਰੀ ਸਿੰਘ ਜੀ ਨੇ ਇਕ ਘੰਟਾ ਕੀਰਤਨ ਕੀਤਾ। ਫਿਰ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਉਪਰੰਤ ਸਾਰੀ ਸੰਗਤ ਨੇ ਭੋਜਨ ਛਕਿਆ, ਹੁਣ ਸੰਤ ਵੀ ਭੋਜਨ ਛਕ ਕੇ ਆਪਣੇ ਪਲੰਘੇ ਪਰ ਜਾ ਬੈਠੇ ਸਨ। ਸ੍: ਗੁਰਬਚਨ ਸਿੰਘ ਜੀ ਦਾਸ ਨੂੰ ਨਾਲ ਲੈ ਕੇ ਆਪਣੀਆਂ ਦੋਹਾਂ ਪਤਨੀਆਂ ਸਮੇਤ ਸੰਤਾਂ ਦੇ ਚਰਨਾਂ ਵਿਖੇ ਬੜੀ ਸ਼ਰਧਾ ਨਾਲ ਤੇ ਸਿਦਕ ਨਾਲ ਜਾ ਨਮਸ਼ਕਾਰ ਕੀਤੀ ਅਤੇ ਹੱਥ ਜੋੜ ਕੇ ਗਲ ਪੱਲਾ ਪਾ ਕੇ ਬੜੀ ਨਿੰਮਰਤਾ ਸਹਿਤ ਪੁੱਤਰ ਦੀ ਮੰਗ ਕੀਤੀ। ਸੰਤਾਂ ਨੇ ਇਨ੍ਹਾਂ ਦੀ ਸੇਵਾ ਤੇ ਭਾਵਨਾ ਤੱਕ ਕੇ ਅਤੇ ਪ੍ਰਸੰਨ ਹੋ ਕੇ ਪੁੱਤਰ ਦੀ ਦਾਤ ਬਖਸ਼ਿਸ਼ ਕੀਤੀ। ਸੋ ਪੁੱਤਰ

ਸ੍: ਗੁਰਬਚਨ ਸਿੰਘ ਜੀ ਦੇ ਘਰ ਨਵੀਂ ਵਹੁਟੀ ਦੀ ਕੁੱਖੋਂ ਸਾਲ ਦੇ ਅੰਦਰ-ਅੰਦਰ ਹੋ ਗਿਆ। ਪੁੱਤਰ ਹੋਣ ਤੋਂ ਬਾਅਦ ਪੁੱਤਰ ਦੀ ਖੁਸ਼ੀ ਵਿਚ ਸੰਤਾਂ ਨੂੰ ਸੱਦ ਕੇ ਬੜੀ ਸ਼ਰਧਾ ਨਾਲ ਅਖੰਡ ਪਾਠ ਕਰਵਾਇਆ, ਉਸ ਅਖੰਡ ਪਾਠ ਦੀ ਸਮਾਪਤੀ ਤੋਂ ਇਨ੍ਹਾਂ ਨੇ ਜਨਮ ਸਫਲ ਕਰਨ ਵਾਸਤੇ ਨਾਮ ਸਿਮਰਨ ਵਿਚ ਤਿੰਨਾਂ ਨੂੰ ਹੀ ਲਾ ਦਿੱਤਾ, ਜਿਸ ਕਰਕੇ ਇਨ੍ਹਾਂ ਦਾ ਜਨਮ ਵੀ ਸਫਲਾ ਹੋ ਗਿਆ। ਹੁਣ ਗੁਰਸਿੱਖੀ ਦੇ ਜੀਵਨ ਵਿਚ ਜੀਅ ਕੇ ਆਪਣੀ ਉਮਰਾ ਬਤੀਤ ਕਰ ਰਹੇ ਹਨ।

ਡਾਕਟਰ ਬਲਵੰਤ ਕੌਰ ਜੀ ਜੋ ਕਿ ਠੇਕੇਦਾਰ ਸ੍: ਨਰੈਣ ਸਿੰਘ ਜੀ ਦੀ ਸਪੁੱਤਰੀ ਸਨ ਉਨ੍ਹਾਂ ਨੂੰ ਬਖਸ਼ਿਸ਼ ਕਰਨੀ

ਬੀਬੀ ਬਲਵੰਤ ਕੌਰ ਜੀ ਐਮ.ਬੀ.ਬੀ.ਐਸ ਡਾਕਟਰ ਸ੍: ਨਰੈਣ ਸਿੰਘ ਜੀ ਜੋ ਕਿ ਬਹੁਤ ਵੱਡੇ ਠੇਕੇਦਾਰ ਹੋਏ ਹਨ, ਜਿਨ੍ਹਾਂ ਦਾ ਪੱਥਰ ਦਾ ਠੇਕਾ ਸੀ, ਜਿਸ ਦੇ ਪੱਥਰ ਦੇ ਠੇਕੇ ਦੁਆਰਾ ਚਿਮਰ ਕੌਂਸਲ ਬਣੀ ਅਤੇ ਵਾਇਸਰਾਏ ਦੀ ਮਹਾਨ ਵੱਡੀ ਕੋਠੀ ਬਣੀ। ਜੋ ਅੱਜ-ਕਲ ਗੁਰਦੁਆਰਾ ਸੀਸ ਗੰਜ ਸਾਹਿਬ ਸਾਰੇ ਦਾ ਸਾਰਾ ਲਾਲ ਪੱਥਰ ਨਾਲ ਬਣਾਉਣ ਦੀ ਸੇਵਾ ਕੀਤੀ। ਬੀਬੀ ਬਲਵੰਤ ਕੌਰ ਜੀ ਦਾ ਪਹਿਲਾਂ ਮਿਲਾਪ ਸੰਤਾਂ ਨਾਲ ਸ੍: ਸੰਤੋਖ ਸਿੰਘ ਜੀ ਰਿਹਾਇਸ਼ ਪਟਿਆਲਾ ਦੁਆਰਾ ਹੋਇਆ ਸੀ। ਜਿਸ ਤਰ੍ਹਾਂ ਸ੍: ਸੰਤੋਖ ਸਿੰਘ ਜੀ ਦਾ ਮਿਲਾਪ ਸੰਤਾਂ ਨਾਲ ਹੋਇਆ ਸੋ ਅੱਗੇ ਜਾ ਕੇ ਲਿਖਾਂਗਾ। ਇਕ ਵਾਰੀ ਸੰਤ ਪਟਿਆਲੇ ਸ੍: ਗਿਆਨ ਸਿੰਘ ਜੀ ਰਾੜੇ ਵਾਲਿਆਂ ਦੀ ਕੋਠੀ ਗਏ ਹੋਏ ਸਨ। ਉਸ ਸਮੇਂ ਬੀਬੀ ਬਲਵੰਤ ਕੌਰ ਜੀ ਵੀ ਸ੍: ਸੰਤੋਖ ਸਿੰਘ ਜੀ ਦੇ ਪਾਸ ਗਏ ਹੋਏ ਸਨ। ਅੰਮ੍ਰਿਤ ਵੇਲਾ ਹੈ। ਸ੍: ਸੰਤੋਖ ਸਿੰਘ ਜੀ ਨੇ ਇਸ਼ਨਾਨ ਕੀਤਾ, ਫਿਰ ਜਪੁਜੀ ਸਾਹਿਬ ਦਾ ਪਾਠ ਕੀਤਾ, ਉਸ ਉਪਰੰਤ ਸੰਤਾਂ ਦੇ ਦਰਸ਼ਨ ਦੀ ਤਿਆਰੀ ਕਰ ਲਈ। ਕੁਝ ਫਲ ਫਰੂਟ ਵਗੈਰਾ ਸੰਤਾਂ ਦੇ ਭੇਟਾ ਕਰਨ ਲਈ ਨਾਲ ਲੈ ਲਏ। *ਬੀਬੀ ਬਲਵੰਤ ਕੌਰ*—ਬੀਰਾ ਕਿਧਰ ਦੀ ਤਿਆਰੀ ਕੀਤੀ ਹੈ? *ਸ੍: ਸੰਤੋਖ ਸਿੰਘ ਜੀ*—ਬੇਬੇ ਪਟਿਆਲੇ ਵਿਚ ਪੂਰਨ ਬ੍ਰਹਮ-ਗਿਆਨੀ ਸੰਤ ਆਏ ਹੋਏ ਹਨ, ਉਨ੍ਹਾਂ ਦੇ ਦਰਸ਼ਨਾਂ ਨੂੰ ਦਾਸ ਚਲਿਆ ਹੈ। ਬੀਬੀ ਜੀ ਨੇ ਕਿਹਾ, ਇਤਨੀ ਸਵੇਰੇ ਹੀ ਸੰਤ ਦਰਸ਼ਨ ਦੇ ਦੇਣਗੇ? ਇਤਨੇ ਸਵੇਰੇ ਤਾਂ ਸਮਾਧੀ ਵਿਚ ਇਸਥਿਤ, ਭਜਨ ਸਿਮਰਨ ਵਿਚ ਬੈਠੇ ਹੋਣਗੇ। ਕੋਈ ਨਾ ਕੋਈ ਪਹਿਰੇਦਾਰ ਹੋਵੇਗਾ ਰੋਕਣ ਵਾਸਤੇ ਕਿ ਕੋਈ ਅਣਜਾਣ ਬੰਦਾ ਜਾ ਕੇ ਸੰਤਾਂ ਦੀ ਸਮਾਧੀ ਨਾ ਖੁਲ੍ਹਾ ਦੇਵੇ।

ਸ੍: ਸੰਤੋਖ ਸਿੰਘ ਜੀ ਨੇ ਕਿਹਾ, ਬੇਬੇ ਜੀ ਏਹੀ ਤਾਂ ਇਨ੍ਹਾਂ ਦੀ ਆਮ ਸੰਤਾਂ ਨਾਲੋਂ ਅਲਹਿਦਗੀ ਹੈ ਕਿ ਕਿਸੇ ਦੀ ਵਿਚੋਲਗੀ ਦੁਆਰਾ ਜਾਂ ਆਪਣੇ ਅਦਲੀ ਦੁਆਰਾ ਜਾਂ ਕਿਸੇ ਪਹਿਰੇਦਾਰ ਦੁਆਰਾ ਦਰਸ਼ਨ ਨਹੀਂ ਹੁੰਦੇ, ਬਲਕਿ ਦਰਸ਼ਨ ਕਰਨ ਵਾਲੇ ਜਦੋਂ ਚਾਹੁਣ ਸੁਤੰਤਰ ਤੌਰ ਤੇ ਆਪਣੇ ਆਪ ਦਰਸ਼ਨ ਕਰ ਸਕਦੇ ਹਨ। ਸੰਤਾਂ ਦੇ ਉਪਰ ਕੋਈ ਪਹਿਰੇਦਾਰ ਨਹੀਂ ਹੁੰਦਾ। ਇਕ ਵਾਰੀ ਪੁਛਿਆ ਸੀ ਕਿ ਮਹਾਰਾਜ ਹੋਰਨਾਂ ਸੰਤਾਂ ਵਾਂਗੂੰ ਸਮਾਧੀ ਸਮੇਂ ਜਾਂ ਆਮ ਸਮੇਂ ਵਿਚ ਆਪ ਦੇ ਦਰਵਾਜ਼ੇ ਪਰ ਕੋਈ ਪਹਿਰੇਦਾਰ ਹੋਣਾ ਚਾਹੀਦਾ ਹੈ। ਸੰਤਾਂ ਨੇ ਹੱਸ ਕੇ ਉੱਤਰ ਦਿੱਤਾ ਸੀ ਕਿ ਅਸੀਂ ਤਾਂ ਫਕੀਰ ਹਾਂ। ਫਕੀਰਾਂ ਉਪਰ ਕਿਸ ਕਾਰਨ ਪਹਿਰਾ ਹੋਣਾ ਚਾਹੀਦਾ ਹੈ? ਪਹਿਰੇ ਬਾਦਸ਼ਾਹਾਂ ਦੇ ਉਪਰ ਜਾਂ ਮਾਇਆਧਾਰੀ ਸ਼ਾਹਾਂ ਦੇ ਉਪਰ ਹੋਣਾ ਚਾਹੀਦਾ ਹੈ ਜਾਂ ਚੋਰਾਂ ਯਾਰਾਂ ਦੇ ਉਪਰ ਹੁੰਦੇ ਹਨ। ਸਾਡੇ ਪਾਸ ਕੋਈ ਮਾਇਆ ਨਹੀਂ, ਕਿਸੇ ਕਿਸਮ ਦਾ ਰਾਜਿਆਂ ਵਾਂਗ ਖਤਰਾ ਨਹੀਂ। ਨਾ ਚੋਰੀ ਕੀਤੀ ਹੈ, ਨਾ ਯਾਰੀ ਕੀਤੀ ਹੈ, ਨਾ ਡਾਕਾ ਮਾਰਿਆ ਹੈ, ਫਿਰ ਸਾਡੇ ਉਪਰ ਪਹਿਰਾ ਕਿਸ ਦਾ? ਜੋ ਸਾਡੇ ਪਾਸ ਸਤਿਗੁਰੂ ਦੀ ਬਖਸ਼ਿਸ਼ ਦਾ ਨਾਮ ਧਨ ਹੈ ਇਸ ਨੂੰ ਪਹਿਰੇ ਦੀ ਲੋੜ ਨਹੀਂ। ਕਿਉਂਕਿ ਇਹ ਨਾਮ ਧਨ ਕਿਸੇ ਚੋਰ ਤੋਂ ਚੁਰਾਇਆ ਨਹੀਂ ਜਾਂਦਾ। ਕਿਸੇ ਠੱਗ ਤੋਂ ਠੱਗਿਆ ਨਹੀਂ ਜਾਂਦਾ। ਕੋਈ ਅੱਗ ਸਾੜ ਨਹੀਂ ਸਕਦੀ। ਪਾਣੀ ਡੋਬ ਨਹੀਂ ਸਕਦਾ। ਹਵਾ ਉਡਾ ਨਹੀਂ ਸਕਦੀ। ਕਿਸੇ ਰਾਜੇ ਬਾਦਸ਼ਾਹ ਦਾ ਜਜੀਆ ਕਰ ਡੰਡ ਨਹੀਂ ਲੱਗ ਸਕਦਾ। ਯਥਾ-

ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ।।
ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ।। ੧।।
ਹਰਿ ਧਨੁ ਸੰਚੀਐ ਭਾਈ।। ਜਿ ਹਲਤਿ ਪਲਤਿ ਹਰਿ ਹੋਇ ਸਖਾਈ।। ੧।। ਰਹਾਉ।।
ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ।।
ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ।। ੨।।
ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ।।
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਲਿਖੁਟੈ ਨਾਹੀ।।
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ।। ੩।।
ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਚਾ ਇਹੁ ਹਰਿ ਧਨੁ
ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ।।
ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ।। ੪।।
ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ।।
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ।। ੫।।
ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ।।
ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ।। ੬।। *(ਸੂਹੀ ਮਹਲਾ ੪, ਪੰਨਾ ੭੩੩)*

ਸੰਤੋਖ ਸਿੰਘ ਜੀ ਨੇ ਕਿਹਾ, ਬੇਬੇ ਜੀ ਸੰਤ ਕਹਿੰਦੇ ਸਨ ਕਿ ਸਾਨੂੰ ਸਾਡੇ ਸਤਿਗੁਰੂ ਨੇ ਐਸੀ ਸਮਾਧੀ ਦੀ ਬਖਸ਼ਿਸ਼ ਕੀਤੀ ਹੈ ਜਦੋਂ ਸਮਾਧੀ ਲੱਗ ਜਾਵੇ ਇਹ ਲੋਕਾਂ ਦਾ ਬੋਲ-ਬੁਲਾਰਾ ਤਾਂ ਕੀ ਸਮਾਧੀ ਖੁਲ੍ਹਾ ਸਕਦਾ ਹੈ, ਬਲਕਿ ਹਜ਼ਾਰਾਂ ਬਿਜਲੀਆਂ ਕੜਕਦੀਆਂ ਟੁੱਟ ਪੈਣ, ਬੇਅੰਤਾਂ ਬੱਦਲ ਗਰਜਦੇ ਰਹਿਣ, ਪਹਾੜ ਟੁੱਟ ਕੇ ਗਿਰ ਜਾਣ, ਤਾਂ ਵੀ ਆਪਣੀ ਇੱਛਾ ਤੋਂ ਬਿਨਾਂ ਸਮਾਧੀ ਖੁਲ੍ਹ ਨਹੀਂ ਸਕਦੀ। ਇਹ ਤਾਂ ਹੈ ਸਾਡੀ ਇਕ ਜਗ੍ਹਾ ਬੈਠ ਕੇ ਸਮਾਧੀ ਲਗਾਉਣੀ। ਦੂਸਰੀ ਸਮਾਧੀ ਸਾਨੂੰ ਸਾਡੇ ਸਤਿਗੁਰਾਂ ਨੇ ਬਖਸ਼ਿਸ਼ ਕੀਤੀ ਹੈ ਕਿ ਅਨੰਤ ਗਰਮੀ ਹੋਵੇ ਧੂੜ ਨੇਰੀ ਹੋਵੇ ਭਿਆਨਕ ਰਾਖਸ਼ ਦੇਵ ਪ੍ਰੇਤ, ਭੂਤ ਜਿੰਨ ਖਵੀਸ ਹੋਣ, ਆਪਣੀ ਭਿਆਨਕ ਕਿਰਿਆ ਵੀ ਕਰਦੇ ਹੋਣਾ, ਇਸ ਮਾਤ-ਲੋਕ ਦੇ ਅਨੰਤ ਲੋਕ ਮੇਲੇ ਦੀ ਸ਼ਕਲ ਵਿਚ ਇਕੱਠੇ ਹੋਣ, ਤੁਰਦੇ ਇਕ ਦੂਜੇ ਤੇ ਧੱਕੇ ਪਰ ਧੱਕੇ ਵੀ ਪੈਂਦੇ ਹੋਣੇ। ਦਾਸ ਜਵਾਲਾ ਸਿੰਘ ਉਨ੍ਹਾਂ ਧੱਕਿਆਂ ਵਿਚ ਧੱਕੇ ਖਾਂਦਾ ਫਿਰਦਾ ਹੋਣਾ, ਪਰ ਦਾਸ ਜਵਾਲਾ ਸਿੰਘ ਨੂੰ ਇਹ ਸਭ ਕੁਝ ਬ੍ਰਹਮ ਤੋਂ ਭਿੰਨ ਪ੍ਰਤੀਤ ਨਹੀਂ ਦਿੰਦਾ। ਇਹ ਸਾਡੀ ਨਿਸਚਲ, ਅਟੱਲ, ਅਡੋਲ, ਅਸੰਗ, ਨਿਰਲੇਪ, ਨਿਰਪੇਖ, ਨਿਰਦੁਖ, ਨਿਰਦੋਖ, ਅਦ੍ਵੈਖ ਰਾਗ ਦ੍ਵੈਸ਼ ਮਾਨ-ਅਪਮਾਨ, ਆਦਰ, ਨਿਰਾਦਰ, ਦੁੰਦ ਦੁਖ ਤੋਂ ਰਹਿਤ ਸਮਾਧੀ ਹੈ।

ਇਸ ਕਾਰਨ ਸਾਨੂੰ ਪਹਿਰਿਆਂ ਦੀ ਲੋੜ ਨਹੀਂ। ਜਦੋਂ ਇਸ ਤਰ੍ਹਾਂ ਦੀ ਸ਼ਿਫਤ ਸ੍ਰ: ਸੰਤੋਖ ਸਿੰਘ ਜੀ ਤੋਂ ਬੀਬੀ ਬਲਵੰਤ ਕੌਰ ਜੀ ਨੇ ਸੁਣੀ ਤਾਂ ਬੀਬੀ ਜੀ ਬਹੁਤ ਖੁਸ਼ ਹੋਏ ਅਤੇ ਸ੍ਰ: ਸੰਤੋਖ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਅਹੁ ਭਾਗ ਅੱਜ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਕਿਰਪਾ ਕੀਤੀ ਹੈ, ਮੇਰੇ ਵਾਸਤੇ ਇਹ ਬਹੁਤ ਸੁਭਾਗ ਦਿਨ ਆਇਆ ਹੈ। ਵੇ ਵੀਰਾ ਐਸੇ ਮਹਾਂਪੁਰਸ਼ਾਂ ਦਾ ਮੈਨੂੰ ਵੀ ਦਰਸ਼ਨ ਕਰਵਾ ਦੇ, ਜਿਸ ਕਰਕੇ ਮੇਰੇ ਦੀ ਦੁਖ ਕੱਟੇ ਜਾਣ। ਸ੍ਰ: ਸੰਤੋਖ ਸਿੰਘ ਜੀ ਆਪਣੇ ਪਰਿਵਾਰ ਸਮੇਤ ਬੀਬੀ ਬਲਵੰਤ ਕੌਰ ਜੀ ਨੂੰ ਨਾਲ ਲੈ ਕੇ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਪੁਜ ਗਿਆ।

ਅਜੇ ਪਹੁ-ਫਟਾਲਾ ਹੀ ਸੀ, ਸਰਦਾਰ ਨੇ ਤੇ ਬੀਬੀ ਜੀ ਨੇ ਆਪਣੀ ਸ਼ਰਧਾ ਦੇ ਫੁਲ ਸੰਤਾਂ ਦੀ ਭੇਟਾ ਕੀਤੇ ਅਤੇ ਨਮਸ਼ਕਾਰ ਕਰਕੇ ਹੱਥ ਜੋੜ ਕੇ ਸੰਤਾਂ ਦੇ ਸਨਮੁਖ ਬੈਠ ਗਏ। ਔਹ ਇਕਲਵੰਝੇ ਜਿਹੇ ਸੰਤਾਂ ਦਾ ਗੜਵਈ ਬਾਬਾ ਗੱਜਨ ਸਿੰਘ ਜੀ ਵੀ ਆਪਣੇ ਅਨੰਦ ਵਿਚ ਬੈਠੇ ਹਨ। ਇਨ੍ਹਾਂ ਦੇ ਬੈਠਿਆਂ ਹੀ ਇਕ ਐਸਾ ਕੌਤਕ ਹੋਇਆ ਕਿ ਬੀਬੀ ਦਇਆ ਕੌਰ ਜੀ ਤੇ ਬਾਬਾ ਸੁੰਦਰ ਜੀ ਲੱਗੇ ਆਪੋ ਵਿਚ ਲੜਨ। ਉੱਚੀ-ਉੱਚੀ ਆਪੋ ਵਿਚ ਲੱਗੇ ਮਾਂ ਦੀ, ਧੀ ਦੀ

ਹੋਣ। ਜਿਥੇ ਸੰਤ ਸਮਾਧੀ ਇਸਥਿਤ ਬੈਠੇ ਸਨ, ਉਸ ਜਗ੍ਹਾ ਤੋਂ ਕੋਈ ਦੱਸ ਪੰਦਰਾਂ ਕਦਮ ਤੇ ਇਨ੍ਹਾਂ ਦਾ ਮਹਾਨ ਰੌਲਾ ਪੈ ਗਿਆ। ਬੀਬੀ ਬਲਵੰਤ ਕੌਰ ਜੀ ਇਹ ਤੱਕ ਕੇ ਬੜੇ ਹੈਰਾਨ ਹੋਏ ਕਿ ਏਧਰ ਸੰਤ ਅਟੱਲ ਸਮਾਧੀ ਵਿਚ ਹਨ, ਓਧਰ ਉਨ੍ਹਾਂ ਨੇ ਮਹਾਨ ਰੌਲਾ ਪਾਇਆ ਹੈ। ਕੋਈ ਹਟਾਉਂਦਾ ਨਹੀ ਕਿ ਸੰਤ ਸਮਾਧੀ ਵਿਚ ਹਨ। ਤੁਸੀਂ ਰੌਲਾ ਨਾ ਪਾਓ। ਇਨ੍ਹਾਂ ਦਾ ਇਹ ਸ਼ੰਕਾ ਦੂਰ ਕਰਨ ਹਿਤ ਇਕ ਇਹ ਕੌਤਕ ਹੋਇਆ। ਇਕ ਸੰਤਾਂ ਦਾ ਨਵਾਂ ਸ਼ਰਧਾਲੂ ਇਨ੍ਹਾਂ ਦੋਹਾਂ ਨੂੰ ਕਹਿਣ ਲੱਗਾ ਕਿ ਸੰਤ ਸੁੰਦਰ ਦਾਸ ਜੀ ਸੰਤ ਸਮਾਧੀ ਵਿਚ ਹਨ। ਤੁਸੀਂ ਕੋਲ ਹੀ ਰੌਲਾ ਪਾਉਂਦੇ ਹੋ। ਸਮਾਧੀ ਖੁਲ੍ਹ ਜਾਏਗੀ। ਤੁਸੀਂ ਰੌਲਾ ਨਾ ਪਾਓ। ਸੰਤ ਸੁੰਦਰ ਦਾਸ ਜੀ ਨੇ ਉੱਤਰ ਦਿੱਤਾ, ਜਾ ਜਾ ਤੂੰ ਆਪਣਾ ਕੰਮ ਕਰ, ਸਾਨੂੰ ਵੀ ਪਤਾ ਹੈ ਕਿ ਸੰਤਾਂ ਦੀ ਸਮਾਧੀ ਲੱਗੀ ਹੋਈ ਹੈ।

ਸੰਤ ਤਾਂ ਅਗਾਧ ਸਤਿਚਿਤ ਅਨੰਦ ਵਿਚ ਡੂੰਘੇ ਉਤਰੇ ਹੋਏ ਹਨ, ਜਿਥੇ ਇਹ ਸਾਡਾ ਬੋਲ-ਬੁਲਾਰਾ ਬਿਲਕੁਲ ਨਹੀਂ ਸੁਣਦਾ। ਬਲਕਿ ਅੰਮ੍ਰਿਤ ਪੀਣ ਵਾਲਾ ਕਦੇ ਐਸੇ ਗੰਧ ਵਲ ਧਿਆਨ ਹੀ ਨਹੀਂ ਦੇਂਦਾ। ਨਾ ਹੀ ਇਹ ਗੰਧ ਗਾਲ੍ਹ-ਗਲੋਚ ਉਨ੍ਹਾਂ ਦੇ ਅੰਮ੍ਰਿਤ ਧਿਆਨ ਨੂੰ ਆਪਣੇ ਵਲ ਖਿੱਚ ਸਕਦੀ ਹੈ। ਇਹ ਵੀ ਸਾਰੀ ਗੱਲ ਬੀਬੀ ਬਲਵੰਤ ਕੌਰ ਨੇ ਸੁਣੀ ਤੇ ਹੈਰਾਨ ਵੀ ਹੋਈ ਅਤੇ ਖੁਸ਼ ਵੀ ਹੋਈ ਕਿ ਮੇਰੇ ਬੜੇ ਉਚੇ ਭਾਗ ਹਨ ਜੋ ਕਿ ਅੱਜ ਐਸੇ ਉਚ ਮਹਾਂਪੁਰਸ਼ਾਂ ਦੇ ਦਰਸ਼ਨ ਹੋਣਗੇ। ਇਤਨੇ ਨੂੰ ਸੂਰਜ ਦੀਆਂ ਕਿਰਨਾਂ ਵੀ ਨਿਕਲਣੀਆਂ ਸ਼ੁਰੂ ਹੋਈਆਂ ਅਤੇ ਸੰਤਾਂ ਦੇ ਨੇਤਰ ਵੀ ਉਸੀ ਸਮੇਂ ਸਮਾਧੀ ਉਥਾਨ ਹੋ ਕੇ ਕਵਲ ਵਾਂਗੂੰ ਖਿੜ ਆਏ।

ਸੰਤਾਂ ਦੇ ਨੇਤਰਾਂ ਦਾ ਤੇ ਚੇਹਰੇ ਦਾ ਜਲਾਲ ਚੜ੍ਹਦੇ ਸੂਰਜ ਵਾਂਗੂੰ ਸੀ ਅਤੇ ਨੇਤ੍ਰਾਂ ਵਿਚੋਂ ਮੰਨਣਾ ਕਰੋ ਕਿ ਅੰਮ੍ਰਿਤ ਦੇ ਝਰਨੇ ਝਰਦੇ ਸਨ। ਦਰਸ਼ਨ ਕਰਨ ਵਾਲਿਆਂ ਸ਼ਰਧਾਲੂਆਂ ਦੇ ਹਿਰਦੇ ਰੰਡ ਪਾਉਂਦੇ ਜਾਂਦੇ ਹਨ ਅਤੇ ਸ਼ਾਂਤੀ ਦੇ ਸਰੋਵਰ ਵਿਚ ਇਸ਼ਨਾਨ ਕਰਕੇ ਸ਼ਾਂਤ-ਚਿਤ ਹੋ ਗਏ ਹਨ। ਬੀਬੀ ਬਲਵੰਤ ਕੌਰ ਤਾਂ ਬੋਲ ਉਠੇ ਕਿ :

ਜਿਸ ਡਿਠਿਆ ਮਨੁ ਰਹਿਸੀਐ ਕਿਉਂ ਪਾਈਐ ਤਿਨਿ ਸੰਗਿ ਜੀਉ।।
ਤਥਾ—ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ।।
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ।। ੧।। (ਪੰਨਾ ੧੩੭)

ਸੰਤ ਜੀ—ਆਉ ਸੰਤੋਖ ਸਿੰਘ ਜੀ, ਰਾਜ਼ੀ ਹੋ ਪ੍ਰਸੰਨ ਹੋ, ਹੋਰ ਸਭ ਠੀਕ ਠਾਕ ਹੈ। *ਸ੍ਰ: ਸੰਤੋਖ ਸਿੰਘ ਜੀ*—ਹਜ਼ੂਰ ਆਪ ਲੋਕਾਂ ਦੀ ਕਿਰਪਾ ਨਾਲ ਸਭ ਸੁਖ ਅਨੰਦ ਹੈ। ਬੀਬੀ ਬਲਵੰਤ ਕੌਰ ਦੇ ਮਨ ਵਿਚ ਵੀ ਫੁਰਨਾ ਹੋਇਆ ਕਿ ਸੰਤ ਮੈਨੂੰ ਵੀ ਕੁਝ ਮੇਰੀ ਹਾਲਤ ਬਾਬਤ ਪੁਛਣ ਤਾਂ ਮੇਰੀ ਸ਼ਰਧਾ ਵਿਚ ਹੋਰ ਵੀ ਵਾਧਾ ਹੋ ਜਾਏਗਾ। ਬੀਬੀ ਜੀ ਨੇ ਅਜੇ ਇਹ ਫੁਰਨਾ ਕੀਤਾ ਹੀ ਸੀ ਤਾਂ ਸੰਤਾਂ ਦੀ ਅੰਮ੍ਰਿਤ-ਮਈ ਰਸਨਾ ਵਿਚੋ ਉਸੀ ਸਮੇਂ ਅੰਮ੍ਰਿਤ ਨਾਲ ਭਿੱਜੇ ਹੋਏ ਸ਼ਬਦ ਨਿਕਲੇ, ਏਹ ਸ਼ਬਦ ਐਸੇ ਹਨ ਜੈਸੇ ਕਿ ਭਾਈ ਗੁਰਦਾਸ ਜੀ ਨੇ ਬਾਣੀ ਅੰਦਰ ਕਥਨ ਕੀਤੇ ਹਨ। ਯਥਾ :

ਕੋਟਿਨ ਕੋਟਾਨ ਮਿਸਟਾਨ ਪਾਨ ਸੁਧਾਰਸ ਪੁਜਸ ਨ ਸਾਧ ਮੁਖ ਮਧੁਰ ਬਚਨ ਕੌ।।
ਸੀਤਲ ਸੁਗੰਧਿ ਚੰਦ ਚੰਦਨ ਕੋਟਾਨ ਕੋਟ ਪੁਜਸ ਨ ਸਾਧ ਮਤਿ ਨਿੰਮ੍ਰਤਾ ਸਚਨ ਕੌ।।
ਕੋਟਿਨ ਕੋਟਾਨ ਕਾਮਧੇਨੁ ਔ ਕਲਪਤਰ ਪੁਜਸ ਨ ਕਿੰਚਤ ਕਟਾਛ ਕੇ ਰਚਨ ਕੌ।।
ਸਰਬ ਨਿਧਾਨ ਛਲ ਸਕਲ ਕੋਟਾਂਨ ਕੋਟਿ ਪੁਜਸ ਨ ਪਰਉਪਕਾਰ ਕੈ ਖਚਨ ਕੌ।।

ਮੇਰਾ ਭਾਵ ਹੈ ਕਿ ਬੀਬੀ ਬਲਵੰਤ ਕੌਰ ਨੂੰ ਇਸ ਪ੍ਰਕਾਰ ਬੀਬੀ ਜੀ ਦਾ ਨਾਮ ਲੈ ਕੇ ਕਹਿਣ ਲੱਗੇ ਕਿ ਬੀਬਾ ਬਲਵੰਤ ਕੌਰ ਜੀ ਜੋ ਤੁਸੀਂ ਡਾਕਟਰੀ ਪਾਸ ਕਰਨ ਤੋਂ ਬਾਅਦ ਅਮਰੀਕਾ ਜਾ ਕੇ ਮੁਰਦੇ ਰੂਹਾਂ ਬੁਲਾਉਣ ਦੀ ਕੁਵਿਦਿਆ ਸਿੱਖਣ ਲੱਗੇ ਸੋ ਉਸ ਵਿਦਿਆ ਵਿਚੋ ਕੀ ਹਾਸਲ ਕੀਤਾ? ਤੇਰਾ ਉਸ ਵਿਦਿਆ ਦੁਆਰਾ ਕੋਈ ਸ਼ਾਂਤੀ ਸੁਖ ਦਾ ਮਸਲਾ ਵੀ ਹੱਲ ਹੋਇਆ ਜਾਂ ਐਸੇ ਬੇਫਾਇਦਾ ਦਿਮਾਗ ਦਾ ਚਿੜਾਨਾ ਤੇ ਸ਼ੁਦਾਪੁਣਾ ਹੀ ਖਰੀਦ ਲਿਆਂਦਾ ਹੈ। ਜੇ ਤੂੰ ਮਹਾਂਪੁਰਸਾਂ ਨਾਲ ਮਿਲ ਕੇ ਸਿਮਰਨ ਦੀ ਮਿਹਨਤ ਕਰਦੀ ਤਾਂ ਜ਼ਰੂਰ ਸ਼ਾਂਤੀ ਸੁਖ ਦੀ ਪ੍ਰਾਪਤੀ ਕਰ ਲੈਂਦੀ। ਬੱਸ ਸੰਤਾਂ ਦੇ ਇਹ ਬਚਨ ਕਹਿਣ ਦੀ ਦੇਰ ਸੀ, ਬੀਬੀ ਤਾਂ ਸੰਤਾਂ ਦੇ ਚਰਨ ਪਰ ਸਿਰ ਰੱਖ ਕੇ ਲੱਗੀ ਵੈਰਾਗ ਕਰਨ।

ਫਿਰ ਸੰਤਾਂ ਕਿਰਪਾ-ਭਰਿਆ ਸਿਰ ਪਰ ਹੱਥ ਰੱਖ ਕੇ ਧੀਰਜ ਦਿੱਤੀ ਅਤੇ ਠੰਢ ਵਰਤਾ ਕੇ ਬੀਬੀ ਜੀ ਨੂੰ ਸਨਮੁਖ ਬੈਠਾ ਲਿਆ ਅਤੇ ਮਹਾਨ ਕ੍ਰਿਪਾ ਕਰਕੇ ਨਾਮ ਦੀ ਦਾਤ ਦਿੱਤੀ ਅਤੇ ਦੱਸਿਆ ਕਿ ਐਸ ਢੰਗ ਨਾਲ ਕਰ ਤੇ ਤੇਰਾ ਦਿਮਾਗ ਵੀ ਸ਼ੁਧ ਹੋ ਜਾਏਗਾ। ਅੱਜ ਉਸ ਬੀਬੀ ਜੀ ਦੀ ਕੋਠੀ ਦਿੱਲੀ ਵਿਚ ਚਰਨ ਪਾ ਕੇ ਪਵਿੱਤਰ ਕੀਤਾ। ਇਸ ਕੋਠੀ ਵਿਚ ਸੰਤ ਤਿੰਨ ਦਿਨ ਰਹੇ ਅਤੇ ਦੋਨੋਂ ਵਕਤ ਸਤਿਸੰਗ ਹੁੰਦਾ ਰਿਹਾ, ਆਮ ਸਮੇਂ ਵਿਚ ਸੰਤਾਂ ਨਾਲ ਪਰਮਾਰਥ ਬਚਨ ਕਰਕੇ ਸੰਗਤਾਂ ਆਪਣੇ ਸ਼ੰਕੇ ਦੂਰ ਕਰਦੇ ਰਹੇ।

ਇਕ ਦਿਨ ਦੀ ਗੱਲ ਹੈ ਕਿ ਸੰਤ ਕੁਰਸੀ ਪਰ ਬਾਹਰ ਧੁੱਪ ਵਿਚ ਬੈਠੇ ਸਨ। ਕਾਫੀ ਮਾਈ ਭਾਈ ਦੀ ਸੰਗਤ ਸੰਤਾਂ ਦੀ ਹਜ਼ੂਰੀ ਬੈਠੀ ਸੀ। ਇਤਨੇ ਨੂੰ ਬੀਬੀ ਬਲਵੰਤ ਕੌਰ ਦੀ ਇੱਕ ਭਰਜਾਈ ਰਾਧਾ ਸੁਆਮੀ ਦੇ ਸਤਿਸੰਗ ਤੋਂ ਆਈ ਅਤੇ ਸੰਤਾਂ ਨੂੰ ਨਮਸ਼ਕਾਰ ਕਰਕੇ ਬੈਠ ਗਈ। ਇਸ ਬੀਬੀ ਬਾਬਤ ਬੀਬੀ ਬਲਵੰਤ ਕੌਰ ਤੇ ਇਕ ਦੋ ਹੋਰ ਬੀਬੀਆਂ ਨੇ ਕਿਹਾ ਕਿ ਮਹਾਰਾਜ ਜੀ ਇਕ ਬੀਬੀ ਬਹੁਤ ਸਤਿਸੰਗਣ ਹੈ। ਸੰਤਾਂ ਨੇ ਸੁਣ ਕੇ ਉਸ ਬੀਬੀ ਵਲ ਇਸ਼ਾਰਾ ਕਰਕੇ ਕਿਹਾ, ਕਿਉਂ ਬੀਬੀ ਤੂੰ ਸਤਸੰਗਣ ਹੈਂ? ਇਹ ਸ਼ਬਦ ਸੰਤਾਂ ਦੇ ਮੁਖਾਰਬਿੰਦ ਵਿਚੋਂ ਤਿੰਨ ਵਾਰੀ ਨਿਕਲਿਆ। ਉਹ ਬੀਬੀ ਤਾਂ ਕੋਈ ਜਵਾਬ ਨਾ ਦੇ ਸਕੀ, ਪਰ ਬੀਬੀ ਬਲਵੰਤ ਕੌਰ ਨੇ ਪੁੱਛਿਆ ਕਿ ਮਹਾਰਾਜ ਜੀਓ, ਸਾਨੂੰ ਇਹ ਗੱਲ ਪੁੱਛਣ ਦਾ ਮਤਲਬ ਸਮਝਾਓ। ਸੰਤਾਂ ਨੇ ਕਿਹਾ ਕਿ ਬੀਬੀ ਜੀ ਸਾਡੇ ਮਤਿ ਵਿਚ ਤਾਂ ਉਹ ਸਤਿਸੰਗੀ ਹੈ, ਜਿਸ ਦਾ ਸਤਿ ਵਸਤੂ ਪਰਮੇਸ਼ਰ ਨਾਲ ਸੰਗ ਹੋ ਗਿਆ ਹੋਵੇ। ਫਿਰ ਉਸੇ ਬੀਬੀ ਵੱਲ ਸੰਬੋਧਨ ਰੂਪ ਇਸ਼ਾਰਾ ਕਰਕੇ ਸੰਤਾਂ ਨੇ ਆਖਿਆ, ਕਿਉਂ ਬੀਬੀ ਜੀ ਤੇਰਾ ਸਤਿਸੰਗ ਹੋ ਗਿਆ ਹੈ? ਤਾਂ ਉਸ ਬੀਬੀ ਨੇ ਕਿਹਾ ਮਹਾਰਾਜ ਜੀਉ ਅਜੇ ਤਕ ਕੋਈ ਸਤਿ ਦਾ ਪਤਾ ਹੀ ਨਹੀਂ ਤੇ ਸਭ ਨਾਲ ਸੰਗ ਕੈਸੇ ਹੋ ਸਕਦਾ ਹੈ। ਆਪ ਜੈਸੇ ਮਹਾਂਪੁਰਸ਼ਾਂ ਦੀ ਕਿਰਪਾ ਹੋਵੇਗੀ ਤਾਂ ਹੀ ਸਤਿ ਨਾਲ ਸੰਗ ਹੋ ਸਕੇਗਾ। ਇਸ ਤੋਂ ਉਪਰੰਤ ਸੰਤ ਧੌਲਪੁਰ ਸੂਬੇਦਾਰ ਮੰਗਲ ਸਿੰਘ ਜੀ ਦੇ ਘਰ ਚਲੇ ਗਏ। ਇਤੀ।

ਧੌਲਪੁਰ ਪ੍ਰੇਮੀਆਂ ਨੂੰ ਤਾਰਨਾ

ਸੰਨ 1950 ਦੇ ਮੱਘਰ ਮਹੀਨੇ ਦੀ ਪਹਿਲੀ ਨੂੰ ਸੰਤ ਆਪਣੇ ਜਥੇ ਸਮੇਤ ਧੌਲਪੁਰ ਜੋ ਕਦੇ ਜਾਟ ਰਿਆਸਤ ਹੁੰਦੀ ਸੀ, ਉਸ ਸ਼ਹਿਰ ਧੌਲਪੁਰ ਵਿਖੇ ਸੂਬੇਦਾਰ ਮੰਗਲ ਸਿੰਘ ਜੀ ਅਹਲੂਵਾਲੀਆ ਰਾਜੇ ਦਾ ਫੋਟੋਗ੍ਰਾਫਰ ਸੀ, ਜੋ ਕਿ ਗੁਰੂ ਘਰ ਦਾ ਬਹੁਤ ਪ੍ਰੇਮੀ ਸੀ, ਬਲਕਿ ਸੰਤ ਸੇਵੀ ਸੀ। ਇਸ ਸਰਦਾਰ ਦੀ ਪਤਨੀ ਤਾਂ ਬਹੁਤ ਸੰਤ ਸੇਵੀ ਸੀ, ਬਲਕਿ ਦੇਵੀ ਦਾ ਹੀ ਰੂਪ ਸੀ। ਪਹਿਲਾਂ ਇਹ ਜੋੜਾ ਸੰਤ ਹਰੀ ਸਿੰਘ ਜੀ ਜੋ ਨਿਰਮਲੇ ਸੰਤ ਸੰਸਕ੍ਰਿਤ ਦੇ ਬਹੁਤ ਵਿਦਵਾਨ ਸਨ। ਸੰਤ ਹਰੀ ਸਿੰਘ ਜੀ ਬਿਰਕਤ ਕੁਟੀਆ ਕਨਖਲ ਰਿਹਾਇਸ਼ ਰੱਖਦੇ ਸਨ ਅਤੇ ਸੰਤ ਜ਼ਿਐਨ ਵਾਲੇ ਬਾਬਾ ਹਰਨਾਮ ਸਿੰਘ ਜੀ ਦੇ ਉਪਦੇਸ਼ੀ ਸਨ। ਇਨ੍ਹਾਂ ਸੰਤਾਂ ਦੇ ਗੂੜ੍ਹੇ ਸੇਵਕ ਸਨ।

ਸੰਤ ਹਰੀ ਸਿੰਘ ਜੀ ਦੇ ਤਿੰਨ ਭਰਾ ਧੌਲਪੁਰ ਰਿਆਸਤ ਦੇ ਬਾਸ਼ਿੰਦੇ ਸਨ। ਜਿਨ੍ਹਾਂ ਦਾ ਨਾਮ ਭਾਈ ਤਾਰਾ ਸਿੰਘ ਜੀ, ਸਰਦਾਰ ਭਗਵਾਨ ਸਿੰਘ ਜੀ ਤੇ ਸ੍: ਕਰਤਾਰ ਸਿੰਘ ਜੀ ਸਨ। ਸ੍: ਮੰਗਲ ਸਿੰਘ ਜੀ ਨੇ ਸੰਤਾਂ ਦੀ ਤੇ ਸੰਤਾਂ ਦੇ ਜਥੇ ਦੀ ਸੇਵਾ ਬਹੁਤ ਪ੍ਰੇਮ ਨਾਲ ਕੀਤੀ ਅਤੇ ਤਿੰਨ ਦਿਨ ਆਪਣੇ ਪਾਸ ਪ੍ਰੇਮ ਨਾਲ ਰੱਖੇ। ਏਥੇ ਹੀ ਸ੍: ਖੇਮ ਸਿੰਘ ਜੀ ਧੌਲਪੁਰੀ ਰਹੀਸ਼ ਸੰਤਾਂ ਨੂੰ ਆ ਕੇ ਮਿਲੇ ਅਤੇ ਸੰਤਾਂ ਦੇ ਸ਼ੁਭ ਉਪਦੇਸ਼ ਲੈ ਕੇ ਗੁਰਮਤ ਨੂੰ ਧਾਰਨ ਕੀਤਾ। ਇਨ੍ਹਾਂ ਦਾ ਇਕ ਪੁੱਤਰ ਵਕੀਲ ਸੋ ਵੀ ਸੰਤਾਂ ਦੇ ਪ੍ਰੇਮੀ ਹੋ ਕੇ ਪ੍ਰੇਮ ਕਰਨ ਲੱਗਾ, ਆਪਣੇ ਘਰ ਸੰਤ ਮਹਾਰਾਜ ਦੁਆਰਾ ਅਖੰਡ ਪਾਠ ਵੀ ਕਰਾਇਆ। ਸ੍: ਖੇਮ ਸਿੰਘ ਜੀ ਮਹਾਰਾਜ ਧੌਲਪੁਰੀਏ ਨੂੰ ਮਿਲਿਆ ਅਤੇ ਸੰਤ ਮਹਾਰਾਜ ਜੀ ਦੀ ਸਿਫਤ ਰਾਜੇ ਪਾਸ ਕੀਤੀ ਕਿ ਐਸੇ ਸਮੇਂ ਅੰਦਰ ਪੂਰਨ ਬ੍ਰਹਮ ਗਿਆਨੀ ਤੇ ਪੂਰਨ ਸੰਤ ਏਥੇ ਧੌਲਪੁਰ ਵਿਖੇ ਆਏ ਹੋਏ ਹਨ। ਰਾਜੇ ਨੇ ਸ੍: ਖੇਮ ਸਿੰਘ ਜੀ ਨੂੰ ਬੜੀ ਨਿੰਮਰਤਾ ਸਹਿਤ ਕਿਹਾ ਕਿ ਐਸੇ ਸੰਤਾਂ ਦਾ ਦਰਸ਼ਨ ਮੈਨੂੰ ਵੀ ਕਰਾਉ। ਸ੍: ਖੇਮ ਸਿੰਘ ਜੀ ਨੇ ਸੰਤਾਂ ਪਾਸ ਆ ਕੇ ਬੇਨਤੀ ਕੀਤੀ ਕਿ ਹਜ਼ੂਰ ਧੌਲਪੁਰੀਆ ਰਾਜਾ ਆਪ ਜੀ ਦੇ ਦਰਸ਼ਨ ਕਰਨ ਦੀ ਬਹੁਤ ਇੱਛਾ ਕਰਦਾ ਹੈ। ਸੰਤਾਂ ਨੇ ਕਿਹਾ ਕਿ ਸ੍: ਖੇਮ ਸਿੰਘ ਜੀ ਇਹ ਗੁਰੂ ਨਾਨਕ ਸਾਹਿਬ ਜੀ ਦਾ ਘਰ ਹੈ। ਏਥੇ ਆਉਣ

ਦੀ ਕਿਸੇ ਵੀ ਗਰੀਬ ਅਮੀਰ ਨੂੰ ਰੁਕਾਵਟ ਨਹੀਂ, ਜਦੋਂ ਵੀ ਚਿੱਤ ਚਾਹੇ ਆ ਸਕਦੇ ਹਨ। ਏਥੇ ਅੱਠੋਂ ਪਹਿਰ ਦਰਵਾਜ਼ੇ ਖੁਲ੍ਹੇ ਰਹਿੰਦੇ ਹਨ। ਖੇਮ ਸਿੰਘ ਜੀ ਰਾਜੇ ਸਾਹਿਬ ਨੂੰ ਸਹਿਤ ਕੁਝ ਅਹਿਲਕਾਰਾਂ ਸ੍ਰ: ਮੰਗਲ ਸਿੰਘ ਜੀ ਦੇ ਘਰ ਲੈ ਕੇ ਆ ਗਿਆ। ਸੰਤ ਉਸ ਸਮੇਂ ਇਕ ਸਧਾਰਨ ਜਿਹੇ ਮੰਜੇ ਪਰ ਬੈਠੇ ਸਨ। ਪਹਿਲਾਂ ਸ੍ਰ: ਖੇਮ ਸਿੰਘ ਜੀ ਨੇ ਨਮਸ਼ਕਾਰ ਕੀਤੀ, ਫਿਰ ਰਾਜੇ ਤੇ ਰਾਜੇ ਦੇ ਬੰਦਿਆਂ ਨੇ ਨਮਸ਼ਕਾਰ ਕੀਤੀ, ਆਪਣੀ ਸ਼ਰਧਾ ਮੁਤਾਬਿਕ ਫਲ ਆਦਿਕ ਭੇਟਾ ਕੀਤੇ।

ਹੁਣ ਇਕ ਸਫ ਪਰ ਕਪੜਾ ਵਿਛਾ ਕੇ ਰਾਜੇ ਦੇ ਸਮੇਤ ਸਾਰਿਆਂ ਨੂੰ ਬਿਠਾਇਆ। ਥੋੜੇ ਜਿਹੇ ਕੁਝ ਬਚਨ ਬਿਲਾਸ ਕੀਤੇ, ਅਖੀਰ ਰਾਜੇ ਨੇ ਬੇਨਤੀ ਕੀਤੀ ਕਿ ਸੰਤ ਜੀ ਮਹਾਰਾਜ ਦਾਸ ਦੀ ਕੋਠੀ ਵਿਚ ਆਪਣੇ ਪਵਿੱਤਰ ਚਰਨ ਪਾ ਕੇ ਕੋਠੀ ਨੂੰ ਵੀ ਪਵਿੱਤਰ ਕਰੋ। ਸੰਤਾਂ ਨੇ ਕਿਹਾ, ਰਾਜਨ! ਅਸੀਂ ਸ਼ਰਾਬ ਮਾਸ ਅਤੇ ਤੰਬਾਕੂ ਪੀਣ ਵਾਲਿਆਂ ਦੇ ਘਰੋਂ ਜਲ ਪਾਣੀ ਨਹੀਂ ਛਕਦੇ। ਰਾਜਨ ਨੇ ਕਿਹਾ, ਹਜ਼ੂਰ ਅੱਜ ਤੋਂ ਦਾਸ ਨੇ ਤੰਬਾਕੂ ਦਾ ਤਿਆਗਣ ਕਰ ਦਿੱਤਾ। ਆਪ ਜੀ ਦੇ ਦਰਸ਼ਨ ਤੇ ਬਚਨ ਸੁਣ ਕੇ ਦੂਸਰੇ ਸ਼ਰਾਬ ਮਾਸ ਦਾਸ ਪਹਿਲੇ ਹੀ ਨਹੀਂ ਵਰਤਦਾ। ਬਲਕਿ ਦਾਸ ਨੇ ਆਪਣੀ ਰਿਆਸਤ ਵਿਚ ਸ਼ਿਕਾਰ ਖੇਲ ਕੇ ਜਾਨਵਰ ਮਾਰਨ ਦੀ ਸਖਤ ਮਨਾਹੀ ਕੀਤੀ ਹੋਈ ਹੈ। ਦਾਸ ਸਰਬ ਜਾਨਵਰਾਂ ਨੂੰ ਸਦਾਵਿਤ ਮੂਜਬ ਦਾਣੇ ਆਦਿ ਖਾਣੇ ਦੀ ਵੀ ਸੇਵਾ ਕਰਦਾ ਹੈ। ਜੋ ਕਲ੍ਹ ਨੂੰ ਆਪ ਜੀ ਨੂੰ ਜਾਨਵਰਾਂ ਦੀ ਸੇਵਾ ਦਾ ਦ੍ਰਿਸ਼ ਵੀ ਦਿਖਾਵਾਂਗਾ। ਇਸ ਤਰ੍ਹਾਂ ਸ਼ਰਧਾ ਭਰੇ ਬਚਨ ਕਹਿ ਕੇ ਰਾਜਾ ਆਪਣੇ ਬੰਦਿਆਂ ਸਮੇਤ ਆਪਣੇ ਮਹਿਲਾਂ ਵਿਖੇ ਚਲਾ ਗਿਆ।

ਇਹ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ। ਆਉਣ ਵਾਲੇ ਦਿਨ ਦੇ ਦਸ ਵਜੇ ਸਨ, ਇਤਨੇ ਨੂੰ ਰਾਜਾ ਆਪਣੀਆਂ ਮੋਟਰਾਂ, ਕਾਰਾਂ ਲੈ ਕੇ ਸੰਤਾਂ ਨੂੰ ਲੈਣ ਵਾਸਤੇ ਆ ਗਿਆ। ਇਕ ਮੋਟਰ ਜਿਸ ਵਿਚ ਦਸ ਬਾਰਾਂ ਬੰਦੇ ਬੈਠ ਜਾਣ, ਸੋ ਸੰਤਾਂ ਦੇ ਪੇਸ਼ ਕੀਤੀ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀਉ, ਇਸ ਮੋਟਰ ਪਰ ਆਪ ਜੀ ਤੇ ਆਪ ਜੀ ਦੇ ਸਾਥੀ ਬੈਠ ਜਾਉ। ਇਸ ਮੋਟਰ ਪਰ ਸਾਰੇ ਸਾਧੂ ਬੈਠ ਗਏ। ਰਾਜਾ ਜੀ ਵੀ ਆਪਣੀ ਕਾਰ ਪਰ ਬੈਠ ਗਿਆ। ਰਾਜਾ ਜੀ ਦੇ ਕਰਮਚਾਰੀ ਵੀ ਆਪਣੀ-ਆਪਣੀ ਕਾਰ ਪਰ ਬੈਠ ਗਏ। ਹੁਣ ਇਹ ਸਾਰਾ ਕਾਫਲਾ ਜੰਗਲ ਵਲ ਨੂੰ ਤੁਰ ਪਿਆ, ਸਾਰਿਆਂ ਤੋਂ ਅੱਗੇ ਰਾਜਾ ਜੀ ਦੀ ਕਾਰ ਸੀ ਦੇ ਮਗਰ ਸੰਤਾਂ ਦੀ ਮੋਟਰ ਸੀ। ਸੰਤਾਂ ਦੀ ਮੋਟਰ ਦੇ ਮਗਰ ਸਾਰੀਆਂ ਕਾਰਾਂ ਸਨ। ਰਾਜਾ ਦੀ ਕਾਰ ਸ਼ਿਕਾਰਗਾਹ ਦੇ ਜੰਗਲ ਵਿਖੇ ਵਿਚਾਲੇ ਜਿਹੇ ਜਾ ਕੇ ਖਲੋ ਗਈ ਅਤੇ ਆਪਣੀ ਕਾਰ ਦਾ ਹਾਰਨ ਦੋ ਤਿੰਨ ਵਾਰੀ ਵਜਾਇਆ, ਰਾਜੇ ਦੀ ਕਾਰ ਦਾ ਹਾਰਨ ਸੁਣ ਕੇ ਸਾਰੇ ਜੰਗਲ ਦੇ ਜੀਵ ਆ ਗਏ। ਉਨ੍ਹਾਂ ਜੀਵਾਂ ਨੂੰ ਕਾਫੀ ਦਾਣੇ ਦੀਆਂ ਬੋਰੀਆਂ ਅੱਧ ਮੀਲ ਵਿਚ ਖਿਲਾਰ ਦਿੱਤੀਆਂ, ਸਾਰੇ ਚੌਪਾਏ ਜੀਵ ਉਸ ਦਾਣੇ ਨੂੰ ਰਲ-ਮਿਲ ਕੇ ਖਾਣ ਲੱਗ ਗਏ। ਕੁਝ ਦਾਣਸ਼ਾ ਝੋਲਿਆਂ ਵਿਚ ਪਾ ਕੇ ਆਪਣੇ ਮੋਢਿਆਂ ਵਿਚ ਲਟਕਾ ਲਏ ਅਤੇ ਰਾਜਾ ਅੱਗੇ ਨੂੰ ਵਧਿਆ, ਤਾਂ ਜਿਤਨੇ ਫੰਗਾ ਵਾਲੇ ਪਰਿੰਦੇ ਸਨ, ਸੋ ਸਭ ਰਾਜਾ ਜੀ ਦੇ ਸਰੀਰ ਪਰ ਆ ਬੈਠੇ। ਰਾਜਾ ਜੀ ਦੇ ਸਰੀਰ ਪਰ ਬੈਠੇ ਹੀ ਝੋਲਿਆਂ ਵਿਚੋਂ ਰਾਜਾ ਦੇ ਹੱਥਾਂ ਵਿਚ ਦਾਣੇ ਖਾਈ ਜਾਂਦੇ ਹਨ। ਇਹਨਾ ਪਰਿੰਦਿਆਂ ਨਾਲ ਰਾਜੇ ਦਾ ਸਰੀਰ ਇਤਨਾ ਢੱਕਿਆ ਗਿਆ ਕਿ ਰਾਜੇ ਦਾ ਸਰੀਰ ਨਹੀਂ ਦਿੱਸ ਰਿਹਾ, ਜਾਨਵਰ ਹੀ ਜਾਨਵਰ ਪਰਿੰਦੇ ਦਿਖਾਈ ਦਿੰਦੇ ਸਨ। ਇਹ ਦ੍ਰਿਸ਼ ਦੋ ਘੰਟੇ ਇਸੇ ਢੰਗ ਨਾਲ ਰਿਹਾ। ਰਾਜੇ ਨੂੰ ਜੰਗਲ ਵਿਚ ਹੀ ਇਨ੍ਹਾਂ ਜਾਨਵਰਾਂ ਵਾਸਤੇ ਪਾਣੀ ਦਾ ਬੰਦੋਬਸਤ ਕੀਤਾ ਹੋਇਆ ਸੀ। ਪਰ ਇਸ ਸ਼ਿਕਾਰਗਾਹ ਵਿਚ ਰਹਿੰਦੇ ਜਾਨਵਰ ਭਾਵ ਖੂੰਨਖਾਰ ਜਾਨਵਰ ਸ਼ੇਰ ਚੀਤੇ ਆਦਿਕ ਨਹੀਂ ਸਨ ਆਉਂਦੇ, ਇਹ ਸਾਰਾ ਦ੍ਰਿਸ਼ ਰਾਜਾ ਅਹਿੰਸਾ ਧਰਮ ਦਾ ਜੀਵ ਪਾਲਕ ਦਾ ਸੰਤਾਂ ਨੂੰ ਦਿਖਾ ਕੇ ਆਪਣੇ ਮਹਿਲਾਂ ਵਲ ਇਸ ਕਾਫਲੇ ਨੂੰ ਲੈ ਆਇਆ। ਮਹੱਲਾਂ ਦੇ ਅੱਗੇ ਇਹ ਕਾਰਾਂ ਦਾ ਕਾਫਲਾ ਖਲੋ ਗਿਆ ਅਤੇ ਰਾਜਾ ਜੀ ਨੇ ਆਪਣੀ ਕਾਰ ਵਿਚੋਂ ਉਤਰ ਕੇ ਸੰਤਾਂ ਦੇ ਚਰਨਾਂ ਪਰ ਬੜੀ ਸ਼ਰਧਾ ਸਿਦਕ ਨਾਲ ਨਮਸ਼ਕਾਰ ਕੀਤੀ ਅਤੇ ਗਲ ਪੱਲਾ ਪਾ ਕੇ ਹੱਥ ਜੋੜ ਕੇ ਖਲੋ ਗਿਆ। ਇਉਂ ਮਲੂਮ ਹੁੰਦਾ ਸੀ ਕਿ ਰਾਜਾ ਜੀ ਅੰਤਰ ਆਤਮੇ ਬੇਨਤੀਆਂ ਕਰ ਰਿਹਾ ਹੈ।

ਹੁਣ ਸੰਤ ਮਹਾਰਾਜ ਜੀ ਵੀ ਆਪਣੀ ਮੋਟਰ ਤੋਂ ਉਤਰੇ ਅਤੇ ਰਾਜਾ ਜੀ ਦੇ ਨਾਲ-ਨਾਲ ਚਲ ਪਏ। ਸਾਰੇ ਸਾਧੂ

ਵੀ ਮੋਟਰ ਤੋਂ ਉਤਰ ਆਏ ਤੇ ਸੰਤਾਂ ਦੇ ਤੇ ਰਾਜੇ ਦੇ ਮਗਰ-ਮਗਰ ਇਹ ਜਥਾ ਚਲ ਪਿਆ। ਸੰਤਾਂ ਦੇ ਸਾਰੇ ਜਥੇ ਨੂੰ ਰਾਜੇ ਨੇ ਇਕ ਮਹਿਮਾਨਖਾਨੇ ਦੇ ਚੰਗੇ ਮਹਿਲਾਂ ਵਿਚ ਉਤਾਰ ਦਿਤਾ, ਜੋ ਮਹਿਲ ਮਹਾਨ ਸੁੰਦਰ ਸੀ ਅਤੇ ਜਿਸ ਵਿਚ ਰਾਜਿਆਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ ਅਤੇ ਮਹਾਨ ਸੁੰਦਰ ਫਰਨੀਚਰ ਸੀ, ਬੜੇ-ਬੜੇ ਕੋਚ, ਗੱਦੀਆਂ, ਸਿਰਹਾਣੇ ਸਨ। ਸਾਰੀ ਸੰਤ ਮੰਡਲੀ ਇਸ ਸੋਹਣੇ ਸੁੰਦਰ ਮਹਿਲ ਵਿਚ ਬੈਠ ਗਏ। ਸੰਤ ਮਹਾਰਾਜ ਜੀ ਨੂੰ ਅੰਦਰ ਰਣਵਾਸ ਮਹਿਲਾਂ ਵਿਚ ਲੈ ਗਿਆ, ਰਣਵਾਸ ਵਿਚ ਸਾਰੀਆਂ ਰਾਣੀਆਂ ਨੇ ਬੜੇ ਪ੍ਰੇਮ ਸ਼ਰਧਾ ਨਾਲ ਸੰਤਾਂ ਦੇ ਦਰਸ਼ਨ ਕੀਤੇ ਅਤੇ ਨਮਸ਼ਕਾਰਾਂ ਕਰਕੇ ਆਪੋ ਆਪਣੀ ਭੇਟਾ ਸੰਤਾਂ ਦੇ ਅੱਗੇ ਰੱਖ ਕੇ ਸ਼ਰਧਾ ਸੰਯੁਕਤ ਹੋ ਕੇ ਹੱਥ ਜੋੜ ਕੇ ਸੰਤਾਂ ਦੇ ਸਨਮੁਖ ਬੈਠ ਗਈਆਂ। ਏਧਰ ਸਾਰੇ ਸਾਧੂਆਂ ਦੇ ਜਥੇ ਨੂੰ ਪ੍ਰਾਹੁਣਚਾਰੀ ਅੰਦਰ ਵਿਚ ਬੇਅੰਤ ਫਲ ਸੇਬ, ਸੰਤਰੇ, ਕੇਲੇ, ਖੁਰਮਾਨੀ, ਅਖਰੋਟ ਤੋਂ ਆਦਿ ਮੇਵਿਆਂ ਦੇ ਥਾਲ ਭੇਜ ਦਿੱਤੇ, ਸੋਡਾ ਵਾਟਰ, ਦੁੱਧ, ਚਾਹ ਆਦਿ ਅਲਹਿਦਾ-ਅਲਹਿਦਾ ਭੇਜ ਦਿੱਤੇ, ਸੰਗਤਾਂ ਨੇ ਖੁਸ਼ੀ-ਖੁਸ਼ੀ ਲੋੜ ਅਨੁਸਾਰ ਛਕੇ। ਸੰਤਾਂ ਦੀ ਜੋ ਰਾਜਾ ਤੇ ਰਾਣੀਆਂ ਨੇ ਖਾਣ-ਪੀਣ ਦੀ ਸੇਵਾ ਕੀਤੀ ਸੋ ਸੰਤ ਮਹਾਰਾਜ ਜੀ ਹੀ ਜਾਣਦੇ ਹੋਣਗੇ। ਦਾਸ ਨੇ ਕਦੇ ਵੀ ਇਹ ਗੱਲ ਨਹੀਂ ਸੀ ਪੁੱਛੀ ਕਿ ਆਪ ਜੀ ਦੀ ਰਾਜਾ ਰਾਣੀਆਂ ਨੇ ਕੀ ਸੇਵਾ ਕੀਤੀ ਸੀ।

ਹੁਣ ਸੰਤ ਵਿਦਾ ਹੋ ਕੇ ਆਪਣੇ ਜਥੇ ਸਮੇਤ ਸੂਬੇਦਾਰ ਮੰਗਲ ਸਿੰਘ ਜੀ ਦੇ ਘਰ ਆ ਗਏ। ਬਹੁਤ ਸਾਰੇ ਕਪੜਿਆਂ ਦੇ ਥਾਨ ਤੇ ਮਾਇਆ ਆਪ ਰਾਜਾ ਜੀ ਨੇ ਸ: ਮੰਗਲ ਸਿੰਘ ਜੀ ਦੇ ਘਰ ਪਹੁੰਚਾ ਦਿੱਤੀ। ਹੁਣ ਗਾਹੇ-ਵਗਾਹੇ ਰਾਜਾ ਸੰਤਾਂ ਦੇ ਦਰਸ਼ਨ ਕਰਦਾ ਰਹਿੰਦਾ, ਜਦੋਂ ਕਿ ਸਾਲ ਦੇ ਸਾਲ ਸੰਤਾਂ ਦਾ ਦੌਰਾ ਇਸ ਇਲਾਕੇ ਦਾ ਹੁੰਦਾ ਅਤੇ ਸੰਤਾਂ ਦੇ ਦਿੱਤੇ ਉਪਦੇਸ਼ ਨੂੰ ਕਮਾਉਦਾ ਰਹਿੰਦਾ ਅਤੇ ਆਪਣੇ ਸ਼ੰਕੇ ਵੀ ਸੰਤਾਂ ਪਾਸੋਂ ਦੂਰ ਕਰਾਉਦਾ ਰਹਿੰਦਾ। ਇਤੀ।

ਸ: ਕਰਤਾਰ ਸਿੰਘ ਤੇ ਸ: ਤਾਰਾ ਸਿੰਘ ਜੀ ਦੇ ਘਰ ਪੰਜ ਅਖੰਡ ਪਾਠ ਕਰਨੇ

ਧੌਲਪੁਰ ਸ਼ਹਿਰ ਵਿਖੇ ਸ: ਮੰਗਲ ਸਿੰਘ ਜੀ ਦੇ ਘਰ ਵਿਚ ਸੰਗਤਾਂ ਨੂੰ ਨਿਹਾਲ ਕਰਦਿਆ, ਧੌਲਪੁਰ ਦੇ ਇਲਾਕੇ ਦੀ ਸੰਗਤ ਜੋ ਕਿ ਪੰਜਾਬੀਆਂ ਦੀ ਹੈ। ਜ਼ਿਆਦਾਤਰ ਮਹਲਪੁਰ ਦੇ ਹਲਕੇ ਦੇ ਗੁਰਸਿੱਖ ਵੱਸਦੇ ਹਨ, ਭਾਵ ਛੋਟੇ ਨੰਗਲ ਤੇ ਗੋਦਪੁਰ ਸਿਰਹਾਲੇ ਆਦਿ ਪਿੰਡਾਂ ਦੇ ਵਸਨੀਕ ਹਨ। ਸੋ ਸਾਰੇ ਮਿਲ ਕੇ ਧੌਲਪੁਰ ਸ: ਮੰਗਲ ਸਿੰਘ ਜੀ ਦੇ ਘਰ ਆਏ ਅਤੇ ਬੜੀ ਸ਼ਰਧਾ ਸ਼ਿਦਕ ਪ੍ਰੇਮ ਨਾਲ ਸੰਤਾਂ ਨੂੰ ਨਮਸ਼ਕਾਰ ਕੀਤੀ, ਆਪਣੀ ਸ਼ਰਧਾ ਦੀ ਭੇਟ ਸੰਤਾਂ ਦੇ ਅੱਗੇ ਅਰਪਣ ਕੀਤੀ ਅਤੇ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ ਕਿ ਗਰੀਬ-ਨਿਵਾਜ਼ ਜੀਉ, ਸਾਡੇ ਇਲਾਕੇ ਵਿਚ ਚਰਨ ਪਾ ਕੇ ਇਲਾਕਾ ਪਵਿੱਤਰ ਕਰੋ ਅਤੇ ਜੀਵਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦਾ ਉਪਦੇਸ਼ ਦੇ ਕੇ ਨਿਹਾਲ ਕਰੋ। ਖਾਸ ਕਰ ਭਾਈ ਤਾਰਾ ਸਿੰਘ ਜੀ ਨੇ, ਸ: ਕਰਤਾਰ ਸਿੰਘ ਜੀ ਨੇ ਬਹੁਤ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਹਜ਼ੂਰ ਅਸੀਂ ਪੰਜ ਅਖੰਡ ਪਾਠਾਂ ਦੀ ਸੁੱਖਣਾ ਸੁਖੀ ਹੋਈ ਹੈ। ਆਪ ਜੀ ਜਥੇ ਸਮੇਤ ਆਏ ਹੋ, ਕ੍ਰਿਪਾ ਕਰਕੇ ਸਾਡੀ ਸੁੱਖਣਾ ਲਾਹ ਜਾਵੋ। ਸੰਤਾਂ ਨੇ ਹੱਸ ਕੇ ਕਿਹਾ, ਭਾਈ ਤਾਰਾ ਸਿੰਘ ਜੀ ਤੇਰੀ ਸੁਖਣਾ ਤਾਂ ਅਸੀਂ ਜ਼ਰੂਰ ਲਾਹ ਕੇ ਜਾਵਾਂਗੇ। ਕਿਉਂਕਿ ਆਪ ਜੀ ਸੰਤ ਬਾਬੇ ਹਰਨਾਮ ਸਿੰਘ ਜੀ ਜਿਐਨ ਵਾਲਿਆ ਦੇ ਕਿਸੇ ਸਮੇਂ ਚਰਨਾਂ ਵਿਚ ਨਿਵਾਸ ਰੱਖਦੇ ਸੋ ਅਤੇ ਪਿਆਰ ਭਰੀ ਸੇਵਾ ਕਰਦੇ ਸੋ। ਉਸ ਸਮੇਂ ਨੂੰ ਯਾਦ ਕਰਕੇ ਅਸੀਂ ਤੇਰੀ ਸੁੱਖਣਾ ਜ਼ਰੂਰ ਲਾਹ ਕੇ ਜਾਵਾਂਗੇ। ਉਸੀ ਦਿਨ ਹੀ ਧੌਲਪੁਰ ਦੇ ਇਲਾਕੇ ਦੀ ਸੰਗਤ ਨਾਲ ਬੜੇ ਪਿਆਰ ਸਹਿਤ ਸਮੇਤ ਸਾਧੂਆਂ ਤੇ ਸੇਵਕ ਮੋਟਰ ਤੇ ਅਸਵਾਰ ਹੋ ਕੇ ਚੱਲ ਪਏ, ਜਿਥੇ ਭਾਈ ਤਾਰਾ ਸਿੰਘ ਤੇ ਕਰਤਾਰ ਸਿੰਘ ਜੀ ਦੇ ਮਕਾਨ ਤੇ ਆ ਕੇ ਆਸਣ ਲਏ। ਸ: ਕਰਤਾਰ ਸਿੰਘ ਜੀ ਦੇ ਪਰਵਾਰ ਨੇ ਬਹੁਤ ਪ੍ਰੇਮ ਸਹਿਤ ਸੇਵਾ ਕੀਤੀ। ਭਾਈ ਤਾਰਾ ਸਿੰਘ ਜੀ ਅਨਵਿਆਹੇ ਬਾਣੀ ਪੜ੍ਹਨ ਵਾਲੇ ਮਹਾਂਪੁਰਸ਼ਾਂ ਦੇ ਸਤਿਸੰਗੀ ਹੀ ਘਰ ਵਿਚ ਰਹਿੰਦੇ ਨਾਮ ਸਿਮਰਨ ਕਰਦੇ ਰਹਿੰਦੇ ਸਨ। ਦੂਸਰਾ ਦਿਨ ਚੜ੍ਹਿਆ, ਸੰਤ ਮਹਾਰਾਜ ਜੀ ਦੀ ਆਗਿਆ ਲੈ ਕੇ ਅਖੰਡ ਪਾਠ ਪ੍ਰਾਰੰਭ ਕਰਨ ਦੀ ਤਿਆਰੀ ਕੀਤੀ, ਜਿਸ

ਧਰਤੀ ਨੂੰ ਅਖੰਡ ਪਾਠਾਂ ਦੁਆਰਾ ਪਵਿੱਤ੍ਰਤਾ ਪ੍ਰਾਪਤ ਹੋਣੀ ਹੈ। ਉਸ ਧਰਤੀ ਨੂੰ ਚੰਗੀ ਮਿੱਟੀ ਲੈ ਕੇ ਲੇਪਨ ਕੀਤਾ ਗਿਆ। ਉਸ ਮਕਾਨ ਨੂੰ ਸੁੰਦਰ ਕਪੜਿਆਂ ਦੁਆਰਾ ਸਾਲੂ ਫੁਲਕਾਰੀਆ ਲਾ ਕੇ ਸਜਾਇਆ ਗਿਆ, ਬੜਾ ਸੁੰਦਰ ਚੰਦੋਆ ਤਾਣ ਕੇ ਕੇਲੇ ਆਦਿ ਦੀ ਵੇਚਕਾ ਬਣਾ ਕੇ ਸਵੱਛ ਫਰਸ਼ ਬਿਛਾਇਆ ਗਿਆ, ਫਰਸ਼ ਦੇ ਉਪਰ ਸੁੰਦਰ ਖੇਸ ਚਾਦਰਾਂ ਆਦਿ ਵਿਛਾਈਆਂ ਗਈਆਂ ਅਤੇ ਸੁਗੰਧੀ ਤੇ ਸੁਗੰਧੀਦਾਰ ਧੂਪ ਧੁਖਾਈ ਗਈ। ਇਕ ਪਾਸੇ ਪਾਣੀ ਦਾ ਨਵਾਂ ਘੜਾ ਭਰ ਕੇ ਰਖਿਆ ਗਿਆ, ਨਾਰੀਅਲ ਫਲ ਜੋ ਪਵਿਤਰਤਾ ਮੂਲ ਅਤੇ ਗੁਰਗੱਦੀ ਦੇ ਸਵੱਛ ਚਿੰਨ੍ਹ ਪੰਜ ਪੈਸੇ ਆਦਿਕ ਰਖੇ ਗਏ। ਫਿਰ ਗੁਰਦੁਆਰੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਰਤਨ ਕਰਦਿਆਂ ਇਸ ਜਗ੍ਹਾ ਵਿਚ ਲਿਆਂਦੇ ਗਏ ਅਤੇ ਬੜੇ ਚੰਗੇ ਢੰਗ ਨਾਲ ਪ੍ਰਕਾਸ਼ ਕੀਤਾ ਗਿਆ। ਤਿਆਰ-ਬਰ-ਤਿਆਰ ਸਿੰਘਾਂ ਨੇ ਸਾਰੇ ਬਰਤਨ ਸੋਧ ਕੇ ਗੁਰਮਤਿ ਰੀਤੀ ਅਨੁਸਾਰ ਕੜਾਹ ਪ੍ਰਸ਼ਾਦਿ ਸਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲੈ ਆਏ, ਅਖੰਡ ਪਾਠ ਦੀ ਸਾਰੀ ਤਿਆਰੀ ਨੀਚੇ ਲਿਖੇ ਕਬਿਤ ਅਨੁਸਾਰ ਕੀਤੀ ਗਈ।

ਕਬਿੱਤ— ਬੇਦ ਕਾ ਬਨਾਏ ਕਰ ਲੇਪਨ ਪਵਾਏ ਪੁਨਾ ਫਰਸ਼ ਵਛਾਏ ਕਰ ਔਰ ਜਗਾ ਸੁਭ ਜੋਗ ਕੌ।
ਉਤਰ ਔਰ ਪੂਰਬ ਮੁਖਾਰਬਿੰਦ ਬੀਜੀਅਤ ਚਾਨਣੀ ਲਗਾਏ ਕਰ ਕਰੇ ਵਾਕ ਪ੍ਰਯੋਗ ਕੌ।
ਧੂਪ ਕੌ ਧੁਖਾਏ ਕਰ ਦੂਰ ਬਾਸਨਾ ਮਿਟਾਏ ਕਰ ਧਾਰ ਦੈਵੀ ਗੁਣ ਕਰ ਧਯਾਨ ਗੁਰੂ ਲੋਕ ਕੌ।
ਬਾਕਿ ਆਦਿ ਇੱਛੇ ਨਿਰੋਧ ਕਰੇ ਪਾਠੀ ਸਭ ਪੁਨ ਕੌ ਨ ਪਾਰਾ ਵਾਰ ਸੁਨੈ ਜੋਈ ਭੋਗ ਕੇ।

(ਪੰਡਿਤ ਗੁਲਾਬ ਸਿੰਘ ਗ੍ਰੰਥ, ਸਿਖਯਾ ਪ੍ਰਭਾਕਰ)

ਗੱਲ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਲਾਂ ਪ੍ਰਕਾਰ ਦੀ ਪੂਜਾ ਕਰਕੇ ਅਖੰਡ ਪਾਠ ਪ੍ਰਾਰੰਭ ਕੀਤਾ। ਪੂਜਾ ਸੋਲਾਂ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਹਾਤਮ ਭਾਈ ਗੁਰਦਾਸ ਜੀ ਦੀ ਜ਼ਬਾਨੀ ਕਾਂਸ਼ੀ ਵਿਚ ਵਿਦਵਾਨ ਪੰਡਿਤਾਂ ਨਾਲ, ਸੋਲਾਂ ਤਰ੍ਹਾਂ ਦੀ ਪੂਜਾ ਅਰਥ ਹੈ। ਸੋਲਾਂ ਤਰ੍ਹਾਂ ਦੀ ਪੂਜਾ ਅੱਗੇ ਲਿਖਾਂਗਾ। ਸਮੂਹ ਦਰੱਖਤ ਦੇ ਪੱਤੇ, ਗੰਗਾ, ਬਿਜਲੀ ਵਾਂਗ, ਨਮਸ਼ਕਾਰ :

ਅੰਸੁ ੪ ਯਥਾ। ਦੋਹਰਾ। ਬਾਣੀ ਸਾਸਤ੍ ਵੇਦ ਦੇ ਅਰਥ ਫਲ ਯਦਿਪ ਵਿਚਾਰੈ ਧਾਰਿ।।
ਸ੍ਰੀ ਗੁਰੂ ਗ੍ਰੰਥ ਵਿਲੋਕੇ ਦੇਵ ਵੇਗ ਫਲ ਚਾਰ।। ੧੦।।

ਅੜਿੱਲ।। ਨਿਤ ਪ੍ਰਤਿ ਰੁਚਿ ਉਰ ਧਾਰਿ ਦਰਸ ਗੁਰ ਕੀਜੀਐ।। ਸਿਖਲ ਜਨਮ ਤਪ ਪਾਪ ਖਿਨ ਹਰਿ ਦੀਜੀਐ।।
ਕੋਟ ਜਗ ਫਲ ਦਾਨ ਸੁਨਤਿ ਗਵਿ ਭਾਵਨੀ ਤੋ ਹੋਤਿ ਮੋਖ ਅਧਿਕਾਰ ਪ੍ਰਵਤਿ ਦੁਤਿ ਦਾਮਨੀ।। ੧੧।।
ਸਾਦਰ ਸੋੜ ਸੰਭਰਤਿ ਯੁਤਿ ਮਤਿ ਮਾਨਵੀ।।

ਇਸ ਤੁਕ ਦਾ ਦੂਸਰਾ ਪਦ ਇਸ ਤਰ੍ਹਾਂ ਹੈ।

ਸਾਦਰ ਖੋੜਸ ਤਾਂਤਿ ਅਰ ਚਿਤ ਮਤਿ ਮਾਨਵੀ।। ਜਨਮ ਮਰਨ ਕਟਿ ਦੋਖ ਪਾਪ ਸਿਵ ਬ੍ਰਹਮਾਦਿਕ ਸੁਰ ਬ੍ਰਿੰਦ ਤਹਿ ਉਸਤਤਿ ਹਰੈ।। ਹੋ ਨਿਜ ਕਰ ਪੁਸਪਹਿ ਬਿਸਨ ਗ੍ਰੰਥ ਪਰ ਲੈ ਪਰੈ।। ੧੦੧।। ਮਹਿ ਮਹਿ ਤੀਰਥ ਦਿਗ ਈਸ਼ ਸ਼ੇਸ਼ ਸਾਰਦ ਰਹੈ।। ਸ੍ਰੀ ਚਰਨਾਮ੍ਰਿਤ ਸਾਰ ਵਰਗ ਅਗ ਸਭ ਟਰੈ।। ਮੁਪਾਰ ਹੋਣ ਪ੍ਰਗਟ ਗਿਰਾ ਅਘ ਖੰਡਨੀ।। ਹੋ ਦੋਖ ਦਾਰਿਦ੍ ਸੰਤਾਪ ਪਾਪ ਬਲ ਦੰਡਨੀ।। ੨੩।। ਜਾਸ ਸਦਨ ਗ੍ਰੰਥ ਗਿਰਾ ਆਲਾਪ ਹੀ।। ਪੁਨ ਪੁਨ ਸ੍ਰੀ ਗੁਰੂ ਗਯਾਨ ਧਯਾਨ ਜਪ ਜਾਪ ਹੀ।। ਸੋ ਬੈਕੁੰਠ ਪ੍ਰਤਾਪ ਤਹਾਂ ਛਿਨ ਨ ਟਰੈ।। ਹੋ ਸਭ ਸੰਪਦ ਰਿਧਿ ਸਿਧਿ ਰਮਾ ਨਿਜ ਘਰ ਕਰੈ।। ੧੪।। ਤਾ ਤੇ ਤਜਹੁ ਅਸਾਰ ਜਾਨਿ ਮਤਿ ਮੰਦਨੀ ਇਸ ਸਰਵੋਤਮ ਸਾਰ ਭਰਮ ਭਵ ਕੰਦਨੀ।। ਕਾਲ ਕਲਿ ਕੁਲਹਾਰ ਅਵਾਰ ਬਿਨਾਸਨੀ।। ਹੋ ਅਲਪ ਕਹਯੋ ਬਹੁ ਜਾਨਿ ਗ੍ਰੰਥ ਸੁਖ ਵਾਸ਼ਨੀ।। ੧੫।। ਸੋਰਠਾ।। ਸ੍ਰੀ ਗੁਰੂ ਗ੍ਰੰਥ ਮਹਾਨ ਪ੍ਰਗਟ ਬੋਧ ਬਧ ਮਾਨੀਏ।। ਸ੍ਰੀ ਗੁਰੂ ਕਹਯੋ ਬਖਾਨ ਮਮ ਸਰੂਪ ਭਵ ਸੇਤ ਏਹ।। ੧੬।।

ਸੋਲਾਂ ਤਰ੍ਹਾਂ ਦੀ ਪੂਜਾ ਗੁਰੂ ਗ੍ਰੰਥ ਸਾਹਿਬ ਜੀ ਦੀ

ਜਿਸ ਜਗ੍ਹਾ ਪ੍ਰਕਾਸ਼ ਕਰਨਾ ਹੈ। ਜੇ ਪੱਕਾ ਫਰਸ਼ ਹੈ ਤਾਂ ਜਲ ਨਾਲ ਅੱਛੀ ਤਰ੍ਹਾਂ ਧੋਣਾ ਕੇ ਕੱਚਾ ਹੈ ਤਾਂ ਮਿੱਟੀ ਦਾ

ਲੇਪਨ ਕਰਨ, ਗੋਹਾ ਮਿੱਟੀ ਵਿਚ ਨਹੀਂ ਪਾਉਣਾ, ਚੰਦੋਆ ਤਾਨਣਾ, ਸਵੱਛ ਬਸਤਰ ਤਲਾਈ ਆਦਿ ਦੁਆਰਾ ਵਿਛਾਈ ਕਰਨੀ। ਬੜੇ ਸਤਿਕਾਰ ਸਹਿਤ ਕੀਰਤਨ ਕਰਦਿਆਂ ਘਰ ਵਿਚ ਲਿਆਉਣਾ। ਅਦਬ ਸਹਿਤ ਪ੍ਰਕਾਸ਼ ਕਰਨਾ, ਬਸਤਰ ਪਹਿਰਾਣਾ, ਭਾਵ ਰੁਮਾਲੇ ਚੜ੍ਹਾਣੇ। ਅਦਬ ਸਹਿਤ ਚੌਰ ਕਰਨਾ। ਸੇਹਰੇ ਫੁਲ ਮਾਲਾਂ ਅਤੇ ਫੁਲ ਭੇਟ ਕਰਨੇ। ਕੀਰਤਨ ਕਰਨਾ, ਪ੍ਰਸ਼ਾਦਿ ਭੇਟ ਕਰਨਾ। ਧੂਪ ਧੁਖਾਣੀ। ਖੁਸ਼ਬੋਈ ਅਤਰ ਕਿਉੜਾ ਆਦਿ ਛਿੜਕਣਾ। ਸਵੱਛ ਘੀ ਦੁਆਰਾ ਜਾਂ ਬਿਜਲੀ ਦੁਆਰਾ ਰੋਸ਼ਨੀ ਕਰਨੀ। ਪਰਕਰਮਾਂ ਕਰਨੀਆਂ, ਮੱਥਾ ਟੇਕਣਾ। ਆਰਤੀ ਕਰਨੀ, ਮੇਰਾ ਭਾਵ ਹੈ ਇਸ ਪ੍ਰਕਾਰ 16 ਤਰ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਜਨ ਕਰਕੇ ਅਰਦਾਸ ਸੋਧ ਕੇ ਅਖੰਡ ਪਾਠ ਪ੍ਰਾਰੰਭ ਕਰ ਦਿੱਤਾ।

ਪੰਜ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਬੜਾ ਸ਼ੁਧ ਪਾਠ ਕਰਨ ਵਾਲੇ ਮਾਸ, ਸ਼ਰਾਬ ਨਾ ਖਾਣ ਪੀਣ ਵਾਲੇ। ਇਸ ਤਰ੍ਹਾਂ ਦੇ ਜਪੁਜੀ ਸਾਹਿਬ ਦੇ ਪਾਠੀ ਇਸ ਤਰ੍ਹਾਂ ਦੇ ਸਤੋਗੁਣੀ ਧੂਪ ਕਰਨ ਵਾਲੇ ਗੁਰਸਿੱਖ, ਜੋ ਕਿ ਹਰ ਸਮੇਂ ਮੂਲ-ਮੰਤ੍ਰ ਦਾ ਪਾਠ ਕਰਦੇ ਰਹਿਣ ਅਤੇ ਪਹਿਰੇਦਾਰ ਆਏ ਗਏ ਨੂੰ ਪ੍ਰਸ਼ਾਦਿ ਦੇਣ ਵਾਲਿਆਂ ਦਾ, ਘਰ ਵਾਲਿਆਂ ਦਾ ਬੰਦੋਬਸਤ ਕੀਤਾ ਗਿਆ, ਅਖੰਡ ਪਾਠੀ ਜਪੁਜੀ ਪਾਠੀ ਧੂਪ ਕਰਨੇ ਵਾਲੇ, ਆਪਣੀ ਡਿਊਟੀ ਤੋਂ ਉਠ ਕੇ ਐਸੇ ਗਪੌੜੇ ਵਾਲੇ ਨਾ ਬਨਣ, ਬਖਛੇਪਤਾ ਵਾਲਾ ਕੋਈ ਐਸਾ ਕਾਰਜ ਨਾ ਕਰਨ, ਆਪਣੀ ਨਿਤਨੇਮ ਬਾਣੀ ਪੜ੍ਹਨ, ਸਿਮਰਨ ਕਰਨ। ਅਖੰਡ ਪਾਠ ਸਮੇਂ ਇਹ ਸਾਰੀਆਂ ਚੀਜ਼ਾ ਅਖੰਡ ਰਹਿਣੀਆਂ ਚਾਹੀਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ, ਜਪੁ ਜੀ ਸਾਹਿਬ ਦਾ ਅਖੰਡ ਪਾਠ, ਧੂਪੀਏ ਦਾ ਮੂਲ-ਮੰਤ੍ਰ ਦਾ ਅਖੰਡ ਪਾਠ, ਨਿਰੰਜਨੀ ਜੋਤ ਇਕ ਰਸ ਅਖੰਡ ਹੋਣੀ ਚਾਹੀਏ। ਕੁੰਭ ਦਾ ਜਲ ਪੂਰਨ ਹੋਣਾ ਚਾਹੀਏ, ਨਾਰੀਅਲ ਲਾਜ਼ਮੀ ਹੋਣਾ ਚਾਹੀਏ। ਇਸ ਢੰਗ ਨਾਲ ਇਸ ਘਰ ਵਿਚ ਸ੍ਰ: ਕਰਤਾਰ ਸਿੰਘ ਜੀ ਦੇ ਪੰਜ ਅਖੰਡ ਪਾਠ ਕੀਤੇ ਗਏ। ਦੋਨੋਂ ਵਕਤ ਕੀਰਤਨ ਤੇ ਕਥਾ ਦੁਆਰਾ ਸੰਤਿਸੰਗ ਹੁੰਦਾ ਰਿਹਾ। ਬਾਕੀ ਪਰਮਾਰਥ ਦੇ ਬਚਨ ਸੰਤ ਮਹਾਰਾਜ ਜੀ ਤੋਂ ਅਲਹਿਦਗੀ ਵਿਚ ਵੀ ਪੁਛ ਪੁਛ ਕੇ ਪਰਮਾਰਥ ਦਾ ਲਾਭ ਲੈਂਦੇ ਰਹੇ, ਏਸ ਦੌਰੇ ਵਿਚ ਧੋਲਪੁਰ ਦੇ ਵਸਨੀਕਾਂ ਨੂੰ ਸਵੈ-ਅਰਥ ਅਤੇ ਪਰਮਾਰਥ ਦਾ ਬਹੁਤ ਲਾਭ ਪਹੁੰਚਾ, ਇਨ੍ਹਾਂ ਤਿੰਨਾਂ ਭਰਾਵਾਂ ਸ੍ਰ: ਤਾਰਾ ਸਿੰਘ, ਸ੍ਰ: ਕਰਤਾਰ ਸਿੰਘ, ਸ੍ਰ: ਭਗਵਾਨ ਸਿੰਘ ਵਿਚ ਵੀ ਆਪਣੀ ਜ਼ਮੀਨ ਵੰਡ ਦਾ ਅਤੇ ਮਾਇਆ ਦਾ ਕਾਫੀ ਝਗੜਾ ਸੀ, ਜੋ ਮੁਕੱਦਮਾਂ ਬਣ ਕੇ ਸੰਤਾਂ ਦੀ ਹਜ਼ੂਰੀ ਵਿਚ ਆਇਆ। ਸੰਤਾਂ ਨੇ ਬੜੇ ਸੁੱਚੇਜੇ ਢੰਗ ਨਾਲ ਇਨ੍ਹਾਂ ਦਾ ਫੈਸਲਾ ਕਰ ਦਿੱਤਾ। ਪੰਜ ਸੌ ਰੁਪਿਆ ਤਾਰਾ ਸਿੰਘ ਜੀ ਵਲ ਨਿਕਲਿਆ ਸ੍ਰ: ਭਗਵਾਨ ਸਿੰਘ ਨੂੰ ਦੇਣਾ। ਸ੍ਰ: ਭਗਵਾਨ ਸਿੰਘ ਜੀ ਨੇ ਬੇਨਤੀ ਕੀਤੀ ਕਿ ਹਜ਼ੂਰ ਭਾਈ ਤਾਰਾ ਸਿੰਘ ਜੀ ਮੁੱਕਰ ਜਾਂਦੇ ਹਨ, ਇਨ੍ਹਾਂ ਨੇ ਮੈਨੂੰ ਦੇਣਾ ਨਹੀਂ, ਸੰਤ ਆਪ ਪੰਜ ਸੌ ਰੁਪਿਆ ਤਾਰਾ ਸਿੰਘ ਜੀ ਵਲੋਂ ਦੇਣ ਦੇ ਜਾਮਨ ਬਣ ਗਏ। ਇਹ ਫੈਸਲਾ ਕਰਕੇ ਰਾਤ ਨੂੰ ਬਿਰਾਜ ਗਏ। ਅੰਮ੍ਰਿਤ ਵੇਲੇ ਨਿਤਨੇਮ ਤੋਂ ਉਪਰੰਤ ਦਾਸ ਲਿਖਾਰੀ ਨੂੰ ਸੰਤ ਮਹਾਰਾਜ ਜੀ ਨੇ ਆਪਣੇ ਪਾਸ ਸੱਦਿਆ ਅਤੇ ਦਾਸ ਨੇ ਕਿਹਾ ਕਿ ਜੋਧ ਸਿੰਘ ਅਸੀਂ ਭਾਈ ਤਾਰਾ ਸਿੰਘ ਦੇ ਪੰਜ ਸੌ ਰੁ: ਦੇਣ ਦੇ ਜਾਮਨ ਕੱਲ੍ਹ ਬਣੇ ਹਾਂ। ਜਾਮਨੀ ਨਿਭਾਣੀ ਬੜੀ ਔਖੀ ਹੁੰਦੀ ਹੈ। ਫੇਰ, ਫੇਰ ਹੀ ਗੱਲ ਬਣ ਜਾਂਦੀ ਹੈ। ਅਸੀਂ ਚਾਹੁੰਦੇ ਹਾਂ ਹੁਣ ਹੀ ਜਾਮਨੀ ਪੂਰੀ ਕੀਤੀ ਜਾਏ। ਦਾਸ ਨੇ ਆਖਿਆ, ਮਹਾਰਾਜ ਜੀਉ ਇਹ ਗੱਲ ਬਹੁਤ ਬਿਹਤਰ ਹੈ।

ਸੰਤਾਂ ਨੇ ਕਿਹਾ, ਲਿਆ ਫੇਰ ਪੰਜ ਸੌ ਰੁਪਏ। ਸੰਤਾਂ ਦੇ ਹੱਥ ਦੇ ਦਿੱਤਾ, ਸੰਤਾਂ ਨੇ ਅੱਗੇ ਸਾਰਿਆਂ ਦੇ ਸਾਹਮਣੇ ਸ੍ਰ: ਭਗਵਾਨ ਸਿੰਘ ਨੂੰ ਦੇ ਦਿੱਤਾ। ਸਾਰੇ ਹੈਰਾਨ ਸਨ ਕਿ ਸੰਤਾਂ ਨੇ ਇਤਨੀ ਕਾਹਲੀ ਕਿਉਂ ਕੀਤੀ। ਸੰਤ ਬਿਸ਼ਨ ਸਿੰਘ ਜੀ ਨੇ ਕਿਹਾ ਵੀ ਕਿ ਮਹਾਰਾਜ ਜੀਉ ਜ਼ਮਾਨਤ ਦੇਣ ਦੀ ਬੜੀ ਕਾਹਲੀ ਕੀਤੀ ਹੈ, ਫੇਰ ਦੇ ਦਿੰਦੇ। ਸੰਤਾਂ ਨੇ ਕਿਹਾ, ਬਿਸ਼ਨ ਸਿੰਘ ਜੀ ਇਸ ਵਿਚ ਵੀ ਕੋਈ ਕਾਰਨ ਹੈ। ਜਾਮਨੀ ਪੂਰੀ ਕੀਤੀ ਹੀ ਚੰਗੀ ਹੁੰਦੀ ਹੈ। ਏਥੋਂ ਫਿਰ ਸੰਤਾਂ ਸਮੇਤ ਜਥਾ ਬਾੜੀ ਕਸਬੇ ਦੇ ਨੇੜੇ ਲਹੌਰੀਆਂ ਦੇ ਗਏ। ਲਹੌਰੀਏ ਸ੍ਰ: ਕਰਤਾਰ ਸਿੰਘ, ਸ੍ਰ: ਹਰੀ ਸਿੰਘ ਇਨ੍ਹਾਂ ਦਾ ਭਤੀਜਾ ਈਸ਼ਰ ਸਿੰਘ, ਇਨ੍ਹਾਂ ਲਹੌਰੀਆਂ ਨੇ ਸੰਤਾਂ ਦੇ ਹੁਕਮ ਵਿਚ ਪਾਕਿਸਤਾਨ ਤੋਂ ਆ ਕੇ ਏਥੇ ਜ਼ਮੀਨ ਲਈ ਸੀ। ਇਨ੍ਹਾਂ ਨੂੰ ਜਿਵੇਂ ਸੰਤ ਮਹਾਰਾਜ ਜੀ ਦਾ ਸਤਿਸੰਗ ਹੋਇਆ, ਸੋ ਅੱਗੇ ਚੱਲ ਕੇ ਲਿਖਾਂਗਾ। ਲਹੌਰੀਆਂ ਪਾਸ ਦੋ ਰਾਤਾਂ ਰਹਿ ਕੇ

ਇਹ ਵਾਪਸ ਧੌਲਪੁਰ ਸ੍: ਮੰਗਲ ਸਿੰਘ ਜੀ ਦੇ ਘਰ ਆ ਗਏ। ਅੰਮ੍ਰਿਤ ਵੇਲੇ ਬੰਬੇ ਐਕਸਪ੍ਰੈਸ ਪਰ ਅਸਵਾਰ ਹੋ ਕੇ ਹਜ਼ੂਰ ਸਾਹਿਬ ਸੱਚਖੰਡ ਨਾਦੇੜ ਦੱਖਣ ਨੂੰ ਚਲ ਪਏ। ਇਸ ਤਰ੍ਹਾਂ ਤਾਰਾ ਸਿੰਘ ਜੀ ਦੀ ਜਾਮਨੀ ਦੇ 500 ਰੁ: ਦਿੱਤਾ ਸੀ। ਸੋ ਅੱਠਵੇਂ ਦਿਨ ਕਾਲਵੱਸ ਹੋ ਗਿਆ, ਫਿਰ ਸੰਤਾਂ ਦੀ ਅੰਤਰ-ਆਤਮਾ ਦਾ ਸਾਰਿਆਂ ਨੂੰ ਨਿਸ਼ਚਾ ਹੋ ਗਿਆ ਕਿ ਏਹੀ ਕਾਰਨ ਸੀ ਸੰਤ ਜਾਮਨੀ ਭੁਗਤਾਨ ਦਾ। ਫੇਰ ਭਾਵੇਂ ਵੀ ਸ੍: ਕਰਤਾਰ ਸਿੰਘ ਨੇ ਆਸਤੇ-ਆਸਤੇ ਕਰਕੇ ਦਿੱਤੇ, ਪਰ ਉਸ ਸਮੇਂ ਸੰਤਾਂ ਨੇ ਜਾਮਨੀ ਪੂਰੀ ਕੀਤੀ।

ਹਜ਼ੂਰ ਸਾਹਿਬ ਸੱਚਖੰਡ ਵਿਚ ਸੰਤਾਂ ਦੇ ਕੌਤਕ

ਸੰਤ ਮਹਾਰਾਜ ਜੀ ਆਪਣੇ ਸੇਵਕਾਂ ਤੇ ਸਾਧ ਜਥੇ ਸਮੇਤ ਅੰਮ੍ਰਿਤ ਵੇਲੇ ਬੰਬੇ ਐਕਸਪ੍ਰੈਸ ਰੇਲ ਗੱਡੀ ਵਿਚ ਅਸਵਾਰ ਹੋ ਕੇ ਚਲ ਪਏ, ਰਸਤੇ ਵਿਚ ਦੋ ਰਾਤਾਂ ਸਫਰ ਕਰਕੇ ਹਜ਼ੂਰ ਸਾਹਿਬ ਸੱਚਖੰਡ ਨਾਦੇੜ ਜਾਣ ਵਾਸਤੇ ਜੰਕਸ਼ਨ ਸਟੇਸ਼ਨ ਤੋਂ ਛੋਟੀ ਲਾਈਨ ਪਰ ਚਲਣ ਵਾਲੀ ਤਬਦੀਲੀ ਕੀਤੀ, ਹੁਣ ਛੋਟੀ ਲਾਈਨ ਪਰ ਸਫਰ ਸ਼ੁਰੂ ਹੋ ਗਿਆ। ਇਹ ਸਫਰ ਚਾਰ ਪਹਿਰ ਦਾ ਨਾਦੇੜ ਸਟੇਸ਼ਨ ਪਰ ਗੱਡੀ ਤੋਂ ਉਤਰ ਕੇ ਨਗੀਨਾ ਘਾਟ ਗੁਰਦੁਆਰੇ ਦੇ ਨੇੜੇ ਨਿਹੰਗੀ ਬੁੰਗੇ ਵਿਚ ਆਸਣ ਲਾ ਲਏ। ਜਿਸ ਅਸਥਾਨ ਨੂੰ ਬਾਬੇ ਮਸਤੂਆਣੀਆਂ ਨੇ ਆਪਣੀ ਤਪੱਸਿਆ ਦੁਆਰਾ ਪਵਿੱਤਰ ਕੀਤਾ ਸੀ ਭਾਵ ਸਵਾ ਲੱਖ ਪਾਠ ਜਪੁ ਜੀ ਸਾਹਿਬ ਦੇ ਕੀਤੇ ਸਨ। ਸਾਰੇ ਸੱਚਖੰਡ ਗੁਰਦੁਆਰੇ ਵਿਖੇ ਇਹ ਖਬਰ ਹੋਣ ਤੋਂ ਕਿ ਹਰਖੋਵਾਲੀਏ ਸੰਤ ਆ ਗਏ ਹਨ, ਸਾਰਿਆਂ ਗੁਰਸਿੱਖਾਂ ਦੇ ਮਨ ਵਿਚ ਖੁਸ਼ੀ ਦੀਆਂ ਲਹਿਰਾਂ ਦੌੜ ਪਈਆਂ, ਸਾਰਿਆਂ ਨੇ ਸੰਤਾਂ ਦੇ ਦਰਸ਼ਨ ਵਾਸਤੇ ਵਹੀਰਾਂ ਘੱਤ ਲਈਆ। ਮਾਈ ਭਾਈ ਆ ਆ ਕੇ ਦਰਸ਼ਨ ਕਰਦੇ ਤੇ ਨਮਸ਼ਕਾਰਾਂ ਕਰਕੇ ਆਪੋ ਵਿਚ ਦੀ ਸੁੱਖ ਅਨੰਦ ਪੁਛ ਕੇ ਅਨੰਦ ਮਾਣਦੇ ਹਨ। ਖਾਸ ਕਰ ਸੰਤ ਰਾਮ ਸਿੰਘ ਜੀ ਜਿਨ੍ਹਾਂ ਦੀ ਨਾਮਧਾਰੀ ਸੰਗਿਆ ਸੀ ਪਰ ਉਂਝ ਸੰਤ ਮਹਾਰਾਜ ਬਾਬਾ ਆਇਆ ਸਿੰਘ ਸਾਹਿਬ ਜੀ ਦੇ ਸ਼ਰਧਾਲੂ ਸੇਵਕ ਸਨ ਅਤੇ ਸੰਤ ਮਹਾਰਾਜ ਜੀ ਦੇ ਗੁਰਭਾਈ ਸਨ। ਮੋਨੀ ਜੋਗਿੰਦਰ ਸਿੰਘ ਜੀ ਦੇ ਉਪਦੇਸ਼ਕ ਗੁਰਦੇਵ ਸਨ। ਸੋ ਜੋਗਿੰਦਰ ਸਿੰਘ ਜੀ ਨੂੰ ਬੜੀ ਸ਼ਰਧਾ ਸੰਯੁਕਤ ਅਤੇ ਪਿਆਰ ਸਹਿਤ ਸੰਤਾਂ ਦੇ ਦਰਸ਼ਨ ਨੂੰ ਆਏ ਅਤੇ ਮਿਲ ਕੇ ਪ੍ਰਸੰਨ ਹੋਈ, ਅਤੇ ਭੋਜਨ ਵਾਸਤੇ ਬੇਨਤੀ ਕੀਤੀ, ਸੰਤਾਂ ਨੇ ਖੁਸ਼ੀ ਖੁਸ਼ੀ ਪ੍ਰਵਾਨਗੀ ਦਿੱਤੀ।

ਦੂਸਰੇ ਦਿਨ ਮੋਨੀ ਜੀ ਦੇ ਅਸਥਾਨ ਪਰ ਜਾ ਕੇ ਸਾਰੀ ਸੰਗਤ ਨੇ ਪ੍ਰਸ਼ਾਦਿ ਭੋਜਨ ਛਕੇ। ਬੁੰਗੇ ਵਿਚ ਆਸਣ ਲਾਉਂਦੇ ਸਾਰ ਸਾਰੇ ਸਿੱਖ ਸੇਵਕਾਂ ਨੂੰ ਇਕੱਤਰ ਕਰਕੇ ਸੱਚਖੰਡ ਦੀ ਪਵਿੱਤਰਤਾ ਦੱਸੀ ਅਤੇ ਸੱਚਖੰਡ ਦੀ ਯਾਤਰਾ ਸਫਲ ਕਰਨ ਦਾ ਉਪਦੇਸ਼ ਦਿੱਤਾ। ਏਥੇ ਸੱਚਖੰਡ ਦੇ ਗੁਰਦੁਆਰੇ ਵਿਖੇ ਅਤੇ ਹੋਰ ਸਾਰੇ ਗੁਰਦੁਆਰਿਆਂ ਵਿਚ ਕਦੇ ਵੀ ਕਿੰਤੂ ਨਹੀਂ ਕਰਨੀ ਅਤੇ ਗੁਰਦੁਆਰਿਆਂ ਦੇ ਪੁਜਾਰੀਆਂ ਦੀ ਕੋਈ ਵੀ ਕਿਰਿਆ ਤੱਕ ਕੇ ਨਿੰਦਾ ਨਹੀਂ ਕਰਨੀ। ਨਿੰਦਾ ਤਾਂ ਕਿਸੇ ਦੀ ਵੀ ਨਹੀਂ ਕਰਨੀ ਕਿਸੇ ਵੀ ਗੁਰਦੁਆਰੇ ਗੁਰੂ ਕੇ ਲੰਗਰ ਵਿਚ ਕੋਈ ਦੋਸ਼ ਨਹੀਂ ਕੱਢਣਾ। ਏਥੇ ਰਹਿੰਦਿਆਂ ਸਾਰੇ ਸ਼ਰਧਾਲੂਆਂ ਨੇ ਇਕ ਹਜ਼ਾਰ ਪਾਠ ਜਪੁ ਜੀ ਸਾਹਿਬ ਦਾ ਲਾਜ਼ਮੀ ਕਰਨਾ ਆਪਣੇ ਨਿਤਨੇਮ ਤੋਂ ਅਲਹਿਦਾ। ਸੰਤਾਂ ਦੇ ਇਸ ਉਪਦੇਸ਼ ਨੂੰ ਸਾਰਿਆਂ ਨੇ ਧਾਰਨ ਕਰ ਲਿਆ। ਸਾਰਿਆਂ ਦੇ ਸਾਰੇ ਦਿਨ ਵਿਚ ਜਪੁ ਜੀ ਸਾਹਿਬ ਦੇ ਪਾਠ ਹੀ ਬੜੀ ਮੁਸ਼ਕਲ ਨਾਲ ਪੂਰੇ ਹੁੰਦੇ ਸਨ। ਦੂਸਰੇ ਦਿਨ ਤੋਂ ਸੰਤਾਂ ਨੇ ਆਪਣਾ ਲੰਗਰ ਬੁੰਗੇ ਵਿਚ ਸ਼ੁਰੂ ਕਰ ਦਿੱਤਾ, ਭਾਵੇਂ ਵੀ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਲੰਗਰ ਆਹ ਸੜਕ ਟੱਪ ਕੇ ਨੇੜੇ ਹੀ ਸੀ ਪਰ ਸੰਤਾਂ ਦਾ ਵੀ ਨਿਯਮ ਸੀ ਹਰਿ ਇਕ ਤੀਰਥ ਪੁਰ ਜਾ ਕੇ ਲੰਗਰ ਜਾਰੀ ਕਰਨਾ, ਉਸ ਢੰਗ ਨਾਲ ਏਥੇ ਵੀ ਸੰਤਾਂ ਨੇ ਲੰਗਰ ਪ੍ਰਾਰੰਭ ਕਰ ਦਿੱਤਾ। ਆਏ ਯਾਤਰੂ ਨੂੰ ਇਸ ਬੁੰਗੇ ਤੋਂ ਵੀ ਭੋਜਨ ਭੁੱਖ ਨਵਿਰਤੀ ਵਾਸਤੇ ਮਿਲ ਜਾਂਦਾ। ਇਤੀ।

ਸੰਤ ਬਾਬੇ ਨਿਧਾਨ ਸਿੰਘ ਜੀ ਦੇ ਰੋਗ ਦੀ ਨਵਿਰਤੀ ਕਰਨੀ

ਸ੍ਰੀ ਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਲੰਗਰ ਸਾਹਿਬ ਗੁਰਦੁਆਰੇ ਵਾਲੇ ਗਲਹੀੜਾ ਦੀ ਭੈੜੀ ਬੀਮਾਰੀ ਨਾਲ

ਬਹੁਤ ਦੁਖੀ ਸਨ। ਹਰ ਢੰਗ ਨਾਲ ਡਾਕਟਰੀ ਤੇ ਵੈਦਕ ਯੂਨਾਨਕ ਤੇ ਹੋਮਿਓਪੈਥਿਕ ਆਦਿਕ ਸਾਰੇ ਇਲਾਜ ਕਰਵਾ ਕੇ ਥੱਕ ਗਏ ਪਰ ਦੁੱਖ ਦੀ ਨਵਿਰਤੀ ਨਾ ਹੋਈ। ਦੁਖ ਜ਼ਿਆਦਾ ਤੋਂ ਜ਼ਿਆਦਾ ਹੀ ਹੁੰਦਾ ਚਲਾ ਗਿਆ। ਸੰਤ ਬਾਬਿਆਂ ਦੀ ਖੁਰਾਕ ਵੀ ਘਟ ਗਈ ਦਰਦ ਵਿਚ ਨਿੰਦ੍ਰਾ ਵੀ ਨਹੀਂ ਪੈਂਦੀ। ਬੀਮਾਰੀ ਦੇ ਕਸ਼ਟ ਨਾਲ ਸਰੀਰ ਅਤੀ ਕ੍ਰਿਸ਼ (ਮਾੜਾ) ਵੀ ਹੋ ਗਿਆ। ਇਕ ਦਿਨ ਬਾਬਾ ਜੀ ਨੇ ਆਪਣੇ ਉਤਰਾ-ਅਧਿਕਾਰੀ ਬਾਬਾ ਹਰਨਾਮ ਸਿੰਘ ਜੀ ਦੁਆਰਾ ਸੰਤਾਂ ਨੂੰ ਦਰਸ਼ਨ ਦੇਣ ਹਿੱਤ ਬੇਨਤੀ ਕਰ ਭੇਜੀ, ਸੰਤਾਂ ਨੇ ਬਾਬਾ ਜੀ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ। ਸੰਤ ਇਕ ਦੋ ਸਾਧੂਆਂ ਨੂੰ ਨਾਲ ਲੈ ਕੇ ਬਾਬਾ ਨਿਧਾਨ ਸਿੰਘ ਜੀ ਦੇ ਪਾਸ ਗਏ। ਸੰਤਾਂ ਨੇ ਜਾ ਕੇ ਬਹੁਤ ਨਿੰਮਰਤਾ ਨਾਲ ਨਮਸ਼ਕਾਰ ਕੀਤੀ, ਫਿਰ ਬਾਬਿਆਂ ਦੇ ਕੋਲ ਧਰਤੀ ਉੱਪਰ ਹੀ ਬੈਠ ਗਏ। ਇਤਨੇ ਨੂੰ ਬਾਬਾ ਹਰਨਾਮ ਸਿੰਘ ਜੀ ਆ ਗਏ ਤੇ ਆ ਕੇ ਸੰਤਾਂ ਦਾ ਬਹੁਤ ਸਤਿਕਾਰ ਕੀਤਾ, ਪ੍ਰੇਮ ਨਾਲ ਸੰਤਾਂ ਨੂੰ ਮੱਥਾ ਟੇਕਿਆ ਅਤੇ ਸੰਤਾਂ ਦਾ ਜਲ ਪਾਣੀ ਦਾ ਵੀ ਬਹੁਤ ਸਤਿਕਾਰ ਕੀਤਾ। ਫਿਰ ਬਾਬਿਆਂ ਪਾਸ ਦੋ ਮੰਜੇ ਵਿਛਾ ਕੇ ਇਕ ਮੰਜੇ ਪਰ ਸੰਤ ਜੀ ਅਤੇ ਦੂਸਰੇ ਮੰਜੇ ਪਰ ਸੰਤਾਂ ਦੇ ਸਾਥੀਆਂ ਨੂੰ ਬਿਠਾਇਆ।

ਹੁਣ ਬਾਬਿਆਂ ਦੇ ਦੁਖ ਦੀ ਗੱਲ ਚਲੀ, ਸੰਤਾਂ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀਓ ਬਾਬਿਆਂ ਨੂੰ ਇਸ ਦੁਖ ਦੀ ਬਹੁਤ ਤਕਲੀਫ ਹੈ। ਆਪ ਜੀ ਮਿਹਰ ਕਰੋ ਕਿ ਬਾਬਿਆਂ ਦੇ ਦੁਖ ਦੀ ਨਵਿਰਤੀ ਹੋ ਜਾਵੇ। ਸੰਤਾਂ ਨੇ ਉੱਤਰ ਦਿੱਤਾ ਕਿ ਹਰ ਇਕ ਅਸਾਧ ਰੋਗ ਦੀ ਦਾਰੂ ਸਤਿਗੁਰੂ ਦਾ ਨਾਮ ਹੀ ਕਥਨ ਕੀਤਾ ਹੈ।

ਸਰਬ ਰੋਗ ਕਾ ਅਉਖਦੁ ਨਾਮੁ।। ਕਲਿਆਣ ਰੂਪ ਮੰਗਲ ਗੁਣ ਗਾਮ।। *(ਸੁਖਮਨੀ ਸਾਹਿਬ, ਅਸਟਪਦੀ ਨੌਵੀਂ)*

ਤਥਾ- ਦੂਖੁ ਗਇਆ ਸਭੁ ਰੋਗੁ ਗਇਆ।।

ਪ੍ਰਭ ਕੀ ਆਗਿਆ ਮਨ ਮਹਿ ਮਾਨੀ ਮਹਾ ਪੁਰਖ ਕਾ ਸੰਗੁ ਭਇਆ।। *(ਰਾਮਕਲੀ ਮਹਲਾ ੫, ਪੰਨਾ ੮੯੦)*

ਹਰਿ ਹਰਿ ਅਉਖਧੁ ਜੋ ਜਨੁ ਖਾਇ।। ਤਾ ਕਾ ਰੋਗੁ ਸਗਲ ਮਿਟਿ ਜਾਇ।। *(ਰਾਮਕਲੀ ਮਹਲਾ ੫)*

ਸੰਤਾਂ ਦਾ ਇਹ ਉੱਤਰ ਸੁਣ ਕੇ ਬਾਬਿਆਂ ਨੇ ਕਿਹਾ, ਕਿ ਜਿਵੇਂ ਆਪ ਜੀ ਦਾ ਹੁਕਮ ਹੋਵੇ। ਸੰਤਾਂ ਨੇ ਆਖਿਆ ਕਿ ਬਾਬਾ ਜੀ ਸਤਿਗੁਰੂ ਜੀ ਦੀ ਬਾਣੀ ਦਾ ਅਖੰਡ ਪਾਠ ਕਰਾਉ। ਬਾਬਾ ਜੀ ਨੇ ਕਿਹਾ, ਸੰਤ ਮਹਾਰਾਜ ਜੀਉ! ਅਖੰਡ ਪਾਠ ਤਾਂ ਬਹੁਤ ਕਰਾਏ ਹਨ। ਸੰਤਾਂ ਨੇ ਆਖਿਆ ਬਾਬਾ ਜੀ ਜਿਵੇਂ ਅਸੀਂ ਆਖਦੇ ਹਾਂ ਉਸ ਢੰਗ ਨਾਲ ਅਖੰਡ ਪਾਠ ਕਰਵਾਵੋ। ਬਾਬਾ ਜੀ ਨੇ ਕਿਹਾ, ਸੰਤ ਜੀ ਹੁਕਮ ਕਰੋ ਕਿਸ ਢੰਗ ਨਾਲ ਕਰੀਏ? ਸੰਤਾਂ ਨੇ ਕਿਹਾ, ਬਾਬਾ ਜੀ ਪੰਜ ਅਖੰਡ ਪਾਠੀ ਸ਼ਰਾਬ ਮਾਸ ਖਾਣ ਪੀਣ ਤੋਂ ਰਹਿਤ ਹੋਣੇ ਚਾਹੀਦੇ ਹਨ ਅਤੇ ਜਪੁ ਜੀ ਪਾਠੀ ਤੇ ਧੂਪੀਏ ਮੂਲ-ਮੰਤਰ ਪਾਠੀ ਵੀ ਇਸੇ ਤਰ੍ਹਾਂ ਦੇ ਰਹਿਤ ਬਹਿਤ ਵਾਲੇ ਹੋਣੇ ਚਾਹੀਦੇ ਹਨ। ਬਾਬਾ ਜੀ ਐਸੇ ਸੇਵਾਦਾਰ ਮਿਲਣੇ ਏਥੇ ਮੁਸ਼ਕਲ ਹਨ। ਸੰਤਾਂ ਨੇ ਆਖਿਆ ਇਹ ਸੇਵਾ ਸਾਨੂੰ ਬਖਸ਼ੋ। ਬਾਬੇ ਬਹੁਤ ਪ੍ਰਸੰਨ ਹੋ ਕੇ ਕਹਿਣ ਲੱਗੇ, ਬਹੁਤ ਖੁਸ਼ੀਆਂ ਬਹੁਤ ਖੁਸ਼ੀਆਂ।

ਹੁਣ ਪੁਰਸ਼ਾਂ ਨੇ ਮਿਲਕੇ ਅੰਮ੍ਰਿਤ ਵੇਲੇ ਅਖੰਡ ਪਾਠ ਪ੍ਰਾਰੰਭ ਕਰਨ ਦਾ ਮਤਾ ਪੱਕਾ ਕਰ ਲਿਆ। ਇਹ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ, ਅੰਮ੍ਰਿਤ ਵੇਲਾ ਹੋਇਆ ਸੰਤਾਂ ਨੇ ਆਪਣੇ ਪਾਠੀ ਜਥੇ ਨੂੰ ਹੁਕਮ ਕੀਤਾ ਕਿ ਭਾਈ ਸਿਖੋ! ਬਾਬਾ ਨਿਧਾਨ ਸਿੰਘ ਜੀ ਦੇ ਬੁੰਗੇ ਸਨਾਤਨ ਸਾਧੂਆਂ ਵਾਲੀ ਮਰਯਾਦਾ ਸਹਿਤ ਅਖੰਡ ਪਾਠ ਪ੍ਰਾਰੰਭ ਕਰੋ। ਸੰਤ ਮਹਾਰਾਜ ਜੀ ਦੇ ਸਾਰੇ ਸੇਵਕਾਂ ਦਾਸਾਂ ਦੇ ਜਥੇ ਨੇ ਪਿਛਲੇ 328 ਪ੍ਰਸੰਗ ਵਿਚ ਦੱਸੀ ਮਰਯਾਦਾ ਅਨੁਸਾਰ ਅਖੰਡ ਪਾਠ ਪ੍ਰਾਰੰਭ ਕਰ ਦਿੱਤਾ। ਲੇਕਿਨ ਗੁਰਦੁਆਰੇ ਤੋਂ ਅਲਹਿਦਾ ਮਕਾਨ ਵਿਚ ਅਖੰਡ ਰਖਿਆ ਗਿਆ। ਜਿਥੇ ਸੰਗਤਾਂ ਦੀ ਆਵਾਜਾਈ ਬੰਦ ਕਰ ਦਿੱਤੀ ਸੀ। ਬੱਸ ਤਿੰਨ ਹੀ ਪਾਠੀ ਸ਼ੁਧੇ ਕੇਸੀ ਚਾਂਈਂ ਚਾਂਈਂ ਗੁਰਦੁਆਰੇ ਇਸ਼ਨਾਨ ਕਰਕੇ ਪਾਠ ਵਾਲੇ ਕਮਰੇ ਵਿਚ ਜਾਂਦੇ ਹੋਰ ਕੋਈ ਨਾ ਜਾਂਦਾ, ਬਹੁਤ ਸੰਕੋਚ ਕੀਤੀ ਜਾਂਦੀ ਅਤੇ ਬਾਬਾ ਜੀ ਦਾ ਆਸਣ ਨੇੜੇ ਨਾਲ ਲਗਦੇ ਕਮਰੇ ਵਿਚ ਲਾ ਦਿੱਤਾ ਗਿਆ, ਜਿਥੇ ਕਿ ਪਾਠ ਦੀ ਧੁਨੀ ਬਾਬਾ ਜੀ ਦੇ ਸਰਵਣਾਂ ਵਿਚ ਪਾਈ ਜਾਵੇ। ਸੰਤਾਂ ਨੇ ਪੰਜਾਂ ਹੀ ਪਾਠੀਆਂ ਨੂੰ ਪੂਰੀ ਹਦਾਇਤ ਕਰ ਦਿੱਤੀ ਸੀ ਕਿ ਪਾਠ ਦੀਆਂ ਉੱਚੀ ਉੱਚੀ ਹੇਕਾਂ ਨਹੀਂ ਲਾਉਣੀਆਂ, ਪਰ ਇਕ ਰਸ ਧੁਨੀ ਵਿਚ ਹੋਵੇ ਅਤੇ ਅੰਨ ਬਹੁਤ ਘੱਟ ਖਾਣਾ ਜਿਸ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ

ਗੰਦੀ ਹਵਾ ਨਾ ਸਰੇ। ਗੱਲ ਕੀ ਜਦੋਂ ਅਖੰਡ ਪਾਠ ਦੇ ਮੱਧ ਦਾ ਭੋਗ ਲਵਾਇਆ ਤਾਂ ਬਾਬਾ ਜੀ ਦੇ ਦੁੱਖ ਦੀਆਂ ਦਰਦਾਂ ਤੋਂ ਆਰਾਮ ਆ ਗਿਆ ਅਤੇ ਬਾਬਾ ਜੀ ਬੜੀ ਸ਼ਾਂਤੀ ਵਿਚ ਸੁਖੀ ਹੋ ਗਏ। ਇਸੇ ਢੰਗ ਨਾਲ ਜਦੋਂ ਪਹਿਰਾਂ ਤੋਂ ਬਾਅਦ ਨਵੇਂ ਸਲੋਕਾਂ ਦੀ ਸਮਾਪਤੀ ਹੋਈ ਅਤੇ ਰਾਗਮਾਲਾ ਪੜ੍ਹੀ ਫਿਰ ਪੂਰਾ ਜਪੁ ਜੀ ਸਾਹਿਬ ਪੜ੍ਹਿਆ ਅਤੇ ਸੰਪੂਰਨ ਚਾਲੀ ਪਉੜੀਆਂ ਅਨੰਦ ਸਾਹਿਬ ਪੜ੍ਹਿਆ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਪੁਸ਼ਾਕਾ ਭਾਵ ਪਲਕਾਂ ਰੁਮਾਲੇ ਤੇ ਸੰਤੋਖਣ ਦੇ ਰੁਮਾਲੇ ਸਤਿਗੁਰ ਜੀ ਨੂੰ ਪਹਿਨਾਏ ਗਏ, ਨਾਲ ਦੀ ਨਾਲ ਰੁਮਾਲਿਆਂ ਦੇ ਮੰਗਲ ਰੂਪ ਸਲੋਕ ਕੀਰਤਨ ਵਿਚ ਪਾ ਕੇ ਪੜ੍ਹੇ। ਉਪਰੰਤ ਗਊ ਦੇ ਘੀ ਦੇ ਥਾਲ ਵਿਚ ਦੀਵੇ ਜਗਾ ਕੇ ਆਰਤੀ ਉਤਾਰੀ ਗਈ, ਕੇਸਰ ਆਦਿ ਦੀਆਂ ਸੁਗੰਧੀਆਂ ਛਿੜਕੀਆਂ ਗਈਆਂ। ਫੁਲਾਂ ਦੀ ਬਰਖਾ ਵੀ ਕੀਤੀ ਗਈ। ਉਪਰੰਤ ਅਰਦਾਸਾ ਕਰਕੇ ਮੁਖਵਾਕ ਲਿਆ ਗਿਆ :-

ਪਰਮੇਸਰਿ ਦਿਤਾ ਬੰਨਾ।। ਦੁਖ ਰੋਗ ਕਾ ਡੇਰਾ ਭੰਨਾ।।
ਅਨਦ ਕਰਹਿ ਨਰ ਨਾਰੀ।। ਹਰਿ ਹਰਿ ਪ੍ਰਭਿ ਕਿਰਪਾ ਧਾਰੀ।। ੧।।
ਸੰਤਹੁ ਸੁਖੁ ਹੋਆ ਸਭ ਥਾਈ।। ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ।। ਰਹਾਉ।।
ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।
ਦਇਆਲ ਪੁਰਖ ਮਿਹਰਵਾਨਾ।। ਹਰਿ ਨਾਨਕ ਸਾਚੁ ਵਖਾਨਾ।। ੨।। *(ਸੋਰਠਿ ਮਹਲਾ ੫, ਪੰਨਾ ੬੨੭)*

ਸਤਿਗੁਰੂ ਜੀ ਦੀ ਮਹਾਨ ਕ੍ਰਿਪਾ ਦੇ ਨਾਲ ਬਾਬਾ ਨਿਧਾਨ ਸਿੰਘ ਜੀ ਦਾ ਦੁਖ ਦਰਦ ਸਾਰੇ ਦਾ ਸਾਰਾ ਦੂਰ ਹੋ ਗਿਆ, ਬਾਬਾ ਜੀ ਦਾ ਸਰੀਰ ਕੁੰਦਨ ਜੈਸਾ ਹੋ ਗਿਆ। ਜ਼ਿੰਦਗੀ ਭਰ ਸੰਤ ਮਹਾਰਾਜ ਜੀ ਦੇ ਪਰਮ ਮਿੱਤਰ ਹੋ ਗਏ। ਫਿਰ ਬਾਬਾ ਜੀ ਕਾਫੀ ਸਮਾਂ ਸੰਗਤਾਂ ਵਿਚ ਵਿਚਰ ਕੇ ਤੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਆਪਣੇ ਸਮੇਂ ਸਿਰ ਜੋਤੀ ਜੋਤ ਸਮਾ ਗਏ। ਬਾਬਾ ਜੀ ਤੋਂ ਬਾਅਦ ਬਾਬਾ ਜੀ ਦੇ ਉਤਰਾ ਅਧਿਕਾਰੀ ਬਾਬਾ ਹਰਨਾਮ ਸਿੰਘ ਜੀ ਨੇ ਗੁਰਦੁਆਰਾ ਲੰਗਰ ਸਾਹਿਬ ਜੀ ਦੀ ਸੇਵਾ ਸੰਭਾਲ ਕਰਨੀ ਸ਼ੁਰੂ ਕੀਤੀ। ਬਾਬਾ ਹਰਨਾਮ ਸਿੰਘ ਜੀ ਨੇ ਆਪਣੇ ਸਮੇਂ ਅੰਦਰ ਪਹਿਲਾਂ ਨਾਲੋਂ ਵੀ ਗੁਰਦੁਆਰੇ ਦੀ ਤਰੱਕੀ ਨੂੰ ਅਤੇ ਸੰਗਤਾਂ ਦੀ ਸੇਵਾ ਕਰਨ ਵਿਚ ਚਾਰ ਚੰਦ ਲਾਏ, ਦਿਨ ਦੂਣੀ ਰਾਤ ਚੌਗਣੀ ਸੇਵਾ ਕਰਕੇ ਜ਼ਿੰਦਗੀ ਨਿਭਾਈ ਹੈ। ਇਹ ਮਹਾਂਪੁਰਸ਼ਾਂ ਦੇ ਆਪਸੀ ਪ੍ਰੇਮ ਦੀ ਨਿਸ਼ਾਨੀ ਹੈ। ਇਤੀ।

ਸੱਚਖੰਡ ਬੋਲਾ ਸਾਹਿਬ ਦੀ ਜ਼ਮੀਨ ਪਰ ਨਿਜ਼ਾਮ ਹੈਦਰਾਬਾਦ ਨੇ ਕਬਜ਼ਾ ਕਰਕੇ ਮੰਡੀ ਆਦਿਕ ਤੋਂ ਬੁਚੜਖਾਨਾ ਪੌਣੇ ਤੋਂ ਬੰਦ ਕਰਨਾ

ਨਦੇੜ ਸ਼ਹਿਰ ਵਿਚ ਅਤੇ ਇਸ ਇਲਾਕੇ ਵਿਖੇ ਮੁਸਲਮਾਨਾਂ ਦੀ ਆਬਾਦੀ ਜ਼ਿਆਦਾ ਹੋਣ ਦੇ ਕਾਰਨ ਹਮੇਸ਼ਾਂ ਹੀ ਨਿਜ਼ਾਮ ਹੈਦਰਾਬਾਦ ਤਿਨ੍ਹਾ ਮੁਸਲਮਾਨਾਂ ਦੀ ਮੰਗ ਨੂੰ ਪੂਰਨ ਕਰਨ ਦਾ ਚਾਹਵਾਨ ਰਹਿੰਦਾ ਅਤੇ ਇਸ ਇਲਾਕੇ ਦੇ ਹਿੰਦੂ ਸਦਾ ਹੀ ਸਿੱਖਾਂ ਨੂੰ ਨੁਕਸਾਨ ਪੁਚਾ ਕੇ ਖੁਸ਼ ਹੁੰਦੇ, ਬਲਕਿ ਆਲ ਇੰਡੀਆ ਦੇ ਹਿੰਦੂ ਖਾਸ ਕਰ ਪੰਜਾਬ ਦੇ ਹਿੰਦੂ ਭਾਵੇਂ ਆਰੀਆਂ ਹਨ, ਭਾਵੇਂ ਬ੍ਰਹਮ, ਸਮਾਜੀਆਂ, ਜੈਨੀ ਬੋਧੀ ਹਨ ਜਾਂ ਕਬੀਰ ਪੰਥੀ ਦਾਦੂ ਦੁਆਰੀਏ ਹਨ। ਚਾਹੇ ਕ੍ਰਿਸ਼ਨ ਦੇ ਉਪਾਸ਼ਕ ਹਨ ਜਾਂ ਰਾਮ ਚੰਦਰ ਦੇ ਸਾਦਕ ਹਨ। ਸੰਨਿਆਸੀ ਜਾਂ ਵੈਰਾਗੀ ਕੰਨ ਪਾਟੇ ਜੋਗੀ ਹਨ। ਸਾਰੇ ਦੇ ਸਾਰੇ ਇਸ ਸਵਾਲ ਪਰ ਇਕੱਠੇ ਹਨ ਕਿ ਸਿੱਖਾਂ ਨੂੰ ਕੋਈ ਲਾਭ ਨਾ ਹੋਵੇ। ਧਾਰਮਿਕ ਤੌਰ ਤੇ ਤਾਂ ਅੱਗੇ ਵੱਧਣ ਦੇਣਾ ਹੀ ਨਹੀਂ ਚਾਹੁੰਦੇ। ਕਲਗੀਧਰ ਜੀ ਨਾਲ ਜ਼ਿਆਦਾ ਤੋਂ ਜ਼ਿਆਦਾ ਵਿਰੋਧ ਬਾਈਧਾਰ ਦੇ ਪਹਾੜੀ ਰਾਜਿਆਂ ਨੇ ਕੀਤਾ। ਸਰਹਿੰਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਕਤਲ ਕਰਾਉਣਾ ਵੱਡਾ ਹੱਥ (ਸੁਚਾ ਨੰਦ) ਭਾਵ ਝੂਠਾ ਨੰਦ ਸੀ। ਪੰਜਵੇਂ ਪਾਤਸ਼ਾਹ ਦੀ ਸ਼ਹਾਦਿਤ ਵਿਚ ਪੂਰਾ ਪੂਰਾ ਹੱਥ ਚੰਦੂ ਦਾ ਸੀ। ਤੱਤ ਖਾਲਸੇ ਦੇ ਸਮੇਂ ਅੰਦਰ (ਲੱਖੂ ਤੇ ਜੱਸੂ) ਲੱਖਪਤ ਰਾਏ ਤੇ ਜੱਸਪਤ ਰਾਏ ਦਾ ਬਹੁਤਾ ਹਿੱਸਾ ਸੀ। ਇਹ ਤਾਂ ਕਿਹਾ ਕਰਦੇ ਸਨ ਕਿ ਸਿੱਖ ਪੰਥ ਇਕ ਖੱਤਰੀ ਗੁਰੂ ਨਾਨਕ ਦੇਵ ਜੀ ਤੇ ਕਲਗੀਧਰ ਸੋਢੀ ਖੱਤਰੀ ਨੇ ਬਣਾਇਆ ਹੈ। ਅਸੀਂ ਦੋਨੋਂ ਭਰਾ ਖੱਤਰੀ ਇਸ ਸਿੱਖ ਪੰਥ ਨੂੰ ਨਾਸ

ਕਰ ਦੇਵਾਂਗੇ। ਹਰ ਸਮੇਂ ਇਹ ਭੈੜਾ ਅਨਸਰ ਖਾਲਸੇ ਪਰ ਵਾਰ ਕਰਨ ਤੋਂ ਵੇਲਾ ਹੱਥੋਂ ਨਹੀਂ ਗਵਾਉਂਦੇ। ਇਸ ਤੋਂ ਖਾਲਸੇ ਨੂੰ ਚੁਕੰਨਾ ਰਹਿਣ ਦੀ ਲੋੜ ਹੈ। ਗੁਰੂ ਸਾਹਿਬ ਜੀ ਨੇ ਵੀ ਹਿੰਦੂ ਕੌਮ ਪਰ ਬਹੁਤ ਬਖਸ਼ਿਸ਼ ਕੀਤੀ ਜੈਸੇ ਕਿ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।। ਕੀਨੋ ਬਡੋ ਕਲੂ ਮਹਿ ਸਾਕਾ।।
ਸਾਧਨ ਹੇਤਿ ਇਤੀ ਜਿਨਿ ਕਰੀ।। ਸੀਸੁ ਦੀਆ ਪਰ ਸੀ ਨ ਉਚਰੀ।। ੧੩।।
ਧਰਮ ਹੇਤ ਸਾਕਾ ਜਿਨਿ ਕੀਆ।। ਸੀਸੁ ਦੀਆ ਪਰ ਸਿਰਰੁ ਨ ਦੀਆ।। (ਬਚਿਤ੍ ਨਾਟਕ)

ਇਹ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਰਉਪਕਾਰ ਹੈ। ਦਸਮੇਂ ਪਿਤਾ ਜੀ ਹਿੰਦੂ ਧਰਮ ਦੀ ਰਖਿਆ ਹਿਤ ਮਾਤਾ ਪਿਤਾ ਚਾਰੇ ਪੁੱਤਰ ਲੱਖਾਂ ਹੀ ਪੁੱਤਰਾਂ ਤੋਂ ਪਿਆਰੇ ਆਪਣੇ ਪੁੱਤਰ ਖਾਲਸਾ ਵਾਰੇ, ਫਿਰ ਵੀ ਕਸੂਰ ਆਦਿ ਪਠਾਣ ਤੋਂ ਬ੍ਰਾਹਮਣਾਂ ਦੀ ਲੜਕੀ ਨੂੰ ਛੁਡਾਉਣ ਹਿਤ ਆਪਣੀਆਂ ਜਾਨਾਂ ਦੀ ਅਹੂਤੀ ਦੇ ਕੇ ਛੁਡਾਉਣੀ। ਐਸੀਆਂ ਐਸੀਆਂ ਕੁਰਬਾਨੀਆਂ ਦੇ ਕੇ ਵੀ ਹਿੰਦੂ ਜਾਤੀ ਪਰ ਖਾਲਸੇ ਨੇ ਪਰਉਪਕਾਰ ਕੀਤੇ ਪਰ ਇਹ ਹਿੰਦੂ ਜ਼ਾਤੀ ਪਤਾ ਨਹੀਂ ਕਿਸ ਬੇਦਰਦ ਮਿੱਟੀ ਦੀ ਬਣੀ ਹੋਈ ਹੈ। ਸਾਰੇ ਪਰਉਪਕਾਰਾਂ ਨੂੰ ਭੁਲਾ ਕੇ ਖਾਲਸੇ ਪਰ ਅਪਕਾਰ ਹੀ ਕਰਦੇ ਰਹਿੰਦੇ ਹਨ। ਭਾਵ ਖਾਲਸੇ ਦੀ ਬੁਰਾਈ ਹੀ ਕਰਦੇ ਰਹਿੰਦੇ ਹਨ। ਇਹ ਲੋਕ ਪਰਉਪਕਾਰੀ ਦਾ ਧੰਨਵਾਦ ਵੀ ਨਹੀਂ ਕਰ ਸਕਦੇ ਇਸ ਵਾਸਤੇ ਹੀ ਅਕ੍ਰਿਤਘਣ ਦੋਸ਼ ਇਨ੍ਹਾਂ ਪਰ ਘਟਦਾ ਹੈ। ਜੈਸੇ ਕਿਸੇ ਨੇ ਉਦਾਹਰਨ ਦਿੱਤੀ ਇਕ ਪੂਰਨ ਗੁਰਸਿੱਖ ਅਗ੍ਰੇਜ਼ੀ ਆਦਿਕ ਬਹੁਤ ਪੜ੍ਹਿਆ ਹੋਇਆ ਹੈ। ਆਖਦਾ ਹੈ ਕਿ ਮੈਂ ਕਸ਼ਮੀਰ ਦੇਸ਼ ਦੀ ਸੈਰ ਕਰਨ ਗਿਆ ਜਦੋਂ ਸ੍ਰੀ ਨਗਰ ਦੀ ਬਹੁਤ ਵੱਡੀ ਝੀਲ ਦੀ ਸੈਰ ਕਰਨ ਗਿਆ ਅਤੇ ਉਸ ਝੀਲ ਦਾ ਰੰਗ ਢੰਗ ਤਕਦਿਆਂ ਝੀਲ ਦੇ ਕੰਢੇ ਪਰ ਕੁਝ ਬੰਦਿਆਂ ਦਾ ਇਕੱਠ ਤਕਿਆ ਜਿਨ੍ਹਾਂ ਵਿਚ ਇਕ ਨੌਜਵਾਨ ਅੰਗ੍ਰੇਜ਼ ਸੈਲਾਨੀ ਵੀ ਸੀ। ਉਸ ਅੰਗ੍ਰੇਜ਼ ਦੇ ਕੱਪੜੇ ਤੇੜ ਸਿਰ ਦੇ ਸਾਰੇ ਭਿਜੇ ਹੋਏ ਸਨ। ਉਸ ਅਪਟੂਡੇਟ ਨੇ ਪੁਛਿਆ ਕਿ ਹੇ ਅੰਗ੍ਰੇਜ਼ ਆਪ ਜੀ ਦੇ ਕਪੜੇ ਕਿਉਂ ਭਿਜੇ ਹਨ ਅਤੇ ਤੂੰ ਅਤਿ ਉਦਾਸ ਤੇ ਅਫਸੋਸ ਵਿਚ ਖੜਾ ਹੈਂ। ਉਸ ਅੰਗ੍ਰੇਜ਼ ਨੇ ਇਸ਼ਾਰਾ ਕਰਕੇ ਦਸਿਆ ਕਿ ਉਹ ਜੋ ਬੜੇ ਅਮੀਰ ਜੈਂਟਲਮੈਨ ਜਾ ਰਹੇ ਹਨ। ਉਨ੍ਹਾਂ ਦਾ ਇਕ ਛੋਟਾ ਪੁੱਤਰ ਇਸ ਝੀਲ ਵਿਚ ਗਿਰ ਗਿਆ। ਜਿਨ੍ਹਾਂ ਦਾ ਪੁੱਤਰ ਸੀ ਅਤੇ ਹੋਰ ਜੋ ਕੋਲ ਸਨ, ਦੇਖਦੇ ਰਹੇ ਅਤੇ ਰੌਲੀ ਪਾਂਦੇ ਰਹੇ। ਕਿ ਝੀਲ ਵਿਚ ਬੱਚਾ ਗਿਰ ਗਿਆ ਬੱਚਾ ਗਿਰ ਗਿਆ ਕਿਸੇ ਦੀ ਹਿੰਮਤ ਨਾ ਪਈ ਕਿ ਪਾਣੀ ਵਿਚ ਛਾਲ ਮਾਰ ਕੇ ਉਸ ਬੱਚੇ ਨੂੰ ਡੁਬਨ ਤੋਂ ਬਚਾ ਲਿਆ ਜਾਵੇ।

ਮੈਂ ਐਸੀ ਹਿੰਮਤ ਕੀਤੀ ਕਿ ਬਹੁਤ ਜਲਦੀ ਇਸ ਝੀਲ ਵਿਚ ਛਾਲ ਮਾਰ ਕੇ ਉਨ੍ਹਾਂ ਦੇ ਬੱਚੇ ਨੂੰ ਸਹੀ ਸਲਾਮਤ ਝੀਲ ਵਿਚੋਂ ਕੱਢ ਲਿਆਂਦਾ ਮੈਂ ਕਪੜੇ ਭਿਜਨ ਦਾ ਕੋਈ ਖਿਆਲ ਨਹੀਂ ਕੀਤਾ। ਮੇਰੇ ਕੱਪੜਿਆਂ ਵਿਚ ਕਰੰਸੀ ਨੋਟ ਸਨ ਉਨ੍ਹਾਂ ਦੇ ਭਿੱਜਣ ਦਾ ਕੋਈ ਖਿਆਲ ਨਹੀਂ ਕੀਤਾ, ਹੋਰ ਵੀ ਜ਼ਰੂਰੀ ਕਾਗਜ਼ ਸਨ ਉਨ੍ਹਾਂ ਦੇ ਭਿੱਜਣ ਦਾ ਖਿਆਲ ਹੀ ਨਹੀਂ ਰਿਹਾ, ਇਕੋ ਇਕ ਬੱਚੇ ਨੂੰ ਪਾਣੀ ਵਿਚੋਂ ਬਚਾਉਣ ਦਾ ਹੀ ਖਿਆਲ ਰਿਹਾ। ਪੜ੍ਹਿਆ ਲਿਖਿਆ ਸਿੱਖ ਆਖਦਾ ਹੈ ਫਿਰ ਅਫਸੋਸ ਕਿਸ ਗੱਲ ਦਾ ਕਰਦਾ ਹੈਂ? ਅੰਗ੍ਰੇਜ਼— ਹੇ ਸਿੱਖ ਅਫਸੋਸ ਤੇ ਦੁਖ ਇਸ ਗੱਲ ਦਾ ਹੈ ਕਿ ਇਨ੍ਹਾਂ ਲੋਕਾਂ ਨੇ ਮੇਰੇ ਕੋ ਥੈਂਕਿਉ ਤਕ ਵੀ ਨਹੀਂ ਕਿਹਾ, ਭਾਵ ਇਕ ਵਾਰੀ ਵੀ ਸ਼ੁਕਰਾਨਾ ਨਹੀਂ ਕੀਤਾ। ਪੜ੍ਹਿਆ ਲਿਖਿਆ ਸਿੱਖ ਕਹਿਣ ਲੱਗਾ ਕਿ ਅੰਗ੍ਰੇਜ਼ ਇਹ ਕੌਮ ਥੈਂਕਿਉ ਕਰਨ ਵਾਲੀ ਨਹੀਂ ਹੈ। ਕਿਉਂਕਿ ਇਹ ਤਜਰਬਾ ਹੋ ਚੁੱਕਾ ਹੈ। ਅੰਗ੍ਰੇਜ਼— ਕੈਸੇ ਤਜਰਬਾ ਹੋ ਚੁੱਕਾ ਹੈ। ਪੜ੍ਹਿਆ ਲਿਖਿਆ ਸਿੱਖ ਬੋਲਿਆ, ਜਿਸ ਸਤਿਗੁਰੂ ਦਸਮੇਸ਼ ਕਲਗੀਧਰ ਨੇ ਇਨ੍ਹਾਂ ਹਿੰਦੂ ਲੋਕਾਂ ਦਾ ਧਰਮ ਤੇ ਸ਼ਰਮ ਰਖਣ ਹਿਤ ਆਪਣਾ ਪਿਤਾ ਕੁਰਬਾਨ ਕੀਤਾ, ਆਪਣੀ ਮਾਤਾ ਕੁਰਬਾਨ ਕੀਤੀ, ਆਪਣੇ ਚਾਰੇ ਪੁੱਤਰ ਕੁਰਬਾਨ ਕੀਤੇ। ਆਪਣੀ ਰਾਜਧਾਨੀ ਦੇ ਸੁੱਖ ਮਹਿਲ ਤਿਆਗ ਕੇ ਨੰਗੇ ਪੈਰੀਂ ਜੰਗਲਾਂ ਵਿਚ ਫਿਰਦੇ ਰਹੇ ਅਤੇ ਲੱਖਾਂ ਹੀ ਆਪਣੇ ਚੇਲੇ ਬ੍ਰਹਮ ਗਿਆਨੀ ਸਿੰਘ ਕੁਰਬਾਨ ਕੀਤੇ ਇਹ ਹਿੰਦੂ ਕੌਮ ਉਸ ਗੁਰੂ ਨੂੰ ਕਦੇ ਥੈਂਕਿਉ ਨਹੀਂ ਆਖਦੇ ਭਾਵ ਕਿਸੇ ਗੁਰੂ ਦਾ ਸ਼ੁਕਰਾਨਾ ਨਹੀਂ ਕਰਦੇ, ਉਸ ਗੁਰੂ ਦੇ ਸਿੱਖਾਂ ਨੂੰ ਇਹ ਲੋਕ ਮੰਦੇ ਬੋਲ ਬੋਲਦੇ ਹਨ। ਭਾਵ ਪੁੱਠੇ ਵਾਲਾਂ ਵਾਲੇ ਆਖਦੇ ਹਨ।

ਜਦੋਂ ਵੀ ਇਨ੍ਹਾਂ ਦਾ ਦਾਅ ਲੱਗੇ ਇਹ ਗੁਰੂ ਕੇ ਸਿੱਖਾਂ ਨੂੰ ਨੁਕਸਾਨ ਪਹੁੰਚਾ ਕੇ ਖੁਸ਼ ਹੁੰਦੇ ਹਨ। ਤੁਸੀਂ ਇਤਨਾ ਕੁ